ੴ

# ਸਚਿਆਰ ਗੁਰੂ ਨਾਨਕ

ਸ਼ੇਰ ਸਿੰਘ ਸ਼ੇਰ

ਪੰਜਾਬ ਕਿਤਾਬ ਘਰ
ਜਲੰਧਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਰਦਾਰ ਮਹਿੰਦਰ ਸਿੰਘ, ਰੰਧਾਵਾ,
ਰਜਿਸਟਰਾਰ, ਯੂਨੀਵਰਸਿਟੀ, ਚੰਡੀਗੜ੍ਹ ਨੂੰ
ਪਿਆਰ ਤੇ ਸਤਿਕਾਰ ਸਹਿਤ।

ਨਿਮਰ: ਮੋਹਨ ਸਿੰਘ "ਜੋਸ਼"
17 ਮਈ, 1973.

605, 18-B,
CHANDIGARH.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਚਿਆਰ ਗੁਰੂ ਨਾਨਕ

ਗੁਰੂ ਨਾਨਕ ਸਾਹਿਬ ਦੀ ਜੀਵਨੀ, ਫ਼ਿਲਾਸਫ਼ੀ, ਸੰਸਾਰ ਵਿਚ ਧਰਮ ਦਾ ਮੁੱਢ, ਵਿਕਾਸ ਤੇ ਮਨੋਰਥ ਅਤੇ ਸਿੱਖ ਧਰਮ ਦੀਆਂ ਵਿਸ਼ੇਸ਼ਤਾਈਆਂ


— ਲੇਖਕ —

ਸ਼ੇਰ ਸਿੰਘ "ਸ਼ੇਰ"


17.5.1973


## ਪੰਜਾਬ ਕਿਤਾਬ ਘਰ

ਮਾਈ ਹੀਰਾਂ ਗੇਟ, ਜਲੰਧਰ ਸ਼ਹਿਰ ।



Digitized by Panjab Digital Library | www.panjabdigilib.org

ਪਬਲਿਸ਼ਰਜ਼ :

ਅਮੀਂ ਚੰਦ, 'ਸੂਰੀ'
ਪੰਜਾਬ ਕਿਤਾਬ ਘਰ,
ਮਾਈ ਹੀਰਾਂ ਗੇਟ,
ਜਲੰਧਰ ਸ਼ਹਿਰ ।

ਇਸ ਕਿਤਾਬ ਦੇ ਸਭ ਹੱਕ ਲੇਖਕ ਦੇ ਰਖਵੇਂ ਹੁਨ ।

11 ਸਤੰਬਰ, 1972

ਪ੍ਰਿੰਟਰ :

ਈਸ਼ਰ ਦੱਤ, 'ਕਾਲੀਆ' ਮੈਨੇਜਰ
ਹਾਂਡਾ ਇਲੈਕਟ੍ਰਿਕ ਪ੍ਰੈਸ,
ਨਹਿਰੂ ਗਾਰਡਨ ਰੋਡ,
ਜਲੰਧਰ ਸ਼ਹਿਰ ।

Digitized by Panjab Digital Library | www.panjabdigilib.org

# ਭੇਟਾ

ਗੁਰੂ ਨਾਨਕ ਸਾਹਿਬ ਦੀ ਪਵਿੱਤਰ ਤੇ ਪਿਆਰੀ
ਜਨਮ-ਜੂਹ ਨੂੰ ਜਿੱਥੇ ਮੈਂ ਜੰਮਿਆਂ, ਖੇਡਿਆ,
ਪਲਿਆ, ਪੜ੍ਹਿਆ ਤੇ ਜਵਾਨ ਹੋਇਆ।

11 ਸਤੰਬਰ, 1972 ਸ਼ੇਰ ਸਿੰਘ, 'ਸ਼ੇਰ'

Digitized by Panjab Digital Library | www.panjabdigilib.org

[illegible]

Digitized by Panjab Digital Library | www.panjabdigilib.org



ਪ੍ਰੋ: ਸ਼ੇਰ ਸਿੰਘ 'ਸ਼ੇਰ' ਜਨੀਵਾ, ਸਵਿਟਜ਼ਰਲੈਂਡ ਵਿਚ ਸਰਬ ਧਰਮਾਂ ਦੇ, ਸੰਸਾਰ-ਸ਼ਾਂਤੀ ਬਾਰੇ, 30 ਮਾਰਚ ਤੋਂ 4 ਅਪ੍ਰੈਲ, 1970 ਨੂੰ ਹੋਏ ਸਮੇਲਨ ਦੇ ਸੈਸ਼ਨ ਵਿਚ। ਇਸ ਸਮੇਲਨ ਵਿਚ ਲੇਖਕ ਨੇ ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਸਾਜੇ ਸਿੱਖ ਧਰਮ ਦੇ ਮਨੁੱਖੀ ਏਕਤਾ, ਪਿਆਰ ਤੇ ਸੰਸਾਰ-ਸ਼ਾਂਤੀ ਸਬੰਧੀ ਵਿਚਾਰਾਂ ਨੂੰ ਅੰਗਰੇਜ਼ੀ ਵਿਚ ਖੋਜ ਪੱਤਰ ਪੜ੍ਹ ਕੇ ਬਿਆਨ ਕੀਤਾ। ਜਨੀਵਾ ਦੇ ਸਮੇਲਨ ਦੀ ਸਮਾਪਤੀ ਦੇ ਬਾਅਦ, ਲੇਖਕ ਗੁਰੂ ਨਾਨਕ ਪੰਜ ਸੌ ਸਾਲਾ ਜਨਮ ਦਿਨ ਦੇ ਸਬੰਧ ਵਿਚ ਅੰਗਰੇਜ਼ੀ ਵਿਚ ਲੈਕਚਰ ਦੇਣ ਲਈ ਵੇਲਜ਼, ਇੰਗਲੈਂਡ, ਆਇਰਲੈਂਡ, ਸਕਾਟਲੈਂਡ, ਫ਼ਰਾਂਸ, ਬੈਲਜੀਅਮ, ਵੈਸਟ ਜਰਮਨੀ, ਈਸਟ ਜਰਮਨੀ, ਪੋਲੈਂਡ, ਰੂਸ, ਹਾਲੈਂਡ, ਇਟਲੀ, ਗਰੀਸ, ਈਜਿਪਟ, ਲੈਬਨਾਨ ਤੇ ਈਰਾਨ ਗਿਆ ਪਰ ਦਸ਼ਮੇਸ਼ ਜੀ ਦੀ ਮਿਹਰ ਸਦਕਾ ਏਸੇ ਰੂਪ ਵਿਚ ਹੀ ਰਿਹਾ ਤੇ ਸਿੰਘ ਦੇ ਏਸੇ ਬਾਣੇ ਵਿਚ ਹੀ ਉਸ ਨੇ ਮਾਸਕੋ ਰੇਡੀਓ ਤੋਂ 29 ਅਪ੍ਰੈਲ, 1970 ਨੂੰ ਗੁਰੂ ਨਾਨਕ ਸਾਹਿਬ ਬਾਰੇ ਆਪਣੇ ਵਿਚਾਰ ਬਰਾਡਕਾਸਟ ਕੀਤੇ।

Digitized by Panjab Digital Library | www.panjabdigilib.org



ਪ੍ਰੋ: ਸ਼ੇਰ ਸਿੰਘ 'ਸ਼ੇਰ' ਜਨੀਵਾ, ਸਵਿਟਜ਼ਰਲੈਂਡ ਵਿਚ ਸਰਬ-ਸੰਸਾਰ ਦੇ ਦੂਜੇ ਆਤਮਕ ਸਿਖਰ ਸਮੇਲਨ ਦੇ ਮੌਕੇ ਤੇ ਮਿਸਟਰ ਪੀ. ਫ਼ਿਨਲੇ ਡੰਨ, ਐਗਜ਼ੈਕਟਿਵ ਡਾਇਰੈਕਟਰ, ਟੈਂਪਲ ਆਫ਼ ਅੰਡਰਸਟੈਂਡਿੰਗ, ਵਾਸ਼ਿੰਗਟਨ, ਡੀ. ਸੀ., ਯੂ. ਐਸ. ਏ. ਨਾਲ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ, ਫ਼ਿਲਾਸਫ਼ੀ ਤੇ ਆਦਰਸ਼ਾਂ ਬਾਰੇ ਵਿਚਾਰ ਵਟਾਂਦਰਾ ਕਰ ਰਿਹਾ ਹੈ।

Digitized by Panjab Digital Library | www.panjabdigilib.org

# ਤਤਕਰਾ


| | | ਪੰਨਾ |
|---|---|---|
| ੧. | ਗੁਰੂ ਨਾਨਕ ਸਾਹਿਬ ਦੇ ਸਮੇਂ ਦਾ ਪਿਛੋਕੜ ਤੇ ਸਮੇਂ ਦੀ ਮੰਗ | ੧ |
| ੨. | ਗੁਰੂ ਨਾਨਕ—ਜਨਮ ਤੋਂ ਭਰ ਜਵਾਨੀ ਤੱਕ | ੨੩ |
| ੩. | "ਨ ਕੋਈ ਹਿੰਦੂ ਨ ਮੁਸਲਮਾਨ"—ਸਿਖ ਧਰਮ ਦਾ ਮੁੱਢ ਤੇ ਮਨੋਰਥ | ੫੩ |
| ੪. | ਗੁਰੂ ਨਾਨਕ ਸਾਹਿਬ ਦੇ ਸਫ਼ਰ | ੮੯ |
| ੫. | ਗੁਰੂ ਨਾਨਕ ਸਾਹਿਬ ਦਾ ਟਿਕਵਾਂ ਘਰੇਲੂ ਜੀਵਨ ਤੇ ਸੱਚ ਖੰਡ ਦਾ ਸਫਰ | ੧੭੮ |
| ੬. | ਸੰਤ-ਸਿਪਾਹੀ ਗੁਰੂ ਨਾਨਕ | ੨੧੫ |
| ੭. | ਧਰਮ ਦਾ ਮੁੱਢ, ਮਨੋਰਥ, ਵਿਕਾਸ ਅਤੇ ਸਿਖ ਧਰਮ ਦੀਆਂ ਵਿਸ਼ੇਸ਼ਤਾਈਆਂ | ੨੩੨ |
| | ਪੁਸਤਕ ਸੂਚੀ (Bibliography) | ੨੮੧ |


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮੁੱਖ ਸ਼ਬਦ

ਸੱਚ ਕਿਸੇ ਖ਼ਾਸ ਮਨੁੱਖ ਜਾਂ ਮਨੁੱਖਾਂ ਦੀ ਟੋਲੀ ਦੀ ਵੱਖਰੀ ਜਾਇਦਾਦ ਨਹੀਂ । ਇਹ ਤੇ ਸਮੁੱਚੀ ਮਨੁੱਖਤਾ ਦੀ ਸਦਾ ਲੋੜੀਂਦੀ ਵਸਤੂ ਹੈ ਅਤੇ ਸੱਚਾ ਮਨੁੱਖ ਸਾਰੀ ਦੁਨੀਆਂ ਲਈ ਸਾਂਝਾ ਹੁੰਦਾ ਹੈ । ਏਸੇ ਲਈ, ਸਚਿਆਰ ਗੁਰੂ ਨਾਨਕ ਸਾਰੇ ਸੰਸਾਰ ਦੇ ਇਤਿਹਾਸ ਤੇ ਆਦਰ ਮਾਨ ਦੀ ਸਾਂਝੀ ਵਿਅਕਤੀ ਹੈ । ਇਸ ਕਿਤਾਬ, "ਸਚਿਆਰ ਗੁਰੂ ਨਾਨਕ" ਵਿਚ ਮੈਂ ਗੁਰੂ ਸਾਹਿਬ ਦੇ ਜੀਵਨ, ਆਦਰਸ਼ ਅਤੇ ਪ੍ਰਾਪਤੀਆਂ ਨੂੰ ਬਿਆਨ ਕਰਨ ਦਾ ਨਿਮਾਣਾ ਜਿਹਾ ਯਤਨ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਕੇ ਕੀਤਾ ਹੈ ਕਿ ਸਮਰੱਥਾ ਤੇ ਰੱਬ ਦਾਹੀ ਨਵੇਕਲਾ ਹੱਕ ਹੈ ।

ਵੈਸੇ ਤਾਂ ਨੁਨੁੱਖੀ ਜੀਵਨ ਤੇ ਵਿਕਾਸ ਵਿਚ ਹਰ ਪਲ ਤੇ ਹਰ ਘੜੀ ਮਹੱਤਤਾ ਭਰਪੂਰ ਹੈ ਪਰ ਫਿਰ ਵੀ ਕੌਮਾਂ, ਦੇਸ਼ਾਂ ਤੇ ਧਰਮਾਂ ਦੇ ਇਤਿਹਾਸ, ਨਿਕਾਸ ਤੇ ਵਿਕਾਸ ਵਿਚ ਕਈ ਉਹ ਪੜਾਂ ਆਉਂਦੇ ਨੇ ਜਿਨ੍ਹਾਂ ਦੀ ਮਹੱਤਤਾ ਤੇ ਮਹਾਨਤਾ ਵਿਸ਼ੇਸ਼ ਅਤੇ ਵਧੀਕ ਹੁੰਦੀ ਹੈ । ਇਹ ਉਹ ਪੜਾਂ ਜਾਂ ਮੋੜ ਹੁੰਦੇ ਨੇ ਜਿਨ੍ਹਾਂ ਤੇ ਖਲੋ ਕੇ ਸਮੁੱਚੀ ਮਨੁੱਖਤਾ ਆਪਣੇ ਵਿਸ਼ਵਾਸ ਤੇ ਵੀਚਾਰਧਾਰਾ ਅਨੁਸਾਰ, ਆਪਣੇ ਬੀਤੇ ਸਮੇਂ ਦੀਆਂ ਸਦੀਆਂ ਦੀਆਂ ਪ੍ਰਾਪਤੀਆਂ ਤੇ ਘਾਟਿਆਂ ਜਾ ਜਾਇਜ਼ਾ ਲੈਂਦੀ ਹੈ । ਲੋਕ ਆਪਣੇ ਵਰਤਮਾਨ ਨੂੰ ਨਿਰਪੱਖ ਪਾਰਖੂ ਅੱਖੀਂ ਨਾਲ ਜੋਹੰਦੇ ਤੇ ਜੋਖਦੇ ਹਨ ਅਤੇ ਆਪਣੇ ਆਉਣ ਵਾਲੇ ਸਮੇਂ ਨੂੰ ਮੁੱਖ ਰਖ ਕੇ ਮਨੁੱਖੀ ਭਲਾਈ ਲਈ ਵਿਉਂਤਾਂ ਉਲੀਕਦੇ ਹਨ । ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌਵਾਂ ਜਨਮ ਦਿਨ ਇਕ ਇਹੋ ਜਿਹਾ ਪੜਾ ਸੀ ਅਤੇ ਅਸੀਂ ਕਿੰਨੇ ਸੁਭਾਗੇ ਹਾਂ ਜਿਨ੍ਹਾਂ ਇਸ ਮਹਾਨ ਦਿਨ ਨੂੰ ਨਿਰਾ ਮਨਾਇਆ ਹੀ ਨਹੀਂ ਸਗੋਂ ਆਪਣੀ ਆਪਣੀ ਵਿਤ ਅਨੁਸਾਰ ਇਸ ਵਿਚ ਹਿਸਾ ਵੀ ਪਾਇਆ ਹੈ ।

ਕਿਸੇ ਦੀ ਯਾਦ ਨੂੰ ਮਨਾਉਣ ਲਈ ਵਿਖਾਲੇ ਦੇ ਢੰਗ ਵੀ ਸਮਾਜ ਲਈ ਜ਼ਰੂਰੀ ਹਨ ਪਰ ਫਿਰ ਵੀ ਇਹ ਹਨ ਬਾਹਰਮੁਖੀ ਹੀ ਜਿਨ੍ਹਾਂ ਰਾਹੀਂ ਅਸੀਂ ਆਪਣੇ ਅੰਦਰਲੇ ਹਾਵ-ਭਾਵ ਨੂੰ ਪ੍ਰਗਟ ਕਰਦੇ ਹਾਂ । ਬਾਹਰਮੁੱਖੀ ਹਰਕਤਾਂ ਜਾਂ ਕੰਮ ਅੰਤਰਮੁਖੀ ਦੁਨੀਆਂ ਦਾ ਹੀ ਵਿਖਾਲਾ ਹੁੰਦੀਆਂ ਨੇ । ਇਸ ਲਈ ਕੋਈ ਮਨੁੱਖ ਸਮਾਜ, ਦੇਸ਼ ਜਾਂ ਧਰਮ ਆਪਣੇ ਆਪ ਨੂੰ ਪੂਰੀ ਤਰ੍ਹਾਂ ਜਾਂਚ ਨਹੀਂ ਸਕਦਾ, ਜਿੰਨਾ ਚਿਰ ਉਹ ਆਪਣੀ ਅੰਤਰਮੁਖੀ ਗੁਪਤ ਦੁਨੀਆਂ ਨੂੰ ਸੱਚ ਤੇ ਨਿਰਪੱਖਤਾ ਦੀ ਕਸਵੱਟੀ ਜਾਂ ਸਵੈ-ਆਲੋਚਣਾ ਨਾਲ ਨਹੀਂ ਪਰਖਦਾ । ਬਾਹਰਲੇ ਅਡੰਬਰ ਨਾਲੋਂ ਆਪਣੀ ਅੰਦਰੂਨੀ ਹਾਲਤ ਦੀ ਪਹਿਚਾਨ ਕਰਨੀ ਜ਼ਿਆਦਾ ਜ਼ਰੂਰੀ ਹੈ । ਇਹ ਅਸੀਂ

Digitized by Panjab Digital Library | www.panjabdigilib.org

ਤਾਂ ਹੀ ਕਰ ਸਕਦੇ ਹਾਂ ਜੇ ਪਹਿਲਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੀਵਨ-ਜਾਚ, ਮਿਸ਼ਨ, ਫ਼ਿਲਾਸਫ਼ੀ, ਸਿਧਾਂਤ ਤੇ ਮਨੁੱਖੀ ਦੇਣ ਨੂੰ ਸਮਝੀਏ ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਇਹ ਮਨਾਇਆ ਗਿਆ ਪੰਜ ਸੌ ਸਾਲਾ ਜਨਮ ਦਿਨ ਨਿਰਾ ਇਹਨਾਂ ਦਾ ਪੰਜ-ਸਦੀਆ ਜਨਮ ਉਤਸਵ ਹੀ ਨਹੀਂ ਸਗੋਂ ਸਿਖ ਧਰਮ, ਸਿਖ ਗੁਰੂਆਂ ਅਤੇ ਸਿਖ ਕੌਮ ਦੇ ਇਤਿਹਾਸ, ਵਿਕਾਸ, ਅਰੂਜ, ਕੁਰਬਾਨੀਆਂ ਤੇ ਕਠਨਾਈਆਂ, ਪ੍ਰਾਪਤੀਆਂ ਤੇ ਘਾਟਿਆਂ, ਉਚਾਈ ਤੇ ਅਧੋਗਤੀ ਆਦਿ ਦਾ ਪੰਜ ਸੌ ਸਾਲ ਦਾ ਮੁਲੰਕਣ ਹੈ । ਅਸੀਂ ਆਪਣੇ ਆਪ ਨੂੰ ਗੁਰੂ ਸਾਹਿਬ ਦੀ ਸਿਖੀ ਦੀ ਸਿਖਿਆ ਦੇ ਸੱਚੇ ਸਾਂਚੇ ਵਿਚ ਢਾਲੀਏ ਤਾਕਿ ਆਪਣੀ ਰਹੁ-ਰੀਤੀ, ਰਹਿਣੀ-ਬਹਿਣੀ ਜਾਂ ਆਚਾਰ ਤੇ ਵਿਹਾਰ ਦਾ ਲੋੜੀਂਦਾ ਸੁਧਾਰ ਕਰਕੇ ਮਨੁੱਖਤਾ ਦਾ ਉਧਾਰ ਕਰ ਸਕੀਏ ਕਿਉਂਕਿ ਅਣਥੱਕ ਤੇ ਨਿਰਪੱਖ ਸਵੈ-ਆਲੋਚਣਾਂ ਤੋਂ ਬਿਨਾਂ ਕੋਈ ਕੌਮ ਵੀ ਸੁੱਚੀ, ਉੱਚੀ ਤੇ ਉੱਨਤ ਨਹੀਂ ਹੋ ਸਕਦੀ ।

ਗੁਰੂ ਨਾਨਕ ਦੇਵ ਜੀ ਦਾ ਜਨਮ ਰਾਏ ਭੋਏ ਦੀ ਤਲਵੰਡੀ ਜਿਸ ਨੂੰ ਹੁਣ ਸ੍ਰੀ ਨਨਕਾਣਾ ਸਾਹਿਬ ਆਖਦੇ ਨੇ, ਜ਼ਿਲਾ ਸ਼ੇਖੂਪੁਰਾ, ਪੱਛਮੀ ਪਾਕਿਸਤਾਨ ਵਿਚ, ੧੪੬੯ ਈਸਵੀ, ਸੰਮਤ ੧੫੨੬ ਬਿਕਰਮੀ ਨੂੰ ਪਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਹੋਇਆ । ਇਹ ਜਨਮ ਤੋਂ ਹੀ ਅਦੁੱਤੀ ਤੇ ਅਲੌਕਿਕ ਬਾਲਕ ਸਨ, ਉਹਨਾਂ ਨੂੰ ਲੋੜੀਂਦੀ ਵਿਦਿਆ ਦਿਤੀ ਗਈ ਪਰ ਉਹ ਸੰਸਾਰੀਆਂ ਨੂੰ ਧੁਰੋਂ ਹੀ ਪੜ੍ਹੇ ਗੁੜ੍ਹੇ ਪਰਤੀਤ ਹੋਏ । ਦੁਨੀਆਂ ਦਾਰੀ ਤੇ ਬਿਉਪਾਰੀ ਸ਼ਰੇਣੀ ਨਾਲ ਸਬੰਧਤ ਆਪਣੇ ਪਿਤਾ ਦੇ ਆਖੇ ਲਗ ਕੇ ਉਹਨਾਂ ਜਿਹੜਾ ਪਹਿਲਾ ਬਿਉਪਾਰ ਕੀਤਾ ਉਸ ਨੂੰ "ਸੱਚਾ ਸੌਦਾ" ਕਹਿ ਕੇ ਯਾਦ ਕੀਤਾ ਜਾਂਦਾ ਹੈ । ਮਨੁੱਖੀ ਹੋਂਦ ਤੋਂ ਲੈ ਕੇ ਅੱਜ ਤਕ ਦੁਨੀਆਂ ਵਿਚ ਸੱਚ ਦੀ ਲੋੜ ਤੇ ਥੋੜ ਰਹੀ ਹੈ । ਗੁਰੂ ਨਾਨਕ ਦੇਵ ਜੀ ਨੇ ਰੱਬ ਨੂੰ ਵੀ "ਸਤਿਨਾਮ" ਕਹਿ ਕੇ ਯਾਦ ਕੀਤਾ ਹੈ । ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਰੇ ਸੰਸਾਰ ਦੇ ਧਰਮਾਂ, ਦਰਸ਼ਨਾਂ, ਗਿਆਨ, ਵਿਗਿਆਨ ਤੇ ਸਮੁੱਚੀ ਮਨੁੱਖਤਾ ਦੇ ਸਮੁੱਚੇ ਗਿਆਨ ਤੇ ਹੋਂਦ ਦੇ ਮਨੋਰਥ ਨੂੰ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਸਪੱਸ਼ਟ ਕਰ ਦਿਤਾ ਹੈ, "ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥"

ਮੇਰਾ ਭਾਵ ਇਹ ਹੈ ਕਿ ਗੁਰੂ ਸਾਹਿਬ ਜਗਤ ਵਿਚ ਛਾ ਚੁਕੇ ਪਾਪ, ਪਾਖੰਡ, ਕਾਮ, ਕਪਟ, ਕਰੋਧ, ਕਾਇਰਤਾ, ਕੁਚੱਜ, ਬਦੀ, ਬੇਨਿਯਤੀ, ਬੇਰਹਿਮੀ, ਬੇਸਿਦਕੀ, ਬਲਹੀਣਤਾ, ਬੇਬੱਸੀ, ਜਹਾਲਤ ਅਤੇ ਜਬਰ ਦੇ ਅਨ੍ਹੇਰੇ ਚੋਂ ਸੱਚ ਦਾ ਚੰਨ ਜਾਂ ਚਾਨਨ ਲੱਭਣ ਲਈ ਇਸ ਸੰਸਾਰ ਵਿਚ ਆਏ । ਗੁਰੂ ਸਾਹਿਬ ਜੀ ਦੀ ਸਿੱਧਾਂ ਨਾਲ ਹੋਈ ਗਲਬਾਤ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :—

"ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾ ਕੂੜ ਅੰਧਾਰਾ ।
ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜ੍ਹਿਆ ਸੰਸਾਰਾ ।"

ਗੁਰੂ ਸਾਹਿਬ ਜੀ ਸੱਚ ਦਾ ਐਸਾ ਪ੍ਰਕਾਸ਼ ਸਨ ਕਿ ਭਾਈ ਗੁਰਦਾਸ ਜੀ ਦੀ ਕਲਮ ਚੋਂ ਸੁੱਤੇ ਸਿਧ ਨਿਕਲਿਆ :—



Digitized by Panjab Digital Library | www.panjabdigilib.org

"ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧ ਜਗ ਚਾਨਣ ਹੋਆ ॥"

ਇਸ ਸਮੇਂ ਬਾਰੇ ਗੁਰਬਾਣੀ ਫ਼ਰਮਾਂਦੀ ਹੈ :—

"ਸਚ ਕਾਲ ਕੂੜ ਵਰਤਿਆ, ਕਲਿ ਕਾਲਖ ਬੇਤਾਲ"

ਅਤੇ ਫਿਰ ਗੁਰੂ ਨਾਨਕ ਸਾਹਿਬ ਜੀ ਫ਼ਰਮਾਉਂਦੇ ਨੇ :—

"ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ"

ਨਾਲੇ ਕੂੜ ਦੀ ਅੰਨ੍ਹੇਰੀ ਦੀ ਹਾਲਤ ਨੂੰ ਵੀ ਬਿਆਨ ਕਰਦੇ ਹੋਏ ਆਖਦੇ ਨੇ:—

"ਹਉ ਭਾਲ ਵਿਕੁੰਨੀ ਹੋਈ, ਆਧੇਰੇ ਰਾਹੁ ਨ ਕੋਈ"

ਰਾਜੇ, ਵਜ਼ੀਰ ਤੇ ਹੋਰ ਸਰਕਾਰੀ ਅਮਲਾ ਫੈਲਾ ਲੋਭ, ਲਾਲਚ ਤੇ ਪਾਪ ਦਾ ਰੂਪ ਹੀ ਧਾਰਨ ਕਰ ਚੁੱਕੇ ਸਨ ਅਤੇ ਲੋਭ ਤੇ ਪਾਪ ਦੀ ਪੂਰਤੀ ਤੇ ਸਫਲਤਾ ਲਈ ਕੂੜ ਉਹਨਾਂ ਦਾ ਨਜ਼ਦੀਕੀ ਤੋਂ ਨਜ਼ਦੀਕੀ ਸਿਕਦਾਰ ਭਾਵ ਰਿਸ਼ਤੇਦਾਰ ਜਾਂ ਮਦਦਗਾਰ ਬਣ ਚੁੱਕਾ ਸੀ। ਗੁਰਦੇਵ ਜੀ ਨੇ ਖ਼ੁਦ ਫ਼ਰਮਾਇਆ ਹੈ :—

"ਲਬ ਪਾਪ ਦੋਏ ਰਾਜਾ ਮਹਿਤਾ,
ਕੂੜ ਹੋਆ ਸਿਕਦਾਰ।"

ਭਾਰਤ ਵਿਚ ਹਿੰਦੂ ਤੇ ਮੁਸਲਮਾਨ ਦੋ ਧਰਮ ਪਰਧਾਨ ਸਨ। ਪਰਸਪਰ ਪਿਆਰ ਦੀ ਥਾਂ ਬਾਹਮੀ ਨਫ਼ਰਤ ਤੇ ਫ਼ਸਾਦ ਕੁਹਨਾਂ ਤੇ ਭਾਰੂ ਸਨ ਅਤੇ ਉਹ ਸੱਚ ਦੀ ਮੰਜ਼ਲ ਤੋਂ ਉੱਕ ਕੇ ਔਝੜੇ ਪਏ ਹੋਏ ਸਨ। ਭਾਈ ਗੁਰਦਾਸ ਜੀ ਨੇ ਲਿਖਿਆ ਹੈ :—

"ਸਚ ਕਿਨਾਰੇ ਰਹਿ ਗਿਆ,
ਖਹਿ ਮਰਦੇ ਬਾਹਮਣ ਮਉਲਾਣੇ।"

ਜ਼ਿੰਦਗੀ ਦੇ ਹਰ ਪੱਖ ਵਿਚ ਕੂੜ ਦਾ ਪਸਾਰਾ ਸੀ। ਗੁਰੂ ਸਾਹਿਬ ਜੀ ਨੇ ਅਨ੍ਹੇਰੇ 'ਚ ਭਟਕਦੀ ਦੁਨੀਆਂ ਨੂੰ ਦੀਵਾ ਬਣ ਕੇ ਰਾਹ ਵਿਖਾਇਆ। ਏਸੇ ਕਰਕੇ ਤੇ ਗੁਰੂ ਅਰਜਨ ਦੇਵ ਜੀ ਉਹਨਾਂ ਦੀ ਉਪਮਾ ਵਿਚ ਲਿਖਦੇ ਨੇ :—

"ਬਲਿਉ ਚਰਾਗੁ ਅੰਧ੍ਯਾਰ ਮਹਿ"

ਉਹਨਾਂ ਦਾ ਵਿਸ਼ਵਾਸ ਸੀ ਕਿ ਸਦੀਵੀ ਹੋਂਦ ਵਾਲੀ ਸ਼ੈ ਸੱਚ ਹੀ ਹੈ। ਉਹਨਾਂ ਦਾ ਕਥਨ—

"ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ"

ਪੰਜਾਬ ਦੇ ਲੋਕਾਂ ਦਾ ਮੂੰਹ ਚੜ੍ਹਿਆ ਅਖਾਣ ਬਣ ਗਿਆ ਹੈ। ਏਸੇ ਲਈ ਤੇ ਮੈਂ ਇਸ ਕਿਤਾਬ ਦਾ ਨਾਂ "ਸਚਿਆਰ ਗੁਰੂ ਨਾਨਕ" ਰਖਿਆ ਹੈ।

ਸੱਚ ਬੋਲਣਾ, ਪਰਚਾਰਨਾ, ਪੱਕਾ ਕਰਨਾ ਤੇ ਕਮਾਣਾ ਕੋਈ ਸੌਖੀ ਗੱਲ ਨਹੀਂ। ਸੱਚ ਦੇ ਰਾਹ ਤੇ ਚਲਦਿਆਂ ਵਡੇ ਤੋਂ ਵਡੇ ਪੁਰਸ਼ ਵੀ ਡੋਲ, ਡਗਮਗਾ ਤੇ ਡਰ ਜਾਂਦੇ ਨੇ ਪਰ ਗੁਰੂ ਸਾਹਿਬ ਹਮੇਸ਼ਾਂ ਅਡੋਲ ਤੇ ਅਹਿਲ ਰਹੇ। ਉਹਨਾਂ ਦੇ ਸੱਚੇ ਬਚਨ ਤੇ ਕਰਮ ਨੂੰ ਕੋਈ ਸ਼ਕਤੀ



Digitized by Panjab Digital Library | www.panjabdigilib.org

ਜਾਂ ਵਿਅਕਤੀ ਕਿਸੇ ਤਰ੍ਹਾਂ ਵੀ ਤਬਦੀਲ ਨਹੀਂ ਸੀ ਕਰ ਸਕਦੀ ਕਿਉਂਕਿ ਉਹ ਸਭ ਕੁਝ ਰੱਬੀ ਫ਼ਰਮਾਨ ਅਨੁਸਾਰ ਕਹਿੰਦੇ ਤੇ ਕਰਦੇ ਸਨ। ਏਸੇ ਲਈ ਤਾਂ ਉਹਨਾਂ ਭਾਈ ਲਾਲੋ ਨੂੰ ਆਖਿਆ ਸੀ :—

"ਜੈਸੀ ਮੈਂ ਆਵੈ ਖਸਮ ਕੀ ਬਾਣੀ,
ਤੈਸੜਾ ਕਰੀਂ ਗਿਆਨ ਵੇ ਲਾਲੋ ॥"

ਅੱਗੇ ਜਾ ਕੇ ਸੱਚ ਬੋਲਣ ਦੇ ਆਪਣੇ ਦ੍ਰਿੜ ਇਰਾਦੇ ਨੂੰ ਪ੍ਰਗਟ ਕਰਦੇ ਨੇ :—

"ਸੱਚ ਕੀ ਬਾਣੀ ਨਾਨਕੁ ਆਖੇ,
ਸੱਚ ਸੁਣਾਇਸੀ ਸੱਚ ਕੀ ਬੇਲਾ।"

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ ਇਸੇ ਇਰਾਦੇ ਦੀ ਪਰੋੜ੍ਹਤਾ ਕਰਦੇ ਨੇ ਤੇ ਲਿਖਦੇ ਹਨ :—

"ਕਹਿਉ ਪ੍ਰਭੂ ਸੋ ਭਾਖਿ ਹੌਂ,
ਕਿਸੂ ਨ ਕਾਨ ਰਾਖਹੌਂ ॥"

ਗੁਰੂ ਨਾਨਕ ਦੇਵ ਜੀ ਮਰਾਰਾਜ ਦਾ ਅਹਿਲ ਵਿਸ਼ਵਾਸ ਸੀ ਕਿ ਗੁਨਾਹਗਾਰ ਨੂੰ ਦੁਸ਼ਮਣੀ ਤੇ ਘਿਰਣਾਂ ਨਾਲ ਨਹੀਂ, ਹਮਦਰਦੀ, ਪਿਆਰ ਤੇ ਪ੍ਰੇਰਨਾ ਨਾਲ ਸੁਧਾਰਿਆ ਜਾ ਸਕਦਾ ਹੈ। ਇਸ ਗੱਲ ਨੂੰ ਉਹਨਾਂ ਨੇ ਜਪੁਜੀ ਸਾਹਿਬ ਵਿਚ ਹੀ ਬੜੇ ਫ਼ਿਲਾਸਫ਼ੀ ਭਰੇ ਢੰਗ ਨਾਲ ਬਿਆਨ ਕਰ ਦਿਤਾ ਸੀ। ਉਹਨਾਂ ਕਿਹਾ ਹੈ ਕਿ ਜੇ ਕੋਈ ਕਪੜਾ ਗੰਦਾ ਜਾਂ ਮੈਲਾ ਹੋ ਜਾਏ ਤਾਂ ਉਹ ਸਾਬਣ ਨਾਲ ਸਾਫ ਹੋ ਸਕਦਾ ਹੈ। ਇਸ ਵੀਚਾਰ ਤੋਂ ਅਗਲੀ ਤੁੱਕ ਬੜੀ ਉੱਚੀ ਕਾਵਿ ਉਡਾਰੀ ਦੀ ਹੈ। ਸਾਬਣ ਕਪੜੇ ਨੂੰ ਸਿਰਫ ਸਾਫ਼ ਕਰਦਾ ਹੈ, ਰੰਗ ਨਹੀਂ ਚਾੜ੍ਹਦਾ, ਪਰ ਨਾਮ ਦਾ ਸਾਬਣ ਮਨੁੱਖੀ ਮਨ ਨੂੰ ਨਿਰਾਂ ਸਵੱਛ ਹੀ ਨਹੀਂ ਕਰਦਾ ਬਲਕਿ ਇਲਾਹੀ ਰੰਗਣ ਵਿਚ ਵੀ ਰੰਗ ਦੇਂਦਾ ਹੈ, ਉਹ ਫ਼ਰਮਾਉਂਦੇ ਨੇ :—

"ਭਰੀਐ ਮਤਿ ਪਾਪਾ ਕੇ ਸੰਗਿ।
ਓਹੁ ਧੋਪੈ ਨਾਵੈ ਕੇ ਰੰਗ।"

ਏਸੇ ਆਦਰਸ਼ ਨੂੰ ਲੈ ਕੇ ਹੀ ਗੁਰੂ ਜੀ ਕੁਰਾਹੀ ਤੇ ਕੁਕਰਮੀ ਮਨੁੱਖ ਜਾਤੀ ਨੂੰ ਸੱਚੇ ਰਾਹੇ ਪਾ ਕੇ ਸੱਚ ਦੀ ਮੰਜ਼ਲ ਤੇ ਪੁਚਾਣ ਲਈ ਦੇਸ਼ ਬਦੇਸ਼ ਭਵੇਂ, ਜਿਸ ਨੂੰ ਮੁੱਖ ਰਖ ਕੇ ਭਾਈ ਗੁਰਦਾਸ ਜੀ ਨੇ ਉਹਨਾਂ ਬਾਰੇ ਲਿਖਿਆ ਹੈ :—

"ਚੜ੍ਹਿਆ ਸੋਧਨ ਧਰਤ ਲੁਕਾਈ।"

ਗੁਰੂ ਸਾਹਿਬ ਬਾਰੇ ਉਹਨਾਂ ਦੇ ਬਚਪਨ ਤੋਂ ਲੈ ਕੇ ਭਰਪੂਰ ਜਵਾਨੀ ਤਕ ਦੇ ਜੀਵਨ ਨੂੰ ਸਾਖੀਕਾਰਾਂ ਨੇ ਕਈ ਚਮਤਕਾਰ ਮਈ ਤੇ ਅਲੌਕਿਕ ਘਟਨਾਵਾਂ ਦਸਿਆ ਹੈ। ੩੦ ਸਾਲ ਦੀ ਉਮਰ ਤਕ ਉਹ ਦੋ ਪੁੱਤਰਾਂ ਦੇ ਪਿਤਾ ਬਣ ਚੁਕੇ ਸਨ ਤੇ ਇਸ ਸਮੇਂ ਉਹ ਆਪਣੀ ਵਡੀ ਭੈਣ ਨਾਨਕੀ ਦੇ ਸਹੁਰੇ ਪਿੰਡ ਸੁਲਤਾਨਪੁਰ ਲੋਧੀ ਵਿਚ ਰਹਿੰਦੇ ਤੇ ਦੌਲਤ ਖਾਂ ਲੋਧੀ ਕੋਲ



Digitized by Panjab Digital Library | www.panjabdigilib.org

ਮੋਦੀਖਾਨੇ ਦੀ ਨੌਕਰੀ ਕਰਦੇ ਸਨ, ਜਿਥੇ ਉਹਨਾਂ ਬਿਉਪਾਰ ਵਿਚ ਵੀ ਸੱਚ ਬੋਲਿਆ ਤੇ ਪੂਰੇ ਤੋਂ ਵੀ ਵਾਧੂ ਤੋਲਿਆ। ਏਥੇ ਹੀ ਉਹ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਨਾਅਰਾਂ ਮਾਰ ਕੇ ਪਹਿਲੀ ਉਦਾਸੀ ਲਈ ਟੁਰੇ। ਉਹਨਾਂ ਦਾ ਨਾਅਰਾ ਸੁਣ ਕੇ ਬੇਸਮਝ ਤੇ ਦਵੈਤਮਾਰੇ ਬਾਹਮਣ ਤੇ ਮੁੱਲਾਂ ਭਬੂੰਤਰ ਜਾਂ ਬੌਂਦਲ ਗਏ। ਪਰ ਨਾਅਰਾ ਸੱਚਾ ਸੀ ਕਿਉਂਕਿ ਉਹਨਾਂ ਮਨੁੱਖਤਾ ਦੇ ਦੁਖਾਂ, ਸੁਖਾਂ, ਲੋੜਾਂ ਥੋੜਾਂ, ਮਸਲੇ ਤੇ ਮੁਸੀਬਤਾਂ ਦੇ ਮੁੱਢਲੇ ਸੁਭਾਅ ਦਾ ਅਧਿਅਨ ਕਰਕੇ ਸਮਝ ਲਿਆ ਸੀ ਕਿ ਜ਼ਾਤਾਂ, ਬ੍ਰਾਦਰੀਆਂ, ਮਿੱਲਤਾਂ, ਮਜ਼ਬਾਂ, ਮੁਲਕਾਂ ਤੇ ਮਿਲਖਾਂ ਦੀਆਂ ਵੰਡਾਂ ਹੀ ਪੀੜਾਂ ਤੇ ਪੁਆੜਿਆਂ ਦਾ ਕਾਰਨ ਨੇ ਅਤੇ ਹਰ ਮਨੁੱਖ ਆਦੀ, ਬੁਨਿਆਦੀ ਅਤੇ ਆਖਰੀ ਤੌਰ ਤੇ ਨ ਹਿੰਦੂ ਹੈ ਤੇ ਨ ਮੁਸਲਮਾਨ, ਕੇਵਲ ਇਨਸਾਨ ਹੈ।

ਗੁਰੂ ਜੀ ਨੇ ਜਨ ਸਾਧਾਰਣ ਦੀ ਜ਼ਿੰਦਗੀ ਵਿਚ ਚੰਗੀ ਤਰ੍ਹਾਂ ਵਿਚਰ ਕੇ ਵੇਖਿਆ। ਇਸ ਦੇ ਮਸਲਿਆਂ ਨੂੰ ਜੋਖਿਆ ਤੇ ਘੋਖਿਆ। ਮੱਝੀਂ ਦੇ ਛੇੜੂ ਬਣੇ, ਬਿਉਪਾਰ ਕੀਤਾ, ਨੌਕਰੀ ਕੀਤੀ ਅਤੇ ਕਿਸਾਨ ਵੀ ਬਣੇ। ਉਹਨਾਂ ਆਪਣੀ ਜ਼ਿੰਦਗੀ ਵਿਚ ਚਾਰ ਉਦਾਸੀਆਂ ਕੀਤੀਆਂ। ਭਾਰਤ ਤੋਂ ਛੁੱਟ ਏਸ਼ੀਆ ਦੇ ਬਹੁਤ ਸਾਰੇ ਹੋਰ ਦੇਸ਼ਾਂ ਵਿਚ ਵੀ ਗਏ। ਉਹਨਾਂ ਜ਼ਾਤ-ਪਾਤ, ਊਚ-ਨੀਚ, ਸਰਮਾਏਦਾਰੀ, ਮਜ਼ਬੀ ਤਅੱਸਬ, ਤੰਗਦਿਲੀ, ਹਉਮੈ ਤੇ ਹੰਕਾਰ, ਅਨਰਥ ਤੇ ਅਤਿਆਚਾਰ, ਵਿਹਲ ਤੇ ਵਹਿਮ, ਗ਼ਰੀਬੀ ਤੇ ਅਮੀਰੀ ਦੀ ਵਿੱਥ, ਸਭ ਦਾ ਜ਼ੋਰਦਾਰ ਖੰਡਨ ਕੀਤਾ।

ਦੁਨੀਆਂ ਦੇ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਨਿਵੇਕਲੀ ਥਾਂ ਉਹਨਾਂ ਦੀ ਨਿਮਰਤਾ ਦੇ ਸਦਕਾ ਵੀ ਹੈ। ਉਹਨਾਂ ਨੇ ਭਗਤੀ ਜਾਂ ਬੰਦਗੀ ਦੇ ਹੰਕਾਰ ਵਾਲਿਆਂ ਨੂੰ ਕਿਹਾ :—

"ਭਉ ਭਗਤ ਕਰ ਨੀਚ ਸਦਾਏ, ਤਉ ਨਾਨਕ ਮੋਖੰਤਰ ਪਾਏ"

ਉਹ ਖ਼ਾਲਕ ਤੇ ਖ਼ਲਕਤ ਦਾ ਲਾਲਾ ਜਾਂ ਗੋਲਾ ਬਣ ਕੇ ਵੀ ਸੁਭਾਗਾ ਜਾਂ ਵੱਡੇ ਭਾਗਾਂ ਵਾਲਾ ਹੋਣ ਦਾ ਦਾਅਵਾ ਕਰਦੇ ਨੇ :—

"ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ
ਗੁਰ ਕੀ ਬਚਨੀ ਹਾਟ ਬਿਕਾਨਾ ਜਿਤ ਲਾਇਆ ਤਿੱਤ ਲਾਗਾ।"

ਉਹਨਾਂ ਨੇ ਜ਼ਾਲਮ ਤੇ ਜ਼ੁਲਮ ਦੇ ਵਿਰੁੱਧ ਅਤੇ ਮਜ਼ਲੂਮ ਦੀ ਖਾਤਰ ਸੰਗਰਾਮ ਵਿਚ ਜਾਨ ਕੁਰਬਾਨ ਕਰਨੀ ਪਹਿਲੀ ਤੇ ਮੁੱਢਲੀ ਮੰਗ ਮਿਥੀ ਹੈ, ਜਿਸ ਬਾਰੇ ਉਹ ਕਹਿੰਦੇ ਨੇ :—

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੇ।

ਇਸ ਆਦੇਸ਼ ਤੇ ਆਦਰਸ਼ ਦੇ ਸਦਕਾ ਹੀ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਗੁਰੂ



Digitized by Panjab Digital Library | www.panjabdigilib.org

ਗੋਬਿੰਦ ਸਿੰਘ ਜੀ ਦੇ ਸਾਰੇ ਪਰਵਾਰ ਤੇ ਹਜ਼ਾਰਾਂ ਸਿੰਘਾਂ, ਸਿੰਘਣੀਆਂ, ਮਾਤਾਵਾਂ, ਭੈਣਾਂ ਤੇ ਬੱਚੇ ਬੱਚੀਆਂ ਨੇ ਅਣਖ਼ ਆਨ ਦੀ ਖ਼ਾਤਰ ਆਪਣੀਆਂ ਜਾਨਾਂ ਹੱਸ ਹੱਸ ਕੇ ਕੁਰਬਾਨ ਕੀਤੀਆਂ।

ਡਾਕਟਰ ਸਰ ਮੁਹੰਮਦ ਇਕਬਾਲ ਪਾਕਿਸਤਾਨ ਦੇ ਬਾਨੀਆਂ ਵਿਚੋਂ ਸਨ। ਇਕਬਾਲ ਆਪਣੇ ਸਮੇਂ, ਸੰਸਾਰ ਦੇ ਗਿਣੇ-ਮਿਥੇ ਵਿਦਵਾਨਾਂ ਚੋਂ ਸੀ ਤੇ ਉਰਦੂ ਸ਼ਾਇਰੀ ਵਿਚ ਅਜੇ ਵੀ ਉਸ ਦੀ ਥਾਂ ਕੋਈ ਨਹੀਂ ਲੈ ਸਕਿਆ। ਉਸ ਨੇ ਵੀ ਮੰਨਿਆ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਹਿੰਦੁਸਤਾਨ ਦੇ ਲੋਕ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ ਨਫ਼ਰਤ ਤੇ ਨਫ਼ਾਕ ਦੀ ਮਾਰੂ ਨੀਂਦਰ ਵਿਚ ਸੁੱਤੇ ਹੋਏ ਸਨ ਤੇ ਗੁਰੂ ਨਾਨਕ ਦੇਵ ਜੀ ਨੇ ਹਿੰਦੁਸਤਾਨੀਆਂ ਨੂੰ ਮਨੁੱਖੀ ਚਿੰਗਾੜੀ ਨਾਲ ਜਗਾਇਆ। ਉਸ ਨੇ ਗੁਰੂ ਸਾਹਿਬ ਬਾਰੇ ਲਿਖਿਆ ਹੈ :—

ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ ਕਾਮਲ ਨੇ ਜਗਾਇਆ ਖ਼ਾਬ ਸੇ।

ਡਾਕਟਰ ਇਕਬਾਲ ਜਿਹੇ ਵਿਅਕਤੀ ਵਲੋਂ ਗੁਰੂ ਸਾਹਿਬ ਨੂੰ ਇਸ ਸ਼ਰਧਾਂਜਲੀ ਦੀ ਭੇਟਾ ਕੋਈ ਛੋਟੀ ਗੱਲ ਨਹੀਂ ਪਰ ਸੱਚ ਪੁੱਛੋਂ ਤਾਂ ਅਸਲੀ ਗੱਲ ਇਕਬਾਲ ਦੀ ਆਖੀ ਹੋਈ ਗੱਲ ਤੋਂ ਵੀ ਬਹੁਤ ਵੱਡੀ ਹੈ ਕਿਉਂਕਿ ਗੁਰੂ ਸਾਹਿਬ ਨੇ ਸਿਰਫ਼ ਹਿੰਦੁਸਤਾਨ ਦੇ ਲੋਕਾਂ ਨੂੰ ਹੀ ਨਹੀਂ ਸੀ ਜਗਾਇਆ, ਉਹਨਾਂ ਨੇ ਤਾਂ ਤਿੱਬਤ, ਚੀਨ, ਬਰਮਾ, ਲੰਕਾ ਤੇ ਮੁਸਲਮਾਨ ਦੇਸ਼ਾਂ ਦੇ ਮੱਕੇ ਤੇ ਬਗਦਾਦ ਤਕ ਦੇ ਲੋਕਾਂ ਵਿਚ ਵੀ ਜਾਗ੍ਰਤੀ ਪੈਦਾ ਕੀਤੀ ਸੀ। ਮਨੁੱਖਤਾ ਕਿਸੇ ਖ਼ਾਸ ਮੰਦਰ, ਮਸੀਤ, ਗਿਰਜੇ ਤੇ ਗੁਰਦਵਾਰੇ, ਮੋਨੈਸਟਰੀ ਜਾਂ ਮੱਠ, ਧਰਮ ਜਾਂ ਧਰਤੀ ਦੇ ਟੁੱਕੜੇ ਤਕ ਹੀ ਸੀਮਤ ਨਹੀਂ ਇਹ ਤਾਂ ਰੱਬੀ ਨੂਰ ਦੀ ਉਹ ਕਿਰਨ ਹੈ ਜੋ ਹਰ ਦਿਸ਼ਾ ਤੇ ਦੇਸ਼ ਵਿਚ ਵਿਆਪਕ ਹੈ।

ਸਚਿਆਰ ਗੁਰੂ ਨਾਨਕ ਸੱਚ ਦਾ ਸੁਨੇਹਾ ਦੇਣ ਲਈ ਮੰਦਰਾਂ 'ਚ ਵੀ ਗਏ ਅਤੇ ਮਸੀਤਾਂ ਵਿਚ ਵੀ। ਉਹਨਾਂ ਨੇ ਗ੍ਰਿਹਸਤੀਆਂ, ਕਾਮਿਆਂ, ਕਿਰਤੀਆਂ, ਕਿਸਾਨਾਂ, ਤਿਆਗੀਆਂ ਤੇ ਵੈਰਾਗੀਆਂ, ਸਾਧਾਂ, ਸੰਤਾਂ ਤੇ ਸਿੱਧਾਂ, ਸੌਦਾਗਰਾਂ, ਸਿਪਾਹੀਆਂ ਤੇ ਸਿਪਾਹਸਲਾਰਾਂ, ਦੌਲਤ ਦੇ ਦੀਰਘ ਰੋਗ ਨਾਲ ਦੱਬੇ ਹੋਏ ਦੁਨੀ ਚੰਦ ਜਿਹੇ ਸੇਠਾਂ, ਭਾਈ ਲਾਲੋ ਜਿਹੇ ਖੱਟ ਘਾਲ ਦੀ ਕਮਾਈ ਵਾਲੇ ਮਨੁੱਖਤਾ ਦੇ ਲਾਲਾਂ, ਮਲਕ ਭਾਗੋ ਜਿਹੇ ਮਾਇਆ ਦੇ ਮਾਨ-ਮਤਿਆਂ ਤੇ ਵਿਹਲੜ ਸਮਾਜਕ ਚਿਚੜਾਂ, ਕੋਰੂਕਸ਼ੇਤਰ, ਹਰਦਵਾਰ, ਮਥਰਾ, ਬਿੰਦਰਾਬਨ, ਕਾਸ਼ੀ, ਗਯਾ ਤੇ ਜਗਨ ਨਾਥ ਦੇ ਪੰਡਤਾਂ, ਪਾਂਡਿਆਂ ਤੇ ਪਾਂਧਿਆਂ, ਸੁਮੇਰ ਪਰਬਤ ਦੇ ਸਿੱਧਾਂ, ਅਚਲਵਟਾਲੇ ਦੇ ਅਤੀਤ ਨਾਥਾਂ, ਗੋਰਖ ਟਿੱਲੇ, ਗੋਰਖ ਹਟੜੀ ਤੇ ਗੋਰਖ ਮਤੇ ਦੇ ਜਤੀਆਂ ਤੇ ਜੋਗੀਆਂ-ਜੰਗਮਾਂ ਭਗਤ ਰਵਿਦਾਸ, ਭਗਤ ਕਬੀਰ, ਭਗਤ ਜੈ ਦੇਵ, ਭਗਤ ਧੰਨਾ ਤੇ ਭਗਤ ਨਾਮ ਦੇਵ ਦੇ ਚੇਲਿਆਂ, ਮੱਕੇ, ਬਗਦਾਦ, ਮੁਲਤਾਨ ਤੇ ਪਾਕਪਟਨ ਦੇ ਕਾਜ਼ੀਆਂ, ਨਮਾਜ਼ੀਆਂ, ਹਾਜੀਆਂ, ਹਾਫ਼ਜ਼ਾਂ, ਪਾਰਸਾਵਾਂ, ਪਰਹੇਜ਼ਗਾਰਾਂ, ਆਬਿਦਾਂ, ਆਮਲਾਂ, ਜ਼ਾਹਿਦਾਂ, ਰਿੰਦਾਂ, ਸੂਫ਼ੀਆਂ, ਸਾਦਕਾਂ,



Digitized by Panjab Digital Library | www.panjabdigilib.org

ਸਾਬਰਾਂ, ਆਲਮਾਂ, ਉਜੱਡਾਂ, ਵਹਦਤ ਪ੍ਰਸਤਾਂ, ਵਿਅਰਥ ਵਹਿਮੀਆਂ, ਸੱਚੀ ਮਨੁੱਖੀ ਮੁਹੱਬਤ ਵਾਲੇ ਸੱਚੇ ਮੋਮਨਾਂ ਤੇ ਮਜ਼ਬੀ ਮੁਤਅੱਸਬਾਂ, ਸਭ ਨੂੰ ਘਿਰਣਾ ਜਾਂ ਘੂਰੀ-ਘੱਪੇ ਨਾਲ ਨਹੀਂ, ਸੱਚ ਦੀ ਸ਼ਕਤੀ, ਪਿਆਰ ਤੇ ਪਰੇਰਨਾ ਨਾਲ ਸੋਧਿਆਂ ਤੇ ਸਿੱਧੇ ਰਾਹ ਪਾਇਆ।

ਗੁਰੂ ਸਾਹਿਬ ਨੇ ਬਾਬਰ ਜਿਹੇ ਜਾਬਰ ਨੂੰ ਖਰੀਆਂ ਖਰੀਆਂ ਸੁਣਾਈਆਂ। ਕੌਡੇ ਰਾਕਸ਼, ਚੋਰ ਭੂਮੀਏ ਅਤੇ ਸੱਜਨ ਠੱਗ ਨੂੰ ਭੁਲੇਖੇ ਦੇ ਅਨ੍ਹੇਰੇ ਚੋਂ ਕੱਢ ਕੇ ਸੱਚ ਦਾ ਸੂਰਜ ਵਿਖਾਇਆ। ਮਟਨ ਦੇ ਪੰਡਤ ਬਰਹਮ ਦਾਸ ਨੂੰ ਫੋਕੀ ਵਿਦਵਤਾ ਦੀ ਹੰਗਤਾ ਤੋਂ ਛੁਡਾ ਕੇ ਸੱਚਾ ਬਰਹਮ ਗਿਆਨ ਦਿਤਾ। ਵਲੀ ਕੰਧਾਰੀ ਦੀ ਕਰਾਮਾਤੀ ਕੰਧ ਨੂੰ ਢਾਹ ਕੇ ਉਸ ਦੀ ਢਹਿੰਦੀ ਆਤਮਕ ਕੰਧ ਨੂੰ ਦੁਬਾਰਾ ਉਸਾਰਿਆ। ਨੂਰ ਸ਼ਾਹ ਜਾਦੂਗਰਣੀ ਨੂੰ ਜਾਦੂ ਦੀ ਜੇਹਲ ਚੋਂ ਕੱਢ ਕੇ ਸੱਚੇ ਸ਼ਬਦ ਦੀ ਜੇਵੜੀ ਨਾਲ ਜਕੜਿਆ। ਉਹ ਜਿਥੇ ਤੇ ਜਿਸ ਕੋਲ ਵੀ ਗਏ, ਉਥੇ ਹੀ ਉਹਨਾਂ ਪਾਖੰਡ ਨੂੰ ਸੱਚੇ ਪਿਆਰ ਤੇ ਪਵਿਤਰਤਾ, ਪਾਪ ਨੂੰ ਪੁੰਨ, ਤੁਅੱਸਬ ਨੂੰ ਮੁਹੱਬਤ, ਦਵੈਤ ਨੂੰ ਵਾਹਦਤ ਅਤੇ ਅਨੇਕਤਾ ਨੂੰ ਏਕਤਾ ਵਿਚ ਤਬਦੀਲ ਕੀਤਾ। ਉਹਨਾਂ ਨੇ ਦੇਸ਼ ਦੇਸ਼ਾਂਤਰਾਂ ਵਿਚ ਭਉਂ ਕੇ ਮਨੁੱਖਤਾ ਤੇ ਮਜ਼ੂਬ ਦਾ ਅਰਥ ਮਨੁੱਖੀ ਮੁਹੱਬਤ ਦਸਿਆ ਨਾ ਕਿ ਤਅੱਸਬ ਤੇ ਮੋਮੋਠੱਗਣਾਂ ਜਾਲ। ਧਰਮ ਤੇ ਸਮਾਜ ਚਤਰ ਵਰਣ, ਜ਼ਾਤ-ਪਾਤ ਤੇ ਛੂਤ-ਛਾਤ ਦੀਆਂ ਮਨੁੱਖਤਾ ਮਾਰੂ ਬੀਮਾਰੀਆਂ ਦਾ ਸ਼ਿਕਾਰ ਸੀ। ਇਨਸਾਨੀਅਤ ਦਾ ਮੁੱਢਲਾ ਨਿਯਮ ਹੈ "ਆਪਣੇ ਗਵਾਂਢੀ ਨੂੰ ਆਪਣੇ ਵਾਂਗੂੰ ਹੀ ਪਿਆਰ ਕਰੋ।" ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਘਰ ਦੀ ਕੰਧ ਨਾਲ ਲਗਵੇਂ ਘਰ ਵਿਚ ਵਸਣ ਵਾਲੇ ਗਵਾਂਢੀ ਨੂੰ ਹੀ ਨਹੀਂ, ਸਗੋਂ ਦੂਰ-ਦੁਰਾਡੇ ਤੇ ਦੇਸ਼-ਦੇਸ਼ਾਂਤਰਾਂ ਦੀ ਸਾਰੀ ਮਨੁੱਖਤਾ ਨੂੰ ਸੱਚੇ ਪਿਆਰ ਦੀ ਗਲਵਕੜੀ ਪਾਈ। ਹੰਕਾਰੀਆਂ ਦੇ ਹੰਕਾਰ ਨੂੰ ਹਲੂਣਾ ਮਾਰ ਕੇ ਹੇਠਾਂ ਡੇਗਿਆ ਤੇ ਮਿਧੇ ਹੋਏ ਗ਼ਰੀਬਾਂ ਨੂੰ ਬਿਨਾਂ ਕਿਸੇ ਸਥਾਨਕ, ਮਜ਼ਬੀ ਜਾਂ ਨਸਲੀ ਵਿਤਕਰੇ ਦੇ ਉਤਾਂਹ ਚੁਕਿਆ।

ਗੁਰੂ ਜੀ ਨੇ ਜੀਵਨ ਦੇ ਆਖ਼ਰੀ ਕਾਫ਼ੀ ਸਾਲ ਰਾਵੀ ਦੇ ਸਜੇ ਕੰਢੇ ਕਰਤਾਰਪੁਰ ਨਗਰ ਵਸਾ ਕੇ ਆਪਣੇ ਘਰ ਅਤੇ ਟੱਬਰ ਵਿਚ ਗੁਜਾਰੇ। ਹਥੀਂ ਹਲ ਵਾਹ ਕੇ ਕਮਾਈ ਕੀਤੀ। ਲੰਗਰ ਲਾ ਕੇ ਆਏ ਗਏ ਤੇ ਭੁਖੇ ਭਾਣੇ ਲੋੜਵੰਦਾਂ ਨੂੰ ਭੋਜਨ ਛਕਾਇਆ ਤੇ ਹੋਰ ਪੁਜਦੀ ਸਰਦੀ ਸੇਵਾ ਕੀਤੀ। ਨਾਮ ਸਿਮਰਨ ਦਾ ਪਰਵਾਹ ਚਲਾਇਆ ਤੇ ਇਸ ਤਰ੍ਹਾਂ "ਕਿਰਤ ਕਰਨੀ, ਵੰਡ ਛੱਕਣਾ ਤੇ ਨਾਮ ਜਪਣਾ" ਦਾ ਅਨੁਵਾਦ ਅਮਲ ਵਿਚ ਕੀਤਾ। ਸਾਹਿਤ ਰਚਿਆ ਤੇ ਗੁਰਮੁਖੀ ਪੜ੍ਹਾਉਣ ਦੀ ਪਾਠਸ਼ਾਲਾ ਚਲਾਈ ਤੇ ਸਿਖ ਧਰਸ ਤੇ ਸਿਖ ਸੰਗਤਾਂ ਲਈ ਸੰਗੀਤ-ਬੱਧ ਕੀਰਤਨ ਦੀ ਨੀਂਹ ਰਖੀ। ਹਿੰਦੁਸਤਾਨ ਨੂੰ ਗ਼ੁਲਾਮੀ ਅਤੇ ਬਦੇਸ਼ੀ ਹੁਕਮਰਾਨਾਂ ਤੋਂ ਆਜ਼ਾਦ ਹੋਣ ਲਈ ਪਰੇਰਨਾ ਕੀਤੀ। ਧਾਰਮਕ ਤੇ ਸਮਾਜਕ ਵਹਿਮਾਂ ਤੇ ਪਾਖੰਡਾਂ ਦਾ ਖੰਡਨ ਕੀਤਾ।

ਅੰਤਮ ਸਮੇਂ ਆਪ ਨੇ ਸ਼ਰਧਾਲੂ ਸੇਵਕ ਭਾਈ ਲਹਿਣਾ ਜੀ ਨੂੰ ਅੰਗਦ ਭਾਵ 'ਅੰਗੇਖੁਦ' ਬਣਾ ਕੇ ਗੁਰੂ ਗੱਦੀ ਦਿਤੀ ਤੇ ਆਪਣੇ ਪੁੱਤਰਾਂ ਦੇ ਹੱਕ ਤੋਂ ਭਾਈ ਲਹਿਣਾ ਜੀ ਦੀ ਵਫ਼ਾਦਾਰੀ, ਸ਼ਰਧਾ, ਸੇਵਾ, ਕੁਰਬਾਨੀ ਤੇ ਯੋਗਤਾ ਨੂੰ ਤਰਜੀਹ ਦੇ ਕੇ ਸੰਸਾਰ ਨੂੰ ਕਿਸੇ ਰੁਤਬੇ, ਪਦਵੀ ਜਾਂ ਗਦੀ ਦੀ ਸੌਂਪਣਾ ਲਈ ਅਨੋਖੀ ਚੋਣ ਕਰਕੇ ਨਵਾਂ ਨਰੋਆ ਸਬਕ ਦਿਤਾ, ਜਿਸ ਬਾਰੇ ਸਤਾ ਤੇ



Digitized by Panjab Digital Library | www.panjabdigilib.org

ਬਲਵੰਡ ਰਾਮਕਲੀ ਕੀ ਵਾਰ ਵਿਚ ਲਿਖਦੇ ਨੇ :—

"ਲਹਣੇ ਧਰਿਓਨੁ ਛਤ੍ਰ ਸਿਰ ਅਸਮਾਨ ਕਿਆੜਾ ਛਿਕਿਓਨ ।
ਜੋਤ ਸਮਾਣੀ ਜੋਤ ਮਾਹਿ ਆਪੁ ਆਪੈ ਸੇਤੀ ਮਿਕਿਓਨ ।
ਸਿਖਾਂ ਪੁਤਰਾਂ ਘੋਘ ਕੇ ਸਭ ਉਮਤਿ ਵੇਖਹੁ ਜਿਤਿਓਨ ।
ਜਾਂ ਸੁਧਸੁ ਲਹਣਾ ਟਿਕਿਓਨ ।

ਗੁਰੂ ਨਾਨਕ ਜੀ ਸੰਸਾਰ ਦੇ ਇਤਿਹਾਸ ਵਿਚ ਮਨੁੱਖਤਾ ਦੀ ਸਭ ਤੋਂ ਜ਼ਿਆਦਾ ਹਰਮਨ ਪਿਆਰੀ ਹਸਤੀ ਸਨ । ਉਹਨਾਂ ਦੇ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਦਾ ਆਪਸੀ ਵਿਰੋਧ ਸੀ ਪਰ ਗੁਰੂ ਨਾਨਕ ਦੇਵ ਜੀ ਦੇ ਸੱਚ ਤੇ ਸਰਬ-ਸਾਂਝੇ ਪਿਆਰ ਨੇ ਦੋਹਾਂ ਨੂੰ ਅਹਿਸਾਸ ਕਰਵਾ ਦਿਤਾ ਕਿ ਆਖ਼ਰਕਾਰ ਤੁਸੀਂ ਦੋਵੇਂ ਹੋ ਤਾਂ ਇਕੋ ਮਿਟੀ ਦੇ ਬਣੇ ਹੋਏ ਅਤੇ ਇਕੋ ਨੂਰ ਦੀ ਕਿਰਨ । ਸੋ ਇਕ ਦੂਜੇ ਨਾਲ ਪਿਆਰ ਕਰੋ ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੀਹੜੀ ਦਰ ਪੀਹੜੀ ਨੌਂ ਹੋਰ ਸਿਖ ਗੁਰੂਆਂ ਨੇ ਸਰਬ-ਸਾਂਝੇ ਸਿਖ ਧਰਮ ਦੇ ਮਹੱਲ ਦੀ ਉਸਾਰੀ ਕੀਤੀ, ਜਿਸ ਵਿਚ ਸਾਰੇ ਮਨੁੱਖੀ ਗੁਣਾਂ ਦੀ ਜਿਨ੍ਹਾਂ ਨਾਲ ਮਨੁੱਖਤਾ ਮਜ਼ਬੂਤ, ਸੁਜਾਨ ਤੇ ਸੁਖਾਵੀਂ ਹੋ ਸਕੇ ਵਰਤੋਂ ਕੀਤੀ ਗਈ। ਗੁਰੂ ਅੰਗਦ ਦੇਵ ਜੀ ਨੇ ਲੰਗਰ, ਪੰਗਤ ਤੇ ਸੰਗਤ ਨੂੰ ਸਿਖੀ ਵਿਚ ਸਥਿਰਤਾ ਦਿਤੀ । ਗੁਰੂ ਅਮਰਦਾਸ ਜੀ ਨੇ ਬੇਨਜ਼ੀਰ ਤੇ ਨਿਸ਼ਕਾਮ ਸੇਵਾ ਦਾ ਬੀ ਬੀਜਿਆ । ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਵਸਾਇਆ ਅਤੇ ਨਵੇਂ ਵਸੇ ਨਗਰ ਦੇ ਵਿਚਕਾਰ ਸਰੋਵਰ ਪੁਟਵਾਇਆ । ਗੁਰੂ ਅਰਜਨ ਦੇਵ ਜੀ ਨੇ ਹਰਮੰਦਰ ਸਾਹਿਬ ਪੁਟਵਾ ਕੇ, ਸਰੋਵਰ ਮੁਕੰਮਲ ਕਰਵਾ ਕੇ, ਗੁਰੂ ਗਰੰਥ ਸਾਹਿਬ ਦੇ ਰੂਪ ਵਿਚ ਸਿਖਾਂ ਦੀ ਧਰਮ ਪੁਸਤਕ ਸਥਾਪਤ ਕਰਕੇ, ਦੇਸ਼-ਦੇਸ਼ਾਂਤਰਾਂ 'ਚ ਸਿਖ ਪ੍ਰਚਾਰਕ ਭੇਜ ਕੇ ਸਿਖਾਂ 'ਚ ਬਿਉਪਾਰ ਤੇ ਕੋਮਲ ਹੁਨਰਾਂ ਨੂੰ ਉਤਸ਼ਾਹਤ ਕਰਕੇ, ਸਿਖ ਧਰਮ ਲਈ ਨਵੇਕਲੀ ਥਾਂ ਬਣਾਈ । ਅਸੂਲ ਤੇ ਧਰਮ ਦੀ ਖ਼ਾਤਰ ਸ਼ਹੀਦੀ ਪ੍ਰਾਪਤ ਕਰਕੇ ਸਿਖੀ ਦੇ ਸੰਤ ਮੱਤ ਨੂੰ ਸੈਨਕਤਾ ਦੇ ਨੇੜੇ ਲੈ ਆਂਦਾ । ਗੁਰੂ ਹਰਿ ਗੋਬਿੰਦ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ, ਸਿਖ ਫ਼ੌਜ ਬਣਾ ਕੇ ਤੇ ਜ਼ਾਲਮ ਮੁਗ਼ਲ ਨੂੰ ਤਿੰਨ ਲੜਾਈਆਂ ਵਿਚ ਹਰਾ ਕੇ ਸਿਖਾਂ ਵਿਚ ਸੂਰਬੀਰਤਾ ਭਰ ਦਿਤੀ । ਗੁਰੂ ਹਰਿ ਰਾਏ ਤੇ ਗੁਰੂ ਹਰ ਕ੍ਰਿਸ਼ਨ ਨੇ ਸਮੇਂ ਦੀ ਮੰਗ ਅਨੁਸਾਰ ਸੁਹਣਾ ਰੂਹਾਨੀ ਤੇ ਸਮਾਜਕ ਜੀਵਨ ਗੁਜ਼ਾਰਿਆ । ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੇ ਜ਼ਾਲਮਾਂ ਦੇ ਜ਼ੁਲਮ ਦਾ ਨਿਡਰ ਹੋ ਕੇ ਟਾਕਰਾ ਕਰਨ ਲਈ ਸਿਖਾਂ ਦਾ ਵਤੀਰਾ ਹੀ ਬਦਲ ਦਿਤਾ ! ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ, ਸਿਖ ਧਰਮ ਦੇ ਸੇਵਾ, ਬਹਾਦਰੀ, ਕੁਰਬਾਨੀ, ਨੇਕੀ ਮਜ਼ਲੂਮ ਤੇ ਮਜਬੂਰ ਲਈ ਨਿਮਰਤਾ ਤੇ ਜਾਬਰ ਲਈ ਨਿਡਰਤਾ, ਕਲਮ ਤੇ ਤਲਵਾਰ ਦੇ ਧਨੀ, ਕਥਨੀ ਤੇ ਕਰਨੀ ਦੇ ਇਕੱਲੇ ਵਰਯਾਮ, ਸਾਰੇ ਅਸੂਲਾਂ ਤੇ ਗੁਣਾਂ ਦੇ ਅਦੁੱਤੀ ਨਮੂਨੇ ਸਨ ।

ਅੰਤ ਵਿਚ ਆਓ ਅਸੀਂ ਸਾਰੇ ਆਪਣੇ ਅੰਦਰ ਨਿਰਪੱਖ ਹੋ ਕੇ ਝਾਤੀ ਮਾਰੀਏ ਕਿ ਕੀ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸੰਤ ਸਿਪਾਹੀ ਹਾਂ ? ਕੀ ਅਸੀਂ ਜ਼ਾਤ-ਪਾਤ ਦੇ ਜ਼ਾਲਮ



Digitized by Panjab Digital Library | www.panjabdigilib.org

ਜ਼ਹਿਰ ਦੀ ਮਾਰ ਤੋਂ ਬਚੇ ਹੋਏ ਹਾਂ ? ਕੀ ਸਾਨੂੰ ਚੌਧਰਾਂ, ਵਜ਼ਾਰਤਾਂ, ਕੁਰਸੀਆਂ, ਧੜਿਆਂ ਤੇ ਦੌਲਤ ਇਕੱਠੀ ਕਰਨ ਦਾ ਦੀਰਘ ਰੋਗ ਤਾਂ ਨਹੀਂ ਖਾ ਰਿਹਾ ? ਕੀ ਸਾਡੇ ਵਿਚ ਏਕਤਾ ਹੈ ? ਕੀ ਅਸੀਂ ਉਹ ਕੁਝ ਪਰਾਪਤ ਕਰ ਚੁਕੇ ਹਾਂ ਜਾਂ ਕਰਨ ਦੀ ਆਸ ਹੈ ਜੋ ਸਾਨੂੰ ਪਿਛਲੇ ੫੦੦ ਸਾਲਾਂ ਵਿਚ ਕਰਨਾ ਚਾਹੀਦਾ ਸੀ ? ਕੀ ਅਸੀਂ ਸਿਰਫ਼ ਗੁਫ਼ਤਾਰ ਦੇ ਗਾਜ਼ੀ ਹੀ ਹਾਂ ਜਾਂ ਕਿਰਦਾਰ ਦੇ ਵੀ ? ਕੀ ਅਸੀਂ ਸਿਖ ਅਖਵਾਣ ਦੇ ਬਾਵਜੂਦ, ਸੱਚੀ ਗੱਲ ਸਿਖਣ ਤੇ ਸਹਿਣ ਦੇ ਵਿਰੁੱਧ ਤਾਂ ਨਹੀਂ ? ਕੀ ਅਸੀਂ ਸਾਧਾਂ-ਸੰਤਾਂ ਦੇ ਰੂਪ ਵਿਚ ਮਨੁੱਖਤਾ, ਦੇਸ਼ ਤੇ ਪੰਥ ਦੀ ਬੁੱਕਲ ਵਿਚ ਸੱਪ ਤਾਂ ਨਹੀਂ ? ਕੀ ਅਸੀਂ ਲੋੜਵੰਦਾਂ, ਦੀਨਾਂ ਦੁਖੀਆਂ ਤੇ ਭਾਂਤ-ਭਾਂਤ ਦੀਆਂ ਮੁਸੀਬਤਾਂ ਤੇ ਗ਼ਰੀਬੀ ਵਿਚ ਕੁਰਲਾ ਰਹੀ ਜਨਤਾ ਦੀ ਸੇਵਾ ਆਪਣੇ ਹੱਥਾਂ ਨਾਲ ਕਰਨ ਦੀ ਥਾਂ, ਆਪ ਹੀ ਤਾਂ ਖੁਰਲੀ ਤੇ ਬੱਧੇ ਹੋਏ ਵਿਹਲੜ ਵਹਿੜਕਿਆਂ ਦੀ ਨਿਆਈ ਸਿਖੀ, ਸੱਚ, ਸੇਵਾ ਤੇ ਕੁਰਬਾਨੀ ਨੂੰ ਭੁੱਲ ਕੇ, ਸੰਤ ਅਖਵਾ ਕੇ, ਆਪਣੇ ਹੀ, "ਪੈਰਨ ਗਿੱਟਨ, ਗੋਡਨ, ਪੱਟਨ" ਦੀ ਘੁੱਟਨ-ਪੂਜਾ ਤੇ ਸੇਵਾ ਕਰਾਉਣ ਦੀ ਜਹਾਲਤ ਤੇ ਜ਼ਲਾਲਤ ਦਾ ਸ਼ਿਕਾਰ ਤਾਂ ਨਹੀਂ ਹੋ ਚੁਕੇ ?

ਇਹਨਾਂ ਸਾਰਿਆਂ ਸਵਾਲਾਂ ਦੇ ਜਵਾਬ ਸਾਨੂੰ ਆਪਣੇ ਅੰਦਰੋਂ ਮਿਲ ਸਕਦੇ ਹਨ । ਸ੍ਰੀ ਹਰਬੰਸ ਲਾਲ 'ਬੱਗਾ' ਸਟੈਨੋਟਾਈਪਿਸਟ ਨੇ ਜਿਸ ਸ਼ਰਧਾ, ਮਿਹਨਤ ਤੇ ਲਗਨ ਨਾਲ ਇਸ ਕਿਤਾਬ ਦਾ ਖਰੜਾ ਟਾਇਪ ਕੀਤਾ ਹੈ, ਉਸ ਸਦਕਾ ਉਹ ਖ਼ਾਸ ਸ਼ਲਾਘਾ ਦਾ ਹੱਕਦਾਰ ਹੈ । ਇਸ ਕਿਤਾਬ ਵਿਚ ਵੀਚਾਰਾਂ ਦਾ ਜ਼ਿਮੇਂਵਾਰ ਮੈਂ ਹਾਂ ਕਿਉਂਕਿ ਕਿਸੇ ਡਰ, ਲਿਹਾਜ਼ ਜਾਂ ਪੱਖ-ਪਾਤ ਤੋਂ ਬਿਨਾਂ ਗੁਰੂ ਰਾਨਕ ਸਾਹਿਬ ਅਤੇ ਉਹਨਾਂ ਦੇ ਧਰਮ ਦੇ ਨਿਯਮਾਂ ਤੇ ਆਦਰਸ਼ਾਂ ਨੂੰ ਸਚਾਈ ਨਾਲ ਬਿਆਨ ਕਰਨ ਦਾ ਯਤਨ ਕੀਤਾ ਹੈ । ਮੈਂ ਇਹ ਕਿਤਾਬ ਇਕ ਨਾ ਬਿਆਨ ਕੀਤੇ ਜਾ ਸਕਣ ਵਾਲੇ ਅਜੀਬ ਹੁਲਾਰੇ ਭਾਵ "ਇੰਨਸਪੀਰੇਸ਼ਨ" ਵਿਚ ਆ ਕੇ ਸਿਰਫ, ਇਕੀਆਂ ਦਿਨਾਂ ਵਿਚ, ਹਰ ਰੋਜ਼ ਸਤਾਰਾਂ-ਅਠਾਰਾਂ ਘੰਟੇ ਲਗਾਤਾਰ ਕੰਮ ਕਰਕੇ ਲਿਖੀ ਹੈ ਅਤੇ ਆਸ ਹੈ ਕਿ ਗੁਰੂ ਨਾਨਕ ਸਾਹਿਬ ਜੀ ਮੇਰੀ ਇਹ ਤੁੱਛ ਭੇਟਾ ਪਰਵਾਨ ਕਰਨਗੇ ।

ਸ਼ੇਰ ਸਿੰਘ 'ਸ਼ੇਰ'
ਐਮ. ਏ,, ਐਮ. ਐਸ. ਸੀ.

ਚੰਡੀਗੜ੍ਹ, ੧੧ ਸਤੰਬਰ, ੧੯੭੨



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਕਾਂਡ ਪਹਿਲਾ

# ਗੁਰੂ ਨਾਨਕ ਸਾਹਿਬ ਦੇ ਸਮੇਂ ਦਾ ਪਿਛੋਕੜ ਤੇ ਸਮੇਂ ਦੀ ਮੰਗ

ਹਰ ਮਨੁੱਖ ਸਮੇਂ ਤੋਂ ਪ੍ਰਭਾਵਤ ਹੁੰਦਾ ਹੈ ਪਰ ਨਾਲ ਹੀ ਇਹ ਗੱਲ ਵੀ ਸੱਚੀ ਹੈ ਕਿ ਹਰ ਮਹਾਨ ਅਤੇ ਵਿਸ਼ੇਸ਼ ਵਿਅਕਤੀ ਸਮੇਂ ਅਤੇ ਆਪਣੇ ਸਮਕਾਲੀਆਂ ਨੂੰ ਪ੍ਰਭਾਵਤ ਕਰਦੀ ਹੈ। ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀ ਦਾ ਹਿੰਦੁਸਤਾਨ ਨਿਰਾ ਕਿਸੇ ਜੁਗ-ਪਲਟਾਊ ਪਰਮ-ਮਨੁੱਖ ਦੀ ਲੋੜ ਵਿਚ ਉਤਾਵਲਾ ਹੀ ਨਹੀਂ ਸੀ ਸਗੋਂ ਧਾਰਮਕ, ਸਦਾਚਾਰਕ, ਸਭਿਆਚਾਰਕ, ਆਰਥਕ ਤੇ ਰਾਜਸੀ ਸਮੱਸਿਆਵਾਂ, ਦੁੱਖਾਂ-ਦਰਦਾਂ ਤੇ ਪੀੜਾਂ ਦੀਆਂ ਪੰਡਾਂ ਦੇ ਹੇਠ ਦਬਿਆ ਹੋਇਆ, ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ, ਬੁਜ਼ਦਿਲੀ ਤੇ ਬੇਬਸੀ ਨਾਲ ਨਿਢਾਲ ਹੋਇਆ, ਬਦੇਸ਼ੀ ਹਮਲਾਆਵਰਾਂ ਦੀ ਹਿੰਮਤ ਸਾਹਮਣੇ ਹੰਭਿਆ ਹੋਇਆ, ਅਤਿਆਚਾਰ ਅਤੇ ਅਨਿਆਂ ਦੀਆਂ ਅਣੀਆਂ ਨਾਲ ਵਿੰਨ੍ਹਿਆ ਹੋਇਆ, ਮੁਲਾਂ-ਮੁਲਾਣਿਆਂ ਤੇ ਪੰਡਤਾਂ ਪਾਂਧਿਆਂ ਦੇ ਮਜ਼੍ਹਬੀ ਝਗੜੇ-ਝੇੜਿਆਂ ਤੇ ਹੁੱਜਤਾਂ ਵਿਚ ਵਿਹੜਿਆ ਹੋਇਆ, ਪਾਖੰਡ ਦੇ ਗਿੱਲੇ ਪੀਹਣ ਵਿਚ ਪੀਠਾ ਹੋਇਆ, ਅਨ੍ਹੇ ਲੀਡਰਾਂ ਦੀ ਅਗਵਾਈ ਦਾ ਸ਼ਿਕਾਰ ਹੋਇਆ, ਔਰਤ ਜ਼ਾਤ ਦੀ ਦੁਰਬਲਤਾ ਤੇ ਦੁਰਦਸ਼ਾ ਦੇ ਚੀਕ ਚਿਹਾੜੇ ਤੋਂ ਬੋਲਾ ਹੋ ਚੁੱਕਾ, ਸਵੈਮਾਨ ਨੂੰ ਛਿੱਕੇ ਤੇ ਟੰਗ ਕੇ ਸਵਾਰਥ ਦਾ ਸਾਥੀ ਬਣਿਆ ਹੋਇਆ, ਖੋਹ-ਘਸੀਟ ਤੇ ਧੱਕੇ ਧੋੜੇ ਦੇ ਰਾਜ ਦੀ ਪਰਜਾ ਬਣਿਆ ਹੋਇਆ, ਇਨਸਾਫ਼ ਤੋਂ ਵਾਂਝਿਆ ਪਰ ਵੱਢੀ-ਖੋਰੀ ਨਾਲ ਵੱਢਿਆ ਹੋਇਆ, ਗਿਆਨ ਤੋਂ ਦੂਰ ਪਰ ਅਗਿਆਨਤਾ ਦੇ ਅੰਨ੍ਹੇਰੇ ਵਿਚ ਠੋਕਰਾਂ ਖਾਂਦਾ, ਧਾਹੀਂ ਮਾਰਦਾ ਅਤੇ ਮਜਬੂਰੀ ਜਾਂ ਮੁਸੀਬਤਾਂ ਵਿਚ ਵਕਤ ਸਾਰਦਾ ————ਅੱਤ ਔਖਾ ਸੀ।

ਜਿੰਨਾ ਜ਼ਿਆਦਾ ਭਾਰ ਹੋਵੇ, ਉਸ ਨੂੰ ਚੁੱਕਣ ਲਈ ਹਿੰਮਤ ਵੀ ਉੱਨੀ ਹੀ ਜ਼ਿਆਦਾ ਚਾਹੀਦੀ ਹੈ। ਏਸੇ ਤਰ੍ਹਾਂ ਜਿੰਨਾ ਜ਼ਿਆਦਾ ਜ਼ੁਲਮ ਤੇ ਜਿੰਨੇ ਜ਼ੋਰਾਵਰ ਜ਼ਾਲਮ ਹੋਣ, ਉਹਨਾਂ ਦੇ ਟਾਕਰੇ ਜਾਂ ਸੁਧਾਰ ਲਈ, ਸੁਧਾਰਕ ਆਤਮਾ ਵੀ ਉੱਨੀ ਹੀ ਬਲਵਾਨ ਹੋਣੀ ਚਾਹੀਦੀ ਹੈ। ਗੁਰੂ ਨਾਨਕ ਜੀ ਦੇ ਜਨਮ ਸਮੇਂ ਇਨਸਾਨੀ ਜ਼ਿੰਦਗੀ ਦੀ ਤਾਣੀ ਉੱਕਾ ਉਲਝੀ ਹੋਈ ਸੀ ਅਤੇ ਸਮਾਂ ਕਿਸੇ ਵਿਅਕਤੀ ਦੀ ਉਡੀਕ ਵਿਚ ਸੀ ਜੋ ਆ ਕੇ ਉਸ ਨੂੰ ਸੁਲਝਾਏ। ਕਈ ਲੋਕਾਂ ਨੇ ਗੁਰੂ ਨਾਨਕ ਜੀ ਦੇ ਸਮੇਂ ਦੇ ਸੰਕਟਾਂ ਅਤੇ ਜ਼ੋਰਾਂ ਜ਼ੁਲਮਾਂ ਬਾਰੇ ਲਿਖਿਆ ਹੈ ਪਰ ਸਭ ਤੋਂ ਪਹਿਲਾਂ ਅਸੀਂ ਗੁਰੂ ਨਾਨਕ ਜੀ ਦੇ ਆਪਣੇ ਬਿਆਨ ਨੂੰ ਪੜ੍ਹੀਏ ਕਿ ਉਦੋਂ ਸਮਾਂ ਕੀ ਵਰਤਾਰਾ ਵਰਤਾ ਰਿਹਾ ਸੀ। ਉਹ ਆਪਣੇ ਸਮੇਂ ਦੀ ਤਸਵੀਰ ਆਪਣੇ ਅੱਗੇ ਦਿੱਤੇ ਸ਼ਬਦ ਵਿੱਚ ਖਿਚਦੇ ਨੇ :—



Digitized by Panjab Digital Library | www.panjabdigilib.org

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ
ਕਾਮੁ ਨੇਬੁ ਸਦ ਪੁਛੀਐ ਬਹਿ ਬਹਿ ਕਰੇ ਬੀਚਾਰੁ
ਅੰਨ੍ਹੀ ਰਯਤ ਗਿਆਨ ਵਿਹੂਣੀ ਭਾਹਿ ਭਰੈ ਮੁਰਦਾਰ
ਗਿਆਨੀ ਨਚਹਿ ਵਾਜੈ ਵਾਵਹਿ ਰੂਪ ਕਰਹਿ ਸੀਗਾਰੁ
ਉਚੇ ਕੂਕੇ ਵਾਦਾ ਗਾਵਹਿ ਜੋਧਾ ਦਾ ਵੀਚਾਰ
ਮੂਰਖ ਪੰਡਤ ਹਿਕਮਤ ਹੁਜਤਿ ਸੰਜੇ ਕਰਹਿ ਪਿਆਰ
ਧਰਮੀ ਧਰਮੁ ਕਰਹਿ ਗਵਾਵਹਿ ਮੰਗਹਿ ਮੋਖ ਦੁਆਰ
ਜਤੀ ਸਦਾਵਹਿ ਜੁਗਤਿ ਨਾ ਜਾਣਹਿ ਛਡਿ ਬਹਹਿ ਘਰ ਬਾਰ
ਸਭ ਕੋ ਪੂਰਾ ਆਪੇ ਹੋਵੈ ਘਟਿ ਨਾ ਕੋਈ ਆਖੈ
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ।

ਉਸ ਸਮੇਂ ਪਾਪੀ ਹੁਕਮਰਾਨ ਪਰਜਾ ਦੀ ਰਾਖੀ ਕਰਨ ਦੀ ਬਜਾਏ ਆਪ ਹੀ ਕਸਾਈ ਤੇ ਨਿਰਦਈ ਸਨ । ਕਲਜੁਗ ਦੇ ਪਾਪ ਮਨੁੱਖਤਾ ਨੂੰ ਕੈਂਚੀ ਬਣ ਕੇ ਕੁਤਰ-ਕੁਤਰ ਕੇ ਸੁਟੀ ਜਾਂਦੇ ਸਨ । ਝੂਠ ਦਾ ਅਨ੍ਹੇਰਾ ਮੱਸਿਆ ਦੀ ਰਾਤ ਨੂੰ ਵੀ ਮਾਤ ਪਾ ਗਿਆ ਸੀ ਅਤੇ ਸੱਚ ਦੀ ਭਾਲ ਕਰਨ ਵਾਲੇ ਸਚਿਆਰ ਮਨੁੱਖ ਅਨ੍ਹੇਰੇ ਵਿਚ ਨਿਢਾਲ ਹੋ ਕੇ ਕੁਰਲਾ ਰਹੇ ਸਨ ਪਰ ਅੰਨ੍ਹੇਰ ਘੁਪ ਘੇਰ ਵਿਚ ਰਾਹ ਨਹੀਂ ਸੀ ਲਭਦਾ । ਲੋਕ ਹਉਮੇ ਦੀ ਅੱਗ ਨਾਲ ਸੜ ਰਹੇ ਸਨ ਅਤੇ ਇਹੋ ਜਿਹੇ ਸਮੇਂ ਭਲਾ ਮਨੁੱਖ ਦੀ ਮੁਕਤੀ ਕਿਸ ਤਰ੍ਹਾਂ ਹੋ ਸਕਦੀ ਹੈ ? ਗੁਰੂ ਸਾਹਿਬ ਆਪਣੀ ਇਲਾਹੀ ਬਾਣੀ ਵਿਚ ਇਸ ਬਿਪਤਕਾਲ ਦਾ ਨਕਸ਼ਾ ਖਿਚਦੇ ਹੋਏ ਫ਼ਰਮਾਉਂਦੇ ਹਨ :—

ਕਲ ਕਾਤੀ ਰਾਜੇ ਕਾਸਾਈ, ਧਰਮ ਪੰਖ ਕਰ ਉਡਰਿਆ ।
ਕੂੜ ਅਮਾਵਸ ਸਚ ਚੰਦਰਮਾ, ਦੀਸੈ ਨਾਹੀ ਕੈ ਚੜ੍ਹਿਆ ।
ਹਉਂ ਭਾਲਿ ਵੁਕੁਨੀ ਹੋਈ, ਆਧੇਰੇ ਰਾਹ ਨਾ ਕੋਈ ।
ਵਿਚ ਹਉਮੈ ਕਰ ਦੁਖ ਰੋਈ, ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ।

ਗੁਰੂ ਸਾਹਿਬ ਫੁਰਮਾਂਦੇ ਨੇ ਕਿ ਸੱਚ ਦਾ ਕਾਲ ਪਿਆ ਹੋਇਆ ਹੈ ਅਤੇ ਝੂਠ ਆਪਣੀਆਂ ਮਨ-ਮਰਜ਼ੀਆਂ ਕਰਦਾ ਭੂਤੇ ਹੋਏ ਭੂਤਨੇ ਵਾਂਗੂ ਨੱਚਦਾ ਫਿਰਦਾ ਹੈ ।

ਸਚਿ ਕਾਲੁ ਕੂੜ ਵਰਤਿਆ ਕਲਿ ਕਾਲਖ ਬੇਤਾਲ ।
ਬੀਉ ਬੀਜ ਪਤ ਲੇ ਗਏ ਅਬ ਕਿਉ ਉਗਵੈ ਦਾਲਿ ।
ਜੇ ਇਕੁ ਹੋਇ ਤਾਂ ਉਗਵੇ ਰੁਤੀ ਹੂ ਰੁੱਤ ਹੋਇ ।
ਨਾਨਕ ਪਾਹੈ ਬਾਹਰਾ ਕੋਰੇ ਰੰਗ ਨ ਸੋਇ ।

ਲੋਕ ਲੋਭ ਲਾਲਚ ਤੇ ਝੂਠ ਫ਼ਰੇਬ ਵਿਚ ਇੰਨੇ ਬੱਝੇ ਹੋਏ ਸਨ ਕਿ ਉਨ੍ਹਾਂ ਨੂੰ ਭਲਾਈ, ਚੰਗਿਆਈ ਤਾਂ ਬੁਰੀ ਲਗਦੀ ਸੀ ਪਰ ਬਦੀ ਨਾਲ ਪਿਆਰ ਸੀ । ਹਰ ਗੱਲ ਅਸਲੀਅਤ ਦੇ ਉਲਟ ਹੀ ਕਰਦੇ ਸਨ । ਜਦੋਂ ਵੀ ਮਨੁੱਖਤਾ ਦਾ ਉਚੇਰਾ, ਸੁਚੇਰਾ, ਸਚੇਰਾ ਤੇ ਚੰਗੇਰਾ ਪੱਖ ਜਾਂ ਪੱਧਰ ਡੁਬਣ ਤੇ ਆਉਂਦੇ ਨੇ ਤਾਂ ਮਨੁੱਖੀ ਕਦਰਾਂ ਦਾ ਇਹੋ ਹਾਲ ਹੀ ਹੁੰਦਾ ਹੈ । ਗੁਰੂ ਜੀ ਲਿਖਦੇ ਨੇ :—



Digitized by Panjab Digital Library | www.panjabdigilib.org

ਖੋਟੇ ਕਉ ਖਰਾ ਕਹੈ ਖਰੈ ਸਾਰ ਨ ਜਾਣੇ ।
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੇ ।
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ।
ਜੀਵਤ ਕਉ ਮੂਆ ਕਹੈ ਮੂਏ ਨਹੀਂ ਰੋਤਾ ।
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ।
ਪਰ ਕੀ ਕਉ ਅਪੁਨੀ ਕਹੈ ਆਪੁਣੋ ਨਹੀਂ ਭਾਇਆ ।
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ।
ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ।
ਚੇਰੀ ਕੀ ਸੇਵਾ ਕਰਹਿ ਠਾਕੁਰ ਨਹੀਂ ਦੀਸੈ ।
ਪੋਖਰ ਨੀਰ ਵਿਰੋਲੀਐ ਮਾਖਨੁ ਨਹੀਂ ਰੀਸੈ ।

ਉਤਲੇ ਸ਼ਬਦ ਤੋਂ ਇਹ ਸਪੱਸ਼ਟ ਹੈ ਕਿ ਭਲੇ ਲੋਕ ਤਾਂ ਹੁੱਜਤਾਂ-ਹਾਸਿਆਂ ਤੇ ਠੱਠਿਆਂ-ਠੋਕਰਾਂ ਦੇ ਭਾਗੀ ਸਨ ਪਰ ਬੁਰੇ ਤੇ ਮੱਕਾਰ ਲੋਕਾਂ ਦੀ ਚੌਧਰੀ ਸੀ ।

ਭਾਈ ਗੁਰਦਾਸ ਜੀ ਆਪਣੇ ਸਮੇਂ ਦੇ ਸਿੱਖਾਂ ਦੇ ਸਭ ਤੋਂ ਵੱਡੇ ਵਿਦਵਾਨ ਸਨ । ਉਹਨਾਂ ਨੇ ਗੁਰੂ ਨਾਨਕ ਜੀ ਦੇ ਸਮੇਂ ਨੂੰ ਆਪਣੀ ਪਹਿਲੀ ਵਾਰ ਵਿਚ ਬੜੇ ਮਨੋਰੰਜਕ ਅਤੇ ਪਰਮਾਨੀਕ ਢੰਗ ਨਾਲ ਬਿਆਨ ਕੀਤਾ ਹੈ । ਉਹ ਸਿੱਖ ਧਰਮ ਦੇ ਇਤਿਹਾਸ ਵਿੱਚ ਸਿੱਖੀ ਦੇ ਪਹਿਲੇ ਧਾਰਮਕ ਵਿਆਖਿਅਕ ਸਨ । ਭਲਾ ਇਤਿਹਾਸਕ ਤੌਰ ਤੇ ਵੀ ਉਹਨਾਂ ਤੋਂ ਜ਼ਿਆਦਾ ਪਰਮਾਨੀਕ ਕਥਨ ਕਿਸੇ ਹੋਰ ਲਿਖਾਰੀ ਦਾ ਹੋ ਸਕਦਾ ਹੈ ? ਉਹਨਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਹਾਲਾਤ ਅਤੇ ਗੁਰੂ ਸਾਹਿਬ ਦੀ ਵਡਿੱਤਣ ਤੇ ਸਫਰਾਂ ਨੂੰ ਪਹਿਲੀ ਵਾਰ ਦੀ ਪੌੜੀ ੨੩ ਤੋਂ ਪੌੜੀ ੪੫ ਤਕ ਬਿਆਨ ਕੀਤਾ ਹੈ । ਉਹ ਗੁਰੂ ਸਾਹਿਬ ਦੇ ਸਮੇਂ ਤੋਂ ਪਹਿਲਾਂ ਦੇ ਸਮੇਂ ਬਾਰੇ ਪਹਿਲੀ ਵਾਰ ਦੀ ਪੌੜੀ ੧੯ ਵਿੱਚ ਦਸਦੇ ਨੇ ਕਿ ਮਨੁੱਖੀ ਏਕਤਾ ਨੂੰ ਜਾਰ ਵਰਣਾਂ ਦੀ ਵੰਡ ਨੇ ਨਫਰਤ ਨਾਲ ਬਰਬਾਦ ਕਰ ਦਿੱਤਾ ਹੈ । ਇਸੇ ਤਰ੍ਹਾਂ ਹੀ ਸੰਨਿਆਸੀਆਂ, ਜੋਗੀਆਂ, ਜੰਗਮਾਂ, ਜੈਨੀਆਂ ਜਾਂ ਸਰੇਵੜਿਆਂ, ਪੰਡਤਾਂ ਤੇ ਪੁਰਾਨਾਂ ਸ਼ਾਸਤਰਾਂ, ਜੰਤਰਾਂ, ਮੰਤਰਾਂ ਤੇ ਰਿਧੀਆਂ ਸਿੱਧੀਆਂ ਦੀਆਂ ਕਰਾਮਾਤਾਂ ਵਿਚ ਉਲਝ ਕੇ ਰੱਬ ਦੀ ਏਕਤਾ ਨੂੰ ਅਨੇਕਾਂ ਨਾਵਾਂ-ਕਨਾਵਾਂ, ਰੂਪਾਂ-ਰੰਗਾਂ, ਪੂਜਾ-ਪਾਠਾਂ ਦੇ ਵਿਰੋਧੀ ਅਡੰਬਰ ਵਿੱਚ ਵੰਡਿਆ ਹੋਇਆ ਹੈ ਅਤੇ ਇਸ ਤਰ੍ਹਾਂ ਕਲਜੁਗ ਦੇ ਸਮੇਂ ਵਿੱਚ ਸਭ ਲੋਕ ਭਰਮਾਂ-ਭੁਲੇਖਿਆਂ ਦੇ ਟੇਟੇ ਚੜ੍ਹੇ ਹੋਏ ਸਨ । ਉਹ ਲਿਖਦੇ ਨੇ :—

ਭਈ ਗਿਲਾਨ ਜਗਤ ਵਿੱਚ ਚਾਰ ਵਰਣ ਆਸ਼੍ਰਮ ਉਪਾਏ ।
ਦਸ ਨਾਮ ਸੰਨਿਆਸੀਆਂ ਜੋਗੀ ਬਾਰਹ ਪੰਥ ਚਲਾਏ ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦ ਕਰਾਏ ।
ਬ੍ਰਾਹਮਣ ਬਹੁ ਪ੍ਰਕਾਰ ਕਰਿ ਸ਼ਾਸਤ੍ਰ ਵੇਦ ਪੁਰਾਨ ਲੜਾਏ ।
ਖਟ ਦਰਸ਼ਨ ਬਹੁ ਵੈਰ ਕਰਿ ਨਾਲ ਛਤੀਸ ਪਖੰਡ ਰਲਾਏ ।
ਤੰਤ ਮੰਤ ਰਸਾਇਣਾ ਕਰਾਮਾਤ ਕਾਲਖ ਲਪਟਾਏ ।
ਏਕਸ ਤੇ ਬਹੁ ਰੂਪ ਕਰ ਰੂਪ ਕਰੂਪੀ ਘਣੇ ਦਿਖਾਏ ।
ਕਲਿਜੁਗ ਅੰਦਰ ਭਰਮ ਭੁਲਾਇ ।



Digitized by Panjab Digital Library | www.panjabdigilib.org

ਇਸ ਤੋਂ ਅੱਗੇ ਵੀਹਵੀਂ ਪੌੜੀ ਵਿੱਚ ਇਸ ਸਮੇਂ ਦੇ ਇਸਲਾਮ ਦੇ ਤਅੱਸਬ ਦੀ ਹਾਲਤ ਦਾ ਜ਼ਿਕਰ ਕਰਦੇ ਨੇ। ਮੁੱਲਾਂ-ਮੌਲਾਣਿਆਂ ਦੀ ਚੁੱਕ ਤੇ ਚੜ੍ਹ ਕੇ ਮੁਸਲਮਾਨ ਹੁਕਮਰਾਨ ਸਿਰਫ਼ ਹਿੰਦੂਆਂ ਦੀ ਬੇਪਤੀ ਤੇ ਦੁਰਦਸ਼ਾ ਕਰਦੇ ਜਾਂ ਮੰਦਰ ਤੇ ਠਾਕਰਦਵਾਰੇ ਢਾਹ ਕੇ ਉਹਨਾਂ ਦੀ ਥਾਂ ਮਸੀਤਾਂ ਹੀ ਨਹੀਂ ਸਨ ਉਸਾਰਦੇ, ਸਗੋਂ ਮੁਹੰਮਦੀ ਉਮਤ ਵੀ ਬਹੱਤਰ ਫ਼ਿਰਕਿਆਂ ਵਿੱਚ ਵੰਡੀ ਹੋਈ ਆਪਸ ਵਿਚ ਵੀ ਲੜਦੀ ਮਰਦੀ ਰਹਿੰਦੀ ਸੀ। ਹਿੰਦੁਸਤਾਨ ਵਿਚ ਸ਼ੀਆਂ ਤੇ ਸੁੰਨੀ ਮੁਸਲਮਾਨਾਂ ਦਾ ਪਰਸਪਰ ਜੰਗੋਜਦਲ ਵੀ ਹੁੰਦਾ ਰਹਿੰਦਾ ਸੀ। ਮੁਸਲਮਾਨ ਰੱਬ ਦੀ ਵਹਦਤ ਪ੍ਰਸਤੀ, ਸੱਚੇ ਮਨੁੱਖੀ ਪਿਆਰ ਅਤੇ ਅਸਲੀ ਜੀਵਨ ਨੂੰ ਭੁੱਲ ਕੇ ਸ਼ਰਾਅ ਜਾਂ ਮਜ਼ੁਬੀ ਸ਼ਰਤਾਂ-ਕੁਸ਼ਰਤਾਂ ਦੀਆਂ ਜ਼ੰਜੀਰਾਂ ਵਿਚ ਜੱਕੜੇ ਹੋਏ ਸਨ। ਭਾਈ ਸਾਹਿਬ ਦਾ ਕਥਨ ਹੈ :—

ਬਹੁ ਵਾਟੀ ਜੱਲ ਚਲੀਆਂ ਜਬ ਹੀ ਪਏ ਮੁਹੰਮਦ ਯਾਰਾ।
ਕੌਮ ਬਹੱਤਰ ਸੰਗ ਕਰਿ ਬਹੁ ਬਿਧ ਵੈਰ ਵਿਰੋਧ ਪਾਸਾਰਾ।
ਰੋਜੇ ਈਦ ਨਮਾਜ਼ ਕਰਿ ਕਰਮੀ ਬੰਦ ਕੀਆ ਸੰਸਾਰਾ।
ਪੀਰ ਪਿਕੰਬਰ ਔਲੀਏ ਗਉਸ ਕੁਤਬ ਬਹੁ ਭੇਖ ਸਵਾਰਾ।
ਠਾਕੁਰਦਵਾਰੇ ਢਾਹਿ ਕੈ ਤਿਹ ਠਉੜੀ ਮਾਸੀਤ ਉਸਾਰਾ।
ਮਾਰਨ ਗਊ ਗ਼ਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ।
ਕਾਫ਼ਰ ਮੁਲਹਦ ਇਰਮਨੀ ਰੂਮੀ ਜੰਗੀ ਦੁਸ਼ਮਣ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ।

ਫਿਰ ਭਾਈ ਸਾਹਿਬ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਦੀ ਹਾਲਤ ਦਾ ਇਕੱਠਾ ਅਤੇ ਤੁਲਨਾ-ਆਤਮਕ ਬਿਆਨ ਕਰਦੇ ਹੋਏ ਲਿਖਦੇ ਨੇ :—

ਚਾਰ ਵਰਣ ਚਾਰ ਮਜ਼ੁਹਬਾਂ ਜੱਗ ਵਿੱਚ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕੱਬਰੀ ਖਿਚੋਤਾਣ ਕਰੇਨ ਤਿਙਾਣੇ।
ਗੰਗ ਬਨਾਰਸ ਹਿੰਦੂਆਂ ਮੱਕਾ ਕਾਬਾ ਮੁਸਲਮਾਨੇ।
ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇੰਦੇ ਇਕ ਨਾਮ ਦੋਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੇ ਮੋਹੇ ਲਾਲਚ ਦੁਨੀ ਸ਼ੈਤਾਨੇ।
ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋਂ ਨਾ ਮਿਟੇ ਆਵਣ ਜਾਣੇ॥

ਉਤੇ ਦਿੱਤੀਆਂ ਪੌੜੀਆਂ ਤੋਂ ਸਿੱਧ ਹੁੰਦਾ ਹੈ ਕਿ ਸੰਸਾਰ ਦੇ ਲੋਕ ਬੜੇ ਦੁਖੀ ਸਨ। ਧਰਮ, ਸ਼ਾਂਤੀ, ਸ਼ਰਮ ਤੇ ਧੀਰਜ ਦਾ ਧੁਰਾ ਹੋਣ ਦੀ ਥਾਂ ਧੱਕੇ, ਸ਼ਰਾਰਤ ਤੇ ਲੜਾਈ-ਭਿੜਾਈ ਦਾ ਸਭ ਤੋਂ ਵੱਡਾ ਕਾਰਨ ਸੀ। ਰਾਜਸੀ ਤੇ ਸਦਾਚਾਰਕ ਢਾਂਚਾ ਵੀ ਅਨਿਆਂ ਤੇ ਅਤਿਆਚਾਰ ਦੇ ਭੂਚਾਲ ਨੇ ਢਾਹ ਕੇ ਢੇਰੀ ਕਰ ਦਿੱਤਾ ਸੀ ਜਿਸ ਨੂੰ ਉਹ ਇਸ ਤਰ੍ਹਾਂ ਬਿਆਨ ਕਰਦੇ ਹਨ :—



Digitized by Panjab Digital Library | www.panjabdigilib.org

ਕਲ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈਂ ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈਂ ।
ਪਰਜਾ ਅੰਧੀ ਗਯਾਨ ਬਿਨ ਕੂੜ ਕੁਸੱਤ ਮੁਖਹੁ ਆਲਾਈਂ ।
ਚੇਲੇ ਸਾਜ ਵਜਾਇੰਦੇ ਨੱਚਨ ਗੁਰੂ ਬਹੁਤ ਬਿਧ ਭਾਈ ।
ਸੇਵਕ ਬੈਠਨ ਘਰਾਂ ਵਿੱਚ ਗੁਰ ਉਠ ਘਰੀਂ ਤਿਨਾੜੇ ਜਾਈਂ ।
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ ।
ਇਸਤ੍ਰੀ ਪੁਰਖੇ ਦਾਮ ਹਿਤ ਭਾਵੇਂ ਆਏ ਕਿਥਾਉਂ ਜਾਈਂ ।
ਵਰਤਿਆ ਪਾਪ ਸਬਸ ਜਗ ਮਾਹੀਂ ।

ਹਰ ਧਰਮ ਦੇ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਜਦੋਂ ਦੁਖਾਂ ਦਾ ਪਾਣੀ ਨੱਕ ਤਕ ਚੜ੍ਹ ਜਾਂਦਾ ਹੈ ਤਾਂ ਦਰਦਮੰਦਾਂ ਦੀਆਂ ਪੁਕਾਰਾਂ ਜਾਂ ਫ਼ਰਯਾਦਾਂ ਸੁਣ ਕੇ ਰੱਬ ਕਿਸੇ ਮਹਾਂਪੁਰਸ਼ ਜਾਂ ਪਰਮ-ਮਨੁੱਖ (ਪਰਫੈਕਟ ਮੈਨ) ਨੂੰ ਸੰਸਾਰ ਦੇ ਦੁਖੀਆਂ ਨੂੰ ਕਹਿਰ ਦੇ ਕੋਹਲੂ ਤੋਂ ਬਚਾਣ ਲਈ ਭੇਜਦਾ ਹੈ । ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਜੀ ਨੂੰ ਦਾਤਾਰ ਜਾਂ ਕਰਤਾਰ ਨੇ ਦੁਖੀਆਂ ਦੀ ਪੁਕਾਰ ਸੁਣ ਕੇ ਇਸ ਦੁਨੀਆਂ ਵਿੱਚ ਭੇਜਿਆ :—

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਂਹਿ ਪਠਾਇਆ ।
ਚਰਨ ਧੋਇ ਰਹਿਰਾਸ ਕਰਿ ਚਰਨਾਮ੍ਰਿਤ ਸਿੱਖਾਂ ਪੀਲਾਇਆ ।
ਪਾਰ ਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਇਆ ।
ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਇਆ ।
ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਇਆ ।
ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹ ਮੰਤ੍ਰ ਸੁਣਾਇਆ ।
ਕਲਿ ਤਾਰਣ ਗੁਰੂ ਨਾਨਕ ਆਇਆ ।

ਇਸ ਪੌੜੀ ਵਿੱਚ ਚਾਰ ਵਰਨ ਇਕ ਵਰਨ ਕਰਾਇਆ ਦੇ ਸ਼ਬਦ ਖ਼ਾਸ ਧਿਆਨ ਯੋਗ ਹਨ । ਗੁਰੂ ਨਾਨਕ ਸਾਹਿਬ ਸਿੱਖ ਧਰਮ ਦੇ ਮੋਢੀ, ਮੁੱਢ ਤੋਂ ਹੀ ਮਨੁੱਖਤਾ ਦੀਆਂ ਵਰਨਾਂ ਜਾਂ ਜਾਤਾਂ ਪਾਤਾਂ ਦੇ ਆਧਾਰ ਤੇ ਪਾਈਆਂ ਵੰਡੀਆਂ ਦੇ ਵਿਰੁਧ ਸਨ ਅਤੇ ਉਹ ਸਮਝਦੇ ਸਨ ਕਿ ਮਨਮੁੱਖ ਦਾ ਕੇਵਲ ਇਕੋ ਵਰਨ ਹੈ— —ਸਰਬ ਸਾਂਝੀ ਮਨੁੱਖਤਾ ।

ਹਰ ਬੋਲੀ ਦੇ ਹਰ ਸ਼ਬਦ ਦੀ ਭਾਵਨਾ ਤੇ ਅਰਥ ਖਾਸ ਹੁੰਦੇ ਨੇ । ਭਾਵੇਂ ਸਮਾਨਾਰਥਕ ਜਾਂ ਇਕੋ ਅਰਥਾਂ ਵਾਲੇ ਸ਼ਬਦ ਹੁੰਦੇ ਤੇ ਹਨ ਪਰ ਜੇ ਸੱਚ ਪੁਛੋ ਤਾਂ ਐਨ ਠੀਕਤਾ ਨਾਲ ਕੋਈ ਸ਼ਬਦ ਵੀ ਦੂਜੇ ਸ਼ਬਦ ਦੇ ਅਰਥਾਂ ਦੀ ਥਾਂ ਨਹੀਂ ਲੈ ਸਕਦਾ । ਗੁਰੂ ਨਾਨਕ ਸਾਹਿਬ ਦਾ ਜਨਮ ਹੁੰਦਾ ਹੈ ਤਾਂ ਭਾਈ ਗੁਰਦਾਸ ਜੀ 'ਧੁੰਧ' ਦਾ ਸ਼ਬਦ ਵਿਸ਼ੇਸ਼ ਭਾਵਨਾ ਅਤੇ ਅਰਥ ਲਈ ਵਰਤਦੇ ਨੇ । ਵਿਗਿਆਨੀ ਤਾਂ ਇਕ ਪਾਸੇ ਹਰ ਜਨ-ਸਾਧਾਰਨ ਵੀ ਜਾਣਦਾ ਹੈ ਕਿ ਆਮ ਰੌਸ਼ਨੀ ਤਾਂ ਇਕ ਪਾਸੇ, ਸੂਰਜ ਦੀਆਂ ਕਿਰਨਾਂ ਵੀ ਧੁੰਧ 'ਚੋਂ ਆਰ-ਪਾਰ ਨਹੀਂ ਹੋ ਸਕਦੀਆਂ । ਸੰਸਾਰ ਵਿੱਚ ਮੋਟਰਾਂ, ਕਾਰਾਂ, ਗੱਡੀਆਂ ਤੇ ਹਵਾਈ ਜਹਾਜ਼ਾਂ ਆਦਿ ਦੇ ਰੋਜ਼-ਬੇਰੋਜ਼ ਹੋ ਰਹੇ ਹਾਦਸਿਆਂ ਦੇ ਅੰਕੜੇ ਦਸਦੇ ਹਨ ਕਿ ਹਾਦਸਿਆਂ ਦੀ ਬਹੁਤ ਗਿਣਤੀ ਧੁੰਧ ਦੇ ਕਾਰਨ ਹੀ ਹੈ । ਗੁਰੂ ਦਾ ਅਰਥ



Digitized by Panjab Digital Library | www.panjabdigilib.org

ਹੀ ਹੈ ਗਿਆਨ ਦੇਣ ਵਾਲਾ ਅਤੇ ਗਿਆਨ ਦਾ ਅਰਥ ਹੈ ਰੋਸ਼ਨੀ ਜਾਂ ਚਾਨਣ। ਅੰਗਰੇਜ਼ੀ ਵਿੱਚ ਗੁਰੂ ਦਾ ਠੀਕ ਅਨੁਵਾਦ ਐਨਲਾਈਟਨਰ ਹੈ ਨਾ ਕਿ ਟੀਚਰ। ਸਿੱਖ ਧਰਮ ਵਿੱਚ ਗੁਰੂ ਹਮੇਸ਼ਾਂ ਅਧਿਆਤਮਕ ਭਾਵਨਾ ਦਾ ਸ਼ਬਦ ਹੈ। ਇਸ ਲਈ ਭਾਈ ਗੁਰਦਾਸ ਜੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਦੇ ਪਰਕਾਸ਼ ਜਾਂ ਚਾਨਣ ਨੂੰ ਸੂਰਜ ਦੇ ਚਾਨਣ ਤੋਂ ਕਈ ਗੁਣਾਂ ਜ਼ਿਆਦਾ ਉਜਾਲੇ ਜਾਂ ਉਤੇਜਣਾ ਵਾਲਾ ਸਮਝਦੇ ਹਨ ਕਿਉਂਕਿ ਇਹ ਉਹ ਚਾਨਣ ਹੈ ਜਿਸ ਦੀਆਂ ਰਿਸ਼ਮਾਂ ਕੇਵਲ ਧੁੰਧ ਨੂੰ ਚੀਰ ਕੇ ਲੰਘ ਹੀ ਨਹੀਂ ਜਾਂਦੀਆਂ ਸਗੋਂ ਇਨ੍ਹਾਂ ਕਿਰਨਾਂ ਦੇ ਸਾਹਮਣੇ ਧੁੰਧ ਦਾ ਅੰਤ ਹੋ ਜਾਂਦਾ ਹੈ ਅਤੇ ਧੁੰਧ ਇਸ ਤਰ੍ਹਾਂ ਅਲੋਪ ਹੋ ਜਾਂਦੀ ਹੈ ਜਿਵੇਂ ਸੂਰਜ ਦੀਆਂ ਕਿਰਨਾਂ ਦੇ ਸਾਹਮਣੇ ਅੰਨ੍ਹੇਰਾ ਖ਼ਤਮ ਹੋ ਜਾਂਦਾ ਹੈ ਅਤੇ ਜਿਵੇਂ ਸ਼ੇਰ ਦੇ ਬੁੱਕਿਆਂ ਹਰਣੀਆਂ ਦੇ ਵੱਗਾਂ ਦੇ ਵੱਗ ਬੇਤਹਾਸ਼ਾ ਜਾਨ ਬਚਾਣ ਦੀ ਖਾਤਰ ਭੱਜ ਜਾਂਦੇ ਹਨ। ਭਾਈ ਸਾਹਿਬ ਹੇਠ ਲਿਖੀ ਪੌੜੀ ਵਿਚ ਗੁਰੂ ਸਾਹਿਬ ਦੇ ਜਨਮ ਦੇ ਪਰਭਾਵ ਬਾਰੇ ਲਿਖਦੇ ਨੇ :—

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ।
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ।
ਸਿਧ ਆਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੋ ਕੋਆ।
ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।
ਬਾਬੇ ਤਾਰੇ ਚਾਰ ਚੱਕ ਨੌਂ ਖੰਡ ਪ੍ਰਿਥਮੀ ਸੱਚਾ ਢੋਆ।
ਗੁਰਮੁਖ ਕਲਿ ਵਿੱਚ ਪ੍ਰਗਟ ਹੋਆ।

ਗੁਰੂ ਨਾਨਕ ਸਾਹਿਬ ਦੇ ਸਮੇਂ ਬਾਰੇ ਮੈਂ ਆਪਣੇ ਕੋਲੋਂ ਬਹੁਤ ਕੁਝ ਲਿਖ ਸਕਦਾ ਸਾਂ ਪਰ ਅਰੰਭ ਵਿਚ ਹੀ ਮੈਂ ਜਾਣ ਬੁਝ ਕੇ ਗੁਰੂ ਸਾਹਿਬ ਦੀ ਆਪਣੀ ਬਾਣੀ ਅਤੇ ਭਾਈ ਗੁਰਦਾਸ ਜੀ ਦੀ ਗਵਾਹੀ ਪੇਸ਼ ਕੀਤੀ ਹੈ, ਕਿਉਂਕਿ ਭਾਈ ਸਾਹਿਬ ਦੀ ਰਚਨਾ ਨੂੰ ਵੀ ਸਿੱਖਾਂ ਵਿੱਚ ਗੁਰਬਾਣੀ ਦਾ ਰੁਤਬਾ ਹੀ ਮਿਲਿਆ ਹੋਇਆ ਹੈ। ਸਿੱਖ ਵਿਦਵਾਨਾਂ ਤੇ ਟੀਕਾਕਾਰਾਂ ਦੀਆਂ ਲਿਖਤਾਂ ਵਿੱਚ ਤਾਂ ਇਹ ਵੀ ਲਿਖਿਆ ਹੈ :—

ਗੁਰਬਾਣੀ ਦੀ ਕੁੰਜੀ ਜਾਣੀ।
ਜੋ ਭਾਈ ਗੁਰਦਾਸ ਵਿਖਾਣੀ।

ਇਹ ਉਹ ਸਮਾਂ ਸੀ ਜਦੋਂ ਕੂੜ ਦਾ ਪਸਾਰਾ ਪਰ ਸੱਚ ਵਿਚਾਰਾ ਬੇਸਹਾਰਾ ਪ੍ਰਤੀਤ ਹੁੰਦਾ ਸੀ ਕਿਉਂਕਿ ਆਮ ਲੋਕਾਈ ਝੂਠ ਦੀ ਭਾਈਵਾਲ ਸੀ। ਹਿੰਦੁਸਤਾਨ ਦੇ ਲੋਕ ਮਜ਼ਬੀ, ਆਰਥਕ ਤੇ ਸਮਾਜਕ ਵਿਤਕਰਿਆਂ ਦੇ ਕਾਰਨ ਖੇਰੂ-ਖੇਰੂ ਹੋਏ ਹੋਏ ਸਨ। ਪਰਜਾ ਬੁਜ਼ਦਿਲੀ ਦੀ ਬੇਹੋਸ਼ ਨੀਂਦਰ ਵਿਚ ਸੁੱਤੀ ਹੋਈ ਸੀ। ਹਾਕਮ ਬੇਰਹਿਮੀ, ਹਿੰਮਤ ਤੇ ਹਕੂਮਤ ਦੇ ਨਸ਼ੇ ਵਿੱਚ ਅੰਨ੍ਹੇ ਹੋਏ ਹੋਏ ਇਨਸਾਫ਼ ਨੂੰ ਜ਼ਿੰਦਗੀ ਦਾ ਹਿੱਸਾ ਹੀ ਨਹੀਂ ਸਨ ਸਮਝਦੇ। ਇਸ ਲਈ ਲੋਕਾਂ ਨੂੰ ਸੱਚ ਦੀ ਸੂਝ ਕਰਵਾਣੀ ਅਤੇ ਖਿਲਰੇ-ਪੁਲਰੇ ਭਾਰਤੀਆਂ ਨੂੰ ਇਕ-ਮੁੱਠ ਕਰਨਾ, ਸਮੇਂ ਦੀ ਸਭ ਤੋਂ



Digitized by Panjab Digital Library | www.panjabdigilib.org

ਵੱਡੀ ਮੰਗ ਸੀ। ਇਹ ਮੰਗ ਬੜੀ ਮਹਿੰਗੀ ਅਤੇ ਔਖੀ ਸੀ ਪਰ ਇਸ ਦੀ ਪੂਰਤੀ ਗੁਰੂ ਸਾਹਿਬ ਨੇ ਕੀਤੀ। ਏਸੇ ਲਈ ਤਾਂ ਡਾਕਟਰ ਸਰ ਮੁਹੰਮਦ ਇਕਬਾਲ ਜੋ ਪਾਕਿਸਤਾਨ ਦੇ ਬਾਨੀਆਂ ਵਿਚੋਂ ਇਕ ਵਿਸ਼ੇਸ਼ ਵਿਅਕਤੀ ਅਤੇ ਸੰਸਾਰ ਪਰਸਿੱਧ ਵਿਦਵਾਨ, ਫ਼ਿਲਾਸਫ਼ਰ ਅਤੇ ਕਵੀ ਸੀ ਨੇ ਆਪਣੀ ਕਿਤਾਬ 'ਬਾਂਗੇਦਰਾ' ਵਿਚ ਗੁਰੂ ਨਾਨਕ ਜੀ ਬਾਰੇ ਲਿਖਿਆ ਹੈ :—

ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ।

ਇਹ ਸਮਾਂ ਨਿਰਾ ਚੁੱਪ-ਚੁਪਾਤੀ, ਸਿਆਣਪ ਤੇ ਸੋਚੀਂ ਡੁੱਬੀ ਸੰਤ-ਤਾਈ ਤੇ ਗੰਭੀਰਤਾ ਦਾ ਨਹੀਂ ਸੀ, ਸਗੋਂ ਸਿਆਣਪ, ਗੰਭੀਰਤਾ ਆਦਿ ਆਤਮਕ ਮਹੱਤਤਾ ਤੋਂ ਛੁੱਟ ਨਿਡਰਤਾ ਤੇ ਦਲੇਰੀ ਨਾਲ ਸੱਚ ਕਹਿਣ ਤੇ ਸੁਣਨ ਵਾਲੀ ਵਿਅਕਤੀ ਦਾ ਸੀ। ਇਹ ਦੋਵੇਂ ਗੱਲਾਂ ਗੁਰੂ ਨਾਨਕ ਸਾਹਿਬ ਦੇ ਜੀਵਨ ਦਾ ਅਨਿਖੜਵਾਂ ਅੰਗ ਸਨ । ਜਿਥੇ ਉਹ ਕਰਤਾਰ ਪੁਰ ਵਿੱਚ ਆਪਣੀ ਜ਼ਿੰਦਗੀ ਦੇ ਆਖ਼ਰੀ ਅਠਾਰ੍ਹਾਂ ਸਾਲ ਆਏ ਗਏ, ਰਾਹੀ ਪਾਂਧੀ, ਗ਼ਰੀਬ-ਗੁਰਬੇ, ਭਾਵ ਹਰ ਲੋੜਵੰਦ ਦੀ ਨਿਸ਼ਕਾਮ ਤੇ ਨਿਮਰਤਾ ਭਰੀ ਸੇਵਾ ਕਰਦੇ ਰਹੇ ਅਤੇ ਉਹ ਵੀ ਆਪਣੀ ਹੱਡ-ਭੰਨ ਕਿਰਸਾਨੀ ਦੀ ਕਮਾਈ ਕਰਕੇ, ਉਥੇ ਉਹਨਾਂ ਮਨੁੱਖਤਾ ਨੂੰ ਸਚਾਈ, ਇਨਸਾਫ਼, ਆਜ਼ਾਦੀ ਤੇ ਇਨਸਾਫ਼ ਦੀ ਖ਼ਾਤਰ ਲੜਾਈ ਕਰਨ ਲਈ ਹੇਠਲੇ ਸ਼ਬਦਾਂ 'ਚ ਵੰਗਾਰਿਆ :—

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰ ਦੀਜੈ ਕਾਣਿ ਨ ਕੀਜੈ।

ਗੁਰੂ ਸਾਹਿਬ ੧੫੨੧ ਈਸਵੀ ਤੋਂ ਬਾਅਦ ੧੫੩੯ ਤਕ ਅਠਾਰ੍ਹਾਂ ਸਾਲ ਕਰਤਾਰਪੁਰ ਹੀ ਰਹੇ। ਇਕ ਵਾਰ ਉਹ ਆਪਣੇ ਸਿਦਕੀ ਸਿੱਖ ਤੇ ਆਤਮਕ ਪਿਆਰ ਵਾਲੇ ਮਿੱਤਰ ਭਾਈ ਲਾਲੋ ਨੂੰ ਏਮਨਾਆਬਾਦ ਮਿਲਣ ਗਏ। ਭਾਣਾ ਰੱਬ ਦਾ ਉਦੋਂ ਹੀ ਕਾਬਲ ਤੋਂ ਚੜ੍ਹਾਈ ਕਰਕੇ ਆਏ ਬਾਬਰ ਦੀ ਫ਼ੌਜ ਵੀ ਪੰਜਾਬ ਵਿੱਚ ਆ ਬੜ੍ਹਕੀ। ਗੁਰੂ ਸਾਹਿਬ ਨੇ ਆਪਣੇ ਮਹਿਰਮ ਭਾਈ ਲਾਲੋ ਨਾਲ ਬਾਬਰ ਦੇ ਹਮਲੇ ਬਾਰੇ ਬਚਨ ਕੀਤੇ ਅਤੇ ਕੀਤੇ ਵੀ ਇਲਾਹੀ ਰੰਗ ਵਿੱਚ ਆ ਕੇ। ਏਸੇ ਲਈ ਤਾਂ ਇਹਨਾਂ ਰੱਬੀ ਲੋਰ ਵਿੱਚ ਆ ਕੇ ਰਾਗ ਤਿਲੰਗ ਵਿੱਚ ਕਿਹਾ :—

ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀਂ ਗਿਆਨ ਵੇ ਲਾਲੋ।
ਪਾਪ ਕੀ ਜੰਞ ਲੈ ਕਾਬਲੋਂ ਧਾਇਆ,
ਜੋਰੀ ਮੰਗੈ ਦਾਨ ਵੇ ਲਾਲੋ।
ਸਰਮੁ ਧਰਮੁ ਦੋਇ ਛਪਿ ਖਲੋਤੇ,
ਕੂੜੁ ਫਿਰੈ ਪਰਧਾਨ ਵੇ ਲਾਲੋ।



Digitized by Panjab Digital Library | www.panjabdigilib.org

ਕਾਜੀਆਂ ਬ੍ਰਾਹਮਣਾਂ ਕੀ ਗਲ ਥੱਕੀ,
ਅਗਦੁ ਪੜ੍ਹੈ ਸੈਤਾਨੁ ਵੇ ਲਾਲੋ ।
ਮੁਸਲਮਾਨੀਆ ਪੜਹਿ ਕਤੇਬਾਂ,
ਕਸ਼ਟ ਮਹਿ ਕਰਹਿ ਖੁਦਾਇ ਵੇ ਲਾਲੋ ।
ਜਾਤ ਸਨਾਤੀ ਹੋਰ ਹਿੰਦਵਾਣੀਆਂ,
ਏਹਿ ਭੀ ਲੇਖੇ ਲਾਇ ਵੇ ਲਾਲੋ ।
ਖੂਨ ਕੇ ਸੋਹਿਲੇ ਗਾਵਅਹਿ ਨਾਨਕ,
ਰਤੁ ਦਾ ਕੁੰਗੂ ਪਾਇ ਵੇ ਲਾਲੋ ।

ਇਹ ਸ਼ਬਦ ਪੜ੍ਹ ਕੇ ਸਮੇਂ ਦੀ ਮੰਗ ਬਾਰੇ ਇਕ ਬੜਾ ਜ਼ਰੂਰੀ ਸਵਾਲ ਪੈਦਾ ਹੁੰਦਾ ਹੈ। ਕੀ ਇਸ ਬਿਪਤ ਕਾਲ ਵਿੱਚ ਸਾਡੇ ਦੇਸ਼ ਵਿਚ ਹੋਰ ਸਾਧ ਸੰਤ, ਪੰਡਤ, ਪਾਂਧੇ, ਪਾਂਡੇ, ਜੋਗੀ ਜੰਗਮ, ਸਿੱਧ, ਨਾਥ ਅਤੇ ਮੁੱਲਾਂ, ਮੌਲਾਣੇ ਆਦਿ ਮੁੱਕ ਗਏ ਸਨ ? ਮੇਰਾ ਖ਼ਿਆਲ ਹੈ ਕਿ ਮੇਹੜਾਂ ਦੀਆਂ ਮੇਹੜਾਂ, ਮਾਲਾ ਜਾਂ ਤਸਬੀਆਂ ਫੇਰਦੀਆਂ, ਚਿਮਟੇ ਕਿੰਗਾਂ ਵਜਾਂਦੀਆਂ, ਸੁਆਹ ਖੇਹ ਨਾਲ ਲਿਬੜੀਆਂ, ਅੱਕ ਧਤੂਰੇ ਖਾਂਦੀਆਂ, ਭੰਗਾਂ ਘੋਟਦੀਆਂ, ਅਫ਼ੀਮ ਦੇ ਮਾਵੇ ਛਕਦੀਆਂ, ਚਰਸਾਂ, ਸੁਲਫ਼ਾ ਤੇ ਤਮਾਕੂ ਦੇ ਸੂਟੇ ਲਾਂਦੀਆਂ, ਅੱਧ ਨੰਗੀਆਂ, ਅੱਧ-ਕੱਜੀਆਂ, ਜਾਂ ਨਾਂਗੇ ਸਾਧਾਂ ਦੀਆਂ ਨੰਗ-ਮਨੰਗੀਆਂ, ਅੱਲਾ, ਅੱਲਾ, ਅਲੱਖ, ਅਲੱਖ ਅਤੇ ਜੈ ਸ਼ਿਵ ਸ਼ੰਕਰ ਉੱਚੀ ਉੱਚੀ ਅਲਾਪਦੀਆਂ ਸ਼ਹਿਰੋਂ ਸ਼ਹਿਰ, ਪਿੰਡੋ ਪਿੰਡ ਮੰਗ ਕੇ ਖਾਂਦੀਆਂ ਅਤੇ ਜੱਲੀਆਂ ਪਾਂਦੀਆਂ ਫਿਰਦੀਆਂ ਸਨ । ਪਰ ਅਫ਼ਸੋਸ ਸਾਡੇ ਦੇਸ਼ ਦਾ ਇਤਿਹਾਸ ਕਿਸੇ ਵੀ ਮੁੱਲਾਂ ਮੌਲਾਣੇ ਜਾਂ ਹਿੰਦੂ ਜੋਗੀ ਜੰਗਮ ਬਾਰੇ ਜ਼ਿਕਰ ਨਹੀਂ ਕਰਦਾ ਜਿਸ ਨੇ ਬਾਬਰ ਜਿਹੇ ਜਾਬਰ ਦੇ ਹਮਲੇ ਦੀ ਜੁਅਰਤ ਨਾਲ ਖੁਲ੍ਹ-ਮਖੁਲ੍ਹੀ ਨਿੰਦਿਆ ਕੀਤੀ ਹੋਵੇ ਅਤੇ ਹਮਲਾਆਵਰ ਨੂੰ ਮੂਹੀਂ ਦਰੂਹੀਂ ਸੱਚੀਆਂ ਸੱਚੀਆਂ ਸੁਣਾਈਆਂ ਹੋਣ । ਉਹ ਤਾਂ ਸਮਾਜ ਦੀ ਕਮਾਈ ਦੇ ਕੀੜੇ ਸਨ——ਵਿਹਲੜ, ਨਸ਼ਿਆਂ ਦੇ ਮਾਰੇ ਹੋਏ ਅਤੇ ਕਾਮਵਾਸ਼ਨਾ ਦਾ ਜਤ ਸਤ ਦੇ ਨਾਂ ਹੇਠ ਗਲ ਘੁੱਟ ਕੇ ਪਾਖੰਡ ਕਰਨ ਵਾਲੇ, ਔਰਤਾਂ ਨੂੰ ਤਵੀਤ ਧਾਗੇ ਦੇ ਕੇ ਦੁੱਧ ਮੱਖਣੀ ਛੱਕਣ ਤੇ ਪੁਠੇ ਸਿੱਧੇ, ਕਿਸੇ ਨਾ ਕਿਸੇ ਤਰ੍ਹਾਂ ਆਪਣਾ ਠਰਕ ਪੂਰਾ ਕਰਨ ਵਾਲੇ ਸਨ ।

ਇਤਿਹਾਸ ਗਵਾਹੀ ਦੇਂਦਾ ਹੈ ਕਿ ਸਮੇਂ ਦੀ ਮੰਗ ਦੀ ਆਵਾਜ਼ ਕੇਵਲ ਗੁਰੂ ਨਾਨਕ ਸਾਹਿਬ ਜੀ ਨੇ ਹੀ ਸੁਣੀ ਅਤੇ ਉਹ ਸੁਣ ਕੇ ਦਬਕ ਜਾਂ ਸੋਚੀਂ ਨਹੀਂ ਪੈ ਗਏ । ਇਹ ਦੁਖੀਆਂ ਲਈ ਕੁਰਲਾ ਉਠੇ ਅਤੇ ਜ਼ਾਲਮ ਦੇ ਵਿਰੁੱਧ ਲਾਲ ਪੀਲੇ ਹੋ ਕੇ ਬੋਲੇ । ਬਾਬਰ ਨੂੰ ਖਰੀਆਂ ਖਰੀਆਂ ਸੁਣਾਨ ਦੇ ਦੋਸ਼ ਵਿਚ ਜੇਲ੍ਹ ਦੀ ਕੈਦ ਵੀ ਭੁੱਗਤੀ ਅਤੇ ਬੰਦੀ ਖਾਨੇ ਵਿੱਚ ਸਜ਼ਾ ਦੇ ਤੌਰ ਤੇ ਚੱਕੀ ਵੀ ਪੀਂਹਦੇ ਰਹੇ । ਕਈ ਇਤਿਹਾਸਕਾਰਾਂ ਦੇ ਬਿਆਨ ਪੜ੍ਹ ਕੇ ਕਿੰਨਾ ਦੁੱਖ ਲਗਦਾ ਹੈ ਕਿ ਉਹਨਾਂ ਗੁਰੂ ਸਾਹਿਬ ਦੀ ਇਸ ਮਨੁੱਖਤਾ-ਮੁਹੱਬਤ ਅਤੇ ਦੇਸ਼ ਪਿਆਰ ਦੀ ਬਹਾਦਰ ਘਟਨਾ ਨੂੰ ਕਰਾਮਾਤੀ ਕਹਾਣੀ ਬਣਾ ਦਿੱਤਾ ਹੈ । ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਾਰੇ ਸਿੱਖ ਗੁਰੂਆਂ ਨੇ ਜਨ-ਸਾਧਾਰਨ ਦਾ ਨਿਮਰਤਾ, ਸੇਵਾ ਤੇ ਕੁਰਬਾਨੀ ਭਰਿਆ ਜੀਵਨ ਜੀਵਿਆ ਹੈ ਨਾ ਕਿ ਮਦਾਰੀਆਂ ਤੇ ਜਾਦੂਗਰਾਂ



Digitized by Panjab Digital Library | www.panjabdigilib.org

ਜਾਂ ਸਿੱਧਾਂ, ਨਾਥਾਂ ਅਤੇ ਵਲੀਆਂ, ਪੀਰਾਂ ਵਾਲਾ ਜਾਦੂਗਰ ਤੇ 'ਨਾਟਕ ਚੇਟਕਾ' ਦੇ ਦੁਨੀਆਂ-ਭਰਮਾਊ ਦੰਭ ਵਾਲਾ। ਭਲਾ ਇਸ ਵਿੱਚ ਵਡਿਆਈ ਵਾਲੀ ਗੱਲ ਕੀ ਹੈ ਜੇ ਅਸੀਂ ਕਰਾਮਾਤੀ ਕਹਾਣੀ ਘੜ ਕੇ ਆਖੀਏ ਕਿ ਗੁਰੂ ਸਾਹਿਬ ਦੀ ਚੱਕੀ ਆਪੇ ਹੀ ਫਿਰਦੀ ਤੇ ਦਾਣੇ ਪੀਂਹਦੀ ਜਾਂਦੀ ਸੀ ? ਬਿਲਕੁਲ ਵਡਿਆਈ ਵਾਲੀ ਗੱਲ ਕੋਈ ਨਹੀਂ। ਇਸ ਤਰ੍ਹਾਂ ਆਖ ਕੇ ਅਸੀਂ ਗੁਰੂ ਜੀ ਦੀ ਘਾਲਣਾ ਨੂੰ ਛੁਟਿਆਂਦੇ ਹੀ ਨਹੀਂ, ਉੱਕਾ ਅੱਖੋਂ ਉਹਲੇ ਕਰ ਦੇਂਦੇ ਹਾਂ। ਗੁਰੂ ਸਾਹਿਬ ਦੀ ਮਹੱਤਤਾ ਤੇ ਇਸ ਗੱਲ ਵਿੱਚ ਹੈ ਕਿ ਇਹਨਾਂ ਸਮੇਂ ਦੀ ਮੰਗ ਨੂੰ ਪਛਾਣਿਆ ਤੇ ਦਲੇਰੀ ਨਾਲ ਮਜ਼ਲੂਮਾਂ ਦੀ ਖ਼ਾਤਰ ਪਰ ਜ਼ਾਲਮਾਂ ਦੇ ਵਿਰੁਧ ਆਹ ਦਾ ਨਾਅਰਾ ਲਾਇਆ ਜਿਸ ਦੀ ਖ਼ਾਤਰ ਉਹ ਜੇਲ੍ਹ ਵਿੱਚ ਵੀ ਗਏ ਤੇ ਹੱਥੀਂ ਚੱਕੀ ਵੀ ਪੀਂਹਦੇ ਰਹੇ।

ਉਹਨਾਂ ਇਹ ਸਭ ਕੁਝ ਆਪਣੀ ਜਾਨ ਦੀ ਬਾਜ਼ੀ ਲਾ ਕੇ ਕੀਤਾ ਸੀ। ਜੇ ਤਾਕਤ ਦੇ ਨਸ਼ੇ ਵਿਚ ਸੱਚ-ਮੁੱਚ ਨਸ਼ਈ ਬਾਬਰ ਹਜ਼ਾਰਾਂ ਹੋਰ ਲੋਕਾਂ ਨੂੰ ਬੜੀ ਬੇਦਰਦੀ ਨਾਲ ਮੌਤ ਦੇ ਘਾਟ ਉਤਾਰ ਸਕਦਾ ਸੀ ਤਾਂ ਗੁਰੂ ਨਾਨਕ ਜਿਹੇ ਨਿਹੱਥੇ ਫ਼ਕੀਰ ਨੂੰ ਮਾਰ ਦੇਣਾ ਉਹਨਾਂ ਲਈ ਕਿਹੜਾ ਔਖਾ ਸੀ। ਗੁਰੂ ਸਾਹਿਬ ਸਾਹਮਣੇ ਵੀ ਇਹ ਦੋ ਸਵਾਲ ਸਨ। ਜਾਨ ਦੇ ਬਚਾਅ ਲਈ 'ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਉਣਗੇ' ਜਾਂ ਬੁਲ੍ਹੇ ਸ਼ਾਹ ਦੇ ਕਹਿਣ ਅਨੁਸਾਰ—'ਜਚ ਜਚ ਕੇ ਜੀਭਾ ਕਹਿੰਦੀ ਏ, ਮੂੰਹ ਆਈ ਬਾਤ ਨ ਰਹਿੰਦੀ ਏ' ਤੇ ਅਮਲ ਕਰਨਾ। ਗੁਰੂ ਸਾਹਿਬ ਨੇ ਖ਼ਤਰਾ ਸਹੇੜਿਆ ਪਰ ਸੱਚ ਆਖਿਆ। ਰਾਗ ਤਿਲੰਗ ਵਿਚ ਹੀ ਇਨ੍ਹਾਂ ਦਾ ਇਕ ਹੋਰ ਹੇਠ ਦਿੱਤਾ ਸ਼ਬਦ ਇਹਨਾਂ ਦੀ ਸੱਚ ਬੋਲਣ ਦੀ ਜੁਰਅਤ, ਹਮਾਯੂੰ ਦੀ ਹਾਰ ਤੇ ਸ਼ੇਰ ਸ਼ਾਹ ਸੂਰੀ ਦੀ ਜਿੱਤ ਦੇ ਭਵਿੱਖ ਵਾਕ ਅਤੇ ਵੱਢ-ਟੁੱਕ ਹੋਣ ਦੇ ਅਨੁਭਵ ਦਾ ਸੂਚਕ ਹੈ :—

ਸਾਹਿਬ ਕੇ ਗੁਣ ਨਾਨਕ ਗਾਵੈ,
ਮਾਸਪੁਰੀ ਵਿਚ ਆਖ ਮਸੋਲਾ।
ਜਿਨਿ ਉਪਾਈ ਰੰਗਿ ਰਵਾਈ,
ਬੈਠਾ ਵੇਖੈ ਵਖਿ ਇਕੇਲਾ।
ਸੱਚਾ ਸੋ ਸਾਹਿਬ ਸੱਚ ਤਪਾਵਸ,
ਸੱਚੜਾ ਨਿਆਉਂ ਕਰੇਗਾ ਮਸੋਲਾ।
ਕਾਇਆ ਕੱਪੜ ਟੁੱਕ ਟੁੱਕ ਹੋਸੀ,
ਹਿੰਦੁਸਤਾਨ ਸਮਾਲਸੀ ਬੋਲਾ।
ਆਵਨਿ ਅਠਤਰੈ ਜਾਨਿ ਸਤਾਨਵੈ,
ਹੋਰ ਭੀ ਉਠਸੀ ਮਰਦ ਕਾ ਚੇਲਾ।
ਸਚ ਕੀ ਬਾਣੀ ਨਾਨਕ ਆਖੈ,
ਸਚੁ ਸੁਣਾਇਸੀ ਸਚ ਕੀ ਬੇਲਾ।



Digitized by Panjab Digital Library | www.panjabdigilib.org

ਗੁਰੂ ਨਾਨਕ ਸਾਹਿਬ ਨੂੰ ਪਾਟਕ ਦੇ ਮਾਰੇ ਹੋਏ ਦੇਸ਼ ਨੂੰ ਇਕ ਬਲਵਾਨ ਦੇਸ਼ ਦੇ ਰੂਪ ਵਿੱਚ ਵੇਖਣ ਦਾ ਬੜਾ ਚਾਅ ਸੀ। ਪੰਜਾਬੀ ਬੋਲੀ ਦੇ ਇਤਿਹਾਸ ਵਿੱਚ 'ਹਿੰਦੁਸਤਾਨ' ਦਾ ਸ਼ਬਦ ਸਭ ਤੋਂ ਪਹਿਲਾਂ ਇਨ੍ਹਾਂ ਨੇ ਹੀ ਵਰਤਿਆ ਹੈ। ਰਾਗ ਆਸਾ ਵਿਚ ਤਾਂ ਇਨ੍ਹਾਂ ਦਾ ਬਾਬਰ ਦੇ ਹਮਲੇ ਸੰਬੰਧਤ ਸ਼ਬਦ ਕਈ ਨਵੇਂ ਅਤੇ ਨਿਰੋਏ ਨੁਕਤੇ ਪੈਦਾ ਕਰਦਾ ਹੈ, ਜਿਵੇਂ ਹਮਲਾਆਵਰਾਂ ਦੇ ਜ਼ੁਲਮ ਦੀ ਨਿਖੇਧੀ ਤੇ ਵਿਰੋਧਤਾ, ਗ਼ੈਰਤਹੀਣ ਤੇ ਪਾਟੇ ਹੋਏ ਹਿੰਦੁਸਤਾਨੀਆਂ ਦੇ ਆਪਣੇ ਕਰਮਾਂ ਦਾ ਫਲ, ਬੁਜ਼ਦਿਲ ਲੋਧੀ ਹੁਕਮਰਾਨਾਂ ਦੀ ਹਮਲਾਆਵਰ ਦਾ ਮੂੰਹ ਭੰਨਣ ਤੇ ਦੇਸ਼ ਦੇ ਲੋਕਾਂ ਨੂੰ ਬਚਾਨ ਦੀ ਅਸਮਰਥਾ ਅਤੇ ਏਥੋਂ ਦੇ ਹਿੰਦੂਆਂ ਦਾ ਪਾਖੰਡੀ ਜੀਵਨ ਜੋ ਅੰਦਰਵਾਰ ਤਾਂ ਰਾਮ ਰਾਮ ਜਪਦੇ ਨੇ ਪਰ ਬਾਹਰ ਮੁਸਲਮਾਨ ਹਾਕਮਾਂ ਨੂੰ ਖ਼ੁਸ਼ ਕਰਨ ਲਈ ਅੱਲ੍ਹਾ ਅੱਲਾ ਕਰਦੇ ਨੇ ਪਰ ਫ਼ਿਰ ਵੀ ਜ਼ਾਲਮ ਹਮਲਾਆਵਰ ਇਹਨਾਂ ਦੀ ਜਾਨ ਬਖਸ਼ੀ ਨਹੀਂ ਕਰਦੇ। ਏਥੋਂ ਇਹ ਵੀ ਸਿੱਧ ਹੁੰਦਾ ਹੈ ਕਿ ਜਰਵਾਣੇ ਹਮਲਾਆਵਰਾਂ ਨੇ ਲੁਟ-ਮਾਰ ਕਰਨ ਸਮੇਂ ਸਭ ਨੂੰ ਇਕੋ ਰੱਸੇ ਬੱਧਾ । ਨ ਹਿੰਦੂਆਂ ਦਾ ਲਿਹਾਜ਼ ਕੀਤਾ ਅਤੇ ਨਾ ਮੁਸਲਮਾਨਾਂ ਦਾ। ਏਸੇ ਕਰਕੇ ਜ਼ੁਲਮ ਤੇ ਬੇਪਤੀ ਦਾ ਸ਼ਿਕਾਰ ਹੋਣ ਦੇ ਸਵਾਲ ਤੇ ਹਿੰਦਵਾਣੀਆਂ, ਤੁਰਕਾਣੀਆਂ, ਠੁਕਰਾਣੀਆਂ ਅਤੇ ਭਟਿਆਣੀਆਂ ਆਦਿ ਦਾ ਜ਼ਿਕਰ ਆਇਆ ਹੈ। ਪੰਜਾਬੀ ਵਿਚ ਅਖੌਤ ਹੈ, "ਲੈਣ ਆਇਆ ਆਪ ਤੇ ਨਾਂ ਧਰਾਇਆ ਤਾਪ"। ਏਸੇ ਤਰ੍ਹਾਂ ਹੀ ਗੁਰੂ ਨਾਨਕ ਸਾਹਿਬ ਕਹਿੰਦੇ ਨੇ ਕਿ ਰੱਬ ਜਾਂ ਕਰਤਾ ਨੇ ਇਸ ਸਾਰੇ ਖ਼ੂਨ ਖ਼ਰਾਬੇ ਦਾ ਦੋਸ਼ ਆਪਣੇ ਸਿਰੋਂ ਟਾਲਣ ਲਈ ਮੁਗ਼ਲ ਭਾਵ ਬਾਬਰ ਨੂੰ ਜਮਦੂਤ ਬਣਾ ਕੇ ਹਿੰਦੁਸਤਾਨ ਤੇ ਚੜ੍ਹਾ ਦਿੱਤਾ ਹੈ, "ਆਪੈ ਦੋਸ਼ ਨ ਦੇਈ ਕਰਤਾ, ਜਮੁ ਕਰਿ ਮੁਗਲ ਚੜਾਇਆ"।

ਸਿੱਖ ਧਰਮ ਤੇ ਉਸਦੇ ਬਾਨੀ ਗੁਰੂ ਨਾਨਕ ਜੀ ਦੀ ਇਹ ਮਹਾਨ ਵਿਸ਼ੇਸ਼ਤਾ ਹੈ ਕਿ ਜਿਥੇ ਰੱਬ ਤੋਂ ਹਰ ਵਕਤ ਭਉ ਮਹਿਸੂਸ ਕਰਨਾ ਮਨੁੱਖੀ ਆਦਰਸ਼ਾਂ ਵਿੱਚ ਸ਼ਾਮਲ ਹੈ, ਉਥੇ ਸੱਚੀ ਲੋੜੀਂਦੀ ਤੇ ਸੁਚੱਜੀ ਗੱਲ ਕਹਿਣ ਲੱਗਿਆਂ ਰੱਬ ਨੂੰ ਭਿਆਨਕ ਵਿਅਕਤੀ ਨਹੀਂ, ਸੱਚੀ ਦੋਸਤੀ ਦੇ ਪਿਆਰ ਨਾਲ ਭਰੀ ਹੋਈ ਹੋਂਦ ਸਮਝਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜੇ ਦੇ ਜੰਗਲ ਵਿੱਚ ਇੱਟ ਦੇ ਸਰਹਾਣੇ ਤੇ ਲੇਟਿਆਂ, ਨੰਗੇ ਸੂਲਾਂ ਦੀਆਂ ਚੋਭਾਂ ਨਾਲ ਪਰੁੱਚੇ ਹੋਏ ਪੈਰਾਂ, ਝਾੜੀਆਂ ਦੇ ਕੰਡਿਆਂ ਨਾਲ ਲੀਰਾਂ-ਪਲੀਰਾਂ ਹੋਏ ਹੋਏ ਕਪੜਿਆਂ, ਅਨੰਦਪੁਰ ਛੱਡ ਕੇ ਅਨੇਕ ਸਿੰਘ ਤੇ ਦੋ ਵੱਡੇ ਬੱਚੇ ਆਪਣੀਆਂ ਅੱਖੀਂ ਸਾਹਮਣੇ ਸ਼ਹੀਦ ਕਰਵਾ ਕੇ ਤੇ ਛੋਟੇ ਸਾਹਿਬ-ਜ਼ਾਦਿਆਂ ਤੇ ਪਰਵਾਰ ਦੇ ਹੋਰ ਜੀਆਂ ਤੋਂ ਵਿਛੜ ਕੇ, ਜੀਵਨ ਦੇ ਸਭ ਤੋਂ ਭੀੜੇ ਤੇ ਔਖੇ ਸਮੇਂ ਵੈਰਾਗ ਵਿੱਚ ਆ ਕੇ ਤੇ ਝੂਮ ਝੂਮ ਕੇ ਰੱਬ ਨੂੰ ਮਿੱਤਰ ਜਾਂ ਦੋਸਤ ਦੀ ਅਪਨਿੱਤ ਨਾਲ ਯਾਦ ਕੀਤਾ ਸੀ, "ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ। ਤੁਧੁ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦਾ ਰਹਿਣਾ। ਸੂਲ ਸੁਰਾਹੀ ਖ਼ੰਜਰ ਪਿਆਲਾ ਬਿੰਗੁ ਕਸਾਈਆਂ ਦਾ ਸਹਿਣਾ। ਯਾਰੜੇ ਦਾ ਸਾਨੂੰ ਸਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ"।

ਬਿਲਕੁਲ ਏਸੇ ਤਰ੍ਹਾਂ ਹੀ ਗੁਰੂ ਨਾਨਕ ਸਾਹਿਬ ਨੇ ਰੋਂਦੀਂ ਕੁਰਲਾਂਦੀ ਲੋਕਾਈ ਨੂੰ ਵੇਖ ਕੇ ਬੜੀ ਅਪਨਿਤ ਤੇ ਨੇੜਤਾ ਨਾਲ ਰੱਬ ਨੂੰ ਆਖਿਆ, "ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨ ਆਇਆ" ਇਹ ਸੀ ਸਮੇਂ ਦੀ ਮੰਗ ਨਾ ਕਿ ਕਿਸੇ ਪਹਾੜੀ ਖੰਧਰ, ਗੁਫਾ, ਮੱਠ, ਮਸੀਤ ਜਾਂ ਮੰਦਰ ਵਿੱਚ ਲੁੱਕ ਤੇ ਡਰ ਕੇ ਪਾਠ ਪੂਜਾ ਕਰਨਾ ਜਦੋਂ ਬੇਗੁਨਾਹ ਤੇ ਗ਼ਰੀਬ ਲੋਕਾਂ ਦਾ ਹਾਲ,



Digitized by Panjab Digital Library | www.panjabdigilib.org

"ਕਾਇਆ ਕਪੜੁ ਟੁਕ ਟੁਕ ਹੋਸੀ" ਦੇ ਸ਼ਬਦ ਕੂਕ ਕੂਕ ਕੇ ਦੱਸ ਰਹੇ ਹੋਣ। ਗੁਰੂ ਸਾਹਿਬ ਦਾ ਇਸ ਘਟਨਾ ਨਾਲ ਸੰਬੰਧਤ ਸ਼ਬਦ ਹੈ :—

ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ।
ਆਪੈ ਦੋਸ਼ ਨ ਦੇਈ ਕਰਤਾ ਜਮੁ ਕਰਿ ਮੁਗਲ ਚੜ੍ਹਾਇਆ।
ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ।
ਕਰਤਾ ਤੂੰ ਸਭਨਾਂ ਦਾ ਸੋਈ।
ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸ ਨ ਹੋਈ। (੧)
ਸਕਤਾ ਸੀਹੁ ਮਾਰ ਪੈ ਵਗੈ ਖਸਮੈ ਸਾ ਪੁਰਸਾਈ।
ਰਤਨ ਵਿਗਾੜ ਵਿਗੋਏ ਕੁਤੀ ਮੋਇਆ ਸਾਰ ਨ ਕਾਈ।
ਆਪੇ ਜੋੜਿ ਵਿਛੋੜੇ ਆਪੈ ਵੇਖ ਤੇਰੀ ਵਡਿਆਈ। (੨)
ਜੇ ਕੋ ਨਾਉ ਧਰਾਏ ਵੱਡਾ ਸਾਦ ਕਰੇ ਮਨਿ ਭਾਣੇ।
ਖਸਮੇ ਨਦਰੀ ਕੀੜਾ ਆਵੈ ਜੇਤੇ ਚੁੱਗੇ ਦਾਣੇ।
ਮਰ ਮਰ ਜੀਵੈ ਤਾਂ ਕਿਛ ਪਾਏ ਨਾਨਕ ਨਾਮ ਵਖਾਣੇ। (੩)

ਭਲਾ ਦੁਨੀਆਂ ਨੂੰ ਛੱਡ ਕੇ ਭੱਜ ਗਏ ਜੋਗੀਆਂ, ਸਾਧਾਂ, ਸੰਤਾਂ ਜਾਂ ਪੀਰਾਂ-ਫ਼ਕੀਰਾਂ ਨੂੰ ਦੁਨੀਆਂਦਾਰਾਂ ਦੇ ਦੁੱਖਾਂ ਦਾ ਕੀ ਦਰਦ ਹੋ ਸਕਦਾ ਹੈ ? ਜੋਗੀਆਂ ਦੀ ਤੇ ਘਰੜ ਮੁਨਾ ਕੇ ਅਖੀਰ ਸਾਰੇ ਕਰਮ ਕਾਂਡ ਕਰਕੇ ਆਪਣੀ ਬੋਦੀ ਕੱਟੀ ਹੋਈ ਤੇ ਜੰਞੂ ਹੱਥ ਫੜ ਕੇ ਟੁਬੀ ਮਾਰ ਕੇ ਦੋਹਾਂ ਨੂੰ ਪਰ੍ਹਾਂ ਸੁੱਟ ਕੇ ਆਖਦਾ ਹੈ, "ਨ ਹਮ ਕਿਸੀ ਕੇ ਨ ਕੋਈ ਹਮਾਰਾ", ਏਸੇ ਤਰ੍ਹਾਂ ਹੀ ਸੂਫ਼ੀ ਤੇ ਕਈ ਹੋਰ ਤਾਰਕ (ਜਿਨ੍ਹਾਂ ਸੰਸਾਰ ਤਿਆਗਿਆ ਹੋਵੇ) ਪੀਰ ਫ਼ਕੀਰ ਵੀ ਕਹਿੰਦੇ ਤੇ, "ਦਮ ਕਾ ਦਮ, ਨ ਧੋਖਾ ਨ ਗ਼ਮ, ਕਮਾਇਗੀ ਦੁਨੀਆਂ ਔਰ ਖਾਏਂਗੇ ਹਮ"। ਪਰ ਵੇਖੋ ਗੁਰੂ ਨਾਨਕ ਸਾਹਿਬ ਨੂੰ ਆਪਣੇ ਦੇਸ਼ ਦੀਆਂ ਧੀਆਂ ਭੈਣਾਂ ਦੀ ਬੇਪਤੀ ਹੁੰਦੀ ਵੇਖ ਕੇ ਕਿੰਨਾ ਦੁੱਖ ਹੁੰਦਾ ਹੈ। ਉਹਨਾਂ ਦੀ ਸਰਬ ਸਾਂਝੀ ਆਤਮਾ ਕੁਰਲਾ ਉਠਦੀ ਹੈ ਅਤੇ ਸੁਹਾਗਣਾਂ ਤੇ ਸੁਣੱਖੀਆਂ ਇਸਤਰੀਆਂ ਦੀ ਦੁਰਦਸ਼ਾ ਵੇਖ ਕੇ ਖ਼ੂਨ ਦੇ ਹੰਝੂ ਵਗਾਂਦੇ ਹੋਏ ਰਾਗ ਆਸਾ ਦੀਆਂ ਅਸ਼ਟਪਦੀਆਂ 'ਚ ਲਿਖਦੇ ਨੇ :—

ਜਿਨਿ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜ।
ਮਹਿਲਾਂ ਅੰਦਰਿ ਹੋਂਦੀਆਂ ਹੁਣਿ ਬਹਿਣ ਨ ਮਿਲਇ ਹਦੂਰ।

ਏਸੇ ਅਸ਼ਟਪਦੀ ਵਿੱਚ ਇਕ ਇਸ ਸਮੇਂ ਦੀ ਨਹੀਂ ਬਲਕਿ ਸਦੀਵੀ ਸਚਾਈ ਦਾ ਬਿਆਨ ਵੀ ਕਰਦੇ ਨੇ। ਸੰਸਾਰ ਦੀ ਇਹ ਰੋਜ਼ ਵੇਖੀਂਦੀ ਤੇ ਨਿੱਤ ਵਰਤੀਂਦੀ ਸਚਾਈ ਹੈ ਕਿ ਹੁਸਨ ਅਤੇ ਦੌਲਤ ਜਾਂ ਦੌਲਤ ਦੇ ਸਾਰੇ ਗ਼ੁਲਾਮ ਨੇ। ਇਹ ਦੋ ਉਹ ਦਾਤਾਂ ਨੇ ਜਿਨ੍ਹਾਂ ਦੇ ਅਧੀਨ ਹੋ ਕੇ ਬਾਦਸ਼ਾਹ ਵੀ ਫ਼ਕੀਰ ਬਣੇ ਫਿਰਦੇ ਨੇ ਪਰ ਜਦੋਂ ਲੜਾਈਆਂ, ਜੰਗ, ਹਫੜਾ-ਦਫੜੀ ਜਾਂ ਸਮਾਜਕ ਤੇ ਰਾਜਸੀ ਗੜਬੜ ਹੋਵੇ, ਉਦੋਂ ਸਭ ਤੋਂ ਜ਼ਿਆਦਾ ਮੁਸੀਬਤ ਬਣਦੀ ਵੀ ਧਨੀਆਂ ਅਤੇ ਸੁਹਣੀਆਂ ਇਸਤਰੀਆਂ ਤੇ ਸੁਣੱਖੀਆਂ ਮੁਟਿਆਰਾਂ ਨੂੰ ਹੀ ਹੈ, ਕਿਉਂਕਿ ਗ਼ਰੀਬ ਦੀ ਝੁੱਗੀ 'ਚੋਂ ਕਿਸੇ ਨੇ ਕੀ



Digitized by Panjab Digital Library | www.panjabdigilib.org

ਲੁੱਟਣਾ ਹੈ ਅਤੇ ਬਦਸੂਰਤ ਇਸਤਰੀ ਵੱਲ ਕੌਣ ਝਾਕਦਾ ਹੈ । ਆਮ ਤੌਰ ਤੇ ਲੁਟੇਰੇ ਧਨੀਆਂ ਨੂੰ ਲੁੱਟਣਗੇ ਅਤੇ ਸੁਹਣੀਆਂ ਇਸਤਰੀਆਂ ਦੀ ਬੇਪਤੀ ਕਰਨਗੇ ਤੇ ਚੁੱਕ ਕੇ ਲੈ ਜਾਣਗੇ । ਗੁਰੂ ਸਾਹਿਬ ਫ਼ਰਮਾਂਦੇ ਨੇ :—

ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗ ਲਾਇ ।
ਦੂਤਾਂ ਨੋਂ ਫਰਮਾਇਆ ਲੈ ਚਲੈ ਪਤਿ ਗਵਾਇ ।
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ।

ਚੰਗੇ ਭਾਗਾਂ ਨੂੰ ਕਈ ਭੈਣਾਂ ਦੇ ਵੀਰੇ, ਇਸਤਰੀਆਂ ਦੇ ਮਰਦ ਤੇ ਮਾਵਾਂ ਦੇ ਚੰਨ ਪੁੱਤਰ ਤਾਂ ਲੜਾਈ ਵਿੱਚ ਬੱਚ ਗਏ ਪਰ ਕਈ ਮਾਰੇ ਗਏ ਜਾਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਪਰ ਹੋਇਆ ਉਹੀ ਜੋ ਰੱਬ ਨੂੰ ਭਾਉਂਦਾ ਸੀ । ਮਨੁੱਖ ਵਿਚਾਰਾ ਕੀ ਹੈ । ਸਤਿਗੁਰ ਜੀ ਲਿਖਦੇ ਨੇ :—

ਇਕ ਘਰਿ ਆਵਹਿ ਆਪਣੈ ਇਕ ਮਿਲ ਮਿਲ ਪੁਛਹਿ ਸੁਖ ।
ਇਕਨਾ ਏਹੁ ਲਿਖਿਆ ਬਹਿ ਬਹਿ ਰੋਵਹਿ ਦੁਖ ।
ਜੋ ਤਿਸ ਭਾਵੈ ਸੋ ਥੀਐ ਨਾਨਕ ਕਿਆ ਮਨੁਖ ।

ਇਸ ਦੇ ਬਾਅਦ ਇਹ ਰਈਸਾਂ ਤੇ ਨਵਾਬਜ਼ਾਦਿਆਂ ਦੀਆਂ ਐਸ਼ਾਂ ਇਸ਼ਰਤਾਂ ਤੇ ਸ਼ਾਨ ਬਾਨ ਦੇ ਅਡੰਬਰ ਦਾ ਜ਼ਿਕਰ ਕਰਦੇ ਹੋਏ ਕਈ ਸ਼ਾਹੀ ਚੀਜ਼ਾਂ ਗਿਣਦੇ ਨੇ ਪਰ ਭਾਵ ਉਹਨਾਂ ਦਾ ਇਹ ਹੈ ਕਿ ਉਨ੍ਹਾਂ ਐਸ਼ਾਂ 'ਚ ਪੈ ਕੇ ਆਪਣੇ ਆਪ ਤੇ ਆਪਣੇ ਦੇਸ਼ ਨੂੰ ਬਚਾਣ ਦੀ ਸ਼ਕਤੀ ਹੱਥੋਂ ਗਵਾਈ ਤੇ ਹੁਣ ਜਾਨਾਂ ਵੀ ਗਈਆਂ ਤੇ ਘੋੜੇ, ਰੱਥਾਂ, ਹਾਥੀ ਤੇ ਤਬੇਲੇ, ਮਹਿਲ ਮਮਟੀਆਂ, ਹਵੇਲੀਆਂ ਤੇ ਚੁਬਾਰੇ ਖੁਹਾ ਕੇ ਮਿੱਟੀ ਵਿੱਚ ਰੁਲੇ । ਉਹ ਆਪ ਜਨ-ਸਾਧਾਰਨ ਦਾ ਮਿਹਨਤੀ ਜੀਵਨ ਜੀਉਣ ਦੇ ਸਦਕਾ ਸਮਝਦੇ ਨੇ ਕਿ ਜੇ ਇਨ੍ਹਾਂ ਲੋਕਾਂ 'ਚ ਖੱਟ ਘਾਲ ਕੇ ਖਾਣ ਤੇ ਦੇਸ਼ ਪਿਆਰ ਤੇ ਏਕਤਾ ਦੀ ਕਣੀ ਹੁੰਦੀ ਤਾਂ ਨ ਇਨ੍ਹਾਂ ਦਾ ਆਪਣਾ ਇਹ ਹਾਲ ਹੁੰਦਾ ਤੇ ਨਾ ਦੇਸ਼ ਵਾਸੀਆਂ ਦਾ ਪਰ ਅਫ਼ਸੋਸ ਇਹ ਹੈ ਕਿ ਲੋਕ ਹਰ ਕਪਟੀ ਤੇ ਪਾਪੀ ਸਾਧਨ ਨਾਲ ਮਾਇਆ ਇਕੱਠੀ ਕਰਨ ਲੱਗੇ ਹੋਏ ਸਨ ਜਿਸ ਲਾਲਚ ਤੇ ਲਾਲਸਾ ਦਾ ਅੰਤ ਹਮੇਸ਼ਾ ਬੁਰਾ ਨਿਕਲਦਾ ਹੈ । ਉਨ੍ਹਾਂ ਦੇ ਹੇਠ ਲਿਖੇ ਸ਼ਬਦ ਸਾਰੀ ਮਨੁੱਖਤਾ ਲਈ ਰਹਿੰਦੀ ਦੁਨੀਆਂ ਤਾਈਂ ਚਾਨਣ ਮੁਨਾਰੇ ਦਾ ਕੰਮ ਦੇਣਗੇ :—

ਇਸ ਜ਼ਰ ਕਾਰਣਿ ਘਣੀ ਵਿਗੁਤੀ ਇਨਿ ਜ਼ਰ ਘਣੀ ਖੁਆਈ ।
ਪਾਪਾਂ ਬਾਝਹੁ ਹੋਵੈ ਨਾਹੀਂ ਮੁਇਆ ਸਾਥਿ ਨ ਜਾਈ ।

ਇਹ ਦੁਰਦਸ਼ਾ ਹੋਣੀ ਕੁਦਰਤੀ ਸੀ ਕਿਉਂਕਿ ਕੀ ਹਿੰਦੂ ਤੇ ਕੀ ਮੁਸਲਮਾਨ, ਕੀ ਜੋਗੀ ਤੇ ਕੀ ਕਾਜ਼ੀ ਸਭ ਆਪਣੇ ਅਸੂਲਾਂ ਅਤੇ ਅਣਖ ਆਨ ਤੋਂ ਗਿਰ ਚੁੱਕੇ ਸਨ । ਸਭ ਕੰਮ ਉਲਟ ਹੋ ਰਹੇ ਸਨ । ਕਿਸੇ ਨੂੰ ਦੇਸ਼ ਦੀ ਭਲਾਈ ਦਾ ਖ਼ਿਆਲ ਨਹੀਂ ਸੀ । ਸੱਚੇ ਪਿਆਰ ਤੇ ਪਵਿੱਤਰਤਾ ਦੀ ਥਾਂ ਪੈਸੇ ਅਤੇ ਪਾਖੰਡ ਨੇ ਮੱਲੀ ਹੋਈ ਸੀ । ਗੁਰੂ ਸਾਹਿਬ ਰਾਗ ਰਾਮਕਲੀ ਵਿੱਚ ਫ਼ਰਮਾਂਦੇ ਨੇ :—



Digitized by Panjab Digital Library | www.panjabdigilib.org

ਸਤੀ ਪਾਪੁ ਕਰਿ ਸਤੁ ਕਮਾਹਿ, ਗੁਰ ਦੀਖਿਆ ਘਰ ਦੇਵਣ ਜਾਹਿ ।
ਇਸਤ੍ਰੀ ਪੁਰਖੈ ਖਟੀਐ ਭਾਉ, ਭਾਵੈ ਆਵਉ ਭਾਵੈ ਜਾਉ ।
ਸ਼ਾਸਤ੍ਰ ਬੇਦ ਨ ਮਾਨੈ ਕੋਇ, ਆਪੋ ਆਪੈ ਪੂਜਾ ਹੋਇ ।
ਕਾਜ਼ੀ ਹੋਇਕੈ ਬਹੈ ਨਿਆਇ, ਫੇਰੇ ਤਸਬੀਹ ਕਰੈ ਕਰੈ ਖੁਦਾਇ ।
ਵੱਢੀ ਲੈ ਕੇ ਹੱਕ ਗਵਾਇ, ਜੇ ਕੋ ਪੁਛੈ ਤਾਂ ਪੜ੍ਹਿ ਸੁਣਾਏ ।
ਤੁਰਕ ਮੰਤਰ ਕਨਿ ਰਿਦੇ ਸਮਾਇ, ਲੋਕ ਮੁਹਾਵਹਿ ਚਾੜੀ ਖਾਹਿ ।
ਚਉਕਾ ਦੇ ਕੇ ਸੁੱਚਾ ਹੋਇ, ਐਸਾ ਹਿੰਦੂ ਵੇਖਹੁ ਕੋਇ ।
ਜੋਗੀ ਗਿਰਹੀ ਜਟਾ ਬਿਭੂਤ, ਆਗੈ ਪਾਛੈ ਰੋਵਹਿ ਪੂਤ ।
ਜੋਗ ਨ ਪਾਇਆ ਜੁਗਤ ਗਵਾਈ, ਕਿਤ ਕਾਰਣਿ ਸਿਰ ਛਾਈ ਪਾਈ ।
ਨਾਨਕ ਕਲਿ ਕਾ ਇਕ ਪਰਵਾਣੁ, ਆਪੇ ਆਖਣ ਆਪੇ ਜਾਣੁ ।

ਏਥੇ ਦੇਸ਼ ਦੀ ਹਾਲਤ ਬਾਰੇ ਇਕ ਹੋਰ ਸਵਾਲ ਪੈਦਾ ਹੁੰਦਾ ਹੈ । ਮੁੱਲਾਂ ਮੌਲਾਣੇ ਤੇ ਕਾਜ਼ੀ ਵੀ ਆਚਾਰ-ਵਿਹਾਰ ਦੇ ਗਿਰੇ ਹੋਏ ਸਨ, ਪਰ ਫਿਰ ਵੀ ਉਹਨਾਂ ਦੀ ਗੱਡੀ ਨਿਰੀ ਰਿੜ੍ਹੀ ਹੀ ਨਹੀਂ, ਤੇਜ਼ ਰਫ਼ਤਾਰ ਤੇ ਭੱਜੀ ਜਾਂਦੀ ਸੀ ਕਿਉਂਕਿ ਉਹਨਾਂ ਦੀ ਪਿੱਠ ਤੇ ਮੁਸਲਮਾਨੀ ਹਕੂਮਤ ਦਾ ਜ਼ੋਰ ਸੀ ਅਤੇ ਭਾਵੇਂ ਕੁਸ਼ੁੱਧ ਰਿਦੇ ਤੇ ਝੂਠੀ ਜ਼ਬਾਨ ਨਾਲ ਪੜ੍ਹਦੇ ਸਨ, ਉਹਨਾਂ ਦੇ ਮੂੰਹ ਤੇ ਮੁਹੰਮਦੀ ਕਲਮੇ ਦੀ ਮਜ਼ਬੀ ਤੇ ਹੁਕਮਰਾਨੀ ਕੁਵੱਤ ਸੀ । ਉਹ ਕਾਦ੍ਹੀ ਪਰਵਾਹ ਕਰਦੇ ਸਨ । ਜਿਹੜੇ ਬਾਹਰ ਦੇ ਦੇਸ਼ਾਂ ਤੋਂ ਆ ਕੇ ਏਥੇ ਸਿਰਫ ਰਾਜ ਹੀ ਨਹੀਂ ਸਨ ਕਰਦੇ, ਏਥੋਂ ਦੇ ਹਿੰਦੂਆਂ ਨੂੰ ਜਿਸ ਵੀ ਨਿਰਾਦਰੀ ਨਾਲ ਵਰਤਣਾ ਚਾਹੁੰਦੇ, ਜ਼ਲੀਲ ਕਰਦੇ ਤੇ ਵਰਤਦੇ । ਬੇਈਮਾਨੀ ਤੇ ਬੁਜ਼ਦਿਲੀ ਤਾਂ ਵੈਸੇ ਸਮੁੱਚੀ ਹੀ ਬੁਰੀ ਹੈ ਪਰ ਬੌਧਕ ਬੇਈਮਾਨੀ (ਇਟਲੈਕਚੁਅਲ ਡਿਸਆਨੈਸਟੀ ਐਂਡ ਕਾਵਰਡਾਈਸ) ਮਾਨੁਖਤਾ ਲਈ ਸਭ ਤੋਂ ਜ਼ਿਆਦਾ ਹਾਨੀਕਾਰਕ ਤੇ ਖ਼ਤਰਨਾਕ ਹੈ ਕਿਉਂਕਿ ਸਿਆਣੇ ਤੇ ਪੜ੍ਹੇ-ਲਿਖੇ ਲੋਕ ਹੀ ਧਾਰਮਕ, ਵਿਦਿਅਕ ਤੇ ਰਾਜਸੀ ਆਗੂ ਹੁੰਦੇ ਨੇ ਤੇ ਜੇ ਉਹ ਹੀ ਸੱਚ ਬੋਲਣ, ਸੁਣਨ ਤੇ ਸਹਿਣ ਤੋਂ ਦੂਰ ਨੱਸ ਨੱਸ ਕੇ ਆਪਣੇ ਤੋਂ ਜ਼ੋਰ ਵਾਲੇ ਨੂੰ ਰਾਜ਼ੀ ਕਰਨ ਤੇ ਨਿੱਜੀ ਲਾਭਾਂ ਦੀ ਖ਼ਾਤਰ ਹੋਰ ਸਾਰੀ ਭੋਲੀ ਭਾਲੀ ਲੋਕਾਈ ਨੂੰ ਧੋਖਾ ਵੀ ਦੇਣ ਤੇ ਨਾਲੇ ਮਗਰ ਵੀ ਲਾਈ ਰੱਖਣ ਤਾਂ ਭਲਾ ਫਿਰ ਦੇਸ਼, ਕੌਮ ਜੋ ਸਮੁੱਚੀ ਮਨੁੱਖਤਾ ਦਾ ਕੀ ਹਾਲ ਹੁੰਦਾ ਹੈ ?—— ਮੰਦੇ ਤੋਂ ਮੰਦਾ ।

ਮੇਰਾ ਭਾਵ ਉਸ ਸਮੇਂ ਦੇ ਹਿੰਦੂ ਸਮਾਜ ਦੇ ਹਰ ਪੱਖ ਦਾ ਆਗੂ ਤੇ ਮੁੱਢਲੀ ਤੇ ਆਖ਼ਰੀ ਮੱਤ ਦੇਣ ਵਾਲਾ ਬ੍ਰਾਹਮਣ ਸੀ । ਉਸ ਨੂੰ ਆਪਣੀ ਜੁਅਰਤ ਦੀ ਮਿਸਾਲ ਦੇ ਕੇ ਸਾਰੀ ਭਾਰਤੀ ਜੰਤਾ ਨੂੰ ਉਭਾਰਨਾ ਚਾਹੀਦਾ ਸੀ ਪਰ ਗੱਲ ਇਸ ਦੇ ਉਲਟ ਸੀ । ਉਹ ਤਾਂ ਖੁਦ ਹੀ ਉੱਕਾ ਨਿੱਘਰ ਚੁੱਕਾ ਸੀ । ਉਤਲੇ ਦਿਲੋਂ ਤੇ ਉਹ ਵੀ ਆਪਣੇ ਘਰ ਵਿੱਚ ਬਹਿ ਕੇ ਮੁਸਲਮਾਨਾਂ ਨੂੰ ਮਲੇਛ ਮਲੇਛ ਆਖ ਕੇ ਕੋਸਦਾ, ਫਿਟਕਾਰਦਾ ਤੇ ਨਫ਼ਰਤ ਕਰਦਾ ਸੀ । ਮਲੇਛ ਦੇ ਨਾਲ ਜਾਂ ਉਸ ਦੇ ਹੱਥੋਂ ਖਾਣਾ ਪੀਣਾ ਤਾਂ ਇਕ ਪਾਸੇ ਉਹ ਤਾਂ ਉਸ ਦੇ ਪਰਛਾਵੇਂ ਤੋਂ ਭਿੱਟ ਜਾਣ ਦਾ ਦਾਅਵਾ ਕਰਦਾ ਸੀ । ਡਰ ਦਾ ਮਾਰਿਆ ਹੋਇਆ ਝਟਕਾ ਵੀ ਨਹੀਂ ਸੀ ਖਾਂਦਾ ਅਤੇ ਮੁਸਲਮਾਨੀ ਅਰਬੀ ਜ਼ਬਾਨ ਦੀ, "ਅੱਲਾ ਹੂ ਅਕਬਰ" ਦੀ ਤਕਬੀਰ ਪੜ੍ਹ ਕੇ ਛੁਰੀ ਨਾਲ ਹਲਾਲ ਕੀਤਾ ਹੋਇਆ



Digitized by Panjab Digital Library | www.panjabdigilib.org

ਬਕਰਾ ਖਾਂਦਾ ਸੀ। ਪਰ ਜਦੋਂ ਆਪਣੇ ਚੌਕੇ ਤੇ ਮਾਸ ਰਿਨ੍ਹਦਾ ਸੀ ਤਾਂ ਕਿਸੇ ਨੂੰ ਛੂਤ-ਛਾਤ ਦੇ ਵਿਸ਼ਵਾਸ਼ ਦਾ ਪੁਜਾਰੀ, ਚੌਕੇ ਦੇ ਨੇੜੇ ਵੀ ਨਹੀਂ ਸੀ ਆਉਣ ਦੇਂਦਾ। ਵੈਸੇ ਲੁਕ-ਛਪ ਕੇ ਆਪਣੇ, ਹਿੰਦੂ ਕਰਮ-ਕਾਂਡ ਵੀ ਕਰਦਾ ਸੀ। ਜੰਞੂ ਪਾਂਦਾ ਤੇ ਹੋਰ ਕਈ ਪਾਖੰਡ ਰਚਾਂਦਾ ਸੀ ਪਰ ਗੁਰੂ ਸਾਹਿਬ ਆਖਦੇ ਨੇ ਕਿ ਇਸ ਤਰ੍ਹਾਂ ਪਾਖੰਡ ਕਰਕੇ ਰੱਬ ਦੇ ਘਰ ਸਚਿਆਰ ਨਹੀਂ ਬਣਿਆ ਜਾਂਦਾ। ਸੱਚ ਦੀ ਪਰਾਪਤੀ ਤਾਂ ਹੀ ਹੋ ਸਕਦੀ ਹੈ ਜੇ ਰਿਦੇ ਜਾਂ ਆਤਮਾ ਦੇ ਅੰਦਰ ਵੀ ਸੱਚ ਹੋਵੇ। ਨਾਲੇ ਸੱਚ ਦੇ ਬਗੈਰ ਸੱਚ ਦਾ ਦਾਅਵਾ ਕਰਨਾ ਵੀ ਪਾਖੰਡ ਹੈ। ਬਾਬਾ ਜੀ ਬ੍ਰਾਹਮਣ ਦੀ ਬੁਜ਼ਦਿਲੀ, ਬੇਈਮਾਨੀ ਤੇ ਪਾਖੰਡ ਦਾ ਜ਼ਿਕਰ ਆਸਾ ਦੀ ਵਾਰ ਵਿੱਚ ਇਸ ਤਰ੍ਹਾਂ ਕਰਦੇ ਨੇ :—

> ਮਾਣਸ ਖਾਣੇ ਕਰਹਿ ਨਿਵਾਜ,
>         ਛੁਰੀ ਵਗਾਇਣ ਤਿਨ ਗਲ ਤਾਗ।
> ਤਿਨ ਘਰਿ ਬ੍ਰਾਹਮਣ ਪੂਰਹਿ ਨਾਦ,
>         ਉਨਾ ਭੀ ਆਏ ਓਈ ਸਾਦ।
> ਕੂੜੀ ਰਾਸ ਕੂੜਾ ਵਾਪਾਰ,
>         ਕੂੜੁ ਬੋਲਿ ਕਰਹਿ ਆਹਾਰੁ।
> ਸ਼ਰਮ ਧਰਮ ਕਾ ਡੇਰਾ ਦੂਰ,
>         ਨਾਨਕ ਕੂੜ ਰਹਿਆ ਭਰਪੂਰਿ।
> ਮਥੈ ਟਿਕਾ ਤੇੜ ਧੋਤੀ ਕਖਾਈ,
>         ਹਥਿ ਛੁਰੀ ਜਗਤ ਕਾਸਾਈ।
> ਨੀਲ ਬਸਤਰ ਪਹਿਰ ਹੋਵਹਿ ਪਰਵਾਣੁ,
>         ਮਲੇਛ ਧਾਨ ਲੈ ਪੂਜਹਿ ਪੁਰਾਣੁ।
> ਅਭਾਖਿਆ ਕਾ ਕੁੱਠਾ ਬਕਰਾ ਖਾਣਾ,
>         ਚਉਕੇ ਉਪਰ ਕਿਸੇ ਨ ਜਾਣਾ।
> ਦੇ ਕੇ ਚਉਕਾ ਕਢੀ ਕਾਰ,
>         ਉਪਰਿ ਆਇ ਬੈਠੇ ਕੂੜਿਆਰ।
> ਮਤ ਭਿਟੈ ਵੇ ਮੱਤ ਭਿਟੈ,
>         ਇਹ ਅੰਨ ਅਸਾਡਾ ਫਿਟੈ।
> ਤਨਿ ਫਿਟੇ ਫੇੜ ਕਰੇਨਿ,
>         ਮਨਿ ਜੂਠੇ ਚੁਲੀ ਭਰੇਨਿ।
> ਕਹੁ ਨਾਨਕ ਸਚੁ ਧਿਆਈਐ,
>         ਸਚੁ ਹੋਵੈ ਤਾਂ ਸੁਚ ਪਾਈਐ।

ਇਸ ਤਰ੍ਹਾਂ ਹਿੰਦੁਸਤਾਨ ਦੇ ਵਾਸੀ ਬਦੇਸੀ ਮੁਸਲਮਾਨ ਹਮਲਾਆਵਰਾਂ ਤੇ ਹੁਕਮਰਾਨਾਂ ਤੋਂ ਇਸ ਤਰ੍ਹਾਂ ਦੇ ਦੜੇ ਹੋਏ ਸਨ ਜਿਵੇਂ ਬਿੱਲੀ ਤੋਂ ਚੂਹੇ ਤੇ ਸ਼ੇਰ ਤੋਂ ਬਕਰੀਆਂ। ਪਰ ਇਸ ਦਾ ਵੱਡਾ ਦੋਸ਼ ਉਹਨਾਂ ਦੇ ਆਪਣੇ ਸਿਰ ਤੇ ਸੀ, ਕਿਉਂਕਿ ਇਹ ਸਭ ਜਲਾਲਤ ਉਨ੍ਹਾਂ ਦੇ ਪਰਸਪਰ ਪਾਟਕ,



Digitized by Panjab Digital Library | www.panjabdigilib.org

ਜ਼ਾਤ ਪਾਤ, ਛੂਤ ਛਾਤ ਅਤੇ ਬੁਜ਼ਦਿਲੀ ਦੇ ਕਾਰਨ ਸੀ। ਉਹਨਾਂ ਵਿਚਾਰਿਆਂ ਬਾਬਰ ਦੇ ਹਮਲੇ ਤੋਂ ਪਹਿਲਾਂ ਦੀਆਂ ਘਟਨਾਵਾਂ ਵੀ ਆਪਣੇ ਪਿਉ ਦਾਦੇ ਤੋਂ ਸੁਣੀਆਂ ਹੋਈਆਂ ਸਨ ਕਿ ਪਹਿਲੇ ਮੁਸਲਮਾਨ ਹਮਲਾਆਵਰ ਉਹਨਾਂ ਦੇ ਵਡਾਰੂਆਂ ਨਾਲ ਕੀ ਕਰਦੇ ਰਹੇ ਨੇ ਭਾਵ ਮੁਹੰਮਦ ਬਿਨ ਕਾਸ਼ਮ ਨੇ ਬ੍ਰਾਹਮਣ ਆਬਾਦ ਨੂੰ ਕਿਵੇਂ ਲੁੱਟਿਆ, ਹਜ਼ਾਰਾਂ ਹੁਸੀਨ ਲੜਕੀਆਂ ਫੜ ਕੇ ਲੈ ਗਿਆ ਅਤੇ ਉਥੋਂ ਦੇ ਰਾਜਾ ਦਾਹਰ ਦੀਆਂ ਦੋ ਸੁੰਦਰ ਲੜਕੀਆਂ ਖ਼ਲੀਫ਼ਾ ਬਗਦਾਦ ਨੂੰ ਤੁਹਫ਼ੇ ਦੇ ਤੌਰ ਤੇ ਭੇਜੀਆਂ, ਭਾਵੇਂ ਬਾਅਦ ਵਿੱਚ ਉਹ ਲੜਕੀਆਂ ਹੀ ਮੁਹੰਮਦ ਬਿਨ ਕਾਸਮ ਦੀ ਮੌਤ ਦਾ ਕਾਰਨ ਬਣੀਆਂ। ਇਤਿਹਾਸ ਦਸਦਾ ਹੈ ਕਿ ਸਿੰਧ ਵਿਚ ਅਸਉਦਾ ਕਿਲ੍ਹਾ ਫ਼ਤਹ ਕਰਨ ਸਮੇਂ ਮੁਹੰਮਦ ਬਿਨ ਕਾਸਮ ਨੇ ੧੧,੦੦੦ ਮੁੰਡੇ ਕੁੜੀਆਂ ਗੋਲੇ ਗੋਲੀਆਂ ਬਣਾ ਕੇ ਬਗ਼ਦਾਦ ਭੇਜੇ। ਤਾਰੀਖ਼ ਸਿੰਧ ਦਸਦੀ ਹੈ ਕਿ ਬ੍ਰਾਹਮਣਆਬਾਦ ਫ਼ਤਹ ਕਰਨ ਵੇਲੇ ਕਾਸਮ ਨੇ ੧੬,੦੦੦ ਹਿੰਦੂ ਕਤਲ ਕਰਵਾਏ ਤੇ ੨੦,੦੦੦ ਬੰਨ੍ਹ ਕੇ ਬਗ਼ਦਾਦ ਭੇਜ ਦਿੱਤੇ ਗਏ। ਇਸ ਹਮਲੇ ਵਿੱਚ ਹੀ ਉਸ ਨੇ ਭਲਸਾ ਦੇ ਮੰਦਰ ਨੂੰ ਢਾਹਿਆ ਤੇ ਨਾਲੇ ਏਥੋਂ ੭੨ ਕਰੋੜ ਦਾ ਸੋਨਾ ਤੇ ਹੀਰੇ ਜਵਾਹਰ ਲੁੱਟੇ।

ਇਬਨ ਅਸੀਰ ਦੀ ਲਿਖੀ ਹੋਈ ਕਾਮਿਲਉਲਤਵਾਰੀਖ਼ ਅਨੁਸਾਰ ਸ਼ਹਾਬੂਦੀਨ ਗ਼ੋਰੀ ਨੇ ਅਜਮੇਰ ਤੇ ਬਨਾਰਸ ਵਿੱਚ ਹਜ਼ਾਰਾਂ ਹਿੰਦੂਆਂ ਨੂੰ ਕਤਲ ਕੀਤਾ ਤੇ ਬੇਅੰਤ ਮੰਦਰ ਢਾਹੇ।

ਮੁਹੰਮਦ ਬਿਨ ਕਾਸਮ ਨੇ ਹਿੰਦੁਸਤਾਨ ਤੇ ਸਤਾਰਾਂ ਹਮਲੇ ਕੀਤੇ। ਹਰ ਵਾਰੀ ਕੁਝ ਹਜ਼ਾਰ ਲੁਟੇਰੇ ਲੈ ਕੇ ਆਉਂਦਾ ਅਤੇ ਇਸ ਕਰੋੜਾਂ ਦੀ ਵਸੋਂ ਵਾਲੇ ਦੇਸ਼ ਦੀ ਉਹ ਹਾਲਤ ਕਰਦਾ ਕਿ ਲਿਖਦਿਆਂ ਵੀ ਸ਼ਰਮ ਆਉਂਦੀ ਹੈ। ਪਹਿਲੇ ਇਤਿਹਾਸਕਾਰ ਤੇ ਇਕ ਪਾਸੇ ਪੰਡਤ ਜਵਾਹਰ ਲਾਲ ਨਹਿਰੂ ਵੀ ਆਪਨੀ ਸੰਸਾਰ ਪ੍ਰਸਿੱਧ ਪੁਸਤਕ, "ਗਲਿੰਪਸਿਜ਼ ਆਫ਼ ਦਾ ਵ੍ਰਲਡ ਹਿਸਟਰੀ" ਵਿੱਚ ਮਹਿਮੂਦ ਦੇ ਹੱਥੋਂ ਕਰੂਕਸ਼ੇਤਰ ਦੀ ਲੁੱਟ ਮਾਰ ਤੋਂ ਬਿਨਾਂ ਦੋ ਲੱਖ ਹਿੰਦੂਆਂ ਨੂੰ ਗ਼ੁਲਾਮ ਬਣਾ ਕੇ ਲੈ ਜਾਣ ਦਾ ਜ਼ਿਕਰ ਕਰਦਾ ਹੈ। ਨਹਿਰੂ ਦਾ ਇਸ ਹਮਲਾਆਵਰ ਦੇ ਹੱਥੋਂ ਸੋਮਨਾਥ ਦੇ ਮੰਦਰ ਦੀ ਲੁੱਟ ਦਾ ਵਰਨਣ ਬੜਾ ਹਿਰਦੇ ਵੇਧਕ ਪਰ ਹਿੰਦੂਆਂ ਲਈ ਅੱਤ ਜ਼ਲਾਲਤ, ਬੁਜ਼ਦਿਲੀ ਤੇ ਵਹਿਮਪ੍ਰਸਤੀ ਦਾ ਸੂਚਕ ਹੈ ਕਿ ਜਦੋਂ ਮਹਿਮੂਦ ਆਪਨੀ ਫ਼ੌਜ ਦੀ ਅਗਵਾਈ ਕਰਦਾ ਤੇ ਲਲਕਾਰੇ ਮਾਰਦਾ ਹੋਇਆ ਮੰਦਰ ਤੇ ਕਬਜ਼ਾ ਕਰਨ, ਢਾਹੁਣ ਤੇ ਲੁੱਟਣ ਲਈ ਮੰਦਰ ਵਲ ਵਧੀ ਜਾ ਰਿਹਾ ਸੀ ਉਦੋਂ ਮੰਦਰ ਵਿੱਚ ਪੰਜਾਹ ਹਜ਼ਾਰ ਹਿੰਦੂ ਬਜਾਏ ਹਮਲਾਆਵਰਾਂ ਦਾ ਮੂੰਹ ਸੇਕਣ ਦੇ, ਸੋਮਨਾਥ ਦੇਵਤੇ ਦੇ ਬੁੱਤ ਅੱਗੇ ਨੱਕ-ਮੱਥੇ ਰਗੜ ਰਹੇ ਸਨ ਕਿ ਉਹ ਪ੍ਰਗਟ ਹੋ ਕੇ ਮਲੇਛ ਵੈਰੀਆਂ ਦਾ ਨਾਸ ਕਰੇ ਪਰ ਨਹਿਰੂ ਇਸ ਬੁਜ਼ਦਿਲੀ ਤੇ ਅਜੀਬ ਵਿਸ਼ਵਾਸ ਬਾਰੇ ਏਨਾ ਕਹਿ ਕੇ ਹੀ ਸਾਰੀ ਗੱਲ ਸਮਝਾ ਦੇਂਦਾ ਹੈ, "ਬੱਟ ਮਿਰੇਕਲਜ਼ ਸੈਲਡਮ ਹੈਪਨ" (ਪਰ ਮੁਅਜ਼ਜ਼ੇ ਕਦੀ ਮੁਸ਼ਕਲ ਹੀ ਵਾਪਰਦੇ ਨੇ) ਇਸ ਹਮਲੇ ਬਾਰੇ ਮਾਊਂਟਸਟੂਅਰਟ ਐਲਫ਼ਿਨਸਟੋਨ ਦੀ, "ਹਿਸਟਰੀ ਆਫ਼ ਇੰਡੀਆ" ਦਾ ਬਿਆਨ ਵੀ ਬੜਾ ਸਿਖਿਆਦਾਇਕ ਹੈ। ਐਲਫ਼ਿਨਸਟੋਨ ਪਹਿਲਾ ਯੋਰਪੀਨ ਤੇ ਖਾਸ ਕਰਕੇ ਅੰਗਰੇਜ਼ ਸੀ ਜਿਸ ਨੇ ਅੰਗਰੇਜ਼ੀ ਵਿੱਚ ਸਭ ਤੋਂ ਪਹਿਲਾਂ ਹਿੰਦੁਸਤਾਨ ਦਾ ਪ੍ਰਮਾਣੀਕ ਇਤਿਹਾਸ ਲਿਖਿਆ। ਕਿਸੇ ਸਮੇਂ ਇਹ ਬੰਬਈ ਦਾ ਗਵਰਨਰ ਵੀ ਸੀ।

ਤਾਰੀਖ਼ ਤਾਜ਼ੁਲਮੁਆਸਰ ਵਿੱਚ ਲਿਖਿਆਂ ਹੈ ਕਿ ਕੁਤੁਬਦੀਨ ਐਬਕ ਨੇ ਮੇਰਠ ਤੇ ਕਬਜ਼ਾ ਕਰਨ ਤੇ ਲੁੱਟਣ ਸਮੇਂ ੭੦੦ ਸ਼ਿਵਾਲੇ ਤੋੜ ਕੇ ਮਸੀਤਾਂ ਬਣਵਾਈਆਂ, ਰਾਜਘਰਾਣੇ ਤੇ ਹੋਰ



Digitized by Panjab Digital Library | www.panjabdigilib.org

੩,੦੦੦ ਹਿੰਦੂ ਕਤਲ ਕਰਵਾਏ ਅਤੇ ਮੰਦਰਾਂ ਚੋਂ ਚੁਕਵਾ ਕੇ ਦੇਵੀਆਂ ਦੇਵਤਿਆਂ ਦੀਆਂ ਮੂਰਤੀਆਂ ਉਹਨਾਂ ਦੇ ਖ਼ੂਨ ਨਾਲ ਨਵ੍ਹਾਈਆਂ ਅਤੇ ਚੂਨਾ ਬਣਵਾ ਕੇ ਮਸੀਤਾਂ ਨੂੰ ਲਵਾਇਆ। ਫਿਰ ਜਦੋਂ ਇਸ ਨੇ ਰਾਣੀ ਜਗਦੇਈ ਤੋਂ ਅਲੀਗੜ੍ਹ ਖੋਹਿਆ ਤਾਂ ਹਜ਼ਾਰਾਂ ਹਿੰਦੂ ਕਤਲ ਕੀਤੇ ਅਤੇ ਤੇਤੀ ਮੰਦਰ ਢਾਹ ਕੇ ਉਹਨਾਂ ਦੀ ਥਾਂ ਤੇ ਮਸੀਤਾਂ ਬਣਵਾਈਆਂ। ਕਾਲੰਜਰ ਸ਼ਹਿਰ ਦੀ ਲੁੱਟ-ਮਾਰ ਦੇ ਸਮੇਂ ੧੧੩ ਮੰਦਰ ਢਾਹ ਕੇ ਮਸੀਤਾਂ ਬਣਵਾਈਆਂ ਗਈਆਂ। ੩੩,੦੦੦ ਹਿੰਦੂ ਤਹਿਤੇਗ ਕੀਤੇ ਗਏ ਅਤੇ ੫੦,੦੦੦ ਹਿੰਦੂ ਢਗਿਆਂ-ਵੱਛਿਆਂ ਵਾਂਗੂ ਜੁੱਟ ਕਰਕੇ, ਬੰਨ੍ਹ ਕੇ ਬਗ਼ਦਾਦ ਭੇਜੇ ਗਏ, ਜਿਨ੍ਹਾਂ ਨਿਮਾਣਿਆਂ ਦੀ ਨੀਲਾਮੀ ਸਵਾ-ਸਵਾ ਰੁਪੈ ਤੋਂ ਹੋਈ।

ਤਾਰੀਖ਼ ਇਲਾਹੀ ਵਿੱਚ ਅਮੀਰ ਖ਼ੁਸਰੋ ਆਪ ਲਿਖਦਾ ਹੈ ਕਿ ਫੀਰੋਜ਼ਸ਼ਾਹ ਨੇ ਰਾਜੇ ਵੀਰਸੈਨ ਨੂੰ ਫ਼ਤਹ ਕਰਨ ਸਮੇਂ ਏਨੀ ਲੁੱਟ-ਮਾਰ ਕੀਤੀ ਕਿ ਕਾਲ ਪੈ ਗਿਆ। ਉਸ ਦੀ ਰਾਜਧਾਨੀ ਭਲਸਾ ਦੇ ਸਾਰੇ ਮੰਦਰ ਢਾਹ ਕੇ ਮਸੀਤਾਂ ਬਣਵਾ ਦਿਤੀਆਂ ਗਈਆਂ ਤੇ ਉਹ ਕਿਲ੍ਹੇ ਦੇ ਦਰਵਾਜ਼ੇ ਅੱਗੇ ਮੂਰਤੀਆਂ ਦਾ ਫ਼ਰਸ਼ ਬਣਵਾ ਕੇ ਮਹੀਨਾ ਭਰ ਰੋਜ਼ ਇਕ ਹਜ਼ਾਰ ਹਿੰਦੂ ਕਤਲ ਕਰਵਾ ਕੇ ਮੂਰਤੀਆਂ ਨੂੰ ਉਹਨਾਂ ਦੇ ਖ਼ੂਨ ਨਾਲ ਧਵਾਂਦਾ ਰਿਹਾ।

ਕਈ ਮੁਸਲਮਾਨ ਲਿਖਾਰੀਆਂ ਅਨੁਸਾਰ ਅਲਾਉਦੀਨ ਖ਼ਿਲਜੀ ਆਪਣੇ ਸਮੇਂ ਦਾ ਦੂਜਾ ਖ਼ਲੀਫ਼ਾ ਸੀ ਜਦੋਂ ਅਬਦੁਲਾ ਵਸਫ਼ ਤਜਰਯਾਤੇ ਅਮਸਰ ਤੇ ਤਜਰਯਾਤਉਤ ਅਸਰ ਵਿੱਚ ਲਿਖਦਾ ਹੈ ਕਿ ਜਦੋਂ ਉਸ ਨੇ ਖੰਭਾਤ ਉਤੇ ਕਬਜ਼ਾ ਕੀਤਾ ਤਾਂ ਹਜ਼ਾਰਾਂ ਹਿੰਦੂ ਕਤਲ ਕਰਵਾ ਕੇ ਸਾਰੇ ਮੰਦਰ ਢਾਹ ਫੂਕ ਦਿੱਤੇ। ਇਸ ਦੀ ਦੋ ਲੱਖ ਫ਼ੌਜ ਦੇ ਜਵਾਨਾਂ ਨੂੰ ਏਨਾ ਸੋਨਾ, ਚਾਂਦੀ, ਹੀਰੇ, ਪੁਖਰਾਜ ਆਦਿ ਹੱਥ ਆਏ ਕਿ ਨੌਜਵਾਨ ਛੋਕਰੇ ਫ਼ੌਜ ਦੀ ਨੌਕਰੀ ਛੱਡ ਕੇ ਤੇ ਆਪਣੇ ਨਾਲ ਸੁੰਦਰ ਹਿੰਦੂ ਕੁੜੀਆਂ ਲੈ ਕੇ ਵਾਪਸ ਘਰਾਂ ਨੂੰ ਚਲੇ ਗਏ ਤੇ ਬਾਦਸ਼ਾਹ ਨੂੰ ਹੋਰ ਫ਼ੌਜ ਭਰਤੀ ਕਰਨੀ ਪਈ।

ਸੱਚ ਸਾਨੂੰ ਆਪਣੇ ਦੇਸ਼ ਅਤੇ ਆਪਣੇ ਹਿੰਦੂ ਵਡਾਰੂਆਂ ਦੀ ਹਾਲਤ ਬਾਰੇ ਪੜ੍ਹ ਕੇ ਅਕਹਿ ਅਤੇ ਅਸਹਿ ਦੁੱਖ ਹੁੰਦਾ ਹੈ ਕਿ ਉਹਨਾਂ ਆਪਣੇ ਆਪ ਨੂੰ ਜ਼ਾਤਾਂ-ਪਾਤਾਂ, ਭਰਮਾਂ-ਭੁਲੇਖਿਆਂ ਝੂਠੀਆਂ ਤੇ ਫੋਕੀਆਂ ਸ਼ਾਨਾਂ ਸ਼ੌਕਤਾਂ ਤੇ ਵਿਤਕਰੇ ਦੀਆਂ ਘਾਤਕ ਘਾਣੀਆਂ ਤੇ ਅੱਗ ਲਾਣੀਆਂ ਬੇਅੰਤ ਸਮਾਜਕ ਸੂਰਲੀਆਂ ਦਾ ਸ਼ਿਕਾਰ ਬਣ ਕੇ ਆਪਣੇ ਘਰ ਦੇ ਚਤਰਵਰਣ ਦੇ ਦਵਾਖੇ ਤੇ ਧਰੇ ਹੋਏ ਦੀਵੇ ਦੀ ਲਾਟ ਨਾਲ ਆਪਣਾ ਘਰ ਹੀ ਸੜਵਾ ਲਿਆ ਅਤੇ ਸਾਡੇ ਇਤਿਹਾਸ ਤੋਂ ਕਦੀ ਵੀ ਨਾ ਮਿਟਣ ਵਾਲੀ ਕਾਲਖ ਆਪਣੀ ਹੱਥੀਂ ਆਪਣੇ ਮੂੰਹ ਤੇ ਮਲੀ। ਤਾਰੀਖ਼ ਦਸਦੀ ਹੈ ਕਿ ਇਕ ਵਾਰੀ ਅਲਾਉਦੀਨ ਖ਼ਿਲਜੀ ਨੇ ਆਪਣੇ ਕਾਜ਼ੀ ਨੂੰ ਪੁਛਿਆ ਕਿ ਇਸਲਾਮੀ ਆਈਨ ਅਨੁਸਾਰ ਹਿੰਦੂ ਕਾਫ਼ਰਾਂ ਨੂੰ ਕੀ ਸਜ਼ਾ ਦੇਣੀ ਚਾਹੀਦੀ ਹੈ? ਕਾਜ਼ੀ ਨੇ ਜਵਾਬ ਦਿੱਤਾ, "ਹਿੰਦੂ ਧਰਤੀ ਸਮਾਨ ਨੇ, ਜੇ ਇਨ੍ਹਾਂ ਤੋਂ ਚਾਂਦੀ ਮੰਗੀਏ ਤਾਂ ਇਹ ਸੋਨਾ ਦੇਣ ਅਤੇ ਜੇ ਕੋਈ ਮੁਸਲਮਾਨ ਹਿੰਦੂ ਦੇ ਮੂੰਹ 'ਚ ਥੁੱਕਣਾ ਚਾਹੇ ਤਾਂ ਹਿੰਦੂ ਨੂੰ ਆਪਣਾ ਮੂੰਹ ਇਸ ਮਤਲਬ ਲਈ ਖੋਲ੍ਹ ਦੇਣਾ ਚਾਹੀਦਾ ਹੈ। ਹਿੰਦੂ ਤਾਂ ਪੈਦਾ ਹੀ ਮੁਸਲਮਾਨਾਂ ਦੀ ਗ਼ੁਲਾਮੀ ਲਈ ਹੋਏ ਨੇ। ਹਜ਼ਰਤ ਮੁਹੰਮਦ ਸਾਹਿਬ ਦਾ ਫ਼ਰਮਾਨ ਹੈ ਕਿ ਜੇ ਹਿੰਦੂ ਇਸਲਾਮ ਕਬੂਲ ਨਾ ਕਰਨ ਤਾਂ ਉਨ੍ਹਾਂ ਨੂੰ ਕੈਦ ਕਰਨਾ, ਤੰਗ ਕਰਨਾ ਅਤੇ ਅੰਤ ਵਿੱਚ ਉਨ੍ਹਾਂ ਦਾ ਮਾਲ ਮਤਾਹ ਖੋਹ ਕੇ ਜਾਨੋਂ ਮਾਰ ਦੇਣਾ ਚਾਹੀਦਾ ਹੈ।" ਬਾਦਸ਼ਾਹ ਨੇ ਕਾਜ਼ੀ ਨੂੰ ਕਿਹਾ ਹਜ਼ੂਰ ਸ਼ਰਾਅ ਤੇ ਪੂਰੀ ਤਰ੍ਹਾਂ ਚਲਣਾ ਤਾਂ ਬੜਾ ਔਖਾ ਹੈ ਪਰ ਮੈਂ ਆਪਣੀ ਦੋ ਲੱਖ ਫ਼ੌਜ ਲੁੱਟ ਵਾਸਤੇ ਛੱਡੀ ਹੋਈ ਹੈ ਤਾਂ ਕਿ ਕੋਈ ਹਿੰਦੂ ਅੰਬ, ਖ਼ਰਬੂਜ਼ਾ, ਕਣਕ



Digitized by Panjab Digital Library | www.panjabdigilib.org

ਆਦਿ ਚੰਗੀ ਚੀਜ਼ ਨਾ ਖਾਏ। ਮੈਂ ਇਹ ਵੀ ਹੁਕਮ ਦਿੱਤਾ ਹੋਇਆ ਹੈ ਕਿ ਸੁਹਣੀਆਂ ਕੁੜੀਆਂ ਤੇ ਖ਼ੂਬਸੂਰਤ ਮੁੰਡੇ ਫੜ ਕੇ ਲੈ ਆਂਦੇ ਜਾਣ। ਤਾਰੀਖ਼ ਫ਼ਰਿਸ਼ਤਾ ਵਿੱਚ ਲਿਖਿਆ ਹੈ ਕਿ ਇਸ ਬਾਦਸ਼ਾਹ ਦੇ ਸਮੇਂ ਹਿੰਦੂ ਏਨੇ ਬੁਜ਼ਦਿਲ ਤੇ ਕਮਜ਼ੋਰ ਹੋ ਗਏ ਸਨ ਕਿ ਚੰਗੇ ਚੰਗੇ ਹਿੰਦੂ ਘਰਾਂ ਦੀਆਂ ਸੁੰਦਰ ਔਰਤਾਂ ਮੁਸਲਮਾਨਾਂ ਦੇ ਘਰਾਂ 'ਚ ਮਿਹਨਤ ਮਜ਼ਦੂਰੀ ਕਰਕੇ ਗੁਜ਼ਾਰਾ ਕਰਦੀਆਂ ਸਨ।

ਤੈਮੂਰ ਸ਼ਾਹ ਆਪਣੀ ਤਾਰੀਖ਼ ਵਿੱਚ ਲਿਖਦਾ ਹੈ ਕਿ ਉਸ ਦੇ ਹੁਕਮ ਨਾਲ ਇਲਾਕਾ ਦੀਪਾ-ਲਪੁਰ ਵਿੱਚ ਪੰਜ ਹਜ਼ਾਰ, ਅਯੁੱਧਿਆ ਵਿੱਚ ਚੌਦਾਂ ਹਜ਼ਾਰ, ਬਨਾਰਸ ਵਿੱਚ ਤੇਤੀ ਹਜ਼ਾਰ ਹਿੰਦੂ ਕਤਲ ਕੀਤੇ ਗਏ ਅਤੇ ਉਹਨਾਂ ਦੇ ਮੁੰਡੇ ਕੁੜੀਆਂ ਗੋਲੇ ਗੋਲੀਆਂ ਬਣਾਏ ਗਏ। ੨੯੦੦ ਹਿੰਦੂਆਂ ਨੂੰ ਕੋਠੀਆਂ ਵਿੱਚ ਬੰਦ ਕਰਕੇ ਸਾੜ ਦਿੱਤਾ ਗਿਆ। ਖ਼ਿਲਜੀਆਂ ਦੇ ਮਗਰੋਂ ਸਯਦਾਂ ਤੇ ਤੁਗ਼ਲਕਾਂ ਦਾ ਰਾਜ ਆ ਗਿਆ। ਵੀ. ਏ. ਸਮਿੱਥ ਆਪਣੀ ਪ੍ਰਸਿੱਧ ਇਤਿਹਾਸਕ ਕਿਰਤ, 'ਇੰਡੀਆ ਇੰਨ ਮੁਹੰਮਡਨ ਪੀਰੀਅਡ' ਦੇ ਸਫ਼ਾ ੨੫੦ ਤੇ ਲਿਖਦਾ ਹੈ ਕਿ ਇਨ੍ਹਾਂ ਖਾਨਦਾਨਾਂ ਦੇ ਰਾਜ ਵੀ ਤਅੱਸਬ, ਖ਼ੂਨਰੇਜ਼ੀ, ਜ਼ੁਲਮ ਤੇ ਮੱਕਾਰੀ ਦਾ ਦ੍ਰਿਸ਼ ਹੀ ਸਨ।

ਇਸ ਦੇ ਬਾਅਦ ਲੋਧੀਆਂ ਦਾ ਰਾਜ ਅਤੇ ਗੁਰੂ ਨਾਨਕ ਸਾਹਿਬ ਦੇ ਜਨਮ ਦਾ ਸਮਾਂ ਆ ਜਾਂਦਾ ਹੈ ਜਿਨ੍ਹਾਂ 'ਚੋਂ ਸਿਕੰਦਰ ਲੋਧੀ ਦਾ ਰਾਜ ੧੪੮੮ ਤੋਂ ੧੫੧੭ ਈਸਵੀ ਤਕ ਹੋਇਆ ਹੈ। ਚਲੋ ਮੈਂ ਥਾਂ ਦੀ ਥੁੜ ਦੇ ਕਾਰਨ ਬਹੁਤ ਸਾਰੇ ਇਤਿਹਾਸਕ ਹਵਾਲੇ ਨਹੀਂ ਦੇਂਦਾ। ਕੇਵਲ ਇਹ ਹੀ ਦਸਦਾ ਹਾਂ ਕਿ ਐਲਫ਼ਿਨਸਟੋਨ ਦੀ 'ਹਿਸਟਰੀ ਆਫ਼ ਇੰਡੀਆ' ਦੇ ਸਫ਼ਾ ੪੧੦ ਅਤੇ ਮੰਨੇ ਪਰਮੰਨੇ ਹਿੰਦੂ ਵਿਦਵਾਨ ਇਸ਼ਵਰੀ ਪ੍ਰਸ਼ਾਦ ਦੀ 'ਹਿਸਟਰੀ ਆਫ਼ ਮੈਡੀਵਲ ਇੰਡੀਆ' ਦੇ ਸਫ਼ਾ ੪੮੧ ਅਨੁਸਾਰ ਸਿਕੰਦਰ ਲੋਧੀ ਦੇ ਰਾਜ ਦੀ ਵਾਗਡੋਰ ਇਸਲਾਮੀ ਫ਼ਤਵਿਆਂ ਤੇ ਕਾਨੂੰਨ ਦੇ ਹੱਥ ਹੀ ਸੀ ਅਤੇ ਉਹ ਇਸਲਾਮ ਦਾ ਮਜ਼ੁਬ ਹਕੂਮਤ ਵਲੋਂ ਹਿੰਦੂਆਂ ਤੇ ਜ਼ਬਰਦਸਤੀ ਠੋਂਸਦਾ ਸੀ। ਇਸਦਾ ਮਜ਼ੁਬੀ ਤਅੱਸਬ ਏਨਾ ਜ਼ੋਰ ਫੜ ਗਿਆ ਕਿ ਐਲਫ਼ਿਨਸਟੋਨ ਅਨੁਸਾਰ ਇਕ ਵਾਰ ਇਕ ਬੂਦਾਨ ਨਾਮੀ ਬ੍ਰਾਹਮਣ ਨੂੰ ਜੋ ਇਹ ਪਰਚਾਰ ਕਰਦਾ ਸੀ ਕਿ ਸੱਚੇ ਦਿਲੋਂ ਭਾਵੇਂ ਕਿਸੇ ਧਰਮ ਨੂੰ ਮੰਨੀਏ, ਕੋਈ ਫ਼ਰਕ ਨਹੀਂ ਕਿਉਂਕਿ ਸਾਰੇ ਧਰਮ ਰੱਬ ਦੇ ਇਕੋ ਜਿੰਨੇ ਹੀ ਨੇੜੇ ਹਨ। ਮੁੱਲਾਂ ਮੌਲਾਣੇ ਭਲਾ ਇਸ ਗੱਲ ਨੂੰ ਕਦੋਂ ਬਰਦਾਸ਼ਤ ਕਰਦੇ ਸਨ? ਇਹ ਤਾਂ ਕੇਵਲ ਇਸਲਾਮ ਨੂੰ ਹੀ ਰੱਬ ਦੇ ਸਭ ਤੋਂ ਨੇੜੇ ਸਮਝਦੇ ਸਨ। ਇਸ ਲਈ ਉਸ ਬ੍ਰਾਹਮਣ ਨੂੰ ਬਾਰਾਂ ਮੁੱਲਾਂ ਦੀ ਹਾਜ਼ਰੀ ਵਿੱਚ ਸਿਕੰਦਰ ਲੋਧੀ ਦੇ ਪੇਸ਼ ਕੀਤਾ ਗਿਆ। ਉਸ ਨੂੰ ਆਪਣੇ ਅਕੀਦੇ ਤੋਂ ਬਾਜ਼ ਔਣ ਲਈ ਇਸਲਾਮ ਦੀ ਸਰੇਸ਼ਟਤਾ ਮੰਨਣ ਲਈ ਮਜਬੂਰ ਕੀਤਾ ਗਿਆ ਪਰ ਉਹ ਨਾ ਮੰਨਿਆ ਤੇ ਆਪਣੇ ਅਸੂਲ ਤੇ ਡਟਿਆ ਰਿਹਾ ਜਿਸ ਕਰਕੇ ਉਸ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਅਤੇ ਮੁੱਲਿਆਂ ਨੂੰ ਇਨਾਮ ਇਕਰਾਮ ਦਿੱਤੇ ਗਏ। ਮੈਂ ਮੰਨਦਾ ਹਾਂ ਕਿ ਉਸ ਬ੍ਰਾਹਮਣ ਦਾ ਦਰਜਾ ਸ਼ਹੀਦ ਦਾ ਹੈ। ਸਿਕੰਦਰ ਲੋਧੀ ਏਨਾ ਮੁਤਅਸਬ ਹੋ ਗਿਆ ਸੀ ਕਿ ਉਹ ਲਖਨਊ ਦੇ ਗਵਰਨਰ ਅਹਿਮਦ ਖਾਂ ਨੂੰ ਤਲਵਾਰ ਖਿੱਚ ਕੇ ਪੈ ਗਿਆ ਤੇ ਫਿਰ ਉਸ ਨੂੰ ਏਸੇ ਲਈ ਕੈਦ ਕਰ ਦਿੱਤਾ ਸੀ ਕਿ ਉਹ ਹਿੰਦੂਆਂ ਨੂੰ ਤੰਗ ਕਿਉਂ ਨਹੀਂ ਕਰਦਾ ਅਤੇ ਹਿੰਦੂ ਧਰਮ ਨੂੰ ਬਰਦਾਸ਼ਤ ਕਿਉਂ ਕਰਦਾ ਹੈ।

ਸਾਨੂੰ ਇਹ ਗੱਲ ਯਾਦ ਕਰਨੀ ਚਾਹੀਦੀ ਹੈ ਕਿ ਏਥੇ ਮੁਤਅੱਸਬ ਤੇ ਜ਼ਾਲਮ ਬਾਦਸ਼ਾਹ ਦੇ



Digitized by Panjab Digital Library | www.panjabdigilib.org

ਰਾਜ ਦੇ ਸਮੇਂ ਹੀ ਗੁਰੂ ਨਾਨਕ ਸਾਹਿਬ ਨੇ ਉੱਚੀ ਉੱਚੀ ਹੋਕਾ ਦੇ ਕੇ ਆਖਿਆ ਸੀ, "ਨ ਕੋਈ ਹਿੰਦੂ ਨ ਮੁਸਲਮਾਨ" ਕਿਉਂਕਿ ਸਾਰੇ ਮਨੁੱਖ ਇਕ ਰੱਬ-ਪਿਤਾ ਦੇ ਇਕੋ ਜਿਹੇ ਪੁੱਤਰ ਹਨ ਅਤੇ ਨਿਬੇੜੇ ਅਮਲਾਂ ਤੇ ਹੁੰਦੇ ਨੇ ਨਾ ਕਿ ਮਜ਼ਬਾਂ, ਮਿਲਤਾਂ, ਮੁਲਕਾਂ, ਮਿਲਖਾਂ ਤੇ ਮਹਾਨ ਮੱਲਾਂ ਦੇ ਲਿਹਾਜ਼ ਨਾਲ, ਜਿਵੇਂ ਕਿ ਕਹਿੰਦੇ ਨੇ, "ਰੱਬ ਘਰ ਮੁਲ ਪੈਂਦਾ ਹੈ ਕਮਾਈ ਦਾ ਉਥੇ ਜ਼ਾਤ ਪਾਤ ਨੂੰ ਤਾਂ ਪੁੱਛਦਾ ਨ ਕੋਈ ਜੀ", ਪਰ ਮੁਸੀਬਤ ਇਹ ਸੀ ਕਿ ਅਮਲਾਂ ਦੀ ਕਮਾਈ ਦੀ ਪੁੱਛ-ਗਿੱਛ ਹੀ ਕੋਈ ਨਹੀਂ ਸੀ ਕਿਉਂਕਿ ਹਿੰਦੂ, ਛੂਤ-ਛਾਤ ਤੇ ਜ਼ਾਤ-ਪਾਤ ਦੇ ਜ਼ਹਿਰ ਨਾਲ ਡੰਗੇ ਹੋਏ ਅਧਮੋਏ ਹੋ ਚੁੱਕੇ ਸਨ ਤੇ ਮੁਸਲਮਾਨ ਮਜ਼ਬੀ ਤਅੱਸਬ ਤੇ ਰਾਜਸੀ ਤਾਕਤ ਦੇ ਜ਼ੋਰ ਤੇ ਨਸ਼ੇ ਨਾਲ ਅੰਨ੍ਹੇ ਹੋਏ ਹੋਏ ਸਨ

ਇਹ ਸਮਾਂ ਬੜਾ ਭਿਆਨਕ ਸੀ। ਤਾਰਾ ਚੰਦ, ਹਿੰਦੁਸਤਾਨ ਦਾ ਪਰਸਿੱਧ ਇਤਿਹਾਸਕਾਰ ੧੯੬੩ ਵਿੱਚ ਅਲਾਹਆਬਾਦ ਤੋਂ ਛਪੀ ਕਿਤਾਬ, 'ਇੰਨਫਲੂਏਂਸ ਆਫ਼ ਇਸਲਾਮ ਆਨ ਇੰਡੀਅਨ ਕਲਚਰ' ਦੇ ਸਫ਼ਾ ੧੬੮, 'ਗੁਰੂ ਨਾਨਕ' ਨਾਮੀ ਕਾਂਡ ਵਿੱਚ ਲਿਖਦਾ ਹੈ ਕਿ ਉਸ ਸਮੇਂ ਇਸਲਾਮ ਦਾ ਚੁਪਾਸੇ ਬੋਲਬਾਲਾ ਸੀ ਅਤੇ ਮੁਸਲਮਾਨ ਪੀਰਾਂ ਫਕੀਰਾਂ ਦਾ ਪਰਭਾਵ ਬੜਾ ਡੂੰਘਾ ਸੀ। ਉਸ ਦੇ ਸ਼ਬਦ ਹਨ, "ਪੰਜਾਬ ਉਸ ਮੁੱਖ ਰਾਹ ਤੇ ਸੀ ਜਿਸ ਰਾਹੀਂ ਮੁਸਲਮਾਨਾਂ ਦੇ ਹਥਿਆਰ ਤੇ ਸਭਿਅਤਾ ਹਿੰਦੁਸਤਾਨ ਵਿੱਚ ਆਉਂਦੇ ਸਨ। ਪੰਦਰਵੀਂ ਸਦੀ ਵਿੱਚ ਇਹ ਪਰਾਂਤ ਹੋਰ ਹਿੱਸਿਆਂ ਨਾਲੋਂ ਕਾਫ਼ੀ ਪਹਿਲਾਂ ਮੁਸਲਮਾਨੀ ਰਾਜ ਹੇਠ ਸੀ। ਸ਼ਹਿਰ ਤੇ ਪਿੰਡ ਮੁਸਲਮਾਨ ਪੀਰਾਂ, ਫ਼ਕੀਰਾਂ ਨਾਲ ਭਰੇ ਪਏ ਸਨ। ਪਾਨੀਪਤ, ਸਰਹੰਦ, ਪਾਕਪਟਨ, ਮੁਲਤਾਨ ਤੇ ਉੱਚ ਉਹ ਥਾਵਾਂ ਸਨ ਜਿਥੇ ਮਸ਼ਹੂਰ ਸੂਫ਼ੀ ਸ਼ੇਖ਼ ਆਪਣੇ ਜੀਵਨ ਬਤੀਤ ਕਰ ਚੁੱਕੇ ਸਨ ਅਤੇ ਬਾਬਾ ਫ਼ਰੀਦ, ਅੱਲਾ-ਉੱਲ-ਹੱਕ, ਜਲਾਲੁਦੀਨ ਬੁਖਾਰੀ ਮਖ਼ਦੂਮ ਜ਼ਹਾਨੀਅਤ ਤੇ ਸ਼ੇਖ ਇਸਮਾਈਲ ਬੁਖਾਰੀਤ ਆਦਿ ਦੇ ਨਾਂ ਪਵਿਤਰਤਾ ਅਤੇ ਇਬਾਦਤ ਦੇ ਕਾਰਨ ਘਰ ਘਰ ਜਾਣੇ ਜਾ ਚੁੱਕੇ ਸਨ"। ਇਸ ਲਈ ਕਿਸੇ ਨਵੀਂ ਆਤਮਕ ਹਸਤੀ ਲਈ ਆ ਕੇ ਇਹੋ ਜਿਹੇ ਧਾਰਮਕ, ਰਾਜਸੀ, ਸਭਿਆਚਾਰਕ ਅਤੇ ਆਰਥਕ ਆਲੇ ਦੁਆਲੇ 'ਚ ਸੱਚ ਤੇ ਵਹਦਤ ਦਾ ਡੰਕਾ ਵਜਾਣਾ ਸੌਖੀ ਗੱਲ ਨਹੀਂ ਸੀ ਕਿਉਂਕਿ ਇਹ ਕੰਮ ਕਿਸੇ ਸਾਧਾਰਨ ਵਿਅਕਤੀ ਦਾ ਨਹੀਂ ਸੀ।

ਗੁਰੂ ਨਾਨਕ ਨੇ ਕਰਤਾਰਪੁਰ ਵਿੱਚ ਵੱਸਨ ਦੇ ਬਾਅਦ ਆਪਣੇ ਟਿਕਵੇਂ ਜੀਵਨ ਦੇ ਪਹਿਲੇ ਸਾਲ ਹੀ ਬਾਬਰ ਦਾ ੧੫੨੧ ਦਾ ਹਮਲਾ ਵੇਖਿਆ ਸੁਣਿਆ ਤੇ ਫਿਰ ੧੫੨੬ ਦੇ ਹਮਲੇ ਬਾਰੇ ਤੇ ਅੱਗੇ ਹੀ ਕਾਫੀ ਕੁਝ ਕਿਹਾ ਜਾ ਚੁੱਕਾ ਹੈ। ਬਾਬਰ ਕਿਹੜਾ ਫ਼ਰਾਖ਼ਦਿਲ ਬਾਦਸ਼ਾਹ ਸੀ। ਮਜ਼ਬੀ ਤਅੱਸਬ ਦਾ ਬੁਖ਼ਾਰ ਤੇ ਉਹਨੂੰ ਵੀ ਬੜਾ ਤੇਜ਼ ਚੜ੍ਹਿਆ ਹੋਇਆ ਸੀ।

ਧਰਮ ਤੇ ਸੰਸਾਰ ਦੀ ਅਨੇਕਤਾ ਚੋਂ ਏਕਤਾ ਦੀ ਭਾਲ ਦਾ ਨਾਂ ਹੈ। ਪਰ ਇਸਲਾਮ ਦਾ ਤੇ ਦਾਅਵਾ ਹੀ ਇਹ ਹੈ ਕਿ ਸਿਰਫ਼ ਹਜ਼ਰਤ ਮੁਹੰਮਦ ਸਾਹਿਬ ਦਾ ਚਲਾਇਆ ਮਜ਼ਬ ਹੀ ਸੱਚਾ ਹੈ ਤੇ ਦੂਜੇ ਧਰਮ ਰੱਬ ਤੋਂ ਬੜੇ ਦੂਰ ਨੇ। ਮੁਸਲਮਾਨਾਂ ਦਾ ਵਾਰ ਵਾਰ ਤੇ ਵਿੱਦ ਵਿੱਦ ਕੇ ਹਿੰਦੁਸਤਾਨ ਤੇ ਚੜ੍ਹਾਈ ਕਰਨਾ ਨਿਰਾ ਲੁੱਟ-ਖਸੁੱਟ ਨਾਲ ਉਨ੍ਹਾਂ ਦੀਆਂ ਝੋਲੀਆਂ ਹੀ ਨਹੀਂ ਸੀ ਭਰਦਾ, ਉਨ੍ਹਾਂ ਦੀ ਤਲਵਾਰ ਦੀ ਧਾਰ ਹੇਠ ਮਾਰੇ ਹੋਏ ਹਿੰਦੂ ਜਾਂ ਡਰਕੇ ਇਸਲਾਮ ਦੇ ਹੈਦਰੀ ਝੰਡੇ ਹੇਠ ਆਏ ਹੋਏ, ਸਭ ਉਹਨਾਂ ਨੂੰ ਬਹਿਸ਼ਤ ਦੇ ਦਰਵਾਜ਼ੇ 'ਚੋਂ ਲੰਘਾ ਕੇ ਹੂਰਾਂ ਮਾਣਨ ਦੇ ਭਾਗੀ ਬਣਾਂਦੇ ਸਨ।



Digitized by Panjab Digital Library | www.panjabdigilib.org

ਇਨ੍ਹਾਂ ਨੂੰ ਉਨ੍ਹਾਂ ਦਾ ਮਜ਼੍ਹਬ ਬੇਗੁਨਾਹ ਲੋਕਾਂ ਦੇ ਘਰ ਘਾਟ ਲੁੱਟਣ, ਸਾੜਣ, ਢਾਹੁਣ ਤੇ ਮਾਸੂਮ ਬੱਚਿਆਂ ਤੇ ਇਸਤਰੀਆਂ ਨੂੰ ਇਸਲਾਮ ਨ ਕਬੂਲ ਕਰਨ ਦੇ ਦੋਸ਼ ਵਿਚ ਕਤਲ ਕਰਨ ਦੀ ਸਿਰਫ਼ ਪਰਵਾਨਗੀ ਹੀ ਨਹੀਂ, ਸਵਾਬ ਵੀ ਦੇਂਦਾ ਸੀ। ਪਰ ਦੂਜੇ ਪਾਸੇ ਏਥੋਂ ਦੇ ਹਿੰਦੂ ਜ਼ਾਤ-ਪਾਤ ਤੇ ਛੂਤ-ਛਾਤ ਅਤੇ ਕਈ ਹੋਰ ਤਰੀਕਿਆਂ ਨਾਲ ਏਥੋਂ ਦੇ ਗ਼ਰੀਬ ਲੋਕਾਂ ਤੇ ਅਲੌਕਕ ਜ਼ੁਲਮ ਕਰਦੇ ਸਨ ਪਰ ਵੈਸੇ ਜੂੰ, ਜੋਕ, ਸੱਪ ਤੇ ਠੂਹੇ ਨੂੰ ਮਾਰਨਾ ਵੀ ਪਾਪ ਸਮਝਦੇ ਸਨ। ਏਸੇ ਲਈ ਮੁਸਲਮਾਨ ਹਮਲਾਆਵਰ ਇਨ੍ਹਾਂ ਦੀਆਂ ਜਵਾਨ ਬਹੂ-ਬੇਟੀਆਂ ਤੇ ਧਨ ਦੌਲਤ ਦੀ ਕਮਾਈ ਨੂੰ ਹਰ ਸਾਲ ਪੱਕੀ ਫ਼ਸਲ ਸਮਝ ਕੇ ਵਢਣ, ਲਿਤਾੜਨ ਤੇ ਲੈਣ ਆ ਜਾਂਦੇ ਸਨ। ਸਯਦ ਮੁਹੰਮਦ ਲਤੀਫ਼ ਆਪਣੀ ਕਿਤਾਬ, 'ਹਿਸਟਰੀ ਆਫ਼ ਦਾ ਪੰਜਾਬ' ਦੇ ਸਫ਼ੇ ੭੫-੭੬ ਤੇ ਲਿਖਦਾ ਹੈ ਕਿ ਇਸਲਾਮ ਦੀ ਬੁਨਿਆਦ ਹਜ਼ਰਤ ਮੁਹੰਮਦ ਸਾਹਿਬ ਨੇ ਰਖੀ ਜੋ, "ਅਰਬ ਦੇ ਕੁਰੇਸ਼ ਕਬੀਲੇ ਦਾ ਸੀ ਤੇ ਜਿਸ ਨੇ ਆਪਣੇ ਵਤਨੀਆਂ ਨੂੰ ਦਸਿਆ ਸੀ ਕਿ ਉਸ ਦੇ ਮਜ਼੍ਹਬ ਦਾ ਉਸ ਨੂੰ ਰੱਬ ਵਲੋਂ ਇਲਹਾਮ ਹੋਇਆ ਹੈ ਜਿਸ ਨੂੰ ਉਸ ਨੇ ਤਲਵਾਰ ਨਾਲ ਫੈਲਾਣਾ ਹੈ। ਹਜ਼ਰਤ ਮੁਹੰਮਦ ਸਾਹਿਬ ਨੇ ਆਪਣਾ ਮਜ਼੍ਹਬ ਤਲਵਾਰ ਨਾਲ ਫੈਲਾਇਆ ਜੋ ਉਸ ਅਨੁਸਾਰ ਬਹਿਸ਼ਤ ਦੋਜ਼ਖ ਦੀ ਕੁੰਜੀ ਹੈ। ਰੱਬ ਦੀ ਖ਼ਾਤਿਰ ਖ਼ੂਨ ਦਾ ਇਕ ਡੋਹਲਿਆ ਹੋਇਆ ਚੋਇਆ, ਲੜਾਈ ਵਿੱਚ ਇਕ ਗੁਜ਼ਾਰੀ ਹੋਈ ਰਾਤ ਮੋਮਨ ਵਾਸਤੇ ਦੋ ਮਹੀਨਿਆਂ ਦੇ ਰੋਜ਼ਿਆਂ ਅਤੇ ਨਿਮਾਜ਼ਾਂ ਤੋਂ ਜ਼ਿਆਦਾ ਲਾਭਦਾਇਕ ਹੈ। ਏਸੇ ਕਿਤਾਬ ਦੇ ਸਫ਼ਾ ੨੪੦ ਤੇ ਗੁਰੂ ਸਾਹਿਬ ਦੇ ਸਮੇਂ ਦਾ ਜ਼ਿਕਰ ਕਰਦਿਆਂ ਲਿਖਦਾ ਹੈ, "ਉਨ੍ਹਾਂ ਦਿਨਾਂ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੇ ਵਿਚਕਾਰ ਬੜੀ ਨਫ਼ਰਤ ਤੇ ਸਾੜਾ ਸੀ ਅਤੇ ਸਾਰੀ ਗ਼ੈਰ ਮੁਸਲਮ ਆਬਾਦੀ ਮੁਸਲਮਾਨਾਂ ਦੇ ਅਧੀਨ ਤੇ ਅਤਿਆਚਾਰ ਦੀ ਭਾਗੀ ਸੀ।"

ਸਰ ਗੋਕਲ ਚੰਦ ਨਾਰੰਗ ਨੂੰ ਵਿਦਵਾਨਾਂ ਅਤੇ ਪੰਜਾਬ ਦੇ ਆਰਆ ਸਮਾਜੀਆਂ ਦੋਹਾਂ ਵਿੱਚ ਬੜੀ ਪਰਸਿੱਧਤਾ ਹਾਸਲ ਸੀ। ਉਸ ਦੀ ਕਿਤਾਬ, 'ਟਰਾਂਸਫ਼ਾਰਮੇਸ਼ਨ ਆਫ ਸਿੱਖਇਜ਼ਮ' ਨੇ ਤਾਂ ਉਸ ਨੂੰ ਅਮਰ ਬਣਾ ਦਿੱਤਾ ਹੈ। ਇਸ ਕਿਤਾਬ ਦੀ ਪੰਜਵੀਂ ਐਡੀਸ਼ਨ ਦੇ ਸਫ਼ਾ ੧੩ ਤੇ ਲਿਖਿਆ ਹੈ, "ਪੰਜਾਬ ਦੇ ਹਿੰਦੂ ਗੁਰੂ ਨਾਨਕ ਤੇ ਦੂਸਰੇ ਸਿੱਖ ਗੁਰੂਆਂ ਨੂੰ ਕਦੀਂ ਭੁੱਲ ਨਹੀਂ ਸਕਦੇ ਜਿਨ੍ਹਾਂ ਤੋਂ ਉਨ੍ਹਾਂ ਨੂੰ ਆਤਮਕ ਰੰਗ ਵਿੱਚ ਰਤੀ ਹੋਈ ਸਹਾਇਤਾ ਉਨ੍ਹਾਂ ਨੂੰ ਸਖ਼ਤ ਲੋੜ ਦੇ ਸਮੇਂ ਮਿਲੀ।" ਇਹ ਨਾਮਵਰ ਲੇਖਕ ਸਿੱਖੀ ਸ਼ਰਧਾ ਤੇ ਵਿਸ਼ਵਾਸ਼ ਅਨੁਸਾਰ ਦਸਾਂ ਸਿੱਖ ਗੁਰੂਆਂ ਨੂੰ ਇਕੋ ਜੋਤ ਸਮਝਦਾ ਹੈ। ਸਫ਼ਾ ੧੮ ਤੇ ਕਿਹਾ ਸੁਹਣਾ ਆਖਦਾ ਹੈ, "ਜਿਹੜਾ ਬੀਜ ਗੁਰੂ ਗੋਬਿੰਦ ਸਿੰਘ ਦੇ ਸਮੇਂ ਫੁੱਲ ਬਣ ਕੇ ਖਿੜਿਆ ਸੀ ਉਹ ਗੁਰੂ ਨਾਨਕ ਨੇ ਬੀਜਿਆ ਸੀ ਤੇ ਉਸ ਨੂੰ ਦੂਜੇ ਸਿੱਖ ਗੁਰੂਆਂ ਨੇ ਪਾਣੀ ਦਿੱਤਾ ਸੀ। ਜਿਸ ਤਲਵਾਰ ਨੇ ਖ਼ਾਲਸਾ ਪੰਥ ਦਾ ਪੰਥ ਉਲੀਕਿਆ ਸੀ ਉਹ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਨੇ ਘੜੀ ਸੀ ਪਰ ਉਸ ਦਾ ਲੋਹਾ ਗੁਰੂ ਨਾਨਕ ਨੇ ਦਿੱਤਾ ਸੀ ਜਿਹੜਾ ਉਨ੍ਹਾਂ ਹਿੰਦੂ ਜਾਤੀ ਦੇ ਜੀਵਨ ਦੀ ਕੱਚੀ ਧਾਤ ਤੋਂ ਗੰਦ-ਮੰਦ, ਸਿਥਲਤਾ, ਪੁਜਾਰੀਆਂ ਦੀ ਵਹਿਮ ਪ੍ਰਸਤੀ ਅਤੇ ਬਾਹਰਲੇ ਸ਼ੋਸ਼ੇ ਮੋਸ਼ੇ ਨੂੰ ਸਾੜ ਕੇ ਤਿਆਰ ਕੀਤਾ ਸੀ'।

ਨਾਰੰਗ ਸਾਹਿਬ ਸਫ਼ਾ ੧੯੪ ਤੇ ਲਿਖਦੇ ਨੇ, "ਧਰਮ ਬਦਲੀ ਭਾਵ ਹਿੰਦੂ ਤੋਂ ਮੁਸਲਮਾਨ ਬਣਨ ਦੀ ਲਹਿਰ ਬੜੀ ਤੇਜ਼ ਸੀ ਅਤੇ ਉਸ ਦਾ ਸਭ ਤੋਂ ਜ਼ਿਆਦਾ ਜ਼ੋਰ ਪੰਜਾਬ ਵਿੱਚ ਸੀ। ਹਿੰਦੂਆਂ ਦੇ ਮੰਦਰ ਢਾਹ-ਢੇਰੀ ਕਰ ਦਿੱਤੇ ਗਏ ਸਨ। ਹਿੰਦੂਆਂ ਦੇ ਵਿਦਿਅਕ ਕੇਂਦਰਾਂ ਨੂੰ ਮਸੀਤਾਂ ਬਣਾਇਆ ਗਿਆ ਸੀ। ਹਿੰਦੂਆਂ ਦੀ ਮਹੱਤਤਾ ਦਾ ਹਰ ਨਿਸ਼ਾਨ ਮਿਟਾਇਆ ਜਾ ਚੁੱਕਾ ਸੀ।



Digitized by Panjab Digital Library | www.panjabdigilib.org

ਰਾਜੇ ਅਨੰਗਪਾਲ ਦਾ ਰਾਜ ਖੁੱਸਣ ਤੋਂ ਬਾਅਦ ਸਾਢੀਆਂ ਚਾਰ ਸਦੀਆਂ ਗੁਰੂ ਨਾਨਕ ਦੇ ਜਨਮ ਤਕ ਗੁਰੂ ਨਾਨਕ ਦੇ ਨਾਂ ਤੋਂ ਬਿਨਾਂ ਪੰਜਾਬ ਦੇ ਇਤਿਹਾਸ ਵਿਚੋਂ ਕਿਸੇ ਹੋਰ ਹਿੰਦੂ ਦਾ ਜ਼ਿਕਰ ਹੀ ਨਹੀਂ ਆਉਂਦਾ।''

ਸਾਡੇ ਸਮਾਜ ਨੇ ਕਰੋੜਾਂ ਗ਼ਰੀਬ ਲੋਕਾਂ ਨੂੰ ਡੀਪ੍ਰੈਸਡ ਕਲਾਸਿਜ਼ ਦਾ ਨਾਂ ਦਿੱਤਾ ਹੋਇਆ ਹੈ, ਪਰ ਨਾਰੰਗ ਸਾਹਿਬ ਉਸ ਸਮੇਂ ਦੇ ਹਿੰਦੂਆਂ ਨੂੰ 'ਡੀਪ੍ਰੈਸਡ' ਸ਼ਬਦ ਵਰਤ ਕੇ ਸਫ਼ਾ ੨੩ ਤੇ ਲਿਖਦੇ ਨੇ, ''ਗੁਰੂ ਨਾਨਕ ਸਾਹਿਬ ਦੀਆਂ ਉਸ ਸਮੇਂ ਦੀ ਦਬੀ ਹੋਈ ਆਚਾਰਹੀਣ, ਵਹਿਮੀ ਅਤੇ ਪੁਜਾਰੀਆਂ ਪਿੱਛੇ ਲੱਗੀ ਹੋਈ ਹਿੰਦੂ ਕੌਮ ਨੂੰ ਜਗਾਣ ਦੇ ਮਹਾਨ ਕੰਮ ਲਈ ਯੋਗਤਾਵਾਂ ਅੱਜ ਦੇ ਸੁਧਾਰਕ 'ਚੋਂ ਨਹੀਂ ਲਭਦੀਆਂ।''

ਸਵਾਮੀ ਧਰਮਾਂ ਤੀਰਥਾ ਦੀ ਕਿਤਾਬ, ''ਦਾ ਮੈਨੇਸ ਆਫ਼ ਹਿੰਦੂ ਇੰਮਪੀਰੀਅਲਿਜ਼ਮ' ਜੋ ਲਾਹੌਰ ਤੋਂ ੧੯੪੬ ਵਿਚ ਛਪੀ ਸੀ, ਹਰ ਦੇਸ਼ ਪਿਆਰ ਵਾਲੇ ਤੇ ਸੱਚ ਸੁਣਨ ਤੇ ਕਹਿਣ ਵਾਲੇ ਭਾਰਤੀ ਲਈ ਪੜ੍ਹਨੀ ਬੜੀ ਲਾਭਦਾਇਕ ਹੈ। ਉਸ ਨੇ ਤਾਂ ਚੌਧਵੇਂ ਕਾਂਡ ਦਾ ਨਾਂ ਹੀ ਰਖਿਆ ਹੈ, ''ਸੇਵਡ ਫ਼ਰਾਮ ਬ੍ਰਾਹਮਣਇਜ਼ਮ ਦਾ ਸਿੱਖਸ''। ਇਸ ਕਿਤਾਬ ਦੇ ਸਫ਼ਾ ੧੬੦ ਤੇ ਲਿਖਿਆ ਹੈ, ''ਕਿਸੇ ਨਾ ਕਿਸੇ ਤਰ੍ਹਾਂ ਇਕ ਨਵੀਂ ਰੌ ਅਤੇ ਨਵੀਂ ਕੌਮ ਦਾ ਬਾਨੀ ਬਣਨਾ ਗੁਰੂ ਨਾਨਕ ਵਾਸਤੇ ਨਿਯੁਕਤ ਸੀ ਜੋ ਉਸ ਸਮੇਂ ਦੇ ਹਿੰਦੂਆਂ ਦੀਆਂ ਕਮਜ਼ੋਰੀਆਂ ਅਤੇ ਵਹਿਮਾਂ ਤੋਂ ਆਜ਼ਾਦ ਸੀ।''

ਯੂ. ਐਨ. ਓ. ਦੇ ਯੂਨੈਸਕੋ ਵਿਭਾਗ ਨੇ, ''ਦਾ ਸੇਕ੍ਰਿਡ ਰਾਈਟਿੰਗਜ਼ ਆਫ਼ ਦਾ ਸਿੱਖਸ'' ੧੯੬੦ ਵਿੱਚ ਛਾਪੀ ਹੈ। ਡਾਕਟਰ ਰਾਧਾ ਕ੍ਰਿਸ਼ਨਾ, ਭਾਰਤ ਦੇ ਸਾਬਕ ਪ੍ਰਧਾਨ, ਸੰਸਾਰ ਵਿੱਚ ਮੰਨੇ ਹੋਏ ਵਿਦਵਾਨ, ਬੁਲਾਰੇ ਤੇ ਫ਼ਿਲਾਸਫਰ ਹਨ। ਹਿੰਦੂ ਧਰਮ, ਸਭਿਤਾ ਅਤੇ ਫ਼ਿਲਾਸਫ਼ੀ ਦੇ ਖੇਤਰ ਵਿੱਚ ਉਹਨਾਂ ਦੀ ਵਿਦਵਤਾ ਲਾਸਾਨੀ ਹੈ। ਉਹ ਗੁਰੂ ਨਾਨਕ ਸਾਹਿਬ ਦੇ ਸਮੇਂ ਬਾਰੇ ਸਫ਼ਾ ੧੮ ਤੇ ਲਿਖਦੇ ਨੇ, ''ਹਿੰਦੂ ਨੇਤਾਵਾਂ ਵਿਚ ਆਮ ਲੋਕਾਂ ਨੂੰ ਜੋ ਵਹਿਮ ਪ੍ਰਸਤੀ ਅਤੇ ਪਦਾਰਥ ਪੂਜਾ ਵਿਚ ਗ਼ਰਕ ਸਨ, ਜੀਵਨ ਦੀਆਂ ਸਚਾਈਆਂ ਦੱਸਣ ਬਾਰੇ ਬੜੀ ਅਣਗਹਿਲੀ ਸੀ। ਧਰਮ ਕੇਵਲ ਜ਼ਾਤ-ਪਾਤ ਦੇ ਵਿਤਕਰੇ ਅਤੇ ਖਾਣ ਪੀਣ ਦੀਆਂ ਮਨਾਹੀਆਂ ਵਿੱਚ ਹੀ ਪਰੇਸ਼ਾਨ ਹੋ ਕੇ ਰਹਿ ਗਿਆ ਸੀ। ਮੁਸਲਮਾਨ ਵੀ ਵਹਿਮ ਪ੍ਰਸਤੀ ਦਾ ਸ਼ਿਕਾਰ ਸਨ ਅਤੇ ਕਈ ਲੀਡਰਾਂ ਨੂੰ ਤੇ ਤੰਗਦਿਲੀ ਦੀ ਬੀਮਾਰੀ ਵੀ ਸੀ''।

ਏਸੇ ਤਰ੍ਹਾਂ ਸਫ਼ਾ ਅਠਾਰਾਂ ਤੇ ਉਹ ਅੱਗੇ ਜਾ ਕੇ ਲਿਖਦੇ ਨੇ, ''ਗੁਰੂ ਨਾਨਕ ਸਾਹਿਬ ਧਰਮ ਅਤੇ ਮਨੁੱਖਤਾ ਨੂੰ ਨਵੀਨਤਾ ਅਤੇ ਨਰੋਆਪਨ ਦੇਣ ਲਈ ਉਦੋਂ ਪਰਗਟ ਹੋਏ ਜਦੋਂ ਲੋਕ ਸਫਲਤਾ ਦੀ ਪਰਾਪਤੀ ਦੀ ਅਸੰਭਵਤਾ ਤੋਂ ਭਲੀ-ਭਾਂਤ ਜਾਣੂ ਸਨ। ਉਨ੍ਹਾਂ ਨੇ ਕਿਸੇ ਨਵੇਂ ਧਰਮ ਜਾਂ ਕੌਮ ਦੀ ਨੀਂਹ ਨਹੀਂ ਸੀ ਰਖੀ। ਇਹ ਕੰਮ ਉਨ੍ਹਾਂ ਦੇ ਬਾਅਦ ਆਉਣ ਵਾਲੇ ਗੁਰੂਆਂ ਨੇ ਕੀਤੇ, ਖਾਸ ਕਰਕੇ ਪੰਜਵੇਂ ਗੁਰੂ ਨੇ। ਗੁਰੂ ਨਾਨਕ ਨੇ ਸਵੈਮਾਨ, ਰੱਬ ਦੀ ਸ਼ਰਧਾ, ਲੀਡਰਾਂ ਲਈ ਵਫ਼ਾਦਾਰ, ਸਮਾਨਤਾ ਅਤੇ ਸਰਬ-ਸਾਂਝੇ ਭਰੱਪਣ ਵਾਲੇ ਮਰਦਾਂ ਤੇ ਇਸਤਰੀਆਂ ਦੀ ਕੌਮ ਬਣਾਨ ਦਾ ਯਤਨ ਕੀਤਾ।''

ਸਮਾਂ ਇਕ ਅਟੁੱਟ ਇਕਾਈ ਹੈ। ਭਾਵੇਂ ਮਨੁੱਖ ਨੇ ਉਸ ਨੂੰ ਭੂਤ, ਵਰਤਮਾਨ ਅਤੇ ਭਵਿਖ ਆਦਿ ਦੇ ਨਾਵਾਂ ਤੇ ਹੱਦਾਂ ਵਿੱਚ ਵੰਡਿਆ ਹੋਇਆ ਹੈ, ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ



Digitized by Panjab Digital Library | www.panjabdigilib.org

ਸਕਦਾ ਕਿ ਵਰਤਮਾਨ ਭੂਤਕਾਲ ਦੀ ਉਪਜ ਹੈ ਅਤੇ ਭਵਿੱਖ ਵਰਤਮਾਨ ਦੀ ਔਲਾਦ। ਏਸੇ ਤਰ੍ਹਾਂ ਕਿਸੇ ਵੀ ਵਿਅਕਤੀ ਨੂੰ ਸਮੇਂ ਤੋਂ ਅੱਡ ਕਰਕੇ ਸਮਝਿਆ ਨਹੀਂ ਜਾ ਸਕਦਾ। ਏਸੇ ਲਈ ਮੈਂ "ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਪਿਛੋਕੜ ਤੇ ਸਮੇਂ ਦੀ ਮੰਗ" ਦੇ ਪਹਿਲੇ ਕਾਂਡ ਤੇ ਭਾਵੇਂ ਸੰਖੇਪ ਤੌਰ ਤੇ ਪਰ ਫਿਰ ਵੀ ਆਪਣੇ ਵਲੋਂ ਨਿਮਾਣਾ ਜਿਹਾ ਪੂਰਾ ਜਤਨ ਕੀਤਾ ਹੈ ਕਿ ਪਾਠਕ ਗੁਰੂ ਸਾਹਿਬ ਅਤੇ ਸਿੱਖ ਧਰਮ ਦੀ ਮਹੱਤਤਾ ਨੂੰ ਪੂਰਨ ਤਰ੍ਹਾਂ ਸਮਝ ਸਕੇ।

ਉਤਲੀ ਸਾਰੀ ਵਿਚਾਰ ਦਾ ਨਤੀਜਾ ਇਹ ਨਿਕਲਿਆ ਕਿ ਗੁਰੂ ਨਾਨਕ ਜੀ ਦੇ ਸਮੇਂ ਸਾਡੇ ਸਮਾਜ ਦੀ (ਮੇਰਾ ਭਾਵ ਸਾਰੇ ਪੰਜਾਬੀਆਂ ਤੋਂ ਹੈ ਕਿਉਂਕਿ ਸਾਡੇ ਸਿੱਖਾਂ ਦੇ ਵੱਡੇ ਵਡੇਰੇ ਵੀ ਤਾਂ ਉਸ ਵਕਤ ਹਿੰਦੂ ਹੀ ਸਨ ਅਤੇ ਗੁਰੂ ਸਾਹਿਬ ਦੇ ਆਪਣੇ ਮਾਪੇ ਵੀ) ਧਾਰਮਕ, ਸਦਾਚਾਰਕ, ਆਰਥਕ ਤੇ ਰਾਜਨੀਤਕ ਅਧੋਗਤੀ ਰੋਣਹਾਕੀ ਸੀ। ਉਤੇ ਦੱਸੀਆਂ ਸਾਰੀਆਂ ਬੀਮਾਰੀਆਂ ਹਿੰਦੂ ਸਮਾਜ ਨੂੰ ਖੋਖਲਾ ਕਰ ਚੁੱਕੀਆਂ ਸਨ। ਇਹੋ ਜਿਹੇ ਸਮੇਂ ਤੇ ਕਿਸੇ ਉਸ ਪਰਮ-ਮਨੁੱਖ ਦੀ ਲੋੜ ਸੀ ਜੋ ਵਿਛੜਿਆਂ ਨੂੰ ਮੇਲੇ, ਜ਼ਾਤ-ਪਾਤ ਦੇ ਜ਼ਹਿਰ ਨੂੰ ਸਰਬ-ਅਪਨਿੱਤ ਦੇ ਅੰਮ੍ਰਿਤ ਵਿੱਚ ਬਦਲੇ, ਊਚ-ਨੀਚ ਨੂੰ ਇਕ ਪੱਧਰ ਤੇ ਲਿਆਵੇ, ਅਸਲ, ਸੱਚ ਤੇ ਸੇਵਾ ਲਈ ਪਾਣੀ ਵਾਂਗੂ ਨਰਮ ਪਰ ਕੂੜ, ਅਨਿਆਂ ਅਤੇ ਅਤਿਆਚਾਰ ਦੀ ਚਟਾਨ ਵਾਂਗੂ ਅਹਿਲ ਖਲੋ ਕੇ ਵਿਰੋਧਤਾ ਕਰੇ, ਕਿਰਤੀਆਂ ਤੇ ਆਤਰਾਂ ਨੂੰ ਪਿਆਰ ਪਰ ਵਿਹਲੜ ਕਪਟੀਆਂ ਤੇ ਅਮੀਰਾਂ ਨੂੰ ਥਾਂ ਸਿਰ ਹੀ ਰਖੇ, ਫੋਕੇ ਤੇ ਵਖਾਲੇ ਦੇ ਕਰਮ ਕਾਂਡ ਦੀ ਨਿਖੇਧੀ ਪਰ ਨੇਕ ਕਿਰਤ ਤੇ ਅਮਲਾਂ ਦੀ ਕਮਾਈ ਦੀ ਕਦਰ ਕਰੇ। ਸੰਸਾਰ ਦੇ ਖੂੰਜੇ ਖੂੰਜੇ 'ਚੋਂ ਕੂੜ ਦੀ ਮੱਸਿਆ ਦੀ ਕਾਲੀ ਰਾਤ 'ਚੋਂ ਸੱਚ ਦਾ ਚੰਨ ਲਭਦਾ ਫਿਰੇ। ਜਿਥੇ ਜਾਏ ਭਲਾ ਹੀ ਬੋਲੇ, ਨ ਕਬੋਲ ਮੂੰਹੋ ਕਢੇ ਤੇ ਨ ਕੁਕਰਮ ਕਰੇ, ਸੱਚ ਦਾ ਸੁਨੇਹਾ ਸਿਰਫ਼ ਮੰਦਰਾਂ, ਮਸੀਤਾਂ, ਗਿਰਜਿਆਂ, ਗੁਰਦੁਆਰਿਆਂ, ਪੁਰਾਨਾਂ, ਕੁਰਾਨਾਂ, ਗਰੰਥਾਂ, ਗੁਟਕਿਆਂ, ਮਹੱਲਾਂ ਮਮਟੀਆਂ ਅਤੇ ਮਲਕ ਭਾਗੋ ਜਿਹੇ ਅਮੀਰਾਂ ਅਤੇ ਦੁਨੀ ਚੰਦ ਜਿਹੇ ਕਰੋੜਪਤੀ ਸੇਠਾਂ ਕੋਲ ਹੀ ਨ ਰਹੇ ਸਗੋਂ ਸੱਜਣ ਜਿਹੇ ਠੱਗਾਂ ਪਰ ਉਤੋਂ ਮੋਮਨਾਂ ਜਾਂ ਮੋਮੋ-ਠਗਣੇ, ਮੀਸਨੇ, ਮਸੰਦਾਂ, ਕੌਡੇ ਵਰਗੇ ਆਦਮਖ਼ੋਰ ਰਾਕਸ਼ਾਂ, ਭੂਮੀਏ ਵਰਗੇ ਚੋਰਾਂ ਤੇ ਉਜੱਡਾਂ, ਪੰਡਤ ਬ੍ਰਾਹਮਦਾਸ ਜਿਹੇ ਵਿਦਵਤਾ ਦੇ ਅਭਮਾਨੀਆਂ, ਵਲੀ ਕੰਧਾਰੀ ਜਿਹੇ ਇਬਾਦਤ ਦੀ ਆਕੜ ਵਾਲਿਆਂ, ਨੂਰਾਂਸ਼ਾਹ ਜਾਦੂਗਰਨੀ ਜਿਹੇ ਨਾਟਕ ਚੇਟਕ ਵਿਚ ਫਸੇ ਹੋਏ ਭੁੱਲੜ ਮਨੁੱਖਾਂ, ਮੂਲੇ ਸਿਆਲਕੋਟੀਏ ਜਿਹੇ ਮਰਨਾ ਸੱਚ ਤੇ ਜੀਊਣਾ ਝੂਠ ਦੱਸਣ ਵਾਲੇ ਪਰ ਮੌਤ ਤੋਂ ਡਰਨ ਵਾਲੇ ਕੱਚੇ ਦੋਸਤਾਂ, ਬਾਬਰ ਜਿਹੇ ਜਾਬਰਾਂ, ਭਾਈ ਲਾਲੋ ਜਿਹੇ ਸਾਬਰਾਂ ਅਤੇ ਅੰਤ ਨੂੰ ਭਾਈ ਲਹਿਣੇ ਜਿਹੇ ਨਿਸ਼ਕਾਮ ਤੇ ਆਗਿਆਕਾਰ ਸਿੱਖਾਂ ਤਕ ਪੁੱਜੇ।

ਸਮੇਂ ਨੂੰ ਉਸ ਪਰਮ-ਮਨੁੱਖ ਦੀ ਲੋੜ ਸੀ ਜੋ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਧਿਰਾਂ ਨੂੰ ਹੀ ਪਿਆਰਾ ਲੱਗੇ। ਮੈਂ ਇਥੇ ਇਕ ਗੱਲ ਦਾ ਜ਼ਿਕਰ ਕਰਨੋਂ ਰਹਿ ਨਹੀਂ ਸਕਦਾ। ਜਨਾਬ ਮੌਲਵੀ ਸੂਫੀ ਗੁਲਾਮ ਕਾਸਮ ਸਾਹਿਬ ਕਾਦਰੀ, ਨਕਸ਼ਬੰਦੀ, ਰਸੂਲ ਨਗਰੀ, ਜ਼ਿਲ੍ਹਾ ਗੁਜਰਾਂਵਾਲਾ ਵਾਲੇ ਨੇ ਅੱਜ ਤੋਂ ਪੰਜਾਹ ਸਾਲ ਪਹਿਲਾਂ ੧੯੨੦ ਈਸਵੀ ਵਿੱਚ ਉਰਦੂ ਵਿੱਚ ਇਕ ਕਿਤਾਬ, "ਤਜ਼ਕਰਾ ਜਨਾਬ ਬਾਬਾ ਨਾਨਕ" ਲਿਖੀ ਸੀ। ਉਨ੍ਹਾਂ ਨੇ ਗੁਰੂ ਸਾਹਿਬ ਬਾਰੇ ਲਿਖਦਿਆਂ ਹਾਫਜ਼ ਸ਼ੀਰਾਜ਼ੀ ਦੇ ਦੀਵਾਨ 'ਚੋਂ ਪਰਮਾਨ ਦੇ ਕੇ ਗੁਰੂ ਸਾਹਿਬ ਤੇ ਘਟਾਇਆ ਕਿ ਗੁਰੂ ਨਾਨਕ ਜੀ ਦਾ ਸੁਭਾਅ ਤੇ ਮਨੁੱਖੀ ਪਹੁੰਚ ਹਾਫਜ਼ ਸ਼ੀਰਾਜ਼ੀ ਦੇ ਹੇਠ ਲਿਖੇ ਸ਼ੇਅਰ ਦਾ ਅਸਲੀ ਸਬੂਤ ਹੈ :—



Digitized by Panjab Digital Library | www.panjabdigilib.org

ਹਾਫ਼ਜ਼ਾ ਗਰ ਵਸਲ ਖ਼ਾਹੀ ਸੁਲਹਕੁਨ ਬਾ ਖ਼ਾਸੋ ਆਮ ।

ਬਾ ਮੁਸਲਮਾਂ ਅੱਲਾ ਅੱਲਾ ਬਾ ਬ੍ਰਾਹਮਣ ਰਾਮ ਰਾਮ ।

(ਹੇ ਹਾਫ਼ਜ਼ਾਂ, ਜੇ ਤੂੰ ਰੱਬ ਨਾਲ ਮਿਲਾਪ ਲੋੜਦਾ ਹੈਂ ਤਾਂ ਸਭ ਨਾਲ ਸੁਲਹ ਸਫ਼ਾਈ ਨਾਲ ਪੇਸ਼ ਆ । ਮੁਸਲਮਾਨ ਨੂੰ ਖੁਸ਼ੀ ਨਾਲ ਅੱਲਾ ਅੱਲਾ ਕਹੋ ਅਤੇ ਬ੍ਰਾਹਮਣ ਭਾਵ ਹਿੰਦੂ ਨੂੰ ਰਾਮ ਰਾਮ ।)

ਸਮੇਂ ਦੀ ਲੋੜੀਂਦੀ ਇਹੋ ਜਿਹੀ ਵਿਅਕਤੀ ਗੁਰੂ ਨਾਨਕ ਸਨ ਜਿਨ੍ਹਾਂ ਆ ਕੇ ਨਫ਼ਰਤ 'ਚ ਸੜ ਰਹੀ ਦੁਨੀਆਂ ਨੂੰ ਬਿਨਾਂ ਕਿਸੇ ਭਿੰਨ ਭੇਤ ਤੋਂ ਠੰਡ ਪਾਈ ਅਤੇ ਮਨੁੱਖੀ ਮੁਸੀਬਤਾਂ ਤੇ ਮਸਲਿਆਂ ਦੀ ਮੱਸਿਆ ਦੇ ਅੰਧਾਰ, ਅਨਿਆਂ ਤੇ ਜਬਰ ਦੇ ਧੁੰਧੂਕਾਰ ਨੂੰ ਦੂਰ ਕੀਤਾ ਜਿਸ ਬਾਰੇ ਜਿਵੇਂ ਅੱਗੇ ਦਸਿਆ ਜਾ ਚੁੱਕਾ ਹੈ, ਭਾਈ ਗੁਰਦਾਸ ਨੇ ਲਿਖਿਆ ਹੈ :—

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।

———



Digitized by Panjab Digital Library | www.panjabdigilib.org

ਕਾਂਡ ਦੂਜਾ

# ਗੁਰੂ ਨਾਨਕ---ਜਨਮ ਤੋਂ ਭਰ-ਜਵਾਨੀ ਤਕ

ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਲੋਕ ਕੁਦਰਤ ਦੀ ਕਾਰੀਗਰੀ ਦੇ ਬਿਲਕੁਲ ਕੋਲ ਸਨ ਤੇ ਇਨਸਾਨ ਦੀ ਬਣਾਵਟ ਤੋਂ ਬਹੁਤ ਦੂਰ। ਸਦੀਆਂ ਤੋਂ ਪੰਜਾਬ ਨੂੰ ਇਸ ਦੇ ਵਸਨੀਕ, ਜੰਗਲਾਂ ਜਾਂ ਬਾਰਾਂ, ਬੋਲੀ ਦੇ ਫ਼ਰਕ ਅਤੇ ਦਰਿਆਵਾਂ ਦੀ ਹੱਦਬੰਦੀ ਦੇ ਆਧਾਰ ਤੇ ਇਸ ਦੇ ਵੱਖ-ਵੱਖ ਹਿੱਸਿਆਂ ਦੇ ਵੱਖ-ਵੱਖ ਨਾਂ ਰਖਦੇ ਰਹੇ ਨੇ। ਬੋਲੀ ਅਤੇ ਆਬਾਦੀ ਦੇ ਲਿਹਾਜ਼ ਨਾਲ ਇਸ ਦੇ ਭਾਗ—ਮਾਲਵਾ, ਮਾਝਾ, ਦਵਾਬਾ, ਡੁੱਗਰ, ਦੜਪ, ਲਹਿੰਦਾ ਤੇ ਪੋਠੋਹਾਰ ਸਨ। ਬਾਰਾਂ ਦੇ ਲਿਹਾਜ਼ ਨਾਲ ਇਸ ਦੇ ਭਾਗ—ਸਾਂਦਲ ਬਾਰ, ਨੀਲੀ ਬਾਰ, ਗੰਜੀ ਬਾਰ ਤੇ ਕਿੜਾਣਾ ਬਾਰ ਆਦਿ ਸਨ ਅਤੇ ਦਰਿਆਵਾਂ ਦੇ ਲਿਹਾਜ਼ ਨਾਲ ਇਸ ਦੇ ਹਿੱਸੇ ਸਿੰਧ ਸਾਗਰ, ਚੱਜ ਚੰਬਾ, ਰਚਨਾ ਤੇ ਬਿਸਤ ਜਲੰਧਰ ਹਨ। ਗੁਰੂ ਨਾਨਕ ਜੀ ਦੀ ਜਨਮ ਭੂਮੀ ਦਵਾਬਾ ਰਚਨਾ ਅਤੇ ਸਾਂਦਲ ਬਾਰ ਵਿੱਚ ਹੈ। ਇਹ ਬਾਰ ਸਾਰੀਆਂ ਬਾਰਾਂ ਤੋਂ ਜ਼ਿਆਦਾ ਉਪਜਾਊ, ਰਮਣੀਕ ਤੇ ਹਰਿਆਵਲੀ ਸੀ ਤੇ ਹੁਣ ਵੀ ਹੈ। ਅੱਜ ਵੀ ਪੱਛਮੀ ਪੰਜਾਬ ਦੇ ਸਭ ਤੋਂ ਉਪਜਾਊ ਤੇ ਰੌਣਕ ਵਾਲੇ ਜ਼ਿਲ੍ਹੇ—ਸਿਆਲਕੋਟ, ਗੁਜਰਾਤ, ਗੁਜਰਾਂਵਾਲਾ, ਸ਼ੇਖੂਪੁਰਾ, ਲਾਇਲਪੁਰ ਅਤੇ ਮਿੰਟਗੁਮਰੀ ਇਸ ਬਾਰ ਵਿੱਚ ਹੀ ਨੇ।

ਅੱਜ ਦਾ ਪੰਜਾਬੀ ਜਿਸ ਦੇ ਡੰਗਰ ਬਨ੍ਹਣ ਜਾਂ ਪੱਠਾ-ਦੱਥਾ, ਗੋਹਾ-ਗੱਟਾ ਤੇ ਤੂੜੀ ਤੰਦ ਧਰਨ ਵਾਲੇ ਕੋਠੇ ਵਿੱਚ ਵੀ ਬਿਜਲੀ ਦਾ ਬਲਬ ਲੱਗਾ ਹੋਇਆ ਹੈ, ਜਿਸ ਦੇ ਆਲੇ-ਦੁਆਲੇ ਸੜਕਾਂ ਦੇ ਜਾਲ ਵਿੱਛੇ ਹੋਏ ਨੇ ਅਤੇ ਗੱਡੀਆਂ, ਮੋਟਰਾਂ, ਸਾਈਕਲ ਤੇ ਸਕੂਟਰ ਇਸ ਤਰ੍ਹਾਂ ਭੱਜੇ ਫਿਰਦੇ ਨੇ ਜਿਵੇਂ ਸ਼ਹਿਦ ਦੇ ਖੱਗੇ ਦੁਆਲੇ ਮੱਖੀਆਂ। ਪੈਲੀਆਂ ਵਿੱਚ ਬਿਜਲੀ ਦੇ ਟਿਊਬਵੈਲ ਚਲ ਰਹੇ ਨੇ ਤੇ ਜ਼ਿਆਦਾ ਕੰਮ ਧੰਦਾ, ਸਫ਼ਰ ਤੇ ਸੈਰ ਸਪਾਟਾ ਮਸ਼ੀਨਾਂ ਦੇ ਰਾਹੀਂ ਹੁੰਦਾ ਹੈ, ਗੁਰੂ ਨਾਨਕ ਸਾਹਿਬ ਦੇ ਸਮੇਂ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਕਦਾ।

ਮੈਂ ਇਸ ਕਾਂਡ ਦੇ ਸ਼ੁਰੂ ਵਿੱਚ ਹੀ ਕਿਹਾ ਹੈ ਕਿ ਗੁਰੂ ਸਾਹਿਬ ਦੇ ਜਨਮ ਦਾ ਸਮਾਂ ਕੁਦਰਤ ਦੇ ਜ਼ਿਆਦਾ ਨੇੜੇ ਸੀ ਭਾਵ ਬਿਜਲੀ ਦੇ ਪੱਖੇ ਜਾਂ ਕੂਲਰ ਦੀ ਥਾਂ ਰੁੱਖਾਂ ਦੀਆਂ ਠੰਢੀਆਂ ਹਵਾਈਂ ਅਤੇ ਟੂਟੀਆਂ ਤੇ ਫੋਹਾਰਿਆਂ ਦੀ ਜਗ੍ਹਾ ਨਹਾਉਣ ਧੋਣ ਨੂੰ ਦਰਿਆ, ਨਦੀਆਂ ਨਾਲੇ, ਖੂਹ ਤੇ ਛੱਪੜ-ਟੋਭੇ ਹੁੰਦੇ ਸਨ। ਜਿਉਂ-ਜਿਉਂ ਮਨੁੱਖ ਕੁਦਰਤ ਅਤੇ ਕੁਦਰਤੀ ਨਜ਼ਾਰਿਆਂ ਤੋਂ ਦੂਰ ਹੁੰਦਾ ਹੈ ਤਿਉਂ-ਤਿਉਂ ਉਹ ਸਵਾਰਥੀ, ਸਿੱਥਲ ਤੇ ਰੁੱਖਾ ਹੋ ਜਾਂਦਾ ਹੈ। ਗੁਰੂ ਸਾਹਿਬ ਕੁਦਰਤੀ ਆਲੇ-ਦੁਆਲੇ ਦੀ ਝੋਲੀ ਵਿਚ ਪਲੇ ਅਤੇ ਉਨ੍ਹਾਂ ਦੀ ਰੱਚੀ ਬਾਣੀ ਵਿੱਚ ਉਨ੍ਹਾਂ ਨੇ ਕੁਦਰਤ ਨੂੰ ਮਾਣਨ ਤੇ ਸਮਾਜ ਦੀ ਹਰ ਹਰਕਤ, ਹਿੰਮਤ ਤੇ ਹਾਰ, ਦੁੱਖ, ਸੁੱਖ, ਮਿਲਾਪ ਦੇ ਹੁਲਾਰੇ ਤੇ ਵਿਛੋੜੇ ਦੀ ਪੀੜ ਨੂੰ ਨੇੜੇ ਹੋ ਕੇ ਵੇਖਿਆ।



Digitized by Panjab Digital Library | www.panjabdigilib.org

ਭਲਾ ਉਹ ਕੁਦਰਤੀ ਆਲਾ-ਦੁਆਲਾ ਕਿਹੋ ਜਿਹਾ ਸੀ ? ਸਾਂਦਲ ਬਾਰ ਦੀ ਵਿਚਕਾਰਲੀ ਜੂਹ ਵਿਚ ਟਾਂਵੇਂ-ਟਾਂਵੇਂ ਸ਼ਹਿਰ, ਕਸਬੇ ਜਾਂ ਪਿੰਡ ਸਨ ਪਰ ਜੰਗਲਾਂ ਦੀ ਹਰਿਆਵਲ ਨਾਲ ਪਰੁੱਚੀ ਹੋਈ ਸੀ ਜਿਸ ਵਿੱਚ ਡੇਲਿਆਂ ਤੇ ਪੇਂਝੂਆਂ ਨਾਲ ਲਦੀਆਂ ਹੋਈਆਂ ਕਰੀਆਂ, ਬੇਰਾਂ ਨਾਲ ਭਰੇ ਹੋਏ ਮਲ੍ਹੇ ਤੇ ਬੇਰੀਆਂ, ਫੁਲਾਹੀਆਂ ਤੇ ਸੰਗਰੀਆਂ ਵਾਲੇ ਜੰਡ ਤੇ ਪੀਹਲੋਂ ਵਾਲੇ ਵਣ ਤੇ ਕੰਡਿਆਲੇ ਕਿੱਕਰ ਆਮ ਸਨ। ਲੋਕ ਪੇਂਝੂ, ਪੀਲੂੰ, ਬੇਰ ਤੇ ਸੰਗਰੀਆਂ ਆਮ ਖਾਂਦੇ ਸਨ। ਜੰਗਲੀ ਕਰੇਲੇ, ਕਕੋੜੇ ਤੇ ਖੁੰਬਾਂ ਦੀ ਸਬਜ਼ੀ ਬੜੀ ਰੀਝ ਨਾਲ ਬਣਾਈ ਤੇ ਖਾਧੀ ਜਾਂਦੀ ਸੀ। ਡੇਲਿਆਂ ਦਾ ਅਚਾਰ ਆਮ ਤੇ ਹਰ ਘਰ ਵਿੱਚ ਹੁੰਦਾ ਸੀ ਪਰ ਹੁਣ ਦੀ ਪੀਹੜੀ ਦੇ ਕਈ ਸ਼ਹਿਰੀ ਨੌਜਵਾਨਾਂ ਨੇ ਤੇ ਸ਼ਾਇਦ ਵੇਖਿਆ ਵੀ ਨਾ ਹੋਵੇ। ਉਸ ਸਮੇਂ ਦੇ ਇਸ ਵਾਤਾਵਰਣ ਦੇ ਕੁਝ ਟੱਪੇ ਲੋਕ ਗੀਤਾਂ ਵਿੱਚ ਮਿਲਦੇ ਨੇ, ਜਿਵੇਂ ਕਿ ਇਕ ਮੁਟਿਆਰ ਕਿਸੇ ਨੌਜਵਾਨ ਨੂੰ ਜੰਡ ਤੇ ਚੜ੍ਹ ਕੇ ਸੰਗਰੀਆਂ ਤੋੜਨ ਤੋਂ ਵਿਅੰਗਮਈ ਤਰੀਕੇ ਨਾਲ ਰੋਕਦੀ ਹੈ ਤਾਕਿ ਮੰਗਿਆ ਹੋਇਆ ਤੇ ਵਿਆਹੁਣ ਜੋਗਾ ਗਭਰੂ ਡਿੱਗ ਕੇ ਜਾਨ ਨ ਗਵਾ ਲੈ :—

ਨ ਚੜ੍ਹ ਜੰਡ ਤੇ, ਵੇ ਨ ਤੋੜ ਸੰਗਰੀ,
ਰੋਂਦੀ ਮਰ ਜਾਏ ਨ ਕਵਾਰੀ ਚੰਦਰੀ।

ਪਾਣੀ ਦੀ ਘਾਟ ਸੀ। ਆਮ ਸਹਾਰਾ ਮੀਂਹ ਹੀ ਸੀ। ਖੂਹਾਂ ਤੇ ਤਲਾਵਾਂ ਨਾਲ ਹੀ ਖੇਤੀ ਬਾੜੀ ਹੁੰਦੀ ਸੀ। ਜੰਗਲ ਦੇ ਉਤੇ ਦਸੇ ਆਮ ਰੁੱਖਾਂ ਤੋਂ ਛੁੱਟ, ਧਰੇਕ, ਨਿਮ ਤੇ ਟਾਹਲੀ ਤੇ ਤੂਤ ਖਾਸ ਕਰਕੇ ਠੰਢੀ ਛਾਂ ਵਾਲੇ ਦਰਖਤ ਸਨ। ਅੰਬ ਵੀ ਸੀ ਕਿਉਂਕਿ ਗੁਰੂ ਸਾਹਿਬ ਨੇ ਅੰਬ ਤੇ ਕੋਇਲ ਦਾ ਜ਼ਿਕਰ ਕੀਤਾ ਹੈ। ਕਿਤੇ-ਕਿਤੇ ਬੋਹੜ ਤੇ ਪਿਪਲ ਦੇ ਦਰਖਤ ਵੀ ਸਨ ਜਿਨ੍ਹਾਂ ਨੂੰ ਉਸ ਸਮੇਂ ਦਾ ਪੰਚਾਇਤ ਘਰ ਕਹਿਣਾ ਠੀਕ ਹੈ, ਕਿਉਂਕਿ ਪਿੰਡ ਦੇ ਲੋਕ ਉਨ੍ਹਾਂ ਦੀ ਛਾਵੇਂ ਬਹਿ ਕੇ ਸਮਾਜਕ ਮਸਲੇ ਹੱਲ ਕਰਦੇ, ਆਰਾਮ ਕਰਦੇ ਤੇ ਪਾਸ਼ਾ-ਸ਼ਤਰੰਜ ਆਦਿ ਵੀ ਖੇਡਦੇ। ਜੰਗਲਾਂ, ਜੂਹਾਂ ਤੇ ਬੇਲਿਆਂ ਵਿੱਚ ਡੰਗਰ ਪਸ਼ੂ ਚਰਦੇ ਤੇ ਕਈ ਕਿਸਮ ਦੇ ਘਾਹ ਬੂਟੇ ਉਗਦੇ ਜਿਨ੍ਹਾਂ 'ਚੋਂ ਖੱਬਲ, ਪਨ੍ਹੀ, ਖੋਹੀ, ਖਨ੍ਹੀ, ਲੇਹਲੀ, ਖੇਰੀ, ਸਰਾਲਾ, ਸਚਰ, ਛੱਟਲ, ਸੀਰ, ਕਾਹੀ, ਝਾਂਬੜ, ਧਾਮਨ, ਡੀਲੀ, ਮੁਰਕ, ਢਿਢਣ, ਘਵੀ, ਧਮਣੀ, ਚਰਾਲ, ਲੂਣਕ, ਗਰਢਾਣ, ਲੂਨ੍ਹਾਕ, ਸਵਾਂਕ, ਚੀਨਾ, ਮਧਾਣੀ-ਜੁੱਟ, ਦੱਭ, ਸਰਕੜਾ, ਬਰੂ, ਮੈਣਾ, ਬਾਥੂ, ਦੁਸਾਗ, ਚੁਲਾਈ, ਚਰੁੰਡ ਤੇ ਪੋਹਲੀ ਆਦਿ ਖ਼ਾਸ ਸਨ।

ਜਿੰਨੇ ਜੰਗਲ ਜ਼ਿਆਦਾ ਹੋਣ ਓਨੀਆਂ ਹੀ ਖ਼ੁਦਰੌ ਜਾਂ ਆਪਣੇ ਆਪ ਕੁਦਰਤ ਦੀ ਝੋਲੀ ਵਿੱਚ ਉੱਗਣ ਵਾਲੀਆਂ ਜੜ੍ਹੀਆਂ ਬੂਟੀਆਂ ਵੀ ਜ਼ਿਆਦਾ ਹੁੰਦੀਆਂ ਨੇ। ਹੁਣ ਤਾਂ ਆਬਾਦੀ ਦਾ ਭਾਰ ਏਨਾ ਹੈ ਕਿ ਧਰਤੀ ਦਾ ਹਰ ਚੱਪਾ ਹੱਲ ਦੇ ਫਾਲੇ ਹੇਠ ਲਿਆਂਦਾ ਜਾ ਰਿਹਾ ਹੈ। ਹੋਰ ਤੇ ਹੋਰ ਪੈਲੀਆਂ ਦੀਆਂ ਵੱਟਾਂ ਵੀ ਘੱਟਾ ਤੇ ਨਿੱਕੀਆਂ ਕਰਕੇ ਕਿਰਸ ਕੱਢੀ ਜਾ ਰਹੀ ਹੈ। ਇਸ ਲਈ ਜੜ੍ਹੀਆਂ ਬੂਟੀਆਂ ਕਿਥੇ ਹੋਣ ਜੋ ਜੰਗਲਾਂ, ਜੂਹਾਂ ਤੇ ਬੇਲਿਆਂ ਦੀਆਂ ਵਾਸੀ ਨੇ ? ਗੁਰੂ ਸਾਹਿਬ ਦੇ ਸਮੇਂ ਬਾਰ ਵਿੱਚ ਬੇਅੰਤ ਜੜ੍ਹੀਆਂ ਬੂਟੀਆਂ ਉਗਦੀਆਂ ਸਨ ਜਿਨ੍ਹਾਂ 'ਚੋਂ ਕੁਝ ਦੇ ਨਾਂ ਇਹ ਹਨ—ਭਖੜਾ, ਭੰਗ, ਧਤੂਰਾ, ਪੋਹਲੀ, ਤ੍ਰਿਖਤਫਲ, ਵਿਸਮੋਲ, ਪਿਤਪਾਪੜਾ, ਇੱਟਸਿੱਟੇ, ਕਵਾਰ ਗੰਦਲ, ਗੋਰਖਪਾਨ, ਜਲਪੱਤਰੀ, ਖੰਬੋਰ, ਲੂੰਬੜ ਪਾਪੜੀ, ਬਾਂਸਾ, ਗਰੜਪਾਤਾਲ, ਹੱਥਜੋੜੀ, ਸੀਂਘਾ, ਸ਼ਾਹਦੇਵੀ, ਨਮੋਲੀ, ਅਰਿੰਡ, ਗੋਲਕੰਦੋਲ, ਤੇਲਣ, ਭੌੜ ਭੜੰਗ, ਭੋਮਣੀ,



Digitized by Panjab Digital Library | www.panjabdigilib.org

ਕਲਾਂਚ, ਤੁੰਮਾਂ, ਸਤਿਆਨਾਸ, ਖਈਰੋਲ, ਛੱਟਮੇਲ, ਨੀਲਘੱਟੀ, ਬਕਰੀਨ, ਅਰਨੀ, ਰੋਹੜੇ ਵੱਟੜੀ, ਹਰਨਖੁਰੀ, ਦੋਧਕ, ਅੱਕ, ਲੇਸਨਲਕੀ, ਘੋੜੇਪਾਲ, ਮਾਲਬੰਸੀ, ਧਧਰੇਟੀ ਤੇ ਫ਼ਰੀਦ ਬੂਟੀ ।

ਸੰਘਣੇ ਜੰਗਲਾਂ ਵਿੱਚ ਛੇੜੂ ਮੱਝੀਂ ਗਾਈਂ, ਊਠ ਤੇ ਡਾਚੀਆਂ ਦੇ ਵੱਗ ਤੇ ਭੇਡਾਂ ਬੱਕਰੀਆਂ ਦੇ ਅੱਜੜ ਚਰਾਂਦੇ ਸਨ । ਅੱਜ ਵਾਂਗੂ ਉਦੋਂ ਡੰਗਰ ਗਿਣੇ ਮਿਥੇ ਨਹੀਂ ਸਨ ਹੁੰਦੇ । ਹਰ ਵੱਗ ਵਿਚ ਭਾਂਤ-ਭਾਂਤ ਦੀਆਂ ਢੈਲੀਆਂ, ਚੱਪੀਆਂ, ਮੌਮੀਆਂ, ਬੋੜੀਆਂ, ਕੇਲੀਆਂ, ਨੀਲੀਆਂ, ਖਰੜਖੱਲਾਂ, ਪਤਲਚੰਮੀਆਂ, ਮੁਟਚੰਮੀਆਂ, ਕੁਧਾਲੀਆਂ, ਬਿਆਲੀਆਂ, ਸਜਰਾਂ, ਲਵੇਰੀਆਂ, ਖਾਂਘੜਾਂ, ਗਭਨਾਂ, ਵੋਡਰਾਂ, ਮਿੱਠੀਆਂ, ਕੁੜੀਲੀਆਂ, ਸੰਢਾਂ, ਸੋਲਫਰੜਾਂ, ਡੋਕਲਾਂ, ਹਥੇਲੀਆਂ, ਲੰਡੀਆਂ, ਹੋਰੀਆਂ, ਕੁੰਢੀਆਂ, ਬੋਲੀਆਂ, ਮਾਣਕੀਆਂ, ਬਰੜੀਆਂ, ਬਿੱਲੀਆਂ ਤੇ ਬੂਰੀਆਂ, ਬਲ੍ਹੀਆਂ ਤੇ ਛੋਟੀਆਂ ਉਮਰੋਂ ਬੁਢੀਆਂ, ਦੋਂਦੀਆਂ, ਚੋਗੀਆਂ, ਛਿੱਗੀਆਂ ਤੇ ਘੇਪਲਾਂ ਮੱਝੀਂ ਹੁੰਦੀਆਂ ਸਨ । ਸੁਜਾਏ ਕੱਟੇ ਤੇ ਕੱਟੀਆਂ ਘਰ ਵਾੜਿਆਂ ਜਾਂ ਅਰਲਾਂ ’ਚ ਡੱਕੇ ਸਾਰਾ ਦਿਨ ਮਾਵਾਂ ਦੀ ਉਡੀਕ ਵਿਚ ਬਾਂ ਬਾਂ ਕਰਦੇ ਤੇ ਮੱਝੀਂ ਵੀ ਘੜੀ-ਮੁੜੀ ਘਾਹ ਛੱਡ ਕੇ ਤੇ ਮੂੰਹ ਚੁੱਕ ਚੁੱਕ ਕੇ ਘਰਾਂ ਨੂੰ ਵੇਖਦੀਆਂ ਕਿ ਕਦੋਂ ਘਰ ਜਾ ਕੇ ਆਪਣੇ ਜਾਇਆਂ ਨੂੰ ਦੁੱਧ-ਅੰਮ੍ਰਿਤ ਦੇ ਡੋਕੇ ਚੁੰਘਾ ਕੇ ਮਮਤਾ ਦਾ ਆਨੰਦ ਮਾਣਾਂਗੀਆਂ । ਵੱਗਾਂ ਵਿੱਚ ਜਵਾਨ ਝੋਟੇ ਤੇ ਸਾਹਣ ਸੰਢੇ ਮਸਤ ਹੋ ਕੇ ਚੁਗਦੇ ਤੇ ਦੌੜੂ ਕੱਢਦੇ । ਗਾਈਂ ਦੇ ਵੱਗਾਂ ਵਿੱਚ ਵੀ ਸਾਹਣ ਬੜ੍ਹਕਾਂ ਮਾਰਦੇ ਫਿਰਦੇ, ਧੰਨੀ ਤੇ ਸਾਹੀਵਾਲ ਦੀਆਂ ਗਾਈਂ ਦੇ ਦੁੱਧ ਭਰੇ ਹਵਾਨੇ ਬੋਰੀਆਂ ਵਾਂਗੂੰ ਲਮਕਦੇ ਫਿਰਦੇ । ਚਿੱਟੀਆਂ, ਕਾਲੀਆਂ, ਲਾਖੀਆਂ, ਗੋਰੀਆਂ, ਢਹਿਲੇ, ਮੁਠੀਏ ਤੇ ਨਹਿਰੇ ਸਿੰਙਾਂ ਵਾਲੀਆਂ ਗਾਈਂ ਤੇ ਧਨਾਪਾਂ, ਵੱਛੇ ਤੇ ਵੱਛੀਆਂ ਅਣਬੱਝੇ, ਬੇਪਰਵਾਹ ਤੇ ਸਭ ਤੋਂ ਦੁਖੀ ਕਰਨ ਵਾਲੀ ਸ਼ਕਤੀ ਜਿਸ ਨੂੰ ਸੋਚ ਆਖਦੇ ਨੇ, ਤੋਂ ਆਜ਼ਾਦ ਹੋਣ ਦੇ ਕਾਰਨ ਖੁਲ੍ਹੀਆਂ ਮੌਜਾਂ ਮਾਣਦੀਆਂ । ਹਾਂ, ਇਹ ਗੱਲ ਜ਼ਰੂਰ ਸੀ ਕਿ ਜੇ ਵੇਲੇ ਸਿਰ ਰੱਜ ਕੇ ਮੀਂਹ ਪੈ ਗਿਆ ਤੇ ਘਾਹ ਪੱਠਾ ਚੋਖਾ ਹੋਇਆ ਤਾਂ ਤੇ ਉਹਨਾਂ ਲਈ ਸਵਰਗ ਆਕਾਸ਼ ਤੋਂ ਧਰਤੀ ਤੇ ਆ ਜਾਂਦਾ, ਪਰ ਜੇ ਔੜ ਲੱਗ ਜਾਂਦੀ ਤਾਂ ਧਰਤੀ ਨਰਕ ਬਣ ਜਾਂਦੀ । ਕਾਲ ਪੈ ਜਾਂਦਾ ਤੇ ਮਨੁੱਖ, ਪਸ਼ੂ ਤੇ ਪੰਛੀ ਸਭ ਇਸ ਤਰ੍ਹਾਂ ਮਰਦੇ ਕਿ ਮੌਤ ਨੂੰ ਵੀ ਜਾਨ ਕੱਢਣ ਲਗਿਆਂ ਉਹਨਾਂ ਤੋਂ ਡਰ ਆਉਂਦਾ । ਸੱਚ ਹੈ, “ਮੌਤੋਂ ਭੁਖ ਬੁਰੀ ।”

ਹਾਂ ਕੁਝ ਕਿਸਾਨ ਖੂਹਾਂ ਤੇ ਢੱਗੇ ਤੇ ਸੰਢੇ ਕੁੱਟ ਕੇ ਮੁਸ਼ਕਲ ਨਾਲ ਆਪਣੇ ਟੱਬਰ ਲਈ ਮੂੰਜੀ, ਮਕੱਈ, ਕਣਕ, ਜੌਂ ਜਾਂ ਛੋਲਿਆਂ ਦੇ ਚਾਰ ਦਾਣੇ ਕਰ ਲੈਂਦੇ ਪਰ ਅਸਲੀ ਆਸਰਾ ਮੀਂਹ ਹੀ ਸੀ । ਤਾਂ ਹੀ ਤੇ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ, “ਕਾਲਾਂ ਗੰਢੂ ਨਦੀਆਂ ਮੀਂਹ ਝੋਲ” ।

ਮੀਂਹ ਪਿਆ ਬਨਾਸਪਤੀ ਦਾ ਨਹਾ ਧੋ ਕੇ ਤੇ ਨਵੇਂ ਕਪੜੇ ਪਾ ਕੇ ਵਹੁਟੀ ਵਾਂਗੂ ਬਾਣਾ ਬਦਲ ਕੇ ਖਲੋ ਜਾਣਾ ਤਾਂ ਇਕ ਪਾਸੇ, ਖੁੱਡਾਂ ਵਿੱਚ ਮਾਰੇ ਧੁੱਪ ਦੇ, ਤਿਹਾਏ ਤੇ ਭੁੱਖੇ ਸਾਹ ਘੁੱਟ ਕੇ ਪੈ ਹੋਏ ਬਿਸੀਅਰ, ਬਾਸ਼ਕ, ਅਸਰਾਲ, ਖਰਾਲ, ਮਿੱਡੇ, ਫਫਕ, ਛੀਨੇ, ਕੁੰਡਲੀਏ, ਕਰੁੰਡੀਏ, ਉਡਨੇ, ਕਲਗੀਏ, ਤਿਤਰੇ, ਕੱਕੇ, ਤੰਦੋੜੇ, ਬੋਰੜੇ, ਮੱਲੀ, ਛੱਲੀ, ਫਨੀਅਰ, ਸੰਗ ਚੂਰੀਏ, ਮਨੀਏ, ਦੋਮੂੰਹੇ, ਖਰਨਿਆਲੀ, ਤੇਲੀਆ, ਚੇਲੀਆ, ਖਜੂਰੀਆ, ਚਿਚਲਾ, ਛੀਂਬਾ, ਜੱਤਲ, ਪਦਮ, ਬੰਤਚੰਗਾ, ਫਠੋਰੀਆ, ਕੋਂਚਲੀਆ, ਖਨਖਰੀਆ, ਧਾਮੀਆਂ, ਬਨਬੰਸਤੀ, ਰਤਵਾੜੀਆ, ਕੋਲੀਆ ਅਤੇ ਕਈ ਹੋਰ ਕਿਸਮਾਂ ਦੇ ਸੱਪ ਵੀ ਬਾਹਰ ਨਿਕਲਦੇ, ਸ਼ੂਕਦੇ, ਸ਼ਿਕਾਰ ਲਭਦੇ ਤੇ



Digitized by Panjab Digital Library | www.panjabdigilib.org

ਆਪ ਵਿੱਚ ਲੜਦੇ । ਕਾਲੀ ਘਟਾ ਦੇ ਬੱਦਲ ਵੇਖ ਕੇ ਮੋਰ ਪੈਲਾਂ ਪਾਂਦੇ । ਨਿੱਕੇ ਕਾਂ, ਢੋਢਰ ਕਾਂ, ਇੱਲਾਂ, ਗਿਰਝਾਂ, ਸ਼ਿਕਰੇ, ਬਾਜ਼ ਤੇ ਹੋਰ ਪੰਛੀ, ਚਿੜੀਆਂ, ਲਾਲੀਆਂ, ਘੁਗੀਆਂ, ਕੁਮਰੀਆਂ, ਟਟਿਊਲੀਆਂ, ਤਿੱਤਰ, ਬਟੇਰੇ, ਜੰਗਲੀ ਕੁੱਕੜ, ਬੁਲਬੁਲਾਂ, ਹੁਦ ਹੁਦ ਤੇ ਤਤੇ ਸਭ ਖੁਸ਼ ਹੋ ਕੇ ਗਾਉਂਦੇ ਭਾਵੇਂ ਬੰਦਿਆਂ ਨੂੰ ਤਾਂ ਉਹ ਚਿਚਲਾ ਚਿਚਲਾ ਕੇ ਰੌਲਾ ਪਾਂਦੇ ਹੀ ਜਾਪਦੇ । ਧਰਤੀ 'ਚ ਗੁੰਮ ਹੋਏ ਹੋਏ ਹੱਥ ਦੀ ਮੁੱਠ ਤੋਂ ਵੀ ਨਿੱਕੇ ਕੱਛੂ ਕੁੰਮੇ ਤੇ ਜੂੜੇ ਨੂੰ ਮੰਨੁਣ ਵਾਲੇ ਰੱਬੜ ਦੇ ਧਾਗਿਆਂ ਤੋਂ ਵੀ ਸੁੱਕ ਕੇ ਪਤਲੀਆਂ ਪਤਲੀਆਂ ਹੋਈਆਂ ਹੋਈਆਂ ਧਰਤੀ 'ਚ ਧੱਸੀਆਂ ਹੋਈਆਂ ਜੋਕਾਂ ਮੀਂਹ ਪੈਂਦਿਆਂ ਹੀ ਫੁਲ ਕੇ ਬਾਹਰ ਨਿਕਲ ਆਉਂਦੀਆਂ ਤੇ ਡੱਡੂ ਮੀਂਹ ਦਾ ਸਵਾਗਤ ਕਰਕੇ ਗੜੈਂ-ਗੜੈਂ ਕਰਦੇ ਹੋਏ ਸਭ ਜੀਵ-ਜੰਤ ਨੂੰ ਮੀਂਹ ਦੀ ਵਧਾਈ ਦੇਂਦੇ । ਠੀਕ ਹੈ ਕਿ ਮੱਛੀ ਦੀ ਜਾਨ ਪਾਣੀ ਹੈ ਪਰ ਪਪੀਹਾ ਜਾਂ ਬਾਬੀਹਾ ਤਾਂ ਮੀਂਹ ਮੰਗਣ ਤੇ ਮੀਂਹ ਪੈਣ ਤੋਂ ਬਾਅਦ ਵੀ ਮੀਂਹ ਦੀ ਸਵਾਂਤ ਬੂੰਦ ਚੱਖਣ ਤੋਂ ਪਹਿਲਾਂ ਪੀ ਪੀ ਦੀ ਧੂੰਨੀ ਲਾਈ ਰਖਦਾ ਹੈ । ਜਿਸ ਬਾਰੇ ਅਤੇ ਮੀਂਹ ਦੀ ਹਰ ਜੀਵ ਜੰਤ ਤੇ ਬਖਸ਼ਿਸ਼ ਤੇ ਚਾਰ ਚੁਫੇਰੇ ਹਰਿਆਵਲ ਬਾਰੇ ਗੁਰੂ ਅਮਰਦਾਸ ਜੀ ਫਰਮਾਂਦੇ ਨੇ :—

> ਬਬੀਹਾ ਅੰਮ੍ਰਿਤ ਵੇਲੇ ਬੋਲਿਆ ਤਾਂ ਦਰਿ ਸੁਣੀ ਪੁਕਾਰ ।
> ਮੇਘੈ ਨੋਂ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ।
> ਹਉ ਤਿਨ ਕੈ ਬਲਿਹਾਰਣੈ ਜਿਨੀਂ ਸੱਚ ਰਖਿਆ ਉਰਧਾਰਿ ।
> ਨਾਨਕ ਨਾਮੇ ਸਭ ਹਰਿਆਵਲੀ ਗੁਰ ਕੈ ਸ਼ਬਦ ਵੀਚਾਰ ।

ਪਿੰਡਾਂ ਵਿਚ ਹਟਵਾਣੀਏ ਨਿੱਕੀਆਂ ਨਿੱਕੀਆਂ ਹੱਟੀਆਂ ਕਰਦੇ ਸਨ । ਦੂਰ ਦਾ ਬਿਉਪਾਰ ਘੋੜਿਆਂ ਜਾਂ ਊਠਾਂ ਤੇ ਜਾ ਕੇ ਕਰਦੇ ਪਰ ਘਰੋਂ ਜਾ ਕੇ ਵਾਪਸ ਆਉਣਾ ਚੰਗੇ ਭਾਗਾਂ ਦੀ ਗੱਲ ਸੀ । ਰਾਹ ਖ਼ਰਾਬ ਤੇ ਖਤਰਨਾਕ ਸਨ ਜਿਨ੍ਹਾਂ ਤੇ ਚੋਰ, ਡਾਕੂ ਤੇ ਠੱਗਾਂ ਤੋਂ ਹਮੇਸ਼ਾਂ ਡਰ ਰਹਿੰਦਾ ਸੀ । ਸ਼ੇਰ, ਬਘੇਲੇ, ਚਿਤਰੇ, ਬਾਘ ਤੇ ਬਘਿਆੜ ਆਦਿ ਖ਼ੂਨਖ਼ਾਰ ਜਾਨਵਰ ਜੰਗਲਾਂ ਵਿੱਚ ਆਮ ਸਨ ।

ਚੰਗੀ ਬਾਰਸ਼ ਹੋ ਜਾਣ ਅਤੇ ਦੇਸ਼ ਦੇ ਰਾਜਸੀ ਹਾਲਾਤ ਸ਼ਾਂਤ ਹੋਣ ਤੇ ਲੋਕ ਮੂੰਜੀਆਂ ਦੀ ਲਾਬ ਲਾਉਂਦੇ, ਨਦੀਨ ਕਢਦੇ, ਵਢਦੇ ਤੇ ਫੰਡਦੇ । ਕਣਕਾਂ ਛੋਲਿਆਂ ਨੂੰ ਬੀਜ ਕੇ ਖਲਵਾੜੇ ਲਾ ਕੇ ਗਾਹੁੰਦੇ, ਖੂਹਾਂ ਤੇ ਹੋਰ ਪਾਣੀ ਦੀ ਲੋੜ ਪੂਰੀ ਹੋਣ ਵਾਲੀ ਥਾਂ ਤੇ ਕੁਪਾਹ ਤੇ ਕਮਾਦ ਵੀ ਬੀਜੇ ਜਾਂਦੇ ਜਿਨ੍ਹਾਂ ਦੇ ਕਾਰਨ ਗੁੜ, ਸ਼ਕਰ ਤੇ ਖੰਡ ਦਾ ਜ਼ਿਕਰ ਆਉਂਦਾ ਹੈ ।

ਅੱਜ ਕਲ੍ਹ ਵਾਂਗੂ ਲੋਕ ਲੋਹੇ ਦੀਆਂ ਮੱਝੀਂ ਭਾਵ ਮਸ਼ੀਨਾਂ ਨਾਲ ਬਨਾਸਪਤੀ 'ਚੋਂ ਕੱਢਿਆ ਹੋਇਆ ਘਿਓ ਨਹੀਂ ਸਨ ਖਾਂਦੇ ਤੇ ਨਾ ਟੀਨ ਦੇ ਡੱਬਿਆਂ ਦੇ ਹਵਾਨੇ ਚੋਂ ਧੂੜਾ-ਦੁੱਧ ਪੀਂਦੇ ਸਨ ਕਿਉਂਕਿ ਮਾਲ ਡੰਗਰ ਆਮ ਹੋਣ ਕਰਕੇ ਦੁੱਧ ਘਿਓ ਖੁਰਾਕ ਦਾ ਵੱਡਾ ਹਿੱਸਾ ਸੀ ਅਤੇ ਦੁੱਧ ਪੀ ਕੇ ਹੀ ਨਹੀਂ, ਮੱਝੀਂ ਦੇ ਥਨ ਚੁੰਘ ਤੇ ਧਾਰਾਂ ਲੈ ਕੇ ਮੁੰਡੇ ਗਭਰੂ ਤੇ ਕੁੜੀਆਂ ਮੁਟਿਆਰਾਂ ਬਣਦੀਆਂ । ਵਿਆਹਾਂ ਢੰਗਾਂ ਦੇ ਸਗਨ, ਸੰਧੂਰ, ਮਹਿੰਦੀ, ਮੌਲੀ ਤੇ ਰੱਤੇ ਰੰਗ ਦੇ ਸਾਲੂਆਂ ਜਾਂ ਫੁਲਕਾਰੀਆਂ ਨਾਲ ਹੁੰਦੇ । ਖ਼ਾਸ ਖ਼ੁਸ਼ੀਂ ਦੇ ਸਗਨਾਂ ਲਈ ਤੇਲ ਚੋਏ ਜਾਂ ਢਾਲੇ ਜਾਂਦੇ, ਵਿਆਹਾਂ ਤੇ ਸੋਹਿਲੇ, ਘੋੜੀਆਂ, ਛੰਦ, ਬਿਸ਼ਨਪਦੇ ਤੇ ਸਿਠਣੀਆਂ, ਗਾਈਆਂ ਜਾਂਦੀਆਂ ਅਤੇ ਮੋਇਆਂ ਤੇ ਵੈਣ ਪਾਏ ਜਾਂਦੇ ਅਤੇ ਅਲਾਹੁਣੀਆਂ ਅਲਾਪੀਆਂ ਜਾਂਦੀਆਂ । ਵਹੁਟੀਆਂ ਗਰੀ ਛੁਹਾਰੇ ਖਾਂਦੀਆਂ,



Digitized by Panjab Digital Library | www.panjabdigilib.org

ਦੰਦ ਖੰਡ ਦੇ ਚੂੜੇ ਪਾਂਦੀਆਂ ਤੇ ਡੋਲੀਆਂ ਵਿੱਚ ਬਹਿ ਕੇ ਸਹੁਰੇ ਚਲੀਆਂ ਜਾਂਦੀਆਂ। ਮੁਣਿਆਰ ਤੇ ਚੂੜੀਗਰ ਗਲੀ ਗਲੀ 'ਚ ਸਿਰਾਂ ਤੇ ਟੋਕਰੇ ਚੁੱਕੀ ਹੋਕੇ ਦੇਂਦੇ, "ਹਰੀਆਂ ਵੰਗਾਂ, ਪੀਲੀਆਂ ਵੰਗਾਂ, ਵੰਨ-ਸਵੰਨੀਆਂ ਵੰਗਾਂ, ਕੋਈ ਵੰਗਾਂ ਚੜ੍ਹਾ ਲਓ।" ਨਿੱਕੀਆਂ ਨਿੱਕੀਆਂ ਬਾਲੜੀਆਂ ਤੇ ਛੈਲ ਮੁਟਿਆਰਾਂ ਝੋਲੀਆਂ 'ਚ ਦਾਣੇ ਪਾ ਕੇ ਭੱਜ ਭੱਜ ਕੇ ਜਾਂਦੀਆਂ, ਜਿੱਦੋ ਜਿੱਦੀ ਆਪਣੀਆਂ ਮਲੂਕ ਵੀਣੀਆਂ ਮੁਣਿਆਰਾਂ ਦੇ ਹੱਥ ਫੜਾਂਦੀਆਂ ਤੇ ਵੰਗਾਂ ਤੇ ਗਜਰੇ ਚੜ੍ਹਵਾਂਦੀਆਂ। ਮੁਟਿਆਰਾਂ ਕਿਤੇ ਪੱਟੀਆਂ ਤੇ ਮੇਢੀਆਂ ਕਰਵਾ ਕੇ ਸਿਰ ਗੁੰਦਵਾਂਦੀਆਂ, ਦੰਦਾਸੇ ਮਲਦੀਆਂ ਤੇ ਸੁਰਮੇ-ਕੱਜਲ ਪਾਂਦੀਆਂ, ਚਾਨਣੀਆਂ ਰਾਤਾਂ ਵਿੱਚ ਗਿੱਧੇ ਤੇ ਕੀਕਲੀ ਪਾਂਦੀਆਂ, ਖਿੱਦੋ ਨਾਲ ਥਾਲ ਪਾਉਣ ਦੀ ਖੇਡ ਖੇਡਦੀਆਂ ਤੇ ਸਾਰੀ ਸਾਰੀ ਰਾਤ ਚਰਖੀ ਦੀ ਘੂਕ ਨਾਲ ਇਕ ਸੁਰ ਹੋ ਕੇ ਤ੍ਰਿੰਞਣਾਂ ਵਿੱਚ ਪੂਣੀਆਂ ਕਤਦੀਆਂ ਗਾਉਂਦੀਆਂ ਨਾਲੇ ਭੁੱਜੇ ਹੋਏ ਤਿਲਾਂ, ਚੌਲਾਂ, ਛੋਲਿਆਂ ਦੀਆਂ ਖਿੱਲਾਂ ਦੇ ਫੱਕੇ ਮਾਰਦੀਆਂ।

ਕੰਮ, ਖਾਣ ਹੰਢਾਣ ਤੋਂ ਵੀ ਜ਼ਿਆਦਾ ਕਰਦੀਆਂ—ਮਣ ਮਣ ਦੀਆਂ ਮੂਹਲੀਆਂ ਫੜ ਕੇ ਉੱਖਲੀ ਵਿੱਚ ਮਣਾਂ ਦੇ ਮਣ ਮੁੰਜੀ ਛੜਦੀਆਂ, ਪੀਹਣ ਕਰਦੀਆਂ ਤੇ ਚੱਕੀਆਂ ਤੇ ਕਣਕ ਤੇ ਛੋਲੇ ਤੇ ਮਕੱਈ ਆਦਿ ਪੀਂਹਦੀਆਂ, ਘਰ ਦੇ ਕਹਿੰ ਦੇ ਭਾਂਡਿਆਂ ਨੂੰ ਮਾਂਜ-ਧੋ, ਲਿਸ਼ਕਾ-ਪੁਸ਼ਕਾ ਕੇ ਸੁਚੱਜ ਨਾਲ ਜੋੜ ਕੇ ਪੜਛਤੀਆਂ ਤੇ ਰਖਦੀਆਂ ਤੇ ਘਰ ਦੇ ਮਿੱਟੀ ਦੇ ਭਾਂਡਿਆਂ ਨੂੰ ਕੂਚ ਕੂਚ ਤੇ ਸਾਫ਼ ਕਰਕੇ, ਗੇਰੀ ਤੇ ਗਾਚਨੀ ਮਲ ਕੇ ਪਾਲੀਆਂ ਬਣਾ ਕੇ ਰਖਦੀਆਂ। ਖ਼ਾਸ ਛੱਪੜਾਂ ਦੀ ਚੀਕਨੀ ਚਿੱਟੀ ਮਿੱਟੀ ਨੂੰ ਵੱਡੇ-ਵੱਡੇ ਘੜਿਆਂ ਤੇ ਚਾਟੀਆਂ 'ਚ ਘੋਲ ਕੇ ਘਰ ਦੇ ਅੰਦਰ ਬਾਹਰ ਤੇ ਚੌਂਕੇ ਚੁਲ੍ਹੇ ਨੂੰ ਕੁਕੜੀ ਦੇ ਅੰਡੇ ਵਾਂਗੂੰ ਚਿੱਟਾ ਕਰਕੇ ਰਖਦੀਆਂ। ਖੂਹਾਂ ਦੇ ਡੂੰਘੇ ਪਾਣੀ ਨੂੰ ਡੋਲਾਂ, ਡੋਲਿਆਂ ਤੇ ਬਾਲਟੀਆਂ ਨੂੰ ਕਿੱਲਾ ਕਿੱਲਾ ਲੰਮੀਆਂ ਲੱਜਾਂ ਨਾਲ ਕੱਢਦੀਆਂ ਤੇ ਫਿਰ ਘੜਿਆਂ ਨੂੰ ਭਰ ਕੇ ਸਿਰ ਤੇ ਹੇਠ ਉਤੇ ਧਰ ਕੇ ਤੇ ਦੋਘੜਾਂ ਤੇ ਤ੍ਰੈਘੜਾਂ ਚੁੱਕੇ ਤੇ ਠੁਮਕ ਠੁਮਕ ਟੁਰਦੀਆਂ।

ਮੇਲਿਆਂ ਮਸਾਧਿਆਂ ਤੇ ਛਿੰਝਾਂ ਪੈਂਦੀਆਂ ਤੇ ਢੋਲ ਢਮੱਕੇ ਵਜਾ ਕੇ ਜਵਾਨਾਂ ਦੀਆਂ ਖੇਡਾਂ ਹੁੰਦੀਆਂ, ਭਲਵਾਨ ਘੁਲਦੇ, ਰਾਸ ਤਾਰੀਏ ਰਾਸਾਂ ਰਚਾਂਦੇ, ਬਾਜ਼ੀਗਰ ਬਾਜ਼ੀ ਪਾਂਦੇ ਅਤੇ ਹਿੰਦੂ ਕਾਹਣ ਤੇ ਗੋਪੀਆਂ ਬਣ ਕੇ ਕ੍ਰਿਸ਼ਨ ਦੀ ਲੀਲ੍ਹਾ ਵਖਾਂਦੇ। ਗਭਰੂ ਚਾਈਂ ਚਾਈਂ ਮੇਲੇ ਜਾਂਦੇ,- ਲੱਕੀਂ ਲੁਙੀਆਂ ਬਨ੍ਹਦੇ ਤੇ ਸਿਰਾਂ ਤੇ ਸ਼ਮਲੇ ਛੱਡ ਕੇ ਪੱਗਾਂ, ਡਾਂਗਾਂ ਨੂੰ ਤੇਲ ਮਲ ਤੇ ਕੋਕੇ ਮੜ੍ਹਾ ਕੇ ਰੱਖਦੇ। ਮੁੰਡੇ ਮਾਲ ਚਰਾਣ ਗਏ ਗੁੱਲੀ ਡੰਡਾ, ਖਿੱਦੋ ਖੂੰਡੀ, ਲਲ੍ਹੇ, ਕਿਰਲਕਾਂਘਾ, ਡੁੱਘ ਡੰਡਾ, ਨਿਬੱਨਘੋੜੀ ਤੇ ਕੌਡੀ ਖੇਡਦੇ ਤੇ ਚਾਨਣੀਆਂ ਰਾਤਾਂ ਵਿਚ ਲੁਕਣ ਮੀਟੀ ਤੇ ਚੀਚੋ ਚੀਚ ਗਣੇਰੀਆਂ ਦੋ ਤੇਰੀਆਂ ਦੋ ਮੇਰੀਆਂ ਦੀ ਖੇਡ ਦੇ ਰੌਲੇ ਪਾਂਦੇ।

ਮੁੰਡਿਆਂ ਤੇ ਕੁੜੀਆਂ ਦਾ ਸੁਭਾਅ ਸਹਿਕ ਸਹਿਕ ਤੇ ਸਹਿਮ ਸਹਿਮ ਜਾਂ ਗੰਭੀਰ ਸੋਚਾਂ ਦੇ ਸਮੁੰਦਰ 'ਚ ਡੁੱਬ ਕੇ ਜੀਉਣ ਦੇ ਕੁਦਰਤੀ ਤੌਰ ਤੇ ਹੀ ਵਿਰੁੱਧ ਹੈ। ਅਮਨ ਹੋਵੇ ਜਾਂ ਬਦਅਮਨੀ, ਭੁੱਖ ਹੋਵੇ ਜਾਂ ਰੱਜ, ਸਮਾਂ ਮਿਲ ਜਾਏ ਸਹੀ, ਉਹਨਾਂ ਤੇ ਆਪਣੀ ਖੇਡਣ ਦੀ ਖ਼ੁਰਾਕ ਨੂੰ ਬਿਲਕੁਲ ਬੰਦ ਹੀ ਨਾ ਕਰਨਾ। ਪੁੱਜਦੇ ਤੇ ਖਾਂਦੇ ਪੀਂਦੇ ਹਿੰਦੂ ਮੋਏ ਵਡੇ ਵਡਾਰੂਆਂ ਦੇ ਸਰਾਧ ਕਰਦੇ ਤੇ ਤੀਰਥ ਯਾਤਰਾ ਤੇ ਜਾਂਦੇ, ਮੁਸਲਮਾਨ ਮੱਕੇ ਜਾਂਦੇ ਹੱਜ ਕਰਦੇ। ਪਰ ਇਹ ਸਭ ਕੁਝ ਆਮ ਤੌਰ ਤੇ



Digitized by Panjab Digital Library | www.panjabdigilib.org

ਵਖਾਲੇ ਦਾ ਹੀ ਹੁੰਦਾ। ਮੁੱਲਾਂ ਮੌਲਾਣਿਆਂ ਤੇ ਆਮ ਮੁਸਲਮਾਨਾਂ ਦਾ ਇਬਾਦਤ, ਮਾਅਰਫ਼ਤ, ਤਕੀਕਤ ਤੇ ਹਕੀਕਤ ਦਾ ਵੀ ਇਹੋ ਹਾਲ ਸੀ।

ਠਠਿਆਰ ਭਾਂਡੇ ਤੇ ਸੁਨਿਆਰਾ ਟੂੰਬਾਂ ਘੜਦਾ, ਕੁਮ੍ਹਿਆਰ ਘੜੇ ਕੁੱਜੀਆਂ ਬਣਾਂਦਾ, ਲੋਹਾਰ ਲੋਹੇ ਦਾ ਦੂਕਾਨ ਤਾਂਦਾ ਤੇ ਤੇਲੀ ਤਿਲ, ਤਾਰਾਮੀਰਾ ਤੇ ਸਰ੍ਹੋਂ ਆਦਿ ਨੂੰ ਕੋਹਲੂ ਵਿੱਚ ਪੀੜ ਕੇ ਤੇਲ ਕੱਢਦਾ, ਭਾਵ ਹਰ ਕਿੱਤਾ ਬਰਾਦਰੀ, ਜਨਮ ਜਾਂ ਜ਼ਾਤ-ਪਾਤ ਨਾਲ ਮੜ੍ਹਿਆ ਹੋਇਆ ਸੀ ਪਰ ਖੱਤਰੀ ਜਾਂ ਕਸ਼ਤਰੀ ਜਿਸ ਨੂੰ ਵੇਦਾਂ ਦੇ ਸਮੇਂ ਤੋਂ ਤਲਵਾਰ ਫੜਾਈ ਹੋਈ ਸੀ ਆਪਣੇ ਵਰਣ-ਬੱਧ ਧਰਮ ਨੂੰ ਛੱਡ ਕੇ ਨੌਕਰੀ ਜਾਂ ਹੱਟੀ ਪਾ ਕੇ ਬਿਉਪਾਰ ਦਾ ਧੰਧਾ ਅਪਣਾ ਬੈਠਾ ਸੀ।

ਉਸ ਸਮੇਂ ਦੇ ਪੰਜਾਬ ਦੀਆਂ ਖੁਲ੍ਹੀਆਂ ਬਾਰਾਂ ਦੇ ਖੁਲ੍ਹੇ ਡੁਲ੍ਹੇ ਲੋਕ ਭੰਗੜੇ ਤੇ ਝੁਮਰ ਪਾਂਦੇ। ਰਾਜਪੂਤਾਨੇ ਦੇ ਢੋਲ ਤੇ ਸਮੀਂ ਦੀ ਪ੍ਰੇਮ ਕਹਾਣੀ ਬੀਤ ਚੁੱਕੀ ਸੀ ਤੇ ਲੋਕ ਆਪਣੇ ਇਸ਼ਕ ਮੁਹੱਬਤ ਦੇ ਹਾਵ-ਭਾਵ ਨੂੰ ਢੋਲ ਦੀ ਘਟਨਾ ਨੂੰ ਆਪਣਾ ਜਜ਼ਬਾਤੀ ਸਾਧਨ ਬਣਾ ਕੇ ਢੋਲਿਆਂ ਰਾਹੀਂ ਬਿਆਨ ਕਰਦੇ। ਹਿੰਦੂ ਰਾਜਪੂਤਾਂ 'ਚੋਂ ਨਵੇਂ ਨਵੇਂ ਬਣੇ ਮੁਸਲਮਾਨਾਂ ਦੀਆਂ ਕੁੜੀਆਂ ਤੇ ਮੁੰਡੇ ਵਾਲਾਂ ਨੂੰ ਖ਼ਾਸ ਤਰੀਕੇ ਨਾਲ ਕਟਵਾ ਕੇ ਸਿਰ ਤੇ ਛੱਤੇ ਰਖਦੇ, ਕੰਨੀ ਬੁੰਦੇ ਤੇ ਮੁਰਕੀਆਂ ਤੇ ਗੱਲ 'ਚ ਰਸੀਆਂ ਪਾਂਦੇ। ਉਸ ਸਮੇਂ ਦੇ ਢੋਲੇ ਅਜੇ ਵੀ ਪੱਛਮੀ ਪੰਜਾਬ ਦੇ ਉਸ ਸਮੇਂ ਦੇ ਵਾਸੀਆਂ ਦੀ ਔਲਾਦ ਪੱਛਮੀ ਪੰਜਾਬ ਵਿੱਚ ਉਸੇ ਤਰ੍ਹਾਂ ਗੌਣਾਂ ਮਾਰ ਕੇ ਜਾਂ ਖਲੋ ਕੇ, ਝੂਮ ਝੂਮ, ਲਮਕ ਲਮਕ, ਕੰਨਾਂ 'ਚ ਉਂਗਲਾਂ ਪਾ ਕੇ ਜਾਂ ਮਿੱਠੀ ਮਿੱਠੀ ਹੁਮਕਦੀ, ਕਦੀ ਮਠੇਰੀ, ਕਦੀ ਤ੍ਰਿਖੇੜੀ ਜਾਂ ਆਪਣੀ ਵਾਜ ਦੀ ਟੀਸੀ ਤੇ ਗਾਉਂਦੀ ਹੈ। ਜਿਵੇਂ ਅੱਗੇ ਦਸਿਆ ਹੈ ਲੋਕ ਦੂਰ ਦੁਰਾਡੇ ਬਿਉਪਾਰ ਕਰਨ ਲਈ ਘੋੜਿਆਂ ਜਾਂ ਊਠਾਂ ਤੇ ਚੜ੍ਹ ਤੇ ਤਜਾਰਤੀ ਸਾਮਾਨ ਲੱਦ ਕੇ ਜਾਂਦੇ ਸਨ। ਵਾਪਸ ਸੁੱਖੀ ਸਾਂਦੀ ਘਰ ਪੁੱਜਣਾ, ਚੰਗੇ ਨਸੀਬਾਂ ਦਾ ਲੇਖਾ ਹੀ ਸੀ। ਇਸ ਤਰ੍ਹਾਂ ਪਰਦੇਸ ਟੁਰਨ ਲੱਗਿਆਂ ਜਾਂ ਟੁਰ ਗਿਆਂ ਦੇ ਵਿਛੋੜੇ ਲਈ ਦਿਲ ਦੀ ਹਵਾੜ ਆਮ ਲੋਕ ਢੋਲਿਆਂ ਰਾਹੀਂ ਕੱਢਦੇ ਸਨ ਜੋ ਸ਼ਾਇਦ ਉਦੋਂ ਆਮ ਤੌਰ ਤੇ ਔਰਤਾਂ ਦਾ ਵਿਸ਼ੇਸ਼ ਲੋਕ ਗੀਤ ਹੋਵੇ ਪਰ ਕੋਈ ਦੋ ਸਦੀਆਂ ਤੋਂ ਨਿਵੇਕਲਾ ਮਰਦਾਂ ਨੇ ਹੀ ਢੋਲਾ ਅਪਣਾ ਲਿਆ ਹੈ। ਉਸ ਸਮੇਂ ਦੇ ਇਸ ਤਰ੍ਹਾਂ ਦੇ ਢੋਲੇ ਇਹ ਹਨ :—

ਮੇਰਾ ਵਾਂਢਾ ਢੋਲ ਟੁਰ-ਊਏ ਮੱਲ੍ਹ ਵੱਤਦਾਏ ਰਾਹ ਕਸ਼ਮੀਰ ਦਾ।
ਕੇਡੀ ਅਕਲੋਂ ਭੁਲ ਗਈ ਨਮੂਨਾ ਕੋਈ ਨ ਲਿਆ ਲਿਖ ਤਸਵੀਰ ਦਾ।
ਹਾਲ ਮੇਰੇ ਦਾ ਮਹਿਰਮ ਕੋਈ ਨਹੀਂ,
ਜਿਹੜਾ ਵੀ ਮਿਲਿਆ ਕੱਟੂ ਆਪਨੀ ਭੀੜ ਦਾ।
ਜਿਹੜੀਆਂ ਬਾਦਸ਼ਾਹੀਆਂ ਦੇ ਮਰ ਜਾਨੀਂ ਬਾਦਸ਼ਾਹ,
ਮਗਰੋਂ ਮੰਦਾ ਹਾਲ ਵਜ਼ੀਰ ਦਾ।
ਓਤ ਵੇਲੇ ਪੇਸ਼ ਕੋਈ ਨਹੀਂ ਜਾਂਦੀ,
ਜਦੋਂ ਸੌਦਾ ਜਾਹਵੀ ਭਿੜ ਤਕਦੀਰ ਦਾ।
ਗਏ ਜੋਗੀ ਵੱਤ ਨ ਬਹੁੜੇ ਹਿੱਸਾ ਗਏ ਛੱਡ ਦੁਨੀਆਂ ਦੇ ਸੀਰ ਦਾ।
ਜੇ ਜੀਉਂਦਾ ਏਂ ਤਾਂ ਹਿੱਕਵਾਰੀ ਓਹਰਾਂ ਪਰਤ ਮੁਹਾਰਾਂ,
ਵੇਲਾ ਗਿਆ ਈ ਆ ਅਖੀਰ ਦਾ।



Digitized by Panjab Digital Library | www.panjabdigilib.org

ਅਤੇ

ਕੰਨੀ ਬੁੰਦੇ ਸਿਰ ਤੇ ਛੱਤੇ ਆ ਗਏ ਨੇ ਧਾ ਕੇ,
ਮੈਂ ਘੱਤਾਂ ਦਹੀਂ ਤੇ ਮੱਖਣ,
ਦਿਆਂ ਕੱਘੀ ਦੀਆਂ ਰੋਲਾਂ, ਛੰਡਾਂ ਨਿੱਤ ਰਜਾ ਕੇ।
ਉਹਨਾਂ ਕੁੰਡਲ ਚਾ ਮਾਰੇ ਨੇ ਮੁੱਢ ਮੌਰਾਂ ਦੇ ਆ ਕੇ।
ਗੋਰੀ ਦੇ ਨੈਣ ਸੁਰਮੇਲੇ ਉਨੇ ਸ਼ੇਰਾਂ ਦੇ ਵਾਂਗ ਭੰਗਰਾ ਕੇ।
ਇੰਞ ਕੋਈ ਨਹੀਂ ਕਰਦਾ ਜ਼ਾਲਮਾਂ,
ਜਿਵੇਂ ਤੰਹੇਂ ਤਰੜੀ ਏ ਲਾ ਕੇ।
ਕੈਫ਼ੀ ਕਰਕੇ ਮੋਹ ਲਿਆਈ,
ਦਿਲ ਮੇਰੇ ਦੇ ਤਾਕ ਭਵਾ ਕੇ।
ਯਾਰੀ ਲਾਈ ਏ ਮੈਲੇ ਨਾਲ ਸੌਦਾਗਰਾਂ,
ਭਾਵੇਂ ਕੋਈ ਲੈ ਅਜ਼ਮਾ ਕੇ।
ਏਦੋਂ ਆਉਂਦੇ ਦਿਸਣ ਜਾਨੀ ਸਾਡੇ,
ਮੈਂ ਦੱਸਾਂ ਹਾਲ ਵਰੱਤੀਆਂ ਲਵਾਂ ਸ਼ੁਹ ਮਨਾਕੇ।
ਕੱਧੀ ਤਾਂ ਕਾਦਰ ਲਾਉਣਾ ਏ,
ਠੇਲ੍ਹਣਾ ਵੱਸ ਮਲਾਹ ਦੇ।

ਰਮਤੇ ਪੀਰ ਫ਼ਕੀਰ ਤੇ ਸੰਤ ਸਾਧੂ ਨਗਰਾਂ ਦੇ ਬਾਹਰ-ਵਾਰ ਰੁੱਖਾਂ ਦੀ ਸੰਘਣੀ ਛਾਂ ਵੇਖ ਕ ਉਥੇ ਡੇਰੇ ਲਾ ਲੈਂਦੇ ਤੇ ਪੋਚੇ ਫੇਰ ਤੇ ਦੁਆਲੇ ਕਾਰਾਂ ਕੱਢ ਕੇ ਧੂਣੀਆਂ ਧੁਖਾ ਲੈਂਦੇ। ਸ਼ਰਧਾਲੂ ਲੋਕ ਤੇ ਖ਼ਾਸ ਕਰਕੇ ਮਾਈਆਂ ਬੀਬੀਆਂ ਉਹਨਾਂ ਨੂੰ ਸ਼ਰਧਾ ਨਾਲ ਪਕਾ ਕੇ ਭੋਜਨ ਜਾ ਛਕਾਂਦੀਆਂ। ਦੁੱਧ ਪਿਆਂਦੀਆਂ, ਮੱਖਣ ਖਵਾਂਦੀਆਂ ਤੇ ਹੋਰ ਅੱਨ, ਬਸਤਰ ਤੇ ਪੈਸੇ ਭੇਟਾ ਕਰਦੀਆਂ ਤੇ ਜਾਂ ਉਹਨਾਂ ਦੇ ਚੇਲੇ ਚਾਟੜੇ ਘਰਾਂ ਵਿੱਚੋਂ ਜਾ ਕੇ ਮੰਗ ਲਿਆਉਂਦੇ ਤੇ ਅਨੰਦ ਨਾਲ ਛਕਾਦੇ। ਕੁਝ ਦਿਨ ਰਹਿ ਕੇ ਇਹ ਵਿਹਲੜਾਂ ਦੇ ਵੱਗ ਕਿਸੇ ਨਵੇਂ ਟਿਕਾਣੇ ਵੱਲ ਛਿੜ ਜਾਂਦੇ ਪਰ ਸ਼ਰਧਾਲੂ ਲੋਕ ਉਹਨਾਂ ਦੇ ਦਿੱਤੇ ਤਵੀਤ ਧਾਗੇ ਤੇ ਸੁਆਹ ਮਿੱਟੀ ਆਦਿ ਉਹਨਾਂ ਦੇ ਹੁਕਮ ਅਨੁਸਾਰ ਵਰਤਦੇ।

ਵੱਡੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਮੁਸਲਮਾਨਾਂ ਨੂੰ ਮਕਤਬਾਂ ਜਾਂ ਮਦਰਸਿਆਂ ਵਿੱਚ ਮੁੱਲਾਂ ਜਾਂ ਮੌਲਵੀ ਵਿਦਿਆ ਦੇਂਦੇ ਸਨ ਜੋ ਆਮ ਤੌਰ ਤੇ ਮਜ਼ਬੀ ਤਅਸਬ ਵਿਚ ਰੰਗੀ ਹੁੰਦੀ ਸੀ। ਹਿੰਦੂਆਂ ਨੂੰ ਪਾਠਸ਼ਾਲਾ ਜਾਂ ਧਰਮਸਾਲਾ ਵਿੱਚ ਪੰਡਤ ਪਾਂਧੇ ਪੜ੍ਹਾਂਦੇ ਸਨ ਜਿਸ ਵਿਚ ਹਿੰਦੂ ਸ਼ਾਸਤਰ ਤੇ ਹਿਸਾਬ ਕਿਤਾਬ ਪੜ੍ਹਾਏ ਜਾਂਦੇ ਸਨ। ਹਕੂਮਤ ਵਲੋਂ ਕੋਈ ਵਿਸ਼ੇਸ਼ ਤੇ ਨਿਸਚਿਤ ਵਿਦਿਆ ਪਰਣਾਲੀ ਨਹੀਂ ਸੀ ਨਾਲੇ ਹਿੰਦੂਆਂ ਦਾ ਪੜ੍ਹਨ ਪੜ੍ਹਾਨ ਦਾ ਠੇਕੇਦਾਰ ਤਾਂ ਇਕੱਲਾ ਬ੍ਰਾਹਮਣ ਹੀ ਬਣਿਆ ਹੋਇਆ ਸੀ ਅਤੇ ਉਹ ਮਾੜੇ-ਦੁਬੜੇ ਤੇ ਗਰੀਬਾਂ ਨੂੰ ਆਪਣੇ ਧਰਮ ਸ਼ਾਸਤਰਾਂ ਤੋਂ ਪਰਵਾਨਗੀ ਲੈ ਕੇ ਵਿਦਿਆ ਦੇਣੀ ਤਾਂ ਇਕ ਪਾਸੇ ਪਾਠਸ਼ਾਲਾ ਜਾਂ ਧਰਮਸਾਲਾ ਦੇ ਬੂਹੇ ਕੋਲੋਂ ਵੀ ਨਹੀਂ ਸੀ ਲੰਘਣ ਦੇਂਦਾ ਜਿਸ ਦਾ ਸਿੱਟਾ ਇਹ ਸੀ ਕਿ ਆਮ ਜੰਤਾ ਅਨਪੜ੍ਹਤਾ ਤੇ ਅਗਿਆਨਤਾ ਦੇ ਅਨ੍ਹੇਰੇ ਵਿੱਚ ਅਨ੍ਹੀ ਹੋਈ ਹੋਈ ਸੀ।



Digitized by Panjab Digital Library | www.panjabdigilib.org

ਮੁਸਲਮਾਨਾਂ ਦਾ ਹਰ ਪਾਸੇ ਜ਼ੋਰ ਹਣ ਦੇ ਕਾਰਨ, ਮੁਸਲਮਾਨਾਂ ਦੀ ਹਰ ਥਾਂ ਸੁਣਵਾਈ ਸੀ ਤੇ ਉਨ੍ਹਾਂ ਨੂੰ ਸਰਕਾਰੇ ਦਰਬਾਰੇ ਚੰਗੀਆਂ ਆਸਾਮੀਆਂ ਵੀ ਮਿਲ ਜਾਂਦੀਆਂ ਸਨ ਪਰ ਹਿੰਦੂਆਂ ਨੂੰ ਹਿੰਦੂ ਕਹਿ ਕੇ ਸਰਕਾਰੀ ਚੰਗੀ ਨੌਕਰੀ ਤਾਂ ਇਕ ਪਾਸੇ ਅਣਖ ਤੇ ਆਦਰ ਦੀ ਜ਼ਿੰਦਗੀ ਬਤੀਤ ਕਰਨੀ ਵੀ ਮੁਸ਼ਕਲ ਸੀ। ਇਸ ਲਈ ਹਿੰਦੂ ਕੁਝ ਲਾਲਚ ਮਗਰ ਲੱਗ ਕੇ ਤੇ ਜ਼ਿਆਦਾ ਤੌਰ ਤੇ ਮੁਸਲਮਾਨ ਹਾਕਮਾਂ ਤੇ ਹਮਲਾਆਵਰਾਂ ਦੇ ਡਰ ਦੇ ਮਾਰੇ ਹੋਏ ਧੜਾ ਧੜ ਮੁਸਲਮਾਨ ਹੁੰਦੇ ਜਾ ਰਹੇ ਸਨ। ਇਤਿਹਾਸ ਦੀ ਕਦੀ ਵੀ ਨਾ ਝੁੱਠਲਾਈ ਜਾ ਸੱਕਣ ਵਾਲੀ ਸਚਾਈ ਤਾਂ ਇਹ ਹੈ ਕਿ ਆਖਰਕਾਰ ਹਿੰਦੁਸਤਾਨ ਤੇ ਪਾਕਿਸਤਾਨ ਦੇ ਮੁਸਲਮਾਨਾਂ 'ਚੋਂ ਘੱਟ ਤੋਂ ਘੱਟ ਨੜਿਨਵੇਂ ਫ਼ੀ ਸਦੀ ਤਾਂ ਉਹਨਾਂ ਹਿੰਦੂਆਂ ਦੀ ਔਲਾਦ ਹੀ ਹਨ ਜੋ ਲੋਭ ਤੇ ਡਰ ਦੇ ਕਾਰਨ ਮੁਸਲਮਾਨ ਬਣ ਗਏ।

ਉਤੇ ਦੱਸੇ ਕੁਦਰਤੀ ਤੇ ਹੋਰ ਸਾਰੇ ਮਾਹੌਲ ਦਾ ਅਸਰ ਗੁਰੂ ਨਾਨਕ ਜੀ ਤੇ ਜ਼ਰੂਰ ਪੈਣਾ ਸੀ ਅਤੇ ਪਿਆ ਜੋ ਉਨ੍ਹਾਂ ਦੀ ਆਪਣੀ ਰੱਚੀ ਬਾਣੀ 'ਚੋਂ ਸਪੱਸ਼ਟ ਹੈ।

ਮੁਕਦੀ ਗੱਲ, ਗੁਰੂ ਨਾਨਕ ਸਾਹਿਬ ਦਾ ਜਨਮ ਇਹੋ ਜਿਹੇ ਵਾਤਾਵਰਣ ਵਿੱਚ, ੨੩ ਨਵੰਬਰ ਦੀ ਪੂਰਨਮਾਸ਼ੀ ਨੂੰ, ਚੌਦਾਂ ਸੌ ਉਨ੍ਹਤਰ ਈਸਵੀ ਵਿੱਚ ਤਲਵੰਡੀ ਰਾਏ ਭੋਏ (ਹਾਲ ਸ੍ਰੀ ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ, ਪੱਛਮੀ ਪਾਕਿਸਤਾਨ) ਵਿੱਚ ਮਾਤਾ ਤ੍ਰਿਪਤਾ ਅਤੇ ਪਿਤਾ ਕਾਲੂ ਦੇ ਘਰ ਹੋਇਆ। ਮੈਂ ਏਥੇ ਇਹ ਗੱਲ ਦੱਸ ਦੇਣੀ ਜ਼ਰੂਰੀ ਸਮਝਦਾ ਹਾਂ ਕਿ ਹੁਣ ਬਹੁਤ ਸਾਰੇ ਲਿਖਾਰੀ ਤੇ ਵਿਦਵਾਨ ਗੁਰੂ ਨਾਨਕ ਸਾਹਿਬ ਦੇ ਜਨਮ ਨੂੰ ਵੈਸਾਖ ਦੇ ਮਹੀਨੇ ਵਿੱਚ ਹੋਇਆ ਮੰਨਣ ਲੱਗ ਪਏ ਨੇ ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ। ਏਥੋਂ ਤਕ ਕਿ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਸਾਲਾ ਜਨਮ ਦਿਨ ਮਨਾਉਣ ਬਾਰੇ ਵੀ "ਵੈਸਾਖ ਕਿ ਕੱਤੇ" ਬਾਰੇ ਬੜਾ ਵਾਦ-ਵਿਵਾਦ ਹੋਇਆ ਪਰ ਅੰਤ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਵੀ ੨੩ ਨਵੰਬਰ, ੧੯੬੯ ਨੂੰ ਹੀ ਜਨਮ ਦਿਨ ਮੰਨ ਕੇ ਮਨਾਇਆ ਹੈ। ਜੇ ਕੁਝ ਪਾਠਕ ਜਾਂ ਵਿਦਵਾਨ ਮੇਰੇ ਵਿਚਾਰ ਨਾਲ ਸਹਿਮਤ ਨਾ ਹੋਣ ਅਤੇ ਵਿਰੋਧਤਾ ਦੀ ਭਾਵਨਾ ਰੱਖਣ ਤਾਂ ਮੈਂ ਉਹਨਾਂ ਨੂੰ ਨਿਮ੍ਰਤਾ ਨਾਲ ਪੁੱਛਦਾ ਹਾਂ ਕਿ ਜੇ ਗੁਰੂ ਨਾਨਕ ਜੀ ਦਾ ਜਨਮ ਵੈਸਾਖ ਵਿੱਚ ਹੋਇਆ ਸੀ ਤਾਂ ਸਾਰੇ ਸੰਸਾਰ ਦੇ ਸਿੱਖਾਂ ਨੇ ਗੁਰੂ ਸਾਹਿਬ ਦਾ ਪੰਜ ਸੌ ਸਾਲਾ ਜਨਮ ਦਿਨ ੨੩ ਨਵੰਬਰ, ੧੯੬੯ ਨੂੰ ਮਨਾ ਕੇ ਕੀਹ ਆਪਣੇ ਇਤਿਹਾਸ ਦਾ ਮੌਜੂ ਨਹੀਂ ਬਣਾਇਆ ? ਕੱਤਕ ਪੂਰਨਮਾਸ਼ੀ ਨੂੰ ਹੀ ਜਨਮ ਦਿਨ ਮੰਨਣਾ ਠੀਕ ਹੈ।

ਇਨ੍ਹਾਂ ਦੀ ਵੱਡੀ ਭੈਣ ਦਾ ਨਾਂ ਨਾਨਕੀ ਸੀ ਅਤੇ ਇਸ ਸੁੱਖਾਂ ਲੱਧੇ ਪੁਤਰ ਦਾ ਨਾਂ ਭੈਣ ਦੇ ਨਾਂ ਨਾਲ ਮਿਲਦਾ 'ਨਾਨਕ' ਹੀ ਰੱਖ ਦਿੱਤਾ ਗਿਆ। ਇਹੋ ਜਿਹੇ ਭੈਣ ਭਰਾਵਾਂ ਦੇ ਇੱਕੋ ਨਾਂ ਦੀਆਂ ਮਿਸਾਲਾਂ ਪੰਜਾਬ ਵਿੱਚ ਅਜੇ ਵੀ ਕੋਈ ਘੱਟ ਨਹੀਂ। ਉਦੋਂ ਕਿਸੇ ਨੂੰ ਕੀ ਪਤਾ ਸੀ ਕਿ ਇਸ ਬਾਲਕ ਦੇ ਨਾਂ ਦੇ ਕਾਰਨ ਤਲਵੰਡੀ ਦਾ ਨਾਂ ਹੀ 'ਨਨਕਾਣਾ ਸਾਹਿਬ' ਪੈ ਜਾਣਾ ਹੈ। ਕਈ ਲਿਖਾਰੀਆਂ ਦੇ ਖ਼ਿਆਲ ਅਨੁਸਾਰ ਰਾਏ ਭੋਏ ਵੀ ਰਾਏਪੁਰ ਤੋਂ ਵਿਗੜ ਕੇ ਹੀ ਬਣਿਆ ਸੀ। ਕਹਿੰਦੇ ਨੇ ਕਿ ਤਲਵੰਡੀ ਦੀ ਮੁੱਢਲੀ ਵਸੋਂ ਰਾਜੇ ਵੈਰਾਟ ਨੇ ਕੀਤੀ ਸੀ। ਰਾਏ ਭੋਏ ਜ਼ਾਤ ਦਾ ਭੱਟੀ ਰਾਜਪੂਤ ਸੀ। ਰਾਜਪੂਤਾਂ ਦੀ ਇਸ ਸ਼ਾਖ ਦੇ ਵਡਾਰੂ ਕਈ ਸਦੀਆਂ ਪਹਿਲਾਂ ਗੜ੍ਹ ਗਜ਼ਨੀ ਤੋਂ ਆਏ ਦੱਸੇ ਜਾਂਦੇ ਨੇ ਤੇ ਫਿਰ ਜੈਸਲਮੇਰ ਤੋਂ ਭਟਨੇਰ ਤੋਂ। ਭੱਟੀ ਚੰਦਰਬੰਸੀ ਰਾਜਪੂਤ ਨੇ ਜਿਨ੍ਹਾਂ ਦੀ ਪੀਹੜੀ ਸਿੱਧੀ ਮਥਰਾ ਦੇ ਕ੍ਰਿਸ਼ਨ ਮਹਾਰਾਜ ਨਾਲ ਜਾ ਮਿਲਦੀ ਹੈ। ਮੁਸਲਮਾਨਾਂ ਦੇ



Digitized by Panjab Digital Library | www.panjabdigilib.org

ਹਮਲਿਆਂ ਦੇ ਸਮੇਂ ਲੜਾਈਆਂ ਭਿੜਾਈਆਂ, ਕਾਲਾਂ ਤੇ ਪਰਸਪਰ ਕਬੀਲਿਆਂ ਦੇ ਦੰਗੇ ਫ਼ਸਾਦ ਦੀ ਵਜ੍ਹਾ ਤੋਂ ਇਹ ਘਰ ਘਾਟ ਛੱਡ ਤੇ ਉਜੜ ਕੇ ਨਿਕਲੇ ਸਨ ਤੇ ਕਈ ਸਦੀਆਂ ਥਾਂ ਥਾਂ ਤੇ ਟਪਰੀਵਾਸਾਂ ਦਾ ਜੀਵਨ ਬਤੀਤ ਕਰਦੇ ਤੇ ਲੁੱਟ-ਮਾਰ ਤੇ ਗੁਜ਼ਾਰਾ ਕਰਦੇ ਰਹੇ। ਜਿਹੜੇ ਅੰਗਰੇਜ਼ ਦੇ ਪੰਜਾਬ ਵਿੱਚ ਆਉਣ ਦੇ ਸਮੇਂ ਤੱਕ ਵੀ ਕਿਤੇ ਪੱਕੀ ਤਰ੍ਹਾਂ ਟਿੱਕ ਕੇ ਨਾ ਵਸੇ, ਉਹਨਾਂ ਭੱਟੀ ਭਵੰਤਿਆਂ ਨੂੰ ਅੰਗਰੇਜ਼ ਸਰਕਾਰ ਨੇ ਜਰਾਇਮ ਪੇਸ਼ਾ ਕੌਮਾਂ ਦੇ ਕਾਨੂੰਨ ਹੇਠ ਪਾਬੰਦ ਕਰਨ ਦਾ ਪੂਰਾ-ਪੂਰਾ ਯਤਨ ਕੀਤਾ। ਪੰਜਾਬ ਵਿੱਚ ਜਿਹੜੇ ਭੱਟੀ, ਇਲਾਕਿਆਂ ਤੇ ਪਿੰਡਾਂ ਗਰਾਵਾਂ ਦੀਆਂ ਮੱਲਾਂ ਮਾਰ ਕੇ ਬਹਿ ਗਏ ਉਸ ਸਮੇਂ ਦੀ ਹਿੰਦੂਆਂ ਤੇ ਸਖ਼ਤੀ ਤੇ ਮੁਸਲਮਾਨੇ ਦਬਾ ਹੇਠ ਆ ਕੇ ਆਪਣੇ ਸੁੱਖ ਤੇ ਸੁਰੱਖਿਆ ਦੀ ਖ਼ਾਤਰ ਮੁਸਲਮਾਨ ਬਣ ਗਏ। ਰਾਏ ਭੋਏ ਉਹਨਾਂ ਵਿਚੋਂ ਇਕ ਸੀ ਅਤੇ ਉਹ ਤਲਵੰਡੀ ਤੇ ਇਸ ਦੇ ਆਲੇ-ਦੁਆਲੇ ਦੇ ਕਈ ਪਿੰਡਾਂ ਦਾ ਮਾਲਕ ਸੀ। ਇਹ ਬੜਾ ਭਲਾ ਮਾਣਸ ਆਦਮੀ ਸੀ। ਭਾਵੇਂ ਮੁਸਲਮਾਨ ਹੋ ਗਿਆ ਸੀ ਪਰ ਇਸ ਨੂੰ ਹਿੰਦੂਆਂ ਨਾਲ ਕੋਈ ਦੁਭਿੱਦਾ ਜਾਂ ਦੁਸ਼ਮਣੀ ਨਹੀਂ ਸੀ ਅਤੇ ਨਾ ਹੀ ਇਸ ਨੂੰ ਨਵੇਂ ਧਾਰੇ ਮਜ਼ੂਬ ਦੀ ਅਰਬੀ ਦਾ ਇਸ ਦੇ ਕੁਝ ਪਿੜਪੱਲੇ ਪੈਂਦਾ ਸੀ। ਇਸ ਦੇ ਬਾਅਦ ਇਸ ਦੀ ਥਾਂ ਰਾਏ ਬੁਲਾਰ ਨੇ ਸੰਭਾਲੀ ਜੋ ਆਪਣੇ ਪਿਓ ਤੋਂ ਵੀ ਜ਼ਿਆਦਾ ਰੱਬ-ਤਰਸ ਸੀ। ਰਾਏ ਬੁਲਾਰ ਨੂੰ ਉਸ ਦੇ ਸੁਲਹਕੁਨ ਸਭਾ ਦੇ ਕਾਰਨ ਹਿੰਦੂ, ਮੁਸਲਮਾਨ ਤੇ ਸਾਰੀ ਗ਼ਰੀਬ ਜੰਤਾ ਅਸੀਸਾਂ ਦੇਂਦੀ ਸੀ। ਤਲਵੰਡੀ ਅਤੇ ਇਸ ਤੇ ਆਲੇ-ਦੁਆਲੇ ਦੇ ਪਿੰਡਾਂ ਦੀ ਹੱਲ-ਹੇਠਲੀ ਜ਼ਮੀਨ ਬੜੀ ਉਪਜਾਊ ਸੀ ਪਰ ਆਮ ਇਲਾਕੇ ਘਣੇ ਜੰਗਲਾਂ ਨੇ ਕੱਜੇ ਹੋਏ ਸਨ।

ਆਮ ਇਤਿਹਾਸਕਾਰਾਂ ਦਾ ਕਥਨ ਹੈ ਕਿ ਗੁਰੂ ਨਾਨਕ ਸਾਹਿਬ ਦੇ ਜਨਮ ਸਮੇਂ ਹੀ ਦਾਈ ਮਾਈ ਦੌਲਤਾਂ ਬੱਚੇ ਦੇ ਚਿਨ੍ਹ ਚੱਕਰ, ਨੂਰਾਨੀ ਮੱਥਾ ਤੇ ਹੋਰ ਅਦੁੱਤੀ ਲੱਛਣ ਵੇਖ ਕੇ ਚਕ੍ਰਿਤ ਹੋ ਗਈ ਅਤੇ ਉਸ ਨੇ ਮਾਤਾ ਤ੍ਰਿਪਤਾ, ਪਿਤਾ ਕਾਲੂ ਤੇ ਹੋਰ ਸਾਕਾਂ ਸੈਨਾਂ ਨੂੰ ਕਿਹਾ ਕਿ ਮੇਰਾ ਵਿਸ਼ਵਾਸ਼ ਹੈ ਕਿ ਇਹ ਨਵਾਂ ਜੰਮਿਆ ਬੱਚਾ ਕੋਈ ਸਾਧਾਰਨ ਜੀਅ ਨਹੀਂ। ਜ਼ਰੂਰ ਰੱਬ ਦੀ ਕੋਈ ਵਿਸ਼ੇਸ਼ ਵਿਅਕਤੀ ਤੇ ਸ਼ਕਤੀ ਹੈ; ਕਿਉਂਕਿ ਭਾਵੇਂ ਮਾਈ ਦੌਲਤਾਂ ਦੀ ਉਮਰ ਬੱਚੇ ਜਮਾਂਦਿਆਂ ਹੀ ਗੁਜ਼ਰ ਗਈ ਸੀ, ਉਸ ਦੀ ਆਤਮਾ ਨੂੰ ਇਸ ਬੱਚੇ ਦੇ ਜਨਮ ਦੀ ਘੜੀ ਦੀ ਸ਼ਾਂਤੀ, ਅਨੰਦ ਤੇ ਆਤਮਕ ਹੁਲਾਰਾ ਇਸ ਤੋਂ ਪਹਿਲਾਂ ਕਦੀ ਨਸੀਬ ਨਹੀਂ ਸੀ ਹੋਇਆ। ਪਿਤਾ ਕਾਲੂ, ਮਾਤਾ ਤ੍ਰਿਪਤਾ ਅਤੇ ਬੀਬੀ ਨਾਨਕੀ ਤਾਂ ਇੱਕ ਪਾਸੇ, ਨਿੱਕੇ ਜਿਹੇ ਹੱਸੂੰ-ਹੱਸੂੰ ਕਰਦੇ ਨਾਨਕ ਨੂੰ ਵੇਖ ਕੇ ਪਿਤਾ ਕਾਲੂ ਦਾ ਛੋਟਾ ਭਰਾ ਮਹਿਤਾ ਲਾਲੂ ਵੀ ਬਾਗ਼ ਬਾਗ਼ ਹੋ ਗਿਆ।

ਮਹਿਤਾ ਕਾਲੂ ਇਲਾਕੇ ਦਾ ਪਟਵਾਰੀ ਸੀ। ਪਟਵਾਰੀ ਤਾਂ ਅੱਜ ਦੇ ਲੋਕਰਾਜ ਵਿੱਚ ਵੀ ਜਾਇਦਾਦ ਦੀ ਮਾਲਕੀ ਜਾਂ ਬੇਮਾਲਕੀ ਤੇ ਮਾਮਲਿਆਂ ਤੇ ਮਸਲਿਆਂ ਵਿੱਚ, ਵਡੇ ਵਡੇ ਖੱਬੀਖਾਨਾਂ ਤੇ ਅਮੀਰਾਂ ਵਜ਼ੀਰਾਂ ਦੀ ਵੀ ਗੁੱਡੀ ਭਵਾ ਦੇਂਦਾ ਹੈ, ਉਸ ਜ਼ਮਾਨੇ ਦੇ ਪਟਵਾਰੀ ਦੀ ਸ਼ਾਨ ਬਾਨ ਦੀ ਤਾਂ ਗੱਲ ਹੀ ਕੀ ਕਰਨੀ ਹੈ?

ਮਹਿਤਾ ਕਾਲੂ ਪੂਰੇ ਖੱਤਰਿੱਮੇ ਸੁਭਾਅ ਦਾ ਅਤੇ ਪੈਸੇ ਪਦਾਰਥ ਨਾਲ ਡੂੰਘਾ ਪਿਆਰ ਕਰਨ ਵਾਲਾ ਦੁਨੀਆਂਦਾਰ ਸੀ।

ਨਾਨਕ ਜਿੰਨਾ ਪਿਆਰਾ ਸੀ ਓਨਾ ਹੀ ਦੂਜੇ ਬੱਚਿਆਂ ਤੋਂ ਨਿਆਰਾ ਤੇ ਨਿਰਾਲਾ ਸੀ। ਨ ਇਸ ਵਿਚ ਆਮ ਬੱਚਿਆਂ ਵਾਲੀ ਚੰਚਲਤਾ ਸੀ ਤੇ ਨ ਹੀ ਚੋੜਾਂ ਤੇ ਚਾਡਾਂ ਭਰੇ ਚੋਹਲ ਮੋਹਲ।



Digitized by Panjab Digital Library | www.panjabdigilib.org

ਉਸ ਦੇ ਪਾਲਨ ਪੋਸਨ, ਲਾਡਾਂ ਤੇ ਪਿਆਰਾਂ ਮਲ੍ਹਾਰਾਂ ਵਿੱਚ ਕੋਈ ਕਮੀ ਨਹੀਂ ਸੀ ਅਤੇ ਖਾਸ ਕਰਕੇ ਆਪਣੀ ਵੱਡੀ ਭੈਣ ਨਾਨਕੀ ਦੀ ਤੇ ਨਾਨਕ ਵੀਰ ਜਾਨ ਸੀ ਜੋ ਆਪਣੇ ਅਨੋਖੇ ਤੇ ਇਲਾਹੀ ਵੀਰ ਤੋਂ ਘੜੀ ਵੀ ਨਹੀਂ ਸੀ ਵਿਛੜਦੀ ।

ਸਨਾਤਨੀ ਹਿੰਦੂ ਧਰਮ ਦੇ ਵਿਸ਼ਵਾਸ਼ੀ ਤੇ ਰਹੁਰੀਤੀ ਵਾਲੇ ਮਾਪਿਆਂ ਨੇ ਬੱਚੇ ਦਾ ਭਵਿੱਖ ਜਾਣਨ ਲਈ ਜੋਤਸ਼ੀ ਹਰਦਿਆਲ ਨੂੰ ਸੱਦਿਆ ਜਿਸ ਨੇ ਟੇਵਾ ਲਾ ਕੇ ਜਨਮ ਪੱਤਰੀ ਬਣਾਈ ਤੇ ਕਿਹਾ ਕਿ ਨਾਨਕ ਮਨੁੱਖਤਾ ਨੂੰ ਤਾਰਨ ਲਈ ਖ਼ਾਸ ਵਿਅਕਤੀ ਆਇਆ ਹੈ । ਇਸ ਨੂੰ ਕੋਈ ਸਾਧਾਰਨ ਬੱਚਾ ਨ ਸਮਝਿਆ ਜਾਏ ।

ਇਹ ਸਰੀਰ ਦਾ ਨਰੋਆ ਪਰ ਮਨ ਦੇ ਲਿਹਾਜ਼ ਨਾਲ ਨਿਰਾਸ਼ ਤੇ ਸੋਚੀਂ ਡੁੱਬਾ ਬਾਲਕ ਮਾਪਿਆਂ ਲਈ ਚਿੰਤਾ ਦਾ ਕਾਰਨ ਬਣ ਗਿਆ । ਪਿਤਾ ਦੀ ਤੇ ਸਭ ਤੋਂ ਵੱਡੀ ਇੱਛਾ ਹੀ ਇਹ ਸੀ ਕਿ ਇਹ ਛੇਤੀ ਤੋਂ ਛੇਤੀ ਜਵਾਨ ਹੋਵੇ ਤੇ ਉਸ ਦਾ ਕੰਮ ਸੰਭਾਲੇ ਤੇ ਚੋਖੀ ਖੱਟੀ ਖੱਟ ਕੇ ਕੁਟੰਬ ਵਿਚ ਪਿਓ ਦਾਦੇ ਦਾ ਨਾਂ ਦੁਨੀਆਂ ਵਿਚ ਰੋਸ਼ਨ ਕਰੇ । ਨਾਨਕ ਤਾਂ ਸ਼ੁਰੂ ਤੋਂ ਹੀ ਪੈਸਿਆਂ ਦੇ ਛਣਕਾਰ ਤੇ ਸੰਸਾਰ ਤੋਂ ਦੂਰ ਦੁਰਾਡਾ ਰੱਬੀ ਪਿਆਰ ਦੀ ਦੁਨੀਆਂ ਵਿੱਚ ਮਗਨ ਸੀ । ਉਸ ਨੂੰ ਕੋਈ ਔਹਰ ਨਹੀਂ ਸੀ । ਕਦੀ-ਕਦੀ ਉਲੇਲ ਆਇਆਂ ਹੱਸਦਾ ਖੇਡਦਾ ਤੇ ਨੱਚਦਾ ਟੱਪਦਾ ਵੀ ਪਰ ਆਮ ਤੌਰ ਤੇ ਨਿੱਕਚੂੰਈਂ ਜਿਹੀ ਮਾਸੂਮ ਉਮਰ ਦਾ ਹੁੰਦਾ ਹੋਇਆ ਵੀ ਕਿੰਨਾ ਕਿੰਨਾ ਚਿਰ ਇੱਕਲ ਮੁਕੱਲਾ ਬਹਿ ਕੇ ਬੁੱਢ-ਪੁਰਾਣੇ ਬੰਦਿਆਂ ਵਾਂਗੂੰ ਡੂੰਘੀਆਂ ਸੋਚਾਂ ਦੇ ਸਮੁੰਦਰ ਵਿੱਚ ਡੁੱਬਾ ਰਹਿੰਦਾ । ਵਿਹੜੇ ਤੇ ਆਂਢ-ਗੁਆਂਢ ਦੀਆਂ ਵਡੇਰੀਆਂ ਜਨਾਨੀਆਂ ਮਾਤਾ ਤ੍ਰਿਪਤਾ ਨੂੰ ਕਹਿੰਦੀਆਂ ਸਨ, "ਪਤਾ ਨਹੀਂ ਤੁਹਾਡੇ ਨਾਨਕ ਦਾ ਸੁਭਾਅ ਕਿਵੇਂ ਦਾ ਹੈ । ਬੱਚਿਆਂ ਵਾਲੀ ਤੇ ਇਸ ਵਿੱਚ ਗੱਲ ਹੀ ਕੋਈ ਨਹੀਂ । ਹਰ ਵਕਤ ਗੁਮਰੱਠਿਆ ਜਿਹਾ ਜਾਪਦਾ ਏ ।"

ਤਲਵੰਡੀ ਦੇ ਸਰਦਾਰ ਰਾਏ ਬੁਲਾਰ ਦੇ ਪਿੰਡਾਂ ਦੇ ਲੋਕੀਂ ਬੜੇ ਸੁਖੀ ਸਨ । ਇਸ ਦੇ ਦੋ ਕਾਰਨ ਸਨ—ਇੱਕ ਤੇ ਇਹ ਆਪ ਦੂਈ ਦਵੈਤ ਤੋਂ ਦੂਰ ਸੀ ਤੇ ਦੂਜੇ ਤਲਵੰਡੀ ਦਾ ਇਲਾਕਾ ਮੁਸਲਮਾਨ ਹਮਲਾਆਵਰਾਂ ਦੀ ਪਿਸ਼ੌਰੋਂ ਦਿਲੀ ਜਾਣ ਵਾਲੀ ਸੜਕ ਤੋਂ ਘਣੇ ਜੰਗਲਾਂ ਦੀ ਬੁੱਕਲ ਵਿੱਚ ਵਲੇਟ੍ਹਿਆ ਹੋਇਆ ਸੀ ਤੇ ਦੁਰਾਡਾ ਤੇ ਨਵੇਕਲਾ ਵੀ ਸੀ । ਇਸ ਲਈ ਨਾਥਾਂ, ਜੋਗੀਆਂ, ਸਾਧਾਂ, ਸੰਤਾਂ ਤੇ ਪੀਰਾਂ ਫ਼ਕੀਰਾਂ ਦੇ ਝੁੰਡਾਂ ਦੇ ਝੁੰਡ ਤਲਵੰਡੀ ਦੀਆਂ ਨਿਆਈਆਂ ਵਿੱਚ ਵੱਡੇ-ਵੱਡੇ ਰੁੱਖਾਂ ਦੀ ਛਾਵੇਂ ਉਤਰੇ ਰਹਿੰਦੇ । ਨਾਨਕ ਨੂੰ ਫ਼ਕੀਰਾਂ ਕੋਲ ਜਾ ਕੇ ਸਾਰਾ ਸਾਰਾ ਦਿਨ ਬਹਿਣ ਦੀ ਚੇਟਕ ਹੀ ਲੱਗ ਗਈ । ਸਾਰਾ ਦਿਨ ਬੜੇ ਧਿਆਨ ਨਾਲ ਚੁੱਪ ਚੁਪੀਤਾ ਗੱਲਾਂ ਸੁਣਦਾ ਤੇ ਨਾਲੇ ਉਨ੍ਹਾਂ ਦੀਆਂ ਸਾਰੀਆਂ ਹਰਕਤਾਂ ਨੂੰ ਬੜੇ ਗਹੁ ਨਾਲ ਵਾਚਦਾ । ਹਿੰਦੂ ਸਾਧਾਂ ਦੀਆਂ ਗਿਆਨ ਗੋਸ਼ਟੀਆਂ ਅਤੇ ਮੁਸਲਮਾਨ ਪੀਰਾਂ, ਫ਼ਕੀਰਾਂ, ਮਲੰਗਾਂ ਤੇ ਸੂਫੀਆਂ ਦੇ ਮਾਅਰਫ਼ਤੀ ਮਸਲੇ ਸੁਣਦਾ ਰਹਿੰਦਾ । ਉਸ ਨੂੰ ਉਹਨਾਂ ਟੁਰਦੇ ਫਿਰਦੇ ਕਰੋੜਾਂ ਲੋਕਾਂ ਬੁੱਢਿਆਂ, ਅਧਖੜਾਂ ਤੇ ਮੁੱਛ-ਫੁੱਟਾਂ 'ਚੋਂ ਜ਼ਿਆਦਾ ਤੇ ਪਾਖੰਡੀ ਤੇ ਘਰ ਦੇ ਕੰਮਾਂ ਤੋਂ ਨੱਸੇ ਹੋਏ ਹੀ ਜਾਪਦੇ ।

ਇਕ ਪਾਸੇ ਤਾਂ ਉਹ ਉਹਨਾਂ ਦੇ ਵੇਖ ਵਖਾਲੇ, ਪਰਸਪਰ ਬਹਿਸਾਂ, ਬੇਪਰਤੀਤੀ, ਪਾਖੰਡੀ ਤੇ ਨਸ਼ੇ-ਨਸ਼ਟ ਜ਼ਿੰਦਗੀ ਨੂੰ ਵੇਖ ਕੇ ਬੜਾ ਖਿਝਦਾ ਤੇ ਰਿਝਦਾ ਅਤੇ ਦੂਜੇ ਪਾਸੇ ਵਹਿਮੀ ਤੇ ਅਗਿਆਨ ਜਨਤਾ ਦੀ ਵਹਿਮ ਪ੍ਰਸਤੀ ਦਾ ਹਾਲ ਵੇਖ ਕੇ ਵਿੱਚੇ ਵਿੱਚ ਸੋਚਾਂ ਵਿੱਚ ਘੁਲਦਾ



Digitized by Panjab Digital Library | www.panjabdigilib.org

ਰਹਿੰਦਾ ਕਿ ਸੰਸਾਰ ਨੂੰ ਸੱਚ ਦਾ ਚੰਨ ਇਸ ਚਾਰ ਚੁਫੇਰੇ ਛਾ ਚੁੱਕੇ ਕੂੜ ਦੀ ਮੱਿਸਿਆ ਦੇ ਅਨ੍ਹੇਰੇ 'ਚੋਂ ਕਿਵੇਂ ਵਿਖਾਵਾਂ। ਇਨ੍ਹਾਂ ਲੰਮੀਆਂ ਚੌੜੀਆਂ ਸੋਚਾਂ ਨੇ ਹੀ ਤਾਂ ਉਸ ਦੀ ਉਦਾਸ ਹੋਂਦ ਉਤੇ ਕਬਜ਼ਾ ਕੀਤਾ ਹੋਇਆ ਸੀ। ਮਾਪੇ ਤੇ ਹੋਰ ਲੋਕ ਤਾਂ ਉਸ ਨੂੰ ਰੋਗੀ ਤੇ ਬੀਮਾਰ ਨਾਨਕ ਸਮਝਦੇ ਸਨ ਪਰ ਅਸਲ ਵਿੱਚ ਉਹ ਸੱਚ ਦੀ ਤਲਾਸ਼ ਵਿੱਚ 'ਸਚਿਆਰ ਗੁਰੂ ਨਾਨਕ' ਸੀ।

ਜਦੋਂ ਵੀ ਨਾਨਕ ਆਪਣੇ ਹਾਣੀਆਂ ਨਾਲ ਖੇਡਦਾ ਜਾਂ ਬਹਿੰਦਾ ਖਲੋਂਦਾ, ਉਨ੍ਹਾਂ ਨਾਲ ਸੰਤਾਂ ਤੇ ਫ਼ਕੀਰਾਂ ਤੋਂ ਸੁਣੀਆਂ ਹੋਈਆਂ ਧਾਰਮਕ ਤੇ ਗੰਭੀਰ ਗੱਲਾਂ ਹੀ ਕਰਦਾ। ਸੁਣਨ ਵਾਲੇ ਹੈਰਾਨ ਹੁੰਦੇ ਅਤੇ ਇਸ ਤਰ੍ਹਾਂ ਜਾਪਦਾ ਜਿਵੇਂ ਨਿੱਕੇ ਜਿਹੇ ਬੱਚੇ ਦੇ ਸਰੀਰ 'ਚੋਂ ਮਹਾਨ ਆਤਮਾ ਤੇ ਅਕਲ ਬੋਲਦੀਆਂ ਨੇ। ਨਾਨਕ ਦੀ ਆਪਣੇ ਹਾਣੀ ਮੁੰਡਿਆਂ ਨਾਲ ਖੇਡਣ ਵਾਲੀ ਥਾਂ ਦਾ ਨਾਂ ਗੁਰਦਵਾਰਾ ਬਾਲ ਲੀਲ੍ਹਾ ਹੈ।

ਸੱਚ ਤਾਂ ਇਹ ਹੈ ਕਿ ਬਚਪਨ ਵਿੱਚ ਹੀ ਗੁਰੂ ਨਾਨਕ ਸਾਧਾਂ, ਸੰਤਾਂ ਤੇ ਫ਼ਕੀਰਾਂ ਦੀ ਸੰਗਤ ਤੋਂ ਬਹੁਤ ਕੁਝ ਸਿੱਖ ਚੁੱਕਾ ਸੀ। ਹੁਣ ਉਸ ਦੀ ਉਮਰ ਛੇ ਸੱਤ ਸਾਲ ਦੀ ਹੋ ਚੁੱਕੀ ਸੀ। ਮਾਪਿਆਂ ਨੂੰ ਜਿਥੇ ਉਸ ਦੇ ਸਾਧੂ ਤੇ ਸਾਊ ਸੁਭਾਅ ਦੀ ਖੁਸ਼ੀ ਸੀ ਉਥੇ ਉਸ ਦੀ ਆਲੇ-ਦੁਆਲੇ ਦੇ ਦੁਨਿਆਵੀ ਅਡੰਬਰ ਤੋਂ ਉਪਰਾਮਤਾ ਦੀ ਚਿੰਤਾ ਵੀ ਸੀ। ਪਿਤਾ ਕਾਲੂ ਚਾਹੁੰਦਾ ਸੀ ਕਿ ਉਹ ਛੇਤੀ-ਛੇਤੀ ਲੋੜੀਂਦੀ ਪੜ੍ਹਾਈ ਲਿਖਾਈ ਕਰਕੇ ਹੋਰ ਨਹੀਂ ਤਾਂ ਖੱਤਰੀ ਪੁੱਤਰ ਹੋਣ ਦੀ ਹੈਸੀਅਤ ਵਿੱਚ ਕਿਸੇ ਵਣਜ-ਵਪਾਰ ਦੇ ਨਫ਼ੇਵੰਦ ਕਾਰ-ਵਿਹਾਰ ਵਿੱਚ ਹੀ ਵੜੇ। ਇਸ ਲਈ ਨਾਨਕ ਨੂੰ ਪੜ੍ਹਨੇ ਪਾਣ ਦਾ ਫ਼ੈਸਲਾ ਕਰ ਲਿਆ ਗਿਆ। ਪੰਡਤ ਤੋਂ ਮਹੂਰਤ ਕਢਵਾ ਕੇ ਸ਼ੁਭ ਵਾਰ ਬਾਲਕ ਨੂੰ ਗੋਪਾਲ ਦਾਸ ਪਾਂਧੇ ਦੀ ਪਾਠਸ਼ਾਲਾ ਵਿੱਚ ਦਾਖਲ ਕਰਾ ਦਿੱਤਾ ਗਿਆ ਅਤੇ ਪਾਂਧਾ ਜੀ ਨੂੰ ਰੁਪੈ, ਗੁੜ ਦੀ ਰੋੜੀ ਤੇ ਬਸਤਰ ਦੇ ਕੇ, ਬੱਚੇ ਨੂੰ ਅਸ਼ੀਰਵਾਦ ਦਿਵਾ ਕੇ ਪਾਠਸ਼ਾਲਾ ਦੇ ਵਿਦਿਆਰਥੀਆਂ ਵਿੱਚ ਲਡੂ ਵੰਡੇ ਗਏ। ਨਾਨਕ ਨੇ ਪਾਠਸ਼ਾਲਾ ਜਾਣਾ ਸ਼ੁਰੂ ਕਰ ਦਿੱਤਾ। ਪਰ ਪਾਂਧੇ ਦੀ ਪੜ੍ਹਾਈ ਦੀ ਸਮੱਗਰੀ ਉਸ ਦੀ ਆਤਮਾ ਦੀ ਭੁੱਖ ਨੂੰ ਦੂਰ ਨ ਕਰ ਸਕੀ। ਸਾਰੇ ਮੁੰਡੇ ਪੱਟੀਆਂ ਲਿਖ ਲਿਖ ਕੇ ਵਖਾਂਦੇ। ਨਾਨਕ ਬੜਾ ਬੁਧੀਮਾਨ ਬਾਲਕ ਸੀ ਅਤੇ ਹਰ ਗੱਲ ਨੂੰ ਇਸ ਤਰ੍ਹਾਂ ਤੁਰਤ ਸਮਝ ਜਾਂਦਾ ਸੀ ਜਿਵੇਂ ਪਹਿਲਾਂ ਹੀ ਜਾਣਦਾ ਹੋਵੇ ਪਰ ਕਈ ਵਾਰੀ ਜਮਾਤ ਦੇ ਮੁੰਡਿਆਂ ਅਤੇ ਪਾਂਧੇ ਤੋਂ ਅਟੰਕ ਹੋ ਕੇ ਸੋਚਣ ਬਹਿ ਜਾਂਦਾ ਅਤੇ ਕਿੰਨਾ-ਕਿੰਨਾ ਚਿਰ ਖ਼ਿਆਲਾਂ ਦੀ ਖੂਹੀ ਵਿੱਚ ਇਸ ਤਰ੍ਹਾਂ ਡੁੱਬਦਾ ਜਿਵੇਂ ਕਿਸੇ ਹੋਰੀ ਦੁਨੀਆਂ ਵਿੱਚ ਗਿਆ ਹੁੰਦਾ ਹੈ। ਕਈ ਵਾਰੀ ਪਾਂਧਾ ਜੀ ਨਾਲ ਬੜੇ ਠਰੰਮੇ, ਸਤਿਕਾਰ ਤੇ ਸੰਜੀਦਗੀ ਨਾਲ ਇਹੋ ਜਿਹੇ ਸਵਾਲ ਜਵਾਬ ਕਰਦਾ ਕਿ ਪਾਂਧਾ ਗੋਪਾਲ ਦਾਸ ਬੱਚੇ ਦੀ ਆਤਮਕ ਸ਼ਕਤੀ ਅਤੇ ਬੁਧੀ ਵੇਖ ਕੇ ਹੈਰਾਨ ਹੋ ਕੇ ਬਹਿ ਜਾਂਦਾ। ਨਾਨਕ ਸੋਚਦਾ ਕਿ ਪਾਂਧਾ ਗੱਲਾਂ ਤੇ ਬੜੀਆਂ ਉੱਚੀਆਂ ਅਤੇ ਅਧਿਆਤਮਕ ਦੱਸਦਾ ਹੈ ਪਰ ਆਪ ਇਨ੍ਹਾਂ ਸਾਰੀਆਂ ਸਚਾਈਆਂ ਦੀ ਕਮਾਈ ਤੋਂ ਬਿਲਕੁਲ ਕੋਰਾ ਹੈ। ਫਿਰ ਸੋਚਦਾ, ਇਕੱਲੇ ਇਸ ਵਿਚਾਰੇ ਦਾ ਹੀ ਤੇ ਇਹ ਹਾਲ ਨਹੀਂ। ਸਾਰੇ ਪੜ੍ਹਨ ਪੜ੍ਹਾਨ ਵਾਲੇ ਅਮਲਾਂ ਤੋਂ ਬਿਨਾਂ ਗਿਆਨ-ਗੱਲਕੜ ਦੀਆਂ ਥੱਜਾਂ ਦੀਆਂ ਥੱਜਾਂ ਜੋੜੀ ਜਾਂਦੇ ਨੇ। ਇਕ ਦਿਨ ਪਾਂਧੇ ਨੇ ਪੱਟੀ ਲਿਖਣ ਲਈ ਕਿਹਾ ਤਾਂ ਨਾਨਕ ਇੱਕਲਵਾਂਝੇ ਬਹਿ ਕੇ ਸੋਚ ਸੋਚ ਕੇ ਕੁਝ ਲਿਖਣ ਲੱਗਾ ਫਿਰ ਸੋਚਾਂ ਨੇ ਉਸ ਦੀ ਕਲਮ



Digitized by Panjab Digital Library | www.panjabdigilib.org

ਆਪਣੇ ਹੱਥ ਫੜ ਲਈ ਅਤੇ ਉਹ ਕਲਮ ਦਵਾਤ ਕੋਲ ਧਰ ਕੇ ਸੋਚਾਂ ਨਾਲ ਘੁਲਣ ਲੱਗ ਪਿਆ। ਸਾਰੇ ਮੁੰਡਿਆਂ ਨੇ ਆਪਣੀਆਂ-ਆਪਣੀਆਂ ਪੱਟੀਆਂ ਵਖਾਈਆਂ ਪਰ ਨਾਨਕ ਦੀ ਪੱਟੀ ਬਿਨਾਂ ਸਿਆਹੀ ਦੇ ਕਿਸੇ ਦਾਗ ਤੋਂ ਇਸ ਤਰ੍ਹਾਂ ਕੋਰੀ ਸੀ ਜਿਵੇਂ ਉਸ ਦੀ ਅਣਦਾਗ ਆਤਮਾ। ਪਾਂਧਾ ਦਿਲੋਂ ਨਾਰਾਜ਼ ਸੀ ਪਰ ਅੱਜ ਤਾਂ ਪਾਂਧੇ ਗੋਪਾਲ ਦਾਸ ਤੇ ਨਾਨਕ ਦੇ ਦਰਮਿਆਨ ਰੱਬ, ਸ੍ਰਿਸ਼ਟੀ ਤੇ ਮਨੁੱਖ ਦੀ ਹੋਂਦ ਦੇ ਮਨੋਰਥ ਬਾਰੇ ਜਿਹੇ ਇਹੇ ਸਵਾਲ ਜਵਾਬ ਹੋਏ ਕਿ ਪਾਂਧੇ ਨੇ ਮਹਿਤਾ ਕਾਲੂ ਨੂੰ ਉਸ ਦਿਨ ਹੀ ਆਖ ਦਿੱਤਾ ਕਿ ਮੈਂ ਨਾਨਕ ਨੂੰ ਅੱਜ ਤੋਂ ਬਾਅਦ ਨਹੀਂ ਪੜ੍ਹਾ ਸਕਦਾ ਕਿਉਂਕਿ ਇਸ ਦਾ ਗਿਆਨ ਹੁਣ ਹੋਰ ਪੜ੍ਹਾਣ ਜੋਗਾ ਨਹੀਂ ਰਿਹਾ।

ਗੁਰੂ ਨਾਨਕ ਸਾਹਿਬ ਨੇ ਆਪਣੇ ਪੜ੍ਹਾਨ ਵਾਲੇ ਪਾਂਧੇ ਨਾਲ ਹੋਈ ਪੱਟੀ ਦੀ ਚਰਚਾ ਦਾ ਸਾਰਾ ਖੁਲਾਸਾ ਆਪਣੀ ਬਾਣੀ 'ਪੱਟੀ' ਵਿੱਚ ਦੱਸਿਆ ਹੈ। ਪਾਂਧਾ ਕਹਿੰਦਾ ਸੀ ਕਿ ਜੋ ਵਿਦਿਆ ਉਸ ਨੂੰ ਪਾਠਸ਼ਾਲਾ ਵਿੱਚ ਦਿੱਤੀ ਜਾ ਰਹੀ ਹੈ, ਉਸ ਨੂੰ ਸੰਸਾਰ ਵਿੱਚ ਇਜ਼ਤ, ਮਾਨ, ਚੋਖੀ ਕਮਾਈ ਤੇ ਉੱਚਾ ਅਸਥਾਨ ਦੇਵੇਗੀ, ਜਿਸ ਦੀ ਹਕੀਕਤ ਸਮਝਾਣ ਲਈ ਗੁਰੂ ਸਾਹਿਬ ਨੇ ਸ੍ਰੀ ਰਾਗ ਵਿੱਚ ਫ਼ਰਮਾਇਆ ਹੈ :—

ਜਾਲਿ ਮੋਹੁ ਘਸਿ ਮਸੁ ਕਰਿ,<br>
ਮਤਿ ਕਾਗਦੁ ਕਰਿ ਸਾਰੁ।<br>
ਭਾਉ ਕਲਮ ਕਰਿ ਚਿਤੁ ਲਿਖਾਰੀ,<br>
ਗੁਰ ਪੁਛਿ ਲਿਖੁ ਬੀਚਾਰੁ।<br>
ਲਿਖੁ ਨਾਮੁ ਸਲਾਹ ਲਿਖੁ,<br>
ਲਿਖੁ ਅੰਤੁ ਨ ਪਾਰਾਵਾਰੁ।<br>
ਬਾਬਾ ਇਹੁ ਲੇਖਾ ਲਿਖਿ ਜਾਣੁ<br>
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥<br>
ਜਿਥੈ ਮਿਲਹਿ ਵਡਿਆਈਆਂ,<br>
ਸਦ ਖੁਸੀਆਂ ਸਦ ਚਾਉ।<br>
ਤਿਨ ਮੁਖਿ ਟਿਕੇ ਨਿਕਲਹਿ,<br>
ਜਿਨ ਮਨਿ ਸੱਚਾ ਨਾਉ।<br>
ਕਰਮਿ ਮਿਲੈ ਤਾਂ ਪਾਈਐ,<br>
ਨਾਹੀ ਗਲੀ ਵਾਉ ਦੁਆਉ ॥੨॥<br>
ਇਕਿ ਆਵਹਿ ਇਕਿ ਜਾਹਿ ਉਠਿ,<br>
ਰਖੀਅਹਿ ਨਾਮ ਸਲਾਰ।<br>
ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ।<br>
ਅਗੈ ਗਇਆ ਜਾਣੀਐ,<br>
ਵਿਣੁ ਨਾਵੈ ਵੇਕਾਰ ॥੩॥



Digitized by Panjab Digital Library | www.panjabdigilib.org

ਭੈ ਤੇਰੇ ਡਰੁ ਅਗਲਾ,
ਖਪਿ ਖਪਿ ਛਿਜੈ ਦੇਹ ।
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥
ਨਾਨਕ ਉਠੀ ਚਲਿਆ,
ਸਭਿ ਕੂੜੇ ਤੁਟੇ ਨੇਹ ।

ਇਸ ਤੋਂ ਕੁਝ ਦਿਨ ਬਾਅਦ ਨਾਨਕ ਨੂੰ ਪੰਡਤ ਬ੍ਰਿਜਨਾਥ ਕੋਲ ਪੜ੍ਹਨੇ ਬਿਠਾਇਆ ਗਿਆ ਤਾਕਿ ਸੰਸਕ੍ਰਿਤ ਪੜ੍ਹੇ ਤੇ ਆਪਣੇ ਧਰਮ ਕਰਮ ਦਾ ਗਿਆਨ ਵੀ ਹਾਸਲ ਕਰ ਲੈ । ਇਹ ਉਸਤਾਦ ਵੀ ਨਾਨਕ ਦੀ ਬੁੱਧੀ, ਗੰਭੀਰਤਾ, ਉਮਰ ਤੋਂ ਗ਼ੈਰ ਮਾਮੂਲੀ ਸੂਝ ਬੂਝ ਨੂੰ ਵੇਖ ਕੇ ਆਪਣੇ ਚੇਲੇ ਦਾ ਚੇਲਾ ਬਣ ਗਿਆ । ਨਾਨਕ ਨੇ ਬ੍ਰਿਜਨਾਥ ਕੋਲੋਂ ਵੀ ਬੜੇ ਹੈਰਾਨਕੁਨ ਥੋੜ੍ਹੇ ਸਮੇਂ ਵਿਚ ਹਿੰਦੂ ਸ਼ਾਸਤਰਾਂ ਦਾ ਵੀ ਕਾਫ਼ੀ ਗਿਆਨ ਪਰਾਪਤ ਕਰ ਲਿਆ ਅਤੇ ਪੰਡਤ ਦੇ ਦਿਲ ਵਿਚ ਇਸ ਅਨੋਖੇ ਚੇਲੇ ਲਈ ਬੜੀ ਸ਼ਰਧਾ ਤੇ ਸਨਮਾਨ ਪੈਦਾ ਹੋ ਗਿਆ ਜਿਸ ਦਾ ਜ਼ਿਕਰ ਉਸ ਨੇ ਮਹਿਤਾ ਕਾਲੂ ਤੇ ਹੋਰ ਲੋਕਾਂ ਅੱਗੇ ਵੀ ਕੀਤਾ । ਫਿਰ ਇਸ ਰੱਬੀ ਪ੍ਰਤਿਭਾ ਵਾਲੇ ਬਾਲਕ ਨੂੰ ਪਿੰਡ ਦੇ ਮਲਵਾਣੇ ਸਯਦ ਹਸਨ ਦੇ ਕੋਲ ਫ਼ਾਰਸੀ ਪੜ੍ਹਨ ਲਈ ਘਲਿਆ ਗਿਆ । ਫ਼ਾਰਸੀ ਦੀ ਲੋੜੀਂਦੀ ਵਿਦਿਆ ਵੀ ਨਾਨਕ ਨੇ ਛੇਤੀ ਹੀ ਹਾਸਲ ਕਰ ਲਈ ਅਤੇ ਨਾਨਕ ਦੀ ਅਕਲ, ਸਿਆਣਪ, ਸਾਊਪੁਣਾ, ਸਹਿਨਸ਼ੀਲਤਾ ਅਤੇ ਆਤਮਕ ਉਚਾਈ ਵੇਖ ਕੇ ਮਲਵਾਣੇ ਹੋਰਾਂ ਨੂੰ ਵੀ ਆਪਣੇ ਮਨਮੋਹਨੇ ਸ਼ਾਗਿਰਦ ਨਾਲ ਬੜੀ ਅਕੀਦਤ ਹੋ ਗਈ ।

ਇਸ ਤਰ੍ਹਾਂ ਗੁਰੂ ਸਾਹਿਬ ਦੇ ਸਾਰੇ ਉਸਤਾਦਾਂ ਨੇ ਪਿਤਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਨੂੰ ਵਧਾਈਆਂ ਦੇ ਕੇ ਕਿਹਾ ਕਿ ਉਨ੍ਹਾਂ ਦਾ ਬੱਚਾ ਉਨ੍ਹਾਂ ਦੇ ਗਿਆਨ ਭੰਡਾਰ ਤੋਂ ਕਿਸੇ ਹੋਰ ਬਹੁਤ ਵੱਡੇ ਅਦੁੱਤੀ ਅਲੌਕਿਕ ਤੇ ਅਮੁੱਕ ਗਿਆਨ, ਨਿਧਾਨ ਦਾ ਭੰਡਾਰੀ ਬਣੇਗਾ । ਮਹਿਤਾ ਕਾਲੂ ਤੇ ਉਸ ਦੇ ਕੋੜਮੇ ਦੇ ਹੋਰ ਸਾਰੇ ਜੀਅ ਇਹ ਸੁਣ ਕੇ ਬੜੇ ਖ਼ੁਸ਼ ਹੋਏ ਪਰ ਅਸਲੀ ਗੱਲ ਨੂੰ ਸਿਰਫ਼ ਬੇਬੇ ਨਾਨਕੀ ਹੀ ਸਮਝਦੀ ਸੀ ਜੋ ਆਤਮਕ ਤੌਰ ਤੇ ਹੋਰ ਸਭ ਨਾਲੋਂ ਅੱਗੇ ਤੇ ਉੱਚੀ ਸੀ । ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੂੰ ਸਮਝਿਆ ਹੀ ਉਨ੍ਹਾਂ ਦੀ ਵੱਡੀ ਭੈਣ ਬੀਬੀ ਨਾਨਕੀ ਨੇ ਸੀ ਅਤੇ ਉਸ ਆਤਮਕ ਨੇੜਤਾ ਦੇ ਪੱਖ ਵਿੱਚ ਦੂਜੇ ਦਰਜੇ ਤੇ ਸਮਝਣ ਵਾਲਾ ਰਾਏ ਬੁਲਾਰ ਸੀ । ਇਹੀ ਕਾਰਨ ਸੀ ਕਿ ਇਹ ਦੋਵੇਂ ਹਮੇਸ਼ਾਂ ਗੁਰੂ ਸਾਹਿਬ ਦੇ ਪ੍ਰਸੰਸਕ, ਹਮਦਰਦ ਤੇ ਹਮਾਇਤੀ ਰਹੇ ।

ਗੁਰੂ ਨਾਨਕ ਨੇ ਪਾਠਸ਼ਾਲਾ ਤੇ ਮਕਤਬ ਦੀ ਪੜ੍ਹਾਈ ਛੱਡ ਦਿੱਤੀ ਕਿਉਂਕਿ ਦਿਨੋਂ ਦਿਨ ਉਹ ਆਪਣੇ ਆਪੇ ਜਾਂ ਅੰਦਰਲੇ ਦੀ ਪੜ੍ਹਾਈ ਤੇ ਪਹਿਚਾਨ ਵਿੱਚ ਹੋਰ ਵੀ ਜ਼ਿਆਦਾ ਡੂੰਘੀਆਂ ਟੁੱਬੀਆਂ ਮਾਰਨ ਲੱਗੇ ਅਤੇ ਨਾਲ-ਨਾਲ ਹੀ ਸਮਾਜ ਦੇ ਹਰ ਪੱਖ ਦੇ ਲੋਕਾਂ ਅਤੇ ਉਹਨਾਂ ਦੀਆਂ ਉਚਾਣਾ ਅਤੇ ਨਿਵਾਣਾਂ ਦਾ ਅਨੁਮਾਨ ਵੀ ਬੜੇ ਗਹੁ ਨਾਲ ਲਾਣ ਲੱਗੇ ਤਾ ਕਿ ਮਨੁੱਖਤਾ, ਦੇਸ਼ ਤੇ ਸਮਾਜ ਦੇ ਜੁੜੇ-ਜਕੜੇ ਤੇ ਝੋਲੇ ਦੇ ਮਾਰੇ ਹੋਏ ਅੰਗਾਂ ਨੂੰ ਸੁਬਲ ਬਣਾਇਆ ਜਾਵੇ ।

ਬਾਲਕ ਨਾਨਕ ਪੜ੍ਹ ਲਿਖ ਵੀ ਗਿਆ ਪਰ ਆਮ ਬੱਚਿਆਂ ਵਾਂਗੂ ਬੋਲੇ-ਚਾਲੇ ਕੁਝ ਨ । ਘਟਨ ਦੀ ਥਾਂ ਉਸ ਦੀ ਸੰਜੀਦਗੀ ਤੇ ਚੁੱਪ ਵੱਧਦੀ ਹੀ ਗਈ । ਆਪਣੇ ਆਪ ਤਾਂ ਉਹ ਬੋਲਦਾ



Digitized by Panjab Digital Library | www.panjabdigilib.org

ਹੀ ਨ। ਕਿਤੇ ਮਸਾਂ ਕੋਈ ਗੱਲ ਕਰਦਾ ਜਾਂ ਪੁੱਛਿਆਂ ਦੱਸਦਾ। ਹਾਂ, ਜੋ ਗੱਲ ਵੀ ਕਰਦਾ ਉਹ ਬੜੀ ਪੱਕੀ-ਪੀਡੀ ਤੇ ਪਤੇ ਦੀ ਹੁੰਦੀ। ਮਾਪਿਆਂ ਦਾ ਖ਼ਿਆਲ ਸੀ ਕਿ ਉਸ ਦੇ ਵਧਣ ਦੇ ਨਾਲ-ਨਾਲ ਨਾਨਕ ਦੀ ਸੰਸਾਰਕ ਰੁਚੀ ਵੀ ਵਧੇਗੀ ਪਰ ਗੱਲ ਤੇ ਇਸ ਤੋਂ ਉਲਟ ਹੁੰਦੀ ਜਾਂਦੀ ਸੀ। ਨ ਉਸ ਨੂੰ ਖਾਣ ਦੀ ਪਰਵਾਹ ਸੀ ਤੇ ਨ ਪੀਣ ਦੀ। ਬੱਸ ਸੋਚਾਂ ਹੀ ਸੋਚਦਾ ਰਹਿੰਦਾ ਤੇ ਵੇਖਣ ਵਾਲਿਆਂ ਨੂੰ ਇਸ ਤਰ੍ਹਾਂ ਜਾਪਦਾ ਜਿਵੇਂ ਸ਼ਾਇਦ ਸੋਚਾਂ ਹੀ ਉਸ ਦੀ ਖ਼ੁਰਾਕ ਹਨ।

ਪਿੰਡਾਂ ਦੇ ਮੁੰਡੇ ਡੰਗਰਾਂ ਦੇ ਵੱਗਾਂ ਦੇ ਵੱਗ ਚਰਾਂਦੇ। ਸਵੇਰੇ ਜਾ ਕੇ ਲੌਢੇ ਵੇਲੇ ਘਰ ਆਉਂਦੇ। ਸਾਰਾ ਦਿਨ ਹਾਣੀਆਂ ਦੀਆਂ ਢਾਹਣੀਆਂ ਨਾਲ ਰਲ ਕੇ ਮਾਲ ਚਾਰਦੇ, ਵਾਰੀ ਨਾਲ ਮੋੜੇ ਲਾਂਦੇ ਅਤੇ ਨਾਲੇ ਹਸਦੇ ਖੇਡਦੇ ਦੁੜੰਗੇ ਕਢਦੇ ਰਹਿੰਦੇ। ਸਿਆਣਿਆਂ ਨੇ ਸੱਚ ਆਖਿਆ ਹੈ ਕਿ ਹਾਣ ਨੂੰ ਹਾਣ ਪਿਆਰਾ ਹੁੰਦਾ ਹੈ। ਇੱਕ ਉਮਰ ਦੇ ਭਾਵੇਂ ਕੋਈ ਅਤੇ ਕਿਥੇ ਹੋਣ, ਆਪੋ ਵਿੱਚ ਹੱਸ ਖੇਡ, ਭੈੜੀ ਚੰਗੀ, ਸਭ ਕੁਝ ਖੁਲ੍ਹ ਡੁਲ੍ਹ ਕੇ ਕਰਕੇ ਜ਼ਿੰਦਗੀ ਦੇ ਤਜਰਬੇ ਨੂੰ ਮੋਕਲਾ ਹੀ ਨਹੀਂ ਕਰਦੇ, ਜ਼ਿੰਦਗੀ ਨੂੰ ਲੰਮਾ ਕਰਦੇ ਜਾਂ ਵਧਾਂਦੇ ਵੀ ਨੇ। ਪਿੰਡ ਦੇ ਹਾਣੀ ਮੁੰਡੇ ਵੀ ਆਖਦੇ, "ਉਏ ਨਾਨਕਾ ਤੂੰ ਚੰਗਾ ਏਂ! ਸਾਰੀ ਦਿਹਾੜੀ ਮਾਂ ਦੇ ਗੋਡੇ ਮੁੱਢ ਬਹਿ ਰਹਿੰਦੈਂ ਤੇ ਜਾਂ ਔਹਰਿਆਂ ਹੋਇਆਂ ਵਾਂਗੂੰ ਦਿਨੋ ਦਿਨ ਨਿਘਰਦਾ ਜਾਂਦਾ ਏਂ। ਯਾਰਾ ਤੂੰ ਵੀ ਸਾਡੇ ਨਾਲ ਆਪਣੀਆਂ ਮੱਝੀਂ ਚਰਾਣ ਜਾਇਆ ਕਰ। ਨਾਲੇ ਬਾਹਰ ਡੰਗਰ ਚਾਰਾਂਗੇ ਤੇ ਨਾਲੇ ਭੱਜ ਤੁੱਰਕ ਕੇ ਹੱਡ ਪੈਰ ਖੁਲ੍ਹਣਗੇ। ਵੇਖੀਂ ਖਾਂ, ਮੁੰਡਿਆਂ ਦੇ ਮੌਜ ਮੇਲੇ 'ਚ ਤੂੰ ਪਲੁਰ ਨ ਗਿਉਂ ਤੇ।" ਨਾਨਕ ਬੇਲੀਆਂ ਦੀ ਗੱਲ ਨ ਸੁਣਨ ਵਾਂਗੂੰ ਸੁਣ ਛੱਡਦਾ। ਮਹਿਤਾ ਕਾਲੂ ਨੂੰ ਵੀ ਇਹ ਖ਼ਿਆਲ ਹੀ ਆਇਆ ਕਿ ਨਾਨਕ ਘਰ ਸੋਚਾਂ ਸੋਚਣ, ਸਿਹਤ ਗਵਾਣ ਤੇ ਸਾਡੇ ਕਲਪਾਅ ਦਾ ਕਾਰਨ ਬਣਨ ਦੀ ਥਾਂ, ਕਿਉਂ ਨਾ ਬਾਹਰ ਮੱਝੀਂ ਹੀ ਚਾਰ ਲਿਆਇਆ ਕਰੇ। ਸੋਚ ਸੂਚ ਕੇ ਅਖੀਰ ਨਾਨਕ ਨੂੰ ਮਹਿਤਾ ਕਾਲੂ ਜੀ ਨੇ ਆਪਣੀਆਂ ਮੱਝੀਂ ਦਾ ਵੱਗ ਚਾਰਨ ਭੇਜ ਦਿੱਤਾ। ਸੁਹਣਾ, ਛੀਟਕਾ ਜਿਹਾ, ਸੋਚਾਂ ਦਾ ਸਮੁੰਦਰ, ਆਗਿਆਕਾਰ ਪੁੱਤਰ, ਮੋਢੇ ਤੇ ਖੇਸ ਤੇ ਹੱਥ ਵਿੱਚ ਖੂੰਡੀ ਫੜ ਕੇ, ਛੇੜੂ ਬਣ ਕੇ, ਮਿੱਠੀ-ਮਿੱਠੀ ਹੂੰਗਰ ਮਾਰਦਾ ਤੇ ਮੱਠੀ-ਮੱਠੀ ਚਾਲੇ ਤੁਰਦਾ, ਮੱਝੀਂ ਨੂੰ ਚਰਾਨ ਲਈ ਬਾਹਰ ਜੂਹ ਵਿੱਚ ਲੈ ਗਿਆ। ਰੱਬ ਦੇ ਅਮਿੱਟ ਰੰਗ ਵਿੱਚ ਰੱਤੇ ਨਾਨਕ ਨੂੰ ਮੱਝੀਆਂ, ਧਨਾਪਾਂ, ਲਵੇਰੀਆਂ, ਖਾਂਘੜਾਂ, ਕੱਟੀਆਂ ਅਤੇ ਕੱਟਿਆਂ ਚੋਂ ਰੱਬ ਦੀ ਜੋਤ ਨਜ਼ਰ ਆਉਂਦੀ। ਸਾਰਾ ਦਿਨ ਮੱਝੀਂ ਨੂੰ ਚਰਾਂਦਾ ਪਰ ਮਜਾਲ ਏ ਜੇ ਕਦੀ ਵੀ ਕਿਸੇ ਨੂੰ ਸੋਟੀ ਮਾਰੇ।

ਇਹ ਨਵਾਂ ਤੇ ਨਿਰਾਲਾ ਛੇੜੂ ਸਭ ਨੂੰ ਪਿਆਰਾ ਲਗਦਾ ਸੀ। ਨਾਨਕ ਮੱਝੀਂ ਦਾ ਛੇੜੂ ਬਣ ਗਿਆ ਪਰ ਉਸ ਦੀ ਆਤਮਾ ਹਰ ਵੇਲੇ ਆਪਣੀ ਜ਼ਿੰਦਗੀ ਦੇ ਅਸਲੀ ਮਨੋਰਥ ਪਿੱਛੇ ਛਿੜੀ ਰਹਿੰਦੀ। ਕਦੀ-ਕਦੀ ਉਹ ਕਿੰਨਾ-ਕਿੰਨਾ ਚਿਰ ਮੱਝੀਂ ਦੇ ਮਗਰ ਹੌਲੀ-ਹੌਲੀ ਰਲਕਦਾ-ਰਲਕਦਾ ਖਲੋ ਜਾਂਦਾ। ਖੂੰਡੀ ਭੋਂਏ 'ਚ ਖੋਭ ਕੇ ਤੇ ਉਸ ਦੇ ਹੁਡੂ (ਹੁੱਡ) ਤੇ ਠੋਡੀ ਧਰ ਕੇ ਸੋਚਣ ਲੱਗ ਪੈਂਦਾ ਤੇ ਮੱਝੀਂ ਆਪ ਮੁਹਾਰੀਆਂ ਚੁਗਦੀਆਂ-ਚੁਗਦੀਆਂ ਦੂਰ-ਦੂਰ ਟੁਰ ਜਾਂਦੀਆਂ। ਕਈ ਵਾਰੀ ਉਹ ਵੈਸੇ ਹੀ ਖੂੰਡੀ ਕੋਲ ਰਖ ਕੇ, ਖੇਸੀ ਵਿੱਛਾ ਕੇ ਬਹਿ ਜਾਂਦਾ ਤੇ ਜਾਂਦਾ ਰੁੱਝ ਰੱਬ ਦੀ ਯਾਦ ਵਿੱਚ। ਇਸ ਤਰ੍ਹਾਂ ਉਸ ਦੀ ਸੋਚ ਇਕਾਗਰਤਾ ਦੇ ਸਾਗਰ ਦੀ ਲਹਿਰ ਵਿੱਚ ਰੁੜ੍ਹ ਕੇ ਪਤਾ ਨਹੀਂ



Digitized by Panjab Digital Library | www.panjabdigilib.org

ਕਿਨ੍ਹਾਂ-ਕਿਨ੍ਹਾਂ ਆਕਾਸ਼ਾਂ ਪਾਤਾਲਾਂ ਤੱਕ ਹੋ ਔਂਦੀ ! ਜੇ ਮੱਝੀਂ ਅਣਮੋੜੀਆਂ ਚਰਦੀਆਂ ਕਿਸੇ ਦੀ ਪੈਲੀ 'ਚੋਂ ਚਾਰ ਬੁਰਕ ਮਾਰ ਵੀ ਲੈਂਦੀਆਂ ਤਾਂ ਮਾਲਕ ਨਾਨਕ ਨੂੰ ਸਾਧੂ, ਸਾਈਂ ਲੋਕ ਤੇ ਮਹਿਤਾ ਕਾਲੂ, ਪਟਵਾਰੀ ਦਾ ਪੁੱਤਰ ਸਮਝ ਕੇ ਆਈ ਗਈ ਗੱਲ ਕਰ ਛੱਡਦੇ। ਇੱਕ ਦਿਨ ਨਾਨਕ ਇੱਕ ਵਣ ਦੀ ਸੰਘਣੀ ਛਾਵੇਂ ਸੌਂ ਗਿਆ ਤੇ ਮੱਝਾਂ ਨੇ ਇੱਕ ਕਿਸਾਨ ਦੀ ਲਹਿ ਲਹਿ ਕਰਦੀ ਮੂੰਜੀ ਦੀ ਪੈਲੀ ਉਜਾੜ ਦਿੱਤੀ। ਮੱਝੀਂ ਖਾ ਖਾ ਕੇ ਕੁੱਖਾਂ ਕੱਢਦੀਆਂ ਜਾਂਦੀਆਂ ਸਨ ਪਰ ਨਾਨਕ ਘੂਕ ਸੁੱਤਾ ਸੀ। ਪੈਲੀ ਦੇ ਮਾਲਕ ਨੇ ਮੱਝੀਂ ਪੈਲੀ ਦਾ ਉਜਾੜਾ ਕਰਦੀਆਂ ਵੇਖੀਆਂ ਤਾਂ ਖਿੱਟ ਲਾ ਕੇ ਆਇਆ। ਮੱਝੀਂ ਮੋੜੀਆਂ ਤੇ ਸੁੱਤੇ ਨਾਨਕ ਨੂੰ ਝੰਜੋੜ ਕੇ ਜਗਾਇਆ। ਉਸ ਦੇ ਸੱਤੀਂ ਕਪੜੀਂ ਅੱਗ ਲੱਗੀ ਹੋਈ ਸੀ। ਮੱਝੀਂ ਵਲ ਕੇ ਤੇ ਨਾਨਕ ਨੂੰ ਲੋਹੇ ਲਾਖਾ ਹੋਇਆ ਹੋਇਆ, ਖਿੱਚ ਕੇ ਮਹਿਤਾ ਕਾਲੂ ਦੇ ਕੋਲ ਲੈ ਆਇਆ। ਕਿਸਾਨ ਦੇ ਗੁੱਸੇ ਦੀ ਹਾਲਤ ਪਾਠਕ ਬਿਨਾਂ ਦੱਸਿਆਂ ਹੀ ਸਮਝ ਰਿਹਾ ਹੈ। ਉਸ ਦੇ ਮੂੰਹੋਂ ਗੱਲ ਵੀ ਨਹੀਂ ਸੀ ਨਿਕਲਦੀ ਤੇ ਉਸਦਾ ਜੀ ਕਰਦਾ ਸੀ ਕਿ ਉਜਾੜਾ ਕਰਨ ਵਾਲੇ ਖਲੇ ਖਲੋ ਨੂੰ ਹੀ ਵਿਛਾ ਦੇਵਾਂ। ਮਹਿਤਾ ਕਾਲੂ ਤਾਂ ਪਹਿਲਾਂ ਹੀ ਪੁੱਤਰ ਹੱਥੋਂ ਆਪਣੇ ਆਪ ਨੂੰ ਦੁੱਖੀ ਸਮਝਦੇ ਸਨ। ਉਹ ਦੁਨਿਆਵੀ ਨਜ਼ਰ ਨਾਲ ਵੇਖਣ, ਸਾਧਾਰਨ ਕੰਨਾਂ ਨਾਲ ਸੁਣਨ ਤੇ ਪਦਾਰਥਵਾਦੀ ਸਮਝ ਨਾਲ ਸੋਚਣ ਵਾਲੇ ਸਨ। ਉਹ ਨਾਨਕ ਨੂੰ ਫੜ ਕੇ ਉਸ ਮਾਸੂਮ ਤੇ ਮਲੂਕ ਬਾਲਕ ਦੀ ਖੁੰਬ ਠੱਪਣ ਹੀ ਲੱਗੇ ਸਨ ਕਿ ਰੌਲਾ ਗੋਲਾ ਸੁਣ ਕੇ ਰਾਏ ਬੁਲਾਰ ਨੇ ਮਹਿਤਾ ਕਾਲੂ ਨੂੰ ਆ ਕੇ ਠਰ੍ਹਮਾ ਦਿੱਤਾ ਤੇ ਕਿਹਾ ਕਿ ਨਾਨਕ ਨੂੰ ਆਤਮਕ ਨਜ਼ਰ ਨਾਲ ਵੇਖਿਆ ਕਰ। ਹਰ ਵਕਤ ਨਫੇ ਨੁਕਸਾਨ ਦੇ ਨੜਿਨਵੇਂ ਦੇ ਚੱਕਰ ਵਿਚੇ ਹੀ ਨਾ ਫੱਸਿਆ ਰਿਹਾ ਕਰ। ਨਾਨਕ ਹੁਣ ਤੱਕ ਤਾਂ ਚੁੱਪ ਸੀ ਪਰ ਹੁਣ ਬੋਲ ਪਿਆ ਤੇ ਕਹਿਣ ਲੱਗਾ, "ਵੇਖੋ ਜੀ, ਮੈਂ ਤਾਂ ਇਸ ਕਿਸਾਨ ਦਾ ਕੋਈ ਨੁਕਸਾਨ ਨਹੀਂ ਕੀਤਾ। ਬੇਜ਼ਬਾਨ ਤੇ ਅਣਜਾਣ ਪਸ਼ੂਆਂ ਨੇ ਭੁੱਖ ਦੇ ਭਾਂਬੜ ਬੁਝਾਣ ਲਈ ਚਾਰ ਬੂਟੇ ਖਾ ਵੀ ਲੈ ਨੇ ਤਾਂ ਕੀ ਜ਼ੁਲਮ ਹੋ ਗਿਆ ਏ। ਪਸ਼ੂ ਵੀਚਾਰੇ ਅਸੀਸ ਦੇਣਗੇ ਅਤੇ ਖੇਤੀ ਦੇ ਝਾੜ ਵਿਚ ਦੂਣੀ ਚੌਣੀ ਬਰਕਤ ਪਵੇਗੀ।" ਇਹ ਗੱਲ ਨਾਨਕ ਦੇ ਦਿਲ ਦੀ ਏਨੀ ਡੂੰਘੀ ਅਤੇ ਪਵਿੱਤਰ ਨੁੱਕਰ 'ਚੋਂ ਨਿਕਲੀ ਕਿ ਸੁਣਨ ਵਾਲੇ ਸਮੇਤ ਮਹਿਤਾ ਕਾਲੂ ਤੇ ਗੁਸੀਲੇ ਕਿਸਾਨ ਦੇ ਸਭ ਨੂੰ ਸ਼ਾਂਤੀ ਆ ਗਈ। ਰਾਏ ਬੁਲਾਰ ਨੇ ਕਿਸਾਨ ਨੂੰ ਉਸ ਦੇ ਨੁਕਸਾਨ ਤੋਂ ਕਿੰਨੇ ਗੁਣਾ ਜ਼ਿਆਦਾ ਰਕਮ ਦੇ ਕੇ ਉਸ ਨੂੰ ਖੁਸ਼ ਕਰ ਦਿੱਤਾ ਅਤੇ ਇਸ ਤਰ੍ਹਾਂ ਇਹ ਮਾਮਲਾ ਨਜਿੱਠਿਆ ਗਿਆ। ਜਿਸ ਪੈਲੀ ਦੀ ਫਸਲ ਦਾ ਉਜਾੜਾ ਮੱਝੀਂ ਨੇ ਕੀਤਾ ਸੀ ਉਥੇ ਹੁਣ ਗੁਰਦਵਾਰਾ ਹੈ ਜਿਸ ਦਾ ਨਾਂ ਕਿਆਰਾ ਸਾਹਿਬ ਹੈ।

ਰਾਏ ਬੁਲਾਰ ਦਾ ਗੁਰੂ ਨਾਨਕ ਤੇ ਅਕੀਦਾ ਦਿਨੋਂ ਦਿਨ ਵਧਦਾ ਹੀ ਗਿਆ। ਉਸ ਨਾਲ ਉਸ ਦੀ ਅਕੀਦਤ ਨੂੰ ਹੋਰ ਵੀ ਵਧਾਣ ਵਾਲੀ ਇੱਕ ਅਜੀਬ ਘਟਨਾ ਵਾਪਰੀ। ਇੱਕ ਦਿਨ ਨਾਨਕ ਮੱਝੀਂ ਚਰਾਨ ਗਿਆ। ਇੱਕ ਵਣ ਦੀ ਛਾਵੇਂ ਖੇਸੀ ਵਿਛਾ ਕੇ ਸੌਂ ਗਿਆ। ਗਰਮੀਆਂ ਦੇ ਦਿਨ ਸਨ। ਦਰਖ਼ਤ ਦੀ ਛਾਂ ਢਲ ਕੇ ਨਾਨਕ ਦੇ ਚਿਹਰੇ ਤੋਂ ਦੂਰ ਚਲੀ ਗਈ। ਕਰਨਾ ਰੱਬ ਦਾ, ਬਿਲਕੁੱਲ ਉਸੇ ਵੇਲੇ ਹੀ ਕਿਤੋਂ ਇੱਕ ਫਨੀਅਰ ਸੱਪ ਨਿਕਲਿਆ। ਜਿਨ੍ਹਾਂ ਲੋਕਾਂ ਨੇ ਸੱਪਾਂ ਦੇ ਸੁਭਾਅ ਦਾ ਅਧਿਅਨ ਕੀਤਾ ਹੈ ਉਹ ਜਾਣਦੇ ਨੇ ਕਿ ਸੱਪ ਨੜ੍ਹਿਨਵੇਂ ਫ਼ੀਸਦੀ ਆਪਣੀ



Digitized by Panjab Digital Library | www.panjabdigilib.org

ਜਾਨ ਬਚਾਨ ਦੀ ਖ਼ਾਤਰ ਜਾਂ ਜਾਨ ਭੁਲਾਵੇਂ ਡੰਗ ਮਾਰਦਾ ਹੈ। ਸਰੀਰ ਨੂੰ ਕੋਈ ਚੀਜ਼ ਲੱਗਿਆਂ ਜਾਂ ਕਿਸੇ ਚੀਜ਼ ਨੂੰ ਕੋਲੋਂ ਦੀ ਹਰਕਤ ਕਰਕੇ ਲੰਘਦਾ ਵੇਖ ਕੇ। ਇਹ ਆਮ ਤਜਰਬੇ ਦੀ ਗੱਲ ਹੈ ਕਿ ਆਮ ਤੌਰ ਤੇ ਕਿਸੇ ਅਹਿੱਲ ਚੀਜ਼ ਨੂੰ ਸੱਪ ਨਹੀਂ ਵੱਢਦਾ। ਜੇ ਇਸ ਤੇ ਕਿਸੇ ਦਾ ਪੈਰ ਟਿਕ ਜਾਏ ਤਾਂ ਤੇ ਬਿਜਲੀ ਦੀ ਤੇਜ਼ੀ ਤੋਂ ਵੀ ਤਿੱਖਾ ਹੋ ਕੇ ਡੰਗ ਮਾਰਦਾ ਹੈ। ਹੁਣ ਵੀ ਕਦੀ ਕਦੀ ਅਖ਼ਬਾਰਾਂ ਵਿੱਚ ਆਉਂਦਾ ਰਹਿੰਦਾ ਹੈ ਕਿ ਫਲਾਣੀ ਥਾਂ ਇੱਕ ਮਾਂ ਬੱਚੇ ਨੂੰ ਸਵਾਂ ਕੇ ਕਪਾਹ ਚੁਗਦੀ ਰਹੀ ਪਰ ਇੱਕ ਸੱਪ ਸੁੱਤੇ ਬੱਚੇ ਦੇ ਕੋਲੋਂ ਲੰਘ ਗਿਆ ਜਾਂ ਕੋਲ ਬੈਠਾ ਰਿਹਾ ਅਤੇ ਫਿਰ ਆਪਣੀ ਮਰਜ਼ੀ ਨਾਲ ਹੀ ਚਲਾ ਗਿਆ। ਇਸ ਘਟਨਾ ਨੂੰ ਭਾਵੇਂ ਸ਼ਰਧਾਲੂ ਲੋਕ ਕੁਦਰਤੀ ਜਾਂ ਇਤਫਾਕੀਆ ਸਮਝ ਲੈਣ ਤੇ ਭਾਵੇਂ ਸੁੱਤੇ ਬੱਚੇ ਦੁਆਲੇ ਆਤਮ ਬਲ ਦੀ ਸਾਖੀ ਉਸਾਰ ਲੈਣ। ਹਾਂ, ਧਰਮ ਤਾਂ ਸਿਰਫ਼ ਵਿਸ਼ਵਾਸ਼ ਦੀ ਧਰਤੀ ਤੇ ਹੀ ਪਰਫੁੱਲਤ ਹੋ ਸਕਦਾ ਹੈ। ਸਪਾਧੇ ਪਟਾਰੀਆਂ ਤੇ ਕੁੱਜਿਆਂ ਵਿੱਚ ਸੱਪ ਪਾ ਕੇ ਥਾਂ ਥਾਂ ਫਿਰਦੇ ਨੇ। ਜਦੋਂ ਉਹ ਬੀਨ ਵਜਾਣੀ ਸ਼ੁਰੂ ਕਰਦੇ ਨੇ ਤਾਂ ਹੱਥ ਜਾਂ ਸੋਟੀ ਨਾਲ ਛੇੜਦੇ ਜਾਂ ਪਟਾਰੀ ਤੇ ਕੁੱਜੀ ਨੂੰ ਹਲਾਂਦੇ ਨੇ ਤੇ ਤਾਂ ਸੱਪ ਨਿਕਲਦਾ ਹੈ। ਅੱਜ ਤੱਕ ਵੀ ਸਾਇੰਸਦਾਨਾਂ ਤੇ ਆਮ ਵਿਸ਼ਵਾਸ਼ੀਆਂ ਵਿੱਚ ਮੱਤ-ਭੇਦ ਹੈ ਕਿ ਸੱਪ ਦੇ ਕੰਨ ਹੁੰਦੇ ਹਨ ਜਾਂ ਨਹੀਂ। ਸਾਇੰਸਦਾਨਾਂ ਤੇ ਖ਼ਾਸ ਕਰਕੇ ਕੀਟ-ਵਿਗਿਆਨੀਆਂ ਦਾ ਤੇ ਪੱਕਾ ਵੀਚਾਰ ਹੈ ਕਿ ਸੱਪ ਦੇ ਕੰਨ ਨਹੀਂ ਹੁੰਦੇ ਅਤੇ ਇਹ ਸਭ ਕੁਝ ਧਰਤੀ ਰਾਹੀਂ ਆਈਆਂ ਆਵਾਜ਼ ਦੀਆਂ ਲਹਿਰਾਂ ਤੇ ਘੂਕਾਂ (ਸਾਉਂਡ ਵੇਵਜ਼ ਐਂਡ ਵਾਈਬਰੇਸ਼ਨਜ਼) ਰਾਹੀਂ ਆਪਣੇ ਸਰੀਰ ਦੀ ਕੁਝ ਖ਼ਾਸ ਬਣਤਰ ਦੇ ਸਦਕਾ ਆਵਾਜ਼ ਸੁਣਦਾ ਹੈ। ਹਾਂ, ਸੱਪ ਦੀ ਅੱਖ ਤਾਂ ਸ਼ਾਇਦ ਸਾਰੇ ਜਾਨਵਰਾਂ ਤੋਂ ਤੇਜ਼ ਹੁੰਦੀ ਹੈ। ਮੈਂ ਕਈ ਕਿਤਾਬਾਂ ਵਿੱਚ ਸੱਪਾਂ ਦੇ ਸੁਭਾਅ ਬਾਰੇ ਪੜ੍ਹਿਆ ਹੈ। ਮੁੱਢਲੀ ਗੱਲ ਇਹ ਹੈ ਕਿ ਸੱਪ ਹਰਕਤ ਵਿੱਚ ਜਾਂ ਕੋਲੋਂ ਜਾਂਦੀ ਟੁਰਦੀ ਫਿਰਦੀ ਚੀਜ਼ ਨੂੰ ਵੱਢਦਾ ਹੈ ਤੇ ਜਾਂ ਜਦੋਂ ਉਸ ਦੇ ਸਰੀਰ ਨੂੰ ਪੈਰ ਜਾਂ ਕੋਈ ਹੋਰ ਚੀਜ਼ ਲੱਗੇ। ਬੀਨ ਵਜਾਂਦਾ ਸਪਾਧਾ ਆਪ ਖ਼ਾਸ ਤਰੀਕੇ ਤੇ ਲਟਕ ਨਾਲ ਝੂਮਦਾ ਹੈ ਅਤੇ ਨਾਲ ਹੀ ਫੰਨ ਅੱਡ ਕੇ ਖਲੋਤਾ ਹੋਇਆ ਸੱਪ ਵੀ ਸੱਜੇ ਖੱਬੇ ਸਿਰ ਮਾਰਦਾ ਹੈ। ਅਸੀਂ ਸਮਝਦੇ ਤੇ ਕਹਿੰਦੇ ਹਾਂ ਕਿ ਸੱਪ ਬੀਨ ਤੇ ਮਸਤ ਹੋ ਗਿਆ ਹੈ। ਮੈਂ ਕਈ ਸਪਾਧਿਆਂ ਨੂੰ ਕਿਹਾ ਹੈ ਕਿ ਬਿਲਕੁਲ ਇੱਕੋ ਥਾਂ ਟਿਕ ਕੇ, ਬਿਨਾਂ ਹਿੱਲਿਆਂ ਬੀਨ ਵਜਾਉ ਤਾਂ ਕਿ ਵੇਖੀਏ ਫਿਰ ਵੀ ਸੱਪ ਝੂਮਦਾ ਹੈ ਜਾਂ ਤੁਹਾਡੇ ਝੂਮਣ ਨੂੰ ਵੇਖ ਕੇ ਹੀ ਸੱਪ ਵੀ ਸਿਰ ਹਿਲਾਂਦਾ ਹੈ ਕਿਉਂਕਿ ਸਾਇੰਸ ਅਨੁਸਾਰ ਸੱਪ ਦੇ ਕੰਨ ਤਾਂ ਹੁੰਦੇ ਹੀ ਨਹੀਂ, ਇਸ ਨੇ ਰਾਗ ਜਾਂ ਬੀਨ ਦਾ ਅਲਾਪ ਕੀ ਸੁਣਨਾ ਹੈ ? ਮੈਂ ਜਿੰਨਿਆਂ ਨੂੰ ਵੀ ਇਹ ਗੱਲ ਆਖੀ ਹੈ, ਉਹਨਾਂ ਸਾਰਿਆਂ ਨੇ ਮੈਨੂੰ ਕਿਹਾ, ''ਸਰਦਾਰ ਜੀ, ਤੁਹਾਨੂੰ ਇਸ ਗੱਲ ਦਾ ਪਤਾ ਕਿਥੋਂ ਲੱਗ ਗਿਆ ਹੈ ? ਅਸਾਂ ਤੇ ਆਪਣਾ ਪੇਟ ਪਾਲਨ ਦਾ ਢੰਗ ਬਣਾਇਆ ਹੋਇਆ ਹੈ। ਜੇ ਅਸੀਂ ਆਪ ਨ ਝੂਮੀਏ ਤਾਂ ਸੱਪ ਵੀ ਨਹੀਂ ਝੂਮਦਾ। ਇਸ ਦੇ ਸਿਰ ਦੀ ਹਰਕਤ ਸਾਡੇ ਸਿਰ ਤੇ ਬੀਨ ਦੀ ਹਰਕਤ ਦੇ ਨਾਲ ਹੀ ਹੈ।''

ਨਾਨਕ ਧੁੱਪ ਆਇਆਂ ਵੀ ਘੂਕ ਸੁੱਤਾ ਰਿਹਾ, ਹਿਲਿਆ ਜੁਲਿਆ ਬਿਲਕੁਲ ਨ। ਸੱਪ ਫੱਨ ਖਿਲਾਰ ਤੇ ਚੁੱਕ ਕੇ ਨਾਨਕ ਦੇ ਕੋਲ ਕਿੰਨਾ ਚਿਰ ਬੈਠਾ ਰਿਹਾ। ਫੱਨ ਦੇ ਪਰਛਾਂਵੇਂ ਦੀ ਨਾਨਕ ਦੇ ਚਿਹਰੇ ਤੇ ਛਾਂ ਹੋ ਗਈ। ਸਮੇਂ ਨੇ ਅਜੀਬ ਮੌਕਾ ਬਣਾਇਆ। ਐਨ ਉਸੇ ਵੇਲੇ ਪੈਲੀਆਂ ਵਿੱਚ ਫੇਰਾ ਟੋਰਾ ਮਾਰਦਾ ਰਾਏ ਬੁਲਾਰ ਵੀ ਉਸ ਪਾਸੇ ਆ ਗਿਆ। ਉਸ ਨੇ ਨਾਨਕ



Digitized by Panjab Digital Library | www.panjabdigilib.org

ਨੂੰ ਧੁੱਪੇ ਸੁਤਿਆਂ ਤੇ ਸੱਪ ਨੂੰ ਫੰਨ ਖਿਲਾਰ ਕੇ ਕੋਲ ਬੈਠਿਆਂ ਵੇਖਿਆ। ਫੰਨ ਦਾ ਪਰਛਾਵਾਂ ਨਾਨਕ ਦੇ ਚਿਹਰੇ ਤੇ ਪੈ ਰਿਹਾ ਸੀ। ਨਾਨਕ ਦਾ ਪਿਆਰਾ ਤੇ ਸ਼ਰਧਾਲੂ ਰਾਏ ਬੁਲਾਰ ਘਾਬਰ ਗਿਆ ਕਿ ਸੱਪ ਨਾਨਕ ਨੂੰ ਵੱਢ ਕੇ ਨ ਬੈਠਾ ਹੋਵੇ ਜਿਸ ਦੇ ਕਾਰਨ ਨਾਨਕ ਘੂਕ ਸੁੱਤਾ ਹੈ। ਜ਼ਹਿਰ ਦੇ ਕਾਰਨ ਬੇਹੋਸ਼ੀ ਵਿੱਚ ਹੈ ਜਾਂ ਵੈਸੇ ਹੀ ਭਾਣਾ ਵਰਤ ਚੁੱਕਾ ਹੈ। ਉਸ ਦੇ ਹੱਥ ਵਿੱਚ ਸੋਟੀ ਸੀ। ਵਾਹੋਦਾਹੀ ਭੱਜਦਾ ਸੱਪ ਨੂੰ ਮਾਰਨ ਲਈ ਨਾਨਕ ਵੱਲ ਆਇਆ। ਸੱਪ ਰਾਏ ਬੁਲਾਰ ਨੂੰ ਵੇਖ ਕੇ ਆਪਣੀ ਜਾਨ ਬਚਾਣ ਲਈ ਭੱਜ ਕੇ ਕਿਸੇ ਖੁੱਡ 'ਚ ਜਾ ਵੜਿਆ। ਰਾਏ ਬੁਲਾਰ ਨੇ ਬਾਹੋਂ ਫੜ ਕੇ ਨਾਨਕ ਨੂੰ ਉਠਾਇਆ ਤਾਂ ਨਾਨਕ ਮੂੰਹ ਤੋਂ ਮੁੜ੍ਹਕਾ ਪੂੰਝ ਕੇ ਸਤਿਨਾਮ ਕਰਦਾ ਹੋਇਆ ਉਠ ਬੈਠਾ। ਰਾਏ ਬੁਲਾਰ ਦੀ ਖ਼ੁਸ਼ੀ ਦੀ ਕੋਈ ਹੱਦ ਨਹੀਂ ਸੀ। ਉਸ ਦੇ ਦਿਮਾਗ ਵਿਚ ਇਹ ਗੱਲ ਉਕਰੀ ਗਈ ਕਿ ਨਾਨਕ ਵਾਕਿਆ ਹੀ ਰੱਬ ਦਾ ਰੂਪ ਹੈ ਤੇ ਇਹ ਕੋਈ ਉਹ ਸ਼ਕਤੀਵਾਨ ਆਤਮਾ ਹੈ ਜੋ ਤਪਦੇ ਸੰਸਾਰ ਵਿਚ ਠੰਢ ਵਰਤਾਣ ਆਈ ਹੈ। ਰਾਏ ਬੁਲਾਰ ਨੇ ਇਹ ਘਟਨਾ ਪਿੰਡ ਦੇ ਸਾਰੇ ਲੋਕਾਂ ਨੂੰ ਦੱਸੀ। ਲੋਕ ਉਸ ਦਿਨ ਤੋਂ ਨਾਨਕ ਨੂੰ ਬੜਾ ਮਹਾਨ ਗੁਰੂ ਪੀਰ ਸਮਝਣ ਲੱਗ ਪੈ। ਇਸ ਵਿੱਚ ਸ਼ੱਕ ਵੀ ਕੀ ਸੀ। ਨਾਨਕ ਤਾਂ ਸੱਚ ਮੁੱਚ ਹੀ ਮਨੁੱਖਤਾ ਦੇ ਇਤਿਹਾਸ ਵਿੱਚ ਕੁਝ ਖ਼ਾਸ ਤੇ ਗਿਣੀਆਂ ਮਿਥੀਆਂ ਵਿਅਕਤੀਆਂ ਵਿਚੋਂ ਸੀ। ਰਾਏ ਬੁਲਾਰ ਤੇ ਇਸ ਘਟਨਾ ਨੂੰ ਵੇਖ ਕੇ ਬੱਸ ਨਾਨਕ ਦਾ ਮੁਰੀਦ ਹੀ ਬਣ ਗਿਆ ਅਤੇ ਉਸ ਨੂੰ ਇਕ ਬੱਚੇ ਦੇ ਰੂਪ ਦੀ ਥਾਂ ਆਪਣਾ ਪੀਰ ਸਮਝਦਾ। ਰਾਏ ਬੁਲਾਰ ਨੇ ਮਹਿਤਾ ਕਾਲੂ ਨੂੰ ਕਿਹਾ ਕਿ ਐਸੇ ਅਨੋਖੇ ਤੇ ਇਲਾਹੀ ਬੱਚੇ ਨੂੰ ਤੂੰ ਮੱਝੀਂ ਚਰਾਨ ਭੇਜ ਛੱਡਦਾ ਹੈਂ। ਇਹ ਕੋਈ ਸਿਆਣਪ ਦੀ ਗੱਲ ਨਹੀਂ। ਇਹਦੇ ਲਈ ਕੋਈ ਹੋਰ ਚੰਗਾ ਕੰਮ ਸੋਚ। ਇਸ ਦੇ ਬਾਅਦ ਨਾਨਕ ਨੂੰ ਮੱਝੀਂ ਚਰਾਨ ਤੋਂ ਹਟਾ ਲਿਆ ਗਿਆ।

ਗੁਰੂ ਨਾਨਕ ਸਾਹਿਬ ਦੇ ਮਾਪੇ ਤੇ ਸਾਕ ਸਰਬੰਧੀ ਸਾਰੇ ਸਨਾਤਨੀ ਹਿੰਦੂ ਤੇ ਬ੍ਰਾਹਮਣਵਾਦ ਦੇ ਕਰਮ-ਕਾਂਡ ਦੇ ਪੱਕੇ ਸ਼ਰਧਾਲੂ ਸਨ। ਪ੍ਰੋਹਤ ਹਰਦਿਆਲ ਨੇ ਮਹਿਤਾ ਕਾਲੂ ਨੂੰ ਕਿਹਾ, "ਮਹਿਤਾ ਜੀ, ਹੁਣ ਤਾਂ ਸੁਖ ਨਾਲ ਨਾਨਕ ਸਿਆਣਾ ਹੋ ਗਿਆ ਹੈ। ਇਸ ਨੂੰ ਜੰਞੂ ਪਾਉਣ ਦੀ ਰਸਮ ਅਦਾ ਕਰ ਦੇਣੀ ਚਾਹੀਦੀ ਹੈ ਤਾਂ ਕਿ ਇਹ ਹਿੰਦੂ ਧਰਮ ਦੀ ਰਹੁਰੀਤੀ ਵਿੱਚ ਪੈਰ ਪਾਏ।" ਮਹਿਤਾ ਜੀ ਨੇ ਕਿਹਾ, "ਪੰਡਤ ਜੀ, ਭਲੇ ਕੰਮ ਤੇ ਪੁੱਛ ਪੁੱਛ ਕੇ। ਤੁਸੀਂ ਜਿਹੜਾ ਦਿਨ ਸ਼ੁਭ ਸਮਝੋ ਉਸੇ ਦਿਨ ਨਾਨਕ ਨੂੰ ਜੰਞੂ ਪਾ ਦੇਵੋ।" ਪੰਡਤ ਹਰਦਿਆਲ ਨੇ ਮਹੂਰਤ ਕੱਢੀ ਤੇ ਜੰਞੂ ਪਾਉਣ ਦਾ ਦਿਨ ਮਿਥ ਦਿੱਤਾ। ਸਾਕ ਸੈਣਾਂ ਨੂੰ ਉਚੇਚੇ ਤੌਰ ਤੇ ਸੱਦੇ ਪੱਤਰ ਭੇਜੇ ਗਏ ਅਤੇ ਪੰਡਤ ਹੋਰਾਂ ਦੇ ਕਹਿਣ ਅਨੁਸਾਰ ਘਰ ਦੀ ਸਫ਼ਾਈ ਤੇ ਹੋਰ ਲੋੜੀਂਦੀ ਸਮੱਗਰੀ ਦੀ ਤਿਆਰੀ ਚੰਗੀ ਤਰ੍ਹਾਂ ਕਰ ਲਈ ਗਈ। ਸਾਰੇ ਘਰ ਦੇ ਅੰਦਰ ਬਾਹਰ ਗੋਬਰ ਦਾ ਪੋਚਾ ਫੇਰਿਆ ਗਿਆ ਤੇ ਸੁਗੰਧ ਭਰੀਆਂ ਧੂਪਾਂ ਧੁਖਾਈਆਂ ਗਈਆਂ। ਟੱਬਰ ਦੇ ਸਾਰੇ ਜੀਅ, ਸਾਕ ਸੈਣ ਤੇ ਆਂਢ-ਗੁਆਂਢ ਦੇ ਲੋਕ ਨਵੇਂ ਤੇ ਸਾਫ਼ ਸੁੱਥਰੇ ਕਪੜੇ ਪਾ ਕੇ ਜੰਞੂ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ ਕੇ ਬਹਿ ਗਏ। ਸਾਰੇ ਘਰ 'ਚੋਂ ਜੇ ਕੋਈ ਇਸ ਕੀਤੀ ਤਿਆਰੀ ਤੋਂ ਲਾਪਰਵਾਹ ਤੇ ਦੁਰਾਡਾ-ਦੁਰਾਡਾ ਜਾਪਦਾ ਸੀ ਤਾਂ ਇਹ ਕੇਵਲ ਨਾਨਕ ਹੀ ਸੀ ਜਿਸ ਦੇ ਗੱਲ ਜੰਞੂ ਪਾਇਆ ਜਾਣਾ ਸੀ ਅਤੇ ਜਿਸ ਦੀ ਖੁਸ਼ੀ ਦੇ ਸਦਕਾ ਇਹ ਸਾਰਾ ਸਮਾਗਮ ਰਚਾਇਆ ਗਿਆ ਸੀ। ਪਿਤਾ ਕਾਲੂ ਤਾਂ ਉੱਕਾ



Digitized by Panjab Digital Library | www.panjabdigilib.org

ਖਿੜਿਆ ਹੋਇਆ ਸੀ ਕਿਉਂਕਿ ਪੰਡਤ ਹਰਦਿਆਲ ਪੂਜਣ ਹੀ ਵਾਲਾ ਸੀ ਪਰ ਨਾਨਕ ਰਸਮ ਬਾਰੇ ਘਰ ਦੇ ਕਿਸੇ ਜੀਅ ਨੂੰ ਪੱਲਾ ਹੀ ਨਹੀਂ ਸੀ ਫੜਾਂਦਾ। ਕਾਰਨ ਇਹ ਸੀ ਕਿ ਨਾਨਕ ਹੋਸ਼ ਸੰਭਾਲਣ ਤੋਂ ਹੁਣ ਤੱਕ ਸਨਾਤਨੀ ਹਿੰਦੂ ਮਾਪਿਆਂ ਤੇ ਆਲੇ ਦੁਆਲੇ ਦੇ ਸਮਾਜ ਦੇ ਕਰਮ-ਕਾਂਡ ਵੇਖਦਾ ਹੀ ਤਾਂ ਏਡਾ ਹੋਇਆ ਸੀ। ਹੋਰ ਭਲਾ ਨਾਨਕ ਸੋਚਦਾ ਹੀ ਕੀ ਰਹਿੰਦਾ ਸੀ ? ਉਸ ਦੀਆਂ ਦਿਨ ਰਾਤ ਦੀਆਂ ਸੋਚਾਂ ਦਾ ਮੂਲ-ਮੁੱਦਾਅ ਹੀ ਤੇ ਮਨੁੱਖਾਂ ਦਾ ਪਾਖੰਡ, ਕਰਮ-ਕਾਂਡ ਤੇ ਸੱਚ ਦਾ ਲੜ ਛੱਡ ਕੇ ਮਾਇਆ ਮੋਹ ਦੇ ਜਾਲ ਵਿੱਚ ਫੱਸਣ ਦੇ ਵਿਰੁੱਧ ਸੀ।

ਪੰਡਤ ਹਰਦਿਆਲ ਸਾਫ਼ ਸੁਥਰੇ ਕਪੜੇ ਪਾ ਕੇ, ਮੱਥੇ ਤੇ ਤਿਲਕ ਲਾ ਕੇ, ਕਖਾਈ ਧੋਤੀ ਪਾ ਕੇ ਅਤੇ ਪੋਥੀ ਪੁਰਾਨ ਕੱਛੇ ਮਾਰ ਕੇ ਮਹਿਤਾ ਕਾਲੂ ਜੀ ਦੇ ਘਰ ਆ ਗਿਆ। ਪੰਡਤ ਹੋਰਾਂ ਨੂੰ ਸਾਰਿਆਂ ਨੇ ਝੁਕ ਝੁਕ ਕੇ ਚਰਣ ਬੰਦਨਾ ਕੀਤੀ। ਪੰਡਤ ਹੋਰੀਂ ਖ਼ਾਸ ਪੋਚੀ ਹੋਈ ਥਾਂ ਤੇ ਹਵਨ ਦੇ ਟੋਏ ਦੇ ਕੋਲ ਵਡੇ ਸਾਰੇ ਥਾਲ ਵਿਚ ਸਮੱਗਰੀ ਪਾ ਕੇ ਬਹਿ ਗਏ। ਨਾਨਕ ਨੂੰ ਫੜ ਕੇ ਪੰਡਤ ਦੇ ਸਾਹਮਣੇ ਬਿਠਾਇਆ ਗਿਆ। ਪੰਡਤ ਹੋਰਾਂ ਕਿਹਾ, "ਨਾਨਕ ਤੈਨੂੰ ਵਧਾਈ ਹੋਵੇ, ਤੈਨੂੰ ਅਜ ਜੰਞੂ ਪਾ ਕੇ ਹਿੰਦੂ ਧਰਮ ਵਿੱਚ ਪਰਵੇਸ਼ ਕਰਵਾਣਾ ਹੈ। ਅਤੇ ਨਾਲੇ ਜੰਞੂ ਦੇ ਧਾਗੇ ਨਾਲ ਸੰਬੰਧਤ ਸਿਖਿਆ ਦੇਣੀ ਹੈ।" ਨਾਨਕ ਨੇ ਕਿਹਾ "ਪਰ ਪੰਡਤ ਜੀ ਮੈਂ ਤਾਂ ਇਹ ਸੂਤਰ ਦਾ ਵਟਿਆ ਹੋਇਆ ਜੰਞੂ ਪਾਣਾ ਹੀ ਨਹੀਂ। ਮੈਂ ਨ ਇਸ ਦਾ ਕੋਈ ਲਾਭ ਸਮਝਦਾ ਹਾਂ ਤੇ ਨ ਅਰਥ। ਇਹ ਤਾਂ ਇਕ ਰਸਮ ਹੈ ਜਾਂ ਪੰਡਤਾਂ ਪਾਂਧਿਆਂ ਲਈ ਖਾਣ ਪੀਣ ਜਾਂ ਦਾਨ ਲੈਣ ਦਾ ਸਾਧਨ। ਇਸ ਲਈ ਕਿਰਪਾ ਕਰਕੇ ਤੁਸੀਂ ਚਲੇ ਜਾਉ ਮੈਂ ਜੰਞੂ ਨਹੀਂ ਪਾਣਾ।" ਬੱਸ ਫਿਰ ਕੀ ਸੀ। ਵਾ-ਦਵਿਵਾਦ ਸ਼ੁਰੂ ਹੋ ਗਿਆ। ਘਰ ਵਾਲੇ ਅਤੇ ਖ਼ਾਸ ਕਰਕੇ ਮਹਿਤਾ ਕਾਲੂ ਜੀ ਬੜੇ ਕਲਪੇ ਅਤੇ ਤਲਖ਼ ਹੋਏ। ਸਾਰੇ ਕਹਿਣ, "ਕੀ ਕਰੀਏ, ਪਤਾ ਨਹੀਂ ਨਾਨਕ ਵੈਸੇ ਤਾਂ ਬੜਾ ਸਾਊ ਹੈ ਪਰ ਹਰ ਗੱਲ ਦੇ ਉਲਟ ਹੀ ਚਲਦਾ ਹੈ। ਵੇਖੋ ਹੁਣ ਪਿਉ ਦਾਦੇ ਦੀ ਰਹੁ-ਰੀਤੀ ਤੋਂ ਬਾਗ਼ੀ ਹੋ ਗਿਆ ਹੈ। ਏਡੇ ਵਡੇ ਵਿਦਵਾਨ ਪੰਡਤ ਹੋਰਾਂ ਨਾਲ ਬਹਿਸ ਛੇੜ ਦਿੱਤੀ ਸੂ। ਭਲਾ ਇਸ ਤੇ ਕੋਈ ਹੋਰ ਤੇ ਵਖਰਾ ਧਰਮ ਟੋਰਣਾ ਹੈ ? ਰੱਬ ਜਾਣੇ ਇਹ ਕਿਹੜੇ ਪੱਤਨੋਂ ਪਾਰ ਲੰਘੂ ਏ ?" ਵੈਸੇ ਹਰਦਿਆਲ ਸਿਆਣਾ ਆਦਮੀ ਸੀ। ਉਸ ਨੇ ਹੀ ਤਾਂ ਨਾਨਕ ਦੀ ਜਨਮ ਪੱਤਰੀ ਬਣਾਈ ਸੀ ਤੇ ਲਿਖਿਆ ਸੀ ਕਿ ਨਾਨਕ ਪਾਪਾਂ ਵਿੱਚ ਡੁੱਬਦੀ ਦੁਨੀਆਂ ਦਾ ਉਧਾਰ ਕਰਨ ਵਾਸਤੇ ਆਇਆ ਹੈ। ਪਰ ਫਿਰ ਵੀ ਪੰਡਤ ਨੇ ਪੁਛਿਆ "ਭਾਈ ਨਾਨਕਾ ਤੂੰ ਜੁ ਇਸ ਜੰਞੂ ਨੂੰ ਨਿਰੀ ਵਾਧੂ ਜਿਹੀ ਰਸਮ ਸਮਝਦਾ ਏਂ ਅਤੇ ਕਹਿੰਦਾ ਹੈਂ ਇਸ ਸੂਤਰ ਦੇ ਬਣੇ ਵੱਟੇ ਹੋਏ ਧਾਗੇ ਨੂੰ ਗੱਲ 'ਚ ਪਾਣ ਦਾ ਕੀ ਲਾਭ ? ਤੂੰ ਹੀ ਦੱਸ ਖਾਂ ਕਿ ਤੂੰ ਕਿਹੋ ਜਿਹਾ ਜੰਞੂ ਪਾਣਾ ਚਾਹੁੰਦਾ ਹੈਂ। ਹਿੰਦੂ ਧਰਮ ਦਾ ਤੇ ਪਰਾਚੀਨ ਵੇਦਾਂ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਇਹ ਜੰਞੂ ਹੀ ਹੈ ਅਤੇ ਇਸ ਨੂੰ ਪਹਿਣ ਕੇ ਹੀ ਹਿੰਦੂਆਂ ਦੇ ਘਰ ਜੰਮਿਆ ਬੰਦਾ ਅਸਲੀ ਹਿੰਦੂ ਭਾਵ ਦਵਿੱਜ ਬਣਦਾ ਹੈ।"

ਗੁਰੂ ਨਾਨਕ ਸਾਹਿਬ ਨੇ ਜੰਞੂ ਦੇ ਅਧਿਆਤਮਕ ਭਾਵ ਅਤੇ ਪੰਡਤਾਂ ਦੇ ਲਾਲਚੀ ਤੇ ਪਾਖੰਡੀ ਜੀਵਨ ਨੂੰ ਐਸੀਆਂ ਅਕੱਟ ਦਲੀਲਾਂ ਦੇ ਕੇ ਸਮਝਾਇਆ ਕਿ ਪੰਡਤ ਤੇ ਸਾਰੇ ਸਰੋਤੇ ਹੱਕਾ ਬੱਕਾ ਹੋ ਗਏ। ਗੁਰੂ ਸਾਹਿਬ ਨੇ ਜੰਞੂ ਬਾਰੇ ਆਪਣੇ ਖ਼ਿਆਲਾਂ ਨੂੰ ਆਸਾ ਦੀ ਵਾਰ ਵਿੱਚ ਹੇਠ ਲਿਖੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ :—



Digitized by Panjab Digital Library | www.panjabdigilib.org

ਤਗੁ ਨ ਇੰਦ੍ਰੀ ਤਗੁ ਨ ਨਾਰੀ,
ਭਲਕੇ ਥੁਕ ਪਵੈ ਨਿਤ ਦਾੜੀ।
ਤਗੁ ਨ ਪੈਰੀ ਤਗੁ ਨ ਹੱਥੀ,
ਤਗੁ ਨ ਜਿਹਵਾ ਤਗੁ ਨ ਅਖੀਂ ।
ਵੇਤੱਗਾ ਆਪੇ ਵਤੈ,
ਵਟਿ ਧਾਗੇ ਅਵਰਾ ਘਤੈ ।
ਲੈ ਭਾੜਿ ਕਰੇ ਵਿਹਾਹੁ,
ਕਢ ਕਾਗਲੁ ਦਸੇ ਰਾਹੁ ।
ਸੁਣ ਵੇਖਹੁ ਲੋਕਾ ਇਹੁ ਵਿਡਾਣੁ
ਮਨੁ ਅੰਧਾ ਨਾਉਂ ਸੁਜਾਣੁ ।

ਗੁਰੂ ਜੀ ਨੇ ਫਿਰ ਫ਼ਰਮਾਇਆ :—

ਚਉਕੜਿ ਮੁਲ ਅਣਾਇਆ ਬਹਿ ਚਉਕੇ ਪਾਇਆ ।
ਸਿਖਾਂ ਕੰਨਿ ਚੜ੍ਹਾਇਆ ਗੁਰ ਬ੍ਰਾਹਮਣ ਥੀਆ ।
ਓਹ ਮੋਆ ਓਹ ਝੜ ਪਿਆ ਵੇ ਤਗਾ ਗਇਆ ।
ਲਖ ਚੋਰੀਆਂ ਲਖ ਜਾਰੀਆਂ ਲਖ ਕੂੜੀਆਂ ਲਖ ਗਾਲਿ ।
ਲਖ ਠਗੀਆਂ ਪਹਿਨਾਮੀਆਂ ਰਾਤ ਦਿਨਸੁ ਜੀ ਨਾਲਿ ।
ਤਗੁ ਕਪਾਹੁ ਕਤੀਐ ਬਾਹਮਣੁ ਵਟੈ ਆਇ ।
ਕੁਹਿ ਬਕਰਾ ਰਿਨੁ ਖਾਇਆ ਸਭੁ ਕੋ ਆਖੈ ਪਾਇ ।
ਹੋਇ ਪੁਰਾਣਾ ਸੁਟੀਐ ਭੀ ਫਿਰ ਪਾਈਐ ਹੋਰੁ ।
ਨਾਨਕ ਤੱਗੁ ਨ ਤੁਟਈ ਜੇ ਤਗੁ ਹੋਵੈ ਜ਼ੋਰੁ ।

ਪੰਡਤ, ਪਰਾਹੁਣੇ ਤੇ ਘਰ ਵਾਲੇ ਸਾਰੇ ਨਿੱਕੀ ਜਿਹੀ ਉਮਰ ਦੇ ਨਾਨਕ ਦੀਆਂ ਬੜੇ ਲੰਮੇ ਚੌੜੇ ਗਿਆਨ ਦੀਆਂ ਗੱਲਾਂ ਸੁਣ ਕੇ ਅਚੰਭੇ ਵਿੱਚ ਪੈ ਗਏ । ਗੁਰੂ ਸਾਹਿਬ ਦੀਆਂ ਜੰਞੂ ਬਾਰੇ ਹੇਠ ਦਿੱਤੀਆਂ ਪੰਗਤੀਆਂ ਦੇ ਡੂੰਘੇ ਖ਼ਿਆਲਾਂ ਨੇ ਤਾਂ ਪੰਡਤ ਹੋਰਾਂ ਦੇ ਸਾਰੇ ਵਾਦ-ਵਿਵਾਦ ਨੂੰ ਥਾਪੜ ਕੇ ਸਵਾ ਦਿੱਤਾ :—

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ।
ਏਹੁ ਜਨੇਊ ਜੀ ਕਾ ਹਈ ਤਾਂ ਪਾਂਡੇ ਘਤੁ ।
ਨਾ ਏਹੁ ਤੁਟੇ ਨ ਮਲੁ ਲਗੇ ਨਾ ਏਹੁ ਜਲੇ ਨ ਜਾਇ ।
ਧੰਨੁ ਸੋ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।

ਇਹੋ ਜਿਹੀਆਂ ਦਲੀਲਾਂ ਸੁਣ ਕੇ ਪੰਡਤ ਹਰਦਿਆਲ ਨਿਰੁੱਤਰ ਹੋ ਗਿਆ । ਨਾਨਕ ਨੇ ਜੰਞੂ ਪਾਣ ਤੋਂ ਡੱਟ ਕੇ ਸਾਫ਼ ਇਨਕਾਰ ਕਰ ਦਿੱਤਾ । ਰਚੇ ਹੋਏ ਸਮਾਗਮ ਦਾ ਏਥੇ ਹੀ ਭੋਗ ਪੈ ਗਿਆ ਤੇ ਪੰਡਤ ਹੋਰੀਂ ਜਿਵੇਂ ਆਏ ਸਨ ਉਸੇ ਤਰ੍ਹਾਂ ਹੀ ਪੁਸਤਕਾਂ ਕੱਛੇ ਲਾ ਕੇ ਘਰ ਚਲੇ ਗਏ ।



Digitized by Panjab Digital Library | www.panjabdigilib.org

ਜਿਨ੍ਹਾਂ ਦੀ ਆਤਮਾ ਸੱਚੇ ਰੱਬੀ ਇਸ਼ਕ ਦੀ ਮੱਟੀ ਵਿੱਚ ਰੰਗੀ ਹੋਈ ਹੁੰਦੀ ਹੈ ਉਹ ਆਮ ਮਜ਼ਬੀ ਜਨੂਨੀਆਂ ਨੂੰ ਜਾਂ ਝੱਲੇ ਜਾਪਦੇ ਨੇ ਤੇ ਜਾਂ ਨਾਸਤਕ। 'ਖੁਸਰੋ' ਨੇ ਇਸ ਬਾਰੇ ਠੀਕ ਹੀ ਲਿਖਿਆ ਹੈ ਕਿ ਮੇਰੇ ਕਾਫ਼ਰ ਇਸ਼ਕ ਨੂੰ ਇਸਲਾਮ ਦੀ ਤਾਂ ਵੈਸੇ ਹੀ ਲੋੜ ਨਹੀਂ ਅਤੇ ਜੰਞੂ ਦੀ ਇਸ ਲਈ ਜ਼ਰੂਰਤ ਨਹੀਂ ਕਿ ਮੇਰੇ ਜੀਵਨ ਦੀ ਨਸ ਨਸ ਸੱਚੇ ਇਸ਼ਕ ਦੀਆਂ ਤਾਰਾਂ ਵਿੱਚ ਵਲ੍ਹੇਟੀ ਹੋਈ ਹੈ। ਉਹ ਲਿਖਦਾ ਹੈ :—

ਕਾਫ਼ਰੇ ਇਸ਼ਕਮ ਮੁਸਲਮਾਨੀ ਮਰਾ ਦਰਕਾਕਾਰ ਨੇਸਤ।
ਹਰ ਰਗੇ ਮਨ ਤਾਰ ਗਸ਼ਤਾ ਹਾਜਤੇ ਜ਼ੁੰਨਾਰ ਨੇਸਤ।

ਗੁਰੂ ਨਾਨਕ ਦੀ ਪੰਡਤ, ਸਨਾਤਨੀ ਹਿੰਦੂ ਮਾਪਿਆਂ ਤੇ ਸਾਕਾਂ ਸੈਣਾਂ ਵਿੱਚ ਹੂਬਹੂ ਇਹ ਹੀ ਹਾਲਤ ਸੀ। ਇਹ ਸਿੱਖ ਧਰਮ ਦੇ ਇਤਿਹਾਸ ਅਤੇ ਗੁਰੂ ਨਾਨਕ ਸਾਹਿਬ ਦੀ ਜੀਵਨੀ ਦੀ ਕੋਈ ਸਾਧਾਰਨ ਘਟਨਾ ਨਹੀਂ। ਗੁਰੂ ਸਾਹਿਬ ਨੇ ਸਾਫ਼ ਸਬੂਤ ਦੇ ਦਿੱਤਾ ਕਿ ਮੈਂ ਹਿੰਦੂ ਨਹੀਂ ਅਤੇ ਨ ਹੀ ਜੰਞੂ ਪਹਿਣ ਕੇ ਦਵਿੱਜ ਭਾਵ ਦੂਜੀ ਵਾਰੀ ਜੰਮਿਆ, ਬਣਨਾ ਚਾਹੁੰਦਾ ਹਾਂ। ਇਸ ਗੱਲ ਦਾ ਸਭ ਤੋਂ ਭਾਰਾ ਸਿੱਟਾ ਇਹ ਨਿਕਲਿਆ ਕਿ ਗੁਰੂ ਨਾਨਕ ਦੀ ਚਲਾਈ ਹੋਈ ਸਿੱਖੀ ਦੇ ਕਿਸੇ ਸਿੱਖ ਨੇ ਵੀ ਜੰਞੂ ਨਹੀਂ ਪਾਇਆ......ਪਾਣ ਵੀ ਕਿਵੇਂ ਜਦੋਂ ਇਹਨਾਂ ਦੇ ਗੁਰੂ ਨੇ ਹੀ ਇਸ ਨੂੰ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ। ਹਿੰਦੂ ਧਰਮ ਅਤੇ ਇਸ ਦੇ ਕਰਮ-ਕਾਂਡ ਤੋਂ ਛੁਟਕਾਰਾ ਪਾਣ ਲਈ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਸਾਹਿਬ ਦਾ ਇਹ ਪਹਿਲਾ ਲਲਕਾਰਵਾਂ ਕਦਮ ਸੀ।

ਸਾਰੇ ਲੋਕ ਨਾਨਕ ਦੀਆਂ ਨਿੱਤ ਨਵੀਆਂ ਹਰਕਤਾਂ ਤੇ ਹੈਰਾਨ ਸਨ। ਜੇ ਨਹੀਂ ਸਨ ਤਾਂ ਭੈਣ ਨਾਨਕੀ ਤੇ ਰਾਏ ਬੁਲਾਰ ਨਹੀਂ ਸਨ ਕਿਉਂਕਿ ਉਹ ਆਤਮਕ ਤੌਰ ਤੇ ਗੁਰੂ ਸਾਹਿਬ ਦੀ ਸ਼ਖਸੀਅਤ ਨੂੰ ਸਮਝਦੇ ਸਨ।

ਮਹਿਤਾ ਕਾਲੂ ਬਹੁਤ ਔਖਾ ਸੀ। ਦੁਨੀਅਦਾਰ ਪਿਉ ਵਾਸਤੇ ਇਹ ਗੱਲ ਹੈ ਸੀ ਵੀ ਕੁਦਰਤੀ। ਨਾਨਕ ਇਕਲੌਤਾ ਪੁੱਤਰ ਸੀ। ਪਿਉ ਨੂੰ ਸਾਰੀ ਆਸ ਉਸੇ ਤੇ ਹੀ ਸੀ ਤੇ ਉਸ ਦੇ ਸਾਰੇ ਖ਼ਿਆਲ ਤੇ ਕੰਮ ਪਿਉ ਦੇ ਮਾਇਕ ਨਫ਼ੇ ਦੇ ਨਸ਼ੇ ਦੇ ਵੀਚਾਰਾਂ ਦੇ ਵਿਰੁੱਧ ਸਨ। ਹੁਣ ਨਾਨਕ ਚੰਗਾ ਪੱਠਾ ਹੋ ਗਿਆ ਸੀ। ਇਸ ਲਈ ਪਿਉ ਨਾਨਕ ਨੂੰ ਖੁਲ੍ਹੀ ਝਿੜਕ ਝੰਬ ਵੀ ਕਰਨ ਲੱਗ ਪਿਆ ਪਰ ਅਗੋਂ ਬੋਲਣਾ ਤਾਂ ਇਕ ਪਾਸੇ ਨਾਨਕ ਆਪਣੇ ਖ਼ਿਆਲਾਂ ਵਿੱਚ ਮਸਤ, ਪਿਤਾ ਜੀ ਅੱਗੇ ਕਦੀ ਅੱਖ ਪੁੱਟ ਕੇ ਵੇਖਦਾ ਵੀ ਨ। ਜੋ ਕੌੜਾ ਮਿੱਠਾ ਕਹਿੰਦੇ ਚੁੱਪ ਕਰਕੇ ਸੁਣੀ ਜਾਂਦਾ ਪਰ ਆਪਣੇ ਅਸਲੀ ਨਿਸ਼ਾਨੇ ਤੋਂ ਆਪਣੀ ਸੁਰਤੀ ਕਦੀ ਨ ਉਖੇੜਦਾ।

ਵਹਿਮੀ ਮਾਪਿਆਂ ਤੇ ਪੜੋਸੀਆਂ ਨੂੰ ਸ਼ੱਕ ਹੋ ਗਿਆ ਕਿ ਨਾਨਕ ਨੂੰ ਜਾਂ ਤੇ ਕਿਸੇ ਜਿਨ ਭੂਤ ਦਾ ਸਾਇਆ ਹੈ ਤੇ ਜਾਂ ਕੋਈ ਅਜਿਹਾ ਰੋਗ ਹੈ ਜਿਸ ਦੇ ਕਾਰਨ ਇਹ ਹਮੇਸ਼ਾਂ ਉਦਾਸ ਤੇ ਢਿੱਲਾ ਮੱਠਾ ਰਹਿੰਦਾ ਹੈ। ਕਿਸੇ ਚੰਗੇ ਵੈਦ ਅਤੇ ਜਿੰਨ ਭੂਤ ਕੱਢਣ ਵਾਲੇ ਸੌਰੀਏ ਜਾਂ ਮੁੱਲਾਂ ਨੂੰ ਵਖਾਣਾ ਚਾਹੀਦਾ ਹੈ। ਪਿੰਡਾਂ ਦੇ ਵਹਿਮੀ ਲੋਕਾਂ ਨੂੰ ਬੀਮਾਰੀ ਨਾਲੋਂ ਜਿੰਨਾਂ ਭੂਤਾਂ ਦੇ ਵਹਿਮ ਦੀ ਬੀਮਾਰੀ ਸੱਚ ਮੁੱਚ ਦੀ ਬੀਮਾਰੀ ਤੋਂ ਵੀ ਵੱਡੀ ਹੁੰਦੀ ਹੈ। ਇਸੇ ਕਰਕੇ ਪਹਿਲਾਂ ਪਿੰਡ ਦੇ ਮੁੱਲਾਂ ਨੂੰ ਲਿਆਂਦਾ ਗਿਆ ਕਿ ਨਾਨਕ ਨੂੰ ਜਿੰਨ ਭੂਤ ਦੇ ਸਾਏ-ਸਪਾਏ ਤੋਂ ਬਚਾਏ। ਮੁੱਲਾਂ ਭੱਜਾ ਆਇਆ



Digitized by Panjab Digital Library | www.panjabdigilib.org

ਕਿਉਂਕਿ ਉਸ ਨੂੰ ਚਹੁੰ ਫੂਕਾਂ ਨਾਲ ਦਿੱਤੇ ਤਵੀਤ ਧਾਗੇ ਦੇ ਬਦਲੇ ਧੰਨਵਾਦ ਤੋਂ ਛੁੱਟ ਚੋਖਾ ਸਾਰਾ ਧਨ ਵੀ ਮਿਲਣਾ ਸੀ ।

ਮੁੱਲਾਂ ਨਾਲ ਵੀ ਨਾਨਕ ਦੀਆਂ ਗੱਲਾਂ ਹੋਈਆਂ ਅਤੇ ਮੁੱਲਾਂ ਜੋ ਜਾਦੂ ਟੋਣਿਆਂ ਦੇ ਵਹਿਮ ਦਾ ਸ਼ਿਕਾਰ ਸੀ, ਗੁਰੂ ਸਾਹਿਬ ਦੇ ਸਵਾਲਾਂ ਦਾ ਜਵਾਬ ਨ ਦੇ ਸਕਿਆ । ਜਿੰਨ ਭੂਤ ਚੰਬੜੇ ਦਾ ਸ਼ੱਕ ਤੇ ਇੱਕ ਪਾਸੇ, ਮੁੱਲਾਂ ਦਾ ਆਪਣਾ ਮਨ ਵੀ ਨਾਨਕ ਦੀਆਂ ਗੱਲਾਂ ਸੁਣ ਕੇ ਸੋਧਿਆ ਗਿਆ । ਉਸ ਸਮਝ ਲਿਆ ਕਿ ਨਾਨਕ ਜਿਹੀ ਮਹਾਨ ਆਤਮਕ ਵਿਅਕਤੀ ਨੂੰ ਚੰਬੜਨਾ ਜਾਂ ਡਰਾਣਾ-ਡੁਕਰਣਾ ਤਾਂ ਇੱਕ ਪਾਸੇ, ਕੋਈ ਭੈੜੀ ਰੂਹ ਨਾਨਕ ਦੇ ਪਰਛਾਵੇਂ ਨੇੜੇ ਵੀ ਨਹੀਂ ਆ ਸਕਦੀ । ਮੁੱਲਾਂ ਨੇ ਮਹਿਤਾ ਕਾਲੂ ਨੂੰ ਕਿਹਾ ਮਹਾਰਾਜ ਨਾਨਕ ਤਾਂ ਖੁਦ ਹੀ ਰੱਬੀ ਰੂਪ ਹੈ । ਏਥੇ ਜਿੰਨ ਭੂਤ ਦਾ ਕੀ ਵੱਸ ਚੱਲਦਾ ਹੈ । ਇਹ ਤਾਂ ਸਾਡੀ ਸਮਝ ਤੋਂ ਬਾਹਰ ਤੇ ਉਚੇਰੀ ਆਤਮਕ ਖੇਡ ਹੀ ਹੈ । ਇਹ ਕਹਿ ਕੇ ਮੁੱਲਾਂ ਚਲਾ ਗਿਆ । ਗੁਰੂ ਸਾਹਿਬ ਨੇ ਤਵੀਤ ਧਾਗੇ ਵੇਚਣ ਵਾਲੇ ਮੁੱਲਾਂ ਨੂੰ ਰਾਗ ਸਾਰੰਗ ਵਿੱਚ ਕਿਹਾ :—

ਧ੍ਰਿਗ ਤਿਨਾਂ ਕਾ ਜੀਵਿਆ ਜਿ ਲਿਖੁ ਲਿਖ ਵੇਚਹਿ ਨਾਉ ।
ਖੇਤੀ ਜਿਨ ਕੀ ਉਜੜੈ ਖਲਵਾੜੈ ਕਿਆ ਥਾਉ ।

ਇਹ ਉਹ ਸਮਾਂ ਸੀ ਜਦੋਂ ਘਰ ਤੇ ਬਾਹਰ ਦੇ ਸਾਰੇ ਲੋਕ ਨਾਨਕ ਨੂੰ ਕਮਲਾ-ਕਮਲਾ, ਸਾਈਂ ਲੋਕ, ਮਸਤਾਨਾ, ਦੀਵਾਨਾ, ਝੱਲਾ ਤੇ ਬਉਰਾ ਆਦਿ ਆਖਦੇ ਸਨ । ਨਾਲੇ ਜਿੰਨਾਂ ਭੂਤਾਂ ਦੇ ਸਾਏ ਦਾ ਸ਼ੱਕ ਕਰਦੇ ਸਨ । ਗੁਰੂ ਸਾਹਿਬ ਉਸ ਸਮੇਂ ਦੀ ਯਾਦ ਤੇ ਘਟਨਾਵਾਂ ਨੂੰ ਰਾਗ ਮਾਰੂ ਵਿੱਚ ਆਪਣੀ ਕਲਮ ਨਾਲ ਇਸ ਤਰ੍ਹਾਂ ਬਿਆਨ ਕਰਦੇ ਨੇ :—

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ,
ਕੋਈ ਆਖੈ ਆਦਮੀ ਨਾਨਕੁ ਵੇਚਾਰਾ । (ਮਾਰੂ ਮਹਲਾ ੧)

ਨਾਲੇ ਕਹਿੰਦੇ ਨੇ :—

ਭਇਆ ਦਿਵਾਨਾ ਸਾਹੁ ਕਾ ਨਾਨਕ ਬਉਰਾਨਾ,
ਹਉ ਹਰਿ ਬਿਨੁ ਅਵਰੁ ਨ ਜਾਨਾ । (॥੧॥ ਰਹਾਉ ॥)
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ,
ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ।
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ,
ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥
ਤਉਂ ਦੇਵਾਨਾ ਜਾਣੀਐ ਜਾ ਸਾਹਿਬ ਧਰੈ ਪਿਆਰੁ ।
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੮॥

ਇਸ ਤਰ੍ਹਾਂ ਗੁਰੂ ਜੀ ਨੇ ਮੁੱਲਾਂ ਦੇ ਕਾਲੇ ਤੇ ਚਿੱਟੇ ਜਾਦੂਆਂ, ਟੂਣਿਆਂ ਤੇ ਜੰਤਰਾਂ-ਮੰਤਰਾਂ ਦੇ ਵਹਿਮ ਦੀ ਕਾਲਖ਼ ਨੂੰ ਰੱਬੀ ਬਚਨਾਂ ਦੀ ਖੁੰਬ ਚੜ੍ਹਾਈ ਤੇ ਚਿੱਟਾ ਕਰਕੇ ਭੇਜਿਆ । ਕਹਿੰਦੇ ਨੇ ਕਿ ਜਿੰਨ ਨਾਲੋਂ ਜਨ ਕਢਣਾ ਜ਼ਿਆਦਾ ਔਖਾ ਹੈ ਅਤੇ ਇਸ ਦੇ ਬਾਅਦ ਮਾਪਿਆਂ ਨੇ ਸੋਚਿਆ ਕਿ ਹੁਣ ਵੈਦ ਨੂੰ ਬੁਲਾ ਕੇ ਨਾਨਕ ਦੀ ਨਬਜ਼ ਵਖਾਈਏ ਤਾਂ ਕਿ ਉਹ ਮਰਜ਼ ਲਭ ਕੇ ਉਸ ਦਾ



Digitized by Panjab Digital Library | www.panjabdigilib.org

ਇਲਾਜ ਕਰੇ। ਵੈਦ ਬੁਲਾਇਆ ਗਿਆ। ਵੈਦ ਨੇ ਨਾਨਕ ਨੂੰ ਬੀਮਾਰ ਸਮਝ ਕੇ ਬੀਮਾਰੀ ਲਭਣ ਦੇ ਸਾਰੇ ਤਰੀਕੇ ਵਰਤੇ। ਕਦੀ ਦਿਲ ਤੇ ਹੱਥ ਰੱਖ ਕੇ ਦਿਲ ਦੀ ਧੜਕਨ, ਕਦੀ ਕਲੇਜਾ ਟੋਹੰਦਾ, ਕਦੀ ਜੀਭ ਕਢਵਾ ਕੇ ਵੇਖਦਾ ਅਤੇ ਕਦੀ ਅੱਖੀਂ ਨੂੰ ਟਿਕਟਿਕੀ ਲਾ ਕੇ ਵੇਹੰਦਾ। ਆਖ਼ਰ ਉਸ ਨੇ ਨਾਨਕ ਦੀ ਬਾਂਹ ਫੜ ਕੇ ਨਬਜ਼ ਵੇਖੀ। ਕਾਫ਼ੀ ਦੇਰ ਨਬਜ਼ ਦੀ ਰਫ਼ਤਾਰ ਤੇ ਹਰਕਤ ਤੋਂ ਬੀਮਾਰੀ ਦੇ ਆਧਾਰ ਤੇ ਨਾਂ ਲਭਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਨਾਨਕ ਦੀ ਬੀਮਾਰੀ ਦਾ ਵੱਡਾ ਕਾਰਨ ਤੇ ਉਸ ਦਾ ਸੋਚਾਂ ਵਿੱਚ ਡੁੱਬੇ ਰਹਿਣਾ ਹੀ ਦਸਿਆ ਜਾਂਦਾ ਸੀ ਪਰ ਨਾਨਕ ਵੈਦ ਨੂੰ ਬਾਂਹ ਫੜਾ ਕੇ ਵੀ ਸੋਚਾਂ ਦੇ ਸਮੁੰਦਰ ਵਿੱਚ ਹੀ ਡੁੱਬਾ ਰਿਹਾ ਤੇ ਸੋਚਦਾ, "ਵਾਹ ਕਰਤਾਰ ਤੇਰੇ ਰੰਗ। ਦੁਨੀਆਂਦਾਰਾਂ ਦੀ ਦੁਨੀਆਂ ਵੀ ਵਖਰੀ ਹੀ ਹੈ। ਮੈਂ ਤਾਂ ਬੀਮਾਰ ਦੁਨੀਆਂ ਦੀਆਂ ਬੀਮਾਰੀਆਂ ਦੇ ਇਲਾਜ ਲਭਣ ਦੀਆਂ ਸੋਚਾਂ ਵਿੱਚ ਡੁੱਬਾ ਰਹਿੰਦਾ ਹਾਂ ਤੇ ਦੁਨੀਆਂ ਟੂਣੇ-ਟੰਜਰਾਂ ਤੇ ਨਬਜ਼ਾਂ-ਨਾੜੀਆਂ ਰਾਹੀਂ ਮੈਨੂੰ ਬੀਮਾਰ ਸਮਝ ਕੇ ਮੇਰੇ ਲਈ ਓਹੜ-ਪੋਹੜ ਕਰ ਰਹੀ ਹੈ।"

ਅਖ਼ੀਰ ਵੈਦ ਨੇ ਨਾਨਕ ਦੀ ਵੀਣੀ ਛੱਡ ਦਿੱਤੀ ਤੇ ਬੜਾ ਹੈਰਾਨ ਹੋ ਕੇ ਸਿਰ ਫੇਰਦਾ ਕਹਿਣ ਲੱਗਾ, "ਮਹਿਤਾ ਜੀ, ਮੈਨੂੰ ਤਾਂ ਬੀਮਾਰੀ ਦੀ ਕੋਈ ਸਮਝ ਨਹੀਂ ਆਉਂਦੀ। ਮੈਂ ਤਾਂ ਆਪਣੀ ਵੈਦਕ ਵਿਦਿਆ ਦਾ ਸਾਰਾ ਤਰਾਣ ਲਾਇਆ ਹੈ ਪਰ ਰੋਗ ਦਾ ਪਤਾ ਹੀ ਨਹੀਂ ਲਗਦਾ।" ਨਾਨਕ ਚੁੱਪ ਸੀ। ਹੁਣ ਬੋਲ ਪਿਆ ਤੇ ਕਹਿਣ ਲੱਗਾ ਕਿ ਵੈਦ ਜੀ ਤੁਸੀਂ ਮੇਰੇ ਰੋਗ ਨੂੰ ਕਿਵੇਂ ਸਮਝੋ ਤੁਸੀਂ ਤਾਂ ਆਪ ਰੋਗੀ ਹੋ। ਆਪਣੇ ਘਰ ਜਾ ਕੇ ਪਹਿਲਾਂ ਆਪਣੇ ਰੋਗ ਦੀ ਤਸ਼ਖ਼ੀਸ ਕਰੋ। ਮੈਂ ਰੱਬ ਦੇ ਰੰਗ ਵਿਚ ਰੱਤਾ ਹਾਂ ਤੇ ਤੁਸੀਂ ਮੈਨੂੰ ਬੀਮਾਰ ਬਣਾਈ ਫਿਰਦੇ ਹੋ। ਜਦੋਂ ਆਖ਼ਰੀ ਸਮਾਂ ਆ ਜਾਣਾ ਹੈ ਉਦੋਂ ਕਿਸੇ ਵੈਦ ਦੀ ਦਵਾਈ ਕਾਟ ਨਹੀਂ ਕਰਦੀ। ਸਾਡਾ ਰੋਗ ਤਾਂ ਜਿਸ ਰੱਬ ਨੇ ਲਾਇਆ ਹੈ ਉਹ ਹੀ ਦੂਰ ਕਰੇਗਾ।" ਵੈਦ ਵੀ ਮੁੱਲਾਂ ਵਾਂਗੂ ਲਾਚਾਰ ਹੋ ਕੇ ਆਪਣੇ ਘਰ ਚਲਾ ਗਿਆ। ਗੁਰੂ ਸਾਹਿਬ ਨੇ ਇਸ ਘਟਨਾ ਦਾ ਜ਼ਿਕਰ ਵਾਰ ਮਲਾਰ ਵਿੱਚ ਇਸ ਤਰ੍ਹਾਂ ਕੀਤਾ ਹੈ :—

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ,
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਂਹਿ।

ਇਸ ਤਰ੍ਹਾਂ ਵੈਦ ਵੀ ਬੇਬੱਸ ਹੋ ਕੇ ਆਪਣੇ ਘਰ ਚਲਾ ਗਿਆ। ਮੁੱਲਾਂ ਤੇ ਵੈਦ ਦੇ ਆਉਣ ਨੇ ਸਗੋਂ ਨਾਨਕ ਦੇ ਦਰਦ ਨੂੰ ਉਲਝਨ ਵਿੱਚ ਪਾਉਣ ਦਾ ਯਤਨ ਕੀਤਾ; ਕਿਉਂਕਿ ਉਸ ਅਗੰਮ, ਅਬੁਝ ਤੇ ਅਦਾਰੂ ਦਾ ਦਾਰੂ ਦਰਦ ਵਿੱਚ ਹੀ ਸੀ ਜਿਵੇਂ ਕਿ 'ਜਹੂਰੀ' ਨੇ ਲਿਖਿਆ ਹੈ :—

ਸ਼ੁੱਦ ਤਬੀਬੇ ਮਾ ਮੁਹਿੱਬਤ, ਮਨਤਮੇ ਬਰਜਾਨੇ ਮਾ।
ਮਿਹਨਤੇ ਮਾ ਰਾਹਤੇ ਮਾ, ਦਰਦੇ ਮਾ ਦਰਮਾਨੇ ਮਾ।

ਭਾਵੇਂ ਮੁੱਲਾਂ ਤੇ ਵੈਦ ਦੋਵੇਂ ਕਹਿ ਗਏ ਕਿ ਨਾਨਕ ਦੀ ਬੀਮਾਰੀ ਸਮਝ ਨਹੀਂ ਔਂਦੀ ਅਤੇ ਸਾਨੂੰ ਤੇ ਜਾਪਦਾ ਹੈ ਕਿ ਇਸ ਨੂੰ ਕੋਈ ਰੋਗ ਨਹੀਂ, ਤਾਂ ਵੀ ਮਾਪਿਆਂ ਦਾ ਭਰਮ ਦੂਰ ਨ ਹੋਇਆ। ਹੁਣ ਨਾਨਕ ਮੁੱਛ-ਫੁੱਟ ਉਮਰ ਨੂੰ ਪੁੱਜ ਰਿਹਾ ਸੀ। ਇਸ ਉਮਰ ਤੱਕ ਆਮ ਮੁੰਡੇ ਕਿਸੇ ਨ ਕਿਸੇ ਧੰਧੇ ਤੇ ਲੱਗਣ ਦੇ ਲਾਇਕ ਹੋ ਜਾਂਦੇ ਨੇ ਤਾ ਕਿ ਕਮਾਈ ਕਰਕੇ ਆਪਣੇ ਪੈਰਾਂ ਤੇ



Digitized by Panjab Digital Library | www.panjabdigilib.org

ਖਲੋ ਜਾਣ ਤੇ ਵਿਆਹ ਕਰਵਾ ਕੇ ਆਪਣੇ ਵੱਖਰੇ ਘਰ ਬਨ੍ਹਣ। ਨਾਨਕ ਤੇ ਅਜੇ ਇਸ ਪੜਾਂ ਤੋਂ ਲੱਖਾਂ ਕੋਹ ਦੂਰ ਸੀ। ਪੰਜਾਬੀ ਵਿੱਚ ਆਖਦੇ ਨੇ, 'ਆਖਰ ਪੁੱਤਰ ਮੂਲਿਆ ਤੂੰ ਹੱਟੀ ਬਹਿਣਾ' ਮਹਿਤਾ ਕਾਲੂ ਫਿਰ ਵੀ ਖੱਤਰੀ ਪੁੱਤਰ ਸੀ। ਅਖ਼ੀਰ ਤੇ ਇਸ ਸਿੱਟੇ ਤੇ ਪੁੱਜਾ ਕਿ ਹੁਣ ਨਾਨਕ ਚੰਗਾ ਪੱਠਾ ਹੋ ਗਿਆ ਹੈ ਅਤੇ ਗਿਆਨ ਗੋਸ਼ਟੀ ਵਿੱਚ ਨ ਪੰਡਤ, ਨ ਪਾਂਧੇ ਤੇ ਨ ਹੀ ਮੌਲਵੀ ਨੂੰ ਗੱਲ ਕਰਨ ਦੇਂਦਾ ਹੈ। ਹੈ ਵੀ ਪੜ੍ਹਿਆ ਲਿਖਿਆ, ਚਲੋ, ਇਸ ਨੂੰ ਆਪਣੇ ਜੱਦੀ ਵਿਹਾਰ ਬਿਉਪਾਰ ਵਿੱਚ ਹੀ ਪਾਈਏ।

ਤਲਵੰਡੀ ਵਿੱਚ ਨਾਨਕ ਦੇ ਦੋ ਸਭ ਤੋਂ ਗੂਹੜੇ ਮਿੱਤਰ ਸਨ। ਇੱਕ ਬਾਲਾ ਜੋ ਜ਼ਾਤ ਦਾ ਸੰਧੂ ਜੱਟ ਸੀ ਤੇ ਦੂਜਾ ਚੌਂਹਬੜ ਜ਼ਾਤ ਦਾ ਮੁਸਲਮਾਨ ਮਰਦਾਨਾ ਮਿਰਾਸੀ। ਇਨ੍ਹਾਂ ਨਾਲ ਨਾਨਕ ਦੀ ਬਚਪਨ ਤੋਂ ਦੋਸਤੀ ਸੀ। ਮਰਦਾਨਾ ਇੱਕ ਤਾਂ ਮੁਸਲਮਾਨ ਸੀ ਦੂਸਰੇ ਮੰਗ-ਖਾਣੀ, ਬੜੀ ਗ਼ਰੀਬ ਤੇ ਹਿੰਦੂਆਂ ਅਨੁਸਾਰ ਨੀਚ ਜ਼ਾਤ ਦਾ ਸੀ। ਇਸ ਲਈ ਨਾਨਕ ਦਾ ਇਸ ਨਾਲ ਖੇਡਣਾ, ਬਹਿਣਾ-ਖਲੋਣਾ ਤੇ ਖਾਣਾ-ਪੀਣਾ ਮਾਪਿਆਂ ਤੇ ਉਹਨਾਂ ਦੇ ਪਰੋਹਤਾਂ-ਪਾਂਧਿਆਂ ਨੂੰ ਚੰਗਾ ਨਹੀਂ ਸੀ ਲੱਗਦਾ। ਪਿਤਾ ਕਾਲੂ ਵੀ ਇਸ ਗੱਲੋਂ ਖਿਝਦਾ ਰਹਿੰਦਾ ਸੀ ਪਰ ਪਿਆਰ ਦਾ ਕੋਈ ਨ ਮਜ਼ਬ ਹੈ, ਨ ਜ਼ਾਤ, ਨ ਦੇਸ਼, ਨ ਦਿਸ਼ਾ ਤੇ ਨ ਕੋਈ ਹੋਰ ਉਚੀ ਨੀਵੀਂ ਵਿਤਕਰੇ ਦੀ ਸ਼ਰਤ ਜਾਂ ਸ਼ਨਾਖ਼ਤ। ਪਿਆਰ ਤਾਂ ਰੱਬੀ ਗੁਣ ਹੈ ਅਤੇ ਇਸ ਦੀ ਹੋਂਦ ਹਰ ਜੀਵ ਜੰਤ ਵਿਚ ਹੈ। ਗੁਰੂ ਨਾਨਕ ਸਾਹਿਬ ਮਰਦਾਨੇ ਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਦੇ ਸਨ, ਕਿਉਂਕਿ ਉਹ ਸਮਝਦੇ ਸਨ ਕਿ ਸੱਚੀ ਮੁਹੱਬਤ ਵਿੱਚ ਸਮਾਨਤਾ ਹੁੰਦੀ ਹੈ। ਊਚ ਨੀਚ ਨਹੀਂ। ਹਾਫਜ਼ ਸ਼ੀਰਾਜ਼ੀ ਦਾ ਕਥਨ ਹੈ:—

ਬਨਾਜ਼ਮ ਬਾ ਬਜ਼ਮੇ ਮੁਹੱਬਤ ਕਿ ਆਂਜਾ,
ਗਦਾਏ ਬਾ ਸ਼ਾਹੇ ਮੁਕਾਬਲ ਨਸ਼ੀਨਦ।

ਮਹਿਤਾ ਕਾਲੂ ਬਾਲੇ ਨੂੰ ਜ਼ਿਆਦਾ ਸਿਆਣਾ ਤੇ ਗੰਭੀਰ ਸਮਝਦੇ ਸਨ। ਨਾਨਕ ਨੂੰ ਬਿਉਪਾਰ ਦੇ ਕੰਮ-ਕਾਜ ਵਿੱਚ ਲਾਉਣ ਦਾ ਮਹਿਤਾ ਜੀ ਨੇ ਪੱਕਾ ਇਰਾਦਾ ਕਰ ਲਿਆ। ਭਾਈ ਬਾਲੇ ਨੂੰ ਸੱਦ ਕੇ ਕਿਹਾ, "ਭਲਕੇ ਸਵੇਰੇ ਅਸਾਂ ਨਾਨਕ ਨੂੰ ਕੋਈ ਬਿਉਪਾਰ ਕਰਨ ਬਾਹਰ ਭੇਜਣਾ ਹੈ। ਤੂੰ ਨਾਨਕ ਦੇ ਨਾਲ ਜਾਹ, ਤੂੰ ਜਾਣਦਾ ਹੀ ਹੈਂ ਕਿ ਨਾਨਕ ਤੇ ਦੁਨੀਆਂ ਤੇ ਪੈਸੇ ਟਕੇ ਦੇ ਮਾਮਲੇ ਵਿੱਚ ਬਿਲਕੁਲ ਮਲੰਗ ਹੀ ਹੈ। ਵੈਸੇ ਨਾਨਕ ਅਜ਼ੇ ਹੈ ਵੀ ਤੇ ਅੰਞਾਣਾ ਹੀ, ਤੂੰ ਸਿਆਣਾ ਹੈਂ। ਇਸ ਲਈ ਤੇਰੇ ਨਾਲ ਹੁੰਦਿਆਂ ਸਾਨੂੰ ਕਿਸੇ ਗੱਲ ਦਾ ਡਰ ਨਹੀਂ।" ਬਾਲੇ ਨੇ ਖੁਸ਼ੀ ਨਾਲ ਨਾਨਕ ਦੇ ਨਾਲ ਜਾਣ ਦੀ ਹਾਂ ਕਰ ਲਈ। ਅਗਲੇ ਦਿਨ ਸਵੇਰੇ ਮਹਿਤਾ ਕਾਲੂ ਨੇ ਨਾਨਕ ਨੂੰ ਵੀਹ ਰੁਪੈ ਦੇ ਕੇ ਭਾਈ ਬਾਲੇ ਦੇ ਨਾਲ ਟੋਰ ਦਿੱਤਾ। ਟੁਰਨ ਲੱਗਿਆਂ ਕਿਹਾ, "ਵੇਖ ਭਾਈ ਨਾਨਕਾ, ਹੁਣ ਤੂੰ ਸੁਖ ਨਾਲ ਜਵਾਨ ਹੋਣ ਵਾਲਾ ਹੈਂ। ਪੁੱਤਰ, ਆਖ਼ਰ ਘਰ ਘਾਟ ਸਾਰਾ ਤੂੰ ਹੀ ਸੰਭਾਲਣਾ ਹੈ। ਹੁਣ ਤੈਨੂੰ ਦੁਨੀਆਂ ਦੇ ਕੰਮ-ਕਾਜ ਵਿੱਚ ਪੈਰ ਪਾਣਾ ਚਾਹੀਦਾ ਹੈ। ਬੇਟਾ, ਤੂੰ ਪਹਿਲਾ ਵਣਜ ਕਰਨ ਚਲਿਆ ਹੈਂ। ਕੋਈ ਖਰਾ ਤੇ ਨਫ਼ੇਵੰਦਾ ਸੌਦਾ ਕਰੀਂ। ਨ ਤੇ ਰਕਮ ਹੀ ਗਵਾ ਆਵੀਂ ਤੇ ਨ ਘਾਟਾ ਪਾ ਆਵੀਂ।"

ਇਸ ਤਰ੍ਹਾਂ ਮੱਤਾਂ ਦੇ ਕੇ ਮਹਿਤਾ ਕਾਲੂ ਨੇ ਖੜਕਾ ਖੜਕਾ ਤੇ ਖਰੇ ਵੇਖ ਵੇਖ ਕੇ ਨਾਨਕ ਨੂੰ ਗਿਣ ਕੇ ਚਾਂਦੀ ਦੇ ਬਣੇ ਹੋਏ ਵੀਹ ਰੁਪੈ ਦਿੱਤੇ ਤੇ ਇਸ ਨੂੰ ਭਾਈ ਬਾਲੇ ਦੀ ਅਗਵਾਈ ਹੇਠ



Digitized by Panjab Digital Library | www.panjabdigilib.org

ਬਿਉਪਾਰ ਕਰਨ ਭੇਜ ਦਿੱਤਾ। ਨਾਨਕ ਸੋਚਦਾ ਕਿ ਪਿਤਾ ਜੀ ਦਾ ਹੁਕਮ ਹੈ ਕਿ ਇਹੋ ਜਿਹਾ ਸੌਦਾ ਕਰਾਂ ਜਿਸ ਵਿੱਚ ਨਫ਼ਾ ਹੀ ਨਫ਼ਾ ਹੋਵੇ ਤੇ ਮੇਰੇ ਪਿਤਾ ਦਾ ਨਾਂ ਸਦਾ ਲਈ ਇਸ ਸੰਸਾਰ ਵਿੱਚ ਰਹਿ ਜਾਏ। ਨਾਨਕ ਸੋਚ ਸੋਚ ਕੇ ਇਸ ਸਿੱਟੇ ਤੇ ਪੁੱਜਾ ਕਿ ਇਹੋ ਜਿਹਾ ਸੱਚ ਦਾ ਸੌਦਾ ਕਰੀਏ ਜਿਸ ਦੀ ਖੱਟੀ ਰਹਿੰਦੀ ਦੁਨੀਆਂ ਤੱਕ ਨਾ ਮੁੱਕੇ। ਨਾਨਕ ਅੰਦਰੂ ਬੜਾ ਖੁਸ਼ ਸੀ ਕਿ ਅੱਜ ਆਜ਼ਾਦੀ ਨਾਲ ਕੋਈ ਭਲਾ ਕੰਮ ਕਰਨ ਦਾ ਮੌਕਾ ਮਿਲਿਆ ਹੈ। ਸਿਆਲ ਦੇ ਦਿਨ ਸਨ, ਦੇਸ਼ ਵਿੱਚ ਮੀਂਹ ਨ ਪੈਣ ਕਰਕੇ ਕਾਲ ਪਿਆ ਹੋਇਆ ਸੀ। ਗ਼ਰੀਬ ਭੁੱਖ ਨਾਲ ਵਿਲਕ ਰਹੇ ਸਨ। ਇਸ ਲਈ ਗੁਰੂ ਨਾਨਕ ਸਾਹਿਬ ਇਸ ਵੀਚਾਰ ਵਿੱਚ ਸਨ ਕਿ ਜੇ ਕਿਤੇ ਸਮਾਂ ਬਣ ਜਾਏ ਤਾਂ ਕਿਉਂ ਨ ਭੁੱਖੇ ਗ਼ਰੀਬਾਂ ਦੇ ਢਿੱਡ ਵਿੱਚ ਰੋਟੀ ਪਾਈ ਜਾਵੇ। ਆਖ਼ਰ ਸਚਿਆਰ ਗੁਰੂ ਨਾਨਕ ਨੇ ਸੱਚਾ ਸੌਦਾ ਕਰਨ ਦਾ ਇਰਾਦਾ ਧਾਰ ਲਿਆ।

ਟੁਰਦੇ ਟੁਰਾਂਦੇ ਜਦੋਂ ਭਾਈ ਬਾਲਾ ਤੇ ਗੁਰੂ ਨਾਨਕ ਚੂਹੜਕਾਣੇ ਪੁੱਜੇ ਤਾਂ ਉਥੇ ਇੱਕ ਥੇਹ ਦੇ ਉਤੇ ਵਣਾਂ ਦੇ ਰੁੱਖਾਂ ਹੇਠ ਕੁਝ ਗ਼ਰੀਬ ਲੋਕ ਕਿੰਨੇ ਦਿਨਾਂ ਦੇ ਭੁੱਖੇ ਬੈਠੇ ਸਨ। ਉਹਨਾਂ ਨਾਨਕ ਦੀ ਸ਼ਕਲ ਸੂਰਤ ਤੇ ਅਮੀਰਾਂ ਵਾਲਾ ਕਪੜਾ ਲੀੜਾ ਵੇਖ ਕੇ ਸਵਾਲ ਕੀਤਾ ਕਿ ਸਾਨੂੰ ਕੁਝ ਦੇਹੋ ਅਸੀਂ ਕਿੰਨੇ ਦਿਨਾਂ ਦੇ ਭੁੱਖੇ ਹਾਂ ਤੇ ਹੁਣ ਤਾਂ ਮੌਤ ਦਾ ਬੂਹਾ ਵੀ ਖੁਲ੍ਹਣ ਹੀ ਵਾਲਾ ਹੈ। ਨਾਨਕ ਨੇ ਸਮਝ ਲਿਆ ਕਿ ਜਿਸ ਮਨੋਰਥ ਲਈ ਮੈਂ ਸੌਦਾ ਕਰਨਾ ਚਾਹੁੰਦਾ ਸਾਂ ਮਿਲ ਗਿਆ ਹੈ। ਉਸ ਨੇ ਪਿੰਡ ਦੀ ਹੱਟੀ ਤੋਂ ਵੀਹਾਂ ਰੁਪਇਆਂ ਦਾ ਆਟਾ, ਘਿਉ, ਖੰਡ ਆਦਿ ਖਰੀਦ ਕੇ ਉਨ੍ਹਾਂ ਭੁੱਖਿਆਂ ਗ਼ਰੀਬਾਂ ਨੂੰ ਰੱਜ ਕੇ ਰੋਟੀਆਂ ਖਵਾਈਆਂ ਤੇ ਉਹਨਾਂ ਉਸ ਨੂੰ ਰੱਜ ਕੇ ਅਸੀਸਾਂ ਦਿੱਤੀਆਂ। ਭਾਈ ਬਾਲਾ ਇਹ ਸਭ ਕੁਝ ਵੇਖ ਕੇ ਅੰਦਰੋਂ ਅੰਦਰੀਂ ਬਹੁਤ ਦੁਖੀ ਸੀ ਪਰ ਕੀ ਕਰਦਾ।

ਇਸ ਤਰ੍ਹਾਂ ਨਾਨਕ ਨੇ ਪਿਤਾ ਦੇ ਦਿੱਤੇ ਹੋਏ ਵੀਹਾਂ ਰੁਪਇਆਂ ਦਾ ਵਪਾਰ ਕੀਤਾ ਜਿਸ ਨੂੰ ਸੰਸਾਰ ਦਾ ਇਤਿਹਾਸ 'ਸੱਚਾ ਸੌਦਾ' ਕਹਿ ਕੇ ਯਾਦ ਕਰਦਾ ਹੈ ਅਤੇ ਜਿਸ ਥਾਂ ਤੇ ਬੜਾ ਸੁੰਦਰ ਗੁਰਦਵਾਰਾ ਵੀ 'ਸੱਚਾ ਸੌਦਾ' ਦੇ ਨਾਂ ਤੇ ਬਣਿਆ ਹੋਇਆ ਹੈ। ਸੱਚ ਦੀ ਕਮਾਈ ਬਾਰੇ ਗੁਰੂ ਨਾਨਕ ਸਾਹਿਬ, ਰਾਗ ਰਾਮ ਕਲੀ ਵਿੱਚ ਲਿਖਦੇ ਨੇ :—

ਸਚਿ ਕਮਾਣੈ ਸਚੋ ਪਾਈਐ ਕੂੜੇ ਕੂੜਾ ਮਾਣਾ,  
ਨਾਨਕ ਤਿਨ ਕੋ ਸਤਿਗੁਰ ਮਿਲਿਆ ਜਿਨ੍ਹਾਂ ਧੁਰੇ ਪੈਯਾ ਪਰਵਾਣਾ।

ਗੁਰੂ ਸਾਹਿਬ ਸਮਝਦੇ ਸਨ ਕਿ ਦੁਨੀਆਂ ਵਿੱਚ ਪੈਸੇ ਵੱਟਨ ਤੇ ਵਧਾਨ ਦਾ ਵਪਾਰ ਤੇ ਜਣਾ-ਖਣਾ ਕਰੀ ਫਿਰਦਾ ਹੈ, ਪਰ ਅਸਲੀ ਅਰਥਾਂ ਵਿੱਚ ਸੱਚਾ ਸੌਦਾ ਕੋਈ ਵਿਰਲਾ ਹੀ ਕਰਦਾ ਹੈ ਅਤੇ ਉਹ ਵੀ ਬੜੇ ਭਾਗਾਂ ਤੇ ਰੱਬ ਦੀ ਬਖਸ਼ਸ਼ ਦੇ ਸਦਕਾ। ਇਹਨਾਂ ਰਾਗ ਮਾਰੂ ਵਿੱਚ ਸੱਚੇ ਸਉਦੇ ਬਾਰੇ ਖੁਦ ਲਿਖਿਆ ਹੈ :—

ਪ੍ਰੇਮ ਪਦਾਰਥੁ ਲਹੈ ਅਮੋਲੋ।  
ਕਬਹੀ ਨ ਘਾਟਸਿ ਪੂਰਾ ਤੋਲੋ।  
ਸਚੇ ਕਾ ਵਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥  
ਸਚਾ ਸਉਦਾ ਵਿਰਲਾ ਕੋ ਪਾਏ।  
ਪੂਰਾ ਸਤਿਗੁਰ ਮਿਲੈ ਮਿਲਾਏ।  
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇੰਦਾ।



Digitized by Panjab Digital Library | www.panjabdigilib.org

ਭੁੱਖੇ ਗਰੀਬਾਂ ਲਈ ਜੱਗ ਲਾ ਕੇ ਅਖੁੱਟ ਖੱਟੀ ਖੱਟ ਕੇ ਨਾਨਕ ਵਾਪਸ ਤਲਵੰਡੀ ਨੂੰ ਟੁਰਿਆ । ਉਸ ਦੇ ਦਿਲ ਵਿੱਚ ਦੋ ਵਿਰੋਧੀ ਵਿਚਾਰਾਂ ਦਾ ਘੋਲ ਹੋ ਰਿਹਾ ਸੀ । ਇੱਕ ਇਹ ਕਿ ਪਹਿਲਾ ਸੌਦਾ ਹੀ ਭੁੱਖੀ ਮਰਦੀ ਮਨੁੱਖਤਾ ਦੀ ਖ਼ਾਤਰ 'ਸੱਚਾ ਸੌਦਾ' ਹੋਇਆ ਹੈ ਅਤੇ ਸੱਚ ਨ ਕਦੀਂ ਥੁੜਿਆ ਹੈ, ਨ ਥਿੜਕਿਆ ਹੈ, ਨ ਘਟਿਆ ਹੈ, ਨ ਘਸਿਆ ਹੈ—ਇਹ ਅਡੋਲ, ਅਣਮੋਲ, ਅਮੁੱਕ, ਅਟੱਲ ਤੇ ਇਲਾਹੀ ਖ਼ਜ਼ਾਨਾ ਹੈ । ਦੂਜਾ ਖ਼ਿਆਲ ਵੀ ਮੁੱਛ-ਫੁੱਟ ਗਭਰਾਟੇ ਨਾਨਕ ਨੂੰ ਡਰਾਈ ਤੇ ਖਾਈ ਜਾਂਦਾ ਸੀ ਕਿ ਪਿਤਾ ਕਾਲੂ ਜੀ ਤੇ ਘੱਟ ਤੋਂ ਘੱਟ ਵੀਹ ਦੇ ਕੇ ਮੇਰੇ ਤੋਂ ਤੀਹ ਰੁਪਏ ਦੀ ਉਮੀਦ ਰੱਖ ਕੇ ਘਰ ਉਡੀਕ ਰਹੇ ਹਨ । ਉਹਨਾਂ ਤੇ ਜਾਂਦਿਆਂ ਹੀ ਕੀਤੇ ਵਣਜ ਦੇ ਮੂਲ ਤੇ ਲਾਭ ਮੰਗਣੇ ਨੇ । ਪਰ ਜਦੋਂ ਇਹ ਮੇਰੇ ਵਪਾਰ ਤੇ ਸੌਦੇ ਦੀ ਵਿਆਖਿਆ ਸੁਣਨਗੇ ਤਾਂ ਪਤਾ ਨਹੀਂ ਮੇਰੇ ਨਾਲ ਕੀ ਬੀਤਣੀ ਹੈ । ਭਾਈ ਬਾਲਾ ਵੀ ਬੜਾ ਪਸ਼ੇਮਾਨ ਸੀ ਕਿ ਰੁਪੈ ਤੇ ਗ਼ਰੀਬਾਂ ਨੂੰ ਮਹਿਤਾ ਕਾਲੂ ਦਾ ਪੁੱਤਰ ਖਵਾ ਆਇਆ ਪਰ ਇਸ ਦਾ ਮਾਂਜਾ ਮੈਨੂੰ ਵੀ ਫਿਰਨਾ ਹੈ ਕਿਉਂਕਿ ਮੈਨੂੰ ਤਾਂ ਅੰਵਾਣੇ ਨਾਨਕ ਦੀ ਅਗਵਾਈ ਲਈ ਭੇਜਿਆ ਗਿਆ ਸੀ । ਦੋਵੇਂ ਜਣੇ ਟੁਰੇ ਤੇ ਤਲਵੰਡੀ ਦੀ ਦਿਸ਼ਾ ਵੱਲ ਜਾਂਦੇ ਸਨ ਪਰ ਬੜੀ ਔਖੀ ਦਸ਼ਾ ਵਿੱਚ ।

ਤਲਵੰਡੀ ਦੀਆਂ ਨਿਆਈਆਂ ਦੇ ਨੇੜੇ ਪੁੱਜ ਗਏ ਤੇ ਨਾਨਕ ਜੀ ਪਿਤਾ ਦੇ ਡਰ ਦੇ ਮਾਰਿਆਂ ਘਰ ਜਾਣੋਂ ਝਿਜਕ ਗਏ । ਇੱਕ ਸੰਘਣੇ ਜਿਹੇ ਵਣ ਦੀਆਂ ਲਮਕ ਕੇ ਭੋਏਂ ਨੂੰ ਲੱਗੀਆਂ ਟਾਹਣੀਆਂ ਵਿੱਚ ਲੁੱਕ ਗਿਆ । ਭਾਈ ਬਾਲਾ ਝਿਜਕਦਾ ਝਿਜਕਦਾ ਘਰ ਗਿਆ । ਪਿਤਾ ਕਾਲੂ ਨੇ ਪੁੱਛਿਆ, "ਸੁਣਾ ਭਾਈ ਬਾਲਿਆ ਬੜੀ ਛੇਤੀ ਵਾਪਸ ਆ ਗਏ ਹੋ । ਜਾਪਦਾ ਹੈ ਕਿ ਛੇਤੀ ਹੀ ਕੋਈ ਚੰਗਾ ਸੌਦਾ ਬਣ ਗਿਆ ਹੈ ।" ਬਾਲੇ ਨੇ ਨਿਮੋ-ਝੂਣਾ ਜਿਹਾ ਹੋ ਕੇ ਕਿਹਾ, "ਮਹਿਤਾ ਜੀ, ਸੌਦਾ ਕੀ ਬਣ ਗਿਆ ਹੈ, ਨਾਨਕ ਤਾਂ ਚੂਹੜਕਾਣੇ ਜਾ ਕੇ ਵੀਹ ਦੇ ਵੀਹ ਰੁਪਇਆਂ ਦੀ ਰਸਦ ਖ਼ਰੀਦ ਕੇ ਭੁੱਖੇ ਗ਼ਰੀਬਾਂ ਨੂੰ ਰੋਟੀਆਂ ਖਵਾ ਆਇਆ ਹੈ । ਕਹਿੰਦਾ ਹੈ ਕਿ ਮੈਂ ਬੜਾ ਨਫ਼ੇਵੰਦ ਤੇ ਸੱਚਾ ਸੌਦਾ ਕੀਤਾ ਹੈ ।"

ਸੁਣਦਿਆਂ ਸਾਰ ਹੀ ਮਹਿਤਾ ਕਾਲੂ ਲੋਹੇ ਲਾਖਾ ਹੋ ਗਿਆ ਤੇ ਬਾਲੇ ਤੋਂ ਪੁੱਛ ਕੇ ਨਾਨਕ ਦੀ ਝੋਹਰ ਲਾਹੁਣ ਭੱਜ ਵੱਗਾ । ਮਾਤਾ ਤ੍ਰਿਪਤਾ ਅਤੇ ਭੈਣ ਨਾਨਕੀ ਵੀ ਮਗਰ ਭੱਜੀਆਂ ਕਿ ਸੁਖੀਂ ਲੱਧੇ ਨਾਨਕ ਨੂੰ ਪਤਾ ਨਹੀਂ ਅੱਜ ਕਿੰਨੀ ਕੁ ਕੁੱਟ ਪੈਣੀ ਹੈ । ਭੈਣ ਨਾਨਕੀ ਦੇ ਪਹੁੰਚਦਿਆਂ ਪਹੁੰਚਦਿਆਂ ਤੇ ਛੁਡਾਂਦਿਆਂ ਵੀ ਪਿਤਾ ਨੇ ਲੁੱਕੇ ਹੋਏ ਪੁੱਤਰ ਨੂੰ ਧਰੂਹ ਕੇ ਬਾਹਰ ਕੱਢ ਲਿਆ ਤੇ ਮੂੰਹ ਤੇ ਦੁਪਾਸੀਂ ਪੰਜ ਸੱਤ ਚੁਪੇੜਾਂ ਮਾਰ ਦਿੱਤੀਆਂ । ਨਾਨਕ ਨੇ ਅਡੋਲ ਤੇ ਅਬੋਲ ਖਲੋ ਕੇ ਚੁਪੇੜਾਂ ਖਾਧੀਆਂ ਤੇ ਭੈਣ ਨਾਨਕੀ ਦੇ ਛੁਡਾਂਦੀ ਛੁਡਾਂਦੀ ਦੇ, ਵੀਰ ਨੂੰ ਵੱਜੀਆਂ ਚੁਪੇੜਾਂ ਦੀ ਪੀੜ ਦੀ ਹਮਦਰਦੀ ਸਦਕਾ, ਛੰਨੇ ਛੰਨੇ ਜੇਡੇ ਅਥਰੂ ਛਮਾ-ਛਮ ਕਿਰਨ ਲੱਗ ਪੈ । ਮਾਤਾ ਤ੍ਰਿਪਤਾ ਦਾ ਦਿਲ ਦੁੱਖਿਆ ਤੇ ਉਨ੍ਹਾਂ ਮਹਿਤਾ ਜੀ ਨੂੰ ਕਿਹਾ, "ਏਨਾਂ ਧਨ ਰੱਬ ਦਿੱਤਾ ਹੋਇਆ ਏ ਜੇ ਨਾਨਕ ਵੀਹ ਡਿੱਲੜਾਂ ਖਰਚ ਕੇ ਭੁੱਖੇ ਗ਼ਰੀਬਾਂ ਦੀਆਂ ਅਸੀਸਾਂ ਲੈ ਆਇਆ ਹੈ ਤਾਂ ਕੀ ਹੋ ਗਿਆ ?" ਭੈਣ ਨਾਨਕੀ ਤੇ ਪਿਤਾ ਕਾਲੂ ਨਾਲ ਏਨੀ ਗੁਮੇ ਹੋਈ ਕਿ ਕਿੰਨਾ ਚਿਰ ਬੋਲੀ ਹੀ ਨਾ । ਇਨ੍ਹੀਂ ਦਿਨੀਂ ਉਹ ਆਪਣੇ ਸਹੁਰੇ ਘਰੋਂ ਪੇਕੇ ਆਈ ਹੋਈ ਸੀ । ਸੁਲਤਾਨਪੁਰ ਲੋਧੀ ਦੇ



Digitized by Panjab Digital Library | www.panjabdigilib.org

ਹਾਕਮ ਦੌਲਤ ਖਾਂ ਲੋਧੀ ਦੇ ਦੀਵਾਨ ਜੈਰਾਮ ਨਾਲ ਵਿਆਹੀ ਹੋਈ ਸੀ। ਜਿਥੇ ਚੂਹੜਕਾਣੇ ਤੋਂ ਆ ਕੇ ਗੁਰੂ ਸਾਹਿਬ ਲੁੱਕੇ ਸਨ, ਉਥੇ ਗੁਰਦੁਆਰਾ ਤੰਬੂ ਸਾਹਿਬ ਹੈ।

ਇਸ ਤੋਂ ਪਹਿਲਾਂ ਤਾਂ ਪਿਤਾ ਕਾਲੂ ਨਾਨਕ ਨੂੰ ਮੂੰਹ ਜ਼ਬਾਨੀ ਹੀ ਨਾਰਾਜ਼ ਹੁੰਦਾ ਸੀ ਪਰ ਹੁਣ ਤਾਂ ਉਸ ਤੇ ਹੱਥ ਵੀ ਚੁੱਕ ਲਿਆ। ਇਹ ਗੱਲ ਸਾਰੇ ਪਿੰਡ ਵਿੱਚ ਖਿਲਰ ਗਈ ਤੇ ਮਹਿਤਾ ਕਾਲੂ ਦਾ ਕਾਹਲ, ਲਾਲਚ ਦੀ ਕਲਪਣਾ ਤੇ ਨਾਨਕ ਦੀ ਕੁੱਟ ਦੀ ਕਹਾਣੀ ਸੁਣ ਕੇ ਰਾਏ ਬੁਲਾਰ ਭੈਣ ਨਾਨਕੀ ਵਾਂਗੂੰ ਹੀ ਦੁਖੀ ਹੋਇਆ। ਨਾਨਕ ਨੂੰ ਮਿਲਿਆ ਤਾਂ ਅਜੇ ਵੀ ਉਸ ਦੀਆਂ ਮਲੂਕ ਗਲ੍ਹਾਂ ਤੇ ਚੁਪੇੜਾਂ ਦੀਆਂ ਉਂਗਲਾਂ ਦੀਆਂ ਲਾਸਾਂ ਪਈਆਂ ਹੋਈਆਂ ਸਨ। ਰਾਏ ਬੁਲਾਰ ਦੇ ਵੀ ਹੰਝੂ ਕਿਰ ਪੈ। ਰਾਏ ਬੁਲਾਰ ਸੋਚੀਂ ਪੈ ਗਿਆ ਕਿ ਇਹ ਗੱਲ ਤਾਂ ਦਿਨੋ ਦਿਨ ਵਿਗੜਦੀ ਹੀ ਜਾਂਦੀ ਏ। ਜੇ ਪਿਉ ਪੁੱਤਰ ਦੀ ਅਣਬਣ ਏਸੇ ਤਰ੍ਹਾਂ ਹੀ ਚਲਦੀ ਗਈ ਤਾਂ ਸਿੱਟਾ ਬਹੁਤ ਬੁਰਾ ਨਿਕਲੇਗਾ। ਬੀਬੀ ਨਾਨਕੀ ਨੇ ਕਿਹਾ, "ਪਿਤਾ ਜੀ, ਮੈਂ ਆਪਣੇ ਰੱਬ ਵਰਗੇ ਵੀਰ ਨੂੰ ਤੁਹਾਡੇ ਕੋਲ ਨਹੀਂ ਰਹਿਣ ਦੇਣਾ। ਕੁਝ ਤਾਂ ਇਹ ਹੈ ਹੀ ਸਾਧੂ ਸੁਭਾਅ ਤੇ ਕੁਝ ਤੁਸਾਂ ਦਿਨ ਰਾਤ ਝਿੜਕ ਝਿੜਕ ਕੇ ਉਸ ਦਾ ਖ਼ੂਨ ਪੀ ਲਿਆ ਹੈ, ਨਾਲੇ ਹੁਣ ਤੇ ਤੁਸੀਂ ਇਸ ਨੂੰ ਬੇਰਹਿਮੀ ਨਾਲ ਮਾਰਨ ਵੀ ਲੱਗ ਪੈ ਹੋ। ਮੈਂ ਵੀਰ ਨੂੰ ਆਪਣੇ ਨਾਲ ਹੀ ਆਪਣੇ ਸਹੁਰੇ ਲੈ ਜਾਣਾ ਹੈ। ਆਪੇ ਇਸ ਦੇ ਜੀਜਾ ਜੀ ਇਹਨੂੰ ਕਿਸੇ ਚੰਗੇ ਕੰਮ ਤੇ ਲਵਾ ਦੇਣਗੇ।" ਰਾਏ ਬੁਲਾਰ ਨੇ ਇਸ ਗੱਲ ਦੀ ਪੂਰੀ ਹਮਾਇਤ ਕੀਤੀ।

ਥੋੜ੍ਹੇ ਹੀ ਦਿਨ ਬੀਤੇ ਕਿ ਜੈ ਰਾਮ ਹੋਰੀਂ ਬੀਬੀ ਨਾਨਕੀ ਨੂੰ ਲੈਣ ਆਏ। ਭੈਣ ਨਾਨਕੀ ਨੇ ਆਪਣੇ ਪਤੀ ਨਾਲ ਸਾਰੀ ਗੱਲ ਕੀਤੀ ਤੇ ਨਾਨਕ ਨੂੰ ਸੁਲਤਾਨਪੁਰ ਲੋਧੀ ਲੈ ਜਾਣ ਦਾ ਪੱਕਾ ਫ਼ੈਸਲਾ ਹੋ ਗਿਆ। ਰਾਏ ਬੁਲਾਰ ਨੇ ਜੈਰਾਮ ਹੋਰਾਂ ਨੂੰ ਇਹ ਕੰਮ ਕਰਨ ਲਈ ਖ਼ਾਸ ਕਰਕੇ ਆਖਿਆ। ਦੋ ਚਾਰ ਦਿਨ ਤਲਵੰਡੀ ਰਹਿ ਕੇ ਭੈਣ ਨਾਨਕੀ ਤੇ ਜੈਰਾਮ, ਨਾਨਕ ਨੂੰ ਲੈ ਕੇ ਸੁਲਤਾਨਪੁਰ ਲੋਧੀ ਚਲੇ ਗਏ।

ਬੀਬੀ ਨਾਨਕੀ ਦੇ ਸਾਰੇ ਰਿਸ਼ਤੇਦਾਰ ਤੇ ਸੁਲਤਾਨਪੁਰ ਦੇ ਲੋਕ ਨਾਨਕ ਨੂੰ ਵੇਖ ਕੇ ਬੜੇ ਹੀ ਖੁਸ਼ ਹੋਏ। ਇਕ ਸੂਰਤ ਰੱਜ ਕੇ ਸੁਹਣੀ ਤੇ ਦੂਜਾ ਸੁਭਾਅ ਸਾਧੂ। ਨਵਾਬ ਦੌਲਤ ਖਾਂ ਲੋਧੀ ਵੀ ਨਾਨਕ ਦੀ ਵਿਅਕਤੀ ਤੋਂ ਬੜਾ ਪਰਭਾਵਤ ਹੋਇਆ। ਜੈਰਾਮ ਹੋਰਾਂ ਦੇ ਕਹਿਣ ਤੇ ਨਵਾਬ ਨੇ ਨਾਨਕ ਨੂੰ ਮੋਦੀਖ਼ਾਨੇ ਦਾ ਮੋਦੀ (ਸਟੋਰ ਕੀਪਰ) ਲਾਇਆ।

ਨਵਾਂ ਲੱਗਾ ਮੋਦੀ ਬੜਾ ਈਮਾਨਦਾਰ ਸੀ। ਹਿਸਾਬ ਕਿਤਾਬ ਟਿਚਣ ਰਖਦਾ ਪਰ ਲੋੜਵੰਦਾਂ ਨੂੰ ਆਪਣੀ ਕਮਾਈ 'ਚੋਂ ਵੀ ਦਾਨ ਕਰਦਾ। ਕੰਮ ਤੇ ਬੜੀ ਸੁਚੱਜਤਾ ਤੇ ਸਫ਼ਲਤਾ ਨਾਲ ਕਰਦਾ ਪਰ ਉਸ ਦਾ ਉਪਰਾਮ ਸੁਭਾਅ ਬਿਲਕੁਲ ਨ ਬਦਲਿਆ ਤੇ ਉਸ ਦੀ ਗੰਭੀਰਤਾ ਸਗੋਂ ਹੋਰ ਵਧਦੀ ਜਾਂਦੀ ਸੀ। ਜੀਜਾ ਜੈਰਾਮ ਤੇ ਭੈਣ ਨਾਨਕੀ ਨੇ ਸੋਚਿਆ ਕਿ ਹੁਣ ਨਾਨਕ ਨੌਕਰੀ ਵੀ ਚੰਗੀ ਤੇ ਲੱਗ ਗਿਆ ਹੈ। ਇਸ ਲਈ ਇਸ ਦੇ ਵਿਆਹ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਰਿਸ਼ਤੇ ਦਾ ਫ਼ੈਸਲਾ ਵੀ ਕਰ ਲਿਆ। ੧੪੮੮ ਈਸਵੀ ਵਿਚ ਨਾਨਕ ਦਾ ਵਿਆਹ ਬਟਾਲੇ ਦੇ ਖ਼ਤਰੀ ਮੂਲ ਚੰਦ ਦੀ ਧੀ ਸੁਲੱਖਣੀ ਨਾਲ ਹੋਇਆ।



Digitized by Panjab Digital Library | www.panjabdigilib.org

ਹੁਣ ਨਾਨਕ ਗ੍ਰਿਹਸਤੀ ਸੀ। ਆਪਣੀ ਕਮਾਈ 'ਚੋਂ ਲੋੜ ਜੋਗਾ ਰੱਖ ਕੇ ਵਾਧੂ ਲੋੜਵੰਦਾਂ ਵਿੱਚ ਵੰਡ ਦੇਂਦਾ। ਆਮ ਗ੍ਰਿਹਸਤੀ ਆਦਮੀ ਖ਼ਾਸ ਕਰਕੇ ਔਰਤਾਂ ਪੈਸਾ ਟਕਾ ਜੋੜਨ ਦੀ ਖ਼ਾਸ ਲਾਲਸਾ ਰਖਦੇ ਨੇ ਤਾ ਕਿ ਵੇਲੇ ਕੁਵੇਲੇ ਕੰਮ ਆਵੇ। ਗੁਰੂ ਨਾਨਕ ਤੇ ਜ਼ਿਆਦਾ ਖੱਟੀ ਕਮਾਈ ਮੁਹਤਾਜਾਂ ਵਿਚ ਹੀ ਵੰਡ ਦੇਂਦਾ ਸੀ। ਇਹ ਗੱਲ ਸੁਲੱਖਣੀ ਨੂੰ ਚੰਗੀ ਨਹੀਂ ਸੀ ਲਗਦੀ।

ਗੁਰੂ ਸਾਹਿਬ ਪ੍ਰਭਾਤ ਵੇਲੇ ਉਠਦੇ, ਵੇਈਂ ਨਦੀ ਵਿੱਚ ਇਸ਼ਨਾਨ ਕਰਕੇ ਰੱਬ ਦੀ ਯਾਦ ਵਿੱਚ ਜੁੜ ਜਾਂਦੇ। ਰਹਿੰਦੇ ਆਮ ਤੌਰ ਤੇ ਚੁੱਪ ਹੀ ਸਨ ਪਰ ਅੱਖੀਂ ਕੰਨੀ ਤੇ ਦਿਮਾਗ ਨੂੰ ਸੁਚੇਤ ਰਖਦੇ, ਭਾਵ ਸਮਾਜ ਦੇ ਹਰ ਪੱਖ ਦਾ ਬੜਾ ਡੂੰਘਾ ਸਰਵੇਖਣ ਕਰਦੇ ਤੇ ਸਮਾਜ ਦੀ ਸਮੁੱਚੀ ਗਿਰਾਵਟ ਨੂੰ ਦੂਰ ਕਰਨ ਦੇ ਉਪਾਅ ਸੋਚਦੇ ਰਹਿੰਦੇ। ਕਹਿੰਦੇ ਨੇ ਕਿ ਇੱਕ ਦਿਨ ਮੋਦੀਖ਼ਾਨੇ ਵਿੱਚ ਹੀ ਕਿਸੇ ਗ਼ਰੀਬ ਨੂੰ ਆਟਾ ਦਾਣਾ ਤੋਲ ਕੇ ਦੇਂਦਿਆਂ ਹੀ ਉਹਨਾਂ ਦੀ ਬਿਰਤੀ ਆਪਣੇ ਮੁਹੱਬਤੀ ਮਾਹੀ ਨਾਲ ਲੱਗ ਗਈ ਤੇ ਉਹ ਨਾਲੇ ਤੋਲ ਤੋਲ ਕੇ ਧਾਰਨਾਂ ਪਾਈ ਜਾਣ ਤੇ ਨਾਲੇ ਤੇਰਾਂ, ਤੇਰਾਂ, ਤੇਰਾਂ, ਤੇਰਾਂ——ਗਿਣੀ ਜਾਣ। ਅਗੋਂ ਚੌਦਾਂ ਬੋਲਣ ਹੀ ਨਾ। ਕੋਲੋਂ ਕਿਸੇ ਦੇ ਆਖਿਆਂ ਸੰਭਲੇ ਪਰ ਲੈਣ ਵਾਲ਼ੇ ਦੀ ਵਿਛਾਈ ਹੋਈ ਚਾਦਰ ਵਿੱਚ ਤੇਰਾਂ ਦੀ ਬਜਾਏ ਕਿੰਨੀਆਂ ਹੀ ਧਾਰਨਾਂ ਪੈ ਚੁੱਕੀਆਂ ਸਨ। ਕਹਿੰਦੇ ਨੇ ਤੋਲਿਆਂ ਪੈਂਠ ਧਾਰਨਾਂ ਹੋਈਆਂ।

ਇਹੋ ਜਿਹੀਆਂ ਘਟਨਾਵਾਂ ਵੇਖ ਤੇ ਸੁਣ ਕੇ ਕਈ ਦੋਖੀਆਂ ਤ, ਚੁਗ਼ਲਾਂ ਨੇ ਨਵਾਬ ਅੱਗੇ ਚੁੱਗਲੀ ਕੀਤੀ ਕਿ ਨਾਨਕ ਤਾਂ ਛੇਤੀ ਹੀ ਮੋਦੀਖ਼ਾਨੇ ਦਾ ਸਫ਼ਾਇਆ ਕਰ ਦੇਵੇਗਾ। ਉਹ ਤਾਂ ਮੋਦੀਖ਼ਾਨੇ ਦਾ ਮਾਲ ਹੀ ਲੁਟਾਈ ਜਾਂਦਾ ਹੈ। ਕੋਈ ਹਿਸਾਬ ਕਿਤਾਬ ਤਾਂ ਰਖਦਾ ਹੀ ਨਹੀਂ। ਨਵਾਬ ਨੇ ਚੁਗਲਾਂ ਦੀ ਚੁੱਕ ਤੇ ਚੜ੍ਹ ਕੇ ਕਈ ਵਾਰੀ ਬਿਨਾ ਦਸਿਆਂ ਹੀ ਜਾ ਕੇ ਮੋਦੀਖ਼ਾਨੇ ਦੇ ਮਾਲ ਤੇ ਪੈਸੇ ਟਕੇ ਦੀ ਪੜਤਾਲ ਕੀਤੀ ਪਰ ਹਮੇਸ਼ਾਂ ਮੋਦੀ ਦਾ ਹਿਸਾਬ ਮੋਦੀਖ਼ਾਨੇ ਵੱਲ ਵਾਧੂ ਹੀ ਨਿਕਲਦਾ।

ਨਵਾਬ ਬੜਾ ਮੁਤਅੱਸਬੀ ਮੁਸਲਮਾਨ ਸੀ ਪਰ ਨਾਨਕ ਦੀ ਆਤਮਕ, ਈਮਾਨਦਾਰ, ਅਦੁੱਤੀ ਤੇ ਆਬਿਦ ਸ਼ਖਸੀਅਤ ਤੋਂ ਬੜਾ ਪ੍ਰਭਾਵਤ ਸੀ। ਇਸ ਲਈ ਨਾਨਕ ਦਾ ਆਪਣਾ ਰਸੂਖ਼ ਵੀ ਕਾਫ਼ੀ ਵੱਧ ਚੁੱਕਾ ਸੀ। ਸੱਚੇ ਪਿਆਰ ਨੂੰ ਕੋਈ ਚੀਜ਼ ਵੀ ਰੋਕ ਨਹੀਂ ਸਕਦੀ। ਪਿਆਰਿਆਂ ਦਾ ਪਿਆਰਿਆਂ ਬਿਨਾਂ ਜੀ ਨਹੀਂ ਲਗਦਾ। ਯਾਰ ਨੂੰ ਯਾਰ ਦੇ ਕੋਲ ਤੇ ਸਾਥ ਵਿੱਚ ਰਹਿ ਕੇ ਹੀ ਜ਼ਿੰਦਗੀ ਅਰਥਮੰਦ ਜਾਪਦੀ ਹੈ। ਵਿਛੋੜਾ ਸੁਰਗ ਨੂੰ ਨਰਕ ਤੇ ਮਿਲਾਪ ਪਲ ਵਿੱਚ ਨਰਕ ਨੂੰ ਸੁਰਗ ਬਣਾ ਦੇਂਦੀ ਹੈ। ਨਾਨਕ ਨਿਰਾ ਪਿਆਰ ਹੀ ਨਹੀਂ ਸੀ ਪਿਆਰ ਦਾ ਅਥਾਹ ਤੇ ਅਮੁੱਕ ਸੋਮਾ ਸੀ। ਉਹ ਆਪ ਤਾਂ ਸੁਲਤਾਨਪੁਰ ਲੋਧੀ ਆ ਵਸਿਆ ਪਰ ਉਸ ਦੇ ਬਚਪਨ ਦੇ ਬੇਲੀ ਤਲਵੰਡੀ ਹੀ ਰਹਿ ਗਏ। ਕਈ ਤੇ ਵਿਛੋੜੇ ਦੀ ਵਿਛਾਈ ਤੇ ਸੌਂ ਕੇ ਬੀਤੇ ਬਚਪਨ ਨੂੰ ਸੁਪਨੇ ਵਾਂਗੂ ਭੁਲਭੁਲਾ ਗਏ ਪਰ ਬਾਲਾ ਤੇ ਖ਼ਾਸ ਕਰਕੇ ਮਰਦਾਨਾ ਤਾਂ ਤਲਵੰਡੀ ਛੱਡ ਕੇ ਸੁਲਤਾਨਪੁਰ ਹੀ ਆ ਗਏ। ਮਰਦਾਨਾ ਤੇ ਗੁਰੂ ਸਾਹਿਬ ਦੇ ਆਉਣ ਤੋਂ ਥੋੜ੍ਹਾ ਚਿਰ ਪਿਛੋਂ ਹੀ ਆ ਗਿਆ ਸੀ। ਆਪਣੇ ਵਿਆਹ ਤੇ ਨਾਨਕ ਨੇ ਮਰਦਾਨੇ ਨੂੰ ਤੁਹਫ਼ੇ ਤੇ ਪਿਆਰ ਦੀ ਨਿਸ਼ਾਨੀ ਦੇ ਤੌਰ ਤੇ ਰਬਾਬ ਬਣਵਾ



Digitized by Panjab Digital Library | www.panjabdigilib.org

ਕੇ ਦਿੱਤੀ ਤੇ ਕਿਹਾ ਭਾਈ ਮਰਦਾਨਿਆਂ ਮੈਂ ਸ਼ਬਦ ਗਾਇਆ ਕਰਾਂਗਾ ਤੇ ਤੂੰ ਨਾਲ ਰਬਾਬ ਵਜਾਇਆ ਕਰੀਂ। ਮਰਦਾਨਾ ਸੁਬ੍ਹਾ ਸ਼ਾਮ ਮਸਤ ਨਾਨਕ ਦੇ ਨਾਲ ਬਹਿ ਕੇ ਮਸਤ ਹੋ ਕੇ ਰਬਾਬ ਵਜਾਂਦਾ ਤੇ ਨਾਨਕ ਨਾਮ ਖ਼ੁਮਾਰੀ ਵਿੱਚ ਆ ਕੇ ਕੀਰਤਨ ਕਰਦਾ। ਬਾਲੇ ਨੂੰ ਵੀ ਨਾਨਕ ਸੁਲਤਾਨ ਪੁਰ ਹੀ ਲੈ ਆਇਆ। ਲਾਹੌਰ ਦੇ ਰਹਿਣ ਵਾਲੇ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਮਨਸੁਖ ਤੇ ਭਾਗੀਰਥ ਵੀ ਸੁਲਤਾਨ ਪੁਰ ਵਿੱਚ ਆ ਗਏ ਸਨ ਤੇ ਆਪਣਾ ਕੰਮ ਧੰਧਾ ਕਰਨ ਤੋਂ ਬਾਅਦ ਆਪਣੇ ਦਿਆਲੂ ਮਿੱਤਰ ਤੇ ਆਤਮਕ ਅਧਿਆਤਮਕ ਦੀ ਸੰਗਤ ਵਿੱਚ ਬਹਿੰਦੇ, ਹੱਬੀ ਬਚਨ ਤੇ ਕੀਰਤਨ ਸੁਣਦੇ। ਮਨਸੁਖ ਤਾਂ ਗੁਰੂ ਸਾਹਿਬ ਦੀ ਧੁਰ ਤੋਂ ਆਈ ਬਾਣੀ ਨੂੰ ਸੁਣ ਕੇ ਲਿਖੀ ਵੀ ਜਾਂਦਾ। ਸਿੱਖ ਇਤਿਹਾਸ ਵਿੱਚ ਮਨਸੁਖ ਪਹਿਲਾ ਆਦਮੀ ਹੈ ਜਿਸ ਨੇ ਗੁਰੂ ਨਾਨਕ ਜੀ ਦੀ ਬਾਣੀ ਲਿਖਤੀ ਰੂਪ ਵਿੱਚ ਸਾਂਭੀ।

ਗੁਰੂ ਨਾਨਕ ਦੀ ਸ਼ਾਦੀ ੧੪੮੮ ਈਸਵੀ ਵਿੱਚ ਹੋਈ ਸੀ। ਜੁਲਾਈ, ੧੪੯੪ ਈਸਵੀ ਵਿੱਚ ਉਨ੍ਹਾਂ ਦੇ ਘਰ ਵੱਡੇ ਪੁੱਤਰ ਸ੍ਰੀ ਚੰਦ ਦਾ ਜਨਮ ਹੋਇਆ। ਨਾਨਕਿਆਂ, ਦਾਦਕਿਆਂ ਤੇ ਹੋਰ ਮਿੱਤਰਾਂ-ਦੋਸਤਾਂ ਸਭ ਨੂੰ ਬੜੀ ਖੁਸ਼ੀ ਹੋਈ। ਸਾਰੇ ਕਹਿੰਦੇ ਸਨ ਚੰਗਾ ਹੋਇਆ। ਹੁਣ ਨਾਨਕ ਮੋਹ ਦੇ ਰੱਸੇ ਦੀਆਂ ਅਖੁੱਲ ਗੰਢਾਂ ਵਿੱਚ ਬੱਝ ਜਾਏਗਾ। ਪਰ ਉਹਨਾਂ ਨੂੰ ਕੀ ਪਤਾ ਸੀ ਕਿ ਰੱਬ ਦੇ ਆਸ਼ਕਾਂ ਦਾ ਪਹਿਲਾ ਕੰਮ ਹੀ ਮੋਹ ਮਾਇਆ ਦੀ ਸੰਗਲੀ ਨੂੰ ਤੋੜਨਾ ਹੈ।

ਜਦੋਂ ਸ੍ਰੀ ਚੰਦ ਤੇਰਾਂ ਦਿਨਾਂ ਦਾ ਹੋਇਆ ਤਾਂ ਘਰ ਨੂੰ ਧੂਪਾਂ ਨਾਲ ਸੁਗੰਧਤ ਕੀਤਾ ਗਿਆ ਤੇ ਅੰਦਰ ਬਾਹਰ ਪੋਚਾ ਵੀ ਫੇਰਿਆ ਗਿਆ। ਹਿੰਦੂਆਂ ਦਾ ਸਦੀਆਂ ਤੋਂ ਆ ਰਿਹਾ ਵਿਸ਼ਵਾਸ਼ ਹੈ ਕਿ ਕਿਸੇ ਘਰ ਵੀ ਕਿਸੇ ਦੀ ਮੌਤ ਜਾਂ ਨਵੇਂ ਜੀ ਦੇ ਜਨਮ ਲਿਆਂ ਘਰ ਅਪਵਿੱਤਰ ਜਾਂ ਪਲੀਤ ਹੋ ਜਾਂਦਾ ਹੈ ਜਿਸ ਨੂੰ ਸੂਤਕ ਆਖਦੇ ਨੇ। ਸੂਤਕ ਨੂੰ ਬ੍ਰਾਹਮਣ ਆ ਕੇ, ਖ਼ਾਸ ਮੰਤਰ ਪੜ੍ਹ ਕੇ ਆਪਣੇ ਕਰਮ-ਕਾਂਡ ਤੇ ਹਵਨ ਆਦਿ ਦੀ ਪੂਜਾ ਦਾ ਚੜ੍ਹਾਵਾ ਲੈ ਕੇ ਦੂਰ ਕਰਦਾ ਹੈ। ਗੁਰੂ ਸਾਹਿਬ ਨੂੰ ਵੀ ਪਤਾ ਹੀ ਸੀ। ਘਰ ਵਾਲਿਆਂ ਨੇ ਬ੍ਰਾਹਮਣ ਨੂੰ ਸੱਦਿਆ ਹੋਇਆ ਸੀ ਤਾ ਕਿ ਉਹ ਸੂਤਕ ਦੀ ਸ਼ੁੱਧੀ ਕਰੇ ਤੇ ਸੁਲੱਖਣੀ ਨੂੰ ਚੌਂਕੇ ਚਾਹੜਿਆ ਜਾਏ। ਕਈ ਲੋਕ ਬੱਚਾ ਜੰਮਣ ਵਾਲੀਆਂ ਨੂੰ ਤੇਰਾਂ ਦਿਨ ਬਾਅਦ ਹੀ ਚੌਂਕੇ ਚਾਹੜ ਲੈਂਦੇ ਨੇ ਪਰ ਆਮ ਇਹ ਸੂਤਕ ੪੦ ਦਿਨ ਰਹਿੰਦਾ ਹੈ ਅਤੇ ਇਸ ਨੂੰ ਚਲੀਹਾ ਆਖਦੇ ਹਨ। ਸੂਤਕ ਦੇ ਦਿਨਾਂ ਦੇ ਦੌਰਾਨ ਮਾਂ ਤੇ ਬੱਚਾ ਦੋਵੇਂ ਭਰਿਸ਼ਟ ਸਮਝੇ ਜਾਂਦੇ ਨੇ ਤੇ ਮਾਂ ਘਰ ਦੀ ਕਿਸੇ ਵੀ ਖਾਣ ਪੀਣ ਜਾਂ ਹੋਰ ਚੀਜ਼ ਨੂੰ ਹੱਥ ਨਹੀਂ ਲਾ ਸਕਦੀ ਜਿੰਨਾ ਚਿਰ ਉਸ ਨੂੰ ਚੌਂਕੇ ਨਹੀਂ ਚਾਹੜਿਆ ਜਾਂਦਾ। ਚੌਂਕੇ ਚਾਹੜਨ ਵਾਲੇ ਦਿਨ ਘਰ ਵਿੱਚ ਚੰਗਾ ਚੋਖਾ ਰਿੰਨ੍ਹਿਆ ਪਕਾਇਆ ਜਾਂਦਾ ਹੈ ਤੇ ਰਿਸ਼ਤੇਦਾਰ ਵੀ ਸੱਦੇ ਜਾਂਦੇ ਨੇ।

ਗੁਰੂ ਸਾਹਿਬ ਕਿਤੇ ਘਰੋਂ ਬਾਹਰ ਚਲੇ ਗਏ ਹੋਏ ਸਨ। ਜਦੋਂ ਘਰ ਵਾਪਸ ਆਏ ਤਾਂ ਪੰਡਤ ਸੂਤਕ ਹਟਾਣ ਦੀ ਰਸਮ ਦਾ ਸਾਰਾ ਸਾਮਾਨ ਲੈ ਕੇ ਘਰ 'ਚ ਬੈਠਾ ਹੋਇਆ ਸੀ। ਗੁਰੂ ਸਾਹਿਬ ਨੇ ਪੁੱਛਿਆ, 'ਪੰਡਤ ਜੀ, ਤੁਸਾਂ ਕਿਵੇਂ ਦਰਸ਼ਨ ਦਿੱਤੇ ਨੇ ?' ਪੰਡਤ ਹੋਰਾਂ ਕਿਹਾ, "ਜਿਸ ਘਰ ਬੱਚਾ ਜਨਮ ਲੈ ਉਹ ਸਾਰਾ ਘਰ, ਘਰ ਦੇ ਜੀ ਅਤੇ ਵਿਸ਼ੇਸ਼ ਕਰਕੇ ਜਣੇਂਦੀ, ਸਭ ਅਪਵਿੱਤਰ



Digitized by Panjab Digital Library | www.panjabdigilib.org

ਹੋ ਜਾਂਦੇ ਨੇ। ਜਿੰਨਾ ਚਿਰ ਸ਼ਾਸਤਰਾਂ ਦੇ ਮੰਤਰ ਪੜ੍ਹ ਕੇ ਤੇ ਹਵਨ ਆਦਿ ਕਰਕੇ ਸੂਤਕ ਜਾਂ ਅਪਵਿੱਤਰਤਾ ਦੂਰ ਨ ਕੀਤੇ ਜਾਣ, ਸਾਰੇ ਜੀ ਤੇ ਘਰ ਅਛੂਤ ਸਮਝੇ ਜਾਂਦੇ ਨੇ। ਮੈਂ ਇਸ ਲਈ ਆਇਆ ਹਾਂ।'' ਏਥੇ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਆਮ ਤੌਰ ਤੇ ਏਸੇ ਦਿਨ ਹੀ ਬੱਚੇ ਨੂੰ ਗਾਂ ਦੇ ਗੋਹੇ, ਮੂਤਰ, ਦੁਧ, ਦਹੀਂ ਤੇ ਮੱਖਣ ਆਦਿ ਨੂੰ ਰਲਾ ਕੇ ਬ੍ਰਾਹਮਣ ਪੰਚ-ਅੰਮ੍ਰਿਤ ਤਿਆਰ ਕਰਕੇ ਬੱਚੇ ਦੇ ਮੂੰਹ ਵਿੱਚ ਪਾਂਦਾ ਹੈ ਤਾ ਕਿ ਗਾਂ ਦਾ ਗੋਹਿਆ-ਮੂਤਰ ਖਾ ਪੀ ਕੇ ਬੱਚਾ ਪਵਿੱਤਰ ਹੋ ਜਾਏ ਤੇ ਨਾਲੇ ਹਿੰਦੂ ਧਰਮ ਵਿੱਚ ਪਰਵੇਸ਼ ਕਰ ਲਵੇ।

ਗੁਰੂ ਸਾਹਿਬ ਇਸ ਬ੍ਰਾਹਮਣਵਾਦ ਦੇ ਬੜੇ ਵਿਰੁੱਧ ਸਨ ਕਿ ਕਮਾਲ ਦੀ ਗੱਲ ਹੈ ਕਿ ਇਸ ਹਿੰਦੁਸਤਾਨ ਦੇ ਕਰੋੜਾਂ ਲੋਕਾਂ ਨੂੰ ਤਾਂ ਹਿੰਦੂ ਛੂਹਣ ਜਾਂ ਉਹਨਾਂ ਹੱਥੋਂ ਖਾਣ-ਪੀਣ ਤਾਂ ਇੱਕ ਪਾਸੇ ਉਹਨਾਂ ਦੇ ਪਰਛਾਵੇਂ ਤੋਂ ਵੀ ਦੂਰ ਰਹਿੰਦੇ ਨੇ ਤਾ ਕਿ ਭਿੱਟ ਨ ਜਾਣ ਪਰ ਗਾਂ ਦਾ ਗੋਹਿਆ ਖਾਣ ਅਤੇ ਮੂਤਰ ਪੀਣ ਨੂੰ ਵੀ ਪਵਿੱਤਰਤਾ ਦੀ ਧਾਰਮਕ ਪਦਵੀ ਦੇਂਦੇ ਨੇ। ਉਹ ਇਹ ਵੀ ਸਮਝਦੇ ਸਨ ਕਿ ਮਨੁੱਖ ਆਪਣੇ ਜੀਵਨ 'ਚੋਂ ਅਸਲੀ ਅਪਵਿੱਤਰਤਾ ਤਾਂ ਦੂਰ ਨਹੀਂ ਕਰਦਾ ਪਰ ਉੱਤਲੀ ਤੇ ਵਖਾਲੇ ਦੀ ਪੂੰਝਾ-ਪਾਂਝੀ ਤੇ ਸ਼ੀਸ਼ਾ-ਬਾਸ਼ੀ ਨਾਲ ਹੀ ਪਵਿੱਤਰ ਹੋ ਜਾਣ ਦਾ ਦਾਅਵਾ ਕਰਦਾ ਹੈ। ਇਸ ਲਈ ਪੰਡਤ ਨੂੰ ਕਿਹਾ ਕਿ ਸਾਡੇ ਘਰ ਇਹੋ ਜਿਹੇ ਸੂਤਕ ਆਦਿ ਨੂੰ ਖਾਣ-ਪੀਣ ਦੇ ਢੰਗਾਂ ਦੇ ਕਰਮ-ਕਾਂਡ ਕਰਨ ਦਾ ਕੋਈ ਮਤਲਬ ਨਹੀਂ। ਤੁਸੀਂ ਕਿਰਪਾ ਕਰਕੇ ਚਲੇ ਜਾਉ ਤੇ ਨਾਲੇ ਭਲਾ ਦੱਸੋ ਕਿ ਜੇ ਜੀਆਂ ਦੀ ਹੋਂਦ, ਜਨਮ ਤੇ ਮਰਨ ਹੀ ਸੂਤਕ ਦਾ ਕਾਰਨ ਹੈ ਤਾਂ ਤੁਸੀਂ ਸੂਤਕ ਕੱਢ ਹੀ ਕਿਵੇਂ ਸਕਦੇ ਹੋ ? ਇਸ ਤਰ੍ਹਾਂ ਤਾਂ ਮਨੁੱਖ ਦੇ ਖਾਣ-ਪੀਣ, ਰਹਿਣ-ਬਹਿਣ, ਸਾਰੀ ਜ਼ਿੰਦਗੀ ਮੌਤ ਦੇ ਦੁਆਲੇ ਸੂਤਕ ਹੀ ਚੰਬੜਿਆ ਹੋਇਆ ਹੈ। ਪੰਡਤ ਨੇ ਵੀ ਅੱਗੋਂ ਚੰਗੀ ਤਰ੍ਹਾਂ ਬਹਿਸ ਕੀਤੀ ਤੇ ਕਿਹਾ ਕਿ ਭਲਾ ਜਨਮ ਮਰਨ ਤਾਂ ਹੋਇਆ ਹੋਰ ਸੂਤਕ ਕਿਸ ਤਰ੍ਹਾਂ ਹੋ ਸਕਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਲਕੜੀ ਅਤੇ ਗੋਹੇ ਨੂੰ ਅਸੀਂ ਬਾਲਦੇ ਹਾਂ। ਇਹਨਾਂ ਵਿਚ ਵੀ ਜੀਵ ਹਨ। ਪਾਣੀ ਪੀਂਦੇ ਤੇ ਕਈ ਕੰਮਾਂ ਲਈ ਉਬਾਲਦੇ ਵੀ ਹਾਂ। ਇਸ ਵਿੱਚ ਵੀ ਜੀਵ ਹਨ। ਏਸੇ ਤਰ੍ਹਾਂ ਹੀ ਅੰਨ ਤੇ ਦਾਣਿਆਂ ਵਿਚ ਵੀ ਜੀਵ ਹਨ। ਜੋ ਅਸੀਂ ਕੁੱਟਦੇ, ਛੜਦੇ, ਛਾਣਦੇ ਤੇ ਪੀਹ ਪਕਾ ਕੇ ਖਾਂਦੇ ਹਾਂ। ਇਸ ਤਰ੍ਹਾਂ ਤਾਂ ਧੱਕੇ ਨਾਲ ਸੂਤਕ ਸਾਡੇ ਚੌਂਕੇ-ਚੁਲ੍ਹੇ ਜਾਂ ਰਸੋਈ ਤੇ ਖ਼ੁਰਾਕ ਵਿੱਚ ਸ਼ਾਮਲ ਹੈ। ਸੂਤਕ ਤਾਂ ਸੱਚੇ ਗਿਆਨ ਨਾਲ ਹੀ ਉਤਰਦਾ ਹੈ, ਕਰਮ-ਕਾਂਡ ਨਾਲ ਨਹੀਂ ਉਤਰ ਸਕਦਾ। ਇਸ ਦੀ ਪੱਕੀ ਪੁਸ਼ਟੀ ਲਈ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਲਿਖਿਆ ਹੈ :—

ਜੇਕਰਿ ਸੂਤਕਿ ਮੰਨੀਐ ਸਭ ਤੇ ਸੂਤਕਿ ਹੋਇ।
ਗੋਹੇ ਅਤੇ ਲਕੜੀ ਅੰਦਰ ਕੀੜਾ ਹੋਇ।
ਜੇ ਤੇ ਦਾਣੇ ਅੰਨ ਦੇ ਜੀਆ ਬਾਝੁ ਨ ਕੋਇ।
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ।
ਸੂਤਕ ਕਿਉ ਕਰ ਰਖੀਐ ਸੂਤਕੁ ਪਵੈ ਰਸੋਇ।
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ।



Digitized by Panjab Digital Library | www.panjabdigilib.org

ਪੰਡਤ ਨੂੰ ਗੁਰੂ ਸਾਹਿਬ ਦੀ ਗੱਲ ਸੁਣੀ ਤਾਂ ਥਾਂ ਸਿਰ ਪਰ ਬ੍ਰਾਹਮਣ ਆਪਣੀ ਰੋਜ਼ੀ ਕਮਾਣ ਦੇ ਢੰਗ ਤੇ ਧਾਰਮਕ ਰਹੁਰੀਤੀ ਬਾਰੇ ਹੋਰ ਬਹਿਸ ਕਰਨਾ ਚਾਹੁੰਦਾ ਸੀ ਤਾਂ ਕਿ ਉਹ ਕਿਸੇ ਨ ਕਿਸੇ ਤਰ੍ਹਾਂ ਨਾਨਕ ਨੂੰ ਪਤਿਆ ਲਵੇ। ਪੰਡਤ ਨੇ ਕਿਹਾ, "ਭਲਾ ਸੂਤਕ ਬਾਰੇ ਸਾਡੇ ਵੇਦ ਸ਼ਾਸਤਰ ਗ਼ਲਤੀ ਵਿੱਚ ਹੀ ਹਨ ? ਭਲਾ ਸੂਤਕ ਹੈ ਹੀ ਨ ?" ਗੁਰੂ ਸਾਹਿਬ ਨੇ ਕਿਹਾ, "ਜਿਸ ਤਰ੍ਹਾਂ ਦਾ ਸੂਤਕ ਤੁਸਾਂ ਬਣਾਇਆ ਹੋਇਆ ਹੈ, ਮੈਂ ਇਸ ਨੂੰ ਨਹੀਂ ਮੰਨਦਾ। ਸੂਤਕ ਦਾ ਭਾਵ ਹੈ ਅਪਵਿੱਤਰਤਾ ਅਤੇ ਮਨੁੱਖ ਦੀਆਂ ਆਪਣੀਆਂ ਇੰਦਰੀਆਂ ਦੇ ਕੁਕਰਮਾਂ ਦਾ ਹੈ ਜਿਸ ਨੂੰ ਉਹ ਦੂਰ ਕਰਨ ਦੀ ਕੋਸ਼ਿਸ਼ ਹੀ ਨਹੀਂ ਕਰਦਾ।" ਇਸ ਬਾਰੇ ਗੁਰੂ ਸਾਹਿਬ ਨੇ ਆਸਾ ਦੀ ਵਾਰ ਵਿੱਚ ਕਿਹਾ ਹੈ :—

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ।
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ।
ਕੰਨੀ ਸੂਤਕੁ ਕੰਨ ਪੈ ਲਾਇ ਤਬਾਰੀ ਖਾਹਿ।
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ।

ਉਤਲੀਆਂ ਪੰਗਤੀਆਂ ਤੋਂ ਅੱਗੇ ਉਹਨਾਂ ਨੇ ਬਹਿਸ ਦਾ ਦਲੀਲ ਨਾਲ ਖ਼ਾਤਮਾ ਕਰ ਦਿੱਤਾ :—

ਸਭੋ ਸੂਤਕ ਭਰਮੁ ਹੈ ਦੂਜੈ ਲਗੈ ਜਾਇ।
ਜਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ।
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾਂ ਸੂਤਕੁ ਨਾਹਿ।

ਇਹ ਸਭ ਕੁਝ ਸੁਣ ਤੇ ਸਮਝ ਕੇ ਬ੍ਰਾਹਮਣ ਆਪਣੇ ਘਰ ਚਲਾ ਗਿਆ। ਗੁਰੂ ਸਾਹਿਬ ਨੇ ਜੰਞੂ ਵਾਂਗੂ ਸੂਤਕ ਦੇ ਵਹਿਮ ਤੇ ਕਰਮ-ਕਾਂਡ ਦੀ ਵੀ ਇਸ ਤਰ੍ਹਾਂ ਖੰਡਤਾ ਕੀਤੀ।

ਗੁਰੂ ਸਾਹਿਬ ਅੰਦਰੋਂ-ਅੰਦਰੀਂ ਆਪਣੀ ਜ਼ਿੰਦਗੀ ਦੇ ਅਸਲੀ ਫਰਜ਼ ਨੂੰ ਨਿਭਾਣ ਦੇ ਸਮੇਂ ਤੇ ਢੰਗ ਬਾਰੇ ਸੋਚਦੇ ਰਹਿੰਦੇ। ਆਪਣੀ ਨੌਕਰੀ ਅਤੇ ਘਰ ਦਾ ਹੋਰ ਕੰਮ-ਕਾਜ ਵੀ ਧਿਆਨ ਨਾਲ ਚਲਾਈ ਜਾਂਦੇ। ਫਰਵਰੀ, ੧੪੯੭ ਈਸਵੀ ਵਿੱਚ ਉਹਨਾਂ ਦੇ ਘਰ ਛੋਟੇ ਪੁੱਤਰ ਲਖਮੀ ਚੰਦ ਦਾ ਜਨਮ ਹੋਇਆ।

ਸਮਾਂ ਬੀਤਦਾ ਗਿਆ। ਗੁਰੂ ਨਾਨਕ ਦਾ ਪ੍ਰਭਾਵ ਲੋਕਾਂ ਤੇ ਦਿਨੋਂ ਦਿਨੀਂ ਵੱਧਦਾ ਹੀ ਗਿਆ। ੧੪੯੯ ਈਸਵੀ ਦਾ ਸਾਲ ਚੜ੍ਹ ਗਿਆ। ਉਹਨਾਂ ਦੀ ਉਮਰ ਕੋਈ ਤੀਹ ਸਾਲ ਦੀ ਹੋ ਗਈ। ਉਨ੍ਹਾਂ ਬਚਪਨ ਤੋਂ ਲੈ ਕੇ ਭਰ ਜਵਾਨੀ ਤੱਕ ਜ਼ਿੰਦਗੀ ਨੂੰ ਹਰ ਪੱਖ ਤੋਂ ਜੀਉਣ ਤੇ ਮਾਣ ਕੇ ਇਸ ਦਾ ਅਸਲੀ ਤਜਰਬਾ ਅਤੇ ਵਿਸ਼ਾਲ ਗਿਆਨ ਹਾਸਲ ਕਰ ਲਿਆ ਸੀ। ਹੁਣ ਉਹਨਾਂ ਦੇ ਅਸਲੀ ਫਰਜ਼ ਦੀ ਅਦਾਇਗੀ ਦੇ ਆਰੰਭ ਦਾ ਕੁਝ ਸਮਾਂ ਆ ਚੁੱਕਾ ਸੀ ਜਿਸ ਦਾ ਨਾਅਰਾ ਉਹਨਾਂ ਅਗਲੇ ਕਾਂਡੇ ਦੇ ਪੰਜਾਂ ਲਫ਼ਜ਼ਾਂ ਵਿੱਚ ਲਾਇਆ।

— — — —



Digitized by Panjab Digital Library | www.panjabdigilib.org

ਕਾਂਡ ਤੀਜਾ

# "ਨਾ ਕੋਈ ਹਿੰਦੂ ਨਾ ਮੁਸਲਮਾਨ" ਸਿੱਖ ਧਰਮ ਦਾ ਮੁੱਢ ਤੇ ਮਨੋਰਥ

ਹੁਣ ਗੁਰੂ ਨਾਨਕ ਸਾਹਿਬ ਦੀ ਤਕਰੀਬਨ ਉਹ ਉਮਰ ਹੀ ਸੀ ਜਿਸ ਉਮਰ ਵਿਚ ਮਹਾਤਮਾ ਬੁੱਧ ਆਪਣੇ ਮਾਪੇ, ਮੱਹਲ, ਰਾਜਭਾਗ, ਪਤਨੀ ਤੇ ਪੁੱਤਰ ਦਾ ਤਿਆਗ ਕਰਕੇ ਬਾਹਰ ਜੰਗਲ ਨੂੰ ਜਾਂ ਗੁਰੂ ਦੀ ਭਾਲ ਵਿਚ ਟੁਰਿਆ ਸੀ ਤਾਕਿ ਉਸ ਨੂੰ ਸੱਚੇ ਗਿਆਨ ਦੀ ਪਰਾਪਤੀ ਹੋਵੇ ਜਿਸ ਦੇ ਰਾਹੀਂ ਉਹ ਮੁਕਤੀ ਜਾਂ ਨਿਰਵਾਨ ਦੀ ਪੌੜੀ ਤੇ ਚੜ੍ਹ ਜਾਵੇ। ਇਹ ਬਿਲਕੁਲ ਉਹ ਉਮਰ ਹੀ ਸੀ ਜਦੋਂ ਹਜ਼ਰਤ ਮਸੀਹ ਨੂੰ ਉਸਦੀ ਆਪਣੀ ਯਹੂਦੀ ਕੌਮ ਦੇ ਲੋਕਾਂ ਨੇ ਹੀ ਫਾਂਸੀ ਦਿਤੀ ਸੀ। ਇਸ ਵਕਤ ਗੁਰੂ ਨਾਨਕ ਜੀ ਦੀ ਤਕਰੀਬਨ ਉਹੀ ਉਮਰ ਸੀ ਜਿਸ ਉਮਰ ਵਿਚ ਗੁਰੂ ਨਾਨਕ ਨੇ ਗੁਰੂ ਗੋਬਿੰਦ ਸਿੰਘ ਬਣਕੇ ਖ਼ਾਲਸਾ ਪੰਥ ਸਾਜਿਆ ਸੀ। ਮੇਰਾ ਭਾਵ, ੧੪੯੯ ਈਸਵੀ ਵਿਚ ਉਹਨਾਂ ਬੜਾ ਨਿਰਾਲਾ, ਨਿਆਰਾ ਤੇ ਨਿਡਰ ਨਾਅਰਾ ਲਾ ਕੇ ਇਕ ਨਵੇਂ ਧਰਮ ਦੀ ਨੀਂਹ ਰੱਖੀ ਤੇ ੧੬੯੯ ਈਸਵੀ ਵਿਚ ਉਸ ਧਰਮ ਤੇ ਧਰਮ ਨੂੰ ਮੰਨਣ ਵਾਲਿਆਂ ਦੀ ਜੀਵਨ-ਜਾਚ ਦਾ ਸਿੱਟਾ ਅੰਮ੍ਰਿਤ ਤਿਆਰ ਕਰਕੇ ਖ਼ਾਲਸਾ ਪੰਥ ਸਜਾ ਕੇ ਕਢਿਆ।

ਹੁਣ ਨਾਨਕ ਨੂੰ ਆਪਣੇ ਅੰਦਰੋਂ ਵਾਰ ਵਾਰ ਅਵਾਜ਼ ਆਂਦੀ ਸੀ ਕਿ ਉਹ ਆਪਣੇ ਅਸਲੀ ਫਰਜ਼ ਦੀ ਪੂਰਤੀ ਦਾ ਕੰਮ ਆਰੰਭੇ। ਨੌਕਰੀ ਤੇ ਘਰ ਦੇ ਧੰਧਿਆਂ ਨੂੰ ਨਿਭਾਂਦਾ ਹੋਇਆ ਵੀ ਨਾਨਕ ਪਹਿਰ ਰਾਤ ਰਹਿੰਦੀ ਉਠਦਾ, ਵੇਈਂ ਨਦੀ ਤੇ ਨਹਾਉਂਦਾ ਤੇ ਫਿਰ ਰਬ ਦੀ ਇਬਾਦਤ ਵਿਚ ਇਕਾਗਰ ਹੋ ਕੇ ਨਦੀ ਦੇ ਕੰਢੇ ਚੌਂਕੜੀ ਮਾਰ ਕੇ ਬਹਿ ਜਾਂਦਾ ਤੇ ਦਿਨ ਚੜ੍ਹੇ ਤੋਂ ਪਹਿਲਾਂ ਘਰ ਆ ਜਾਂਦਾ। ਇਕ ਦਿਨ ਸਵੇਰੇ ਨਦੀ ਤੇ ਇਸ਼ਨਾਨ ਕਰਨ ਗਿਆ ਉਹਨਾਂ ਦਾ ਸੇਵਾਦਾਰ ਕਪੜਿਆਂ ਕੋਲ ਬਹਿ ਗਿਆ ਤੇ ਬੈਠਾ ਬੈਠਾ ਹੁੰਗਲਾ ਗਿਆ। ਗੁਰੂ ਸਾਹਿਬ ਨਹਾਉਂਦੇ ਤੇ ਤਰਦੇ ਤਰਦੇ ਦੂਰ ਚਲੇ ਗਏ ਤੇ ਅਖ਼ੀਰ ਨਦੀ 'ਚੋਂ ਨਿਕਲ ਕੇ ਸੰਘਣੇ ਬੇਲੇ ਦੀ ਕਿਸੇ ਖਾਸ ਲੁਕਵੀਂ ਥਾਂ ਤੇ ਜਾ ਬੈਠੇ ਜਿਥੇ ਉਹ ਦੁਨੀਆਂ ਦੇ ਸ਼ੋਰ-ਸ਼ਰਾਬੇ, ਸਵਾਲ-ਜਵਾਬ, ਏਤਰਾਜ਼ ਤੇ ਅਰਜ਼, ਸਲਾਹ-ਸੁਹਾਂਜੀ ਤੇ ਪਰੇਰਨਾ, ਦੁਨੀਆਵੀ ਭਉ, ਸਭ ਤੋਂ ਅਪਹੁੰਚ ਤੇ ਓਹਲੇ ਬਹਿ ਕੇ ਆਪਣੇ ਆਉਣ ਵਾਲੇ ਸੱਚ ਦੇ ਸੁਨੇਹੇ ਨੂੰ ਪੁਚਾਣ ਵਾਲੇ ਸਫਰਾਂ ਅਤੇ ਲੋਕਤਾ ਦੇ ਲੱਛਣਾਂ ਬਾਰੇ ਸੋਚਣ ਲਗੇ। ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਨਾਨਕ ਕਿਥੇ ਹੈ?

ਸੇਵਾਦਾਰ ਕਪੜਿਆਂ ਦੇ ਕੋਲ ਬੈਠਿਆਂ ਹੁੰਗਲਾਟ 'ਚੋਂ ਜਾਗਿਆ ਤਾਂ ਕੀ ਵੇਖਦਾ ਹੈ



Digitized by Panjab Digital Library | www.panjabdigilib.org

ਕਿ ਨਾਨਕ ਦੂਰ ਨੇੜੇ ਕਿਤੇ ਨਜ਼ਰ ਨਹੀਂ ਆਉਂਦਾ। ਉਹ ਘਬਰਾ ਗਿਆ ਤੇ ਵੇਂਈ ਦੇ ਕੰਢੇ ਤੇ ਪਾਣੀ 'ਚ ਪੱਬ ਡੋਬਕੇ ਜਾ ਖਲੋਤਾ ਉਸ ਨੇ ਆਂਦੇ-ਜਾਂਦੇ ਪਾਣੀ ਦੇ ਦੋਹੀਂ ਪਾਸੀਂ ਸੂਈ ਲੱਭਣ ਵਾਲੀ ਨਿਗ੍ਹਾ ਨਾਲ ਪਾਣੀ ਦੇ ਵਿਚ, ਕੰਢਿਆ ਦੇ ਨਾਲ ਨਾਲ ਤੇ ਪਾਸਿਆਂ ਤੇ ਵੇਖਿਆ ਪਰ ਨਾਨਕ ਕਿਤੇ ਨਜ਼ਰ ਨਾ ਆਇਆ। ਉਹ ਕਾਫ਼ੀ ਦੇਰ ਉੱਚੀ ਉੱਚੀ ਨਾਨਕ, ਨਾਨਕ ਕੂਕਦਾ ਏਧਰ ਉਧਰ ਭੱਜਾ ਫਿਰਿਆ ਪਰ ਨਾਨਕ ਨਿਰੰਕਾਰੀ ਛਾਈਂ-ਮਾਈਂ ਹੀ ਹੋ ਗਿਆ।

ਚੰਗਾ ਛਾਹ ਵੇਲਾ ਹੋ ਗਿਆ ਪਰ ਨ ਨਾਨਕ ਤੇ ਨ ਹੀ ਸੇਵਾਦਾਰ ਘਰ ਪਰਤਿਆ। ਘਰ ਦੇ ਬੜੀ ਚਿੰਤਾ ਵਿਚ ਪੈ ਗਏ ਕਿਉਂਕਿ ਅੱਗੇ ਤੇ ਰੋਜ਼ ਨਾਨਕ ਦਿਨ ਚੜ੍ਹੇ ਤੋਂ ਪਹਿਲਾਂ ਵੇਂਈ ਤੋਂ ਵਪਾਸ ਆ ਕੇ ਮੱਖਣ ਦਾ ਪੇੜਾ, ਗਰਮ ਗਰਮ ਪਰੌਂਠੇ ਨਾਲ ਖਾ ਕੇ, ਉਤੋਂ ਲੱਸੀ ਦਾ ਛੰਨਾ ਪੀ ਲੈਂਦਾ ਸੀ। ਘਰ ਦੇ ਉਡੀਕ ਵਿਚ ਹੀ ਸਨ ਕਿ ਸੇਵਾਦਾਰ ਘਬਰਾਇਆ ਹੋਇਆ ਭੱਜਦਾ ਭੱਜਦਾ, ਸਾਹ ਚੜ੍ਹੇ ਹੋਏ ਨਾਲ ਘਰ ਆਇਆ ਤੇ ਸਾਰੀ ਗੱਲ ਦੱਸੀ। ਸਾਰੇ ਸ਼ਹਿਰ ਵਿਚ ਹਾਹਾਕਾਰ ਮੱਚ ਗਈ ਕਿ ਨਾਨਕ ਮੋਦੀ ਵੇਂਈ ਵਿਚ ਡੁੱਬ ਗਿਆ ਹੈ। ਘਰ ਵਿਚ ਵਰਲਾਪ ਪੈ ਗਿਆ। ਸ਼ਹਿਰ ਦੇ ਕਈ ਲੋਕ ਵੇਂਈ ਵਲ ਨੂੰ ਭੱਜੇ, ਤਾਰੂ, ਅਣਤਾਰੂ ਤੇ ਮਲਾਹ ਸਭ ਨੇ ਵੇਂਈ ਦੇ ਪਾਣੀ ਦੇ ਮੀਲਾਂ ਦੇ ਮੀਲ ਗਾਹ ਛੱਡੇ ਪਰ ਨਾਨਕ ਨ ਲੱਭਾ। ਸਾਰੇ ਹੈਰਾਨ ਸਨ ਪਰ ਨਾਨਕ ਦੇ ਡੁੱਬ ਜਾਣ ਬਾਰੇ ਪੱਕਾ ਖਿਆਲ ਬਣਾ ਬੈਠੇ। ਜੇ ਇਕ ਨਹੀਂ ਸੀ ਤਾਂ ਭੈਣ ਨਾਨਕੀ ਦਾ ਮਨ ਨਹੀਂ ਸੀ ਮੰਨਦਾ। ਉਹ ਆਖਦੀ ਸੀ ਕਦੀ ਇਹ ਗੱਲ ਹੋ ਸਕਦੀ ਹੈ? ਮੇਰਾ ਨਾਨਕ ਵੀਰ ਤੇ ਪਾਪਾਂ ਵਿਚ ਡੁੱਬਦੀ ਦੁਨੀਆਂ ਨੂੰ ਤਾਰਨ ਆਇਆ ਹੈ। ਭਲਾ ਉਹ ਆਪ ਕਿਵੇਂ ਡੁੱਬ ਸਕਦਾ ਹੈ?

ਤਿੰਨ ਦਿਨ ਇਸ ਚਰਚੇ ਤੇ ਅਚੰਭੇ ਨੇ ਸੁਲਤਾਨਪੁਰ ਤੇ ਆਲੇ ਦੁਆਲੇ ਦੇ ਪਿੰਡਾਂ ਨੂੰ ਪਰੇਸ਼ਾਨ ਕੀਤੀ ਰਖਿਆ। ਹਾਂ, ਇਕ ਗੱਲ ਦਾ ਖਿਆਲ ਰੱਖਿਆ ਗਿਆ ਕਿ ਇਹ ਦੁੱਖਦਾਇਕ ਖ਼ਬਰ ਅਜੇ ਤਲਵੰਡੀ ਨ ਪੁਚਾਈ ਜਾਏ ਤਾਕਿ ਪਹਿਲਾਂ ਪੰਜ ਸੱਤ ਦਿਨ ਹੋਰ ਵੇਖਕੇ ਇਸ ਘਟਨਾ ਦੀ ਪਕਿੱਤ ਕਰ ਲਈਏ।

ਨਾਨਕ ਆਪਣੀ ਭਗਤੀ ਦੀ ਸ਼ਕਤੀ ਦੀ ਮਸਤੀ ਵਿੱਚ ਮਸਤ ਤਿੰਨ ਦਿਨ ਬੇਲੇ ਦੀ ਕਿਸੇ ਗੁੱਝੀ ਝੰਗੀ ਵਿੱਚ ਬੈਠਾ ਰਿਹਾ ਤੇ ਚੌਥੇ ਦਿਨ ਸਵੇਰੇ ਹੀ ਮੱਸਤੀ ਵਿੱਚ ਝੂਮਦਾ ਘਰ ਆ ਵੜਿਆ। ਲੋਕਾਂ ਲਈ ਨਾਨਕ ਨੂੰ ਦੋਬਾਰਾ ਜਿਉਂਦਾ ਜਾਗਦਾ ਵੇਖਣਾ ਅਚੰਭਾ ਜਾਂ ਸੁਪਨਾ ਸੀ। ਇਸ ਤੋਂ ਪਹਿਲਾਂ ਤਾਂ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਦਾ ਦੁਲਾਰਾ ਤੇ ਭੈਣ ਨਾਨਕੀ ਦਾ ਛੋਟਾ ਵੀਰ 'ਨਾਨਕ' ਸੀ ਪਰ ਅੱਜ ਉਹ ਸਮਾਂ ਆ ਗਿਆ, ਜਦੋਂ ਪਹਿਚਾਣ ਵਾਲੀਆਂ ਅੱਖਾਂ ਤੇ ਕਮਾਈ ਵਾਲੀਆਂ ਆਤਮਾਵਾਂ ਨੂੰ ਉਹ, 'ਗੁਰੂ ਨਾਨਕ' ਨਜ਼ਰ ਆਉਣ ਲੱਗਾ। ਸੱਚ ਤੇ ਇਹ ਹੈ ਕਿ ਨਾਨਕ ਦੀ ਨਜ਼ਰ ਵਿਚ ਅੱਜ ਅਸਰ ਹੀ ਅਨੋਖਾ ਸੀ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਸੰਸਾਰ-ਸੁਧਾਰਕ ਗੁਰੂ ਨਾਨਕ ਤਿੰਨ ਦਿਨ ਕਿਸੇ ਅਰਸ਼ੀ ਤੇ ਅੰਮ੍ਰਿਤ ਦੇ ਭਰੇ ਕੁੰਡ ਵਿੱਚ ਟੁੱਬੀ ਮਾਰ ਕੇ ਬੈਠਾ ਰਿਹਾ ਹੈ। ਅੱਤ ਸ਼ਰਧਾ ਵਾਲੇ ਸ਼ਰਧਾਲੂਆਂ ਤਾਂ ਇਹੀ ਕਿਹਾ ਕਿ ਨਾਨਕ ਤਿੰਨ ਦਿਨ ਵੇਂਈ ਵਿੱਚ ਡੁੱਬਾ ਰਿਹਾ ਤੇ ਰੱਬ ਦੀ ਦਰਗਾਹੋਂ ਹੋ ਕੇ ਮੁੜਿਆ ਹੈ।



Digitized by Panjab Digital Library | www.panjabdigilib.org

ਪਹਿਲੀ ਚਰਚਾ ਨਾਨਕ ਦੇ ਡੁੱਬ ਜਾਣ ਦੀ ਸੀ ਪਰ ਨਾਨਕ ਦੇ ਆਪੇ ਘਰ ਆ ਜਾਣ ਦੀ ਚਰਚਾ ਤੇ ਪਹਿਲੀ ਨਾਲੋਂ ਵੀ ਬਹੁਤ ਜ਼ਿਆਦਾ ਅਨੋਖੀ ਸੀ । ਭੈਣ ਨਾਨਕੀ ਸਭ ਨੂੰ ਆਖਦੀ ਕਿ ਮੇਰਾ ਵੀਰ ਕੋਈ ਨਿਰਾਲਾ ਕੌਤਕ ਰੱਚ ਰਿਹਾ ਹੈ । ਗੱਲ ਵੀ ਸੱਚੀ ਸੀ । ਨਾਨਕ ਤਿੰਨ ਦਿਨ ਭੁੱਖਾ ਭਾਣਾ ਇਕਾਂਤ ਵਿੱਚ ਬਹਿਕੇ ਇੱਕ ਨਵੇਂ ਧਰਮ, ਨਵੀਂ ਵੀਚਾਰਧਾਰਾ ਨੂੰ ਅਮਲੀ ਜਾਮਾ ਪਾਣ ਦਾ ਆਪਨੇ ਆਪ ਨਾਲ ਫ਼ੈਸਲਾ ਕਰਦਾ ਰਿਹਾ ਸੀ । ਨਵੀਂ ਵਿਚਾਰਧਾਰਾ ਨੇ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਦੀਆਂ ਕੁਰੀਤੀਆਂ, ਕੁਕਰਮਾਂ, ਕੁਰਾਹਾਂ, ਕੁਰਸਮਾਂ, ਕਪਟਾਂ ਤੇ ਹੋਰ ਸਾਰੀਆਂ ਕੁਲਹਿਣੀਆਂ ਕਰਤੂਤਾਂ ਦੀ ਨਿੰਦਿਆ ਤੇ ਨਖੇਧੀ ਕਰਨੀ ਸੀ । ਚਹੁੰ ਵਰਣਾਂ ਵਿੱਚ ਵੰਡੇ ਹੋਏ ਹਿੰਦੂ ਧਰਮ ਦੀ ਥਾਂ ਇੱਕ ਵਰਣ ਵਾਲਾ ਨਵਾਂ ਧਰਮ ਚਲਾਣਾ ਸੀ । ਏਸੇ ਤਰ੍ਹਾਂ ਇਸਲਾਮ ਦੀ ਉੱਮਤ ਦੇ ਹੱਥ ਆਪਨੇ ਮਜ਼ੁਬ ਨੂੰ ਫੈਲਾਣ ਵਾਲੀ ਤਲਵਾਰ ਨੂੰ ਪਿਆਰ ਤੇ ਪਰੇਰਨਾ ਦਾ ਸਬਕ ਦੇਣਾ ਸੀ ਤੇ ਹਉਮੈ ਦੀ ਫੋਕੀ ਫੂੰ ਫਾਂ ਨੂੰ ਨਿਮਰਤਾ ਵਿੱਚ ਤਬਦੀਲ ਕਰਨਾ ਸੀ । ਇਹੀ ਵਜ੍ਹਾ ਹੈ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ :—

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਂਹਿ ਪਠਾਇਆ ।
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਇਆ ।
ਪਾਰ ਬ੍ਰਹਮ ਪੂਰਨ ਬ੍ਰਹਮ ਕਲਜੁਗ ਅੰਦਰ ਇੱਕ ਦਿਖਾਇਆ ।
ਚਾਰੇ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਇਆ ।
ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜੱਗ ਵਰਤਾਇਆ ।
ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਇਆ ।
ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹ ਮੰਤ੍ਰ ਸੁਣਾਇਆ ।
ਕਲਿ ਤਾਰਨ ਗੁਰ ਨਾਨਕ ਆਇਆ ।

ਨਾਨਕ ਘਰ ਆ ਗਿਆ ਪਰ ਖਿਲਕੁੱਲ ਖ਼ਾਮੋਸ਼ । ਸੁਲਤਾਨਪੁਰ ਦੇ ਆਮ ਲੋਕ ਕਹਿੰਦੇ ਸਨ ਕਿ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਨਾਨਕ ਰੱਬ ਦੀ ਦਰਗਾਹ 'ਚੋਂ ਹੋ ਕੇ ਆਇਆ ਹੈ । ਮੈਂ ਤੇ ਸਮਝਦਾ ਹਾਂ ਕਿ ਕਿਸੇ ਪਰਮ-ਮਨੁੱਖ ਦਾ ਕੋਈ ਜੁੱਗ-ਪਲਟਾਊ, ਪੱਬਾਂ ਭਾਰ ਖਲੋਤੇ ਅਟਲ ਇਰਾਦੇ ਨਾਲ ਫੈਸਲਾ ਕਰ ਲੈਣਾ ਰੱਬ ਦੀ ਦਰਗਾਹ ਜਾਂ ਦਰਬਾਰ ਵਿੱਚ ਪੁੱਜਣ ਤੋਂ ਘੱਟ ਨਹੀਂ । ਸਾਰੀ ਵਿਥਿਆ ਸੁਣ-ਸੁਣਾ ਕੇ ਕੁਝ ਪੰਡਤ ਤੇ ਮੁੱਲਾਂ ਵੀ ਆ ਗਏ । ਉਹ ਵੀ ਕਹਿਣ "ਮੋਦੀ ਜੀ, ਕੀ ਗੱਲ ਹੈ, ਤੁਸੀਂ ਤਿੰਨ ਦਿਨ ਕਿੱਥੇ ਰਹੇ ਹੋ ? ਕੁਝ ਤੇ ਦੱਸੋ ।"

ਅਖ਼ੀਰ ਨਾਨਕ ਨੇ ਰੱਬੀ ਨਸ਼ੇ ਵਿੱਚ ਭਿੰਨੇ ਮੋਟੇ ਮੋਟੇ ਨੈਣਾਂ ਨੂੰ ਪੂਰਾ ਖੋਲ੍ਹ ਕੇ ਲੋਕਾਂ ਵੱਲ ਵੇਖਿਆ ਤੇ ਹਾਉਕਾ ਭਰ ਕੇ ਖੜੀ ਗੰਭੀਰਤਾ ਨਾਲ ਕਿਹਾ, "ਨ ਕੋਈ ਹਿੰਦੂ ਨ ਮੁਸਲਮਾਨ ।" ਮੁਸਲਮਾਨਾਂ ਦੇ ਮਜ਼ੁਬੀ ਜਨੂਨ ਤੇ ਜਬਰ ਦੀ ਹਕੂਮਤ ਸੀ । ਇਹ ਲਫ਼ਜ਼ ਏਅਲਾਨੀਆ ਕਹਿ ਦੇਣੇ, ਹਿੰਦੂਆਂ ਦੇ ਘਰ ਜੰਮੇ ਬੰਦੇ ਲਈ ਹਿੰਦੂਆਂ ਦੀ ਨਜ਼ਰ ਵਿੱਚ ਝੱਲ ਪਰ ਮੁਸਲਮਾਨਾਂ ਜਾਬਰਾਂ ਤੇ ਜਰਵਾਣਿਆਂ ਤੋਂ ਮੂੰਹੋਂ ਮੌਤ ਮੰਗਣ ਦੇ ਬਰਾਬਰ ਸੀ ।



Digitized by Panjab Digital Library | www.panjabdigilib.org

ਜੇ ਨਾਨਕ ਚੁੱਪ ਸੀ ਤਾਂ ਚੁੱਪ ਸੀ, ਪਰ ਹੁਣ ਤੇ ਉਹ ਵਾਰ ਵਾਰ ਤੇ ਪੁਕਾਰ ਪੁਕਾਰ ਕੇ ਆਖਦਾ ਸੀ, "ਨ ਕੋਈ ਹਿੰਦੂ ਨ ਮੁਸਲਮਾਨ ।" ਨਾਨਕ ਦੇ ਇਸ ਨਿਰਾਲੇ ਨਾਅਰੇ ਦੀ ਖ਼ਬਰ ਜੰਗਲ ਦੀ ਅੱਗ ਵਾਂਗੂੰ ਫੈਲ ਗਈ । ਨਵਾਬ ਦੌਲਤ ਖ਼ਾਂ ਲੋਧੀ ਕੋਲ ਜਾ ਕੇ ਮੁਲਾਂ-ਮੁਲਾਣਿਆਂ ਨੇ ਨਾਨਕ ਦੀ ਬੜੀ ਸਖ਼ਤ ਸ਼ਿਕਾਇਤ ਕੀਤੀ । ਨਾਨਕ ਦੇ ਇਸ ਨਾਅਰੇ ਨੂੰ ਬਿਨਾ ਸਮਝਿਆਂ ਮਜ਼ਬੀ ਮੱਟੀ ਵਿੱਚ ਡੋਬ ਕੇ ਤੇ ਮੁਤਅੱਸਬ ਦਾ ਰੰਗ ਚਾਹੜਕੇ ਨਵਾਬ ਦੇ ਪੇਸ਼ ਕੀਤਾ । ਨਵਾਬ ਸਭ ਕੁਝ ਸੁਣ ਕੇ ਸੜਿਆ ਤੇ ਗੁੱਸੇ ਨਾਲ ਅੱਗ ਦੇ ਅੰਗਿਆਰ ਵਾਂਗੂੰ ਭਖਿਆ । ਪੰਜਾਂ ਚਹੁੰ ਦਿਨਾਂ ਤੋਂ ਨਾਨਕ ਨੇ ਮੋਦੀਖ਼ਾਨੇ ਜਾ ਕੇ ਕੰਮ ਵੀ ਨਹੀਂ ਸੀ ਕੀਤਾ । ਨਾਨਕ ਨੂੰ ਨਵਾਬ ਨੇ ਸੱਦਿਆ ਤੇ ਪੁਛਿਆ, "ਨਾਨਕ, ਭਾਈ ਤੂੰ ਸੁਣਿਆ ਹੈ ਕੋਈ ਨਵਾਂ ਹੀ ਨਾਅਰਾ ਲਾਇਆ ਹੈ । ਮੈਨੂੰ ਵੀ ਦੱਸ ਕੀ ਆਖਦਾ ਏਂ ?" ਗੁਰੂ ਨਾਨਕ ਸਾਹਿਬ ਦਲੇਰੀ ਤੇ ਦ੍ਰਿੜ੍ਹਤਾ ਨਾਲ ਬੋਲੇ, "ਨ ਕੋਈ ਹਿੰਦੂ ਨ ਮੁਸਲਮਾਨ ।" ਇਹ ਲਫ਼ਜ਼ ਨਾਨਕ ਦੇ ਨਿਧੜਕ ਮੂੰਹੋਂ ਸੁਣਕੇ ਨਵਾਬ ਪਹਿਲਾਂ ਤੇ ਠਠੰਬਰ ਗਿਆ ਪਰ ਫਿਰ ਕਹਿਣ ਲੱਗਾ, "ਇਹ ਬਹੁਤ ਗ਼ਲਤ ਗੱਲ ਹੈ । ਹਿੰਦੂਆਂ ਬਾਰੇ ਮੈਂ ਕੀ ਆਖਾਂ, ਮੁਸਲਮਾਨ ਕਿਉਂ ਕੋਈ ਨਹੀਂ । ਮੈਂ ਖ਼ੁਦ ਬਾ-ਸ਼ਰੀਅਤ ਮੁਸਲਮਾਨ ਹਾਂ । ਅਸੀਂ ਪੰਜੇ ਵਕਤ ਨਮਾਜ਼ ਪੜ੍ਹਦੇ, ਰੋਜ਼ੇ ਰਖਦੇ, ਜ਼ਕਾਤ ਤੇ ਖ਼ੈਰਾਇਤ ਦੇਂਦੇ ਤੇ ਹੱਜ ਦੇ ਸਵਾਬ ਵਿੱਚ ਅਟੱਲ ਏਅਤਕਾਦ ਰਖਦੇ ਹਾਂ । ਫਿਰ ਤੂੰ ਕਿਵੇਂ ਕਹਿੰਦਾ ਹੈ ਕਿ ਮੁਸਲਮਾਨ ਹੈ ਹੀ ਕੋਈ ਨ ? ਤੂੰ ਸਾਰੇ ਮਜ਼ੑਬ ਦੇ ਵਿਤਕਰਿਆਂ ਤੋਂ ਆਜ਼ਾਦ ਹੋਣ ਦਾ ਦਾਅਵਾ ਕਰਦਾ ਹੋਵੇਂਗਾ, ਜੇ ਇਹ ਗੱਲ ਹੈ ਤਾਂ ਆ ਖਾਂ ਇਸ ਵਕਤ ਨਮਾਜ਼ ਦਾ ਵੇਲਾ ਹੈ, ਮੇਰੇ ਤੇ ਮੌਲਵੀਂ ਹੋਰਾਂ ਨਾਲ ਮਸੀਤੇ ਚਲ ਕੇ ਨਮਾਜ਼ ਪੜ੍ਹ ।"

ਗੁਰੂ ਨਾਨਕ ਸਾਹਿਬ ਨੇ ਕਿਹਾ, "ਠੀਕ ਹੈ । ਰੱਬ ਦੇ ਘਰ ਸੱਚੇ ਦਿਲੋਂ ਇਕਾਗਰ ਹੋ ਕੇ ਨਮਾਜ਼ ਪੜ੍ਹਨ ਜਾਂ ਹਾਜ਼ਰੀ ਭਰਨ ਦਾ ਕੀ ਹਰਜ ਹੈ ? ਚਲੋ ਨਵਾਬ ਸਾਹਿਬ ਮੈਂ ਹਾਜ਼ਰ ਹਾਂ ।" ਇਹ ਸਾਰੀ ਗੱਲ ਬਾਤ ਨਾਨਕ ਤੇ ਨਵਾਬ ਦੌਲਤ ਖ਼ਾਂ ਲੋਧੀ ਦੇ ਵਿਚਕਾਰ ਉਹਨਾਂ ਦੀ ਇਕੱਲਿਆਂ ਦੁਕੱਲਿਆਂ ਦੀ ਨਹੀਂ ਸੀ; ਬਹੁਤ ਸਾਰੇ ਲੋਕ ਇਕੱਠੇ ਹੋ ਚੁੱਕੇ ਸਨ ਤੇ ਇਹ ਸਾਰੀਆਂ ਗੱਲਾਂ ਬੜੀ ਹੈਰਾਨੀ ਤੇ ਦਿਲਚਸਪੀ ਨਾਲ ਸੁਣ ਰਹੇ ਸਨ; ਕਿਉਂਕਿ ਸਮੁੱਚੀ ਘਟਨਾ ਹੀ ਬੜੀ ਅਜੀਬ ਸੀ—ਨਾਨਕ ਦਾ ਤਿੰਨ ਦਿਨ ਅਲੋਪ ਹੋ ਜਾਣਾ ਤੇ ਉਸ ਦੇ ਡੁੱਬ ਕੇ ਮਰ ਜਾਣ ਦੀ ਖ਼ਬਰ ਦਾ ਫੈਲਣਾ, ਤਿੰਨ ਦਿਨ ਬਾਅਦ ਨਾਨਕ ਦਾ ਆਪੇ ਵਾਪਸ ਘਰ ਆ ਜਾਣਾ, ਆ ਕੇ ਇਨਕਲਾਬ ਦਾ ਨਿਧੱੜਕ ਨਾਅਰਾ ਮਾਰਨਾ ਅਤੇ ਅਖ਼ੀਰ ਨੂੰ ਨਵਾਬ ਤੇ ਕਾਜ਼ੀ ਨਾਲ ਮਸੀਤ ਵਿੱਚ ਜਾ ਕੇ ਨਮਾਜ਼ ਪੜ੍ਹਨ ਲਈ ਤਿਆਰ ਹੋ ਜਾਣਾ ।

ਨਵਾਬ ਤੇ ਮੌਲਵੀ, ਨਾਨਕ ਨੂੰ ਲੈ ਕੇ ਮਸੀਤੇ ਪੁੱਜੇ । ਸੁਲਤਾਨਪੁਰ ਲੋਧੀ ਦੇ ਸੈਂਕੜੇ ਹਿੰਦੂ ਤੇ ਮੁਸਲਮਾਨ ਮਸੀਤ ਦੇ ਨੇੜੇ ਇਕੱਠੇ ਹੋ ਗਏ । ਨਮਾਜ਼ ਪੜ੍ਹਨ ਵਾਲੇ ਮਸੀਤ ਦੇ ਵਿਹੜੇ ਵਿੱਚ ਗਏ । ਨਾਨਕ ਨਹਾਤਾ-ਧੋਤਾ ਹੋਇਆ ਸੀ ਤੇ ਉਸ ਨੇ ਕਪੜੇ ਵੀ ਬੜੇ ਸਵੱਛ ਪਾਏ ਹੋਏ ਸਨ । ਮੌਲਵੀ ਤੇ ਨਵਾਬ ਤਾਂ ਸ਼ਰਅਈ ਮੁਸਲਮਾਨ ਸਨ ਤੇ ਸਭ ਤੋਂ ਪਹਿਲਾਂ ਉਹਨਾਂ ਸ਼ਰੀਅਤ ਅਨੁਸਾਰ ਨਮਾਜ਼ ਦੇ ਸੱਤਾਂ ਫਰਜ਼ਾਂ ਜਾਂ ਸ਼ਰਤਾਂ ਬਾਰੇ ਸੋਚਿਆ ਤੇ ਉਹਨਾਂ ਦੀ



Digitized by Panjab Digital Library | www.panjabdigilib.org

ਪਕਿੱਤ ਕੀਤੀ, ਸ਼ਰਤਾਂ ਹਨ—੧. ਸਰੀਰ ਦਾ ਸਾਫ਼ ਹੋਣਾ ੨. ਕਪੜਿਆਂ ਦਾ ਪਾਕ ਹੋਣਾ ੩. ਨਮਾਜ਼ ਵਾਲੀ ਥਾਂ ਦਾ ਪਾਕ ਹੋਣਾ ੪. ਲੁਕਵੇਂ ਲਿੰਗਾਂ ਦਾ ਕੱਜਿਆ ਹੋਣਾ । ੫. ਨਮਾਜ਼ ਦੀ ਅਦਾਇਗੀ ਦਾ ਸਹੀ ਸਮਾਂ ਹੋਣਾ ੬. ਕਿਬਲਾ ਸ਼ਰੀਫ਼, ਕਾਅਬਾ ਸ਼ਰੀਫ਼ ਜਾਂ ਮੱਕਾ ਸ਼ਰੀਫ਼ ਵੱਲ ਮੂੰਹ ਹੋਣਾ ਤੇ ਨਮਾਜ਼ ਦੀ ਨਿਯਤ ਕਰਨੀ । ਇਹਨਾਂ ਤੋਂ ਛੁੱਟ ਨਮਾਜ਼ ਦੇ ਛੇ ਫ਼ਰਜ਼ ਜਾਂ ਰੁਕਨ ਵੀ ਨੇ—੧. ਤਕਬੀਰ ਤਹਿਰੀਮਾ ੨. ਕਿਆਮ ੩. ਕੁਰਆਤ ੪. ਰਕੂਅ ੫. ਸਿਜਦਾ ਤੇ ੬. ਕਾਅਦਾਇ ਅਖ਼ੀਰਾ ।

ਸਿੱਖ ਧਰਮ ਵਿੱਚ ਅੰਮ੍ਰਿਤ ਵੇਲੇ ਦਾ ਇਸ਼ਨਾਨ ਖ਼ਾਸ ਕਰ ਕੇ ਤੇ ਵੈਸੇ ਨਹਾ ਧੋ ਕੇ ਸਾਫ਼ ਸੁਥਰੇ ਰਹਿਣਾ ਆਮ ਤੌਰ ਤੇ ਮਨੁੱਖ ਦੀ ਆਤਮਕ ਤੇ ਸਰੀਰਕ ਸਿਹਤ, ਖੁਸ਼ੀ ਤੇ ਉੱਨਤੀ ਲਈ ਬੜੇ ਜ਼ਰੂਰੀ ਦੱਸੇ ਗਏ ਹਨ । ਪਰ ਇਸ਼ਨਾਨ ਜਾਂ ਪੰਜ ਇਸ਼ਨਾਨਾ ਕਰਨ ਦੇ ਕਰਮਕਾਂਡ ਵਰਗੇ ਕੋਈ ਨਿਯਮਾਂ ਦੀਆਂ ਬੇੜੀਆਂ ਤੇ ਹਥਕੜੀਆਂ ਸਿੱਖਾਂ ਨੂੰ ਨਹੀਂ ਪਾਈਆਂ ਗਈਆਂ । ਸਿੱਖ ਪਾਣੀ ਵਿਚ ਬਹਿ ਕੇ ਇਸ਼ਨਾਨ ਕਰੇ, ਤਾਰੀਆਂ ਲਾਏ, ਟੁੱਬੇ ਲਾਏ, ਬੁੱਕਾਂ ਨਾਲ ਸਰੀਰ ਤੇ ਪਾਣੀ ਪਾ ਲਵੇ, ਪਹਿਲਾਂ ਮੂੰਹ ਧੋਵੇ, ਹੱਥ ਸਾਫ਼ ਕਰੇ ਜਾਂ ਸਿਰ ਵਿੱਚ ਪਾਣੀ ਪਾ ਲਵੇ, ਜਿੱਧਰ ਮਰਜ਼ੀ ਹੈ ਮੂਹ ਕਰੇ ਤੇ ਨਹਾ ਧੋ ਲਏ । ਪੰਜ ਇਸ਼ਨਾਨਾ ਕਰਨ ਲੱਗਿਆਂ ਵੀ ਭਾਵੇਂ ਪਹਿਲਾਂ ਮੂੰਹ ਧੋਵੇ ਤੇ ਕਰੂਲੀ ਕਰੇ ਤੇ ਭਾਵੇਂ ਪਹਿਲਾਂ ਪੈਰ ਹੱਥ ਧੋ ਕੇ ਬਾਅਦ ਵਿੱਚ—ਸਵਾਲ ਤਾਂ ਚੰਗੀ ਤਰ੍ਹਾਂ ਨਹਾ ਧੋ ਕੇ ਸਰੀਰ ਸਾਫ਼ ਕਰਨ ਦਾ ਹੈ ਨਾ ਕਿ ਨਿਯਮਾਂ ਦੀ ਨੈਂ ਵਿੱਚ ਰੁੜ੍ਹਨ ਦਾ ।

ਆਮ ਹਿੰਦੂਆਂ ਅਤੇ ਸਿੱਖਾਂ ਨੂੰ ਮੁਸਲਮਾਨਾਂ ਦੀ ਨਮਾਜ਼ ਬਾਰੇ ਜ਼ਰਾ ਵੀ ਵਾਕਫ਼ੀ ਨਹੀਂ । ਇਸ ਲਈ ਮੈਂ ਯੋਗ ਸਮਝਦਾ ਹਾਂ ਕਿ ਨਮਾਜ਼ ਬਾਰੇ ਪਾਠਕਾਂ ਨੂੰ ਦੱਸਣਾ ਜ਼ਰੂਰੀ ਹੈ; ਕਿਉਂਕਿ ਉਤਲੀ ਚੱਲ ਰਹੀ ਗੁਰੂ ਨਾਨਕ ਸਾਹਿਬ ਦੀ ਨਮਾਜ਼ ਪੜ੍ਹਨ ਦੀ ਚਰਚਾ ਦੀ ਘਟਨਾ ਵਿੱਚ ਨਮਾਜ਼ ਦੇ ਬਾਅਦ ਗੁਰੂ ਸਾਹਿਬ ਨੇ ਕੁਝ ਖਰੀਆਂ ਖਰੀਆਂ ਗੱਲਾਂ ਨਮਾਜ਼, ਮੌਲਵੀ ਤੇ ਹੋਰ ਇਕੱਠੇ ਹੋਏ ਮੋਮਨਾਂ ਨੂੰ ਸੁਣਾਨੀਆਂ ਨੇ ਜਿਸ ਲਈ ਪਾਠਕ ਲਈ ਮੁਸਲਮਾਨੀ ਨਮਾਜ਼ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨੀ ਬੜੀ ਲਾਭਦਾਇਕ ਹੈ । ਇਕ ਹੋਰ ਜ਼ਰੂਰੀ ਨੁਕਤਾ ਇਹ ਹੈ ਕਿ ਹਿੰਦੂ ਤੇ ਸਿੱਖ ਇਕ ਦੂਜੇ ਦੇ ਧਰਮ ਬਾਰੇ ਅੱਗੇ ਹੀ ਕਾਫ਼ੀ ਕੁਝ ਜਾਣਦੇ ਨੇ ਪਰ ਇਸਲਾਮ ਬਾਰੇ ਤਕਰੀਬਨ ਕੁਝ ਨਹੀਂ । ਦਿਹਾੜੀ ਦੀਆਂ ਪੰਜ ਨਮਾਜ਼ਾਂ ਨੇ—੧. ਨਮਾਜ਼ੇ ਫ਼ਜ਼ਰ (ਅੰਮ੍ਰਿਤ ਵੇਲੇ ਦੀ ਨਮਾਜ਼), ੨. ਨਮਾਜ਼ੇ ਜ਼ਹਰ (ਪੇਸ਼ੀ ਜਾਂ ਦਿਨ ਢਲੇ ਦੀ ਨਮਾਜ਼), ੩. ਨਮਾਜ਼ੇ ਅਸਰ (ਨਮਾਜ਼ੇ ਜ਼ਹਰ ਦੇ ਸਮੇਂ ਦੇ ਅੰਤ ਤੋਂ ਦਿਨ ਡੁੱਬੇ ਤਕ), ੪. ਨਮਾਜ਼ੇ ਮਗਰਬ (ਦਿਨ ਡੁਬਣ ਤੋਂ ਦਿਨ ਡੁਬਦੇ ਦੀ ਲਾਲੀ ਖ਼ਤਮ ਹੋਣ ਤਕ), ੫. ਨਮਾਜ਼ੇ ਉਸ਼ਾ (ਦਿਨ ਡੁੱਬੇ ਦੀ ਲਾਲੀ ਅਲੋਪ ਹੋਣ ਤੋਂ ਨਮਾਜ਼ੇ ਫ਼ਜ਼ਰ ਦੇ ਸਮੇਂ ਤੋਂ ਪਹਿਲਾਂ ਤਕ)

ਇਕੱਲੇ ਨਮਾਜ਼ ਨੀਤਣ ਜਾਂ ਜਮਾਤ ਵਿੱਚ ਸ਼ਾਮਲ ਹੋ ਕੇ ਨਮਾਜ਼ ਪੜ੍ਹਣ ਤੋਂ ਪਹਿਲਾਂ ਆਪਣੇ ਸਰੀਰ, ਕਪੜੇ ਤੇ ਨਮਾਜ਼ ਦੀ ਥਾਂ ਦੀ ਪਾਕੀਜ਼ਗੀ ਜ਼ਰੂਰੀ ਹੈ । ਸਰੀਰ ਦੇ ਪਾਕ ਹੋਣ ਲਈ ਵੁਜ਼ੂ ਜਾਂ ਗੁਸਲ ਜ਼ਰੂਰੀ ਨੇ । ਪਲੀਦਗੀ ਜਾਂ ਅਪਵਿੱਤਰਤਾ ਦੋ ਕਿਸਮ ਦੀ ਮੰਨਦੇ ਨੇ । ਪਹਿਲੀ ਨਜਾਸਤੇ ਹਕੀਕੀ ਜੋ ਜ਼ਾਹਰਾ ਨਜ਼ਰ ਆ ਸਕੇ ਤੇ ਦੂਜੀ ਨਜਾਸਤੇ ਹੁਕਮੀ ਜੋ ਜ਼ਾਹਰੀ



Digitized by Panjab Digital Library | www.panjabdigilib.org

ਨਜ਼ਰ ਨ ਆਵੇ ਪਰ ਸ਼ਰੀਅਤ ਦੇ ਹੁਕਮ ਅਨੁਸਾਰ ਗਿਲਾਜ਼ਤ ਵਿੱਚ ਸ਼ਾਮਲ ਹੋਵੇ। ਨਜਾਸਤ ਹੁਕਮੀ ਦੀਆਂ ਵੀ ਦੋ ਕਿਸਮਾਂ ਨੇ—ਹਦਸੇ ਅਕਬਰ ਜੋ ਗ਼ੁਸਲ ਬਗ਼ੈਰ ਦੂਰ ਨਹੀਂ ਹੋ ਸਕਦੀ ਤੇ ਹਦਸੇ ਅਸਗ਼ਰਾ ਜੋ ਵੁਜ਼ੂ ਨਾਲ ਵੀ ਦੂਰ ਹੋ ਸਕਦੀ ਹੈ।

ਵੁਜ਼ੂ ਕਰਨ ਦੇ ਵੀ ਖ਼ਾਸ ਨਿਯਮ ਹਨ। ਵੁਜ਼ੂ ਦਾ ਅਰਥ ਹੈ ਪਵਿੱਤਰਤਾ ਪਰਾਪਤ ਕਰਨਾ। ਇਸਲਾਮੀ ਸ਼ਰਾਅ ਵਿਚ ਵੁਜ਼ੂ ਦਾ ਭਾਵ ਹੈ ਨਮਾਜ਼ ਪੜ੍ਹਣ ਤੋਂ ਪਹਿਲਾਂ ਸਵੱਛ ਪਾਣੀ ਲੈ ਕੇ ਨਮਾਜ਼ੀ ਪੰਜਿਆਂ ਤਕ ਤਿੰਨ ਵਾਰ ਹੱਥ ਧੋਵੇ। ਫਿਰ ਤਿੰਨ ਵਾਰ ਕਰੂਲੀ ਕਰੇ, ਫਿਰ ਤਿੰਨ ਵਾਰ ਨੱਕ ਵਿੱਚ ਪਾਣੀ ਪਾਏ। ਫਿਰ ਤਿੰਨ ਵਾਰ ਮੂੰਹ ਧੋਵੇ, ਫਿਰ ਕੰਨਾਂ, ਸਿਰ ਤੇ ਹੱਥਾਂ ਨੂੰ ਪਾਣੀ ਲਾ ਕੇ ਮਸਹ ਕਰੇ ਭਾਵ ਮਲੇ ਤੇ ਗਿੱਟਿਆਂ ਤੱਕ ਦੋਵੇਂ ਪੈਰ ਧੋਵੇ।

ਵੁਜ਼ੂ ਕਰਨ ਲੱਗਿਆਂ ਮਨ ਵਿੱਚ ਅਵੱਸ਼ ਨਿਯਤ ਧਾਰੇ ਕਿ ਮੈਂ ਗੰਦਗੀ ਦੂਰ ਕਰਨ ਤੇ ਪਾਕੀ ਹਾਸਲ ਕਰਨ ਤੇ ਨਮਾਜ਼ ਪੜ੍ਹਨ ਲਈ ਵੁਜ਼ੂ ਕਰ ਰਿਹਾ ਹਾਂ। ਫਿਰ ਮੂੰਹੋਂ ਬਿੱਸਮਿੱਲਾ ਇਰੱਹਿਮਾਨਿਅਰਹੀਮ ਪੜ੍ਹੇ ਤੇ ਫਿਰ ਵੁਜ਼ੂ ਕਰੇ।

ਵੁਜ਼ੂ ਕਰਨ ਦੇ ਨਾਲ ਕੁਰਆਨ ਦੀਆਂ ਕਈ ਆਇਤਾਂ ਪੜ੍ਹੀਆਂ ਜਾਂਦੀਆਂ ਨੇ ਜੋ ਕਿ ਜ਼ਰੂਰੀ ਫ਼ਰਜ਼ ਜਾਂ ਸ਼ਰਤਾਂ ਨਹੀਂ, ਸਿਰਫ ਵਾਧੂ ਸਵਾਬ ਲਈ ਹੀ ਪੜ੍ਹੀਆਂ ਜਾਂਦੀਆਂ ਨੇ। ਏਥੇ ਮੈਂ ਆਇਤਾਂ ਅਰਬੀ ਵਿੱਚ ਨਹੀਂ ਦੇਂਦਾ ਬਲਕਿ ਉਹਨਾਂ ਦਾ ਪੰਜਾਬੀ ਵਿਚ ਅਨੁਵਾਦ ਹੀ ਦੇਂਦਾ ਹੈ। ਕਰੂਲੀ ਕਰਨ ਲੱਗਿਆਂ ਪੜ੍ਹਦੇ ਨੇ, "ਹੇ ਰੱਬ ਕੁਰਆਨ ਪੜ੍ਹਣ, ਤੇਰਾ ਸ਼ੁਕਰ ਤੇ ਸਿਫ਼ਤ ਕਰਨ ਵਿਚ ਮੇਰੀ ਮਦਦ ਕਰ" ਨੱਕ ਵਿਚ ਪਾਣੀ ਪਾਣ ਲੱਗਿਆਂ, "ਹੇ ਅੱਲਾ, ਮੈਨੂੰ ਸੁਰਗ ਦੀ ਸੁਗੰਧੀ ਸੁੰਘਾਣਾ ਤੇ ਨਰਕ ਦੀ ਦੁਰਗੰਧ ਤੋਂ ਬਚਾਣਾ" ਮੂੰਹ ਧੋਂਦਿਆਂ, ਦਿਲੋਂ ਰੋਜ਼ੇ ਮਹਸ਼ਰ ਨੂੰ ਯਾਦ ਕਰਦੇ ਪੜ੍ਹਦੇ ਨੇ, "ਹੇ ਖ਼ੁਦਾ! ਮੈਨੂੰ ਉਸ ਦਿਨ ਸੁਰਖਰੂ ਰਖਣਾ ਜਦੋਂ ਕਈ ਲੋਕ ਸੁਰਖਰੂ ਹੋਣਗੇ ਤੇ ਕਈਆਂ ਦੇ ਮੂੰਹ ਗੁਨਾਹ ਦੇ ਕਾਰਨ ਕਾਲੇ ਹੋਣਗੇ।" ਅਰਕਾਂ ਤੱਕ ਸੱਜਾ ਹੱਥ ਧੋਣ ਲੱਗਿਆਂ ਆਖਦੇ ਨੇ, "ਹੇ ਖ਼ੁਦਾ ਮੇਰੇ ਅਮਲਾਂ ਦਾ ਚਿੱਠਾ ਮੇਰੇ ਸੱਜੇ ਹਥ ਵਿਚ ਦੇਣਾ ਤਾਕਿ ਮੇਰੇ ਅਮਲਾਂ ਦੀ ਪੜਤਾਲ ਸੌਖੀ ਹੋ ਜਾਏ।" ਅਰਕਾਂ ਤੱਕ ਖੱਬਾ ਹੱਥ ਧੋਣ ਲੱਗਿਆਂ ਪੜ੍ਹਦੇ ਨੇ, "ਹੇ ਪਰਵਰਦਗ਼ਾਰ, ਮੇਰੇ ਅਮਲਾਂ ਦੇ ਹਿਸਾਬ ਮੇਰੇ ਖੱਬੇ ਹੱਥ ਵਿੱਚ ਤੇ ਪਿਛੋਂ ਦੀ ਨ ਦੇਣਾ।" ਸਿਰ ਦਾ ਮਸਹ ਕਰਦਿਆਂ ਪੜ੍ਹਦੇ ਨੇ, "ਹੇ ਰੱਬ, ਕਿਆਮਤ ਦੇ ਦਿਨ ਜਦੋਂ ਤੇਰੇ ਅਰਸ਼ ਤੋਂ ਬਿਨਾਂ ਹੋਰ ਕਿਤੇ ਛਾਂ ਨਹੀਂ ਹੋਵੇਗੀ, ਮੈਨੂੰ ਆਪਣੇ ਅਰਸ਼ ਦੀ ਛਾਵੇਂ ਰੱਖਣਾ।" ਕੰਨਾਂ ਦਾ ਮਸਹ ਕਰਦਿਆਂ ਪੜ੍ਹਦੇ ਨੇ, "ਹੇ ਅੱਲਾ, ਮੈਨੂੰ ਉਹਨਾਂ ਲੋਕਾਂ ਵਾਂਗੂੰ ਬਣਾ ਜੋ ਕੁਰਆਨ ਸੁਣ ਕੇ ਇਸ ਤੇ ਅਮਲ ਕਰਦੇ ਨੇ।" ਧੌਣ ਦਾ ਮਸਹ ਕਰਦੇ ਸਮੇਂ ਪੜ੍ਹਦੇ ਨੇ, "ਹੇ ਖ਼ੁਦਾ ਮੇਰੀ ਧੌਣ ਨੂੰ ਅਗਨੀ ਦੀਆਂ ਸੰਗਲੀਆਂ ਤੋਂ ਬਚਾ।" ਸੱਜਾ ਪੈਰ ਧੋਂਦਿਆਂ ਪੜ੍ਹਦੇ ਨੇ, "ਹੇ ਮਾਲਕ, ਪੁਲਸਰਾਤ ਤੋਂ ਲੰਘਦਿਆਂ ਮੇਰੇ ਕਦਮ ਪੱਕੇ ਰੱਖੀਂ ਜਦੋਂ ਖ਼ਲਕਤ ਦੇ ਕਦਮ ਡਗਮਗਾਣਗੇ।" ਖੱਬਾ ਪੈਰ ਧੋਂਦਿਆਂ ਪੜ੍ਹਦੇ ਨੇ, "ਹੇ ਅੱਲਾ, ਮੇਰੇ ਪਾਪ ਮਾਫ਼ ਕਰ ਤੇ ਮੈਨੂੰ ਜ਼ਿੰਦਗੀ ਦੇ ਆਖ਼ਰੀ ਵਣਜ ਵਿੱਚ ਘਾਟਾ ਨਾ ਪਵੇ।"



Digitized by Panjab Digital Library | www.panjabdigilib.org

ਵਜ਼ੂ ਕਰਨ ਤੋਂ ਪਿਛੋਂ ਦੋ ਹੋਰ ਆਇਤਾਂ ਪੜ੍ਹੀਆਂ ਜਾਂਦੀਆਂ ਨੇ—੧. "ਮੈਂ ਗਵਾਹੀ ਦੇਂਦਾ ਹਾਂ ਕਿ ਇੱਕ ਰੱਬ ਤੋਂ ਬਿਨਾਂ ਹੋਰ ਕੋਈ ਪੂਜਨ ਯੋਗ ਨਹੀਂ ਤੇ ਨ ਹੀ ਕੋਈ ਹੋਰ ਇਸ ਦੇ ਬਰਾਬਰ ਹੈ ਅਤੇ ਮੈਂ ਗਵਾਹੀ ਦੇਂਦਾ ਹਾਂ ਕਿ ਮੁਹੰਮਦ ਇਸ ਦਾ ਬੰਦਾ, ਤੇ ਰਸੂਲ ਹੈ।" 2. "ਹੇ ਖ਼ੁਦਾ, ਮੈਨੂੰ ਆਪਣੇ ਤੋਬਾ ਕਰਨ ਵਾਲੇ ਪਵਿੱਤਰ ਲੋਕਾਂ ਵਿੱਚ ਸ਼ਾਮਲ ਕਰ ਜਿਨ੍ਹਾਂ ਨੂੰ ਨ ਕੋਈ ਡਰ ਹੈ ਤੇ ਨ ਗ਼ਮ।" ਇਸ ਦੇ ਬਾਅਦ ਸਬੰਧਤ ਸਮੇਂ ਅਨੁਸਾਰ ਨਮਾਜ਼ ਪੜ੍ਹਦੇ ਹਨ। ਮੁਸਲਮਾਨਾਂ ਤੇ ਵਜ਼ੂ ਦੀਆਂ ਹੋਰ ਕੋਈ ਗੱਲਾਂ ਵੀ ਆਇਦ ਨੇ ਪਰ ਏਥੇ ਏਨੇ ਵਿਸਥਾਰ ਵਿੱਚ ਜਾਣ ਦੀ ਲੋੜ ਨਹੀਂ।

ਜੇ ਕੋਈ ਮਨੁੱਖ ਕਿਸੇ ਖ਼ਾਸ ਤਕਲੀਫ, ਮੁਸੀਬਤ ਜਾਂ ਹਾਲਤ ਦੀ ਮਜਬੂਰੀ ਤੋਂ ਹਰ ਨਮਾਜ਼ ਤੋਂ ਪਹਿਲਾਂ ਵਜ਼ੂ ਨ ਕਰ ਸਕੇ ਤਾਂ ਉਸ ਦਾ ਫ਼ਜ਼ਰ ਦੀ ਨਮਾਜ਼ ਦਾ ਕੀਤਾ ਹੋਇਆ ਵਜ਼ੂ ਹੀ ਕਬੂਲ ਹੋ ਜਾਂਦਾ ਹੈ। ਨਮਾਜ਼, ਵਜ਼ੂ ਤੇ ਗ਼ੁਸਲ ਆਦਿ ਬਾਰੇ ਇਲਮੇ ਹਦੀਸ ਤੇ ਇਲਮੇ ਫ਼ਿਕਾਹ ਦੀਆਂ ਕਿਤਾਬਾਂ ਵਿੱਚ ਬੜੇ ਵਿਸਥਾਰ ਨਾਲ ਬਿਆਨ ਕੀਤਾ ਗਿਆ ਹੈ ਕਿ ਕਿਹੜੇ ਕਿਹੜੇ ਕੰਮ, ਖਿਆਲ ਤੇ ਚੀਜ਼ਾਂ ਫਰਜ਼ਾਂ ਵਾਜਬ, ਸ਼ਰਤ, ਸੁੰਨਤ, ਨਫਲ ਜਾਂ ਮੁਸਤਹਿਬ, ਮੁਬਾਹ, ਹਰਾਮ ਮਕਰੂਹ; ਤਹਿਰੀਮੀ ਤੇ ਮਕਰੂਹ ਤਨਜ਼ੀਹੀ ਹਨ।

ਕਾਅਬਾ ਤੇ ਕੁਰਆਨ ਨੂੰ ਹੱਥ ਲਾਣ ਲਈ ਵੀ ਵਜ਼ੂ ਜਾਂ ਗ਼ੁਸਲ ਲਾਜ਼ਮੀ ਹਨ। ਕਈ ਹਾਲਤਾਂ ਵਿੱਚ ਹੱਥਾਂ ਤੇ ਪਾਏ ਹੋਏ ਮੋਟੀ ਉਨ ਜਾਂ ਚਮੜੇ ਦੇ ਦਸਤਾਨੇ ਤੇ ਪੈਰੀਂ ਜ਼ਰਾਬਾਂ ਨੂੰ ਮਸਹ ਹੀ ਵਜ਼ੂ ਦਾ ਕੰਮ ਦੇਂਦਾ ਹੈ। ਤਹਾਰਤ ਭਾਵ ਵਰਤੋਂ ਦੇ ਕੱਪੜਿਆਂ ਦੀ ਪਾਕੀ ਬਾਰੇ ਵੀ ਕਈ ਨਿਯਮਾਂ ਦੀ ਪਾਲਨਾ ਕਰਨੀ ਪੈਂਦੀ ਹੈ। ਜੇ ਗ਼ੁਸਲ ਜਾਂ ਵਜ਼ੂ ਲਈ ਪਾਣੀ ਪਰਾਪਤ ਨ ਹੋਵੇ ਤਾਂ ਵਜ਼ੂ ਦਾ ਕੰਮ ਤਯੱਮਮ ਹੀ ਸਾਰ ਦੇਂਦਾ ਹੈ। ਤਯੱਮਮ ਦਾ ਅਰਥ ਹੈ ਇਰਾਦਾ। ਇਸ ਅਨੁਸਾਰ ਮਿੱਟੀ ਤੇ ਹੱਥ ਘਸਾ ਜਾਂ ਤਲੀਆਂ ਰਗੜ ਕੇ ਵਜ਼ੂ ਦੇ ਮਨੋਰਥ ਤੇ ਨਿਯਤ ਨਾਲ ਸਰੀਰ ਦੇ ਲੋੜੀਂਦਿਆਂ ਹਿੱਸਿਆਂ ਤੇ ਫੇਰ ਲਈਆਂ ਜਾਂਦੀਆਂ ਨੇ। ਪੇਸ਼ਾਬ ਜਾਂ ਪਾਖਾਨਾ ਕਰਨ ਦੇ ਬਾਅਦ 'ਅਸਤੰਜਾ' ਭਾਵ ਗੰਦਗੀ ਮਿੱਟੀ ਦੇ ਢੇਲਿਆਂ ਨਾਲ ਸਾਫ ਕਰਨ ਦੇ ਵੀ ਨਿਯਮ ਹਨ।

ਦਿਹਾੜੀ ਵਿੱਚ ਪੰਜ ਨਮਾਜ਼ਾਂ ਅਦਾ ਹੁੰਦੀਆਂ ਹਨ। ਇਸ ਲਈ ਆਮ ਤੌਰ ਤੇ ਨਮਾਜ਼ੀ ਵਜ਼ੂ ਕਰਕੇ ਹੀ ਨਮਾਜ਼ ਪੜ੍ਹਦੇ ਨੇ ਪਰ ਕਈ ਗ਼ੁਸਲ ਵੀ ਕਰਦੇ ਨੇ ਤੇ ਸਰੀਰ ਦੀ ਵਿਸ਼ੇਸ਼ ਨਾਪਾਕੀ ਤਾਂ ਦੂਰ ਹੀ ਗ਼ੁਸਲ ਨਾਲ ਹੋ ਸਕਦੀ ਹੈ। ਗ਼ੁਸਲ ਬਾਰੇ ਵੀ ਕਈ ਕਾਨੂੰਨ ਹਨ ਪਰ ਮੁਟੇਰੀ ਤੇ ਛੁਟੇਰੀ ਤਰ੍ਹਾਂ ਗੱਲ ਮੁਕਾਨ ਲਈ ਏਨਾ ਦੱਸ ਦੇਣਾ ਹੀ ਕਾਫ਼ੀ ਹੈ ਕਿ ਇਸਲਾਮੀ ਸ਼ਰੀਅਤ ਵਿਚ ਗ਼ੁਸਲ ਕਰਨ ਦਾ ਖ਼ਾਸ ਤਰੀਕਾ ਹੈ। ਪਹਿਲਾਂ ਦੋਵੇਂ ਹੱਥ ਪਹੁੰਚਿਆਂ ਤੱਕ ਧੋਣੇ, ਫਿਰ ਅਸਤੰਜਾ ਕਰਕੇ ਦੋਵੇਂ ਹੱਥ ਧੋ ਲੈਣੇ, ਫਿਰ ਵਜ਼ੂ ਕਰਨਾ ਤੇ ਫਿਰ ਸਾਰੇ ਸਰੀਰ ਤੇ ਤਿੰਨ ਵਾਰੀ ਪਾਣੀ ਡੁਹਲਣਾ ਗ਼ੁਸਲ ਦੇ ਤਿੰਨ ਫਰਜ਼ ਨੇ, ਕਰੂਲੀ ਕਰਨਾ, ਨੱਕ 'ਚ ਪਾਣੀ ਪਾਣਾ ਤੇ ਸਾਰੇ ਸਰੀਰ ਤੋਂ ਪਾਣੀ ਬਹਾਣਾ।

ਏਸੇ ਤਰ੍ਹਾਂ ਹੀ ਵਰਤੋਂ ਵਿਚ ਲਿਆਉਣ ਵਾਲੇ ਪਾਣੀ ਦੇ ਪਾਕੀ, ਨਾਪਾਕੀ ਤੇ ਖੂਹ ਦੀ ਪਾਕੀ ਤੇ ਪਲੀਦਗੀ ਬਾਰੇ ਵੀ ਬੜੇ ਲੰਮੇ ਚੌੜੇ ਬਿਆਨ ਨੇ।



Digitized by Panjab Digital Library | www.panjabdigilib.org

ਨਮਾਜ਼ੀ ਦੇ ਪਹਿਨੇ ਹੋਏ ਕਪੜਿਆਂ ਦੀ ਸਵੱਛਤਾ ਬਾਰੇ ਵੀ ਸ਼ਰੀਅਤ ਵਿੱਚ ਬਹੁਤ ਕੁਝ ਲਿਖਿਆ ਹੋਇਆ ਹੈ। ਕਪੜੇ ਤੇ ਪਾਖਾਨਾ, ਪੇਸ਼ਾਬ, ਰੱਤ, ਮਨੀ ਜਾਂ ਹੋਰ ਗ਼ਲੀਜ਼ ਚੀਜ਼ਾਂ ਦਾ ਲਬੇੜ ਜਾਂ ਦਾਗ਼ ਨਮਾਜ਼ ਨੂੰ ਜਾਇਜ਼ ਕਰਾਰ ਨਹੀਂ ਦੇਂਦੀਆਂ ਬਲਕਿ ਮਕਰੂਰ ਕਰਦੀਆਂ ਹਨ।

ਨਮਾਜ਼ ਕਿਬਲਾਰੂ ਭਾਵ ਮੱਕੇ ਵੱਲ ਮੂੰਹ ਕਰਕੇ ਪੜ੍ਹਣ ਦੀ ਨਾਕਾਬਲੇ-ਮੁਆਫ ਸ਼ਰਤ ਹੈ ਪਰ ਜੇ ਕੋਈ ਬੀਮਾਰੀ ਜਾਂ ਜ਼ਖਮੀ ਆਦਿ ਇਸ ਤਰ੍ਹਾਂ ਨਹੀਂ ਕਰ ਸਕਦਾ ਤਾਂ ਉਹ ਕਿਸੇ ਪਾਸੇ ਮੂੰਹ ਕਰਕੇ ਵੀ ਨਮਾਜ਼ ਪੜ੍ਹ ਸਕਦਾ ਹੈ। ਵੁਜ਼ੂ ਜਾਂ ਗ਼ੁਸਲ ਕਰਨ ਦੇ ਬਾਅਦ ਕੋਈ ਨਮਾਜ਼ੀ ਵੀ ਹੇਠਾਂ ਜ਼ਮੀਨ ਤੇ ਖਲੋ ਜਾਂ ਕਿਸੇ ਉੱਚੇ ਥਾਂ ਤੇ ਆਮ ਤੌਰ ਤੇ ਮਸੀਤ ਦੇ ਮੁਨਾਰੇ ਚੋਂ ਅੱਜ਼ਾਨ ਦੇਂਦਾ ਹੈ ਜਿਨੂੰ ਅਸੀਂ ਬਾਂਗ਼ ਆਖਦੇ ਹਾਂ। ਅੱਜ਼ਾਨ ਦੇਣ ਵਾਲੇ ਦਾ ਬੜਾ ਸਵਾਬ ਭਾਵ ਪੁੰਨ ਦੱਸਿਆ ਗਿਆ ਹੈ। ਕਹਿੰਦੇ ਨੇ ਕਿ ਇੱਕ ਵਾਰ ਹਜ਼ਰਤ ਅਲੀ ਦੇ ਸਵਾਲ ਦੇ ਜਵਾਬ ਵਿੱਚ ਹਜ਼ਰਤ ਮੁੰਹਮਦ ਨੇ ਕਿਹਾ ਕਿ ਮੁਅੱਜ਼ਾਨ ਦੇ ਸਵਾਬ ਨੂੰ ਸਿਰਫ ਅੱਲਾ ਹੀ ਜਾਣਦਾ ਹੈ। ਅੱਜ਼ਾਨ ਸੁਣ ਕੇ ਸ਼ੈਤਾਨ ਛੱਤੀ ਕੋਹ ਦੂਰ ਭੱਜ ਜਾਂਦਾ ਹੈ ਤੇ ਜਿੱਥੋਂ ਤੱਕ ਅੱਜ਼ਾਨ ਸੁਣਾਈ ਦੇਂਦੀ ਹੈ ਨੇਕੀਆਂ ਦਾ ਪਸਾਰਾ ਹੋ ਜਾਂਦਾ ਹੈ। ਜੋ ਮਨੁੱਖ ਸੱਤ ਸਾਲ ਮਤਵਾਤਰ ਬਾਂਗ ਦੇਵੇ ਉਸ ਲਈ ਬਹਿਸ਼ਤ ਦਾ ਵਾਸ ਅਵੱਸ਼ ਰਾਖਵਾਂ ਹੋ ਜਾਂਦਾ ਹੈ। ਇਸਲਾਮੀ ਕਿਤਾਬਾਂ ਵਿੱਚ ਹਰ ਰੋਜ਼ ਦੀ ਅਜ਼ਾਨ ਵਿੱਚ ਸੱਠ ਨੇਕੀਆਂ ਦੀ ਪਰਾਪਤੀ ਦਾ ਜ਼ਿਕਰ ਕੀਤਾ ਗਿਆ ਹੈ। ਮੁਅੱਜ਼ਨ ਕੰਨਾਂ ਵਿਚ ਉਂਗਲਾਂ ਪਾ ਕੇ, ਸ਼ੁਰੂ ਕਰਦਿਆਂ ਪਹਿਲੇ ਦੋ ਸਾਹ ਲੈਣ ਦੇ ਦੌਰਾਨ ਉੱਚੀ ਉੱਚੀ ਸੁਰੀਲੀ ਆਵਾਜ਼ ਵਿੱਚ ਚਾਰ ਵਾਰੀ 'ਅੱਲਾ ਹੂ ਅਕਬਰ' ਆਖੇ। ਫਿਰ ਏਸੇ ਤਰ੍ਹਾਂ ਦੋ ਦੋ ਵਾਰੀ ਪਹਿਲਾਂ ਸੱਜੇ ਪਾਸੇ, ਫਿਰ ਖੱਬ ਪਾਸੇ ਤੇ ਫਿਰ ਸਿੱਧਾ ਕਿਬਲਾਰੂ ਹੋ ਕੇ ਖਾਸ ਲਫ਼ਜ਼ ਸੁਰੀਲੀ ਆਵਾਜ਼ ਵਿਚ ਉੱਚੀ ਅਲਾਪੇ। ਮੁਅੱਜ਼ਨ ਅਜ਼ਾਨ ਦੇਣ ਦਾ ਕੋਈ ਮੁਆਵਜ਼ਾ ਨ ਲਵੇ। ਅਜ਼ਾਨ ਬਾਰੇ ਕਾਫ਼ੀ ਵਿਸਥਾਰ ਨਾਲ ਹੋਰ ਬਹੁਤ ਕੁਝ ਵੀ ਲਿਖਤਾਂ ਵਿੱਚ ਮਿਲਦਾ ਹੈ। ਅੱਜ਼ਾਨ ਦੇ ਮੁਸਤਹਿਬਾਤ ਬਾਰੇ ਵੀ ਕਈ ਮਸਲੇ ਹਨ।

ਗ਼ੁਸਲ ਜਾਂ ਵੁਜ਼ੂ ਕਰਕੇ, ਹਦਸ ਅਕਬਰ ਤੇ ਹਦਸ ਅਸਗ਼ਰਾ ਦੋਹਾਂ ਨੂੰ ਦੂਰ ਕਰਕੇ, ਸਾਫ਼ ਲਿਬਾਸ ਪਹਿਨ ਕੇ ਕਿਬਲਾਰੂਹ ਹੋ ਕੇ, ਨਮਾਜ਼ ਦੀ ਨਿਯਤ ਕਰਕੇ, ਨਮਾਜ਼ ਪੜ੍ਹਣ ਲਈ ਖਲੋਣ ਦਾ ਵੀ ਖ਼ਾਸ ਤਰ੍ਹੀਕਾ ਹੈ। ਨਿਯੱਤ ਕਰਨ ਵੇਲੇ ਸਬੰਧਤ ਨਮਾਜ਼ ਦਾ ਨਾਂ ਲੈਣਾ ਸੁੰਨਤ ਹੈ। ਖਲੋਤਿਆਂ ਹੋਇਆਂ ਦੋਹਾਂ ਪੈਰਾਂ ਦੇ ਵਿਚਕਾਰ ਉਂਗਲਾਂ ਦਾ ਫਾਸਲਾ ਹੋਣਾ ਚਾਹੀਦਾ ਹੈ। ਫਿਰ ਦੋਵੇਂ ਹੱਥ ਇਸ ਤਰ੍ਹਾਂ ਉੱਤਾਂ ਚੁੱਕੋ ਕਿ ਅਗੂਠੇ ਕੰਨਾਂ ਦੀਆਂ ਲਟਕਦੀਆਂ ਫੁਮਣੀਆਂ ਵੱਲ ਹੋਣ। ਉਂਗਲੀਆਂ ਖੁਲ੍ਹੀਆਂ ਹੋਣੀਆਂ ਚਾਹੀਦੀਆਂ ਨੇ। ਫਿਰ ਅੱਲਾ ਹੂ ਅਕਬਰ ਕਹਿ ਕੇ ਦੋਵੇਂ ਹੱਥ ਧੁੰਨੀ ਹੇਠਾਂ ਕਰਕੇ ਬੰਨ੍ਹ ਲੈਣੇ ਨੇ ਕਿ ਸੱਜੇ ਹੱਥ ਦੀ ਤਲੀ ਖੱਬੇ ਹੱਥ ਦੇ ਪੁੱਠੇ ਪਾਸੇ ਦੇ ਉਤੇ ਰਹੇ ਤੇ ਅੰਗੂਠਾ ਤੇ ਚੀਚੀ ਹੱਥ ਦੇ ਗੁੱਟ ਦੁਆਲੇ ਹੋ ਜਾਣ ਤੇ ਬਾਕੀ ਤਿੰਨ ਉਂਗਲਾਂ ਵੀਣੀ ਦੇ ਪੁੱਠੇ ਪਾਸੇ ਤੇ ਸਿੱਧੀਆਂ ਲਗੀਆਂ ਰਹਿਣ। ਨਮਾਜ਼ੀ ਦੀ ਨਜ਼ਰ ਸਿਜਦਾ ਕਰਨ ਦੀ ਥਾਂ ਤੇ ਟਿੱਕੀ ਰਹੇ। ਔਰਤਾਂ ਆਪਨੇ ਹੱਥ ਉਤੇ ਦੱਸਣ ਵਾਂਗੂ, ਧੁੰਨੀ ਦੇ ਹੇਠਾਂ ਦੀ ਬਜਾਏ ਆਪਣੀ ਛਾਤੀ ਤੇ ਰੱਖਣ।



Digitized by Panjab Digital Library | www.panjabdigilib.org

ਨਮਾਜ਼ ਦੇ ਅਰਕਾਨ ਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕਾਂ ਹਾਂ। ਰੁਕੂਅ, ਝੁਕਣ ਨੂੰ ਆਖਦੇ ਨੇ, ਨਮਾਜ਼ ਪੜ੍ਹਦਿਆਂ ਨਮਾਜ਼ੀ ਝੁਕਦੇ ਨੇ ਪਰ ਝੁਕਣ ਬਾਰੇ ਲਿਖਿਆ ਹੈ ਕਿ ਸਿਰਫ ਏਨਾ ਝੁਕਣਾ ਹੈ ਕਿ ਹੱਥ ਗੋਡਿਆਂ ਤੱਕ ਪੁੱਜ ਜਾਣ। ਸਿਜਦਾ—ਜ਼ਮੀਨ ਤੇ ਮੱਥਾ ਰੱਖਣ ਨੂੰ ਆਖਦੇ ਨੇ ਪਰ ਸ਼ਰੀਅਤ ਅਨੁਸਾਰ ਸਿਜਦੇ ਵਿੱਚ ਨਿਰਾ ਨੱਕ ਹੀ ਨਹੀਂ—ਨੱਕ ਤੇ ਮੱਥਾ ਦੋਵੇਂ ਚੰਗੀ ਤਰ੍ਹਾਂ ਜ਼ਮੀਨ ਤੇ ਲੱਗਣੇ ਚਾਹੀਦੇ ਨੇ ਵਰਨਾ ਸਿਜਦਾ ਮਨਜ਼ੂਰ ਨਹੀਂ ਭਾਵ ਮਕਰੂਹ ਹੈ।

ਨਮਾਜ਼ ਦੇ ਅਖੀਰ ਵਿੱਚ ਦੁਆ ਮੰਗੀ ਜਾਂਦੀ ਹੈ ਜਿਸ ਨੂੰ ਕਾਅਦਾਏ ਅਖ਼ੀਰਾ ਆਖਦੇ ਨੇ, ਜਾਂ ਸਮਝੋ ਨਮਾਜ਼ ਦੇ ਬਾਅਦ ਅਲਤਹਯਾਤ ਪੜ੍ਹਨ ਲਈ ਬੈਠਣ ਨੂੰ ਆਖਦੇ ਨੇ। ਅਲਤਾਯਾਤ, ਆਖਰੀ ਅਲਫ਼ਾਜ਼, ਅਬਦੁਹੂ ਵਾਰਸੂਲਹੂ ਤਕ ਪੜ੍ਹਿਆ ਜਾਂਦਾ ਹੈ।

ਮਸਜਿਦ ਜਾਂ ਮਸੀਤ ਦੇ ਸਤਕਾਰ ਤੇ ਮਹਾਨਤਾ ਬਾਰੇ ਵੀ ਇਸਲਾਮੀ ਕਿਤਾਬਾਂ ਵਿੱਚ ਬਹੁਤ ਕੁਝ ਲਿਖਿਆ ਹੋਇਆ ਹੈ। ਮਸਜਿਦ ਦਾ ਅਰਥ ਹੈ ਸਿਜਦਾ ਕਰਨ ਦੀ ਥਾਂ। ਕਹਿੰਦੇ ਨੇ ਇੱਕ ਵਾਰੀ ਹਜ਼ਰਤ ਮੁਹੰਮਦ ਦੇ ਸਹਾਬਾਂ ਨੇ ਉਨ੍ਹਾਂ ਨੂੰ ਪੁਛਿਆ ਕਿ ਕੁਰਆਨ ਮਜੀਦ, ਮਸਜਿਦ ਤੇ ਤੁਹਾਡੇ ਵਿੱਚ ਰੁਤਬਿਆਂ ਦਾ ਕੀ ਫਰਕ ਹੈ? ਉਨ੍ਹਾਂ ਕਿਹਾ ਕਿ ਮੈਂ ਕੁਰਆਨ ਸ਼ਰੀਫ ਤੋਂ ਵਡਾ ਹਾਂ ਕਿਉਂਕਿ ਕੁਰਆਨ ਮੇਰੀ ਖਾਤਰ ਅਰਸ਼ੇ-ਮੁਅੱਲਾ ਤੋਂ ਨਾਜ਼ਲ ਹੋਇਆ ਹੈ। ਪਰ ਮਸਜਿਦ ਦਾ ਰੁਤਬਾ ਮੇਰੇ ਤੋਂ ਵੀ ਵੱਡਾ ਹੈ ਕਿਉਂਕਿ ਮੈਂ ਨਮਾਜ਼ ਪੜ੍ਹਨ ਦੀ ਖਾਤਰ ਖੁਦ ਵੀ ਮਸਜਿਦ ਵਿੱਚ ਟੁਰ ਕੇ ਜਾਂਦਾ ਹਾਂ। ਮਸਜਿਦ ਵਿੱਚ ਨਮਾਜ਼ ਪੜ੍ਹਨ ਦਾ ਬਹੁਤ ਭਾਰਾ ਸਵਾਬ ਦੱਸਿਆ ਗਿਆ ਹੈ—ਮਸੀਤ ਵਿੱਚ ਪੜ੍ਹੀ ਨਮਾਜ਼ ਦਾ, ਘਰ ਵਿੱਚ ਜਾਂ ਹੋਰ ਥਾਵਾਂ ਤੇ ਨਮਾਜ਼ ਪੜ੍ਹਨ ਤੋਂ ਪੈਂਤੀ ਗੁਣਾ ਜ਼ਿਆਦਾ ਸਵਾਬ ਹੈ। ਘਰੋਂ ਨਮਾਜ਼ ਦੀ ਖ਼ਾਤਰ ਮਸੀਤ ਵੱਲ ਤੁਰਿਆਂ ਹਰ ਕਦਮ ਤੇ ਨਵੀਂ ਨੇਕੀ ਦਾ ਫ਼ਲ ਮਿਲਦਾ ਹੈ ਤੇ ਵੁਜ਼ੂ ਜਾਂ ਗੁਸਲ ਕਰਕੇ ਟੁਰਿਆਂ ਇਸ ਤੋਂ ਵੀ ਜ਼ਿਆਦਾ। ਮਸੀਤ ਵਿੱਚ ਵੜਨ ਲੱਗਿਆਂ ਪਹਿਲਾਂ ਸੱਜਾ ਪੈਰ ਅੰਦਰ ਰਖਣਾ ਚਾਹੀਦਾ ਹੈ ਅਤੇ ਇੱਕ ਖ਼ਾਸ ਆਇਤ ਪੜ੍ਹਨੀ ਸਵਾਬ ਹੈ। ਮਕਬਰੇ, ਹਮਾਮ ਜਾਂ ਊਠਾਂ ਦੇ ਰਹਿਣ ਵਾਲੀ ਥਾਂ ਤੇ ਨਮਾਜ਼ ਨਹੀਂ ਪੜ੍ਹਨੀ ਚਾਹੀਦੀ। ਨਮਾਜ਼ ਦੀ ਅਦਾਇਗੀ ਦੇ ਸਮੇਂ ਮਸਜਿਦ ਦੇ ਅੰਦਰ ਜਾਂ ਆਲੇ ਦੁਆਲੇ ਕਿਸੇ ਕਿਸਮ ਦੇ ਸ਼ੋਰ ਸ਼ਰਾਬੇ ਤੇ ਗਾਉਣ ਵਜਾਉਣ ਦੀ ਸਖ਼ਤ ਮਨਾਹੀ ਹੈ। ਮਸੀਤ ਨੂੰ ਸਾਫ਼ ਰਖਣਾ ਸਵਾਬ ਹੈ ਪਰ ਮਸੀਤ ਦਾ ਗੰਦਾ ਰਹਿਣਾ ਜਾਂ ਢਹਿ ਜਾਣਾ ਆਲੇ ਦੁਆਲੇ ਦੇ ਵਸਨੀਕਾਂ ਦੀ ਤਬਾਹੀ ਦਾ ਕਾਰਨ ਹੈ। ਇਸਲਾਮੀ ਅਕੀਦੇ ਅਨੁਸਾਰ ਕਿਆਮਤ ਵਾਲੇ ਦਿਨ ਮਸੀਤਾਂ ਨੂੰ ਰੱਬ ਚਿੱਟੇ ਊਠਾਂ ਦੀ ਸ਼ਕਲ ਵਿੱਚ ਅਰਸ਼ ਵੱਲ ਚੁੱਕ ਕੇ ਲੈ ਜਾਏਗਾ। ਜਿਨ੍ਹਾਂ ਦੀਆਂ ਧੌਣਾਂ ਕੇਸਰ ਦੀਆਂ ਤੇ ਸਿਰ ਕਸਤੂਰੀ ਦੇ, ਢਿੱਡ ਜ਼ਮੁੱਰਦ ਦੇ ਅਤੇ ਪੈਰ ਅੰਬਰ ਦੇ ਬਣੇ ਹੋਏ ਹੋਣਗੇ। ਇਹਨਾਂ ਤੇ ਜਮਾਤ ਤੇ ਮਸੀਤ ਵਿੱਚ ਨਮਾਜ਼ ਪੜ੍ਹਨ ਵਾਲੇ ਸਵਾਰ ਹੋਣਗੇ। ਇਹਨਾਂ ਦੀਆਂ ਮੁਹਾਰਾਂ ਮੁਅੱਜ਼ਨਾਂ ਦੇ ਹੱਥਾਂ ਵਿੱਚ ਹੋਣਗੀਆਂ ਤੇ ਇਮਾਮ ਇਨ੍ਹਾਂ ਨੂੰ ਹਿੱਕਣਗੇ। ਜਦੋਂ ਇਹ ਕਿਆਮਤ ਦੇ ਮੈਦਾਨ ਚੋਂ ਲੰਘਣਗੇ ਤਾਂ ਲੋਕ ਪੁੱਛਣਗੇ ਕਿ ਇਹ ਫ਼ਰਿਸ਼ਤੇ ਨੇ ਜਾਂ ਪੈਗੰਬਰ? ਜਵਾਬ ਮਿਲੇਗਾ ਕਿ ਨ ਇਹ ਫ਼ਰਿਸ਼ਤੇ ਨੇ ਤੇ ਨ ਪੈਗੰਬਰ, ਇਹ ਤੇ ਮੁਹੰਮਦੀ ਉਮੱਤ ਦੇ ਉਹ ਮੋਮਨ ਨੇ ਜਿਨ੍ਹਾਂ ਮਸੀਤ ਤੇ ਜਮਾਤ ਵਿੱਚ ਪੰਜ ਵਕਤ ਨਮਾਜ਼ ਪੜ੍ਹੀ ਸੀ।



Digitized by Panjab Digital Library | www.panjabdigilib.org

ਮਸੀਤ ਤੇ ਨਮਾਜ਼ ਬਾਰੇ ਕੁਰਆਨ ਮਜੀਦ, ਹਦੀਸਾਂ, ਫ਼ਿਕਾਹ ਤੇ ਅਜਮਾਅ-ਉਮੱਤ ਨੂੰ ਬੜੇ ਲੰਮੇ ਚੌੜੇ ਵਿਸਥਾਰ ਨਾਲ ਬਿਆਨ ਕੀਤਾ ਹੈ—ਜਿਨ੍ਹਾਂ ਵਿਚੋਂ ਕੁਰਆਨ ਸ਼ਰੀਫ਼ ਇਲਮੇ ਹਦੀਸ ਵਿੱਚੋਂ ਬੁਖ਼ਾਰੀ, ਮੁਸ਼ਲਮ ਅਬੂਦਾਊਦ, ਤਰਮਜ਼ੀ ਨਿਸਾਈ, ਇਬਨਮਾਜ਼ਾ ਤੇ ਮੁਅੱਤਾ ਦੀਆਂ ਤੇ ਖ਼ਾਸ ਮੰਨੀਆਂ ਹੋਈਆਂ ਪੁਸਤਕਾਂ ਨੇ। ਬੁਖ਼ਾਰੀ ਤੇ ਮੁਸਲਮ ਦੀ ਖ਼ਾਸ ਥਾਂ ਹੈ। ਇਲਮੇ ਫ਼ਿਕਾਹ ਦੀਆਂ, ਮੰਨਤੀ ਅਲਮਸਲੀ, ਕਦੂਰੀ, ਦੁੱਰੇ ਮੁਖ਼ਤਾਰ, ਕਨਜ਼ੁਲਦਕਾਇਕ, ਸ਼ਰਾਹ ਹਦਾਇਆ, ਸ਼ਰਾਹ ਵਕਾਇਆ ਅਤੇ ਜਾਮਿਆ ਸਗੀਰ ਇਮਾਮ ਮੁਹੰਮਦ ਵਿੱਚ ਬੜੇ ਮਹੀਨ ਤੇ ਵਿਸ਼ਾਲ ਬਿਆਨ ਦਰਜ ਹਨ ਪਰ ਏਥੇ ਪਾਠਕਾਂ ਦੀ ਲੋੜੀਂਦੀ ਜਾਣਕਾਰੀ ਲਈ ਨਮਾਜ਼ ਤੇ ਮਸੀਤ ਦੇ ਮਸਲਿਆਂ ਤੇ ਏਨਾ ਦੱਸਣਾ ਹੀ ਕਾਫ਼ੀ ਹੈ ਕਿਉਂਕਿ ਗੁਰੂ ਨਾਨਕ ਜੀ ਇਹਨਾਂ ਸਾਰਿਆਂ ਸ਼ਰਈ ਮਸਲਿਆਂ ਤੋਂ ਬਹੁਤ ਅੱਛੀ ਤਰ੍ਹਾਂ ਵਾਕਫ ਸਨ ਜਿਨ੍ਹਾਂ ਬਾਰੇ ਇਹਨਾਂ ਆਪਣੇ ਸ਼ਬਦਾਂ ਵਿੱਚ ਜ਼ਿਕਰ ਜਾਂ ਸੰਕੇਤ ਕੀਤੇ ਹਨ ਜਾਂ ਮੁਸਲਮਾਨਾਂ ਨਾਲ ਬਹਿਸ ਦੇ ਸਮੇਂ ਇਹਨਾਂ ਨੂੰ ਉਨ੍ਹਾਂ ਦੇ ਮਜ਼ਬ ਬਾਰੇ ਲੰਮੀ ਚੁੜੇਰੀ ਵਾਕਫ਼ੀ ਹੋਣ ਦੇ ਕਾਰਨ ਕਈਆਂ ਦੇ ਮੁਤਅੱਸਬ ਸ਼ੰਕਿਆਂ ਤੇ ਸ਼ਟੰਡਾਂ ਨੂੰ ਦੂਰ ਕੀਤਾ।

ਜਿਵੇਂ ਉਤੇ ਦੱਸਿਆ ਜਾ ਚੁੱਕਾ ਹੈ ਨਵਾਬ, ਮੁੱਲਾਂ ਤੇ ਗੁਰੂ ਸਾਹਿਬ ਮਸੀਤੇ ਪੁੱਜ ਗਏ। ਨਵਾਬ ਤੇ ਮੁੱਲਾਂ ਨੇ ਉਤੇ ਦੱਸੇ ਸ਼ਰੀਅਤ ਦੇ ਅਸਲਾਂ ਨੂੰ ਬੜੇ ਧਿਆਨ ਨਾਲ ਮੁੱਖ ਰੱਖ ਕੇ ਵੁਜ਼ੂ ਕੀਤਾ ਪਰ ਗੁਰੂ ਸਾਹਿਬ ਸਹਿਜ ਸੁਭਾਅ ਹੀ ਕੋਲ ਖਲੋਤੇ ਰਹੇ। ਫਿਰ ਉਹਨਾਂ ਨਮਾਜ਼ ਦੇ ਸਾਰੇ ਨਿਯਮਾਂ ਦੀ ਪਾਲਨਾ ਕਰਕੇ ਨਮਾਜ਼ ਪੜ੍ਹੀ ਤੇ ਨਿਯਤ ਸਿਜਦੇ ਵੀ ਕੀਤੇ। ਗੁਰੂ ਸਾਹਿਬ ਅੰਤਰ ਧਿਆਨ ਹੋ ਕੇ ਰੱਬ ਦੀ ਯਾਦ ਵਿੱਚ ਖਲੋਤੇ ਰਹੇ ਤੇ ਨ ਰੁਕੂਅ ਦੇ ਤੌਰ ਤੇ ਝੁੱਕੇ ਤੇ ਨ ਸਿਜਦੇ ਦੀ ਰਸਮ ਪੂਰੀ ਕੀਤੀ। ਬੱਸ, ਅਹਿਲ, ਅਡੋਲ, ਅਬੋਲ ਅਤੇ ਇਕਾਗਰ ਹੋ ਕੇ ਨਮਾਜ਼ੀਆਂ ਦੀ ਪਾਲ ਵਿੱਚ ਖਲੋਤੇ ਰਹੇ। ਨਵਾਬ, ਮੌਲਵੀ, ਹੋਰ ਨਮਾਜ਼ੀ ਤੇ ਮਸੀਤ ਦੇ ਕੋਲ ਖਲੋ ਕੇ ਵੇਖਦੇ ਮੁਸਲਮਾਨ ਨਾਨਕ ਦੀ ਅਨੋਖੀ ਨਮਾਜ਼ ਤੇ ਬੜੇ ਹੈਰਾਨ ਵੀ ਹੋਏ ਤੇ ਚਿੜ੍ਹੇ ਵੀ। ਨਵਾਬ ਤੇ ਮੌਲਵੀ ਨੇ ਕਿਹਾ, "ਤੂੰ ਤੇ ਆਖਦਾ ਸੈਂ ਕਿ ਰੱਬ ਹਿੰਦੂਆਂ ਤੇ ਮੁਸਲਮਾਨਾਂ ਦਾ ਸਾਂਝਾ ਹੈ ਤੇ ਮੈਂ ਮਸੀਤ ਵਿੱਚ ਜਾ ਕੇ ਤੁਹਾਡੇ ਨਾਲ ਨਮਾਜ਼ ਪੜ੍ਹਾਂਗਾ ਪਰ ਤੂੰ ਸਾਡੇ ਨਾਲ ਆ ਕੇ ਇਸ ਸ਼ਰਾਅ ਦੇ ਵਿਰੁਧ ਨਮਾਜ਼ ਦੀ ਹੱਤਕ ਤੇ ਸਾਡੀ ਤੋਹੀਨ ਕੀਤੀ ਹੈ। ਤੂੰ ਨਮਾਜ਼ ਦੀ ਕੋਈ ਲਾਜ਼ਮ, ਵਾਜਬ, ਸੁੰਨਤ ਤੇ ਅਖ਼ੀਰ ਰੁਕਨ ਤੇ ਸਿਜਦੇ ਤੱਕ ਕੋਈ ਵੀ ਅਦਾ ਨਹੀਂ ਕੀਤੀ। ਤੂੰ ਨਮਾਜ਼ ਨਹੀਂ ਪੜ੍ਹੀ।" ਗੁਰੂ ਨਾਨਕ ਸਾਹਿਬ ਬੋਲੇ, "ਨਵਾਬ ਸਾਹਿਬ, ਤੁਸੀਂ ਤੇ ਮੈਨੂੰ ਕਹਿੰਦੇ ਹੋ ਕਿ ਮੈਂ ਕਾਅਬੇ ਜਾਂ ਰੱਬ ਦੀ ਦਰਗਾਹ ਵਿੱਚ ਸਿਜਦਾ ਨਹੀਂ ਕੀਤਾ। ਤੁਹਾਡੀ ਸ਼ਕਾਇਤ ਤੇ ਰੰਜਸ਼ ਗ਼ਲਤ ਹੈ। ਮੈਂ ਤਾਂ ਰੱਬ ਦੀ ਦਰਗਾਹ ਵਿੱਚ ਗਿਆ ਸਾਂ ਪਰ ਤੁਸੀਂ ਤੇ ਨ ਹੀ ਮੌਲਵੀ ਹੋਰੀਂ ਉਥੇ ਪੁੱਜੇ। ਤੁਸੀਂ ਤੇ ਕਾਬਲ 'ਚੋਂ ਘੋੜੇ ਖ਼ਰੀਦਣ ਗਏ ਹੋਏ ਸਾਓ।" ਗੱਲ ਠੀਕ ਸੀ। ਨਵਾਬ ਦਾ ਮਨ ਨਮਾਜ਼ ਪੜ੍ਹਦਿਆਂ ਇਕਾਗਰ ਨਹੀਂ ਸੀ ਹੋ ਸਕਿਆ ਤੇ ਸੱਚ ਮੁੱਚ ਹੀ ਉਸ ਨੂੰ ਘੜੀ ਮੁੜੀ ਕਾਬਲ ਤੋਂ ਘੋੜੇ ਖਰੀਦਣ ਦਾ ਖਿਆਲ ਹੀ ਸਤਾਂਦਾ ਰਿਹਾ। ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਗੁਰੂ ਸਾਹਿਬ ਦੇ ਦੌਲਤ ਖਾਂ ਲੋਧੀ ਨੂੰ ਆਖੇ ਹੋਏ ਬਚਨਾਂ ਬਾਰੇ ਲਿਖਿਆ ਹੈ :—



Digitized by Panjab Digital Library | www.panjabdigilib.org

ਮੱਥੇ ਠੋਕੇ ਜ਼ਿਮੀ ਪਰ, ਦਿਲ ਉਠੇ ਅਸਮਾਨ,
ਘੋੜੇ ਕਾਬਲ ਖ਼ਰੀਦ ਕਰੇ, ਦੌਲਤ ਖ਼ਾਂ ਪਠਾਨ ।

ਨਵਾਬ ਦੀ ਸਾਰੀ ਚੱੜ੍ਹ ਤੇ ਫੋਕੇ ਰੁਅਬ ਦੀ ਟੈਂ ਖ਼ਤਮ ਹੋ ਗਈ। ਉਹ ਆਪਣੇ ਮੋਦੀ ਨਾਨਕ ਦੀ ਰੂਹਾਨੀ ਫ਼ਜ਼ੀਲਤ ਨੂੰ ਮੰਨ ਗਿਆ ਅਤੇ ਆਪਣੇ ਰਸਮੀ ਜਾਂ ਬੈਰੂਨੀ-ਮੋਮਨ ਪੁਣੇ ਤੇ ਬੜਾ ਪਸ਼ੇਮਾਨ ਹੋਇਆ ।

ਫਿਰ ਗੁਰੂ ਸਾਹਿਬ ਨੇ ਕਿਹਾ, "ਮੌਲਵੀ ਜੀ ਤੁਸੀਂ ਮੈਨੂੰ ਤੇ ਨਮਾਜ਼ ਪੜ੍ਹਨ ਆਪਣੇ ਨਾਲ ਲੈ ਆਏ ਤੇ ਮੇਰੇ ਸਿਜਦੇ ਨ ਜਾਣ ਤੇ ਏਅਤਰਾਜ਼ ਕਰਦੇ ਹੋ ਪਰ ਤੁਸੀਂ ਤੇ ਰੱਬ ਦੀ ਦਰਗਾਹ ਵੱਲ ਟੁਰੇ ਹੀ ਨਹੀਂ । ਆਪਣੇ ਘਰ ਦੇ ਵਿਹੜੇ ਵਿੱਚ ਖੂਹ ਦੇ ਆਲੇ-ਦੁਆਲੇ ਭਜਦੇ ਰਹੇ ਹੋ ਤਾਕਿ ਤੁਹਾਡੀ ਨਵੀਂ ਸੂਈ ਘੋੜੀ ਦਾ ਵਛੇਰਾ ਖੂਹ ਵਿਚ ਨ ਡਿੱਗੇ ।" ਕੁਦਰਤ ਕਰਤਾਰ ਦੀ, ਇਹ ਗੱਲ ਵੀ ਸੱਚੀ ਸੀ ਅਤੇ ਮੌਲਵੀ ਨੂੰ ਵੀ ਘੋੜੀ ਦੇ ਬੱਚੇ ਦੇ ਖੂਹ ਵਿੱਚ ਡਿੱਗ ਪੈਣ ਦੇ ਫਿਕਰ ਨੇ ਹੀ ਨੱਥੀ ਰੱਖਿਆ । ਭਾਵੇਂ ਉਹ ਸ਼ਰਈ ਤਰੀਕੇ ਨਾਲ ਪੂਰੀ ਪਾਕੀ ਕਰਕੇ ਨਮਾਜ਼ ਪੜ੍ਹਦਾ ਰਿਹਾ । ਨਵਾਬ ਤੇ ਮੌਲਵੀ ਦੋਵੇਂ ਹੈਰਾਨ ਪਰੇਸ਼ਾਨ ਹੋ ਗਏ ਅਤੇ ਗੁਰੂ ਸਾਹਿਬ ਦੀ ਆਤਮਕ ਸ਼ਕਤੀ, ਸਾਦਗੀ, ਅਸਲੀ ਅਰਥਾਂ ਵਿੱਚ ਪਵਿੱਤਰਤਾ ਤੇ ਅੰਤਰਗਾਮਤਾ ਤੋਂ ਏਨੇ ਪ੍ਰਭਾਵਤ ਹੋਏ ਕਿ ਅੱਗੋਂ ਕੋਈ ਹੋਰ ਦਲੀਲ ਦੇਣ ਜੋਗੇ ਨ ਰਹੇ ।

•

ਸਾਰੇ ਉਹ ਲੋਕ ਜੋ ਨਾਨਕ ਮੋਦੀ ਨੂੰ ਮਸਤਾਨਾ, ਕਮਲਾ-ਰਮਲਾ, ਸਾਈਂ ਲੋਕ ਤੇ ਸਿੱਧੜ ਸਮਝਦੇ ਸਨ ਆਪਣੇ ਭੁਲੇਖੇ ਤੇ ਪਛਤਾਣ ਲੱਗੇ । ਸੂਝਵਾਨ ਲੋਕ ਗੁਰੂ ਸਾਹਿਬ ਦੇ ਲਫ਼ਜ਼ਾਂ, "ਨ ਕੋਈ ਹਿੰਦੂ ਨ ਮੁਸਲਮਾਨ" ਦਾ ਅਸਲੀ ਤੇ ਵਿਚਲਾ ਭਾਵ ਸਮਝ ਗਏ । ਇਹਨਾਂ ਸ਼ਬਦਾਂ ਜਾਂ ਇਸ ਅਣਸੁਣੇ ਨਾਅਰੇ ਦੇ ਦੋ ਅਰਥ ਨਿਕਲਦੇ ਸਨ । ਪਹਿਲਾ ਇਹ ਕਿ ਗੁਰੂ ਸਾਹਿਬ ਲਈ 'ਨ ਕੋਈ ਹਿੰਦੂ ਨ ਮੁਸਲਮਾਨ' ਸਭ ਇੱਕੋ ਜਿਹੇ ਇਨਸਾਨ ਨੇ । ਦੂਜਾ ਅਰਥ ਇਹ ਸੀ ਕਿ ਕੀ ਹਿੰਦੂ ਤੇ ਕੀ ਮੁਸਲਮਾਨ ਸਭ ਵਖਾਲੇ ਦੀਆਂ ਮਜ਼੍ਹਬੀ ਰਸਮਾਂ ਦੇ ਰੱਸੇ ਨਾਲ ਨਰੜੇ ਹੋਏ ਨੇ ਅਤੇ ਅਮਲੀ ਤੌਰ ਤੇ ਆਪਣੇ ਧਰਮ ਦੇ ਉਚੇ ਅਸੂਲਾਂ ਤੇ ਕੋਈ ਵੀ ਨਹੀਂ ਚੱਲਦਾ। ਕੀ ਆਲਮ ਫ਼ਾਜ਼ਲ ਮੁੱਲਾਂ-ਮੌਲਾਣੇ, ਕੀ ਵਿਦਵਾਨ ਪੰਡਤ-ਪਾਂਧੇ ਤੇ ਕੀ ਰਾਜੇ ਤੇ ਰਯਤ, ਸਭ ਗੱਲਾਂ ਤੇ ਬਾਹਰਲੇ ਵਖਾਲੇ ਜਾਂ ਪਾਖੰਡ ਨਾਲ ਬਹਿਸ਼ਤ ਲਭਦੇ ਤੇ ਫੋਕੇ ਗਿਆਨ ਧਿਆਨ ਦੇ ਦਰਸ਼ਨੀ ਭਲਵਾਨ ਨੇ । ਅੰਦਰੋਂ ਖੋਖਲੇ ਤੇ ਖ਼ਾਲਮ-ਖ਼ਾਲੀ । ਨਵਾਬ ਤੇ ਮੌਲਵੀ ਦੀ ਬਾਹਰਲੀ ਪਾਰਸਾਈ ਪਰ ਮਨ ਦੀ ਅੰਦਰਲੀ ਭਟਕਣਾ ਉਤੇ ਦੱਸੀ ਜਾ ਚੁੱਕੀ ਘਟਨਾ ਨੇ ਇਸ ਹਕੀਕਤ ਵਿੱਚ ਕੋਈ ਸ਼ੱਕ ਨਹੀਂ ਸੀ ਛੱਡਿਆ ।

ਗੁਰੂ ਸਾਹਿਬ ਆਪਣੇ ਪਹਿਲੇ ਚੁੱਪ-ਚੁਪਾਤੇ ਜੀਵਨ ਦੀ ਮੰਜ਼ਲ ਤੋਂ ਅੱਗੇ ਲੰਘ ਚੁੱਕੇ ਸਨ । ਉਹ ਉਤੇ ਅੰਕਤ ਨਾਅਰੇ ਤੋਂ ਜੀਵਨ ਦੀ ਕਿਤਾਬ ਦਾ ਨਵਾਂ ਵਰਕਾ ਖੋਲ੍ਹ ਰਹੇ ਸਨ ।

ਨਵਾਬ, ਮੌਲਵੀ ਤੇ ਹੋਰ ਮੁਸਲਮਾਨਾਂ ਨੇ ਗੁਰੂ ਜੀ ਨੂੰ ਇਕ ਭਾਰੀ ਰੂਹਾਨੀ ਸ਼ਖਸੀਅਤ ਜਾਣ ਕੇ ਕੁੱਝ ਹੋਰ ਮਸਲੇ ਛੇੜਨੇ ਚਾਹੇ ਪਰ ਗੁਰੂ ਸਾਹਿਬ ਨੇ ਕਿਹਾ ਕਿ ਨਿਰੀਆਂ ਵਖਾਲੇ ਦੀਆਂ, ਪਾਕ



Digitized by Panjab Digital Library | www.panjabdigilib.org

ਸਰੀਰ, ਪਾਕ ਲਿਬਾਸ ਨਾਲ ਨਮਾਜ਼ਾਂ ਪੜ੍ਹੀਆਂ ਦੇ ਸਿਜਦੇ ਬੇਅਰਥ ਹਨ। ਜਿੰਨਾ ਚਿਰ ਮਨੁੱਖ ਵਿੱਚ ਸੱਚ, ਸਿਦਕ, ਮਿਹਰ ਮੁਹੱਬਤ, ਲਾਲਚ ਤੋਂ ਆਜ਼ਾਦੀ, ਆਪਣੀ ਹੱਕ ਹਲਾਲ ਦੀ ਕਮਾਈ ਦੀ ਘਾਲਣਾ, ਅਮਲੀ ਜ਼ਿੰਦਗੀ ਦਾ ਕਾਅਬਾ ਅਤੇ ਹਯਾ ਜਾਂ ਆਚਰਣ ਦੀ ਅਮਲੀ ਉੱਚਤਾ ਦਾ ਸੰਚਾਰ ਨਹੀਂ ਹੁੰਦਾ। ਉਹਨਾਂ ਮਸੀਤ ਵਿੱਚ ਖਲੋ ਕੇ ਭਾਰੀ ਮਜਲਸ ਵਿੱਚ ਵਖਾਲੇ ਦੇ ਮੁਸਲਮਾਨਾਂ ਦੇ ਹਕੀਕਤ ਤੇ ਅਮਲ ਤੋਂ ਦੁਰਾਡੇ ਜੀਵਨ ਦੇ ਕਈ ਮਸਲਿਆਂ ਤੇ ਬੜੇ ਨਿਧੜਕ ਹੋ ਕੇ ਵਾਅਜ਼ ਕੀਤੀ। ਇਹ ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਦਾ ਪਹਿਲਾ ਤੇ ਮੁੱਢਲਾ, ਲੋਕਾਂ ਸਾਹਮਣੇ ਖੁਲ੍ਹ-ਮੁਖੱਲਾ ਪਰਚਾਰ ਸੀ। 'ਨ ਕੋਈ ਹਿੰਦੂ ਨ ਮੁਸਲਮਾਨ' ਦੇ ਨਾਅਰੇ ਦੇ ਲਫ਼ਜ਼ਾਂ 'ਚੋਂ ਹਿੰਦੂਆਂ ਦੇ ਦੰਭੀ ਜੀਵਨ ਬਾਰੇ ਤਾਂ ਉਹ ਪਹਿਲਾਂ ਤਲਵੰਡੀ ਤੇ ਸੁਲਤਾਨ ਪੁਰ ਲੋਧੀ ਦੋਹੀਂ ਥਾਵੀਂ ਬ੍ਰਾਹਮਣਾਂ ਜਾਂ ਪੰਡਤਾਂ ਨੂੰ ਕਾਫ਼ੀ ਕੁਝ ਕਹਿ ਚੁੱਕੇ ਸਨ। ਇਸ ਮੌਕੇ ਤੇ ਉਹਨਾਂ ਮੁਸਲਮਾਨਾਂ ਨੂੰ ਖਰੀਆਂ-ਖਰੀਆਂ ਸੁਣਾਈਆਂ ਪਰ ਸਰੇ-ਬਾਜ਼ਾਰ ਤੇ ਡੰਕੇ ਦੀ ਚੋਟ ਨਾਲ।

ਉਹਨਾਂ ਉਸ ਭਰੀ ਮਜਲਸ ਵਿੱਚ ਮੁਸਲਮਾਨਾਂ ਦੀ ਸਭ ਤੋਂ ਸਰੇਸ਼ਟ ਮਜ਼੍ਹਬੀ ਜ਼ਿਆਰਤਗਾਹ ਮੱਕੇ ਤੋਂ ਲੈ ਕੇ ਤੇ ਸੁੰਨਤਾ ਰੋਜ਼ਾ ਕਲਮਾ, ਨਮਾਜ਼ ਤੇ ਮੁੱਸੱਲਾ, ਮਸੀਤ ਤੇ ਤਸਬੀਹ ਆਦਿ ਦਾ ਨਾਂ ਲੈ ਕੇ ਵਾਰ ਮਾਝ ਵਿਚ ਕਿਹਾ ਹੈ :—

ਮਿਹਰ ਮਸੀਤਿ ਸਿਦਕੁ ਮੁਸੱਲਾ ਹੱਕ ਹਲਾਲੁ ਕੁਰਾਣੁ।
ਸਰਮ ਸੁੰਨਤਿ ਸੀਲ ਰੋਜ਼ਾ ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।

ਕਾਜ਼ੀ ਸ਼ਰੀਅਤ ਦਾ ਵਖਾਲਾ, ਲਾਲਚ ਦਾ ਬੱਝਾ ਹੋਇਆ ਸੀ ਤੇ ਵੱਢੀ ਲੈ ਕੇ ਬੇਇਨਸਾਫ਼ੀ ਵੀ ਕਰਦਾ ਸੀ। ਹੁਕਮਰਾਨ, ਨਵਾਬ ਤੇ ਰਾਜੇ ਵੀ ਗ਼ਰੀਬਾਂ ਦੀ ਕਮਾਈ ਖਾਂਦੇ ਤੇ ਜ਼ਿੰਦਗੀ ਦੀਆਂ ਹਰਾਮ ਹਰਕਤਾਂ ਦੇ ਭਾਗੀ ਸਨ। ਹਿੰਦੂ ਗਾਂ ਤੇ ਮੁਸਲਮਾਨ ਸੂਰ ਦੇ ਮਾਸ ਨੂੰ ਖਾਣਾ ਆਪਣੇ ਧਰਮਾਂ ਦੇ ਬਹੁਤ ਵੱਡੇ ਗੁਨਾਹ ਸਮਝਦੇ ਹਨ। ਗੁਰੂ ਸਾਹਿਬ ਬੇਨਜ਼ੀਰ ਫਿਲਾਸਫ਼ਰ ਤੇ ਸ਼ਾਇਰ ਸਨ। ਉਹਨਾਂ ਇਹ ਵੀ ਸਮਝਾਇਆ ਕਿ ਇਹ ਤਾਂ ਫਜ਼ੂਲ ਦੇ ਵਹਿਮ ਤੇ ਕਰਮ-ਕਾਂਡੀ ਸ਼ਰਤਾਂ ਨੇ ਜੇ ਸੱਚ ਪੁੱਛੋ, ਸਮਝੋ ਤੇ ਮੰਨੋ ਤਾਂ ਪਰਾਏ ਹੱਕ ਨੂੰ ਖੋਹਣਾ ਹਿੰਦੂ ਨੂੰ ਗਾਂ ਤੇ ਮੁਸਲਮਾਨ ਨੂੰ ਸੂਰ ਦਾ ਮਾਸ ਖਾਣ ਦੇ ਬਰਾਬਰ ਹੈ ਪਰ ਜੇ ਵਰਜਤ ਮਾਸ ਖਾਣ ਤੋਂ ਤਾਂ ਉੱਚਾ, ਸੁੱਚਾ ਤੇ ਸਚੇਰਾ ਬਣ ਬਣ ਬਹੇ ਪਰ ਦੂਜਿਆਂ ਦੀ ਹੱਡ-ਭੰਨ ਕਿਰਤ ਕਮਾਈ ਤੇ ਹੱਕਾਂ ਤੇ ਛਾਪਾ ਮਾਰੇ ਤਾਂ ਨਿਰੀਆਂ ਮਜ਼੍ਹਬੀ ਸ਼ਰਤਾਂ ਦੀ ਸੂਕਾ-ਸ਼ਾਕੀ ਦੀ ਸ਼ੁਹਰਤ ਦਾ ਕੀ ਲਾਭ? ਗੁਰੂ ਪੀਰ ਵੀ ਹਕੀਕਤ ਨੂੰ ਪਹਿਚਾਣ ਕੇ ਹਮਾਇਤ ਕਰਦੇ ਨੇ ਕਿਉਂਕਿ ਹਰਾਮ ਦੇ ਮਾਸ ਵਿੱਚ ਖੁਸ਼ਬੂਦਾਰ ਮਸਾਲੇ ਪਾਇਆਂ ਉਹ ਹਲਾਲ ਨਹੀਂ ਬਣ ਜਾਂਦਾ। ਇਹ ਹੀ ਮਨੁੱਖ ਦਾ ਹਾਲ ਹੈ——ਬਦਅਮਲ ਆਦਮੀ ਕਿਸੇ ਧਾਰਮਕ ਧੜੇ ਵਿੱਚੋ ਰਲਕੇ ਨ ਨੇਕ ਹੋਣ ਦਾ ਦਾਅਵਾ ਕਰ ਸਕਦਾ ਹੈ ਤਾਂ ਨ ਸੁਰਗ ਤੇ ਮੁਕਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਵਾਰ ਮਾਝ ਵਿੱਚ ਦੱਸਿਆ ਹੈ :—



Digitized by Panjab Digital Library | www.panjabdigilib.org

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।
ਗੁਰ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ।

ਵਾਰ ਮਾਝ ਵਿੱਚ ਹੀ ਨਮਾਜ਼ਾਂ ਬਾਰੇ ਲਿਖਦੇ ਨੇ :—

ਪੰਜਿ ਨਿਵਾਜਾਂ ਵਖਤ ਪੰਜਿ ਪੰਜਾਂ ਪੰਜੇ ਨਾਉ।
ਪਹਿਲਾ ਸਚੁ ਹਲਾਲ ਦੁਇ ਤੀਜੀ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ ਪੰਜਵੀਂ ਸਿਫਤਿ ਸਨਾਇ।
ਕਰਣੀ ਕਲਮਾ ਆਖ ਕੈ ਤਾ ਮੁਸਲਮਾਣੁ ਸਦਾਇ।
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ।

ਫਿਰ ਉਹਨਾਂ ਨੇ ਮੁਸਲਮਾਨਾਂ ਨੂੰ ਦੱਸਿਆ ਕਿ ਮੁਸਲਮਾਨ ਬਣਨ ਜਾਂ ਅਸਲੀ ਅਰਥਾਂ ਵਿੱਚ ਮੋਮਨ ਅਖਵਾਣ ਦਾ ਹੱਕਦਾਰ ਬਣਨ ਲਈ ਹੇਠ ਲਿਖੇ ਗੁਣ ਜ਼ਰੂਰੀ ਹਨ :—

ਮੁਸਲਮਾਨੁ ਕਹਾਵਣੁ ਮੁਸਕਲੁ ਜਾਂ ਹੋਇ ਤਾਂ ਮੁਸਲਮਾਣੁ ਕਹਾਵੈ।
ਅਵਲਿ ਅਉਲਿ ਦੀਨੁ ਕਰ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।
ਰਬ ਕੀ ਰਜਾਇ ਮਨੇ ਸਿਰ ਉਪਰਿ ਕਰਤਾ ਮਨੇ ਆਪੁ ਗਵਾਵੈ।
ਤਉ ਨਾਨਕ ਸਰਬ ਜੀਆਂ ਮਿਹਰੰਮਤਿ ਹੋਇ ਤਾਂ ਮੁਸਲਮਾਣੁ ਕਹਾਵੈ।

ਨਮਾਜ਼ੀ ਦੇ ਲਿਬਾਸ ਦੀ ਪਾਕੀਜ਼ਗੀ ਬਾਰੇ ਪਹਿਲਾਂ ਹੀ ਲੋੜੀਂਦੀਆਂ ਸ਼ਰਤਾਂ ਦੀ ਵਾਕਫੀ ਦਿੱਤੀ ਜਾ ਚੁੱਕੀ ਹੈ। ਗੁਰੂ ਨਾਨਕ ਜੀ ਮਹਾਰਾਜ ਇਸ ਮਸਲੇ ਬਾਰੇ ਵੀ ਵਾਰ ਮਾਝ ਵਿੱਚ ਹੀ ਫ਼ਰਮਾਂਦੇ ਨੇ :—

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ।

ਸਾਰੇ ਲੋਕ ਨਾਨਕ ਦੀਆਂ ਅਕੱਟ ਤੇ ਅਟੋਕ ਦਲੀਲਾਂ ਸੁਣ ਕੇ ਚਕਿਰਤ ਹੋ ਗਏ। ਮੁਸਲਮਾਨਾਂ ਨੂੰ ਤੇ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਕੋਈ ਵੱਲੀ-ਅੱਲਾ, ਹਾਤਿਫ, ਆਰਫ਼ ਜਾਂ ਪੀਰ-ਪੈਗੰਬਰ ਇਸਲਾਮੀ ਗੱਲਾਂ ਕਰਦਾ ਹੈ। ਇਹ ਹੈ ਸੀ ਵੀ ਸਚਾਈ। ਪਰਮ-ਮਨੁੱਖ ਗੁਰੂ ਨਾਨਕ ਦੀ ਉੱਚੀ ਆਤਮਾ ਪਰਮਾਤਮਾ ਨਾਲ ਅਭੇਦ ਹੋ ਚੁੱਕੀ ਸੀ ਕਿਉਂਕਿ ਉਸ ਨੇ ਆਪਣਾ ਮਨ ਮਾਰ ਤੇ



Digitized by Panjab Digital Library | www.panjabdigilib.org

ਜਿੱਤ ਕੇ ਜੱਗ ਵੀ ਜਿੱਤ ਲਿਆ ਸੀ ਤੇ ਦੂਜੇ ਪਾਸੇ ਨਵਾਬ ਤੇ ਮੌਲਵੀ ਹੋਰਾਂ ਦਾ ਮਨ ਨਮਾਜ਼ ਪੜ੍ਹਦਿਆਂ ਸਿਜਦੇ ਕਰਦਿਆਂ ਵੀ ਘੋੜਿਆਂ ਤੇ ਵਛੇਰਿਆਂ ਮਗਰ ਭੱਜਾ ਫਿਰਦਾ ਸੀ। ਉਹਨਾਂ ਤੇ ਜਪੁਜੀ ਸਾਹਿਬ ਦੀ ਅਠਾਈਵੀਂ ਪੌੜੀ ਵਿੱਚ ਹੀ ਮਨੁੱਖਤਾ ਨੂੰ ਜ਼ਿੰਦਗੀ ਦਾ ਰਾਜ਼ ਚਹੁੰ ਲਫਜ਼ਾਂ ਵਿੱਚ ਦੱਸ ਦਿੱਤਾ ਸੀ, "ਮਨਿ ਜੀਤੈ ਜਗੁ ਜੀਤੁ।"

ਗੁਰੂ ਸਾਹਿਬ, ਨਵਾਬ, ਮੌਲਵੀ ਤੇ ਹੋਰ ਮੁਸਲਮਾਨਾਂ ਨੂੰ ਇਹ ਹੀ ਦੱਸਣਾ ਚਾਹੁੰਦੇ ਸਨ ਕਿ ਵੁਜ਼ੂ, ਗ਼ੁਸਲ, ਰੁਕੂਅ ਤੇ ਸਿਜਦੇ ਦਾ ਕੋਈ ਫ਼ਾਇਦਾ ਨਹੀਂ ਜੇ ਮਨ ਲੋਭ ਲਾਲਚ ਅਤੇ ਆਪਣੀਆਂ ਗਰਜ਼ਾਂ ਮਗਰ ਦੌੜੰਗੇ ਕੱਢਦਾ ਫਿਰੇ। ਉਹਨਾਂ ਦਾ ਭਾਵ ਇਹ ਵੀ ਸੀ ਕਿ ਕਾਅਬੇ ਵੱਲ ਮੂੰਹ ਕਰਕੇ ਹੀ ਨਮਾਜ਼ ਪੜ੍ਹਨਾ ਤੇ ਰੱਬ ਨੂੰ ਸਿਰਫ਼ ਕਾਅਬੇ ਦੀ ਚਾਰਦੀਵਾਰੀ ਵਿੱਚ ਹੀ ਕੈਦ ਸਮਝਣਾ ਗ਼ਲਤੀ ਹੈ। ਰੱਬ ਹਰ ਜਗ੍ਹਾ, ਹਾਜ਼ਰ ਨਾਜ਼ਰ ਹੈ। ਸੱਚੇ ਅਰਥਾਂ ਵਿੱਚ ਖ਼ੁਦਾ ਰਸੀਦਾ ਜਾਂ ਪਰਮਾਤਮਾ ਪਹੁੰਚੇ ਇਨਸਾਨ ਲਈ ਰੱਬ ਹਰ ਥਾਂ, ਦੇਸ਼ ਤੇ ਦਿਸ਼ਾ ਵਿੱਚ ਮੌਜੂਦ ਹੈ, ਕਿਸੇ ਖਾਸ ਥਾਂ, ਜਾਨਿਬ ਜਾਂ ਦ੍ਰਿਸ਼ ਦੇ ਰਾਹੀਂ ਰੱਬ ਨਹੀਂ ਮਿਲਦਾ। ਉਸ ਦਾ ਮਿਲਾਪ ਤਾਂ ਮਨ ਦੀ ਸਫ਼ਾਈ, ਸੁਧਾਈ, ਸੋਧ ਤੇ ਵਸੀਕਾਰ ਰਾਹੀਂ ਪਰਾਪਤ ਹੁੰਦਾ ਹੈ। ਗੁਰੂ ਸਾਹਿਬ ਦੇ ਹਰਜਾਈ ਰੱਬ ਦੇ ਨਜ਼ਰੀਏ ਵਾਂਗੂ ਹੀ ਇਕ ਫ਼ਾਰਸੀ ਦੇ ਸ਼ਾਇਰ ਨੇ ਲਿਖਿਆ ਹੈ :—

ਤਸਵੀਰੇ ਤੂ ਮੇ ਬੀਨਮ ਬਰ ਹਰ ਦਰੋਦੀਵਾਰੇ।
ਪਰਦਾ ਨਸ਼ੀਨ ਗਸ਼ਤੀ ਰੁਸਵਾ ਸਰੇ ਬਾਜ਼ਾਰੇ।

ਮਨ ਦੇ ਸਿਜਦੇ ਦੀ ਲੋੜ ਹੈ ਨ ਕਿ ਮਨ ਬਾਹਰ ਕੌਡੀ ਖੇਡਦਾ ਫਿਰੇ ਜਾਂ ਆਪਣੇ ਕਾਮ, ਕਰੋਧ, ਮੋਹ, ਲੋਭ, ਹੰਕਾਰ ਦੇ ਧੜੇ ਨਾਲ ਰੱਲ ਕੇ ਬੇਵੱਸ ਹੋਵੇ ਪਰ ਸਰੀਰ ਨਮਾਜ਼, ਪੂਜਾ ਪਾਠ ਤੇ ਵਾਰ ਵਾਰ ਸਿਜਦੇ ਕਰਦਾ ਫਿਰੇ ਜਾਂ ਮੱਥੇ ਟੇਕਦਾ ਫਿਰੇ। ਸੱਚੇ ਰੱਬੀ ਇਸ਼ਕ ਨਾਲ ਮਨ ਦਾ ਇਕ ਸਿਜਦਾ ਹੀ ਕਾਫ਼ੀ ਹੈ ਜਿਵੇਂ "ਵਲਾ" ਨੇ ਕਿਹਾ ਹੈ :—

ਏਕ ਸਿਜਦੇ ਸੇ ਜ਼ਿਆਦਾ ਇਸ਼ਕ ਮੇਂ ਜਾਇਜ਼ ਨਹੀਂ,
ਵਰਨਾ ਆਲੂਦਾ ਜਬੀਨੇ ਬੰਦਗੀ ਹੋ ਜਾਇਗੀ।

ਨਾਲੇ ਅਹਿਸਾਨ ਆਜ਼ਮ ਗੜ੍ਹੀ ਅਨੁਸਾਰ ਜਿਸ ਮਨੁੱਖ ਦੀ ਆਤਮਾ ਰੱਬ ਨਾਲ ਹਮੇਸ਼ ਜੁੜੀ ਤੇ ਮਸਤ ਰਹਿੰਦੀ ਹੈ ਉਸ ਨੂੰ ਰਸਮੀ ਤੇ ਨਿਯਮਕ ਸਿਜਦੇ ਦੀ ਨ ਕੋਈ ਲੋੜ ਹੁੰਦੀ ਹੈ ਤੇ ਨ ਕੋਈ ਹੋਸ਼ :—

ਉਸ ਆਸਤਾਂ ਪਹਿ ਸਿਜਦੇ ਕਾ ਭੀ ਰਹਾ ਨ ਹੋਸ਼।
ਅੱਲਾ ਰੇ ਇਜ਼ਤਰਾਬ ਜਬੀਨੇ ਨਿਆਜ਼ ਕਾ।

ਗੁਰੂ ਸਾਹਿਬ ਦੀ ਆਤਮਕ ਉੱਚਤਾ ਤੇ ਮਾਨਸਕ ਵੱਸੀਕਾਰ ਅਤੇ ਨਵਾਬ ਤੇ ਮੌਲਵੀ ਦੀ ਰਸਮੀ ਨਮਾਜ਼, ਸਿਜਦੇ ਤੇ ਮਾਨਸਕ ਬਗ਼ਾਵਤ ਤੇ ਭਟਕਣਾ ਦੇ ਵਿਚਕਾਰ ਬੜਾ ਫ਼ਰਕ ਸੀ। ਇਸਲਾਮ ਅਤੇ ਸਾਰੀ ਮੁਹੰਮਦੀ ਉੱਮਤ ਬੁੱਤ-ਪੂਜਾ ਦੇ ਬੁਨਿਆਦੀ ਤੌਰ ਤੇ ਵਿਰੁਧ ਹੈ ਕਿਉਂਕਿ ਹਜ਼ਰਤ ਮੁਹੰਮਦ ਸਾਹਿਬ ਦਾ ਪੈਗੰਬਰੀ ਜੀਵਨ ਸ਼ੁਰੂ ਹੀ ਖ਼ੁਦਾ ਵੀ ਵਹਦਤ ਪ੍ਰਸਤੀ ਦੇ ਪਰਚਾਰ



Digitized by Panjab Digital Library | www.panjabdigilib.org

ਤੇ ਬੁੱਤ ਪੂਜਾ ਦੀ ਵਿਰੋਧਤਾ ਨਾਲ ਹੋਇਆ ਸੀ। ਅਸੂਲਨ ਇਸਲਾਮ ਵਾਂਗੂ ਸਿੱਖ ਧਰਮ ਵੀ ਬੁੱਤ ਪੂਜਾ ਦੇ ਵਿਰੁੱਧ ਹੈ। ਦੁਨੀਆਂ ਦਾ ਰੰਗ ਰੂਪ, ਸ਼ਿੰਗਾਰ, ਹੁਸਨ, ਸੁੱਖਾਂ ਦੇ ਪਦਾਰਥ ਤੇ ਪੈਸੇ ਆਦਿ ਦੀ ਲਿਲ੍ਹਕ ਵੀ ਤਾਂ ਆਤਮਕ ਪੱਖ ਵਿੱਚ ਬੁੱਤ-ਪੂਜਾ ਹੀ ਹੈ। ਨਵਾਬ ਤੇ ਕਾਜ਼ੀ ਮਸੀਤ ਵਿੱਚ ਨਮਾਜ਼ ਪੜ੍ਹਦੇ ਤੇ ਸਿਜਦੇ ਕਰਦੇ ਵੀ ਬੁੱਤਾਂ ਮਗਰ ਭੱਜਦੇ ਰਹੇ। 'ਯਕੀਨ' ਨੇ ਕਿੰਨਾ ਸੋਹਣਾ ਕਿਹਾ ਹੈ :—

ਕਾਅਬੇ ਮੇਂ ਹਮ ਗਏ ਨ ਗਿਆ ਪਰ ਬੁੱਤੋਂ ਕਾ ਇਸ਼ਕ।
ਇਸ ਦਰਦ ਕੀ ਖ਼ੁਦਾ ਕੇ ਭੀ ਘਰ ਮੇਂ ਦਵਾ ਨਹੀਂ।

ਗੁਰੂ ਸਾਹਿਬ ਤੇ ਹਰ ਥਾਂ ਆਪਣੇ ਆਪ ਨੂੰ ਰੱਬ ਦੀ ਗੋਦ ਵਿੱਚ ਹੀ ਸਮਝਦੇ ਸਨ, ਮੰਦਰ ਹੋਵੇ ਜਾਂ ਮਸੀਤ ਤੇ ਭਾਵੇਂ ਸੁਲਤਾਨ ਪੁਰ ਲੋਧੀ ਦੀ ਮਸੀਤ ਵਿੱਚ ਨਮਾਜ਼ ਹੋਵੇ ਤੇ ਭਾਵੇ ਜਗਨ ਨਾਥ ਪੁਰੀ ਦੇ ਮੰਦਰ ਵਿੱਚ ਆਰਤੀ। ਉਹ ਰੱਬ ਨਾਲ ਇੱਕ-ਜਾਨ, ਇੱਕ-ਮਿੱਕ ਤੇ ਅਭੇਦ ਹੋ ਚੁੱਕੇ ਸਨ। ਮਨੁੱਖ ਦੀ ਇਹੋ ਜਿਹੀ ਅਭੇਦਤਾ ਬਾਰੇ 'ਵਲਾ' ਦਾ ਸ਼ੇਅਰ ਹੈ :—

ਮਨ ਤੂੰ ਸ਼ੁਦਮ ਤੂ ਮਨ ਸ਼ੁਦੀ ਮਨ ਤਨ ਸ਼ਦਮ ਤੂ ਜਾਂ ਸ਼ੁਦੀ।
ਤਾ ਕਸ ਨ ਗੋਇਦ ਬਾਅਦ-ਅਜ਼ਾਂ ਮਨ ਦੀਗਰਮ ਤੂ ਦੀਗਰੀ।

ਮੂਰਾ ਤੁਲਮਸਨਵੀ ਵਿੱਚ ਆਉਂਦਾ ਹੈ ਕਿ ਜਦੋਂ ਸਿਜਦਾ ਸੱਚੇ ਰੱਬੀ ਇਸ਼ਕ ਨਾਲ ਧਰਤੀ ਤੇ ਕੀਤਾ ਜਾਂਦਾ ਹੈ ਤਾਂ ਮਨੁੱਖ ਨੂੰ ਰੱਬ ਦੀ ਬਖਸ਼ਸ਼ ਨਾਲ ਸਹਿਜ ਸੁਭਾ ਹੀ ਅਰਸ਼ ਦੀ ਪਰਾਪਤੀ ਹੋ ਜਾਂਦੀ ਹੈ :--

ਅਜ਼ ਬਰਾਏ ਸਿਜਦੈ ਇਸ਼ਕ, ਆਸਤਾਨੇ ਯਾਫ਼ਤਮ।
ਸਰਜ਼ਮੀਨ ਬੂਦ ਮਕਸੂਦ ਆਸਮਾਨੇ ਯਾਫ਼ਤਮ।

ਮੁਸਲਮਾਨ ਮਸੀਤ ਨਾਲ ਸਬੰਧਤ ਸਨ ਤੇ ਹਿੰਦੂ ਮੰਦਰ ਨਾਲ ਮੜ੍ਹੇ ਹੋਏ ਸਨ। ਦੋਵੇਂ ਧਿਰਾਂ ਅਮੂਮਨ ਰਸਮੀ ਪੂਜਾ-ਪ੍ਰਸਤੀਸ਼ ਵਿੱਚ ਹੀ ਵਿਹੜੀਆਂ ਹੋਈਆਂ ਸਨ ਪਰ ਗੁਰੂ ਸਾਹਿਬ ਜਿਹੀਆਂ ਨਿਰਪੱਖ ਤੇ ਆਤਮਕ ਕਮਾਈ ਵਾਲੀਆਂ ਆਤਮਾਵਾਂ ਨਾ ਤੇ ਮੰਦਰ ਦੀ ਕੰਧ ਵਿਚ ਕੈਦਲੀਆਂ ਹੋਈਆਂ ਸਨ ਤੇ ਨ ਮਸੀਤ ਦੇ ਮੁਨਾਰਿਆਂ ਵਿੱਚ ਮੁਕੀਨ—ਉਹ ਤੇ ਕੇਵਲ ਇਕ ਰੱਬ ਦੀਆਂ ਹੀ ਹੁੰਦੀਆਂ ਹਨ ਜਿਨ੍ਹਾਂ ਬਾਰੇ 'ਸਾਹਿਰ' ਦਾ ਸ਼ੇਅਰ ਬੜਾ ਢੁੱਕਦਾ ਹੈ ਅਤੇ ਜੋ ਗੁਰੂ ਸਾਹਿਬ ਮੋਦੀਖਾਨੇ ਦੀ ਰਸਤ ਤੋਲਦਿਆਂ ਤੇਰਾਂ, ਤੇਰਾਂ ਦੀ ਧੁਨੀ ਲਾ ਕੇ ਪਹਿਲਾਂ ਹੀ ਲੋਕਾਂ ਨੂੰ ਦੱਸ ਚੁੱਕੇ ਸਨ :—

ਕੋਈ ਹਰਮ ਸੇ ਦੈਰ ਸੇ ਮਨਸੂਬ ਹੈ ਕੋਈ।
ਇੱਕ ਰਹਿ ਗਿਆ ਹੂੰ ਮੈਂ ਕਿ ਤੁਮਹਾਰਾ ਕਹੇਂ ਜਿਸੇ।

ਇਹੋ ਜਿਹੀਆਂ ਆਤਮਾਵਾਂ ਰਸਮੀ ਸਿਜਦਿਆਂ ਦੀਆਂ ਮੁਹਤਾਜ ਨਹੀਂ ਹੁੰਦੀਆਂ। ਉਹਨਾਂ ਤੋਂ ਦੂਰ ਨਹੀਂ, ਰੱਬ ਸਦਾ ਦਿਲ ਦੇ ਕੋਲ ਹੀ ਹੁੰਦਾ ਹੈ ਜਿਵੇਂ "ਜਲੀਲ" ਲਿਖਦਾ ਹੈ :—



Digitized by Panjab Digital Library | www.panjabdigilib.org

ਬੰਦ ਕੀਂ ਆਂਖੇਂ ਤੋ ਤੁੱਝ ਕੋ ਪਾਇਆ ਐ ਪਰਦਾ ਨਸ਼ੀਂ ।

ਵੁਸਅਤੇ ਹੱਦੇ ਨਜ਼ਰ ਸੇ ਦੂਰ ਲੇਕਲ ਦਿਲ ਕੇ ਪਾਸ ।

"ਸ਼ਾਦਾ" ਪੀਰੋਮੀਰ ਦੇ ਕਹਿਣ ਅਨੁਸਾਰ ਉਹ ਤਾਂ ਇੱਕ ਮਾੜੀ ਜਿਹੀ ਨਜ਼ਰ ਨਾਲ ਹੀ ਆਪਣੇ ਮਹਿਬੂਬ ਦਾ ਦੀਦਾਰ ਆਪਣੇ ਦਿਲ 'ਚੋਂ ਕਰ ਲੈਂਦੇ ਨੇ :—

ਦਿਲ ਕੇ ਆਈਨਾ ਮੇਂ ਹੈ ਤਸਵੀਰੇ ਯਾਰ ।

ਜਬ ਜ਼ਰਾ ਗਰਦਨ ਝੁਕਾਈ ਦੇਖ ਲੀ ।

ਗੁਰੂ ਸਾਹਿਬ ਦੀ ਇਲਾਹੀ ਅਭੇਦਤਾ ਸ਼ਰਾਅ-ਸ਼ਰੀਅਤ ਤੇ ਕਰਮ-ਕਾਂਡ ਦੇ ਵਖਾਲੇ ਤੋਂ ਏਨੀ ਅੱਗੇ ਲੰਘ ਚੁੱਕੀ ਸੀ ਕਿ ਭਾਵੇਂ ਉਹ ਸਰੀਰਕ ਤੌਰ ਤੇ ਸਾਧਾਰਨ ਵਖਰੀ ਹੋਂਦ ਸਨ, ਪਰ ਅਸਲੀ ਤੇ ਆਖ਼ਰੀ ਅਰਥਾਂ ਵਿੱਚ ਉਹ ਰੱਬ ਨਾਲ ਹੀ ਰਚ-ਮਿਚ ਚੁੱਕੇ ਸਨ । ਮਨੁੱਖ ਦੀ ਇਹੋ ਜਿਹੀ ਉੱਚੀ ਦਸ਼ਾ ਨੂੰ 'ਇਸਮਾਈਲ ਮੇਰਠੀ' ਬੜੀ ਖ਼ੂਬਸੂਰਤੀ ਨਾਲ ਬਿਆਨ ਕਰਦਾ ਹੈ :—

ਜ਼ਾਹਿਰ ਤੂ ਹੈ ਤੋ ਮੈਂ ਨਿਹਾਂ ਹੂੰ

ਬਾਤਿਨ ਤੂ ਹੈ ਤੋ ਮੈਂ ਅੱਯਾਂ ਹੂੰ ।

ਤੂ ਹੀ ਜ਼ਾਹਿਰ ਹੈ ਤੂ ਹੀ ਬਾਤਿਨ,

ਤੂ ਹੀ ਤੂ ਹੈ ਤੋ ਮੈਂ ਕਹਾਂ ਹੂੰ ?

ਤੇਰੇ ਹੋਤੇ ਕਹੀਂ ਨਹੀਂ ਮੈਂ,

ਅਵੱਲ, ਆਖ਼ਰ ਨ ਦਰਮਿਆਂ ਹੂੰ ।

ਗੁਰੂ ਸਾਹਿਬ ਨੇ ਮਸੀਤ ਕੋਲ ਇਕੱਠੇ ਹੋਏ ਲੋਕਾਂ 'ਚ ਵਾਅਜ਼ ਕੀਤੀ । ਕਈ ਮਸਲਿਆਂ ਤੇ ਵਹਿਮਾਂ ਦੀਆਂ ਗੁੰਝਲਾਂ ਖੋਲ੍ਹੀਆਂ । ਪਰ ਇਹ ਸਭ ਕੁਝ ਹੁਣ ਉਹਨਾਂ ਫੋਕੇ ਕਰਮਕਾਂਡ ਦਾ ਭਾਂਡਾ ਭੰਨਣ ਲਈ ਕੀਤਾ । ਵਾਅਜ਼ ਜਾਂ ਵਖਿਆਨ ਦੀ ਸਮਾਪਤੀ ਦੇ ਬਾਅਦ ਸਾਰੇ ਲੋਕ ਆਪੋ ਆਪਣੇ ਘਰੀਂ ਚਲੇ ਗਏ । ਗੁਰੂ ਸਾਹਿਬ ਵੀ ਆਪਨੇ ਘਰ ਆ ਗਏ । ਉਹਨਾਂ ਘਰ ਦੇ ਸਾਰੇ ਜੀਆਂ ਨੂੰ ਆਖ ਦਿੱਤਾ ਕਿ ਮੈਂ ਹੁਣ ਕੁਝ ਸਮੇਂ ਲਈ ਸੱਚੇ ਦਾ ਸੁਨੇਹਾ ਪੁਚਾਣ ਲਈ ਤੁਹਾਡੇ ਤੋਂ ਦੂਰ ਦੁਰਾਡੇ ਥਾਵਾਂ ਤੇ ਦੇਸ਼ਾਂ ਵਿਚ ਜਾਣਾ ਹੈ । ਮੈਨੂੰ ਹੁਣ ਚੁੱਪ ਕਰਕੇ ਘਰ ਬਹਿ ਕੇ ਹੀ ਨਹੀਂ, ਚਾਰੇ ਕੂਟਾਂ ਭਉਂਕੇ ਇਹ ਕੰਮ ਕਰਨ ਲਈ ਕਰਤਾਰੀ ਸੱਦਾ ਹੈ । ਇਸ ਸੱਦੇ ਨੂੰ ਵਾਰ ਮਾਝ ਵਿੱਚ ਗੁਰੂ ਸਾਹਿਬ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :—

ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥

ਸੱਚੀ ਸਿਫ਼ਤ ਸਾਲਾਹ ਕਪੜਾ ਪਾਇਆ,

ਸੱਚਾ ਅੰਮ੍ਰਿਤ ਨਾਮੁ ਭੋਜਨੁ ਆਇਆ ।

ਗੁਰੂ ਨਾਨਕ ਨੇ ਮੋਦੀਖ਼ਾਨੇ ਦੀ ਨੌਕਰੀ ਕਰਨ ਤੋਂ ਇਨਕਾਰ ਕਰ ਦਿੱਤਾ । ਕਈ ਲੋਕ



Digitized by Panjab Digital Library | www.panjabdigilib.org

ਤਾਂ ਕਹਿਣ ਨਾਨਕ ਨੇ ਮੋਦੀਖ਼ਾਨੇ ਦਾ ਸਾਰਾ ਮਾਲ-ਮਤਾਅ ਵੰਡ-ਤੁਰੰਤ ਕੇ ਮੁਕਾ ਛੱਡਿਆ ਏ ਤੇ ਹੁਣ ਕਿਸੇ ਨ ਕਿਸੇ ਤਰ੍ਹਾਂ ਨਵਾਬ ਤੋਂ ਲੜ ਛੁਡਾਣਾ ਚਾਹੁੰਦਾ ਏ । ਗੁਰੂ ਸਾਹਿਬ ਨੂੰ ਇੱਕ ਕਮਰੇ ਵਿੱਚ ਨਜ਼ਰਬੰਦ ਵੀ ਕੀਤਾ ਗਇਆ ਜਿਸ ਨੂੰ ਹੁਣ 'ਕੋਠੜੀ ਸਾਹਿਬ' ਕਹਿੰਦੇ ਨੇ । ਨਾਵਾਬ ਤੇ ਦਿਲੋਂ ਨਾਨਕ ਮੋਦੀ ਨੂੰ ਆਪਨਾ ਪੀਰ ਮੰਨ ਬੈਠਾ ਸੀ ਪਰ ਫਿਰ ਵੀ ਮੋਦੀਖਾਨੇ ਦਾ ਹਿਸਾਬ ਕਿਤਾਬ ਕੀਤਾ ਗਿਆ ਤਾਂ ਗੁਰੂ ਸਾਹਿਬ ਦਾ ਮੋਦੀਖ਼ਾਨੇ ਵੱਲ ਸੱਤ ਸੌ ਰੁਪਇਆ ਨਿਕਲਿਆ । ਚੁਗ਼ਲ ਸ਼ਰਮਿੰਦੇ ਹੋਏ ਅਤੇ ਨਵਾਬ ਨੇ ਮਾਫ਼ੀ ਮੰਗੀ । ਗੁਰੂ ਸਾਹਿਬ ਨੂੰ ਆਪਣਾ ਬਣਦਾ ਰੁਪਇਆ ਦੇਣ ਦੀ ਬੜੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਰਕਮ ਨੂੰ ਗ਼ਰੀਬਾਂ ਤੇ ਲੋੜਵੰਦਾਂ ਵਿਚ ਵੰਡਵਾ ਦਿੱਤਾ ।

ਗੁਰੂ ਸਾਹਿਬ ਦੇ ਸਾਰੇ ਮਿੱਤਰ ਤੇ ਦਿਲੀ ਮੁਰੀਦ ਜਿਹੜੇ ਉਹਨਾਂ ਦੀ ਪਿਆਰ ਦੀ ਸਿੱਕ ਦੇ ਸਦਕਾ ਸੁਲਤਾਨਪੁਰ ਲੋਧੀ ਆਏ ਹੋਏ ਸਨ ਰੁਖ਼ਸਤ ਲੈ ਕੇ ਆਪਣੇ ਆਪਣੇ ਘਰ ਚਲੇ ਗਏ । ਬਾਲਾ ਵੀ ਵਾਪਸ ਤਲਵੰਡੀ ਚਲਾ ਗਿਆ ਪਰ ਮਰਦਾਨੇ ਨੇ ਸਾਰੀ ਉਮਰ ਗੁਰੂ ਸਾਹਿਬ ਨਾਲ ਰਹਿਣ ਦਾ ਅਟੱਲ ਇਰਾਦਾ ਕਰ ਲਿਆ ਜਿਸ ਨੂੰ ਇਸ ਨੇ ਨਿਭਾਇਆ । ਗੁਰੂ ਨਾਨਕ ਸਾਹਿਬ ਘਰ ਛੱਡ ਕੇ ਸ਼ਹਿਰੋਂ ਬਾਹਰ ਕਬਰਸਤਾਨ ਵਿੱਚ ਜਾ ਬੈਠੇ । ਘਰ ਦੇ ਜੀਅ ਤੇ ਹੋਰ ਲੋਕ ਉਹਨਾਂ ਕੋਲ ਕਬਰਸਤਾਨ ਵਿੱਚ ਵੀ ਜਾ ਕੇ ਬਹਿੰਦੇ ਅਤੇ ਉਹ ਆਤਮਕ ਗਿਆਨ ਦੀ ਬਰਖਾ ਨਾਲ ਸਭ ਨੂੰ ਠੰਢ ਪਾਂਦੇ ।

ਇਸ ਸਾਰੀ ਘਟਨਾ ਦੀ ਖ਼ਬਰ ਗੁਰੂ ਸਾਹਿਬ ਦੇ ਸਹੁਰੇ ਵੀ ਪੁੱਜ ਗਈ ਤੇ ਉਹ ਸੁਣ ਕੇ ਬੜੇ ਦੁੱਖੀ ਹੋਏ ਕਿ ਸਾਡੀ ਧੀ ਜਿਸ ਦੀ ਝੋਲੀ ਵਿਚ ਹੁਣ ਦੋ ਪੁੱਤਰ ਵੀ ਨੇ ਜ਼ਿੰਦਗੀ ਦਾ ਨਿਰਬਾਹ ਕਿਸ ਤਰ੍ਹਾ ਕਰੇਗੀ ? ਨਾਨਕ ਤੇ ਤਿਆਗੀ ਬਣ ਕੇ, ਘਰ ਹੀ ਛੱਡ ਬੈਠਾ ਹੈ । ਗੁਰੂ ਸਾਹਿਬ ਦਾ ਸਹੁਰਾ ਮੂਲ ਚੰਦ ਤੇ ਸੱਸ ਮਾਤਾ ਚੰਦੋ ਰਾਣੀ ਦੋਵੇਂ ਸੁਲਤਾਨ ਪੁਰ ਲੋਧੀ ਆਏ ਅਤੇ ਸਾਰੇ ਜੀਆਂ ਸਮੇਤ ਗੁਰੂ ਨਾਨਕ ਨੂੰ ਬੜਾ ਸਮਝਾਇਆ ਬੁਝਾਇਆ ਪਰ ਗੁਰੂ ਸਾਹਿਬ ਨੇ ਇੱਕ ਨੰਨਾ ਹੀ ਪਫੜ ਲਿਆ ਤੇ ਕਿਹਾ ਮੈਂ ਤਾਂ ਜ਼ਰੂਰ ਸੱਚ ਦਾ ਸੁਨੇਹਾ ਦੇਣ ਜਾਣਾ ਹੈ । ਇਹ ਮਨੋਰਥ ਘਰ ਬੈਠਿਆਂ ਪੂਰਾ ਨਹੀਂ ਹੋ ਸਕਦਾ । ਮਾਤਾ ਸੁਲੱਖਣੀ ਦਾ ਪਿਤਾ ਮੂਲ ਚੰਦ ਬੜਾ ਦੁਖੀ ਹੋਇਆ ਤੇ ਆਪਣੇ ਜਵਾਈ ਨਾਲ ਕੌੜੇ ਬਚਨ ਵੀ ਕੀਤੇ ਅਤੇ ਕਬਰਸਤਾਨ 'ਚੋਂ ਘਰ ਆ ਗਏ । ਪੰਡਤ ਸ਼ਿਆਮ ਦਾਸ ਨੂੰ ਨਾਲ ਲੈ ਕੇ ਫਿਰ ਗੁਰੂ ਨਾਨਕ ਕੋਲ ਗਏ ਕਿ ਉਹ ਨਾਨਕ ਨੂੰ ਗਿਆਨ ਗੋਸ਼ਟੀ ਤੇ ਦਲੀਲ ਨਾਲ ਤਬਦੀਲ ਕਰੇ ਤਾਂ ਕਿ ਉਹ ਘਰ ਬਾਹਰ ਛੱਡ ਕੇ ਬਾਹਰ ਜਾਣ ਦਾ ਇਰਾਦਾ ਤਰਕ ਕਰ ਦੇਵੇ । ਪੰਡਤ ਸ਼ਿਆਮਦਾਸ ਨੇ ਗੁਰੂ ਨਾਨਕ ਸਾਹਿਬ ਨਾਲ ਬੜੀ ਦਲੀਲ ਬਾਜ਼ੀ ਕੀਤੀ ਕਿ ਪਰਮਾਰਥ ਦੇ ਪਿੱਛੇ ਘਰ ਛੱਡਣ ਦੀ ਕੀ ਲੋੜ ਹੈ ? ਕਬਰਸਤਾਨ ਦੇ ਗੰਦੇ ਆਲੇ ਦੁਆਲੇ ਨੂੰ ਛੱਡ ਕੇ ਘਰ ਵਾਪਸ ਚਲੋ ਤੇ ਚਲ ਕੇ ਵੱਸੋ ਤੇ ਜੀਵ-ਆਤਮਾ ਤੇ ਪਰਮੇਸ਼ਰ ਦੇ ਗੁੱਝੇ ਰਾਜ਼ ਨੂੰ ਲਭੋ । ਗੁਰੂ ਸਾਹਿਬ ਨੇ ਪੰਡਤ ਤੇ ਸਵਾਲ ਕੀਤਾ ਕਿ ਸਰੀਰ ਦੀ ਕੱਚੀ ਗੜ੍ਹੀ ਵਿਚ ਮਾਸੂਮ ਮਨੁੱਖੀ ਆਤਮਾ ਦਾ ਬਾਲਕ ਰਾਜਾ ਰਹਿੰਦਾ ਹੈ ਅਤੇ ਇਸ ਦਾ ਪਿਆਰ ਕਾਮ, ਕਰੋਧ, ਮੋਹ, ਲੋਭ, ਹੰਕਾਰ ਜਿਹੇ ਦੁਸ਼ਟਾਂ ਦੇ ਨਾਲ ਹੈ । ਪਦਾਰਥ ਤੇ ਅਗਿਆਨਤਾ ਇਸ ਦੀਆਂ ਦੋ ਮਾਵਾਂ



Digitized by Panjab Digital Library | www.panjabdigilib.org

ਨੇ ਤੇ ਜੀਵ ਤੇ ਪਰਮਾਤਮਾ ਇਸ ਦੇ ਪਿਤਾ ਨੇ, ਜਿਨ੍ਹਾਂ ਦੀ ਖਿੱਚ ਧਰੂਹ ਤੇ ਦੁਬਿਦਾ ਵਿਚ ਇਹ ਹਮੇਸ਼ਾ ਫਸਿਆ ਰਹਿੰਦਾ ਹੈ। ਪੰਡਤ ਜੀ ਮੈਨੂੰ ਇਹ ਸਮਝਾਉ ਕਿ ਇਸ ਦੁਬਿਦਾ ਦੇ ਸ਼ਕੰਜੇ ਵਿੱਚ ਫਸ ਕੇ ਪਾਨ-ਪਤੀ ਪ੍ਰਮਾਤਮਾ ਨੂੰ ਕਿਵੇਂ ਪ੍ਰਾਪਤ ਕਰੀਏ ? ਗੁਰੂ ਸਾਹਿਬ ਨੇ ਇਸ ਪ੍ਰਸ਼ਨ ਨੂੰ ਰਾਗ ਬਸੰਤ ਵਿਚ ਇਸ ਤਰ੍ਹਾਂ ਲਿਖਿਆ ਹੈ :—

ਰਾਜਾ ਬਾਲਕੁ ਨਗਰੀ ਕਾਚੀ,
ਦੁਸ਼ਟਾਂ ਨਾਲਿ ਪਿਆਰੋ,
ਦੁਇ ਮਾਇ ਦੁਇ ਬਾਪਾ ਪੜੀਅਹਿ,
ਪੰਡਿਤ ਕਰਹੁ ਬੀਚਾਰੋ। (੧)
ਸੁਆਮੀ ਪੰਡਤਾ ਤੁਮ ਦੇਹੁ ਮਤੀ,
ਕਿਨ ਬਿਧ ਪਾਵਉ ਪ੍ਰਾਨ ਪਤੀ। (੨) ਰਹਾਉ ॥

ਪੰਡਤ ਸ਼ਿਆਮ ਦਾਸ ਨੂੰ ਇਸ ਸਵਾਲ ਦਾ ਜਵਾਬ ਨ ਅਹੁੜਿਆ। ਮੂਲ ਚੰਦ ਹੋਰੀ ਛਿੱਥੇ ਪੈ ਗਏ ਤੇ ਅਬਾ-ਤਬਾ ਬੋਲਣ ਲੱਗੇ। ਗੁਰੂ ਸਾਹਿਬ ਨੇ ਫਿਰ ਬਚਨ ਕੀਤਾ ਜੋ ਰਾਗ ਬਸੰਤ ਵਿਚ ਹੀ ਦਰਜ ਹੈ :—

ਭੀਤਰਿ ਅਗਨਿ ਬਨਾਸਪਤਿ ਮਉਲੀ,
ਸਾਗਰ ਪਿੰਡੈ ਪਾਇਆ,
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ,
ਐਸਾ ਗਿਆਨੁ ਨ ਆਇਆ। (੨)

ਇਹ ਸੁਣਕੇ ਪੰਡਤ ਸ਼ਿਆਮ ਦਾਸ ਫਿਰ ਬੋਲਿਆ ਕਿ ਜੇ ਸਭ ਕੁਝ ਅੰਦਰ ਹੀ ਹੈ ਤਾਂ ਘਰੋਂ ਬਾਹਰ ਜਾਣ ਦੀ ਕੀ ਲੋੜ ਹੈ ? ਘਰ ਦਾ ਕੰਮ ਕਾਜ ਕਰੋ। ਖੱਟੋ, ਕਮਾਓ ਤੇ ਖਾਓ। ਗੁਰੂ ਸਾਹਿਬ ਨੇ ਸ਼ਿਆਮ ਦਾਸ ਨੂੰ ਕਿਹਾ ਕਿ ਰੱਬ ਦੇ ਗੁਣਾਂ ਨੂੰ ਜਾਨਣ ਲਈ ਕਨਾਇਤ (ਸੰਤੋਖ ਜਾਂ ਸਬਰ) ਮਾਈ ਦੀ ਕਮਾਈ ਖਾ ਕੇ ਰੱਜੇ ਅਤੇ ਦਇਆ ਧਨ ਖੱਟੋ ਤੇ ਇਕੱਠਾ ਕਰੇ। ਰਾਗ ਬਸੰਤ ਵਿੱਚ ਫਿਰ ਫ਼ੁਰਮਾਂਦੇ ਨੇ :—

ਰਾਮ ਰਵੰਤਾ ਜਾਣੀਐ,
ਇਕ ਮਾਈ ਭੋਗੁ ਕਰੇਇ।
ਤਾ ਕੇ ਲਖਣ ਜਾਣੀਅਹਿ,
ਖਿਮਾ ਧਨ ਸੰਗ੍ਰਹੇਇ।

ਮੂਲ ਚੰਦ ਹੋਰੀਂ ਆਪਣੇ ਜਵਾਤਰੇ ਦੀਆਂ, ਆਪਣੀ ਸਮਝ ਤੋਂ ਬਾਹਰਲੀਆਂ ਗੱਲਾਂ ਸੁਣ ਕੇ ਆਪਣੀ ਬਰਦਾਸ਼ਤ ਤੋਂ ਬਿਲਕੁਲ ਬਾਹਰ ਹੋ ਗਏ ਤੇ ਪੰਡਤ ਸ਼ਿਆਮ ਦਾਸ ਨੂੰ ਕਹਿਣ ਲੱਗੇ



Digitized by Panjab Digital Library | www.panjabdigilib.org

ਚੱਲੋ ਚਲੀਏ ਇਸ ਦੇ ਤੇ ਦਿਮਾਗ ਨੂੰ ਪਤਾ ਨਹੀਂ ਕੀ ਹੋ ਗਿਆ ਹੈ? ਕਿਸੇ ਦੀ ਤੇ ਇਹ ਸੁਣਦਾ ਹੀ ਨਹੀਂ ਆਪਣੀਆਂ ਹੀ ਪੁੱਠੀਆਂ ਸਿੱਧੀਆਂ ਮਾਰੀ ਜਾਂਦਾ ਹੈ। ਗੁਰੂ ਸਾਹਿਬ ਨੇ ਉਤੇ ਚੱਲ ਰਹੇ ਸ਼ਬਦ ਦੀ ਲੜੀ ਨਾਲ ਲਗਵਾਂ ਬਚਨ ਫਿਰ ਕੀਤਾ :—

ਕਹਿਆ ਸੁਣਹਿ ਨ ਖਾਇਆ ਮਾਨਹਿ,

ਤਿਨ੍ਹਾਂ ਹੀ ਸੇਤੀ ਵਾਸਾ,
ਪ੍ਰਣਵਤ ਨਾਨਕ, ਦਾਸਨ ਦਾਸਾ,
ਖਿਨ ਤੋਲਾ ਖਿਨ ਮਾਸਾ। (੪)

ਪੰਡਤ ਸ਼ਿਆਮ ਦਾਸ ਗੁਰੂ ਸਾਹਿਬ ਦੇ ਅਥਾਹ ਬ੍ਰਹਮ ਗਿਆਨ ਤੇ ਬੜਾ ਹੈਰਾਨ ਹੋਇਆ ਤੇ ਨਮਸਕਾਰ ਕਰਕੇ ਮੂਲ ਚੰਦ ਹੋਰਾਂ ਨਾਲ ਵਾਪਸ ਘਰ ਆਇਆ।

ਜਿਵੇਂ ਪਹਿਲਾਂ ਦੱਸਿਆ ਸੀ ਕਿ ਮਰਦਾਨਾ ਸੁਲਤਾਨ ਪੁਰ ਆਇਆ ਹੋਇਆ ਸੀ। ਬਾਬਾ ਜੀ ਨੇ ਘਰ ਦੇ ਸਾਰੇ ਜੀਆਂ ਨੂੰ ਪਿਆਰ ਕੀਤਾ ਦੋਹਾਂ ਪੁੱਤਰਾਂ ਨੂੰ ਘੁੱਟ ਕੇ ਕਲੇਜੇ ਨਾਲ ਲਾਇਆ। ਆਪਣੀ ਪਤਨੀ, ਸੁਲੱਖਣੀ ਨੂੰ ਦਿਲਾਸਾ ਦਿੱਤਾ, ਜੀਜਾ ਜੈ ਰਾਮ ਹੋਰਾਂ ਤੋਂ ਸਤਿਕਾਰ ਸਹਿਤ ਛੁੱਟੀ ਮੰਗੀ ਤੇ ਆਪਣੀ ਭੈਣ ਨਾਨਕੀ ਤੋਂ ਵੀ ਬਾਹਰ ਜਾਣ ਦੀ ਆਗਿਆ ਪ੍ਰਾਪਤ ਕੀਤੀ। ਭੈਣ ਨਾਨਕੀ ਜੀ ਨੇ ਕਿਹਾ, "ਵੀਰ, ਤੂੰ ਮੇਰਾ ਸਿਰਫ ਵੀਰ ਹੀ ਨਹੀਂ, ਆਤਮਕ ਪੀਰ ਵੀ ਹੈਂ। ਤੂੰ ਕੁਰਾਹੀ ਦੁਨੀਆਂ ਨੂੰ ਰਾਹੇ ਪਾਣ ਜੰਮ-ਜੰਮ ਜਾ ਪਰ ਜਦੋਂ ਮੈਂ ਤੈਨੂੰ ਯਾਦ ਕਰਾਂ ਮੈਨੂੰ ਆ ਕੇ ਮਿਲਣ ਦਾ ਵਾਇਦਾ ਦੇ ਕੇ ਜਾ।" ਗੁਰੂ ਸਾਹਿਬ ਬੋਲੇ, "ਭੈਣ ਜੀ, ਮੈਂ ਤੁਹਾਨੂੰ ਬਚਨ ਦੇਂਦਾ ਹਾਂ ਕਿ ਜਦੋਂ ਵੀ ਤੁਸੀਂ ਮੈਨੂੰ ਦਿਲੋਂ ਯਾਦ ਕਰੋਗੇ, ਮੈਂ ਜ਼ਰੂਰ ਤੁਹਾਡੇ ਦਰਸ਼ਨ ਕਰਨ ਲਈ ਪੁੱਜ ਜਾਵਾਂਗਾ। ਭੈਣ ਜੀ, ਮੈਂ ਜੋਗੀਆਂ-ਜੰਗਮਾਂ ਵਾਂਗੂ ਘਰ ਬਾਰ ਛੱਡ ਕੇ ਸੰਸਾਰ ਤੋਂ ਨਫ਼ਰਤ ਕਰਕੇ ਜਾਂ ਇਸ ਦੇ ਪੀੜ-ਪੁਆੜਿਆਂ ਅਤੇ ਮਿਹਨ-ਮੁਸ਼ੱਕਤ ਤੋਂ ਡਰ ਕੇ ਨੱਸ ਨਹੀਂ ਚੱਲਿਆ। ਮੈਂ ਮਾਤਾ ਪਿਤਾ ਵਾਲਾ ਹਾਂ, ਸਹੁਰਿਆਂ ਵਾਲਾ ਹਾਂ, ਪਤਨੀ ਤੇ ਦੋ ਪੁੱਤਰਾਂ ਵਾਲਾ ਗ੍ਰਹਸਤੀ ਹਾਂ ਅਤੇ ਫਿਰ ਤੁਹਾਡੇ ਜਿਹੀ ਭੈਣ ਦਾ ਛੋਟਾ ਵੀਰ ਹਾਂ ਜਿਸ ਤੋਂ ਉਹ ਇਸ ਤੋਂ ਪਹਿਲਾਂ ਕਦੀਂ ਵੀ ਨਹੀਂ ਵਿਛੜੀ। ਮੈਂ ਤਾਂ ਰੱਬੀ ਹੁਕਮ ਅਨੁਸਾਰ ਰੱਬ ਦੇ ਬੁਤਕਾਰੀਏ ਅਤੇ ਸਾਰੀ ਮਨੁੱਖਤਾ ਦੇ ਸੇਵਕ ਦੀ ਹੈਸੀਅਤ ਵਿੱਚ ਥਾਂ ਥਾਂ ਤੇ ਕੁਰਾਹੇ ਪੈ ਲੋਕਾਂ ਨੂੰ ਪਾਪ ਤੇ ਝੂਠ ਦੀ ਮਸਿਆ ਦੀ ਅਨ੍ਹੇਰੀ ਰਾਤ ਵਿਚੋਂ ਨੇਕੀ ਤੇ ਸੱਚ ਦਾ ਰਾਹ ਵਖਾਣ ਚੱਲਿਆ ਹਾਂ। ਤੁਸੀਂ ਜਦੋਂ ਵੀ ਦਿਲੋਂ ਯਾਦ ਕਰੋਗੇ ਮੈਂ ਤੁਰਤ ਆ ਜਾਵਾਂਗਾ। ਵੈਸੇ ਵੀ ਸਮੇਂ ਸਮੇਂ ਘਰ ਘਾਟ ਦਾ ਪਤਾ ਲੈਂਦਾ ਰਹਾਂਗਾ। ਮੈਂ ਆਪਣੇ ਬਾਹਰਲੇ ਕੰਮ ਦੀ ਪੂਰਤੀ ਦਾ ਫ਼ਰਜ਼ ਅਦਾ ਕਰਕੇ ਅਖੀਰ ਘਰ ਆ ਕੇ ਹੱਥੀਂ ਕਿਰਤ ਕਮਾਈ ਕਰਨ ਵਾਲਾ ਘਰੇਲੂ ਜੀਵਨ ਹੀ ਬਿਤਾਣਾ ਹੈ।"

ਭੈਣ ਨਾਨਕੀ ਵੀਰ ਨੂੰ ਘੁੱਟ ਕੇ ਮਿਲੀ, ਸਿਰ ਤੇ ਪਿਆਰ ਦਿੱਤਾ ਤੇ ਕਹਿਣ ਲੱਗੀ, "ਹੱਛਾ ਵੀਰ, ਜੇ ਜਾਣਾ ਹੀ ਹੈ ਤਾਂ ਜਾ, ਵਾਹਿਗੁਰੂ ਤੈਨੂੰ ਸੁਖੀ ਰੱਖੇ, ਤੈਨੂੰ ਤੇਰੇ ਮਨੋਰਥ ਵਿੱਚ ਸਫਲਤਾ ਬਖਸ਼ੇ ਤੇ ਤੂੰ ਸੁਖੀ ਸਾਂਦੀ ਆਕੇ ਮਿਲਦਾ ਰਹੇਂ।" ਗੁਰੂ ਨਾਨਕ ਜੀ ਨੇ ਆਪਣੇ ਜਨਮ ਤੋਂ ਲੈ



Digitized by Panjab Digital Library | www.panjabdigilib.org

ਕੇ ਲਿਡਾਣ ਖਿਡਾਣ ਵਾਲੀ ਤੇ ਰਖਵਾਲੀ ਭੈਣ ਨਾਨਕੀ ਨੂੰ ਨਮਸਕਾਰ ਕੀਤੀ। ਫਿਰ ਮਰਦਾਨੇ ਨੂੰ ਕਿਹਾ, "ਭਾਈ ਮਰਦਾਨਿਆਂ ਫੜ ਰਬਾਬ ਤੇ ਚੱਲੀਏ। ਹੋਰ ਦੇਸ਼ਾਂ ਪਰਦੇਸ਼ਾਂ ਦੇ ਦੂਰ-ਦੁਰਾਡੇ ਤੇ ਲੰਮੇ ਸਫ਼ਰਾਂ ਤੋਂ ਪਹਿਲਾਂ ਆਪਣੇ ਦੇਸ਼ ਪੰਜਾਬ ਦੇ ਕੁਝ ਟਿਕਾਣਿਆਂ ਤੇ ਜਾਈਏ ਤੇ ਵੇਖੀਏ ਕਿ ਉਥੋਂ ਦੇ ਲੋਕਾਂ ਦਾ ਕੀ ਵਰਤਾਰਾ ਹੈ ?" ਇਸ ਤਰ੍ਹਾਂ ਗੁਰੂ ਸਾਹਿਬ ਸੱਚ ਦੇ ਪਰਚਾਰ ਲਈ ਮਰਦਾਨੇ ਨੂੰ ਨਾਲ ਲੈ ਕੇ ਸੁਲਤਾਨਪੁਰ ਲੋਧੀ ਤੋਂ ਟੁਰ ਗਏ ਤੇ ਸੁਲੱਖਣੀ ਦੇ ਮਾਤਾ ਪਿਤਾ ਉਸ ਨੂੰ ਕਹਿ ਗਏ ਕਿ ਜੇ ਹਾਲਾਤ ਮੰਗ ਕਰਨ ਤਾਂ ਸਾਨੂੰ ਦੱਸਣਾ ਅਸੀਂ ਤੁਹਾਨੂੰ ਤੇ ਬੱਚਿਆਂ ਨੂੰ ਆਪਣੇ ਕੋਲ ਲੈ ਜਾਵਾਂਗੇ।

ਗੁਰੂ ਨਾਨਕ ਸਾਹਿਬ ਦੀ ਜੀਵਨੀ ਤੇ ਸਫ਼ਰਾਂ ਬਾਰੇ ਸਭ ਤੋਂ ਭਰੋਸੇ ਯੋਗ, ਵਲਾਇਤ ਵਾਲੀ, ਹਾਫ਼ਜ਼ ਆਬਾਦ ਵਾਲੀ ਪੁਰਾਤਨ ਜਨਮ ਸਾਖੀ ਸਮਝੀ ਜਾਂਦੀ ਹੈ ਪਰ ਇਸ ਵਿੱਚ ਵੀ ਘਟਨਾਵਾਂ ਦੇ ਵਰਨਣ ਦਾ ਮਿਲਗੋਭਾ ਜਿਹਾ ਬਣਾਇਆ ਹੋਇਆ ਹੈ। ਇਹ ਜਨਮ ਸਾਖੀ ਛੇਵੀਂ ਪਾਤਸ਼ਾਹੀ ਦੇ ਸਮੇਂ ਲਿਖੀ ਗਈ ਸੀ। ਸਭ ਤੋਂ ਪੁਰਾਣੀ ਤੇ ਪਰਮਾਨੀਕ ਲਿਖਤ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਹੈ ਪਰ ਇਸ ਵਿੱਚ ਵੀ ਵਿਸਥਾਰ ਨਾਲ ਤਾਰੀਖਵਾਰ ਤੇ ਕੁਝ ਨਹੀਂ ਮਿਲਦਾ ਅਤੇ ਬਿਆਨ ਬੜਾ ਹੀ ਸੰਖੇਪ ਤੇ ਸੰਕੇਤਕ ਹੈ। ਇਹ ਵਾਰਾਂ ਗੁਰੂ ਨਾਨਕ ਸਾਹਿਬ ਦੇ ਦੇਹਾਂਤ ਤੋਂ ਕੋਈ 50 ਸਾਲ ਪਿਛੋਂ ਪੰਜਵੇਂ ਗੁਰੂ, ਗੁਰੂ ਅਰਜਨ ਜੀ ਦੀ ਅਗਵਾਈ ਤੇ ਨਗ-ਰਾਨੀ ਹੇਠ ਲਿਖੀਆਂ ਗਈਆਂ ਸਨ। ਇਸ ਲਈ ਭਾਵੇਂ ਗੁਰੂ ਸਾਹਿਬ ਬਾਰੇ ਜ਼ਿਕਰ ਅੱਤ-ਸੰਖੇਪ ਅਤੇ ਬਿਨਾਂ ਤਾਰੀਖ਼ਾਂ ਦੇ ਹੈ, ਹੈ ਸਭ ਤੋਂ ਜ਼ਿਆਦਾ ਪਰਮਾਨੀਕ। ਏਸੇ ਤਰ੍ਹਾਂ ਮੇਹਰਬਾਨ ਵਾਲੀ ਜਨਮ ਸਾਖੀ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਅਤੇ ਬਾਵਾ ਸਰੂਪ ਸਿੰਘ ਦਾ ਮਹਿਮਾ ਪਰਕਾਸ਼ ਹੈ, ਜੋ 1776 ਈਸਵੀ ਵਿੱਚ ਲਿਖਿਆ ਗਿਆ ਸੀ। ਏਸੇ ਤਰ੍ਹਾਂ ਹੀ ਭਾਈ ਰਤਨ ਸਿੰਘ ਭੰਗੂ ਦਾ ਪੰਥ ਪਰਕਾਸ਼, ਭਾਈ ਸੰਤੋਖ ਸਿੰਘ ਦਾ ਨਾਨਕ ਪਰਕਾਸ਼, ਗਿਆਨੀ ਗਿਆਨ ਸਿੰਘ ਦਾ ਪੰਥ ਪਰਕਾਸ਼ ਅਤੇ ਇਹਨਾਂ ਦੀ ਰੀਸ ਵਾਲਾ ਹੀ ਪਰ ਵਾਰਤਕ ਤੇ ਕਵਿਤਾ ਦੋਹਾਂ ਰੰਗਾਂ ਵਾਲਾ, ਭਾਈ ਸਾਹਿਬ ਡਾਕਟਰ ਵੀਰ ਸਿੰਘ ਦਾ ਗੁਰੂ ਨਾਨਕ ਚਮਤਕਾਰ ਹੈ, ਪਰ ਇਹ ਇਤਿਹਾਸਕ ਨਹੀਂ, ਬੜੀ ਲੰਮੀ ਚੌੜੀ ਸ਼ਾਇਰਾਨਾ ਜਜ਼ਬੇ ਦੀ ਸ਼ਰਧਾਂਜਲੀ ਹੈ। ਇਹਨਾਂ ਸਾਰੀਆਂ ਰਚਨਾਵਾਂ ਨੂੰ ਮਿਲਾ ਕੇ ਪੜ੍ਹਿਆ ਵੀ ਕੋਈ ਇੱਕ ਫ਼ੈਸਲਾ—ਕੁੰਨ ਤੇ ਠੁੱਕ ਦਾ ਮਿਤੀ-ਬੱਧ ਵਰਨਣ ਨਹੀਂ ਬਣਦਾ। ਜਿਥੋਂ ਤੀਕ ਘਟਨਾਵਾਂ ਦਾ ਸਬੰਧ ਹੈ, ਸਾਰੀਆਂ ਵਿੱਚ ਹੀ ਤਕਰੀਬਨ ਸਹਿਯੋਗ ਹੈ ਅਤੇ ਉਹ ਘਟਨਾਵਾਂ ਤਾਂ ਬਿਲਕੁਲ ਹੀ ਪਰਮਾਨੀਕ ਬਣ ਜਾਂਦੀਆਂ ਨੇ ਜਿਨ੍ਹਾਂ ਦੀ ਪਰੋੜਤਾ ਗੁਰੂ ਨਾਨਕ ਸਾਹਿਬ ਦੀ ਆਪਣੀ ਬਾਣੀ 'ਚੋਂ ਮਿਲਦੀ ਹੈ ਜਿਵੇਂ ਕਿ ਪਿੱਛੇ ਦਿੱਤੀਆਂ ਘਟਨਾਵਾਂ ਨਾਲ ਬਾਣੀ ਦੇ ਪਰਮਾਨ ਹਨ ਤੇ ਅੱਗੇ ਵੀ ਕਈਆਂ ਨਾਲ ਦਿੱਤੇ ਜਾਣੇ ਹਨ ਅਤੇ ਜਿਨ੍ਹਾਂ ਬਾਰੇ ਗੁਰੂ ਸਾਹਿਬ ਦੀਆਂ ਸਮਕਾਲੀ ਇਤਿਹਾਸਕ ਘਟਨਾਵਾਂ ਹੋਰ ਵੀ ਜ਼ਿਆਦਾ ਸਹਾਇਕ ਹੁੰਦੀਆਂ ਨੇ। ਲੇਖਕਾਂ ਵਿੱਚ ਇਹੋ ਜਿਹੇ ਮੱਤ-ਭੇਦ ਆਮ ਹੁੰਦੇ ਨੇ। ਬਰਹਮਾ, ਵਿਸ਼ਨੂੰ, ਸ਼ਿਵ ਜੀ, ਰਾਮ ਤੇ ਕ੍ਰਿਸ਼ਨ ਤੇ ਮਿਥਹਾਸਕ ਸਮੇਂ ਦੀਆਂ ਵਿਅਕਤੀਆਂ ਹਨ। ਮਹਾਤਮਾ ਬੁਧ, ਮਹਾਤਮਾ ਕਨਫ਼ੀਊਸ਼ਿਸ਼, ਮਹਾਤਮਾ ਮਹਾਂ ਬੀਰ, ਹਜ਼ਰਤ ਮੂਸਾ, ਹਜ਼ਰਤ ਈਸਾ ਤੇ ਹਜ਼ਰਤ ਮੁਹੰਮਦ ਦੀਆਂ ਜੀਵਨੀਆਂ ਵਿੱਚ ਵੀ ਕਈ ਘਟਨਾਵਾਂ ਤੇ ਤਾਰੀਖ਼ਾਂ ਦਾ ਵੱਖ ਵੱਖ ਲਿਖਤਾਂ ਵਿੱਚ ਫ਼ਰਕ



Digitized by Panjab Digital Library | www.panjabdigilib.org

ਹੈ। ਮੈਂ ਹਜ਼ਰਤ ਮੁਹੰਮਦ ਸਾਹਿਬ ਤੇ ਹਜ਼ਰਤ ਈਸਾ ਦੀਆਂ ਕਈ ਲੇਖਕਾਂ ਦੀਆਂ ਲਿਖੀਆਂ ਹੋਈਆਂ ਜੀਵਨੀਆਂ ਪੜ੍ਹੀਆਂ ਨੇ ਜਿਨ੍ਹਾਂ ਵਿੱਚ ਛੋਟੇ ਮੋਟੇ ਮੱਤ-ਭੇਦ ਵੇਖੇ ਹਨ। ਸਚਾਈ ਤਾਂ ਇਹ ਹੈ ਕਿ ਬੀਤ ਚੁੱਕੇ ਸਮੇਂ ਬਾਰੇ ਹਮੇਸ਼ਾਂ ਸਵਾਲ ਹੁੰਦੇ ਰਹੇ ਨੇ, ਰਹਿੰਦੇ ਹਨ ਅਤੇ ਹੁੰਦੇ ਰਹਿਣਗੇ ਜਿਸ ਦੇ ਦੋ ਵੱਡੇ ਕਾਰਨ ਹਨ—ਪਹਿਲਾ ਨਵੀਆਂ ਮਨੁੱਖੀ ਪੀਹੜੀਆਂ ਦੀ ਉਤਸੁਕਤਾ ਅਤੇ ਦੂਜੇ ਲੇਖਕਾਂ ਦੀ ਖੋਜ ਦਾ ਪਿਛਲੇ ਕਈ ਸਵਾਲਾਂ ਦੇ ਜਵਾਬ ਦੇਣਾ, ਪਹਿਲੇ ਸ਼ੰਕਿਆਂ ਨੂੰ ਦੂਰ ਕਰਨਾ ਪਰ ਕੁਝ ਹੋਰ ਸਵਾਲਾਂ ਤੇ ਸ਼ੰਕਿਆਂ ਨੂੰ ਨਵੇਂ ਸਿਰਿਓਂ ਜਨਮ ਦੇਣਾ। ਇਹਨਾਂ ਸਾਰੀਆਂ ਅਭੰਗ ਸਚਾਈਆਂ ਨੂੰ ਮੁੱਖ ਰੱਖ ਕੇ ਮੈਂ ਆਪਣੀ ਸੀਮਤ ਤੇ ਤੁੱਛ ਮਨੁੱਖੀ ਬੁੱਧੀ ਅਨੁਸਾਰ ਗੁਰੂ ਸਾਹਿਬ ਦੇ ਪਹਿਲਾਂ ਪੰਜਾਬ ਦੇ ਜਿਸ ਨੂੰ ਘਰੇਲੂ ਜਿਹਾ ਸਫ਼ਰ ਕਿਹਾ ਜਾ ਸਕਦਾ ਹੈ ਅਤੇ ਫਿਰ ਹਿੰਦੁਸਤਾਨ ਦੇ ਹੋਰ ਹਿੱਸਿਆਂ ਅਤੇ ਪਰਦੇਸ਼ਾਂ ਦੇ ਲਮੇਰੇ ਸਫ਼ਰਾਂ ਦਾ ਜ਼ਿਕਰ ਕਰਾਂਗਾ।

ਗੁਰੂ ਨਾਨਕ ਸਾਹਿਬ, ਮਰਦਾਨੇ ਰਬਾਬੀ ਨੂੰ ਨਾਲ ਲੈ ਕੇ ਸੁਲਤਾਨ ਪੁਰੋਂ ਟੁਰ ਕੇ ਗੋਇੰਦ-ਵਾਲ ਗਏ ਤੇ ਜਾ ਕੇ ਦਰਿਆ ਬਿਆਸ ਦੇ ਠੰਢੇ ਕੁਦਰਤੀ ਵਗਦੇ ਜਲ ਦੀਆਂ ਲਹਿਰਾਂ, ਆਲੇ ਦੁਆਲੇ ਦੇ ਬੇਲੇ ਦੇ ਬੂਟਿਆਂ ਦੀ ਹਰਿਆਵਲ ਦੀ ਰੌਣਕ ਵਿੱਚ ਤਿੰਨ ਦਿਨ ਟਿਕੇ ਰਹੇ ਅਤੇ ਮਰਦਾਨੇ ਦੀ ਰਬਾਬ ਦੀ ਸੰਗਤ ਨਾਲ ਰੱਬੀ ਕੀਰਤਨ ਕਰਦੇ ਰਹੇ। ਉਸ ਸਮੇਂ ਗੋਇੰਦਵਾਲ ਅਜੇ ਪਿੰਡ ਦੇ ਰੂਪ ਵਿੱਚ ਵੱਸਿਆ ਨਹੀਂ ਸੀ ਅਤੇ ਪੰਜ ਦਸ ਜੱਟਾਂ ਜ਼ਿਮੀਦਾਰਾਂ ਦੇ ਡੇਰਿਆਂ ਵਾਂਗੂੰ ਇਕੱਲੇ-ਦੁਕੱਲੇ ਘਰ ਹੀ ਸਨ। ਲੋਕ ਸ਼ਰਧਾ ਨਾਲ ਰੋਟੀ ਪਾਣੀ ਲੈ ਕੇ ਆ ਜਾਂਦੇ, ਕੀਰਤਨ ਸੁਣਦੇ ਤੇ ਬਾਬੇ ਦੇ ਰੱਬੀ ਬਚਨਾਂ ਨਾਲ ਨਿਹਾਲ ਹੁੰਦੇ। ਏਸੇ ਥਾਂ ਤੇ ਬਾਅਦ ਵਿਚ ਤੀਜੀ ਪਾਤਸ਼ਾਹੀ, ਗੁਰੂ ਅਮਰਦਾਸ ਜੀ ਨੇ ਗੋਇੰਦੇ ਖੱਤਰੀ ਨੂੰ ਪਰੇਰ ਕੇ ਗੋਇੰਦਵਾਲ ਵਸਾਇਆ। ਏਥੇ ਹੀ ਗੁਰੂ ਰਾਮ ਦਾਸ ਨੂੰ ਗੁਰਿਆਈ ਮਿਲੀ ਤੇ ਏਥੇ ਹੀ ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ।

ਗੋਇੰਦਵਾਲ ਤੋਂ ਆ ਕੇ ਗੁਰੂ ਸਾਹਿਬ ਉਸ ਰਮਣੀਕ ਥਾਂ ਤੇ ਟਿਕੇ ਜਿਥੇ ਹੁਣ ਹਰਮੰਦਿਰ ਸਾਹਿਬ ਅੰਮ੍ਰਿਤਸਰ ਦਾ ਸਰੋਵਰ ਹੈ ਤੇ ਜਿੱਥੇ ਹੁਣ ਦੁਖ-ਭੰਜਣੀ ਬੇਰੀ ਹੈ। ਇਸ ਥਾਂ ਤੋਂ ਟੁਰ ਕੇ ਬਾਬਾ ਜੀ ਆਪਣੇ ਸਾਥੀ ਨਾਲ ਸੈਦਪੁਰ ਪੁੱਜੇ ਜਿਸ ਨੂੰ ਏਮਨਾਆਬਾਦ ਆਖਦੇ ਨੇ ਤੇ ਜੋ ਜ਼ਿਲ੍ਹਾ ਗੁਜ਼ਰਾਂਵਾਲਾ (ਪੱਛਮੀ ਪਾਕਿਸਤਾਨ) ਵਿੱਚ ਹੈ। ਇਸ ਪਿੰਡ ਦੇ ਬਾਹਰਵਾਰ ਲਾਲੋ ਨਾਂ ਦਾ ਇੱਕ ਕਿਰਤੀ ਤਰਖਾਣ ਰਹਿੰਦਾ ਸੀ ਤੇ ਹੋਈ ਪੂਰਾ ਭਗਤ। ਕਹਿੰਦੇ ਨੇ ਫ਼ਕੀਰਾਂ ਦੀਆਂ ਫ਼ਕੀਰ ਸਹੇਲੀਆਂ ਹੁੰਦੀਆਂ ਨੇ। ਗੁਰੂ ਸਾਹਿਬ ਬਾਰੇ ਭਾਈ ਲਾਲੋ ਨੇ ਪਹਿਲਾਂ ਹੀ ਸੁਣਿਆ ਹੋਇਆ ਸੀ ਅਤੇ ਉਹਨਾਂ ਨੂੰ ਆਪਣੀ ਝੁੱਗੀ ਦੇ ਬੂਹੇ ਅੱਗੇ ਖਲੋ ਕੇ ਸਤ ਕਰਤਾਰ ਕਹਿੰਦਿਆਂ ਵੇਖ ਕੇ ਉਸ ਲਈ ਚੌਧਵੀਂ ਦਾ ਚੰਨ ਚੜ੍ਹ ਗਿਆ। ਸ਼ਰਧਾ ਨਾਲ ਨਮਸ਼ਕਾਰ ਬੁਲਾਈ ਤੇ ਬਹਿਣ ਲਈ ਮੰਜਾ ਦਿੱਤਾ। ਬਾਬਾ ਜੀ ਤੇ ਭਾਈ ਮਰਦਾਨਾ ਜੀ ਬੈਠ ਗਏ। ਗੁਰੂ ਸਾਹਿਬ ਦਾ ਲਾਲੋ ਦੀ ਭਗਤੀ-ਭਰੀ ਕੁੱਲੀ ਵਿੱਚ ਅਜਿਹਾ ਜੀ ਲੱਗਾ ਕਿ ਏਥੇ ਬਾਬਾ ਜੀ ਨੂੰ ਠਹਿਰਿਆਂ ਕਾਫ਼ੀ ਦਿਨ ਹੋ ਗਏ। ਦਿਨੇ ਭਾਈ ਲਾਲੋ ਤੇ ਹੋਰ ਆਏ ਸ਼ਰਧਾਲੂਆਂ ਨਾਲ ਮਨੁੱਖੀ ਆਤਮਾ ਦੀ ਉੱਨਤੀ ਬਾਰੇ ਬਚਨ ਬਿਲਾਸ ਹੁੰਦੇ ਤੇ ਸਵੇਰੇ ਸ਼ਾਮ ਮਰਦਾਨਾ ਰਬਾਬ ਵਜਾਂਦਾ



Digitized by Panjab Digital Library | www.panjabdigilib.org

ਤੇ ਬਾਬਾ ਜੀ ਇਲਾਹੀ ਮਸਤੀ ਵਿੱਚ ਆ ਕੇ ਕੀਰਤਨ ਕਰਦੇ। ਮਰਦਾਨਾ ਕੁਝ ਦਿਨਾਂ ਦੀ ਛੁੱਟੀ ਲੈ ਕੇ ਸੈਦ ਪੁਰੋਂ ਤਲਵੰਡੀ ਆਇਆ ਕਿਉਂਕਿ ਉਹ ਘਰ ਦੇ ਜੀਆਂ ਤੋਂ ਬਹੁਤ ਓਦਰਿਆ ਹੋਇਆ ਸੀ। ਉਸ ਨੇ ਗੁਰੂ ਸਾਹਿਬ ਦੇ ਮਾਤਾ ਪਿਤਾ ਨੂੰ ਸਾਰੀ ਗੱਲ ਵਿਸਥਾਰ ਸਹਿਤ ਦੱਸੀ ਜਿਸ ਬਾਰੇ ਕਾਫ਼ੀ ਕੁਝ ਭਾਈ ਬਾਲਾ ਸੁਲਤਾਨਪੁਰੋਂ ਆ ਕੇ ਪਹਿਲਾਂ ਹੀ ਦੱਸ ਚੁੱਕਾ ਸੀ।

ਆਪਣੇ ਕੀਤੇ ਵਾਇਦੇ ਅਨੁਸਾਰ ਭਾਈ ਮਰਦਾਨਾ ਤਲਵੰਡੀ ਦੀ ਸੁਖ ਸਾਂਦ ਦਾ ਪਤਾ ਸੁਰ ਲੈ ਕੇ ਵਾਪਸ ਸੈਦ ਪੁਰ ਪੁੱਜ ਗਿਆ ਤੇ ਬਾਬਾ ਜੀ ਨੂੰ ਉਨ੍ਹਾਂ ਦੇ ਮਾਪਿਆਂ ਦੇ ਮਿਲਣ ਦੀ ਸਿੱਕ ਦਾ ਸੁਨੇਹਾ ਵੀ ਦੇ ਦਿੱਤਾ। ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਬੁੱਢੇ ਹੋ ਚੁੱਕੇ ਸਨ ਪਰ ਗੁਰੂ ਸਾਹਿਬ ਦਾ ਸੱਚਾ ਮੁਰੀਦ ਰਾਏ ਬੁਲਾਰ ਤਾਂ ਬਹੁਤ ਹੀ ਬੁੱਢਾ ਸੀ ਅਤੇ ਜ਼ਿੰਦਗੀ ਦੀ ਬੇੜੀ ਲਈ ਅਗਲੇ ਤੇ ਅਖੀਰਲੇ ਪੱਤਣ ਦੀ ਉਡੀਕ ਵਿੱਚ ਸੀ। ਉਸ ਨੇ ਮਰਦਾਨੇ ਹੱਥ ਉਚੇਚਾ ਸੁਨੇਹਾ ਭੇਜਿਆ ਕਿ ਮੇਰੇ ਨਾਨਕ ਪੀਰ ਨੂੰ ਮੇਰੇ ਵਲੋਂ ਅਰਜੋਈ ਕਰਨਾ ਕਿ ਮੈਨੂੰ ਆ ਕੇ ਮਿਲ ਜਾਵੇ। ਮੈਂ ਹੁਣ ਉਮਰ ਦੀ ਮੰਨਜ਼ਲ ਦੇ ਆਖ਼ਰੀ ਪੜਾ ਤੇ ਹਾਂ। ਮੈਂ ਹੁਣ ਜ਼ਿਆਦਾ ਟੁਰ ਫਿਰ ਨਹੀਂ ਸਕਦਾ, ਨਹੀਂ ਤਾਂ ਮੈਂ ਆਪ ਜਾ ਕੇ ਦਰਸ਼ਨ ਕਰ ਆਉਂਦਾ। ਬਾਬਾ ਜੀ ਆਪਣੇ ਅਨੰਦ ਵਿੱਚ ਰਹਿੰਦੇ ਤੇ ਆਪ ਝੁੱਗੀ ਤੋਂ ਜ਼ਰਾ ਲਾਹਮੇਂ ਹੋ ਕੇ ਇਕਾਂਤ ਵਿੱਚ ਲੇਟ ਰਹਿੰਦੇ। ਹੁਣ ਉਥੇ ਗੁਰਦਵਾਰਾ ਹੈ ਜਿਸ ਦਾ ਨਾਂ ਰੋੜੀ ਸਾਹਿਬ ਹੈ।

ਬਾਬਾ ਜੀ, ਮਾਪਿਆਂ ਤੇ ਰਾਏਬੁਲਾਰ ਦਾ ਸੁਨੇਹਾ ਸੁਣ ਕੇ ਸੈਦਪੁਰੋਂ ਤਲਵੰਡੀ ਪੁੱਜੇ। ਆਪ ਪਿੰਡੋਂ ਬਾਹਰ ਇੱਕ ਖੂਹ ਤੇ ਦਰਖ਼ਤ ਦੀ ਛਾਵੇਂ ਬਹਿ ਗਏ ਤੇ ਮਰਦਾਨਾ ਘਰ ਦਸਣ ਗਿਆ। ਸੁਣਦਿਆਂ ਸਾਰ ਮਾਪਿਆਂ ਨੂੰ ਚਾਅ ਚੜ੍ਹ ਗਿਆ। ਦੋਵੇਂ ਜਣੇ ਵਿਛੜੇ ਹੋਏ ਨਾਨਕ ਪੁੱਤਰ ਨੂੰ ਮਿਲਣ ਆਏ। ਮਾਤਾ ਤ੍ਰਿਪਤਾ ਤਾਂ ਮਰਦਾਨੇ ਦੇ ਮਗਰ ਮਗਰ ਭੱਜੀ ਆਉਂਦੀ ਸੀ। ਬਾਬਾ ਜੀ ਨੇ ਮਾਤਾ ਆਉਂਦੀ ਵੇਖੀ ਤਾਂ ਅੱਗੇ ਜਾ ਕੇ ਪੈਰਾਂ ਤੇ ਮੱਥਾ ਟੇਕਿਆ ਤੇ ਏਸੇ ਤਰ੍ਹਾਂ ਪਿਤਾ ਜੀ ਨੂੰ ਵੀ ਨਮਸ਼ਕਾਰ ਕੀਤੀ। ਬਾਬਾ ਜੀ ਦੇ ਮਿਲਣ ਬਾਰੇ ਭਾਈ ਸੰਤੋਖ ਸਿੰਘ ਨਾਨਕ ਪਰਕਾਸ਼ ਵਿੱਚ ਲਿਖਦਾ ਹੈ :—

ਜਨਨੀ ਜਾਨ ਗਈ ਮਹਿ ਬਾਤਾ,
ਚਲੀ ਤਬਹ ਤਿਹ ਕੇ ਪਸਚਾਤਾ।
ਜਿਹ ਬੈਠੇ ਬੇਦੀ ਕੁਲ ਦੀਪਾ,
ਪਹੁੰਚਤ ਭੇ ਤਿਹ ਕੂਪ ਸਮੀਪਾ।

**ਦੋਹਰਾ**

ਮਾਤ ਬਿਲੋਕੀ ਦੂਰ ਤੇ ਤੂਰਨ ਉਠ ਸੁਖਦਾਇ,
ਚਰਨ ਬੰਦਨਾ ਸੀਸ ਧਰ ਕੀਨੀ ਆਗੈ ਆਇ।

ਗੁਰੂ ਸਾਹਿਬ ਰਾਏ ਬੁਲਾਰ ਦੇ ਘਰ ਮਿਲਣ ਗਏ ਤਾਂ ਰਾਏ ਬੁਲਾਰ ਨੇ ਉਠ ਕੇ ਉਹਨਾਂ ਦੇ ਪੈਰਾਂ ਨੂੰ ਹੱਥ ਲਾਉਣ ਦਾ ਜਤਨ ਕੀਤਾ ਪਰ ਗੁਰੂ ਸਾਹਿਬ ਨੇ ਰੋਕ ਦਿੱਤਾ ਕਿ ਇਸ ਤਰ੍ਹਾਂ



Digitized by Panjab Digital Library | www.panjabdigilib.org

ਕਰਕੇ ਮੇਰੇ ਸਿਰ ਤੇ ਭਾਰ ਨ ਚਾਹੜੋ ਅਤੇ ਇਹ ਕਹਿਕੇ ਚਿਰਾਂ ਤੋਂ ਵਿਛੜੇ ਹੋਏ ਪੀਰ ਤੇ ਮੁਰੀਦ ਨੇ ਇੱਕ ਦੂਜੇ ਨੂੰ ਛਾਤੀ ਨਾਲ ਲਾ ਲਿਆ।

ਗੁਰੂ ਸਾਹਿਬ ਕਾਫ਼ੀ ਦਿਨ ਤਲਵੰਡੀ ਰਹੇ, ਕਦੀ ਮਾਪਿਆਂ ਦੇ ਘਰ ਸੌਂਦੇ ਤੇ ਕਦੀ ਰਾਏ ਬੁਲਾਰ ਦੇ। ਰਾਏ ਬੁਲਾਰ ਇਹਨਾਂ ਤੋਂ ਆਤਮਕ ਜ਼ਿੰਦਗੀ ਤੇ ਭਗਤੀ ਰਾਹੀਂ ਕਈ ਗੂਹੜ-ਗਿਆਨ ਦੇ ਭੇਤ ਪੁੱਛਦਾ ਤੇ ਗੁਰੂ ਸਾਹਿਬ ਉਸ ਨੂੰ ਮਾਅਰਫ਼ਤ ਜਾਂ ਪਰਮਾਰਥ ਦੇ ਰਾਜ਼ ਖੋਲ੍-ਖੋਲ੍ ਕੇ ਦਸਦੇ ਜਿਸ ਦੇ ਸਦਕਾ ਉਸ ਨੂੰ ਉਮਰ ਦੇ ਆਖ਼ਰੀ ਦਿਨਾਂ ਵਿੱਚ ਸ਼ਾਂਤੀ ਪਰਾਪਤ ਹੋਈ। ਮਾਂ ਪਿਓ ਨੂੰ ਵੀ ਬਾਬਾ ਜੀ ਨੇ ਕਾਫ਼ੀ ਆਤਮਕ ਗਿਆਨ ਦਿੱਤਾ ਅਤੇ ਉਹਨਾਂ ਦੀ ਮਾਤਾ ਤੇ ਆਪਨੇ ਪੁੱਤਰ ਦੇ ਘਰ ਛੱਡ ਕੇ ਦੇਸ਼ਾਂ-ਦੇਸ਼ਾਂਤਰਾਂ ਵਿੱਚ ਜਾ ਕੇ ਰੱਬੀ ਫਰਜ਼ ਅਦਾ ਕਰਨ ਨਾਲ ਸਹਿਮਤ ਹੋ ਗਈ ਪਰ ਫਿਰ ਵੀ ਪਿਤਾ, ਚਾਚਾ ਲਾਲੂ ਤੇ ਹੋਰ ਸਾਕਾਂ ਸੈਣਾਂ ਨੇ ਮਾਂ, ਪਿਓ, ਪਤਨੀ, ਪੁੱਤਰਾਂ, ਚਾਚੇ-ਤਾਇਆਂ ਤੇ ਹੋਰ ਕੋੜਮੇ ਦਾ ਪਿਆਰ ਜਿਤਾ ਕੇ ਬਾਬਾ ਜੀ ਨੂੰ ਮੋਹ ਦੀ ਰੱਸੀ ਨਾਲ ਬਨ੍ਹਣ ਦਾ ਹਰ ਜਤਨ ਕੀਤਾ ਪਰ ਉਹ ਉਹਨਾਂ ਦੇ ਵੱਸ ਵਿੱਚ ਨ ਆਏ ਤੇ ਕਹਿਣ ਲਗੇ ਕਿ ਸਾਕਾਂ ਸਰਬੰਧੀਆਂ ਦੇ ਪਿਆਰ ਨਾਲੋਂ ਮੈਨੂੰ ਰੱਬ ਵਲੋਂ ਮਿਲੇ ਫ਼ਰਜ਼ ਦੀ ਪੂਰਤੀ ਨਾਲ ਜ਼ਿਆਦਾ ਪਿਆਰ ਹੈ। ਬਾਲੇ ਦੀ ਜਨਮ ਸਾਖੀ ਅਨੁਸਾਰ ਉਹਨਾਂ ਰਾਗ ਰਾਮਕਲੀ ਵਿੱਚ ਇਸ ਬਾਰੇ ਫ਼ਰਮਾਇਆ :—

ਖ਼ਿਮਾ ਹਮਾਰੀ ਮਾਤਾ ਕਹੀਏ ਸੰਤੋਖ ਹਮਾਰਾ ਪਿਤਾ।
ਸੱਤ ਹਮਾਰਾ ਚਾਚਾ ਕਹੀਏ ਜਿਨ ਸੰਗ ਮਨੂਆ ਜਿੱਤਾ।
ਸੁਣ ਲਾਲੂ ਗੁਣ ਐਸਾ।
ਸਗਲੇ ਲੋਕ ਬੰਧਨ ਕੇ ਬਾਂਧੇ ਸੋ ਗੁਣ ਕਹੀਏ ਕੈਸਾ ?
ਭਾਉ ਭਾਈ ਸੰਗ ਹਮਾਰੇ ਪ੍ਰੇਮ ਪੂਤ ਸੋ ਸਾਰਾ।
ਧੀ ਹਮਾਰੀ ਧੀਰਜ ਬਣੀ ਐਸੇ ਸੰਗ ਹਮ ਰਾਚਾ।
ਸ਼ਾਂਤ ਹਮਾਰੇ ਸੰਗ ਸਹੇਲੀ ਸਤਿ ਹਮਾਰੀ ਚੇਲੀ।
ਇਹ ਕੁਟੰਬ ਹਮਾਰਾ ਕਹੀਏ ਸਾਸ ਸਾਸ ਸੰਗ ਖੇਲੀ।
ਏਕੰਕਾਰ ਹਮਾਰਾ ਖ਼ਾਵੰਦ ਜਿਨਹਮ ਬਨਤ ਬਨਾਏ।
ਤਿਸ ਕੋ ਛਾਡ ਅਵਰ ਕੋ ਲਾਗੇ ਨਾਨਕ ਸੋ ਦੁਖ ਪਾਏ।

ਇਹ ਸੁਣਕੇ ਘਰ ਵਾਲਿਆਂ ਨੂੰ ਹੋਰ ਦਲੀਲ ਤਾਂ ਕੋਈ ਸੁਝੀ ਨ ਤੇ ਕਹਿਣ ਲੱਗੇ ਕਿ ਜੇ ਤੂੰ ਫਿਰ ਟੁਰ ਗਿਆ ਤਾਂ ਤੈਨੂੰ ਲੋਕ ਮਿਹਣੇ ਮਾਰਨਗੇ ਕਿ ਤੂੰ ਮਾਂ, ਪਿਓ, ਪੁੱਤਰਾਂ ਨੂੰ ਛੱਡਕੇ ਘਰੋਂ ਭਗੌੜਾ ਜਾਂ ਅਵਾਰਾ ਹੋ ਕੇ ਨੱਸ ਗਿਆ ਹੈਂ ਅਤੇ ਇਹ ਦੁਪਾਸੀਂ ਦੰਦੀ—ਹੜੀ-ਦੁਨੀਆਂ ਦੀ ਦਾਤਰੀ ਹੋਰ ਵੀ ਭਾਂਤ-ਭਾਂਤ ਦੀਆਂ ਗੱਲਾਂ ਬਣਾਇਗੀ। ਬਾਲੇ ਦੀ ਜਨਮ ਸਾਖੀ ਵਿੱਚ ਦਰਜ ਹੈ ਕਿ ਫਿਰ ਬਾਬਾ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਿਆ:—



Digitized by Panjab Digital Library | www.panjabdigilib.org

ਏਸ ਕਲੀਉਂ ਪੰਜ ਭੀਤੀਉਂ ਕਿਉਂ ਕਰ ਰੱਖਾਂ ਪੱਤ ?
ਜਾਂ ਬੋਲਾ ਤਾਂ ਆਖੀਏ, ਬੜ ਬੜ ਕਰੇ ਬਹੁਤ।
ਚੁੱਪ ਕਰਾਂ ਤਾਂ ਆਖੀਏ, 'ਇਸ ਘਟ ਨਾਹੀਂ ਮੱਤ।'
ਜੇ ਬਹਿ ਰਹਾਂ ਤਾਂ ਆਖਦੇ, 'ਛਾਰ ਗਿਆ ਸਿਰ ਘੱਤ।'
ਜੇਕਰ ਨਿਵਾਂ ਤਾਂ ਆਖੀਏ, 'ਡਰਦਾ ਕਰੇ ਭੱਗਤ।'
ਕਾਈ ਗੱਲ ਨ ਮੇਵਨੀ ਕਿਤ ਵਲ ਕੱਢਾਂ ਝੱਤ।
ਏਥੇ ਓਥੇ ਨਾਨਕਾ ਕਰਤਾ ਰੱਖੇ ਪੱਤ।

ਭਾਈ ਸੰਤੋਖ ਸਿੰਘ ਦੇ ਨਾਨਕ ਪ੍ਰਕਾਸ਼ ਅਨੁਸਾਰ ਆਪਣੇ ਸਾਕਾਂ ਸੈਨਾਂ ਨੂੰ ਸਮਝਾਣ ਲਈ ਗੁਰੂ ਸਾਹਿਬ ਨੇ ਮਾਰੂ ਰਾਗ ਵਿਚ ਹੇਠਲਾ ਸ਼ਬਦ ਉਚਾਰਿਆ :—

ਪਿਛਹੁ ਰਾਤੀ ਸਦੜਾ ਨਾਮ ਖਸਮ ਕਾ ਲੇਹੁ।
ਖੇਮੇ ਛਤ੍ਰ ਸਰਾਇਚੇ ਦ੍ਰਿਸ਼ਨ ਰਥੁ ਪੀੜੇਹੁ।
ਜਿੰਨੀ ਤੇਰਾ ਨਾਮੁ ਧਿਆਇਆ ਤਿਨਕਉ ਸਦਾ ਮਿਲੇਹੁ। (੧)
ਬਾਬਾ ਮੈਂ ਕਰਮ ਹੀਣ ਕੂੜਿਆਰ।
ਨਾਮ ਨ ਪਾਇਆ ਤੇਰਾ ਅੰਧ ਭਰਮ ਭੂਲਾ ਮਨ ਮੇਰਾ। (੧) ਰਹਾਉ।
ਸਾਦ ਕੀਤੇ ਦੁਖ ਪਰਫੁੜੇ ਪੂਰਬ ਲਿਖੇ ਪਾਇ।
ਸੁਖ ਥੋੜੇ ਦੁਖ ਅਗਲੇ, ਦੂਖੇ ਦੂਖ ਵਿਹਾਏ। (੨)
ਵਿਛੁੜਿਆ ਕਾ ਕਿਆ ਵਿਛੁੜੈ ਮਿਲਿਆ ਕਾ ਕਿਆ ਮੇਲੁ।
ਸਾਹਿਬ ਸੋ ਸਲਾਹੀਐ ਜਿਨ ਕਰ ਦੇਖਿਆ ਖੇਲੁ। (੩)
ਸੰਜੋਗੀ ਮੇਲਾਵੜਾ ਇਹ ਤਨ ਕੀਤੇ ਭੋਗ।
ਵਿਜੋਗੀ ਮਿਲ ਵਿਛੜੇ ਨਾਨਕ ਭੀ ਸੰਜੋਗ।

ਸਾਰੇ ਸਮਝਦੇ ਸਨ ਕਿ ਗੁਰੂ ਨਾਨਕ ਦਾ ਦਿਲ ਹੁਣ ਤਲਵੰਡੀ ਤੋਂ ਉਦਾਸ ਹੈ ਅਤੇ ਇਸ ਤਰ੍ਹਾਂ ਧੱਕੇ ਧੋੜੇ ਨਾਲ ਏਥੇ ਜ਼ਿਆਦਾ ਦੇਰ ਨਹੀਂ ਰਹੇਗਾ। ਗੁਰੂ ਨਾਨਕ ਸਵੇਰੇ ਰੋਟੀ ਖਾ ਕੇ ਬਾਹਰ ਚਲਾ ਜਾਂਦਾ ਤੇ ਸਾਰਾ ਦਿਨ ਆਪਣੇ ਪਿੰਡ ਦੇ ਆਲੇ ਦੁਆਲੇ ਦੀ ਜੂਹ ਵਿਚ ਆਪਣੇ ਬਚਪਨ ਦੀਆਂ ਥਾਵਾਂ ਦੀਆਂ ਯਾਦਾਂ ਨੂੰ ਯਾਦ ਕਰਦਾ। ਰਾਤੀਂ ਆ ਕੇ ਰੱਜ ਕੇ ਤੇ ਕੀ ਖਾਣੀ ਸੀ, ਐਵੇਂ ਰੋਟੀ ਖਾਧੀ ਦਾ ਨਾਂ ਕਰਕੇ ਲੇਟਦਾ। ਸਾਰੀ ਰਾਤ ਸੋਚਾਂ 'ਚ ਪਲਸੇਟੇ ਮਾਰਦਾ ਰਹਿੰਦਾ ਤੇ ਇਸ ਤਰ੍ਹਾਂ ਤਾਰੇ ਗਿਣਦਿਆਂ ਰਾਤ ਲੰਘਾਂਦਾ। ਉਸ ਦੇ ਦਿਲ ਵਿਚ ਕਈ ਥਾਵਾਂ ਤੇ ਜਾ ਕੇ ਸੜਦੀ ਤੇ ਕੁਰਲਾਂਦੀ ਮਨੁੱਖਤਾ ਨੂੰ ਨਾਮ ਤੇ ਸੱਚ ਦੀ ਸੀਤਲਤਾ ਨਾਲ ਠਾਰਨ ਲਈ ਛੇਤੀ ਜਾਣ ਵਾਸਤੇ ਤਰਾਟਾਂ ਪੈਂਦੀਆਂ। ਜਿਵੇਂ 'ਵਲਾ' ਦਾ ਸ਼ੇਅਰ ਹੈ :—

ਇੱਕ ਹੂਕ ਸੀ ਦਿਲ ਮੇ ਉੱਠਤੀ ਹੈ ਇੱਕ ਦਰਦ ਜਿਗਰ ਮੇਂ ਹੋਤਾ ਹੈ।
ਹਮ ਰਾਤੋਂ ਉਠ ਕਰ ਰੋਤੇ ਹੈਂ ਜਬ ਸਾਰਾ ਆਲਮ ਸੋਤਾ ਹੈ।



Digitized by Panjab Digital Library | www.panjabdigilib.org

ਪਰ ਅਫ਼ਸੋਸ, ਦੁਨੀਆਂ-ਦਾਰਾਂ ਨੂੰ ਇਸ ਲਾਇਲਾਜ ਦਰਦ ਦੀ ਕੀ ਸਾਰ ਸੀ ? 'ਫ਼ਗ਼ਾਨ' ਨੇ ਠੀਕ ਹੀ ਕਿਹਾ ਹੈ :—

ਮੈਂ ਆਪਨੇ ਦਰਦੇ ਦਿਲ ਕਹਿਨੇ ਕੇ ਸਦਕੇ ।
ਤਿਰੇ ਸੁਨ ਸੁਧ ਕੇ ਚੁੱਪ ਰਹਿਣੇ ਕੇ ਸਦਕੇ ।

ਗੁਰੂ ਸਾਹਿਬ ਨੇ ਤਾਂ ਵਾਰ ਮਲ੍ਹਾਰ ਦੇ, "ਵੈਦੁ ਬੁਲਾਇਆਂ ਵੈਦਗੀ ਪਕੜਿ ਢੰਢੋਲੇ ਬਾਂਹ" ਵਾਲੇ ਸ਼ਲੋਕ ਵਿੱਚ ਕਿੰਨਾ ਚਿਰ ਪਹਿਲਾਂ ਹੀ ਕਹਿ ਦਿੱਤਾ ਸੀ :—

ਜਾਇ ਬੈਦ ਘਰ ਆਪਣੇ ਜਾਣੇ ਕੋਇ ਮਕੋਇ ।
ਜਿਨ ਕਰਤੇ ਦੁਖ ਲਾਇਆ ਨਾਨਕ ਲਾਹੇ ਸੋਇ ।

ਵੈਦ-ਹਕੀਮ ਤੇ ਦੁਨੀਆਂਦਾਰ ਤਾਂ ਇਕ ਪਾਸੇ 'ਵਲਾ' ਕਹਿੰਦਾ ਹੈ ਕਿ ਇਲਾਹੀ ਤੇ ਸੱਚੇ ਇਸ਼ਕ ਦਾ ਦਰਦ ਤਾਂ ਹਜ਼ਰਤ ਮਸੀਹ ਵੀ ਦੂਰ ਨਹੀਂ ਕਰ ਸਕਦਾ :—

ਇਲਾਜੇ ਦਰਦੇ ਦਿਲ ਤੁਮ ਸੇ ਮਸੀਹਾ ਹੋ ਨਹੀਂ ਸਕਤਾ ।
ਤੁਮ ਅੱਛਾ ਕਰ ਨਹੀਂ ਸਕਤੇ ਮੈਂ ਅੱਛਾ ਹੋ ਨਹੀਂ ਸਕਤਾ ।

ਅਖ਼ੀਰ ਗੁਰੂ ਸਾਹਿਬ ਨੇ ਜਾਣ ਦੀ ਤਿਆਰੀ ਕਰ ਲਈ, ਮਰਦਾਨਾ ਵੀ ਰਬਾਬ ਲੈ ਕੇ ਨਾਲ ਹੋ ਗਿਆ । ਮਾਪਿਆਂ ਤੋਂ ਲੜ ਛੁਡਾ ਕੇ ਜਾਂਦੀ ਵਾਰੀ ਰਾਏ ਬੁਲਾਰ ਨੂੰ ਮਿਲਣ ਗਏ ਤਾਂ ਉਸਨੇ ਬਾਬਾ ਜੀ ਨੂੰ ਪੁਛਿਆ ਕਿ ਤੁਸੀਂ ਚਲੇ ਹੋ ਪਰ ਮੇਰਾ ਜੀ ਤਾਂ ਰਾਜ਼ੀ ਹੁੰਦਾ ਹੈ ਜੇ ਮੈਨੂੰ ਵੀ ਕੋਈ ਸੇਵਾ ਕਰਨ ਦਾ ਮੌਕਾ ਦੇਵੋ । ਕੋਈ ਲੋੜ ਹੋਵੇ ਤਾਂ ਮੈਂ ਹਾਜ਼ਰ ਹਾਂ । ਬਾਲੇ ਵਾਲੀ ਜਨਮ ਸਾਖੀ ਵਿੱਚ ਲਿਖਿਆ ਹੈ ਕਿ ਬਾਬਾ ਜੀ ਨੇ ਰਾਗ ਸਾਰੰਗ ਵਿਚ ਫ਼ਰਮਾਇਆ :—

ਹਿਕ ਫੁਰਮਾਇਸ ਆਖੀਐ ਜੇ ਮਨੇ ਸਾਂਈਂ ।
ਜਿਸ ਤੇ ਜ਼ੋਰ ਨ ਚਲਈ ਕਰ ਜ਼ੋਰੇ ਧਿਆਈਂ ।
ਐਸਾ ਸਤਿਗੁਰ ਰਾਏ ਜੀ ਕਿਸੇ ਹੱਥ ਨ ਆਵੈ ।
ਸਾਈ ਕਾਰ ਕਮਾਵਣੀ ਜੋ ਤਿਸ ਕੋ ਭਾਵੈ ।
ਹਿਕਮਤ ਹੁਕਮ ਨ ਚਲਈ ਕੋਈ ਕਰ ਦੇਖੇ ।
ਸ਼ੇਖ਼ ਮੁਸਾਇਖ ਸਿਧ ਸਾਧ ਸਭ ਲਈਏ ਲੇਖੇ ।
ਦਸ ਅਵਤਾਰੀ ਆਇਆ ਜਗ ਹੁਕਮ ਚਲਾਇਆ ।
ਹੰਤ ਕਾਲ ਧਰਤੀ ਪਏ ਕੁਝ ਹੱਥ ਨ ਆਇਆ ।
ਵਡੇ ਵਡੇ ਮਹਾਬਲੀ ਜੋਧੇ ਅਰ ਸੂਰੇ ।
ਕਹੁ ਨਾਨਕ ਸਭ ਦੇਖਿਆ ਸਭ ਧਰਤੀ ਧੂਰੇ ।

ਬਾਬਾ ਜੀ ਮਰਦਾਨੇ ਨੂੰ ਆਪਣੇ ਨਾਲ ਲੈ ਕੇ ਤਲਵੰਡੀ ਤੋਂ ਟੁਰਕੇ ਲਾਹੌਰ ਪੁੱਜੇ ਜਿੱਥੇ ਉਹ ਆਪਣੇ ਸ਼ਰਧਾਲੂ ਸਿੱਖਾਂ ਦੇ ਮਿੱਤਰ ਮਨਸੁਖ ਤੇ ਜਵਾਹਰ ਮੱਲ ਨੂੰ ਮਿਲੇ । ਏਥੇ ਇਹਨਾਂ ਦੀ ਗੱਲ ਬਾਦਸ਼ਾਹ ਸਿਕੰਦਰ ਲੋਧੀ ਦੇ ਮੁਰਸ਼ਦ ਸਯਦ ਮੀਰ ਤਕੀ ਨਾਲ ਵੀ ਹੋਈ । ਇਹ ਪੀਰ



Digitized by Panjab Digital Library | www.panjabdigilib.org

ਇਸਲਾਮੀ ਤਅੱਸਬ ਨਾਲ ਭਰਿਆ ਹੋਇਆ ਸੀ। ਗੁਰੂ ਸਾਹਿਬ ਨੇ ਉਸਨੂੰ ਬੜੇ ਬਾਦਲੀਲ ਤੇ ਨਿਡਰ ਢੰਗ ਨਾਲ ਸਮਝਾਇਆ ਕਿ ਮਜ਼੍ਹਬੀ ਜਨੂਨ ਦਾ ਸ਼ਿਕਾਰ ਹੋ ਕੇ ਗ਼ੈਰ ਮੁਸਲਮਾਨਾਂ ਦੀਆਂ ਬੇਗੁਨਾਹ ਜਾਨਾਂ ਦਾ ਸ਼ਿਕਾਰ ਕਰਨਾ ਇਸਲਾਮ ਜਿਹੇ ਵਹਦਤ ਪ੍ਰਸਤ ਧਰਮ ਅਤੇ ਰੱਬ, ਦੋਹਾਂ ਦੀ ਤੌਹੀਨ ਕਰਨਾ ਹੈ ਜੋ ਸਾਰੇ ਮਨੁੱਖਾਂ ਨੂੰ ਇਕੋ ਜਿਹਾ ਪਿਆਰ ਕਰਨਾ ਸਿਖਾਂਦੇ ਨੇ।

ਲਾਹੌਰ ਤੋਂ ਗੁਰੂ ਸਾਹਿਬ ਨੂੰ ਇਕ ਹੋਰ ਅਜੀਬ ਗੱਲ ਦਾ ਪਤਾ ਲੱਗਾ। ਹਮਜ਼ਾ ਗ਼ੌਸ ਸਿਆਲਕੋਟ ਵਿੱਚ ਇੱਕ ਸੂਫ਼ੀ ਫ਼ਕੀਰ ਸੀ ਇਸ ਦੀ ਕਰਾਮਾਤ ਤੋਂ ਲੋਕ ਬੜੇ ਡਰਦੇ ਸਨ। ਸਿਆਲਕੋਟ ਵਿੱਚ ਇੱਕ ਹਿੰਦੂ ਖ਼ਤਰੀ ਸੀ ਜਿਸ ਦੇ ਘਰ ਵਿਆਹ ਤੋਂ ਕਾਫ਼ੀ ਸਾਲ ਬਾਅਦ ਵੀ ਔਲਾਦ ਨ ਹੋਈ। ਉਸ ਨੇ ਸੂਫ਼ੀ ਹਮਜ਼ਾਗ਼ੌਸ ਕੋਲ ਸੁਖਨਾ ਸੁਖੀ ਕਿ ਜੇ ਉਸ ਦੇ ਘਰ ਔਲਾਦ ਹੋਵੇ ਤਾਂ ਉਹ ਪਹਿਲਾ ਜੰਮਿਆ ਪੁੱਤਰ ਹਮਜ਼ਾ ਗ਼ੌਸ ਨੂੰ ਚੜ੍ਹਾਵੇ ਦੇ ਤੌਰ ਤੇ ਦੇ ਦੇਵੇਗਾ। ਹੁਕਮ ਰੱਬ ਦਾ, ਉਸ ਖ਼ਤਰੀ ਦੇ ਘਰ ਤਿੰਨ ਲੜਕੇ ਹੋਏ। ਆਮ ਤਰੀਕਾ ਇਹ ਹੁੰਦਾ ਸੀ ਕਿ ਇਸ ਤਰ੍ਹਾਂ ਸੁਖ਼ਨਾਂ ਨਾਲ ਕਿਸੇ ਪੀਰ ਫ਼ਕੀਰ ਨੂੰ ਚੜ੍ਹਾਏ ਹੋਏ ਬੱਚੇ ਦੇ ਭਾਰ ਬਰਾਬਰ, ਗ਼ਰੀਬ ਲੋਕ ਦਾਣੇ ਅਤੇ ਅਮੀਰ ਚਾਂਦੀ ਤੇ ਸੋਨੇ ਤੱਕ ਵੀ ਸਬੰਧਤ ਆਤਮਕ ਵਿਅਕਤੀ ਦੇ ਸਦਕਾ ਗ਼ਰੀਬਾਂ ਨੂੰ ਦਾਨ ਕਰ ਦੇਂਦੇ ਸਨ ਤੇ ਜਾਂ ਸਿੱਧਾ ਉਸ ਵਿਅਕਤੀ ਜਾਂ ਉਸ ਦੀ ਯਾਦ ਵਿਚ ਬਣੀ ਸਮਾਧ ਜਾਂ ਮਕਬਰੇ ਆਦਿ ਨੂੰ ਚੜ੍ਹਾ ਦੇਂਦੇ ਸਨ। ਇਸ ਤਰ੍ਹਾਂ ਬੱਚਾ ਉਮਰ ਭਰ ਮਾਪਿਆਂ ਦੇ ਕੋਲ ਹੁੰਦਾ ਹੋਇਆ ਵੀ ਆਪਣੇ ਮੁਰਸ਼ਦ ਜਾਂ ਪੀਰ ਦਾ ਬਾਲਕਾ ਤੇ ਸੇਵਕ ਸਮਝਿਆ ਜਾਂਦਾ ਸੀ। ਉਹ ਖੱਤਰੀ ਆਪਣੇ ਤਿੰਨ ਪੁੱਤਰ ਲੈ ਕੇ ਹਮਜ਼ਾ ਗ਼ੌਸ ਕੋਲ ਗਿਆ ਤੇ ਅਰਜ਼ ਕੀਤੀ ਕਿ ਤੁਹਾਡੀ ਅਸੀਸ ਨਾਲ ਮੇਰੇ ਇਹ ਬੱਚੇ ਹੋਏ ਨੇ ਤੇ ਇੱਕ ਤੁਹਾਡੇ ਨਾਂ ਦਾ ਸੁੱਖਿਆ ਹੋਇਆ ਹੈ. ਜਿਹੜਾ ਤੁਸੀਂ ਆਖੋ ਮੈਂ ਉਸ ਨੂੰ ਹੀ ਤੁਹਾਡਾ ਬਾਲਕਾ ਬਣਾ ਦੇਂਦਾ ਹਾਂ। ਖੱਤਰੀ ਦਾ ਖਿਆਲ ਸੀ ਕਿ ਆਮ ਪ੍ਰਚੱਲਤ ਰਸਮ, ਰਵਾਜ ਤੇ ਅਕੀਦੇ ਅਨੁਸਾਰ ਪੁੰਨਦਾਨ ਕੀਤਿਆਂ, ਬੱਚੇ ਦੇ ਸਿਰ ਤੇ ਹਮਜ਼ਾਂ ਗ਼ੌਸ ਦਾ ਹੱਥ ਰਖਵਾਇਆਂ ਤੇ ਇਹਨਾਂ ਦਾ ਮੁਰੀਦ ਥਾਪਿਆਂ, ਕੰਮ ਸਿੱਧ ਹੋ ਜਾਏਗਾ ਪਰ ਹਮਜ਼ਾ ਗ਼ੌਸ ਬੱਚੇ ਦੀ ਸੁੰਦਰਤਾ ਨੂੰ ਵੇਖ ਕੇ ਡੋਲ ਗਿਆ ਤੇ ਸਦਾ ਲਈ ਤੇ ਉੱਕਾ ਪੁੱਕਾ ਬੱਚੇ ਦਾ ਮਾਲਕ ਬਣਨ ਦੀ ਜ਼ਿਦ ਕਰ ਬੈਠਾ। ਖੱਤਰੀ ਨੇ ਬੱਚੇ ਦੇ ਬਰਾਬਰ ਸੋਨਾ ਤੋਲ ਕੇ ਦੇਣ ਦੀ ਬੇਨਤੀ ਵੀ ਕੀਤੀ ਪਰ ਅਮੋੜ ਫਕੀਰ ਆਪਣੀ ਜ਼ਿਦ ਤੋਂ ਬਾਜ਼ ਨ ਆਇਆ। ਖ਼ਤਰੀ ਸਾਰੇ ਬੱਚੇ ਲੈ ਕੇ ਘਰ ਆ ਗਿਆ ਤੇ ਕਿਹਾ, "ਨਹੀਂ ਤੇ ਨ ਸਹੀ ਮੈਂ ਤੈਨੂੰ ਆਪਣਾ ਪੁੱਤਰ ਸਦਾ ਲਈ ਦੇ ਤਾਂ ਨਹੀਂ ਸਕਦਾ।" ਇਸ ਗੱਲ ਤੋਂ ਹਮਜ਼ਾ ਗ਼ੌਸ ਤੈਸ਼ ਵਿਚ ਆਇਆ ਅਤੇ ਇਸ ਨੇ ਐਲਾਨ ਕਰ ਦਿੱਤਾ ਕਿ, "ਸਿਆਲਕੋਟ ਬੇਜ਼ਬਾਨੇ ਤੇ ਬੇਈਮਾਨ ਲੋਕਾਂ ਦਾ ਸ਼ਹਿਰ ਹੈ। ਮੈਂ ਚਾਲੀ ਦਿਨ ਲਈ ਛਿੱਲੇ ਵਿੱਚ ਪੈਂਦਾ ਹਾਂ। ਚਾਲੀ ਦਿਨ ਮੈਨੂੰ ਕੋਈ ਮਿਲ ਨਹੀਂ ਸਕਦਾ। ਮੈਂ ਕਰਾਮਾਤ ਨਾਲ ਉਹ ਗ਼ਜ਼ਬ ਲਿਆਵਾਂਗਾਂ ਕਿ ਚਾਲੀ ਦਿਨਾਂ ਦੇ ਅੰਦਰ ਅੰਦਰ ਸਿਆਲਕੋਟ ਗ਼ਰਕ ਹੋ ਜਾਏਗਾ।" ਕਹਿੰਦੇ ਨੇ, 'ਡਿੱਗੀ ਖੋਤੇ ਤੋਂ ਗੁੱਸਾ ਕੁਮ੍ਹਿਆਰ ਤੇ।' ਨਰਾਜ਼ਗੀ ਉਸ ਇੱਕ ਖ਼ੱਤਰੀ ਨਾਲ ਤੇ ਕਰੋਪੀ ਸਾਰੇ ਸਿਆਲਕੋਟ ਸ਼ਹਿਰ ਤੇ।



Digitized by Panjab Digital Library | www.panjabdigilib.org

ਉਹ ਬੜਾ ਕਰਾਮਾਤੀ ਫ਼ਕੀਰ ਮੰਨਿਆ ਜਾਂਦਾ ਸੀ। ਲੋਕ ਭੈ ਭੀਤ ਹੋ ਗਏ ਕਿ ਪਤਾ ਨਹੀਂ ਕਿਸ ਵੇਲੇ ਸ਼ਹਿਰ ਦਾ ਅੰਤ ਹੋ ਜ਼ਾਣਾ ਹੈ। ਹਮਜ਼ਾ ਗ਼ੌਸ ਨੇ ਛਿੱਲਾ ਕੱਟਣ ਲਈ ਇੱਕ ਗੁੰਬਦ ਵਾਲੇ ਮਕਾਨ ਵਿਚ ਵੜ ਕੇ ਅੰਦਰੋਂ ਦਰਵਾਜ਼ੇ ਬੰਦ ਕਰ ਲੈ ਤੇ ਸ਼ਹਿਰ ਨੂੰ ਗਰਕ ਕਰਨ ਲਈ ਕਲਾਮ ਪੜ੍ਹਨ ਲੱਗਾ।

ਇਹ ਰੱਬ ਦੇ ਸੱਚੇ ਭਗਤਾਂ, ਆਬਿਦਾਂ, ਆਰਫ਼ਾਂ ਜਾਂ ਹਾਤਿਫ਼ਾਂ ਦਾ ਕੰਮ ਨਹੀਂ। ਇਹ ਤੇ ਫ਼ੋਕੇ ਨਾਟਕੀ-ਚੇਟਕੀ ਫ਼ਕੀਰਾਂ-ਫ਼ੁਕਰੀਆਂ ਦਾ ਮਕਾਰ-ਪੁਣਾ ਹੈ। ਇਸ ਲਈ ਇਹ ਸਾਰੀ ਵਿਥਿਆ ਸੁਣ ਕੇ ਗੁਰੂ ਨਾਨਕ ਸਾਹਿਬ ਤੇ ਮਰਦਾਨਾ ਸਿਆਲਕੋਟ ਪੁੱਜੇ ਤੇ ਸ਼ਹਿਰ ਦੇ ਬਾਹਰ ਇੱਕ ਬੇਰੀ ਦੇ ਰੁੱਖ ਹੇਠ ਜਾ ਬੈਠੇ। ਉਸ ਥਾਂ ਹੁਣ ਇਤਿਹਾਸਕ ਗੁਰਦੁਆਰਾ ਹੈ ਜਿਸ ਦਾ ਨਾਂ 'ਬਾਬੇ ਦੀ ਬੇਰੀ' ਹੈ। ਗੁਰੂ ਸਾਹਿਬ ਨੇ ਬਹੁਤ ਕੋਸ਼ਿਸ਼ ਕੀਤੀ ਕਿ ਹਮਜ਼ਾ ਗ਼ੌਸ ਨਾਲ ਗੱਲ ਬਾਤ ਕਰਕੇ ਇਸ ਨੂੰ ਦੱਸਿਆ ਜਾਇ ਕੇ ਕਰਾਮਾਤ ਕਹਿਰ ਦਾ ਨਾਂ ਹੈ। ਪੀਰਾਂ ਫ਼ਕੀਰਾਂ ਤੋਂ ਭਾਵੇਂ ਸੰਸਾਰ ਮਿਹਰ ਦੀ ਉਮੀਦ ਕਰਦਾ ਹੈ ਪਰ ਸ਼ਹਿਰ ਦਾ ਕੋਈ ਵੀ ਬੰਦਾ ਹਮਜ਼ਾ ਗ਼ੌਸ ਦੇ ਸਰਾਪ ਜਾਂ ਬਦ-ਦੁਆ ਤੋਂ ਡਰਦਾ ਜਾ ਕੇ ਉਸਨੂੰ ਦਰਵਾਜ਼ੇ ਦੇ ਤਾਕਾਂ ਦੀਆਂ ਝੀਤਾਂ 'ਚੋਂ ਆਵਾਜ਼ ਮਾਰਨ ਦੀ ਜੁਰੱਅਤ ਨਹੀਂ ਸੀ ਕਰਦਾ। ਗੁਰੂ ਸਾਹਿਬ ਨੇ ਤਿੰਨ ਵਾਰੀ ਭਾਈ ਮਰਦਾਨੇ ਨੂੰ ਘਲਿਆ ਕਿ ਜਾ ਕੇ ਹਮਜ਼ਾ ਗ਼ੌਸ ਨੂੰ ਬੂਹਾ ਖੋਲ੍ਹਣ ਦੀ ਬੇਨਤੀ ਕਰੇ ਪਰ ਉਹ ਤਾਂ ਸੁਣਦਾ ਹੀ ਨਹੀਂ ਸੀ; ਜਿਵੇਂ ਸੱਤਾਂ ਪਤਾਲਾਂ ਤੋਂ ਵੀ ਹੇਠਾਂ ਜਾ ਸੁੱਤਾ ਹੈ। ਬਾਬਾ ਜੀ ਅੰਤਰ ਧਿਆਨ ਹੋ ਕੇ ਸੋਚ ਰਹੇ ਸਨ ਕਿ ਹੇ ਰੱਬਾ, ਇਹ ਫ਼ਕੀਰ ਹੈ ਜਾਂ ਨਿਰਦੋਸ਼ੇ ਲੋਕਾ ਦਾ ਗੱਲ ਵਢਣ ਵਾਲੀ ਸ਼ਮਸ਼ੀਰ, ਕਿੰਨਾ ਚੰਗਾ ਹੋਵੇ ਜੇ ਤੂੰ ਇਸ ਨੂੰ ਸੁਮੱਤ ਬਖਸ਼ੇਂ ਅਤੇ ਇਸ ਦੀ ਕੁਲਹਿਣੀ ਕਰਮੀ ਤੇ ਕਹਿਰੀ ਕਰਾਮਾਤ ਦਾ ਕਪਟੀ ਹੰਕਾਰ ਤੋੜੇਂ। ਇਹ ਸੋਚ ਕੇ ਉਹਨਾਂ ਹਮਜ਼ਾ ਗ਼ੌਸ ਦੇ ਛਿੱਲੇ ਵਾਲੀ ਇਮਾਰਤ ਦੇ ਗੁੰਬਦ ਵੱਲ ਨਿਗਾਹ ਭਰ ਕੇ ਵੇਖਿਆ। ਰਜ਼ਾ ਰੱਬ ਦੀ, ਬੁਰਜ ਗੜ ਗੜ ਕਰਦਾ ਜ਼ਮੀਨ ਤੇ ਡਿੱਗ ਪਿਆ। ਦੂਰ ਦੂਰ ਤੱਕ ਬੁਰਜ ਡਿਗਣ ਦਾ ਬਿਜਲੀ ਦੀ ਕੜਕ ਵਾਂਗੂੰ ਭਿਆਨਕ ਸ਼ੋਰ ਹੋਇਆ। ਹਮਜ਼ਾ ਗ਼ੌਸ ਏਨਾਂ ਡਰਿਆ ਕਿ ਉਭੜਵਾਹ, ਜਾਨ-ਭੁਲੇਵੇ ਭੱਜ ਕੇ ਮਕਾਨ ਚੋਂ ਬਾਹਰ ਨਿਕਲਿਆ ਤੇ ਉਸਦੇ ਛਿੱਲੇ ਨੂੰ ਛੱਤ ਦੇ ਛੇਕ ਨੇ ਛਾਂਗ ਕੇ ਰੱਖ ਦਿੱਤਾ। ਉਸ ਨੂੰ ਕਾਂਬਾ ਛਿੜ ਗਿਆ ਤੇ ਇਸਤਗ਼ੁਫ਼ਾਰ ਇਸਤਗ਼ੁਫ਼ਾਰ ਕਰਦਾ ਬਾਹਰ ਨਿਕਲਿਆ। ਲੋਕ ਇਕੱਠੇ ਹੋ ਗਏ। ਬਾਬਾ ਜੀ ਤੇ ਮਰਦਾਨਾ ਵੀ ਆ ਗਏ। ਗੁਰੂ ਸਾਹਿਬ ਨੂੰ ਵੇਖ ਕੇ ਉਸ ਦੀ ਰੂਹ ਤੇ, ਅਗੇ ਕਦੀ ਵੀ ਅਨੁਭਵ ਨ ਕੀਤਾ ਤੇ ਬਿਆਨ ਤੋਂ ਬਾਹਰਾ ਅਸਰ ਹੋਇਆ। ਗੁਰੂ ਸਾਹਿਬ ਨੇ ਉਸ ਨਾਲ ਬੱਚਨ ਬਿਲਾਸ ਕਰਕੇ ਉਸ ਦੇ ਮਨ ਤੋਂ ਕਰਾਮਾਤ ਦੀ ਕਾਲੀ ਉੱਲੀ ਲਾਹੀ ਤੇ ਸਮਝਾ-ਇਆ ਕਿ ਇਸ ਤਰ੍ਹਾਂ ਛੋਟਾ ਦਿਲ ਰਖਣਾ ਤੇ ਰੱਬ ਦੀ ਦਿੱਤੀ ਆਤਮਕ ਸ਼ਕਤੀ ਦੀ ਦਾਤ ਨੂੰ ਇਸ ਤਰ੍ਹਾਂ ਅਨ੍ਹੇ-ਵਾਹ ਤੇ ਜ਼ਾਲਮ ਤਰੀਕੇ ਨਾਲ ਨਹੀਂ ਵਰਤਣਾ ਚਾਹੀਦਾ। ਤੁਸਾਂ ਸ਼ਹਿਰ ਦੇ ਲੋਕਾਂ ਨੂੰ ਗ਼ਰਕ ਕਰਕੇ ਕੀ ਮਾਰਨਾ ਹੈ ਤੁਸੀਂ ਤੇ ਆਪ ਹੀ ਮਰ ਚੱਲੇ ਸਾਉ ਅਤੇ ਹੋਰ ਸ਼ਰਮਨਾਕ ਗੱਲ ਇਹ ਹੈ ਕਿ ਮਰਨ ਦੀ ਸਚਾਈ ਤੋਂ ਏਨੇ ਡਰਦੇ ਹੋ। ਰੱਬ ਨੇ ਬੁਰਜ ਡੇਗ ਕੇ ਤੁਹਾਨੂੰ ਸਬਕ ਦਿੱਤਾ ਹੈ ਕਿ ਅੱਗੋਂ ਖ਼ਾਲਕ ਦੀ ਖ਼ਲਕ ਨਾਲ ਇਹੋ ਜਿਹਾ ਵਤੀਰਾ ਨ ਕਰਨਾ। ਇਸ



Digitized by Panjab Digital Library | www.panjabdigilib.org

ਸ਼ਹਿਰ ਵਿੱਚ ਸਾਰੇ ਹੀ ਤਾਂ ਬੁਰੇ ਲੋਕ ਨਹੀਂ। ਤੁਸੀਂ ਕਾਹਦੇ ਫ਼ਕੀਰ ਹੋ? ਇਹ ਵੀ ਸ਼ੁਕਰ ਕਰੋ ਕਿ ਮੁਫਤ ਦੀ ਮਾਣਤਾ ਤੁਹਾਡੀ ਹੋ ਗਈ, ਖੱਤਰੀ ਨੂੰ ਬੱਚੇ ਤਾਂ ਰੱਬੀ ਬਖ਼ਸ਼ਸ਼ ਹਨ। ਹਮਜ਼ਾ ਗੌਸ ਬੜਾ ਸ਼ਰਮਿੰਦਾ ਹੋਇਆ ਤੇ ਆਪਨੀ ਗਲਤੀ ਦਾ ਅਹਿਸਾਸ ਕਰ ਕੇ ਗੁਰੂ ਸਾਹਿਬ ਦੀ ਵਡਿੱਤਣ ਦਾ ਇਕਬਾਲ ਕੀਤਾ। ਪਰ ਸਿਆਲਕੋਟ ਸ਼ਹਿਰ ਦੇ ਲੋਕਾਂ ਬਾਰੇ ਉਸ ਦੇ ਖ਼ਿਆਲ ਚੰਗੇ ਨਹੀਂ ਸਨ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਦੋ ਪੈਸੇ ਦੇ ਕੇ ਬਾਜ਼ਾਰ ਭੇਜਿਆ, ਤਾਕਿ ਪੈਸੇ, ਪੈਸੇ ਦਾ ਸੱਚ ਤੇ ਝੂਠ ਖ਼ਰੀਦ ਲਿਆਵੇ। ਮਰਦਾਨਾ ਹਟੀਉਂ-ਹਟੀ ਭਜਿਆ ਪਰ ਦੁਕਾਨਦਾਰ ਸੌਦੇ ਦਾ ਨਾਂ ਸੁਣ ਕੇ ਮਖੌਲ ਕਰਦੇ। ਸਾਰੇ ਸ਼ਹਿਰ 'ਚੋਂ ਸਿਰਫ ਇੱਕ ਬੰਦੇ ਨੇ ਇਹ ਰੱਬੀ ਰਮਜ਼ ਪਛਾਣੀ। ਉਸ ਨੇ ਦੋ ਪੈਸੇ ਲੈ ਕੇ ਇੱਕ ਕਾਗਜ਼ ਦੇ ਟੋਟੇ ਤੇ ਲਿਖ ਦਿੱਤਾ "ਮਰਨਾ ਸੱਚ ਤੇ ਜਿਉਣਾ ਝੂਠ।" ਮਰਦਾਨੇ ਕਿਹਾ, "ਵਾਹ ਬਾਬਾ ਜੀ, ਸਦਕੇ ਜਾਈਏ ਤੁਹਾਡੇ ਬਿਉਪਾਰ ਤੋਂ, ਮੇਰਾ ਚੰਗਾ ਮੌਜੂ ਬਣਾਇਆ ਜੇ। ਸਾਰੇ ਸ਼ਹਿਰ ਦੀਆਂ ਹੱਟੀਆਂ ਤੇ ਭੌਂ-ਭੌਂ ਕੇ ਫਾਵਾ ਹੋ ਗਿਆ ਹਾਂ। ਮੈਂ ਸੌਦਾ ਮੰਗਾਂ ਤੇ ਦੁਕਾਨਦਾਰ ਮੈਨੂੰ ਸੌਦਾ ਦੇਣ ਦੀ ਥਾਂ ਹੱਸ ਕੇ ਸਉਦਾਅ ਜਾਂ ਝੱਲ ਦਾ ਮਰੀਜ਼ ਹੀ ਸਮਝਦੇ ਸਨ। ਸਿਰਫ ਇੱਕ ਹੱਟੀ ਵਾਲਾ ਇਹੋ ਜਿਹਾ ਨਿਕਲਿਆ ਜੋ ਸੌਦਾ ਮੰਗਿਆਂ ਹੱਸਣ ਦੀ ਥਾਂ ਗੰਭੀਰ ਹੋ ਕੇ ਸੋਚਾਂ ਦੇ ਸਮੁੰਦਰ ਵਿੱਚ ਡੁੱਬ ਗਿਆ ਤੇ ਫਿਰ ਪੈਸੇ ਲੈ ਕੇ ਇਸ ਕਾਗਜ਼ ਤੇ ਕੁਝ ਲਿੱਖ ਦਿੱਤਾ ਸੂ।" ਬਾਬਾ ਜੀ ਪੜ੍ਹਕੇ ਬੜੇ ਖੁਸ਼ ਹੋਏ।

ਲਿਖ ਕੇ ਦੇਣ ਵਾਲੇ ਮੂਲੇ ਨੂੰ ਸੱਦ ਕੇ ਗੱਲਾਂ ਹੋਈਆਂ। ਹਮਜ਼ਾ ਗੌਸ ਨੂੰ ਕਹਿਣ ਲੱਗੇ, "ਵੇਖੋ ਪੀਰ ਜੀ, ਇਸ ਸ਼ਹਿਰ ਵਿੱਚ ਵੀ ਖ਼ੁਦਾ-ਸ਼ਨਾਸ ਤੇ ਖੁਦਾ-ਤਰਸ ਬੰਦੇ ਨੇ। ਸਾਰੀ ਦੁਨੀਆਂ ਨੂੰ ਇੱਕ ਰਸੇ ਨਹੀਂ ਬਨ੍ਹੀਦਾ।" ਫ਼ਕੀਰ ਦੀ ਜ਼ਿੰਦਗੀ ਦੀ ਕਾਇਆ ਬਦਲ ਗਈ। ਦਿਲੋਂ ਗੁਰੂ ਸਾਹਿਬ ਦਾ ਮੁਰੀਦ ਬਣਿਆ। ਮੂਲਾ ਤਾਂ ਬਾਬਾ ਜੀ ਨੂੰ ਮਿਲ ਕੇ ਤੇ ਬਚਨ-ਬਿਲਾਸ ਸੁਣਕੇ ਮੋਹਤ ਹੀ ਹੋ ਗਿਆ ਤੇ ਘਰ ਬਾਰ ਛੱਡ ਕੇ ਨਾਲ ਜਾਣ ਲਈ ਤਿਆਰ ਹੋ ਬੈਠਾ। ਪਰ ਬਾਬਾ ਜੀ ਨੇ ਕਿਹਾ ਅਸੀਂ ਫਿਰ ਕਦੀਂ ਆ ਕੇ ਤੁਹਾਨੂੰ ਪਰਦੇਸ਼-ਰਟਨ ਲੈ ਜਾਵਾਂਗੇ। ਏਥੋਂ ਬਾਬਾ ਜੀ ਫਿਰ ਆਪਨੇ ਦਿਲੀ ਮਿੱਤਰ ਭਾਈ ਲਾਲੋ ਕੋਲ ਸੈਦਪੁਰ ਪੁੱਜ ਗਏ। ਭਾਈ ਲਾਲੋ ਸੱਚ ਮੁੱਚ ਹੀ ਮਨੁੱਖਤਾ ਦਾ ਅਨਮੋਲ ਲਾਲ ਸੀ ਪਰ ਆਲੇ ਦੁਆਲੇ ਦੀ ਮਾਇਆ-ਮੁੱਠੀ ਦੁਨੀਆਂ ਨੂੰ ਜੋ ਕੇਵਲ ਚਾਂਦੀ ਸੋਨੇ ਦੀਆਂ ਕੌਡੀਆਂ ਨਾਲ ਹੀ ਖੇਡਣਾ ਜਾਣਦੀ ਸੀ, ਗ਼ਰੀਬੀ ਦੀ ਗੋਦੜੀ ਵਿਚ ਵਲ੍ਹੇਟੇ ਹੋਏ ਲਾਲ ਦੀ ਕੀ ਸਾਰ ਸੀ? ਮੈਨੂੰ ਸਾਰੀ ਉਮਰ ਨਹੀਂ ਭੁਲਦਾ ਕਿ ਅਸੀਂ ਨਿੱਕੇ ਹੁੰਦੇ ਸੱਚੇ ਸੌਦੇ 'ਚੋਂ ਨਵੇਂ ਵੱਸੇ ਹੋਏ ਪਿੰਡ ਚੰਨਿਆਂਵਾਲੀ, ਜ਼ਿਲ੍ਹਾ ਸ਼ੇਖ਼ੂਪੁਰਾ ਦੇ ਗੁਰਦੁਆਰੇ ਵਿਚ ਢੋਲਕੀ, ਛੈਣੇ ਤੇ ਚਿਮਟਾ ਵਜਾ ਕੇ ਇਸ ਧਾਰਨਾ ਤੇ ਸ਼ਬਦ ਪੜ੍ਹਦੇ ਸਾਂ, "ਲੋਕੋ! ਕੌਡੀਆਂ ਖ਼ਰੀਦਨ ਵਾਲੇ ਲਾਲਾਂ ਦੀ ਕੀ ਸਾਰ ਜਾਣਦੇ?"

ਇਸ ਸਮੇਂ ਹੀ ਗੁਰੂ ਸਾਹਿਬ ਨੇ ਭਾਈ ਲਾਲੋ ਨਾਲ ਬਾਬਰ ਦੇ ਹਮਲੇ ਤੇ ਹੋਰ ਰਾਜਸੀ ਤੇ ਸਮਾਜਕ ਹੋਣ ਵਾਲੀ ਦਸ਼ਾ ਬਾਰੇ ਭਵਿੱਖ ਦੀਆਂ ਗੱਲਾਂ ਕੀਤੀਆਂ, ਜਿਨ੍ਹਾਂ ਦਾ ਜ਼ਿਕਰ ਪਹਿਲਾਂ ਹੀ ਭਲੀ-ਭਾਂਤ ਕੀਤਾ ਜਾ ਚੁੱਕਾ ਹੈ। ਗੁਰੂ ਸਾਹਿਬ ਨੂੰ ਭਾਈ ਲਾਲੋ ਦੇ ਉੱਚੇ-ਸੁੱਚੇ ਤੇ ਕਿਰਤ ਦੀ



Digitized by Panjab Digital Library | www.panjabdigilib.org

ਕਮਾਈ ਦੇ ਜੀਵਨ ਨਾਲ ਖ਼ਾਸ ਨੇਹੁੰ ਸੀ। ਉਦਾਸੀਆਂ ਦੇ ਸਮੇਂ ਵੀ ਜਿੰਨੀ ਵਾਰੀ ਉਚੇਚੇ ਜਾ ਜਾ ਕੇ ਭਾਈ ਲਾਲੋ ਨੂੰ ਵੀ ਮਿਲੇ ਨੇ, ਓਨੀ ਵਾਰੀ ਮਾਪਿਆਂ ਨੂੰ ਵੀ ਨਹੀਂ ਮਿਲੇ। ਕਹਿੰਦੇ ਨੇ ਜੀ ਨੂੰ ਜੀ ਹੈ। ਭਾਈ ਲਾਲੋ ਨੂੰ ਵੀ ਜਿੰਨਾ ਪਿਆਰ ਗੁਰੂ ਸਾਹਿਬ ਨਾਲ ਸੀ, ਉਹ ਮਨੁੱਖੀ ਖ਼ਿਆਲ ਦੇ ਫ਼ਾਸਲੇ ਤੋਂ ਵੀ ਬਹੁਤ ਅਗੇਰੇ ਹੈ। ਬਾਬਾ ਜੀ ਆਪ ਵੀ ਬੜੇ ਮੌਜੀ ਸਨ ਪਰ ਭਾਈ ਮਰਦਾਨਾ ਭਾਈ ਲਾਲੋ ਦੇ ਘਰ ਉਸ ਦੇ ਇਲਮ ਤੇ ਆਸ ਤੋਂ ਬਿਨਾਂ ਹੀ ਜਦੋਂ ਪੁੱਜੇ ਤਾਂ ਭਾਈ ਲਾਲੋ ਸਤਿਗੁਰ ਦੇ ਦਰਸ਼ਨ ਕਰਕੇ ਖੁਸ਼ੀ ਦੀ ਬਹੁਲਤਾ ਨਾਲ ਆਪਣਾ ਆਪ ਹੀ ਭੁੱਲ ਗਿਆ ਤੇ ਕਦੀ ਦੋ ਕਦਮ ਏਧਰ ਹੋ ਜਾਏ ਤੇ ਕਦੀ ਦੋ-ਚਾਰ ਕਦਮ ਓਧਰ। ਕੋਲ ਹੀ ਮੰਜੀ ਪਈ ਹੋਈ ਸੀ ਪਰ ਉਸ ਨੂੰ ਮੰਜੀ ਦੀ ਹੋਂਦ ਸੁਝੇ ਹੀ ਨਾ। ਮਰਦਾਨੇ ਨੇ ਬਾਬਾ ਜੀ ਨੂੰ ਕਿਹਾ, ''ਬਾਬਾ ਜੀ, ਭਾਈ ਲਾਲੋ ਕੀ ਭਾਲਦਾ ਹੈ?'' ਬਾਬਾ ਜੀ ਨੇ ਉੱਤਰ ਦਿੱਤਾ, ''ਭਾਈ ਸਾਡੇ ਬਿਠਾਣ ਲਈ ਮੰਜੀ ਢੂੰਢਦਾ ਏ।'' ਮਰਦਾਨੇ ਨੇ ਕਿਹਾ, ''ਜੀ ਮੰਜੀ ਤੇ ਉਸ ਦੇ ਕੋਲ ਪਈ ਹੈ।'' ਬਾਬਾ ਜੀ ਨੇ ਕਿਹਾ, ''ਹੁਣ ਖੁਸ਼ੀ ਦੇ ਉਲੇਲ ਵਿਚ ਸਭ ਕੁਝ ਭੁਲਿਆ ਬੈਠਾ ਹੈ।'' ਮਰਦਾਨੇ ਨੇ ਕਿਹਾ, ''ਮਹਾਰਾਜ, ਜੇ ਉਹ ਰਾਤੀਂ ਏਸੇ ਖੁਸ਼ੀ ਵਿੱਚ ਆਟੇ ਵਾਲਾ ਘੜਾ ਵੀ ਭੁੱਲ ਗਿਆ ਤਾਂ ਕੀ ਬਣੇਗਾ?'' ਇਹ ਸੁਣਕੇ ਬਾਬਾ ਜੀ ਤੇ ਭਾਈ ਲਾਲੋ ਦਾ ਖਿੜ ਖਿੜਾਕੇ ਹਾਸਾ ਨਿਕਲ ਗਿਆ ਤੇ ਹੱਸ ਹੱਸ ਕੇ ਢਿੱਡੀਂ ਪੀੜਾਂ ਪੈ ਗਈਆਂ। ਦੋਹਾਂ ਨੇ ਇੱਕ ਦੂਜੇ ਨੂੰ ਘੁੱਟ ਕੇ ਜਫੀਆਂ ਪਾ ਲਈਆਂ ਤੇ ਤਿੰਨੇ ਜਣੇ ਮੰਜੀ ਤੇ ਬਹਿ ਗਏ ਤੇ ਮਿੱਤਰਾਂ ਦੇ ਮਿਲਾਪ ਤੇ ਹਾਸੇ ਦੀ ਖੁਸ਼ੀ ਵਿੱਚ ਪਰਾਹੁਣਿਆਂ ਦਾ ਸਫ਼ਰ ਦਾ ਸਾਰਾ ਥਕੇਵਾਂ ਲਹਿ ਗਿਆ।

ਬਾਬਾ ਜੀ ਦਿਨੇ ਭਾਈ ਲਾਲੋ ਤੇ ਹੋਰ ਆਏ ਗਏ ਪ੍ਰੇਮੀਆਂ ਨਾਲ ਨੇਕੀ ਕਰਨ, ਨੇਕ ਬਣਨ, ਨੇਕ ਕਮਾਈ ਕਰਨ, ਝੂਠ ਤੇ ਪਾਖੰਡ ਤਿਆਗਨ ਆਦਿ ਦੀਆਂ ਗੱਲਾਂ ਕਰਦੇ ਅਤੇ ਸਵੇਰੇ, ਸ਼ਾਮ ਦੋਵੇਂ ਵੇਲੇ ਮਧੁਰ ਕੀਰਤਨ ਕਰਦੇ। ਭਾਈ ਲਾਲੋ ਤੇ ਉਸ ਦੀ ਪਤਨੀ ਰੁੱਖੀ-ਮਿੱਸੀ ਰੋਟੀ ਪਿਆਰ ਤੇ ਸ਼ਰਧਾ ਵਿੱਚ ਗੁਨ੍ਹ ਗੁਨ੍ਹ ਕੇ ਪਕਾਂਦੇ ਤੇ ਬਾਬਾ ਜੀ ਵੀ ਪਿਆਰ ਦੇ ਅੰਮ੍ਰਿਤੀ ਰੱਸ ਵਿੱਚ ਮਸਤ ਹੋ ਕੇ ਖਾਂਦੇ, ਸੈਦਪੁਰ ਵਿੱਚ ਮਲਕ ਭਾਗੋ ਰਹਿੰਦਾ ਸੀ। ਇੱਕ ਦਿਨ ਉਸ ਨੇ ਬਰਹਮ ਭੋਜਨ ਭਾਵ ਜੱਗ ਕੀਤਾ ਜਿਸ ਵਿੱਚ ਸਾਰੇ ਸੰਤ ਮਹਾਤਮਾ ਅਤੇ ਗ਼ਰੀਬ-ਗ਼ੁਰਬੇ ਬੁਲਾਏ ਗਏ, ਜਿਨ੍ਹਾਂ ਨੂੰ ਭਾਂਤ-ਭਾਂਤ ਦੇ ਭੋਜਨ ਛਕਾਏ ਗਏ। ਜਦੋਂ ਉਸਨੇ ਪੁਛਿਆ ਕਿ ਸਾਰੇ ਲੋਕ ਭੋਜਨ ਖਾ ਗਏ ਨੇ ਤਾਂ ਲੋਕਾਂ ਦੱਸਿਆ ਕਿ ਨਾਨਕ ਤਪਾ ਜੋ ਲਾਲੋ ਤਰਖਾਣ ਦੇ ਘਰ ਰਹਿੰਦਾ ਹੈ ਤੁਹਾਡੇ ਸੁਨੇਹੇ ਤੇ ਸੱਦਿਆਂ ਵੀ ਨਹੀਂ ਆਇਆ। ਹੋਰ ਤੇ ਸਾਰੇ ਖਾ ਚੁੱਕੇ ਨੇ। ਮਲਕ ਭਾਗੋ ਦੇ ਅੱਗੇ ਹੀ ਕੰਨ ਭਰੇ ਹੋਏ ਸਨ ਕਿ ਨਾਨਕ ਬੇਦੀ ਖੱਤਰੀਆਂ ਦਾ ਪੁੱਤਰ ਹੁੰਦਿਆਂ ਹੋਇਆਂ ਲਾਲੋ ਸ਼ੂਦਰ ਦੇ ਘਰ ਰਹਿੰਦਾ ਤੇ ਖਾਂਦਾ ਪੀਂਦਾ ਹੈ। ਉਹ ਗੁੱਸੇ ਨਾਲ ਲਾਲ ਪੀਲਾ ਹੋ ਗਿਆ ਅਤੇ ਗੁਰੂ ਨਾਨਕ ਦੀ ਲਾਪਰਵਾਹੀ ਨੂੰ ਆਪਣੀ ਨਿਰਾਦਰੀ ਸਮਝ ਬੈਠਾ। ਗੁਰੂ ਸਾਹਿਬ ਉਰੇਚੇ ਬੰਦੇ ਭੇਜ ਕੇ ਬੁਲਾਏ ਗਏ ਤੇ ਮਲਕ ਭਾਗੋ ਬੜੀ ਟੈਂ ਵਿੱਚ ਬੋਲਿਆ, ''ਤੂੰ ਸਾਧੂ ਕਾਹਦਾ ਬਣਿਆ ਏਂ? ਤੂੰ ਤੇ ਸਾਡੀ ਖਤਰੀਆਂ ਦੀ ਕੁਲ ਦਾ ਨੱਕ ਵੱਢ ਛਡਿਆ ਏ। ਏਡੇ ਵਡੇ ਬੇਦੀ ਖਤਰੀ ਦਾ ਪੁੱਤਰ ਹੋ ਕੇ ਲਾਲੋ ਤਰਖਾਣ ਦੇ ਟੁਕੜਿਆਂ ਤੇ ਝੁਰਕਦਾ ਰਹਿੰਦਾ ਏਂ ਤੇ ਅੱਜ ਤੇ ਹੱਦ ਹੀ ਹੋ ਗਈ ਹੈ ਕਿ ਉਚੇਚਾ



Digitized by Panjab Digital Library | www.panjabdigilib.org

ਸੱਦਿਆਂ ਵੀ ਤੂੰ ਮੇਰੇ ਬਰਹਮ ਭੋਜਨ ਵਿੱਚ ਆਉਣ ਦੀ ਪਰਵਾਹ ਨਹੀਂ ਕੀਤੀ। ਕੀ ਲਾਲੋ ਦੀਆਂ ਸੁੱਕੀਆਂ ਟਾਪਾਂ ਵਿੱਚ ਜ਼ਿਆਦਾ ਸੁਵਾਦ ਏ?" ਬਾਬਾ ਜੀ ਨੇ ਕਿਹਾ, "ਮੈਂ ਤੇ ਸੱਚ ਤੇ ਧਰਮ ਦੀ ਕਿਰਤ ਕਮਾਈ ਦਾ ਸਹੇਲਾ ਹਾਂ। ਖੋਹ-ਘਸੀਟ ਤੇ ਵੱਢੀ-ਚੀਰੇ ਦੀ ਦੌਲਤ ਨਾਲ ਮੇਰੀ ਕੋਈ ਸਾਂਝ ਨਹੀਂ। ਭਾਈ ਲਾਲੋ ਸਾਰਾ ਦਿਨ ਆਪਣੇ ਹੱਡ-ਭੰਨ ਕੇ ਕੋਧਰੇ ਦੀ ਰੋਟੀ ਕਮਾਂਦਾ ਹੈ ਪਰ ਤੂੰ ਤੇ ਆਪਣੇ ਧੋਖੇ, ਕੂੜ-ਕਪਟ ਤੇ ਵੱਢੀ-ਖੋਰੀ ਦੇ ਕਾਰਨ, ਗ਼ਰੀਬ ਲੋਕਾਂ ਵਿੱਚ ਕੁਰਲਾਟ ਪਾਏ ਹੋਏ ਨੇ। ਤੂੰ ਜੁ ਏਡਾ ਵਡਾ ਬਰਹਮ ਭੋਜਨ ਕਰਕੇ ਲੱਖਾਂ ਰੁਪੈ ਖਰਚ ਕੀਤੇ ਨੇ, ਸੱਚ ਦੱਸ ਖਾਂ ਕਦੀ ਇੱਕ ਗਰਾਹੀ ਜਾਂ ਇੱਕ ਰੱਤੇ ਪੈਸੇ ਦੀ ਕਮਾਈ ਆਪਨੀ ਹੱਥੀਂ ਕੀਤੀ ਆਂ? ਭਾਈ ਲਾਲੋ ਲਹੂ-ਪਸੀਨਾ ਇੱਕ ਕਰਕੇ ਰੋਜ਼ੀ ਕਮਾਂਦਾ ਹੈ ਨਾਲੇ ਹਰ ਵੱਕਤ ਨੇਕੀ ਸੋਚਦਾ, ਨੇਕੀ ਕਰਦਾ ਤੇ ਰੱਬ ਦਾ ਨਾਂ ਜੱਪਦਾ ਹੈ। ਸਾਡੇ ਜਿਹੇ ਆਏ ਗਏ ਮੁਸਾਫਰਾਂ ਤੇ ਹੋਰ ਲੋੜਵੰਦਾਂ ਨੂੰ ਵੀ ਆਪਣੀ ਵਿੱਤ ਅਨੁਸਾਰ ਜੀ ਆਇਆਂ ਆਖਦਾ ਹੈ। ਭਾਈ ਲਾਲੋ ਜਿਹੇ ਕਿਰਤੀਆਂ ਦੇ ਸੁੱਕੇ ਟੁੱਕੜੇ ਅੰਮ੍ਰਿਤ ਤੇ ਪਾਣੀ ਦੁੱਧ ਬਰਾਬਰ ਹੈ ਪਰ ਤੇਰੀਆਂ ਤੇ ਇਹ ਪੂੜੀਆਂ ਕਚੌਰੀਆਂ, ਵਿੱਚੋਂ ਜੋ ਘਿਉ ਚੋਂਦਾ ਹੈ, ਗ਼ਰੀਬਾਂ ਦੇ ਲਹੂ ਦੀਆਂ ਧਾਰਾਂ ਨੇ। ਅਖੀਂ ਵੇਖ ਕੇ ਮਹੁਰਾ ਨਹੀਂ ਖਾਧਾ ਜਾਂਦਾ। ਮੈਂ ਤੇਰੀ ਲੁੱਟ-ਘਸੁੱਟ ਦੀ ਕਮਾਈ ਦੇ ਬਰਹਮ ਭੋਜਨ ਨੂੰ ਮੂੰਹ ਵੀ ਨਹੀਂ ਲਾਉਣਾ।"

ਮਲਕ ਭਾਗੋ ਬਾਬਾ ਜੀ ਦੇ ਬੇਬਾਕ ਬਚਨ ਸੁਣਕੇ ਇਸ ਤਰ੍ਹਾਂ ਹੋ ਗਿਆ ਜਿਵੇਂ ਉਹ ਪੱਥਰ ਦੀ ਅਹਿੱਲ ਮੂਰਤੀ ਬਣ ਗਿਆ ਹੋਵੇ। ਸੱਚ, ਸੰਸਾਰ ਦੀ ਸਭ ਤੋਂ ਵੱਡੀ ਤਾਕਤ ਹੈ। ਝੂਠ ਤੇ ਪਹਾੜਾਂ ਜਿੱਡਾ ਉੱਚਾ ਹੋਇਆ ਹੋਇਆ ਰੂੰ ਸੱਚ ਦੀ ਇੱਕ ਚਿਣਗ ਨਾਲ ਹੀ ਸੁਆਹ ਦੀਆਂ ਦੋ ਮੁੱਠਾਂ ਹੋ ਜਾਂਦਾ ਹੈ। ਮਲਕ ਭਾਗੋ ਨੂੰ ਬਾਬਾ ਜੀ ਦੀ ਹਿਰਦੇ ਤੇ ਮਾਰੀ ਹੋਈ ਸੱਚ ਦੀ ਸੱਟ ਥਾਂ ਸਿਰ ਵੱਜੀ। ਮਲਕ ਦਾ ਜੀਵਨ ਹੀ ਬਦਲ ਗਿਆ। ਗੁਰੂ ਸਾਹਿਬ ਨੇ ਕਿਹਾ, "ਧਰਮ ਦੀ ਕਮਾਈ, ਸੱਚ ਦੀ ਸਫ਼ਾਈ, ਨਿਰਮਤਾ ਦੀ ਵਡਿਆਈ, ਸੰਤੋਖ ਦੇ ਧਨ, ਧੀਰਜ ਦੇ ਧਨਾਡ ਬਣ ਕੇ ਸੱਚ ਭਰੇ ਆਚਾਰ ਦੀ ਪਰਾਪਤੀ ਕਰੋ ਫਿਰ ਬੇੜਾ ਪਾਰ ਹੋਣਾ ਹੈ। ਇਸ ਤਰ੍ਹਾਂ ਗ਼ਰੀਬਾਂ ਦੀ ਕਮਾਈ ਤੇ ਛਾਪਾ ਮਾਰ ਕੇ, ਬਰਾਹਮਣਾਂ ਤੋਂ ਵੇਦ ਪੜ੍ਹਵਾ ਕੇ, ਬਰਹਮ ਭੋਜਨ ਦੇ ਨੇਕ ਨਾਂ ਦੀ ਛਾਂ ਹੇਠ ਸ਼ੋਭਾ ਖੱਟਣ ਦੀ ਲਾਲਸਾ ਦਾ ਕੋਈ ਲਾਭ ਨਹੀਂ। ਸਾਡੀ ਗੱਲ ਸੁਣ ਤੇ ਸਦਾ ਲਈ ਦਿਲ ਵਿੱਚ ਵਸਾ ਲੈ" :—

ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ।
ਕੇਤੇ ਬੰਧਨ ਜੀਅਕੇ ਗੁਰਮੁਖਿ ਮੋਖਦੁਆਰ।
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ।"

ਮਲਕ ਭਾਗੋ ਦੇ ਸੁੱਤੇ ਭਾਗ ਜਾਗ ਪੈ ਤੇ ਉਹ ਗੁਰੂ ਨਾਨਕ ਸਾਹਿਬ ਦੀ ਸੱਚੀ ਸਿੱਖਿਆ ਨੂੰ ਧਾਰਨ ਕਰਕੇ ਉਹਨਾਂ ਦਾ ਸਿੱਖ ਬਣਿਆ। ਭਾਈ ਗੁਰਦਾਸ ਨੇ ਸੱਚੇ ਆਚਾਰ ਦੇ ਆਦਰਸ਼ਕ ਖ਼ਿਆਲ ਬਾਰੇ ਅਠ੍ਹਾਰਵੀਂ ਵਾਰ ਵਿਚ ਲਿਖਿਆ ਹੈ :—



Digitized by Panjab Digital Library | www.panjabdigilib.org

ਜਪ ਤਪ ਸੰਜਮ ਲੱਖ ਲੱਖ ਹੋਮ ਜਗ ਨਈਵੇਦ ਕਰੋੜੀ।
ਵਰਤ ਨੇਮ ਸੰਜਮ ਘਣੇ ਕਰਮ ਧਰਮ ਲੱਖ ਤੰਦ ਮਰੋੜੀ।
ਤੀਰਥ ਪੁਰਬ ਸੰਜੋਗ ਲੱਖ ਪੁੰਨਦਾਨ ਉਪਕਾਰ ਨ ਓੜੀ।
ਦੇਵੀ ਦੇਵ ਸਰੇਵਣੇ ਵਰ ਸਰਾਪ ਲੱਖ ਜੋੜ ਵਿਛੋੜੀ।
ਦਰਸ਼ਨ ਵਰਣ ਅਵਰਣ ਲੱਖ ਪੂਜਾ ਅਰਚਾ ਬੰਧਨ ਤੋੜੀ।
ਲੋਕ ਵੇਦ ਗੁਣ ਗਿਆਨ ਲੱਖ ਜੋਗ ਭੋਗ ਲੱਖ ਭਾਗ ਪਛੋੜੀ।
ਸਚਹੁ ਓਰੇ ਸਭ ਕਿਹੁ ਲੱਖ ਸਿਆਣ ਸੱਭਾ ਥੋੜੀ।
ਉਪਰ ਸੱਚ ਆਚਾਰ ਚਮੋੜੀ।

ਗੁਰੂ ਗੋਬਿੰਦ ਸਿੰਘ ਜੀ ਵੀ ਜ਼ਫ਼ਰਨਾਮੇ ਵਿੱਚ ਫ਼ਰਮਾਂਦੇ ਨੇ ਕਿ ਰੱਬ ਦੀ ਬਖਸ਼ਸ਼ ਉਸੇ ਮਨੁੱਖ ਤੇ ਹੁੰਦੀ ਹੈ ਜੋ ਸੱਚ ਨੂੰ ਧਾਰਨ ਕਰਦੇ ਨੇ :—

ਹਰਾਂਕਸ ਕਿ ਓ ਰਾਸਤਬਾਜ਼ੀ ਕੁਨੱਦ,
ਰਹੀਮੇ ਬਰੋ ਰਹਿਮ ਸਾਜ਼ੀ ਕੁਨੱਦ।

ਗੁਰੂ ਨਾਨਕ ਜੀ ਖ਼ੁਦ ਵੀ ਫ਼ਰਮਾਂਦੇ ਨੇ :—

ਹਿਰਦੈ ਸਚੁ ਇਹ ਕਰਣੀ ਸਾਰੁ।
ਹੋਰ ਸਭੁ ਪਾਖੰਡ ਪੂਜ ਖੁਆਰੁ।

ਗੁਰੂ ਸਾਹਿਬ ਨੇ ਮਲਕ ਭਾਗੋ ਦਾ ਸੁਧਾਰ ਕਰਕੇ ਭਾਈ ਲਾਲੋ ਤੋਂ ਛੁੱਟੀ ਮੰਗੀ ਤੇ ਲਹਿੰਦੇ ਪੰਜਾਬ ਵੱਲ ਟੁਰ ਗਏ। ਭਾਈ ਮਰਦਾਨਾ ਉਹਨਾਂ ਦੇ ਨਾਲ ਸੀ।

ਟੁਰਦੇ ਟੁਰਾਂਦੇ ਗੁਰੂ ਨਾਨਕ ਤੇ ਮਰਦਾਨਾ ਹੱੜੱਪੇ ਦੇ ਕੋਲ ਪੁੱਜੇ ਜਿੱਥੇ ਮਰਦਾਨਾ ਬਾਬਾ ਜੀ ਦੀ ਆਗਿਆ ਨਾਲ ਇੱਕ ਪਿੰਡ ਵਿੱਚ ਗਿਆ ਤੇ ਲੋਕਾਂ ਬੜੀ ਸੇਵਾ ਕੀਤੀ। ਚੰਗਾ ਭੋਜਨ ਛਕਾਣ ਤੋਂ ਛੁੱਟ ਕਪੜੇ ਤੇ ਪੈਸਾ ਟਕਾ ਵੀ ਕਾਫ਼ੀ ਦਿੱਤਾ ਜਿਨ੍ਹਾਂ ਦੀ ਪੰਡ ਬੰਨ੍ਹਕੇ ਮਰਦਾਨਾ ਬਾਬਾ ਜੀ ਕੋਲ ਆ ਗਿਆ। ਗੁਰੂ ਸਾਹਿਬ ਵੇਖਕੇ ਹੱਸ ਪੈ ਤੇ ਕਹਿਣ ਲਗੇ, "ਵਾਹ ਭਾਈ ਮਰਦਾ-ਨਿਆਂ, ਅਸੀਂ ਤਾਂ ਇਸ ਪੰਡ ਦਾ ਭਾਰ ਸਿਰ ਤੋਂ ਲਾਹ ਕੇ ਘਰ ਸੁੱਟ ਆਏਂ ਤੂੰ ਤੇ ਫਿਰ ਇਹ ਕਪੜੇ-ਲੱਤੇ ਤੇ ਪੈਸਿਆਂ ਦੀ ਪੰਡੋਕਲੀ ਦਾ ਭਾਰ ਸਿਰ ਤੇ ਚੁੱਕ ਲਿਆਂਦਾ ਏ। ਜਾਹ ਜਿੱਥੋਂ ਲਿਆਂਦਾ ਈ, ਉਥੇ ਈ ਗ਼ਰੀਬਾਂ ਤੇ ਲੋੜਵੰਦਾਂ ਵਿੱਚ ਵੰਡ ਆ।" ਮਰਦਾਨੇ ਨੇ ਸੱਤ ਬਚਨ ਕਹਿ ਕੇ ਹੁਕਮ ਮੰਨਿਆ।

ਇਸ ਇਲਾਕੇ ਤੋਂ ਅੱਗੇ, ਬਾਬਾ ਜੀ ਤੇ ਮਰਦਾਨਾ ਮੁਲਤਾਨ ਦੇ ਜ਼ਿਲ੍ਹੇ ਵਿੱਚ ਦਾਖ਼ਲ ਹੋਏ। ਸ਼ੋਰਕੋਟ ਖ਼ਾਨੇਵਾਲ ਦੀ ਰੇਲਵੇ ਲਾਈਨ ਤੇ ਇੱਕ ਸਟੇਸ਼ਨ ਮਖਦੂਮਪੁਰ ਹੈ। ਇਸ ਤੋਂ ਪੌਣੇ ਕੁ ਮੀਲ ਦੀ ਵਿੱਥ ਤੇ ਇੱਕ ਪਿੰਡ ਤਲੰਭਾ ਹੈ ਜਿੱਥੇ ਇੱਕ ਮੁਸਲਮਾਨ ਠੱਗ ਰਹਿੰਦਾ ਸੀ ਜਿਸ ਦਾ ਨਾਂ 'ਸੱਜਨ' ਸੀ। 'ਨਾਮ ਤੇ ਕਾਮ' ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਕਿੱਥੇ



Digitized by Panjab Digital Library | www.panjabdigilib.org

ਹਰ ਮਨੁੱਖ ਦਾ ਸੱਜਨ ਤੋਂ ਸੱਜਣਿਆਈ ਦੀ ਉਮੀਦ ਕਰਨਾ ਤੇ ਕਿੱਥੇ ਠੱਗ ਦੇ ਪਾਖੰਡ, ਕਪਟ ਤੇ ਕਹਿਰ ਦਾ ਸ਼ਿਕਾਰ ਹੋਣਾ।

ਸੱਜਨ ਸੂਰਤ ਦਾ ਬੜਾ ਪਾਰਸਾ ਸੀ। ਸੁਹਣਾ ਜ਼ਾਹਿਦਾਂ ਵਾਲਾ ਲਿਬਾਸ, ਹਾਜੀਆਂ ਵਾਲੀ ਲੰਮੀ ਦਾਹੜੀ, ਹੱਥ ਵਿੱਚ ਤਸਬੀ ਤੇ ਕੁਰਆਨ ਚੋਂ ਦਰੂਦ ਫ਼ਾਤਹ ਜਾਂ ਵਜ਼ੀਫ਼ੇ ਦੀਆਂ ਆਇਤਾਂ ਦਾ ਜ਼ਿਕਰ ਹਰ ਵਕਤ ਉਸ ਦੀ ਜ਼ਬਾਨ ਤੇ ਰਹਿੰਦਾ। ਦਿਲੋਂ ਦੰਭੀ ਪਰ ਮੂੰਹ ਦਾ ਮਾਖਿਓਂ ਤੋਂ ਵੀ ਮਿੱਠਾ ਸੀ। ਐਸੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰਦਾ ਕਿ ਮਨੁੱਖਾਂ ਦੇ ਮਨਾਂ ਨੂੰ ਮੋਹ ਲੈਂਦਾ। ਉਸ ਨੇ ਵੱਡੀ ਸਾਰੀ ਮਸੀਤ ਦੇ ਵਲਗਨ ਵਿੱਚ ਹਿੰਦੂਆਂ ਲਈ ਮੰਦਰ, ਮੁਸਲਮਾਨਾਂ ਲਈ ਮਸੀਤ ਤੇ ਮੁਸਾਫਰਾਂ ਲਈ ਸਰਾਂ ਬਣਾਈ ਹੋਈ ਸੀ। ਆਏ ਗਏ ਤੇ ਲੰਘਦੇ ਲੰਘਾਂਦੇ ਰਾਹੀਆਂ ਨੂੰ ਆਪਣੇ ਕੋਲ ਬਹਿਣ ਨੂੰ ਥਾਂ ਦੇਂਦਾ। ਚੰਗਾ ਖਾਣਾ ਤੇ ਚੰਗਾ ਬਿਸਤਰਾ ਵੀ ਮੁਹੱਯਾ ਕਰਦਾ। ਰੋਟੀ ਪਾਣੀ ਵਿੱਚ ਇਹੋ ਜਿਹੀਆਂ ਬੇਮਲੂਮੀਆਂ ਪਰ ਨਸ਼ੀਲੀਆਂ ਤੇ ਨਿਦਰਾ-ਉਣੀਆਂ (ਸੋਮਨੀਫ਼ੈਰਸ) ਚੀਜ਼ਾਂ ਪਾ ਕੇ ਖਵਾਂਦਾ ਕਿ ਮੁਸਾਫ਼ਰ ਲੇਟਦਿਆਂ ਸਾਰ ਹੀ ਘੂਕ ਸੌਂ ਜਾਂਦੇ ਤੇ ਸੱਜਨ ਜਿਹੜਾ ਹੁਣ ਤੱਕ ਸਜਨ ਤੇ ਨਿਸ਼ਕਾਮ ਸੇਵਕ ਜਾਪਦਾ ਸੀ ਠੱਗ ਦਾ ਰੂਪ ਧਾਰ ਜਾਂਦਾ ਤੇ ਸੁਤੇ ਮੁਸਾਫਰਾਂ ਦੇ ਗਲਾਂ ਵਿੱਚ ਖਿਸਕ-ਫਾਹੀ ਪਾ ਕੇ ਗੱਲ ਘੁੱਟ ਕੇ ਮਾਰ ਦੇਂਦਾ। ਇਸ ਤਰ੍ਹਾਂ ਉਹਨਾਂ ਦਾ ਪੈਸਾ ਟੱਕਾ ਤੇ ਵਲੇਵਾ ਲੁੱਟ ਕੇ ਲਾਸ਼ਾਂ ਨੂੰ ਹਵੇਲੀ ਦੇ ਅੰਦਰ ਟੋਇਆ ਪੁੱਟ ਕੇ ਨੱਪ ਦੇਂਦਾ। ਇਹ ਸੀ ਸੱਜਨ ਠੱਗ ਦਾ ਕੰਮ।

ਮੈਂ ਹਿੰਦੁਸਤਾਨ ਦੇ ਠੱਗਾਂ, ਕ੍ਰਿਮੀਨਲ ਟਰਾਈਬਜ਼ ਤੇ ਟਪਰੀਵਾਸਾਂ ਤੇ ਖਾਸ ਖੋਜ ਕੀਤੀ ਤੇ ਅੰਗਰੇਜ਼ੀ ਵਿਚ ਕਿਤਾਬਾਂ ਵੀ ਲਿਖੀਆਂ ਨੇ। ਏਥੇ ਸਜਨ ਦੇ ਮਨੁੱਖਤਾ ਮਾਰੂ ਧੰਧੇ ਬਾਰੇ ਪਾਠਕਾਂ ਨੂੰ ਥੋੜ੍ਹਾ ਜਿਹਾ ਦੱਸ ਦੇਣਾ ਲਾਭਦਾਇਕ ਹੋਵੇਗਾ। ਠੱਗੀ ਦਾ ਜੁਰਮ ਹਿੰਦੁਸਤਾਨ ਤੇ ਕਈ ਲੇਖਕਾਂ ਅਨੁਸਾਰ ਯੋਰਪ ਦੇ ਕਈ ਹਿੱਸਿਆਂ ਵਿਚ ਵੀ ਪਰਾਚੀਨ ਸਮੇਂ ਤੋਂ ਆ ਰਿਹਾ ਸੀ। ਠੱਗਾਂ ਦੇ ਲੋਕਾਂ ਨੂੰ ਲੁਟਨ ਮਾਰਨ ਦੇ ਬੇਅੰਤ ਤਰੀਕੇ ਸਨ ਅਤੇ ਇਹਨਾਂ ਦੇ ਮੁਕਾਬਲੇ ਤੇ ਚੋਰ ਜਾਂ ਡਾਕੂ ਤੇ ਬਹੁਤ ਹੀ ਉਚੇਰੀ ਪਧਰ ਦੇ ਮਨੁੱਖ ਸਮਝੇ ਜਾਣੇ ਚਾਹੀਦੇ ਹਨ। ਠੱਗ ਤਾਂ ਠੱਗੀ ਕਰਦਾ ਹੀ ਸੱਜਨ ਬਣ ਕੇ ਹੈ। ਪਹਿਲਾਂ ਲੋਕਾਂ ਨੂੰ ਆਪਨਿਆਂ ਤੋਂ ਵੀ ਵੱਧ ਅਪਨਾ ਲੈਂਦਾ ਹੈ ਤੇ ਫਿਰ ਉਹ ਜ਼ੁਲਮ ਕਰਦਾ ਹੈ ਕਿ ਮਨੁੱਖ ਵੇਖ, ਜਾਣ, ਪੜ੍ਹ ਤੇ ਸੁਣ ਕੇ ਕੰਬ ਉਠਦਾ ਹੈ। ਇਸ ਤੋਂ ਹੋਰ ਵੀ ਜ਼ਿਆਦਾ ਦੁੱਖ ਦੀ ਗੱਲ ਇਹ ਹੈ ਕਿ ਇਹ ਜੁਰਮ ਧਰਮ ਦੀ ਆੜ ਲੈਕੇ ਕਾਲੀ ਦੇਵੀ ਦੀ ਪੂਜਾ ਤੇ ਖੁਸ਼ੀ ਦੀ ਖਾਤਰ ਕੀਤਾ ਜਾਂਦਾ ਸੀ। ਠੱਗੀ ਦੇ ਇਤਿਹਾਸ ਅਤੇ ਕਾਲੀ ਕਰਤੂਤ ਸਬੰਧੀ ਹਿੰਦੁਸਤਾਨ ਦੇ ਵਿਦਵਾਨਾਂ ਨੇ ਕੋਈ ਵਰਨਣ ਯੋਗ ਕੰਮ ਨਹੀਂ ਕੀਤਾ ਤੇ ਸੱਚ ਪੁੱਛੋ ਤਾਂ ਏਥੋਂ ਦੇ ਹੁਕਮਰਾਨਾਂ ਨੇ ਸਦੀਆਂ ਤੋਂ ਇਸ ਲੂੰ-ਕੰਡੇ ਖੜੇ ਕਰ ਦੇਣ ਵਾਲੇ ਅਪਰਾਧ ਨੂੰ ਪੱਕੀਂ ਪੈਰੀਂ ਰੋਕਣ ਲਈ, ਗਿਣ-ਮਿਥ ਕੇ ਕੋਈ ਉਪਰਾਲਾ ਹੀ ਨਹੀਂ ਕੀਤਾ। ਸਦੀਆਂ ਤੋਂ ਇਸ ਦੇਸ਼ ਵਿਚ ਠੱਗ ਹਰ ਸਾਲ ਲੱਖਾਂ ਨਿਰਦੋਸ਼ ਬੰਦਿਆਂ, ਔਰਤਾਂ ਤੇ ਬਚਿਆਂ ਨੂੰ ਜਾਨੋਂ ਮਾਰਦੇ, ਉਹਨਾਂ ਦਾ ਮਾਲ-ਮਤਾਅ ਲੁਟਦੇ ਤੇ ਲੋਟੀ ਵਿਚੋਂ ਵਿਸ਼ੇਸ਼ ਹਿੱਸੇ ਦਾ ਚੜ੍ਹਾਵਾ ਚਾਹੜ ਕੇ ਕਾਲੀ ਦੇਵੀ ਨੂੰ ਖੁਸ਼ ਕਰਨ ਦਾ ਯਤਨ ਕਰਦੇ।



Digitized by Panjab Digital Library | www.panjabdigilib.org

ਵਿਲਯਮ ਬੈਂਟਿਕ ਦੇ ਸਮੇਂ ਤੱਕ ਇਹ ਅਪਰਾਧ ਜ਼ੋਰਾਂ ਤੇ ਰਿਹਾ ਪਰ ਰੱਬ ਉਸ ਦਾ ਭਲਾ ਕਰੇ ਉਸ ਨੇ ਹੋਰ ਸੁਧਾਰਾਂ ਤੋਂ ਛੁੱਟ ਸਤੀ ਤੇ ਠੱਗੀ ਦੇ ਅਪਰਾਧਾਂ ਦਾ ਸਦਾ ਲਈ ਮੱਕੂ ਠੱਪ ਦਿੱਤਾ। ਠੱਗੀ ਦੇ ਖਾਤਮੇ ਦਾ ਖਾਸ ਸਿਹਰਾ ਡਬਲਯੂ. ਐਚ. ਸਲੀਮੈਨ. ਦੇ ਸਿਰ ਤੇ ਹੈ ਜਿਸ ਨੇ ਉਸ ਸਮੇਂ ਠੱਗੀ ਤੇ ਡਕਾਇਤੀ ਨੂੰ ਦਬਾਉਣ ਲਈ ਹਿੰਦੁਸਤਾਨ ਵਿਚ ਸੁਪਰਇੰਟੈਂਡੈਂਟ ਜੈਨਰਲ ਦੇ ਤੌਰ ਤੇ ਕੰਮ ਕੀਤਾ। ਪਾਠਕ ਲਈ ਠੱਗਾਂ ਅਤੇ ਠੱਗੀ ਦੇ ਵਿਸ਼ਵਾਸਾਂ, ਸੰਸਥਾ ਇਤਿਹਾਸ ਤੇ ਅਪਰਾਧਾਂ ਬਾਰੇ ਸਲੀਮੈਨ ਦੀਆਂ ਅੰਗਰੇਜ਼ੀ ਪੁਸਤਕਾਂ—ਰਾਮਾਸੀਆਨਾ (੧੮੩੬), ਦਾ ਠੱਗਜ਼ ਐਂਡ ਫ਼ਾਂਸੀਗਰਜ਼ ਆਫ਼ ਇੰਡੀਆ (੧੮੩੯) ਅਤੇ ਰੈਮਬਲਜ਼ ਐਂਡ ਰੀਕੁਲੈਕਸ਼ਨਜ਼ ਆਫ ਐਨ ਇੰਡੀਅਨ ਆਫੀਸ਼ਲ (੧੮੪੪) ਦਾ ਅਧਿਆਨ ਬੜਾ ਲਾਭਦਾਇਕ ਹੈ। ੧੮੩੭ ਵਿਚ ਛਪੀ ਈ: ਥਰੇਟਨ ਦੀ 'ਹਿਸਟਰੀ ਐਂਡ ਪਰੈਕਟਿਸ ਆਫ ਠੱਗਜ਼' ਵੀ ਬੜੀ ਪਰਮਾਨੀਕ ਪੁਸਤਕ ਹੈ। ਜੇ ਹੱਟਨ ਦੀ 'ਏ ਪਾਪੂਲਰ ਅਕਾਊਂਟ ਆਫ਼ ਠੱਗਜ਼ ਐਂਡ ਡੇਕਾਇਟਸ' ਵੀ ਪੜ੍ਹਨ ਯੋਗ ਹੈ। ਚਾਰਲਸ ਹਰਵੇ ਦੀ (ਉਪਰੇਸ਼ਨਜ਼ ਇਨ ਦਾ ਠੱਗੀ ਐਂਡ ਡੇਕਾਇਟੀ ਡੀਪਾਰਟਮੈਂਟ (੧੮੫੯—੬੦) ਵੀ ਕਾਫ਼ੀ ਕੁਝ ਦੱਸਦੀ ਹੈ। ਆਗਸਟਸ ਸੱਮਰਵਿਲੇ ਦੀ ਕਰਾਈਮ ਐਂਡ ਰਿਲੀਜਸ ਬੀਲੀਫ਼ਸ ਇਨ ਇੰਡੀਆ ਵੀ ਬੜੀ ਮਨੋਰੰਜਕ ਤੇ ਸਿਖਿਆ ਦਾਇਕ ਪੁਸਤਕ ਹੈ। ਮੀਡੋਟੇਲਰ ਦੀ 'ਕਨਫੈਸ਼ਨਜ਼ ਆਫ਼ ਏ ਠੱਗ' (੧੮੪੦) ਪੜ੍ਹ ਕੇ ਅਤੇ ਠੱਗਾਂ ਬਾਰੇ ਬਹੁਤ ਕੁਝ ਜਾਣ ਕੇ ਤਾਂ ਪਾਠਕ ਨੂੰ ਕਈ ਰਾਤਾਂ ਸੁੱਖ ਦੀ ਨੀਂਦਰ ਵੀ ਨਹੀਂ ਪੈਂਦੀ—ਮਨੁੱਖੀ ਆਤਮਾ ਤੇ ਠੱਗਾਂ ਵਿਰੁੱਧ ਏਨੀ ਨਫ਼ਰਤ ਹੋ ਜਾਂਦੀ ਹੈ ਅਤੇ ਨਾਲ ਹੀ ਉਹਨਾਂ ਦੇ ਪੱਥਰ ਦਿਲ ਜ਼ੁਲਮਾਂ ਤੋਂ ਏਨਾਂ ਭੈਭੀਤ ਹੋ ਜਾਈਦਾ ਹੈ।

ਮੈਂ ਇਹਨਾਂ ਕੁਝ ਕਿਤਾਬਾਂ ਦਾ ਜ਼ਿਕਰ ਇਸ ਕਿਤਾਬ ਵਿਚ ਇਸ ਲਈ ਕਰ ਦਿਤਾ ਹੈ ਤਾਂ ਕਿ ਇਛਾਵਾਨ ਪਾਠਕ ਠੱਗਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਕੇ ਸੱਜਨ ਠੱਗ ਦੀ ਪੂਰੀ ਤੇ ਪਾਪੀ ਤਸਵੀਰ ਆਪਣੇ ਮਨ ਵਿਚ ਖਿੱਚ ਸਕੇ।

ਗੁਰੂ ਸਾਹਿਬ ਮਰਦਾਨੇ ਸਮੇਤ ਸੱਜਨ ਠੱਗ ਦੀ ਹਵੇਲੀ ਜਾ ਵੜੇ। ਸੱਜਨ ਠੱਗ ਘਰ ਹੀ ਸੀ। ਗੁਰੂ ਸਾਹਿਬ ਦੇ ਚਿਹਰੇ ਦਾ ਜਲਾਲ, ਚਾਲ-ਢਾਲ, ਰੁਅਬ, ਚਿਹਨ-ਚੱਕਰ ਤੇ ਚੜ੍ਹਤਲ ਵੇਖ ਕੇ, ਉਸਨੂੰ ਸਮਝ ਨਾ ਆਈ ਕਿ ਉਹ ਅੰਦਰੋਂ ਏਨਾ ਪ੍ਰਭਾਵਤ ਕਿਉਂ ਹੋਇਆ ਹੈ ਤੇ ਫਿਰ ਖੁਸ਼ ਵੀ; ਕਿਉਂਕਿ ਉਸ ਸਮਝਿਆ ਕਿ ਅਜ ਤੇ ਕੋਈ ਚੰਗਾ ਧਨਾਢ ਸ਼ਿਕਾਰ ਹੱਥ ਆਇਆ ਹੈ। ਲੱਗਾ ਪਿੱਛੇ ਫ਼ਿਰਨ, ਖੁਸ਼ਾਮਦਾਂ ਤੇ ਖਿਦਮਤਦਾਰੀਆਂ ਦੀ ਨਿਮਰਤਾ ਵਖਾਣ ਪਰ ਬਾਬਾ ਜੀ ਤੇ ਉਸ ਦੇ ਪਿਆਰ ਤੇ ਪਰਾਹੁਣਚਾਰੀ ਦੇ ਮਿੱਠੇ ਮਹੁਰੇ ਦਾ ਕੋਈ ਅਸਰ ਨ ਹੋਇਆ। ਦਿਨ ਡੁੱਬ ਚੁੱਕਾ ਸੀ। ਬਾਬਾ ਜੀ ਮਰਦਾਨੇ ਨੂੰ ਲੈ ਕੇ ਇਕ ਪਾਸੇ ਮਸਤ ਹੋ ਕੇ ਬਹਿ ਰਹੇ। ਸੱਜਨ ਨੇ ਬੜਾ ਜ਼ੋਰ ਲਾਇਆ ਕਿ ਕੁਝ ਖਾਉ ਪੀਉ ਪਰ ਬਾਬਾ ਜੀ ਨੇ ਪਾਣੀ ਧਾਣੀ ਪੀਣ ਤੇ ਰੋਟੀ-ਟੁੱਕਰ ਤੋਂ ਨਾਂਹ ਕਰ ਦਿੱਤੀ। ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਧਤੂਰਾ ਖੁਆ ਕੇ ਲੋਕਾਂ ਨੂੰ ਨਸ਼ੇ ਦੀ ਲੋਰੀ ਦੀ ਮਰਨਾਓ ਨੀਂਦਰ ਦੀ ਗੋਦ ਵਿੱਚ ਲਿਟਾਣਾ, ਠੱਗਾਂ ਦਾ ਆਮ ਸਾਧਨ ਸੀ। ਸੱਜਨ ਦੀ ਜ਼ਿਦ



Digitized by Panjab Digital Library | www.panjabdigilib.org

ਤੇ ਬਾਬਾ ਜੀ ਨੇ ਕਿਹਾ, "ਪੁਰਖਾ, ਸਾਨੂੰ ਕੋਈ ਭੁੱਖ ਤਰੇਹ ਨਹੀਂ। ਜਿਹੜਾ ਕੰਮ ਅਸੀਂ ਕਰਨ ਆਏ ਹਾਂ ਉਹ ਤੇ ਪਹਿਲਾਂ ਕਰ ਲਈਏ।"

ਰਾਤ ਕਾਫ਼ੀ ਲੰਘ ਗਈ ਸੀ ਪਰ ਮੁਸਾਫ਼ਰ ਸੌਣ ਦਾ ਨਾਂ ਹੀ ਨ ਲੈਣ । ਇਸ ਲਈ ਸੱਜਨ ਅੰਦਰੋਂ ਬੜਾ ਔਖਾ ਸੀ । ਬਾਬਾ ਜੀ ਨੇ ਸੱਜਨ ਦੇ ਕੋਲ ਬੈਠਿਆਂ, ਮਰਦਾਨੇ ਤੋਂ ਰਬਾਬ ਵਜਵਾਈ ਤੇ ਆਪ ਇਲਾਹੀ ਰੰਗ ਵਿਚ ਆ ਕੇ ਸੂਹੀ ਰਾਗ ਦਾ ਹੇਠ ਲਿਖਿਆ ਸ਼ਬਦ ਪੜ੍ਹਿਆ :—

ਉਜਲੁ ਕਹਿਆ ਚਿਲਕਣਾ ਘੋਟਮ ਕਾਲੜੀ ਮਸੁ,
ਧੋਤਿਆਂ ਜੂਠ ਨ ਉਤਰੈ ਜੇ ਸਉ ਧੋਵੀਂ ਤਿਸ (੧)
ਸਜਣ ਸੇਈ ਨਾਲਿ ਮੈ ਚਲਦਿਆਂ ਨਾਲਿ ਚਲੰਨਿ ।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ (ਰਹਾਉ)
ਕੋਠੇ ਮੰਡਪ ਮਾੜੀਆਂ ਪਾਸਹੁ ਚਿਤਵੀਆਰਾ ।
ਢੱਠੀਆਂ ਕੰਮ ਨ ਆਵਨੀ ਵਿਚਹੁ ਸਖਣੀਆਹਾ (੨)
ਬੱਗਾ ਬੱਗੇ ਕਪੜੇ ਤੀਰਥ ਮੰਝਿ ਵਸੰਨਿ ।
ਘੁਟਿ ਘੁਟਿ ਜੀਆ ਖਾਵਣੈ ਬਗੇ ਨ ਕਹੀਅਨਿ (੩)
ਸਿੰਮਲ ਰੁੱਖੁ ਸਰੀਰ ਮੈਂ ਮੈਜਨ ਦੇਖਿ ਭੁਲੰਨਿ ।
ਸੇ ਫਲ ਕਮਿ ਨ ਆਵਨੀ ਤੇ ਗੁਣ ਮੈਂ ਤਨ ਹੰਨੁ (੪)
ਅੰਧੁਲੈ ਭਾਰ ਉਠਾਇਆ ਡੂਗਰ ਵਾਟ ਬਹੁਤੁ ।
ਅਖੀ ਲੋੜੀ ਨ ਲਹਾ ਹਉ ਚੜ੍ਹਿ ਲੰਘਾ ਕਿਤੁ । (੫)
ਚਾਕਰੀਆਂ ਚੰਗਿਆਈਆਂ ਅਵਰ ਸਿਆਣਪ ਕਿਤੁ ।
ਨਾਨਕ ਨਾਮੁ ਸਮਾਲਿ ਤੂੰ ਬੱਧਾ ਛੁਟਹਿ ਜਿਤੁ । (੬)

ਕਈ ਵਾਰੀ ਇਕ ਨੁਕਤਾ ਹੀ ਇਨਸਾਨ ਦੀ ਜ਼ਿੰਦਗੀ ਨੂੰ ਬਦਲ ਕੇ ਰੱਖ ਦੇਂਦਾ ਹੈ। ਸੱਜਨ ਠੱਗ ਦਾ ਦਿਲ ਗੁਰੂ ਸਾਹਿਬ ਦੇ ਇਸ 'ਧੁਰ ਕੀ ਬਾਣੀ' ਦੇ ਸ਼ਬਦ ਦੀ ਤਾਨ, ਤਾਕਤ ਤੇ ਤਾਅਨੇ ਨਾਲ ਠਗਿਆ ਗਿਆ । ਉਸਨੂੰ ਆਪਨੀ ਸਾਰੀ ਜ਼ਿੰਦਗੀ ਦੀ ਤਸਵੀਰ ਆਪਨੇ ਅੰਦਰੋਂ ਵੇਖ ਕੇ ਆਪਨੇ-ਆਪ ਤੋਂ ਹੀ ਡਰ ਲੱਗਣ ਲੱਗ ਪਿਆ । ਉਸ ਨੂੰ ਇਸ ਤਰ੍ਹਾਂ ਜਾਪਿਆ ਕਿ ਉਹ ਆਪਨੇ ਘਰ ਵਿੱਚ ਨਹੀਂ, ਕਿਸੇ ਹੋਰ ਦੁਨੀਆਂ ਵਿੱਚ ਚਲਾ ਗਿਆ ਹੈ। ਸ਼ਬਦ ਦੇ ਕੂਚੇ ਨੇ ਉਸ ਦੇ ਮਨਰੂਪੀ ਕਹੇਂ ਦੇ ਭਾਂਡੇ ਚੋਂ ਕਾਲਖ ਕੱਢ ਦਿੱਤੀ। ਉਸ ਦੇ ਧੋਖੇ ਬਾਜ਼ ਵਖਾਵੇ ਤੇ ਛਲਾਵੇ ਵਾਲੇ ਸਿੰਮਲ-ਸਰੀਰ ਨੂੰ ਮਿੱਠੇ ਫਲਾਂ ਵਾਲੇ ਨਿੱਕੇ ਜਿਹੇ ਨਿਮਾਣੇ ਬੂਟੇ ਵਿੱਚ ਤਬਦੀਲ ਕਰ ਦਿੱਤਾ। ਉਸਦਾ ਬਗਲਾ ਮਨ ਹੰਸ ਬਣ ਗਿਆ ਅਤੇ ਕੁਕਰਮਾਂ ਦੇ ਪਹਾੜੀ ਤੇ ਬਿਖੜੇ ਰਾਹ ਵਿੱਚ ਪਾਪਾਂ ਦੀ ਅਚੁੱਕ ਪੰਡ ਹੇਠਾਂ ਦੱਬੇ ਹੋਏ ਨੂੰ ਸੱਚੇ ਗਿਆਨ ਦੇ ਚਾਨਣ ਦੀ ਲੋਅ ਵਿੱਚ ਸਿੱਧਾ ਤੇ ਸੁਖਾਵਾਂ ਰਾਹ ਲਭ ਗਿਆ । ਉਸ ਦੀਆਂ ਅੱਖੀਂ 'ਚੋਂ ਛਮਾਛਮ ਅਥਰੂ ਕਿਰ ਰਹੇ ਸਨ



Digitized by Panjab Digital Library | www.panjabdigilib.org

ਜਿਨ੍ਹਾਂ ਨੇ ਉਸਦੇ ਮਨ ਦੀ ਕਾਲਖ ਨੂੰ ਧੋ ਦਿੱਤਾ। ਠੱਗ ਦਾ ਸ਼ਬਦ ਸਜਨ ਦੀ ਜ਼ਿੰਦਗੀ 'ਚੋਂ ਅਲੋਪ ਹੋ ਗਿਆ। ਸੱਜਨ ਨੂੰ ਆਪਨੇ ਕੀਤੇ ਕੁਕਰਮਾਂ ਤੇ ਏਨੀ ਸ਼ਰਮ ਆ ਰਹੀ ਸੀ ਕਿ ਉਹ ਗੁਰੂ ਸਾਹਿਬ ਵੱਲ ਅਖੀਂ ਚੁੱਕ ਕੇ ਵੇਖ ਵੀ ਨਹੀਂ ਸੀ ਸਕਦਾ। ਮਿਹਰਬਾਨ ਸਤਿਗੁਰੂ ਨੂੰ ਉਸਦੀ ਹਾਲਤ ਤੇ ਤਰਸ ਆ ਰਿਹਾ ਸੀ ਕਿਉਂਕਿ ਸੱਜਨ ਮਨੁੱਖਤਾ, ਦਾ ਸੱਚਾ ਸਜਨ ਜਾਂ ਯਾਰ ਬਣ ਚੁੱਕਾ ਸੀ। ਗੁਰੂ ਸਾਹਿਬ ਨੇ ਉਸ ਤੇ ਮਿਹਰਬਾਨੀ ਦੀ ਨਿਗ੍ਹਾ ਸੁੱਟੀ ਤੇ ਨਦਰ ਨਿਹਾਲ ਨਾਲ ਤਾਰ ਦਿੱਤਾ। 'ਦਾਗ਼' ਦਾ ਸ਼ੇਅਰ ਹੈ :—

ਉੱਠ ਨਹੀਂ ਸਕਤੀ ਹਯਾ ਕੇ ਬੋਝ ਸੇ,
ਰਹਿਮ ਆਤਾ ਹੈ ਨਿਗਾਹੇ ਯਾਰ ਪਰ।

ਸੱਜਨ ਗੁਰੂ ਨਾਨਕ ਸਾਹਿਬ ਦਾ ਸਿੱਖ ਬਣ ਗਿਆ ਤੇ ਮਨੁੱਖਤਾ ਦੀ ਨਿਸ਼ਕਾਮ ਤੇ ਸੱਚੀ ਸੇਵਾ, ਬਿਨਾਂ ਕਿਸੇ ਵਿਤਕਰੇ ਦੇ ਕਰਨ ਲੱਗਾ। ਉਸਨੇ ਆਪਨੇ ਘਰ ਤੇ ਹੋਰ ਕੋਠਿਆਂ ਨੂੰ ਧਰਮਸਾਲ ਜਾਂ ਗੁਰਦੁਆਰੇ ਵਿਚ ਬਦਲ ਦਿੱਤਾ। ਸਿੱਖ ਇਤਿਹਾਸ ਅਨੁਸਾਰ ਸਿੱਖ ਧਰਮ ਦੀ ਪਹਿਲੀ ਸੇਵਾ ਤੇ ਪਰਚਾਰ ਦੀ ਧਰਮਸਾਲ, ਸੱਜਨ ਠੱਗ ਨੇ ਆਪਨੇ ਘਰ ਬਣਾਈ। ਇਸ ਤਰ੍ਹਾਂ ਸੱਜਨ ਨੂੰ ਸੱਚਾ ਸੁੱਚਾ ਤੇ ਸਿਦਕੀ ਸੱਜਨ ਬਣਾਕੇ ਸਚਿਆਰ ਗੁਰੂ ਨਾਨਕ ਨੇ ਸੱਚ ਦੇ ਸੁਨੇਹੇ ਦਾ ਚਾਨਣ ਕੂੜ-ਕਪਟ ਦੀਆਂ ਕੰਧਾਂ ਵਿੱਚ ਵਿਹੜੇ ਹੋਏ ਅਨ੍ਹੇਰੇ ਤੋਂ ਅਨ੍ਹੇਰੇ ਹਿਰਦਿਆਂ ਵਿਚ ਕੀਤਾ। ਸੱਜਨ ਪਹਿਲਾ ਸਿੱਖ ਪਰਚਾਰਕ ਸੀ।

ਸੱਜਨ ਨੂੰ ਤਾਰ ਕੇ ਬਾਬਾ ਜੀ ਪਾਕਪਟਨ ਪੁੱਜੇ। ਪਾਕਪਟਨ ਬਾਬਾ ਫ਼ਰੀਦ ਸ਼ਕਰ ਗੰਜ ਦਾ ਟਿਕਾਣਾ ਤੇ ਇਸਲਾਮ ਦੇ ਪਰਚਾਰ ਦਾ ਬੜਾ ਵੱਡਾ ਕੇਂਦਰ ਤੇ ਸੋਮਾ ਸੀ। ਬਾਬਾ ਫ਼ਰੀਦ ਦੀ ਗੱਦੀ ਤੇ ਸ਼ੇਖ ਬਰਹਮ ਜਾਂ ਸ਼ੇਖ ਇਬਰਾਹੀਮ ਬੈਠਾ ਹੋਇਆ ਸੀ। ਬਾਬਾ ਜੀ ਨੂੰ ਪਤਾ ਲੱਗਾ ਕਿ ਫ਼ਰੀਦ ਦੂਸਰਾ ਬਾਹਰ ਜੰਗਲ ਵਿੱਚ ਅੰਨ-ਪਾਣੀ ਤਿਆਗ ਕੇ ਕੜੀ ਤਪੱਸਿਆ ਕਰ ਰਿਹਾ ਹੈ ਤਾਕਿ ਆਤਮਕ ਪਾਕੀਜ਼ਗੀ ਤੇ ਰੱਬ ਦਾ ਦੀਦਾਰ ਪਰਾਪਤ ਕਰ ਸਕੇ। ਬਾਬਾ ਫ਼ਰੀਦ ਦੀ ਰੱਬ ਦੇ ਦੀਦਾਰ ਦੀ ਖਾਤਰ ਖੂਹ ਵਿੱਚ ਲਟਕਣਾ ਤੇ ਅੰਨ ਦੀ ਰੋਟੀ ਤਿਆਗ ਕੇ ਕਾਠ ਦੀ ਰੋਟੀ ਪਲੇ ਬਨ੍ਹੀ ਫਿਰਨ ਬਾਰੇ ਕਈ ਕਹਾਣੀਆਂ ਪਰਚੱਲਤ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਫ਼ਰੀਦ ਦੇ ਸਲੋਕਾਂ ਵਿੱਚ ਅਠਾਈਵਾਂ ਸ਼ਲੋਕ ਹੈ :—

ਫ਼ਰੀਦਾ ਰੋਟੀ ਮੇਰੀ ਕਾਠੁ ਕੀ ਲਾਵਣੁ ਮੇਰੀ ਭੁੱਖ।
ਜਿਨ੍ਹਾ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ।

ਬਾਬਾ ਫ਼ਰੀਦ ਦੀ ਕਠਨ ਤਪੱਸਿਆ, ਭੁੱਖਿਆਂ ਤੱਸਿਆਂ ਰਹਿਣਾ, ਏਨਾ ਕਮਜ਼ੋਰ ਹੋ ਜਾਣਾ ਕਿ ਸੁੱਕ ਕੇ ਕੁਰੰਗ ਹੋ ਜਾਣ ਤੇ ਕਾਵਾਂ ਦੇ ਠੂੰਗੇ ਮਾਰਨ ਦਾ ਜ਼ਿਕਰ ਵੀ ਇਕੱਨਵੇਂ ਸ਼ਲੋਕ ਵਿੱਚ ਹੈ :—

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ,
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ।

ਅਪਨੀ ਗੱਦੀ ਦੇ ਬਾਨੀ ਫਰੀਦ ਸ਼ਕਰਗੰਜ ਦੇ ਧੁਰੇ ਤੇ ਚੱਲ ਕੇ ਉਹ ਵੀ ਭੁੱਖੇ, ਤ੍ਰੇਹ ਤੇ ਤਿਆਗ ਮਾਰੀ ਤਪੱਸਿਆ ਕਰ ਰਿਹਾ ਸੀ। ਬਾਬਾ ਜੀ ਮਰਦਾਨੇ ਤੇ ਕੁਝ ਮਜ਼ਾਵਰਾਂ ਨੂੰ ਲੈ



Digitized by Panjab Digital Library | www.panjabdigilib.org

ਕੇ ਜੰਗਲ ਵਿੱਚ ਉਸ ਦੇ ਕੋਲ ਗਏ। ਦੋਵੇਂ ਇੱਕ ਦੂਜੇ ਤੇ ਹੈਰਾਨ ਸਨ। ਬਾਬਾ ਜੀ ਉਸ ਦੀ ਭੁੱਖਿਆਂ ਰਹਿਕੇ, ਸਰੀਰਕ ਬਲ ਨੂੰ ਮਾਰ ਕੇ ਤੇ ਹਾਰ ਟੁੱਟ ਕੇ ਰੱਬ ਨੂੰ ਮਿਲਣ ਦੀ ਕੁਮੱਤ ਤੇ ਹੈਰਾਨ ਸਨ ਤੇ ਉਹ ਹੈਰਾਨ ਸੀ ਕਿ ਰੱਬ ਦਾ ਨਾਂ ਲੈਣ ਵਾਲੇ ਨਾਨਕ ਫ਼ਕੀਰ ਦਾ ਸਰੀਰ ਏਨਾ ਸੁੰਦਰ ਤੇ ਸਾਂਭਿਆ ਹੋਇਆ! ਉਸ ਨੇ ਬਾਬਾ ਜੀ ਤੇ ਇਹੋ ਸਵਾਲ ਕੀਤਾ ਕਿ ਤੁਸੀਂ ਚੰਗੇ ਫਕੀਰ ਹੋ, ਸਰੀਰ ਤੇ ਤੁਹਾਡਾ ਚੰਗਾ ਚੋਖਾ ਤੇ ਰੱਜ ਕੇ ਖਾਣ ਵਾਲਿਆਂ ਵਾਂਗੂੰ ਹੈ? ਬਾਬਾ ਜੀ ਨੇ ਕਿਹਾ, "ਸ਼ੇਖ ਜੀ, ਇਸ ਤਰ੍ਹਾਂ ਰੱਬ ਦੀ ਜੁਸਤਜੂ ਕਰਨੀ ਭੁਲੇਖਾ ਹੈ। ਸਫਲ, ਸੁਚੱਜੇ ਤੇ ਸਹਿਜ-ਸਿੰਚਾਰਤ ਮਨੁੱਖੀ ਸ਼ਰੀਰ ਵਿੱਚ ਹੀ ਤਕੜੀ ਆਤਮਾ ਦਾ ਨਿਵਾਸ ਹੋ ਸਕਦਾ ਹੈ। ਢੱਠੇ ਤੇ ਟੁੱਟੇ-ਫੁੱਟੇ ਮਕਾਨ ਦਾ ਵਾਸੀ ਹਮੇਸ਼ਾ ਡਾਵਾਂ-ਡੋਲ ਰਹਿੰਦਾ ਹੈ। ਇਹ ਖ਼ਾਮ ਖ਼ਿਆਲ ਛੱਡੋ। ਆਪਣੇ ਮਕਾਮ ਤੇ ਜਾਉ, ਲੋੜ ਅਨੁਸਾਰ ਖਾਉ, ਪੀਉ ਹੰਢਾਓ, ਸੱਚੇ ਦਿਲੋਂ ਰੱਬ ਦੀ ਇਬਾ-ਦਤ ਕਰੋ ਤੇ ਰੱਬ ਦਾ ਦੀਦਾਰ ਤੇ ਬਹਿਸ਼ਤੀ ਨਿਵਾਸ ਹਾਸਲ ਕਰੋ।" ਆਤਮਕ ਪਾਕੀਜ਼ਗੀ ਤੇ ਸੱਚੇ ਮੁਰਸ਼ਦ ਦੀ ਸਿਖਿਆ ਨਾਲ ਖ਼ੁਦਾ ਨੂੰ ਮਿਲੋਗੇ। ਆਪਣੇ ਆਪਨੂੰ ਭੁੱਖਾ ਮਾਰ ਕੇ ਨਹੀਂ। ਬਾਬਾ ਜੀ ਨੇ ਰਾਮਕਲੀ ਰਾਗ ਵਿੱਚ ਸੁਰੀਲੀ ਸੁਰ ਤੇ ਮਰਦਾਨੇ ਦੀ ਰਬਾਬ ਦੀਆਂ ਮਸਤ ਕਰਨ ਵਾਲੀਆਂ ਤਾਰਾਂ ਨਾਲ ਇੱਕ ਤਾਰ ਹੋ ਕੇ ਫ਼ਰਮਾਇਆ:—

ਅੰਨ ਨ ਖਾਹਿ ਦੇਹੀ ਦੁਖੁ ਦੀਜੈ।
ਬਿਨ ਗੁਰ ਗਿਆਨ ਤ੍ਰਿਪਤ ਨਹੀਂ ਥੀਜੈ।

ਹੋਰ ਵੀ ਗਿਆਨ ਗੋਸ਼ਟੀ ਹੋਈ ਤੇ ਅਖ਼ੀਰ ਸ਼ੇਖ਼ ਨੂੰ ਸੱਚ ਦਾ ਅਨੁਭਵ ਹੋ ਗਿਆ। ਜੰਗਲ ਛੱਡ ਕੇ ਵਾਪਸ ਪਾਕਪਟਨ ਆਪਨੇ ਮਕਾਮ ਤੇ ਚਲਾ ਗਿਆ ਤੇ ਗੁਰੂ ਸਾਹਿਬ ਦੀ ਦਿੱਤੀ ਹੋਈ ਸਿੱਖਿਆ ਤੇ ਚੱਲ ਕੇ ਰੱਬ ਦੀ ਇਬਾਦਤ ਕਰਨ ਲੱਗਾ। ਗੁਰੂ ਸਾਹਿਬ ਨੇ ਕਿਹਾ, "ਰੱਬ ਸੁੱਖ ਰੱਖੇ, ਪੁਰਖਾ, ਅਸੀਂ ਫਿਰ ਵੀ ਤੇਰੇ ਕੋਲ ਆਵਾਂਗੇ ਕਿ ਤੂੰ ਹੁਣ ਆਖੀ ਤੇ ਮੰਨੀ ਗੱਲ ਤੇ ਕਿੰਨਾ ਕੁ ਅਮਲ ਕਰਦਾ ਹੈ।"

ਇਸ ਤੋਂ ਬਾਅਦ ਬਾਬਾ ਜੀ ਨੇ ਦੇਸ਼ਾਂ ਪਰਦੇਸ਼ਾਂ ਤੇ ਦੂਰ-ਦੁਰਾਡੀਆਂ ਥਾਵਾਂ ਦੇ ਸਫ਼ਰ ਸ਼ੁਰੂ ਕੀਤੇ ਜਿਸ ਬਾਰੇ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ ਚੌਵੀਂ ਪੌੜੀ ਵਿਚ ਲਿਖਿਆ ਹੈ:—

ਬਾਬਾ ਦੇਖੈ ਧਯਾਨ ਧਰਿ ਜਲਤੀ ਸਭਿ ਪ੍ਰਿਥਮੀ ਦਿਸ ਆਈ,
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ,
ਚੜ੍ਹਿਆ ਸੋਧਨ ਧਰਤਿ ਲੁਕਾਈ।

————



Digitized by Panjab Digital Library | www.panjabdigilib.org

ਕਾਂਡ ਚੌਥਾ

# ਗੁਰੂ ਨਾਨਕ ਸਾਹਿਬ ਦੇ ਸਫ਼ਰ

ਸਚਿਆਰ ਗੁਰੂ ਨਾਨਕ ਸੱਚ ਦਾ ਸੌਦਾਗਰ ਸੀ ਜਿਸ ਲਈ ਉਸ ਨੇ ਸੱਚਾ ਸੌਦਾ ਕੀਤਾ। ਏਸੇ ਤਰ੍ਹਾਂ ਹੀ ਸਚਿਆਰ ਗੁਰੂ ਨਾਨਕ ਸੱਚ ਦਾ ਮੁਸਾਫ਼ਰ ਸੀ ਜਿਸ ਦੀ ਖ਼ਾਤਰ ਉਸ ਨੇ ਵਤਨ ਛੱਡ ਕੇ ਕਿੰਨੇ ਕਿੰਨੇ ਸਾਲਾਂ ਦੇ ਤੇ ਕਿੰਨੀਆਂ ਕਿੰਨੀਆਂ ਵਾਟਾਂ ਦੇ ਲੰਮੇ ਸਫ਼ਰ ਕੀਤੇ। ਗੁਰੂ ਨਾਨਕ ਦੇ ਇਹਨਾਂ ਲੰਮਿਆਂ ਸਫ਼ਰਾਂ ਨੂੰ ਉਦਾਸੀਆਂ ਕਹਿੰਦੇ ਨੇ। ਸਿੱਖ ਇਤਿਹਾਸਕਾਰਾਂ ਨੇ ਇਸ ਗੱਲ ਨੂੰ ਸਪੱਸ਼ਟ ਨਹੀਂ ਕੀਤਾ ਕਿ ਗੁਰੂ ਸਾਹਿਬ ਦੇ ਸਫ਼ਰ ਨੂੰ ਉਦਾਸੀ ਕਿਉਂ ਕਿਹਾ ਗਿਆ ਹੈ? ਉਦਾਸ ਦਾ ਅਰਥ ਹੈ ਮਾਯੂਸ, ਉਪਰਾਮ, ਗ਼ਮਗੀਨ, ਉਚਾਟ ਜਾਂ ਓਦਰਿਆ ਹੋਇਆ। ਸਫ਼ਰ ਫ਼ਾਰਸੀ ਤੇ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪੰਧ ਜਾਂ ਮੁਸਾਫ਼ਰਤ, ਖ਼ਾਸ ਕਰਕੇ ਆਪਣੇ ਵਤਨ ਤੋਂ ਬਾਹਰ। ਗੁਰੂ ਸਾਹਿਬ ਦੇ ਸਫ਼ਰਾਂ ਨੂੰ ਉਦਾਸੀਆਂ ਕਹਿਣ ਦੇ ਦੋ ਕਾਰਨ ਹੋ ਸਕਦੇ ਨੇ ਇੱਕ ਤੇ ਇਹ ਕਿ ਉਹ ਬਚਪਨ ਤੋਂ ਹੀ ਸੋਚਾਂ ਵਿਚ ਗ਼ਲਤਾਨ ਉਦਾਸ ਰਹਿੰਦੇ ਸਨ ਅਤੇ ਜਦੋਂ ਇਹਨਾਂ ਸੋਚਾਂ-ਵੀਚਾਰਾਂ ਵਿੱਚ ਹੀ ਅਖ਼ੀਰ ਉਹ ਘਰ ਛੱਡ ਕੇ ਰਮਤੇ ਹੀ ਬਣ ਗਏ ਤਾਂ ਉਹਨਾਂ ਦੇ ਦੇਸੋਂ ਬਾਹਰ ਪਰਦੇਸ਼ਾਂ ਦੀ ਯਾਤਰਾ ਨੂੰ 'ਉਦਾਸੀ' ਕਿਹਾ ਗਿਆ। ਦੂਜਾ ਕਾਰਨ ਇਹ ਹੋ ਸਕਦਾ ਹੈ ਕਿ ਗੁਰੂ ਸਾਹਿਬ ਦਾ ਵੱਡਾ ਪੁੱਤਰ ਬਾਬਾ ਸ੍ਰੀ ਚੰਦ ਘਰ ਬਾਹਰ ਛੱਡ ਕੇ ਸੰਨਿਆਸੀ ਹੀ ਬਣ ਗਿਆ ਅਤੇ ਉਸਨੇ ਸਿੱਖਾਂ ਵਿੱਚ ਉਦਾਸੀ ਸੰਪਰਦਾ ਜਾਂ ਫ਼ਿਰਕੇ ਦੀ ਨੀਂਹ ਰੱਖੀ। ਹੋ ਸਕਦਾ ਹੈ ਉਹਨਾਂ ਤੇ ਉਹਨਾਂ ਦੇ ਚੇਲਿਆਂ ਨੇ ਬਾਬਾ ਜੀ ਦੇ ਦੂਰ-ਦਰਾਜ਼ ਸਫ਼ਰਾਂ ਨੂੰ ਉਦਾਸੀਆਂ ਕਿਹਾ ਹੋਵੇ ਤੇ ਫਿਰ ਇਹ ਸ਼ਬਦ ਸਿੱਖ ਇਤਿਹਾਸ ਵਿੱਚ ਪੱਕੀ ਜੜ੍ਹ ਪਕੜ ਗਿਆ ਹੋਵੇ। ਘਰ ਬਾਰ ਤਿਆਗਣ ਤੇ ਦੁਨੀਆਂ ਦੇ ਸਾਰੇ ਕੰਮਾਂ ਕਜੀਆਂ ਤੋਂ ਬਿਲਕੁਲ ਅਟੰਕ ਹੋ ਜਾਣ ਕਰਕੇ ਵੀ ਉਦਾਸੀ ਦੇ ਸ਼ਬਦ ਦਾ ਪੱਕਾ ਪਰਵੇਸ਼ ਬਾਬਾ ਜੀ ਦੀਆਂ ਜਨਮਸਾਖੀਆਂ ਵਿੱਚ ਹੋ ਗਿਆ ਹੋਵੇ। ਉਦਾਸੀ ਫ਼ਿਰਕਾ ਬਾਬੇ ਸ੍ਰੀ ਚੰਦ ਜੀ ਨੇ ਟੋਰਿਆ ਸੀ ਪਰ ਭਾਈ ਗੁਰਦਾਸ ਜੀ ਗੁਰੂ ਨਾਨਕ ਸਾਹਿਬ ਬਾਰੇ ਲਿਖਦੇ ਨੇ :—

"ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ"



Digitized by Panjab Digital Library | www.panjabdigilib.org

ਦੁਨੀਆਂ ਦੇ ਪਦਾਰਥਕ ਮੋਹ ਤੇ ਐਸ਼ਾਂ ਇਸ਼ਰਤਾਂ ਤੋਂ ਵੱਖ ਜਾਂ ਦੂਰ ਹੋ ਜਾਣ ਨੂੰ ਗੁਰੂ ਤੇਗ ਬਹਾਦਰ ਜੀ ਵੀ ਆਪਣੇ ਦੂਜੇ ਸ਼ਲੋਕ ਵਿੱਚ ਉਦਾਸ ਕਹਿੰਦੇ ਨੇ:—

ਬਿਧਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸ ।
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ।

ਅਠਾਰਵੇਂ ਸਲੋਕ ਵਿੱਚ ਫਿਰ ਫਰਮਾਂਦੇ ਨੇ :—

ਜਿਹ ਮਾਇਆ ਮਮਤਾ ਤਜੀ ਸਭ ਤੇ ਭਇਉ ਉਦਾਸ ।
ਕਹੁ ਨਾਨਕ ਸੁਨਿ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸ ।

ਉੱਤੇ ਦੱਸੀਆਂ ਭਾਵਨਾਵਾਂ ਨਾਲ ਗੁਰੂ ਨਾਨਕ ਸਾਹਿਬ ਦੇ ਲੰਮੇਰੇ ਸਫ਼ਰਾਂ ਨੂੰ ਉਦਾਸੀਆਂ ਕਿਹਾ ਗਿਆ ਹੈ ।

1501 ਈ: ਦਾ ਸਮਾਂ ਸੀ । ਪਾਕਪਟਨ ਤੋਂ ਵਾਪਸ ਆਉਂਦਿਆਂ ਬਾਬਾ ਜੀ ਨੇ ਮਰਦਾਨੇ ਨੂੰ ਕਹਿ ਦਿੱਤਾ ਸੀ ਕਿ ਹੁਣ ਦੂਰ ਦੁਰਾਡੇ ਦੇਸ਼ਾਂ ਵਿੱਚ ਜਾ ਕੇ, ਲੋਕਾਂ ਨੂੰ ਤੰਗ ਦਿੱਲੀ, ਪਾਪ, ਪਾਖੰਡ, ਕਪਟ, ਕਰੋਧ ਤੇ ਵਖਾਲੇ ਦੇ ਕਰਮਕਾਂਡ ਤੋਂ ਛੁਡਾਣਾ ਹੈ ।

## ਪਹਿਲਾ ਸਫ਼ਰ

ਬਾਬਾ ਜੀ ਦਾ ਪਹਿਲਾ ਸਫ਼ਰ ਚੜ੍ਹਦੇ ਹਿੰਦੁਸਤਾਨ ਦਾ ਹੈ । ਇਸ ਉਦਾਸੀ ਵਿੱਚ ਉਹਨਾਂ ਕੋਰੋਕਸ਼ੇਤ੍ਰ, ਕਰਨਾਲ, ਪਾਨੀਪਤ, ਹਰਦੁਆਰ, ਦਿੱਲੀ, ਬਿੰਦ੍ਰਾਬਨ, ਉੱਤਰ ਪਰਦੇਸ਼ ਦੇ ਜ਼ਿਲ੍ਹਾ ਪੀਲੀਭੀਤੀ ਵਿੱਚ ਗੋਰਖਮਤਾ, ਬਨਾਰਸ, ਉਜੁੱਧਿਆ, ਲਖਨਊ, ਪਟਨਾ, ਗਯਾ, ਰਾਜਮਹੱਲ, ਮਾਲਦੇਵ, ਢਾਕਾ, ਧਨਪੁਰ ਕਾਮਰੂਪ, ਧੂਬੜੀ, ਲੁਸ਼ਾਈ ਤੇ ਨਾਗਾ ਪਰਬਤ ਦੀ ਯਾਤਰਾ ਕਰਕੇ ਵਿੰਧੀਅਚਲ ਦੇ ਰਾਹ ਵਾਪਸ ਪੰਜਾਬ ਪਰਤੇ ।

ਬਾਬਾ ਜੀ ਦੇ ਪਰਚਾਰ ਕਰਨ ਦੇ ਤਿੰਨ ਚਾਰ ਵਿਸ਼ੇਸ਼ ਢੰਗ ਸਨ ਜੋ ਉਹਨਾਂ ਦੀ ਸਫਲਤਾ ਦਾ ਕਾਰਨ ਸਨ । ਉਹ ਹਮੇਸ਼ਾ ਭੋਲੇਭਾਲੇ, ਸਿੱਧੇ-ਸਾਦੇ ਤੇ ਸਹਿਨਸ਼ੀਲਤਾ ਦੇ ਢੰਗ ਨੂੰ ਅਪਣਾਂਦੇ, ਕਦੀ ਵੀ ਕਿਸੇ ਕੋਲ ਉਸ ਨੂੰ ਘਟੀਆ ਸਮਝਕੇ ਨ ਜਾਂਦੇ ਤੇ ਨ ਹੀ ਬਾਹਰੋਂ ਇਸ ਗੱਲ ਦਾ ਹੀ ਰੁਹਬ ਪਾਂਦੇ ਕਿ ਮੈਂ ਬਹੁਤ ਕੁਝ ਜਾਣਦਾ ਹਾਂ ਅਤੇ ਪੜ੍ਹਾਨ ਜਾਂ ਦੱਸਣ ਆਇਆ ਹਾਂ । ਉਹ ਤੇ ਇਸ ਦੇ ਉਲਟ, ਰਹਿੰਦੇ ਹੀ ਸਾਈਂ ਲੋਕਾਂ ਵਾਂਗੂੰ ਸਨ ਤੇ ਨਾਲੇ ਗੱਲ ਵੀ ਇਸ ਲਹਿਜੇ ਨਾਲ ਕਰਦੇ ਜਿਵੇਂ ਕੋਈ ਵਿਚਾਰਾ ਕੁਝ ਜਾਣਦਾ ਬੁਝਦਾ ਹੀ ਨਹੀਂ ਹੁੰਦਾ ।

ਉਹ ਬਾਣੇ ਜਾਂ ਲਿਬਾਸ ਦੀ ਮਹਾਨਤਾ ਨੂੰ ਵੀ ਸਮਝਦੇ ਸਨ । ਇਹੋ ਜਿਹੇ ਹਾਸੋਹੀਣੇ ਕਪੜੇ ਪਾ ਲੈਂਦੇ ਕਿ ਲੋਕ ਵੇਖਦੇ ਸਾਰ ਹੀ ਉਹਨਾਂ ਕੋਲ ਆ ਕੇ ਇਕੱਠੇ ਹੋ ਜਾਂਦੇ ਤੇ ਫਿਰ ਕਿਸੇ ਨ ਕਿਸੇ ਵਲੋਂ ਕੋਈ ਗੱਲ ਛਿੜ ਪੈਂਦੀ ਜਿਸ ਨੂੰ ਧੁਰਾ ਬਣਾ ਕੇ ਬਾਬਾ ਜੀ ਆਪਣੀ ਨਿਰਾਲੀ ਵੀਚਾਰ, ਮਿੱਠੀਆਂ ਪਰ ਮਜ਼ਬੂਤ ਦਲੀਲਾਂ ਨਾਲ ਲੋਕਾਂ ਦੇ ਮਨਾਂ ਤੇ ਉੱਕਰ ਦੇਂਦੇ । ਪੁਰਾਤਨ ਜਨਮ ਸਾਖੀ ਦਾ ਸਫ਼ਾ ੪੩ ਦੱਸਦਾ ਹੈ ਕਿ ਇਸ ਉਦਾਸੀ ਦੇ ਸਮੇਂ ਉਹਨਾਂ ਲੰਮਾਂ ਸਾਰਾ ਭਗਵੇ



Digitized by Panjab Digital Library | www.panjabdigilib.org

ਜਾਂ ਗੇਰੂਏ ਰੰਗ ਦਾ ਚੋਲਾ ਪਾਇਆ, ਇਸ ਤੇ ਚਿੱਟੇ ਪਟਕੇ ਦਾ ਕਮਰ ਕੱਸਾ ਬਨ੍ਹ ਲਿਆ, ਚੁੰਝ ਵਾਲੀ ਮੀਨਾਰੀ ਸ਼ਕਲ ਦੀ ਚਿੱਟੀ ਟੋਪੀ ਸਿਰ ਤੇ ਪਾ ਲਈ, ਗੱਲ ਵਿੱਚ ਹੱਡੀਆਂ ਦੀ ਮਾਲਾ ਤੇ ਮੱਥੇ ਤੇ ਕੇਸਰ ਦਾ ਟਿੱਕਾ ਲਾਇਆ। ਇਹੋ ਜਿਹੇ ਡੱਬੇ-ਖੜੱਬੇ ਤੇ ਹਸਾਉਣੇ ਪਹਿਰਾਵੇ ਵਾਲਾ ਬੰਦਾ ਲੋਕਾਂ ਦੇ ਧਿਆਨ ਨੂੰ ਆਪਣੇ ਵੱਲ ਕੁਦਰਤੀ ਤੌਰ ਤੇ ਖਿੱਚੇਗਾ ਤੇ ਨਾਲੇ ਜਿਹੜਾ ਜਾਪੇ ਵੀ ਕਮਲਾ-ਰਮਲਾ।

ਉਹ ਵੱਡੇ ਵੱਡੇ ਧਾਰਮਕ ਤੇ ਇਤਿਹਾਸਕ ਥਾਵਾਂ ਤੇ ਜਾਂਦੇ ਤੇ ਜਾਂਦੇ ਵੀ ਉਦੋਂ ਜਦੋਂ ਉਥੇ ਕੋਈ ਖ਼ਾਸ ਸਮਾਗਮ ਹੁੰਦਾ। ਇਸ ਤਰ੍ਹਾਂ ਪਰਚਾਰ ਦੇ ਮਨੋਰਥ ਤੇ ਮੁੱਢਲੇ ਨਿਯਮਾਂ 'ਚੋਂ ਸਭ ਤੋਂ ਮੁੱਢਲਾ ਮਨੋਰਥ ਹਲ ਹੋ ਜਾਂਦਾ—ਆਪਣਾ ਸੁਨੇਹਾ ਚੋਖੇ ਤੋਂ ਚੋਖੇ ਲੋਕਾਂ ਤੱਕ ਥੋੜ੍ਹੇ ਤੋਂ ਥੋੜ੍ਹੇ ਸਮੇਂ ਤੇ ਥੋੜ੍ਹੀ ਤੋਂ ਥੋੜ੍ਹੀ ਖੇਚਲ ਤੇ ਖ਼ਰਚ ਨਾਲ ਪੁਚਾਣਾ। ਉਹ ਵੱਖ ਵੱਖ ਧਰਮਾਂ ਦੇ ਲੋਕਾਂ ਦੇ ਤੀਰਥਾਂ ਦੀ ਯਾਤਰਾ ਜਾਂ ਧਰਮ ਅਸਥਾਨਾਂ ਤੇ ਉਦੋਂ ਜਾਂਦੇ ਜਦੋਂ ਕੋਈ ਖ਼ਾਸ ਤਿਉਹਾਰ ਹੁੰਦਾ ਤੇ ਜਦੋਂ ਆਪਣੇ ਆਪ ਹੀ ਲੱਖਾਂ ਲੋਕ ਉਥੇ ਇਕੱਠੇ ਹੋਏ ਹੁੰਦੇ ਸਨ। ਅੱਜਕਲ੍ਹ ਪਰਚਾਰ ਦੇ ਇਸ ਤਰੀਕੇ ਦੀ ਇਸ ਰੌਂ ਨੂੰ ਗੁਰੂ ਨਾਨਕ ਸਾਹਿਬ ਨੇ ਹੀ ਚਲਾਇਆ ਸੀ। ਇਹੋ ਜਿਹੇ ਇਕੱਠਾਂ ਵਿੱਚ ਜਿੱਥੇ ਆਮ ਤੇ ਸਾਧਾਰਨ ਜਨਤਾ ਦੀ ਭਰਮਾਰ ਹੁੰਦੀ ਹੈ, ਉਥੇ ਕਈ ਸਿਆਣੇ ਤੇ ਪੜ੍ਹੇ ਲਿਖੇ ਲੋਕ ਵੀ ਹੁੰਦੇ ਨੇ। ਇਸ ਤਰ੍ਹਾਂ ਪਰਚਾਰ ਦਾ ਸੁਨੇਹਾ ਮਨੁੱਖ ਦੀਆਂ ਸਾਰੀਆਂ ਮਾਨਸਕ, ਧਾਰ-ਮਕ ਤੇ ਰਾਜਸੀ ਰੁਚੀਆਂ ਵਾਲੇ ਲੋਕਾਂ ਨੂੰ ਮਿਲ ਜਾਂਦਾ ਹੈ। ਇਕ ਗੱਲ ਇਹ ਵੀ ਸੀ ਕਿ ਹਰ ਘਟਨਾ ਨੂੰ ਬੜਾ ਮਨੋਰੰਜਕ ਨਾਟਕੀ ਢੰਗ ਦੇ ਦੇਂਦੇ ਸਨ।

ਗੁਰੂ ਸਾਹਿਬ ਪੂਰਬ ਦੀ ਉਦਾਸੀ ਦੇ ਸਮੇਂ ਸੱਭ ਤੋਂ ਪਹਿਲਾਂ ਕੋਰੋਕੁਸ਼ੇਤ੍ਰ ਪੁੱਜੇ ਜਿੱਥੇ ਸੂਰਜ ਗ੍ਰਹਿਣ ਦਾ ਮੇਲਾ ਲੱਗਾ ਹੋਇਆ ਸੀ ਤੇ ਲੱਖਾਂ ਲੋਕ ਦਾਨ-ਇਸ਼ਨਾਨ ਕਰ ਰਹੇ ਸਨ। ਹਿੰਦੂਆਂ ਦਾ ਵਿਸ਼ਵਾਸ਼ ਹੈ ਕਿ ਸੂਰਜ ਜਾਂ ਚੰਨ ਗ੍ਰਹਣ ਵੇਲੇ ਨਿਰੇ ਮਨੁੱਖ ਹੀ ਨਹੀਂ ਸੰਸਾਰ ਦੀਆਂ ਸਭ ਚੀਜ਼ਾਂ ਅਪਵਿੱਤਰ ਹੋ ਜਾਂਦੀਆਂ ਹਨ। ਗ੍ਰਹਿਣ ਬਾਰੇ ਉਹਨਾਂ ਦੇ ਮਿਥਿਹਾਸਕ ਵਿਸ਼ਵਾਸ਼ ਨੂੰ ਵੀ ਜ਼ਰਾ ਸਮਝ ਲੈਣਾ ਚਾਹੀਦਾ ਹੈ। ਇਹਨਾਂ ਦੇ ਵਿਸ਼ਵਾਸ਼ ਅਨੁਸਾਰ ਰਾਹੂ ਤੇ ਕੇਤੂ ਦੋ ਦੈਂਤ ਸੂਰਜ ਜਾਂ ਚੰਨ ਨੂੰ ਮਾਰਨ ਲਈ ਵਿਹੜ ਲੈਂਦੇ ਨੇ। ਹਿੰਦੂ ਮਿਥਿਹਾਸ ਦੇ ਮੁਤਾਬਿਕ ਰਾਹੂ ਪਿਤਾ ਵਿਪਰਾ ਚਿੱਤੀ ਤੇ ਦਕਸ਼ਾ ਰਿਸ਼ੀ ਦੀ ਧੀ ਸਿੰਮਰਕਾ ਦਾ ਪੁੱਤਰ ਸੀ। ਇਸ ਦੀਆਂ ਚਾਰ ਬਾਹੀਂ ਤੇ ਪੂਛਲ ਸੱਪ ਦੀ ਸੀ। ਦਕਸ਼ਾ ਰਾਕਸ਼ਨੀ ਦਾ ਜ਼ਿਕਰ ਰਾਮਾਇਨ ਵਿੱਚ ਆਉਂਦਾ ਹੈ। ਇਹ ਬੜੀ ਜਾਦੂਗਰਨੀ ਸੀ ਤੇ ਹਨੂਮਾਨ ਦਾ ਪਰਛਾਵਾਂ ਫੜਕੇ ਉਸਨੂੰ ਹੜੱਪ ਕਰਨਾ ਚਾਹੁੰਦੀ ਸੀ। ਬੜੀ ਭੱਜੀ ਦੌੜੀ ਕਿ ਹਨੂਮਾਨ ਨੂੰ ਫੜ ਲਵਾਂ। ਅਖ਼ੀਰ ਹਨੂਮਾਨ ਜਾਨ-ਬੁੱਝ ਕੇ ਤੇ ਢਿੱਲਾ ਮਿੱਠਾ ਹੋ ਕੇ ਉਸ ਦਾ ਬੁਰਕ ਤੇ ਸ਼ਿਕਾਰ ਬਣ ਗਿਆ ਤੇ ਇਸ ਬਹਾਨੇ ਉਸਦੇ ਅੰਦਰ ਪੁੱਜ ਕੇ ਉਸ ਦਾ ਢਿੱਡ ਪਾੜ ਕੇ ਉਸ 'ਚੋਂ ਬਾਹਰ ਨਿਕਲ ਗਿਆ। ਸਮੁੰਦਰ ਨੂੰ ਸੁਮੇਰ ਪਰਬਤ ਦੀ ਮਧਾਣੀ ਨੂੰ ਬਾਸ਼ਕ ਨਾਗ ਦਾ ਨੇਤਰਾ ਪਾ ਕੇ ਰਿੜਕਣ ਦੇ ਸਮੇਂ ਤੇ ਚੌਦਾਂ ਰਤਨਾਂ 'ਚੋਂ ਇੱਕ ਤੇ ਸਭ ਤੋਂ ਅਣਮੋਲ



Digitized by Panjab Digital Library | www.panjabdigilib.org

ਅੰਮਿਤ ਕੱਢਣ ਵੇਲੇ ਰਾਹੂ ਨੇ ਅੰਮ੍ਰਿਤ ਪੀਣਾ ਚਾਹਿਆ ਤਾਂਕਿ ਦੇਵਤਿਆਂ ਨਾਲ ਲੜਕੇ ਕਦੀ ਵੀ ਮਰ ਨ ਸੱਕੇ। ਉਹ ਅੱਖ ਬਚਾ ਕੇ ਅੰਮ੍ਰਿਤ ਦਾ ਇੱਕ ਘੁੱਟ ਪੀ ਗਿਆ। ਪਰ ਸੂਰਜ ਤੇ ਚੰਨ ਨੇ ਉਸਨੂੰ ਵੇਖ ਲਿਆ ਤੇ ਚੁਗ਼ਲੀ ਮਾਰੀ। ਵਿਸ਼ਨੂੰ ਨੇ ਗੁੱਸੇ ਵਿੱਚ ਆ ਕੇ ਰਾਹੂ ਨੂੰ ਸੁਦਰਸ਼ਨ ਚੱਕਰ ਮਾਰਿਆ ਤੇ ਉਸ ਦੇ ਦੋ ਟੋਟੇ ਹੋ ਗਏ। ਦੂਜੇ ਟੋਟੇ ਦਾ ਨਾਂ ਕੇਤੂ ਹੈ । ਉਸ ਦਿਨ ਤੋਂ ਲੈ ਕੇ ਰਾਹੂ ਤੇ ਕੇਤੂ ਆਕਾਸ਼ ਵਿੱਚ ਸੂਰਜ ਤੇ ਚੰਨ ਨੂੰ ਮਾਰਨ ਦੀ ਭਾਲ ਵਿੱਚ ਫ਼ਿਰਦੇ ਰਹਿੰਦੇ ਨੇ ਅਤੇ ਜਿੱਥੇ ਉਹਨਾਂ ਦਾ ਮੇਲ ਹੋ ਜਾਏ ਉਹਨਾਂ ਨੂੰ ਵਿਹੜ ਲੈਂਦੇ ਨੇ ਤੇ ਉਹ ਵੀਚਾਰੇ ਘੇਰੇ 'ਚੋਂ ਨਿਕਲਣ ਦਾ ਯਤਨ ਕਰਦੇ ਨੇ। ਇਹ ਹੈ ਸੰਖੇਪ ਜਿਹੀ ਵਿਥਿਆ—ਰਾਹੂ-ਕੇਤੂ ਤੇ ਸੂਰਜ ਚੰਨ ਦੇ ਵੈਰ ਦੇ ਵਧਣ ਦੇ ਕਾਰਨ ਦੀ।

ਵਹਿਮੀ-ਵਿਸ਼ਵਾਸ਼ੀ ਹਿੰਦੂ ਸੂਰਜ ਜਾਂ ਚੰਨ ਨੂੰ ਗ੍ਰਹਿਣ ਤੋਂ ਛੁਡਾਣ ਲਈ ਬ੍ਰਾਹਮਣਾਂ ਨੂੰ ਦਾਣੇ, ਆਟਾ, ਕਪੜੇ ਤੇ ਕਈ ਹੋਰ ਕੀਮਤੀ ਚੀਜ਼ਾਂ ਦਾਨ ਵਜੋਂ ਦੇਂਦੇ ਨੇ ਤਾਕਿ ਰਾਹੂ ਤੇ ਕੇਤੂ ਖ਼ੁਸ਼ ਹੋ ਕੇ ਗ੍ਰਹਿਤ ਸੂਰਜ ਜਾਂ ਚੰਨ ਦੀ ਜਾਨ ਛੇਤੀ ਛੱਡਣ। ਆਪਣੀ ਸਰੀਰਕ ਅਪਵਿੱਤਰਤਾ ਨੂੰ ਦੂਰ ਕਰਨ ਲਈ ਉਹ ਕਿਸੇ ਨਦੀ ਨਾਲੇ ਦਰਿਆ ਤੇ ਸਭ ਤੋਂ ਸ਼ੁਭ ਸਮਝਕੇ ਕਿਸੇ ਤੀਰਥ ਦੇ ਸਰੋਵਰ ਜਾਂ ਦਰਿਆ ਦੇ ਪਾਣੀ ਵਿੱਚ ਇਸ਼ਨਾਨ ਕਰਦੇ ਨੇ। ਏਸੇ ਮਨੋਰਥ ਲਈ ਕੋਰੂਕਸ਼ੇਤ੍ਰ ਦਾ ਮੇਲਾ ਲੱਗਾ ਹੋਇਆ ਸੀ । ਲੋਕ ਨਾਲੇ ਬ੍ਰਾਹਮਣਾਂ ਨੂੰ ਦਾਨ ਕਰਦੇ ਸਨ ਤੇ ਨਾਲੇ ਤਲਾ ਵਿੱਚ ਨਹਾਉਂਦੇ ਸਨ। ਗੁਰੂ ਸਾਹਿਬ ਨੂੰ ਵੇਖ ਕੇ ਬੜਾ ਦੁੱਖ ਹੋਇਆ ਕਿ ਇਹ ਸਾਧਾਰਨ ਲੋਕਾਂ ਦਾ ਵਖਤ ਨਾਲ ਕਮਾਇਆ ਹੋਇਆ ਧਨ ਦਾਨ ਦੇ ਨਾਂ ਵਿੱਚ ਲੁੱਟੀ ਜਾਂਦੇ ਨੇ। ਬਾਬਾ ਜੀ ਸਰੋਵਰ ਦੇ ਇੱਕ ਕੰਢੇ ਤੇ ਜਾ ਬੈਠੇ। ਲੋਕ ਉਹਨਾਂ ਦਾ ਲਿਬਾਸ ਵੇਖ ਕੇ ਹੈਰਾਨ ਸਨ।

ਇਤਫ਼ਾਕ ਇਹ ਹੋਇਆ ਕਿ ਹਾਂਸੀ ਦੇ ਰਾਜੇ ਅੰਮ੍ਰਿਤ ਰਾਏ ਦਾ ਪੁੱਤਰ ਰਾਜਾ ਜਗਤ ਰਾਏ ਆਪਣੀ ਮਾਂ ਨਾਲ ਉਸ ਤਲਾ ਦੇ ਕੰਢੇ ਤੇ ਬਾਬਾ ਜੀ ਦੇ ਨੇੜੇ ਹੀ ਆ ਬੈਠਾ। ਉਸ ਨੂੰ ਉਸਦੇ ਵਿਰੋਧੀਆਂ ਨੇ ਰਾਜ ਭਾਗ ਖੋਹ ਕੇ, ਹਾਂਸੀ ਦੇ ਇਲਾਕੇ 'ਚੋਂ ਕੱਢ ਦਿੱਤਾ ਸੀ। ਉਹ ਮਾਂ ਪੁੱਤਰ, ਦੇਸ਼ ਨਿਕਾਲੇ ਦੀ ਹਾਲਤ ਤੇ ਜੰਗਲਾਂ ਵਿੱਚ ਥਾਂ ਥਾਂ ਠੋਕਰਾਂ ਖਾਂਦੇ ਫ਼ਿਰਦੇ ਸਨ। ਉਹਨਾਂ ਦੇ ਨਾਲ ਕੁਝ ਉਹਨਾਂ ਦੇ ਸੇਵਕ ਸਾਥੀ ਵੀ ਸਨ ਜਿਨ੍ਹਾਂ ਜੰਗਲ ਚੋਂ ਲੰਘਦਿਆਂ ਇਕ ਹਿਰਨ ਮਾਰਿਆ ਸੀ ਜੋ ਉਹਨਾਂ ਕਪੜੇ ਦੀ ਗੰਢੜੀ ਵਿੱਚ ਬੰਨ੍ਹ ਕੇ ਲੁਕਾਇਆ ਹੋਇਆ ਸੀ, ਤਾਕਿ ਇਸ ਗ੍ਰਹਣ ਦੇ ਮੇਲੇ ਵਿੱਚ ਆਮ ਹਿੰਦੂ ਤੇ ਪੰਡਤ ਇਹਨਾਂ ਮਾਸ-ਖਣਿਆਂ ਤੇ ਜੀਵ ਹੱਤਿਆ ਕਰਨ ਵਾਲਿਆਂ ਨੂੰ ਧੱਕੇ ਨ ਮਾਰਨ। ਕਈ ਸਾਖੀਕਾਰਾਂ ਨੇ ਹਰਨ ਦੀ ਥਾਂ ਮਛੀ ਦਾ ਮਾਸ ਰਿਨ੍ਹਣ ਦਾ ਜ਼ਿਕਰ ਕੀਤਾ ਹੈ।

ਉਸ ਵੇਲੇ ਬਾਬਾ ਜੀ ਤੇ ਮਰਦਾਨਾ, "ਜੈਸੀ ਮੈਂ ਆਵੈ ਖਸਮ ਦੀ ਬਾਣੀ" ਦਾ ਕੀਰਤਨ ਕਰ ਰਹੇ ਸਨ ਪਰ ਲੋਕ ਕੀਰਤਨ ਸੁਣਨ ਨਾਲੋਂ ਗ੍ਰਹਿਣ ਦੇ ਕਰਮਕਾਂਡ ਵਿੱਚ ਜ਼ਿਆਦਾ ਰੁੱਝੇ ਹੋਏ ਸਨ। ਰਾਣੀ ਤੇ ਉਸ ਦਾ ਪੁੱਤਰ ਤੇ ਬਾਬਾ ਜੀ ਦੇ ਦਰਸ਼ਨ ਕਰਕੇ ਬੜਾ ਪਰਭਾਵ ਪਿਆ। ਸੰਸਾਰ ਭਰ ਦੇ ਲੋਕਾਂ ਦੀ ਆਮ ਰੁਚੀ ਹੈ ਕਿ ਸੰਤਾਂ-ਸਾਧੂਆਂ ਤੇ ਪੀਰਾਂ-ਫ਼ਕੀਰਾਂ ਕੋਲ ਆਣੇ ਦੁਖਾਂ ਦੀ ਨਿਵਿਰਤੀ ਲਈ ਬੇਨਤੀ ਕਰਦੇ ਨੇ। ਰਾਣੀ ਤੇ ਉਸ ਦੇ ਪੁੱਤਰ ਨੇ ਬਾਬਾ ਜੀ ਨੂੰ ਆਪਣੇ ਨਾਲ ਹੋਏ ਧੱਕੇ ਦੀ ਵਿਥਿਆ ਸੁਣਾਈ ਅਤੇ ਬਖਸ਼ਸ਼ ਦਾ ਵਰ ਮੰਗਿਆ। ਬਾਬਾ ਜੀ ਨੇ ਉਹਨਾਂ



Digitized by Panjab Digital Library | www.panjabdigilib.org

ਨੂੰ ਹੌਂਸਲਾ ਦਿੱਤਾ ਤੇ ਭਾਣੇ ਅੰਦਰ ਰਹਿਣ ਲਈ ਵੀ ਪਰੇਰਿਆ। ਉਹਨਾਂ ਕਿਹਾ ਅਸੀਂ ਹੁਣ ਵੀ ਸਾਥੀਆਂ ਸਮੇਤ ਭੁੱਖੇ ਹਾਂ। ਗੁਰੂ ਸਾਹਿਬ ਨੇ ਕਿਹਾ ਜਿਹੜਾ ਹਰਨ ਤੁਸਾਂ ਮਾਰ ਕੇ ਗੰਢ ਵਿੱਚ ਲੁਕਾਇਆ ਹੋਇਆ ਹੈ, ਰਿਨ੍ਹ ਕੇ ਖਾਉ ਤੇ ਹੋਰ ਸੂਧੇ-ਸ਼ਗਿਸਤੇ ਤੇ ਭੁੱਖੇ ਲੋਕਾਂ ਨੂੰ ਵੀ ਦੇਹੋ। ਉਹਨਾਂ ਇੱਕ ਵੱਡੇ ਸਾਰੇ ਭਾਂਡੇ ਵਿੱਚ ਹਰਨ ਰਿਨ੍ਹਣਾ ਸ਼ੁਰੂ ਕਰ ਦਿੱਤਾ ਪਰ ਪਤਾ ਲੱਗਦੇ ਸਾਰ ਹੀ ਹਾਲ-ਹਾਲ ਮੱਚ ਗਈ ਕਿ ਇਹੋ ਜਿਹੇ ਸਮੇਂ ਮਾਸ ਰਿਨ੍ਹ ਕੇ ਖਾਣਾ ਤੇ ਉਹ ਵੀ ਗ੍ਰਹਿਣ ਦੇ ਸਮੇਂ ਏਡੇ ਪਵਿੱਤਰ ਤੀਰਥ ਦੇ ਸਰੋਵਰ ਦੇ ਕੰਢੇ ਤੇ। ਯਾਤਰੂ ਤੇ ਪੰਡਤ ਲਾਲ ਅੱਖੀਂ ਕੱਢ ਕੇ ਆ ਦੁਆਲੇ ਹੋਏ। ਮਾਸ ਰਿਨ੍ਹਣ ਵਾਲਿਆਂ ਤੇ ਮਾਸ ਖਾਣ ਦੇ ਪਾਪ ਨੂੰ ਮੁੱਖ ਰੱਖ ਕੇ, ਅਨ੍ਹੇ ਵਾਹ ਤੇ ਗੜੇ ਵਾਗੂੰ ਵੱਸੀ ਜਾਂਦੇ ਸਨ। ਬਾਬਾ ਜੀ ਨੇ ਲੋਕਾਂ ਨੂੰ ਬਤੇਰਾ ਸਮਝਾਇਆ ਪਰ ਗੁਰੂ ਸਾਹਿਬ ਕਿੱਧਾ ਕਿੱਧਾ ਜਵਾਬ ਦੇਂਦੇ।

ਨਾਈਆਂ ਦੀ ਜੰਞ ਸਭੇ ਰਾਜੇ—ਮੇਰਾ ਭਾਵ ਉਸ ਪੰਡਤਾਂ ਦੀ ਗੁੱਸੇ ਹੋਈ ਮੰਡਲੀ 'ਚ ਸਾਰੇ ਆਪਣੇ ਆਪ ਨੂੰ ਇੱਕ ਦੂਜੇ ਤੋਂ ਵੱਧ ਸਮਝਦੇ ਵਿਦਵਾਨ ਸਨ। ਸਤਿਗੁਰੂ ਨੇ ਕਿਹਾ, "ਮੇਰੇ ਨਾਲ ਤੁਹਾਡੇ 'ਚੋਂ ਸਭ ਤੋਂ ਵੱਡਾ ਵਿਦਵਾਨ ਦਲੀਲ ਨਾਲ ਗੱਲ ਕਰੇ।"

ਪੰਡਤ ਨਾਨੂ ਦਾਸ ਬੜਾ ਮੰਨਿਆ ਪਰਮੰਨਿਆ ਵਿਦਵਾਨ ਸੀ। ਉਸ ਨੇ ਮਾਸ ਖਾਣ ਦੇ ਵਿਰੁੱਧ ਹਿੰਦੂ ਸ਼ਾਸਤਰਾਂ ਦੀਆਂ ਬੜੀਆਂ ਲੰਮੀਆਂ ਚੌੜੀਆਂ ਦਲੀਲਾਂ ਦਿੱਤੀਆਂ। ਗੁਰੂ ਸਾਹਿਬ ਧੀਰਜ ਤੇ ਖਾਮੋਸ਼ੀ ਨਾਲ ਸੁਣੀ ਗਏ। ਅੰਤ ਨੂੰ ਸੌ ਸੁਨਿਆਰ ਦੀ ਤੇ ਇਕ ਲੋਹਾਰ ਦੀ ਵਾਲੀ ਗੱਲ ਹੋਈ। ਬਾਬਾ ਜੀ ਨੇ ਕਿਹਾ ਤੁਸੀਂ ਇਹ ਸਾਰਾ ਪਾਖੰਡ ਕਰਦੇ ਹੋ। ਸਚਾਈ ਤਾਂ ਇਹ ਹੈ ਕਿ ਜੰਮਣ ਤੋਂ ਲੈ ਕੇ ਮਰਨ ਤੱਕ ਮਨੁੱਖ ਕਿਸੇ ਹੀਲੇ ਬਹਾਨੇ ਗਿਆਨ-ਧਿਆਨ ਤੇ ਦਲੀਲ ਨਾਲ ਵੀ ਮਾਸ ਖਾਣੋਂ ਬਚ ਨਹੀਂ ਸਕਦਾ। ਕਿਸੇ ਨ ਕਿਸੇ ਤਰ੍ਹਾਂ ਜ਼ਰੂਰ ਮਾਸ-ਖਾਣਾ ਪੈਂਦਾ ਹੈ।

ਪਾਂਡਾ ਨਾਨੂ ਦਾਸ ਆਪਣੇ ਆਪ ਨੂੰ ਬੜਾ ਚਾਤਰ ਸਮਝਦਾ ਸੀ ਅਤੇ ਉਸ ਨੇ ਆਪਣੇ ਪੱਖ ਵਿਚ ਦਲੀਲਾਂ ਵੀ ਬੜੀਆਂ ਦਿਤੀਆਂ ਪਰ ਗੁਰੂ ਸਾਹਿਬ ਨੇ ਕਿਹਾ, "ਇਨਸਾਨ ਤਾਂ ਜੰਮਿਆ ਹੀ ਮਾਸ ਵਿਚੋਂ ਹੈ। ਉਸ ਦਾ ਗਰਭਾਸ ਵੀ ਮਾਸ ਅੰਦਰ ਹੁੰਦਾ ਹੈ। ਉਸਦਾ ਆਪਣਾ ਸਾਰਾ ਸਰੀਰ ਵੀ ਮਾਸ ਦਾ ਬਣਿਆ ਹੋਇਆ ਹੈ। ਮਾਂ ਦੀ ਗੋਦ ਵਿਚ ਉਸ ਨੇ ਮਾਸ ਦਾ ਬਣਿਆ ਹੋਇਆ ਹੀ ਮਾਂ ਦਾ ਮੰਮਾ ਚੁੰਘਿਆ। ਉਸ ਦਾ ਦਿਲ, ਫੇਫੜੇ ਤੇ ਜੀਭ ਆਦਿ ਸਭ ਮਾਸ ਦੇ ਬਣੇ ਹੋਏ ਹਨ। ਜਵਾਨ ਹੋ ਕੇ, ਵਹੁਟੀ ਦੇ ਰੂਪ ਵਿਚ ਮਾਸ ਨੂੰ ਹੀ ਵਿਆਹ ਕੇ ਲੈ ਆਇਆ ਤੇ ਅਗੋਂ ਧੀਆਂ ਪੁੱਤਰ ਤੇ ਹੋਰ ਸਾਰੇ ਸਾਕ ਸੈਨ ਮਾਸ ਦੀ ਖੇਡ ਹੀ ਹੈ। ਇਹ ਸਾਰਾ ਭਰਮ-ਭੇਤ ਤਾਂ ਸੱਚੇ ਗੁਰੂ ਦੇ ਮਿਲਿਆਂ ਹੀ ਦੂਰ ਹੁੰਦਾ ਹੈ। ਮਨੁੱਖ ਭਾਵੇਂ ਕਿੰਨਾ ਜਤਨ ਕਰੇ ਮਾਸ ਤੋਂ ਕਿਵੇਂ ਛੁੱਟ ਸਕਦਾ ਹੈ। ਇਹ ਸਾਰੇ ਵਾਦ-ਵਿਵਾਦ ਝੂਠੇ ਹਨ। ਮਾਸ ਖਾਣ ਦੇ ਸਵਾਲ ਤੇ ਸਿਰਫ ਮੂਰਖ ਹੀ ਝਗੜਾ ਤੇ ਬਹਿਸ ਕਰਦੇ ਹਨ। ਇਹਨਾਂ ਨੂੰ ਅਸਲੀ ਗਿਆਨ ਤਾਂ ਹੁੰਦਾ ਹੀ ਨਹੀਂ ਅਤੇ ਸਮਝਦੇ ਨਹੀਂ ਕਿ ਸਾਗ-ਭੱਤ ਜਾਂ ਮਾਸ ਖਾਣ ਵਿਚ ਕਿਹੜਾ ਪਾਪ ਜਾਂ



Digitized by Panjab Digital Library | www.panjabdigilib.org

ਪੁੰਨ ਹੈ ? ਹਿੰਦੂ ਸ਼ਾਸਤਰ ਦਸਦੇ ਹਨ ਕਿ ਹਿੰਦੂ ਆਪਣੇ ਦੇਵਤਿਆਂ ਦੇ ਸੁਭਾਅ ਤੇ ਖੁਸ਼ੀ ਅਨੁਸਾਰ ਉਹਨਾਂ ਨੂੰ ਗੈਂਡਾ ਮਾਰ ਕੇ ਉਸ ਦੇ ਮਾਸ ਦਾ ਚੜ੍ਹਾਵਾ ਚੜ੍ਹਾਂਦੇ ਸਨ। ਦਿਨੇ ਤਾਂ ਮਾਸ ਖਾਣ ਤੋਂ ਤੋਬਾ ਕਰਦੇ, ਕੰਨ ਫੜਦੇ ਤੇ ਮਾਸ ਦੀ ਬੋ ਤੋਂ ਨੱਕ ਬੰਦ ਕਰਦੇ ਨੇ ਪਰ ਰਾਤੀਂ ਮਨੁੱਖਾਂ ਦਾ ਮਾਸ ਖਾਂਦੇ ਨੇ। ਇਹ ਤਾਂ ਏਵੇਂ ਫੋਕੇ ਗਿਆਨ ਦੀਆਂ ਫੜ੍ਹਾਂ ਨੇ। ਇਹੋ ਜਿਹੇ ਅਕਲ ਦੇ ਅੰਨ੍ਹਿਆਂ ਨੂੰ ਕੀ ਸਮਝਾਈਏ ਇਹਨਾਂ ਕਿਹੜਾ ਸਮਝ ਜਾਣਾ ਏ ? ਅਸਲੀ ਅਨ੍ਹਾ ਉਹ ਹੈ ਜੋ ਅੰਨ੍ਹੇ ਕੰਮ ਕਰਦਾ ਹੈ ਤੇ ਜਿਸ ਦੇ ਹਿਰਦੇ ਭਾਵ ਜਿਸ ਦੀ ਬੁੱਧੀ ਦੀਆਂ ਅੱਖੀਂ ਨਹੀਂ। ਮਾਂ ਪਿਉ ਦੀ ਰੱਤ ਵਿਚੋਂ ਜੰਮੇ ਨੇ ਪਰ ਮੱਛੀ ਦਾ ਮਾਸ ਖਾਣ ਤੋਂ ਵੀ ਨਫ਼ਰਤ ਕਰਦੇ ਨੇ। ਜਦੋਂ ਰਾਤੀਂ ਮਰਦ ਇਸਤਰੀ ਨਾਲ ਭੋਗ ਕਰਦਾ ਹੈ ਤਾਂ ਸਭ ਮਾਸ ਦਾ ਅਡੰਬਰ ਹੀ ਹੈ। ਅਸੀਂ ਤੇ ਮਾਸ ਦੇ ਹੀ ਜੰਮੇ ਜਾਏ ਹਾਂ ਅਤੇ ਮਾਸ ਦੇ ਭਾਂਡੇ ਭਾਵ ਸਰੀਰ ਹਾਂ। ਹੇ ਪਾਂਡੇ, ਇਸ ਸਚਾਈ ਤੇ ਗਿਆਨ ਦਾ ਤੇ ਤੈਨੂੰ ਪਤਾ ਹੀ ਨਹੀਂ ਪਰ ਆਪਣੇ ਆਪ ਨੂੰ ਬੜਾ ਚਾਤਰ ਸਮਝਦਾ ਹੈ। ਮੈਨੂੰ ਜ਼ਰਾ ਸੁਆਮੀ ਜੀ ਦੱਸੋ ਖਾਂ ਕਿ ਘਰ ਦਾ ਮਾਸ ਤਾਂ ਤੁਹਾਡੇ ਲਈ ਚੰਗਾ ਹੈ ਪਰ ਬਾਹਰ ਦਾ ਮੰਦਾ। ਸਭ ਜੀ ਜੰਨਤ ਮਾਸ ਵਿਚ ਵਾਸਾ ਧਾਰ ਕੇ ਮਾਸ ਵਿਚੋਂ ਹੀ ਪੈਦਾ ਹੋਏ ਨੇ। ਅਗਿਆਨੀ ਗੁਰੂਆਂ ਦੇ ਚੇਲੇ ਵੈਸੇ ਮਾਸ ਨ ਖਾਣ ਦਾ ਦਾਅਵਾ ਕਰਦੇ ਨੇ ਪਰ ਗਰੀਬਾਂ ਦੇ ਹੱਕਾਂ ਤੇ ਕਮਾਈ ਦੀ ਖੋਹ-ਘਸੀਟ ਕਰ ਕੇ ਉਹ ਮਨੁੱਖਾਂ ਦੀ ਰੱਤ ਪੀਂਦੇ ਨੇ। ਹੇ ਪਾਂਡੇ, ਅਸੀਂ ਤੇ ਮਾਸ ਵਿਚੋਂ ਹੀ ਜੰਮੇ ਹਾਂ ਤੇ ਸਾਡਾ ਸਰੀਰ ਵੀ ਮਾਸ ਦਾ ਬਣਿਆ ਹੋਇਆ ਹੈ, ਪਰ ਤੈਨੂੰ ਏਡਾ ਚਾਤੁਰ ਕਹਾਣ ਵਾਲੇ ਨੂੰ ਇਸ ਗੱਲ ਦਾ ਗਿਆਨ ਹੀ ਨਹੀਂ। ਹਿੰਦੂ ਸ਼ਾਸਤਰ ਤੇ (ਇਬਰਾਨੀ ਮਜ਼੍ਹਬਾਂ ਦੀਆਂ) ਕਿਤਾਬਾਂ ਦੱਸਦੀਆਂ ਨੇ ਕਿ ਆਦਿ ਤੋਂ ਲੈ ਕੇ ਜੁਗੋ ਜੁਗ, ਮਾਸ ਹੀ ਵਰਤੀਂਦਾ ਰਿਹਾ ਹੈ। ਜੱਗਾਂ ਤੇ ਵਿਆਹਾਂ ਵਿਚ ਵੀ ਮਾਸ ਦਾ ਖਾਣਾ ਸੋਭਦਾ ਰਿਹਾ ਹੈ। ਬਾਦਸ਼ਾਹ ਤੇ ਰਾਜੇ—ਸਭ ਮਰਦ ਇਸਤਰੀਆਂ ਪਾਸੋਂ ਹੀ ਜੰਮੇ ਨੇ। ਹੇ ਪਾਂਡੇ, ਜੇ ਮਾਸ ਖਾਣ ਵਾਲੇ ਤੁਹਾਨੂੰ ਨਰਕ ਦੀ ਸਜ਼ਾ ਨਾਲ ਨਰਕ ਵੱਲ ਜਾਂਦੇ ਦਿਸਦੇ ਨੇ ਤਾਂ ਉਹਨਾਂ ਦੇ ਹੱਥੋਂ ਦਾਨ ਨਾ ਲਵੋ, ਨਹੀਂ ਤੇ ਤੁਸੀਂ ਵੀ ਨਰਕ ਵਿਚ ਪਵੋਗੇ। ਵਾਹ ਪਾਂਡਿਆ, ਤੂੰ ਆਪ ਤੇ ਕੁਝ ਜਾਣਦਾ ਨਹੀਂ, ਲੋਕਾਂ ਨੂੰ ਕੀ ਸਮਝਾ ਸਕਦਾ ਹੈਂ ? ਪਾਂਡੇ, ਤੂੰ ਜਾਣਦਾ ਹੀ ਨਹੀਂ ਕਿ ਮਾਸ, ਕਮਾਦ, ਕੁਪਾਹ ਤੇ ਸਾਰਾ ਤ੍ਰਿਭਵਨ ਸੰਸਾਰ, ਸਭ ਪਾਣੀ ਤੋਂ ਪੈਦਾ ਹੋਏ ਹਨ। ਮੇਰੀ ਨਿਮਾਣੇ ਦੀ ਤੇ ਇਹ ਦਲੀਲ ਹੈ ਕਿ ਸਵਾਦ ਤੇ ਤਾਂ ਹੈ ਜੇ ਪਾਣੀ ਤੋਂ ਪੈਦਾ ਹੋਈਆਂ ਸਾਰੀਆਂ ਚੀਜ਼ਾਂ ਦੇ ਆਹਾਰ ਦਾ ਤਿਆਗ ਕਰਕੇ ਕੋਈ ਸਨਿਆਸੀ ਬਣੇ।"

ਭਾਈ ਮਰਦਾਨੇ ਦੀ ਰਬਾਬ ਦੀ ਮਧੁਰ ਸੁਰ ਨਾਲ ਬਾਬਾ ਜੀ ਦਾ ਮਾਸ ਬਾਰੇ ਹੋਈ ਬਹਿਸ ਵਾਲਾ ਸ਼ਲੋਕ ਗੁਰੂ ਗਰੰਥ ਸਾਹਿਬ ਦੇ ਸਫਾ ੧੨੮੯-੯੦ ਤੇ ਇਸ ਤਰ੍ਹਾਂ ਹੈ :—

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ।
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ।



Digitized by Panjab Digital Library | www.panjabdigilib.org

ਮੁਹੁ ਮਾਸੈਕਾ ਜੀਭ ਮਾਸੈ ਕੀ ਮਾਸੈ ਅੰਦਰ ਸਾਸੁ ।
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ।
ਮਾਸਹੁ ਹੀ ਮਾਸੁ ਉਪਜੈ ਮਾਸਹੁ ਸਭੋ ਸਾਕੁ ।
ਸਤਿਗੁਰਿ ਮਿਲੀਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ।
ਆਪਿ ਛੁੱਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ । (੧)

(੧) ਮ: ੧—ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ ।
ਕਉਣ ਮਾਸੁ ਕਉਣ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ।
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ ।
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸੁ ਖਾਣੇ ।
ਫੜੁ ਕਰਿ ਲੋਕਾਂ ਨੂੰ ਦਿਖਲਾਵਹਿ ਗਿਆਨੁ ਧਿਆਨੁ ਨਹੀਂ ਸੂਝੇ ।
ਨਾਨਕ ਅੰਧੇ ਸਿਉਂ ਕਿਆ ਕਹੀਐ ਕਹੈ ਨ ਕਹਿਆ ਬੂਝੇ ।
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ।
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ।
ਇਸਤ੍ਰੀ ਪੁਰਖੈ ਜਾਂ ਨਿਸ ਮੇਲਾ ਓਥੈ ਮੰਧੁ ਕਮਾਹੀ ।
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੇ ਕੇ ਭਾਂਡੇ ।
ਗਿਆਨ ਧਿਆਨੁ ਕਛੁ ਸੂਝੇ ਨਾ ਹੀ ਚਤੁਰ ਕਹਾਵੈ ਪਾਂਡੇ ।
ਬਾਹਰ ਕਾ ਮਾਸ ਮੰਦਾ ਸੁਆਮੀ ਘਰ ਕਾ ਮਾਸ ਚੰਗੇਰਾ ।
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ।
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ।
ਮਾਸਹੁ ਨਿੰਮੇ ਮਾਸਹੁ ਜੰਮੈ ਹਮ ਮਾਸੈ ਕੈ ਭਾਂਡੇ ।
ਗਿਆਨੁ ਧਿਆਨੁ ਕਛੁ ਸੁਝੈ ਨਾਹੀ ਚਤੁਰ ਕਹਾਵੈ ਪਾਂਡੇ ।
ਮਾਸੁ ਪੁਰਾਣੀ ਮਾਸ ਕਤੇਬੀ ਚਹੁ ਜੁਗ ਮਾਸੁ ਕਮਾਣਾ ।
ਜਜਿ ਕਾਜਿ ਵੀਆਹ ਸੁਹਾਵੈ ਓਥੈ ਮਾਸੁ ਸਮਾਣਾ ।
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸ਼ਾਹ ਸੁਲਤਾਨਾਂ ।
ਜੇ ਓਏ ਦਿਸਹਿ ਨਰਕਿ ਜਾਂਦੇ ਤਾਂ ਉਨਕਾ ਦਾਨ ਨ ਲੈਣਾ ।
ਦੇਂਦਾ ਨਰਕਿ ਸੁਰਗਿ ਲੈਂਦੇ ਦੇਖਹੁ ਏਹੁ ਧਿਙਾਣਾ ।
ਆਪਿ ਨ ਬੂਝੇ ਲੋਕ ਬੁਝਾਏ ਪਾਂਡੇ ਖਰਾ ਸਿਆਣਾ ।
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸ ਉਪੰਨਾ ।
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਨ ਗੰਨਾ ।
ਤੋਆ ਆਖੈ ਹਉ ਬਹੁ ਬਿਧ ਹਛਾ ਤੋਐ ਬਹੁਤੁ ਬਿਕਾਰਾ ।
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ । (੨)



Digitized by Panjab Digital Library | www.panjabdigilib.org

ਪਾਂਡਾ ਨਾਨੂ ਦਾਸ, ਹੋਰ ਪੰਡਤ ਤੇ ਸਰੋਤੇ ਨਿਰੁੱਤਰ ਹੋ ਗਏ। ਸੂਰਜ ਤੇ ਚੰਨ ਗ੍ਰਹਿਣ ਬਾਰੇ ਵੀ ਸਵਾਲ ਜਵਾਬ ਹੋਏ ਅਤੇ ਬਾਬਾ ਜੀ ਨੇ ਰਾਹੂ ਕੇਤੂ ਦੇ ਮਿਥਿਹਾਸਕ ਵਹਿਮ ਦਾ ਭੁਲੇਖਾ ਵੀ ਦੂਰ ਕੀਤਾ। ਫਿਰ ਮਰ ਚੁੱਕੇ ਵਡਾਰੂਆਂ ਦੀ ਉਪਜੀਵਕਾ ਦੀ ਖ਼ਾਤਰ ਪਾਂਡਿਆਂ ਨੂੰ ਦਾਨ ਦੇਣ ਦੇ ਮਸਲੇ ਤੇ ਗੱਲ ਬਾਤ ਹੋਈ। ਬਾਬਾ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਇਸ ਤਰ੍ਹਾਂ ਪਿੱਤਰਾਂ ਨੂੰ ਅਗਲੇ ਜਹਾਨ ਪੁਚਾਣ ਲਈ, ਬਰਾਹਮਣਾਂ ਨੂੰ ਦਾਨ ਦੇਣਾ ਤੇ ਪਿੰਡ ਭਰਾ ਤੇ ਦੀਵੇ ਜਗਾ ਕੇ ਪੂਜਾ ਕਰਨੀ ਬੇਅਰਥ ਹੈ। ਤੁਹਾਡਾ ਦਿੱਤਾ ਤੇ ਭੇਜਿਆ ਉਹਨਾਂ ਕੋਲ ਨਹੀਂ ਪਹੁੰਚਣਾ। ਫ਼ਰਜ਼ ਕਰੋ ਕਿ ਤੁਹਾਥੋਂ ਪਿੰਡ ਭਰਵਾਨ ਵਾਲਾ ਚੋਰੀ ਜਾਂ ਡਾਕੇ ਦੀ ਲੁੱਟ ਦੇ ਮਾਲ ਨਾਲ ਇਹ ਕੰਮ ਕਰਵਾਂਦਾ ਹੈ। ਜੋ ਅੱਗੇ ਧਰਮ ਰਾਜ ਚੋਰੀ ਦਾ ਮਾਲ ਪਹਿਚਾਨ ਕੇ ਤੁਹਾਡੇ ਪਿੱਤਰਾਂ ਦੇ ਨਾਂ ਚੋਰੀ ਮੜ੍ਹੇਗਾ ਤਾਂ ਤੁਹਾਨੂੰ ਵੀ ਇਸ ਕੁਕਰਮ ਦੇ ਵਿਚੋਲੇ ਹੋਣ ਦੇ ਕਾਰਨ ਜਮਦੰਡ ਲਗੇਗਾ। ਇਸ ਸਬੰਧੀ ਗੁਰੂ ਸਾਹਿਬ ਨੇ ਆਸਾ ਦੀ ਵਾਰ ਵਿਚ ਕਿਹਾ ਹੈ :—

ਜੇ ਮੋਹਾਕਾ ਘਰ ਮੁਹੇ ਘਰ ਮੁਹਿ ਪਿਤ੍ਰੀ ਦੇਇ।
ਅਗੈ ਵਸਤੁ ਸਿਞਾਣੀਐ ਪਿਤ੍ਰੀ ਚੋਰ ਕਰੇਇ।
ਵਢੀਅਹਿ ਹੱਥ ਦਲਾਲ ਕੇ ਮੁਸਫੀ ਏਹ ਕਰੇਇ।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।

ਗੁਰੂ ਸਾਹਿਬ ਦੀਆਂ ਅਕੱਟ ਦਲੀਲਾਂ ਤੇ ਸੁਬਲ ਪਰ ਸੁਖਾਵੇਂ ਬਚਨ ਸੁਣ ਕੇ ਸਾਰੇ ਲੋਕ ਹੈਰਾਨ ਹੋ ਗਏ ਤੇ ਪਾਂਡੇ ਪੁਛਣ ਲੱਗੇ, "ਤੁਸੀਂ ਕੌਣ, ਕਿਥੋਂ ਤੇ ਕਿਸ ਜ਼ਾਤ ਦੇ ਹੋ? ਤੁਹਾਡਾ ਵਰਣ ਕੀ ਹੈ?" ਗੁਰੂ ਸਾਹਿਬ ਨੇ ਕਿਹਾ ਕਿ ਮੈਂ ਜ਼ਾਤ ਨੂੰ ਬੇਅਰਥ ਸਮਝਦਾ ਹਾਂ। ਮੈਂ ਕਿਸੇ ਖ਼ਾਸ ਥਾਂ-ਟਿਕਾਣੇ ਦੀ ਵਡਿੱਤਣ ਨੂੰ ਵੀ ਨਹੀਂ ਮੰਨਦਾ, ਕਿਉਂਕਿ ਹਰ ਥਾਂ ਇਕੋ ਵਾਹਿਗੁਰੂ ਹੀ ਹੈ ਅਤੇ ਆਪਣੇ ਆਪ ਨੂੰ ਆਪ ਹੀ ਚੰਗਾ ਕਹਿਣਾ ਵੀ ਫਜ਼ੂਲ ਹੈ। ਚੰਗਾ ਤੇ ਉਹ ਹੈ ਜੋ ਰੱਬ ਦੇ ਘਰ ਪਰਵਾਨ ਹੈ। ਵਾਰ ਸ੍ਰੀ ਰਾਗ ਵਿਚ ਬਾਬਾ ਜੀ ਦਾ ਫ਼ਰਮਾਨ ਹੈ :—

ਫਕੜ ਜਾਤੀ ਫਕੜੁ ਨਾਉ।
ਸਭਨਾ ਜੀਆ ਇਕਾ ਛਾਉ।
ਆਪਹੁ ਜੇ ਕੋ ਭਲਾ ਕਹਾਏ।
ਨਾਨਕ ਤਾਂ ਪਰੁ ਜਾਪੈ ਜਾਂ ਪਤਿ ਲੇਖੈ ਪਾਏ।

ਹੁਣ ਕੀ ਪਾਂਡਾ ਨਾਨੂ ਦਾਸ ਤੇ ਕੀ ਹੋਰ ਪਾਂਡੇ, ਸਭ ਨਿਰੁੱਤਰ ਹੋ ਗਏ। ਪਾਂਡਾ ਨਾਨੂ ਦਾਸ ਤੇ ਕਈ ਹੋਰ ਸ਼ਰਧਾਲੂ ਗੁਰੂ ਸਾਹਿਬ ਦੇ ਸਿੱਖ ਬਣੇ ਅਤੇ ਰਾਣੀ ਤੇ ਉਸ ਦਾ ਪੁੱਤਰ ਰੱਬ ਦਾ ਭਾਣਾ ਮੰਨਣ ਦੀ ਸੁਖਦਾਇਕ ਸਿਖਿਆ ਲੈ ਕੇ ਨਿਹਾਲ ਹੋਏ। ਕੋਰੂਕਸ਼ੇਤਰ ਵਿਚ ਹੋਈ ਗੋਸ਼ਟੀ ਦੀ ਥਾਂ ਤੇ ਹੁਣ ਇਤਿਹਾਸਕ ਗੁਰਦੁਆਰਾ ਹੈ।

ਕੋਰੂਕਸ਼ੇਤਰ ਤੋਂ ਰਵਾਨਾ ਹੋ ਕੇ ਕਰਨਾਲ ਦੇ ਰਾਹ ਪਾਨੀਪਤ ਪੁੱਜੇ। ਪਾਨੀਪਤ ਇਕ ਮੁਸਲਮਾਨ ਫਕੀਰ ਸ਼ੇਖ ਸ਼ਰਈ ਰਹਿੰਦਾ ਸੀ। ਆਮ ਮੁਸਲਮਾਨਾਂ ਵਿਚ ਇਸ ਦੀ ਮਾਣਤਾ ਵੀ



Digitized by Panjab Digital Library | www.panjabdigilib.org

ਬੜੀ ਸੀ ਅਤੇ ਇਸ ਦੇ ਮਕਾਮ ਤੇ ਮੁਰੀਦ ਵੀ ਬਹੁਤ ਰਹਿੰਦੇ ਸਨ। ਬਾਬਾ ਜੀ ਨੇ ਸ਼ਹਿਰ ਤੋਂ ਬਾਹਰਵਾਰ ਇਕ ਖੂਹ ਦੇ ਕੋਲ ਇਕ ਰੁੱਖ ਦੀ ਛਾਵੇਂ ਜਾ ਡੇਰਾ ਲਾਇਆ। ਉਸ ਖੂਹ ਤੋਂ ਸ਼ੇਖ ਸ਼ਰਈ ਦਾ ਮੁਰੀਦ, ਤਾਹਿਰੀ ਪਾਣੀ ਦਾ ਘੜਾ ਲੈਣ ਆਇਆ। ਮੁਰੀਦ ਬਾਬਾ ਜੀ ਨੂੰ ਵੇਖ ਕੇ ਬੜਾ ਹੈਰਾਨ ਹੋਇਆ। ਲਿਬਾਸ ਵੇਖ ਕੇ ਬਾਬਾ ਜੀ ਦਾ ਪਤਾ ਨਹੀਂ ਸੀ ਲਗਦਾ ਕਿ ਉਹ ਹਿੰਦੂ ਨੇ ਜਾਂ ਮੁਸਲਮਾਨ ? ਉਸ ਨੇ ਉਹਨਾਂ ਦੀ ਨੋਕਦਾਰ ਈਰਾਨੀ ਸੂਫੀਆਂ ਦੀ ਚਿੱਟੀ ਟੋਪੀ ਤੋਂ ਅੰਦਾਜ਼ਾ ਲਾਇਆ ਕਿ ਇਹ ਕੋਈ ਈਰਾਨੀ ਮੁਸਲਮਾਨ ਫ਼ਕੀਰ ਹੈ। ਫ਼ਿਰ ਉਸ ਨੇ ਬਾਬਾ ਜੀ ਦੇ ਕੋਲ ਜਾ ਕੇ ਅਦਬ ਨਾਲ "ਇਸਲਾਮਅਲੇਕੁਮ" ਬੁਲਾਈ ਬਾਬਾ ਜੀ ਨੇ ਜਵਾਬ ਵਿਚ, "ਵਾਅਲੇਕਮ ਸਲਾਮ ਦੀ ਬਜਾਏ "ਸਲਾਮ ਅਲੇਖ" ਕਿਹਾ। ਉਹ ਮੁਸਲਮਾਨੀ ਦੁਆ ਸਲਾਮ ਦੀ ਇਸ ਦੋਅਰਥੀ ਉਤੇ ਬੜਾ ਹੈਰਾਨ ਹੋਇਆ। ਇਸਲਾਮੀ ਮਿਲਣ ਸਮੇਂ ਦੀ ਦੁਆ ਸਲਾਮ ਦਾ ਅਰਥ ਇਸ ਤਰ੍ਹਾਂ ਹੈ—ਪਹਿਲਾਂ ਬੁਲਾਣ ਵਾਲਾ ਆਖਦਾ ਹੈ, "ਮੈਂ ਤੇਰੀ ਖੈਰੀਅਤ ਚਾਹੁੰਦਾ ਹਾਂ।" ਜਵਾਬ ਦੇਣ ਵਾਲਾ ਆਖਦਾ ਹੈ, "ਮੈਂ ਵੀ ਤੇਰੇ ਲਈ ਉਹ ਹੀ ਚਾਹੁੰਦਾ ਹਾਂ।" ਪਰ ਗੁਰੂ ਸਾਹਿਬ ਦੇ ਜਵਾਬ, "ਸਲਾਮ ਅਲੇਖ" ਦਾ ਅਰਥ ਹੈ, "ਆਦਿਸ ਨੂੰ ਸਲਾਮ" (ਨ ਦਿਸਣ ਵਾਲੇ-ਭਾਵ ਰੱਬ ਨੂੰ)। ਤਾਹਿਰੀ ਨੇ ਇਹ ਸਾਰੀ ਗੱਲ ਆਪਣੇ ਮੁਰਸ਼ਦ ਸ਼ੇਖ ਸ਼ਰਈ ਨੂੰ ਜਾ ਦੱਸੀ। ਉਹ ਨਵੇਂ ਆਏ ਫਕੀਰ ਦੇ ਬਾਣੇ ਦਾ ਬਿਆਨ ਸੁਣ ਕੇ ਬੜਾ ਹੈਰਾਨ ਹੋਇਆ ਪਰ ਸੋਚਦਾ ਕਿ ਇਹ ਮਜ਼ਾਕ ਕਰਨ ਦੀ ਹਿੰਦੂ ਫ਼ਕੀਰ ਜੁਅਰਤ ਨਹੀਂ ਕਰ ਸਕਦਾ। ਉਹ ਸਮੇਤ ਮੁਰੀਦਾਂ ਦੇ ਉਸ ਖੂਹ ਤੇ ਆਇਆ। ਬਾਬਾ ਜੀ ਤੇ ਮਰਦਾਨਾ ਰੱਬੀ ਕੀਰਤਨ ਵਿਚ ਮਸਤ ਸਨ। ਗੁਰੂ ਸਾਹਿਬ ਦੇ ਨੈਣ ਆਤਮਕ ਮਸਤੀ ਨਾਲ ਮੀਟੇ ਹੋਏ ਸਨ। ਬਾਬਾ ਜੀ ਦੀ ਆਵਾਜ਼ ਵਿਚ ਇਕ ਅਜੀਬ ਸੋਜ਼ ਸੀ। ਸ਼ੇਖ ਸਣੇ ਮੁਰੀਦਾਂ ਦੇ ਵਜਦ ਵਿਚ ਆ ਗਿਆ ਤੇ ਟਿੱਕ ਕੇ ਕੀਰਤਨ ਸੁਣਨ ਬਹਿ ਗਿਆ। ਲੋਕਾਂ ਵਿਚ ਤਾਂ ਉਸ ਦੀ ਰੂਹਾਨੀ ਬਲੰਦੀ ਦਾ ਭੜ ਬਣਿਆ ਹੋਇਆ ਸੀ ਪਰ ਵਿਚੋਂ ਉਹ ਆਪਣੀ ਨਾਕਾਮਯਾਬੀ ਤੇ ਰੂਹਾਨੀ ਮੰਜ਼ਲ ਤੋਂ ਦੁਰਾਡਾ ਹੋਣ ਦੇ ਕਾਰਨ ਹਮੇਸ਼ਾ ਪਰੇਸ਼ਾਨ ਤੇ ਦੁਖੀ ਰਹਿੰਦਾ ਸੀ। ਪਤਾ ਨਹੀਂ ਉਸ ਨੂੰ ਅਜ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਤੇ ਕੀਰਤਨ ਸੁਣ ਕੇ ਕੀ ਹੁਲਾਰਾ ਆਇਆ ਸੀ। ਉਹ ਤੇ ਇਸਨੂੰ ਨਾ ਸਮਝ ਸਕਦਾ ਸੀ ਤੇ ਨਾ ਹੀ ਬਿਆਨ ਕਰ ਸਕਦਾ ਸੀ। ਬਾਬਾ ਜੀ ਨੇ ਅੱਖੀਂ ਖੋਲ੍ਹੀਆਂ ਤੇ ਸ਼ੇਖ ਵੱਲ ਨਜ਼ਰ ਭਰ ਕੇ ਵੇਖਿਆ। ਸ਼ੇਖ ਦਾ ਸਿਰ ਬੇਵੱਸ ਹੋ ਕੇ ਬਾਬਾ ਜੀ ਦੇ ਸਾਹਮਣੇ ਝੁਗ ਗਿਆ। ਸ਼ੇਖ਼ ਸ਼ਰਈ ਨੇ ਗੁਰੂ ਸਾਹਿਬ ਤੋਂ ਕਈ ਮਾਅਰਫ਼ਤੀ ਇਸਰਾਰ ਪੁੱਛੇ। ਬਾਬਾ ਜੀ ਨੇ ਉਸ ਨੂੰ ਐਸਾ ਸੰਤੁਸ਼ਟ ਕੀਤਾ ਕਿ ਏਨੇ ਮੁਰੀਦਾਂ ਦਾ ਮੁਰਸ਼ਦ, ਸਣੇ ਮੁਰੀਦਾਂ ਦੇ ਗੁਰੂ ਨਾਨਕ ਸਾਹਿਬ ਦਾ ਮੁਰੀਦ ਬਣਾ ਗਿਆ।

ਪਾਨੀਪਤੋਂ ਦਿੱਲੀ ਪੁੱਜੇ। ਸਿਕੰਦਰ ਲੋਧੀ ਦਿੱਲੀ ਦੇ ਤਖ਼ਤ ਦਾ ਮਾਲਕ ਸੀ। ਜਿਵੇਂ ਪਹਿਲੇ ਕਾਂਡ ਵਿਚ ਦੱਸਿਆ ਜਾ ਚੁੱਕਾ ਹੈ। ਇਹ ਬਾਦਸ਼ਾਹ ਬੜਾ ਜ਼ਾਲਮ ਸੀ ਅਤੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਨ ਲਈ ਇਹ ਅੱਤ ਅਮਨੁੱਖੀ ਅਤਿਆਚਾਰ ਕਰ ਰਿਹਾ ਸੀ। ਗੁਰੂ ਸਾਹਿਬ ਦਾ ਪਰਚਾਰ ਤਾਂ ਦੋਹਾਂ ਦੇ ਵਿਰੁੱਧ ਸੀ।......ਮੁਸਲਮਾਨਾਂ ਤੇ ਤਅਸਬ, ਰਾਜਸੀ ਤੇ ਧਾਰਮਕ ਧੱਕੇ ਤੇ ਤਲਵਾਰ ਨਾਲ ਇਸਲਾਮ ਫੈਲਾਣ ਦੇ ਅਤੇ ਹਿੰਦੂਆਂ ਦੀ ਬੁਜ਼ਦਿਲੀ,



Digitized by Panjab Digital Library | www.panjabdigilib.org

ਜ਼ਾਤ ਪਾਤ, ਛੂਤ-ਛਾਤ ਤੇ ਇਕ ਰੱਬ ਨੂੰ ਛੱਡ ਕੇ ਤੇ ਦੇਵੀ ਦੇਵਤਿਆਂ ਤੇ ਬੁੱਤ-ਪੂਜਾ ਦੇ। ਸਯਦ ਮੁਹੰਮਦ ਲਤੀਫ਼ ਆਪਣੀ ਕਿਤਾਬ, "ਹਿਸਟਰੀ ਆਫ਼ ਦਾ ਪੰਜਾਬ" ਦੇ ਸਫ਼ਾ ੨੪੫ ਤੇ ਗੁਰੂ ਨਾਨਕ ਸਾਹਿਬ ਦੀ ਦਿਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਵਲੋਂ ਹੋਈ ਗ੍ਰਿਫ਼ਤਾਰੀ ਬਾਰੇ ਲਿਖਦਾ ਹੈ, "ਇਸ ਦਾ ਕਾਰਨ ਹਕੂਮਤ ਦੇ ਕੁਝ ਕਾਰਦਾਰ ਬਣੇ ਜਿਨ੍ਹਾਂ ਬਾਦਸ਼ਾਹ ਨੂੰ ਦੱਸਿਆ ਕਿ ਇਕ ਫ਼ਕੀਰ ਜਿਸ ਦੇ ਅਸੂਲ ਕੁਰਾਨ ਤੇ ਵੇਦਾਂ ਤੋਂ ਵਖਰੇ ਹਨ, ਖੁਲ੍ਹ-ਮਖੁੱਲ੍ਹਾ ਪਰਚਾਰ ਕਰਦਾ ਹੈ ਜੋ ਅਖ਼ੀਰ ਵਿਚ ਹਕੂਮਤ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ।"

ਬਾਦਸ਼ਾਹ ਦੇ ਹੁਕਮ ਨਾਲ ਗੁਰੂ ਨਾਨਕ ਤੇ ਮਰਦਾਨੇ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਤੇ ਦੂਜੇ ਕੈਦੀਆਂ ਵਾਂਗੂੰ ਚੱਕੀ ਪੀਹਣ ਦੀ ਕਰੜੀ ਕਾਰ ਦੇ ਦਿੱਤੀ ਗਈ। ਬਾਬਾ ਜੀ ਚੱਕੀ ਦੀ ਕਠਨ ਕਾਰ ਖਤਮ ਕਰਕੇ ਰੱਬੀ-ਰੰਗ ਵਿੱਚ ਆ ਕੇ ਕੀਰਤਨ ਕਰਦੇ ਤੇ ਉਸ ਦਾ ਏਨਾ ਪਰਭਾਵ ਪੈਂਦਾ ਕਿ ਕੀ ਕੈਦੀ ਤੇ ਕੀ ਜੇਲ੍ਹ ਦੇ ਮੁਲਾਜ਼ਮ, ਸਭ ਸੁਣ ਕੇ ਇਕਦਮ ਇਕਾਗਰ ਹੋ ਜਾਂਦੇ। ਸਰੋਤਿਆਂ ਨੂੰ ਅਜੀਬ ਆਤਮਕ ਅਨੰਦ ਔਂਦਾ। ਇਹ ਗੱਲ ਬਾਦਸ਼ਾਹ ਤੱਕ ਵੀ ਪੁੱਜ ਗਈ ਤੇ ਉਸ ਨੇ ਆਪ ਵੀ ਆ ਕੇ ਬਾਬੇ ਦਾ ਇਲਾਹੀ ਅਲਾਪ ਸੁਣਿਆ।

ਖ਼ੁਦਾ ਦੀ ਬੰਦਗੀ ਕਰਨ ਵਾਲੇ ਨਿਰਦੋਸ਼ ਦਿਲਾਂ ਵਿੱਚ ਪਛਤਾਵਾ ਲੱਗਾ ਕਿ ਮੈਂ ਦਰਵੇਸ਼ ਨੂੰ ਦੁੱਖ ਦੇ ਕੇ ਗੁਨਾਹੇ ਕਬੀਰ ਕੀਤਾ ਹੈ। ਮੁਸਲਮਾਨ ਲੋਕ ਦਰਵੇਸ਼ਾਂ ਦੀ ਬੜੀ ਇੱਜ਼ਤ ਕਰਦੇ ਸਨ ਕਿ ਪਤਾ ਨਹੀਂ ਗੋਦੜੀ ਵਿੱਚ ਕਿਹੜੀ ਰੂਹਾਨੀ ਤਾਕਤ ਲੁੱਕੀ ਹੋਈ ਹੈ ਜਿਵੇਂ ਕਿ ਸ਼ੇਖ ਸਾਅਦੀ ਨੇ ਕਿਹਾ ਹੈ:—

ਚਿਹ ਦਾਨੰਦ ਮਰਦਮਾਂ ਕਿ ਦਰ ਜਾਮਾ ਕੀਸਤ।
ਨਵੀਸੰਦਾ ਦਾਨੱਦ ਕਿ ਦਰ ਨਾਮਾ ਚੀਸਤ।

ਨਾਲੇ ਆਰਫ਼ਾਂ ਤੇ ਸੂਫ਼ੀਆਂ ਨੂੰ ਵਖਾਲੇ ਨਾਲ ਕੀ? ਸਾਅਦੀ ਦਾ ਹੀ ਬਿਆਨ ਹੈ ਕਿ ਆਰਫ਼ਾਂ ਦੀ ਸੂਰਤੇ ਹਾਲਾਤ ਗੋਦੜੀ ਦਸਦੀ ਹੈ:—

ਸੂਰਤੇ ਹਾਲੇ ਆਰਫ਼ਾਂ ਦਲਕ ਅਸਤ।
ਈਂ ਕਦਰ ਬੱਸ ਚੂੰ ਵੀ ਦਰ ਖ਼ਲਕ ਅਸਤ।

ਗੁਰੂ ਨਾਨਕ ਸਾਹਿਬ ਦਾ ਆਸਾ ਦੀ ਵਾਰ ਵਿੱਚ ਕਥਨ ਹੈ:—

ਜਿਨ ਪਟੁ ਅੰਦਰਿ ਬਾਹਿਰ ਗੁਦੜੁ ਤੇ ਭਲੇ ਸੰਸਾਰਿ।
ਤਿਨ ਨੇਹੁ ਲੱਗਾ ਰੱਬ ਸੇਤੀ ਦੇਖਨੇ ਵੀਚਾਰ।

ਬਾਦਸ਼ਾਹ ਸਿਕੰਦਰ ਲੋਧੀ ਡਰ ਗਿਆ ਤੇ ਫੌਰਨ ਜੇਲ੍ਹ ਦਾ ਦਰਵਾਜ਼ਾ ਖੁਲ੍ਹਵਾ ਕੇ ਗੁਰੂ ਸਾਹਿਬ, ਭਾਈ ਮਰਦਾਨੇ ਤੇ ਹੋਰ ਕੈਦੀਆਂ ਨੂੰ ਰਿਹਾ ਕਰ ਦਿੱਤਾ। ਬਾਬਾ ਜੀ ਤੋਂ ਖਿਮਾਂ ਮੰਗੀ ਤੇ ਨਸੀਹਤ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਸ ਨੂੰ ਉਸ ਦੇ ਮਜ਼ਬੀ ਤਅੱਸਬ ਦੇ ਜਬਰ ਤੇ ਜ਼ੁਲਮ ਬਾਰੇ ਖਰੀਆਂ ਖਰੀਆਂ ਸੁਣਾਈਆਂ ਕਿ ਇਸ ਤਰ੍ਹਾਂ ਮੁੱਲਾਂ ਮੌਲਾਣਿਆਂ ਦੀ ਚੁੱਕ ਤੇ ਚੜ੍ਹ ਕੇ ਖ਼ਾਲਕ ਦੀ ਬੇਗੁਨਾਹ ਖ਼ਲਕਤ ਨੂੰ ਨਾ ਸਤਾ। ਇਹ ਸਵਾਬ ਨਹੀਂ, ਗੁਨਾਹਗਾਰੀ ਹੈ ਜੋ ਤੈਨੂੰ ਦੋਜ਼ਖ਼ ਦੀ ਅੱਗ ਵਿੱਚ ਸੁਟੇਗੀ। ਮਜ਼ਬ ਦਾ ਅਰਥ ਸਾਰੀ ਮਖ਼ਲੂਕਾਤ ਦੀ, ਬਿਨਾਂ ਕਿਸੇ



Digitized by Panjab Digital Library | www.panjabdigilib.org

ਵਿੱਤਕਰੇ ਦੇ ਖ਼ਿਦਮਤ ਕਰਨਾ ਹੈ, ਨਾ ਕਿ ਮਜ਼੍ਹਬ ਨੂੰ ਹੀ ਆੜ ਬਣਾ ਕੇ ਬੇਗੁਨਾਹ ਇਨਸਾਨਾਂ ਨੂੰ ਕਤਲ ਕਰਨਾ। ਬਾਬਾ ਜੀ ਨੇ ਇਹ ਮੱਤ ਇਸ ਤਰ੍ਹਾਂ ਦਲੇਰੀ ਤੇ ਆਤਮਕ ਬਲ ਨਾਲ ਦਿੱਤੀ ਕਿ ਬਾਦਸ਼ਾਹ ਪਛਤਾਵੇ ਤੇ ਡਰ ਨਾਲ ਪਾਣੀ ਪਾਣੀ ਹੋ ਗਿਆ। ਉਸ ਨੇ ਆਪਣੇ ਕੀਤੇ ਦੀ ਖਿਮਾ ਮੰਗੀ ਤੇ ਅਗੋਂ ਲਈ ਨੇਕ ਬਣਨ ਦਾ ਵਾਅਦਾ ਕੀਤਾ।

ਦਿੱਲੀ ਦੇ ਬਾਅਦ ਗੁਰੂ ਸਾਹਿਬ ਮਥੁਰਾ ਬਿੰਦ੍ਰਾਬਨ ਪੁੱਜੇ। ਮਥਰਾ ਕ੍ਰਿਸ਼ਨ ਮਹਾਰਾਜ ਦੀ ਜਨਮਭੂਮੀ ਹੈ। ਮਥਰਾ, ਬਿੰਦਰਾਬਨ ਤੇ ਗੋਕਲ ਦੇ ਆਲੇ ਦੁਆਲੇ ਦੇ ਇਲਾਕੇ ਵਿੱਚ ਕ੍ਰਿਸ਼ਨ ਲੀਲ੍ਹਾ ਖੇਡਣ ਦੇ ਦਿਨ ਸਨ। ਜਵਾਨ ਕੁੜੀਆਂ ਤੇ ਮੁੰਡੇ ਰਾਧਾ ਗੋਪਾਲ ਤੇ ਗੋਪੀਆਂ ਦਾ ਰੂਪ ਧਾਰ ਕੇ ਕ੍ਰਿਸ਼ਨ ਲੀਲ੍ਹਾ ਰਚਾਂਦੇ ਪਰ ਜਿਵੇਂ ਅੱਜ ਕਲ੍ਹ ਵੀ ਵੇਖਣ ਵਿੱਚ ਆਉਂਦਾ ਹੈ, ਕੁੜੀਆਂ ਤੇ ਮੁੰਡੇ ਕ੍ਰਿਸ਼ਨ ਲੀਲ੍ਹਾ ਜਾਂ ਰਾਮ ਲੀਲ੍ਹਾ ਦੇ ਨਾਂ ਵਿੱਚ ਕਈ ਆਚਰਣਹੀਣ ਹਰਕਤਾਂ ਤੇ ਕੁਕਰਮ ਕਰਦੇ ਨੇ। ਬਾਬਾ ਜੀ ਨੇ ਵੇਖਿਆ ਕਿ ਸਾਰੇ ਖਿਡਾਰੀ ਤੇ ਖਿਡਾਰਣਾਂ ਪਵਿੱਤਰ ਵਿਅਕਤੀਆਂ ਦਾ ਭੇਸ ਧਾਰ ਕੇ ਨਾਟਕ ਖੇਡਦੇ ਨੇ ਪਰ ਮਨ ਕਾਮਵਾਸ਼ਨਾ ਦੇ ਭਰਪੂਰ ਭਾਂਡੇ। ਆਪਣੇ ਦੇਵਤੇ ਤੇ ਰੱਬ ਨੂੰ ਰੀਝਾਣ ਦੀ ਥਾਂ ਲੀਲ੍ਹਾ ਨੂੰ ਉਹਨਾਂ ਕਾਮੀ-ਕੁਕਰਮਾਂ ਦਾ ਸਾਧਨ, ਪਰਦਾ ਜਾਂ ਉਹਲਾ ਬਣਾਇਆ ਹੋਇਆ ਹੈ। ਗੁਰੂ ਜੀ ਇਹ ਸਭ ਕੁਝ ਵੇਖ ਕੇ ਬੜੇ ਦੁਖੀ ਹੋਏ ਤੇ ਉਹਨਾਂ ਮਰਦਾਨੇ ਨੂੰ ਕਿਹਾ, "ਭਾਈ ਜੀ ਸਿਤਾਰ ਵਜਾਉ। ਬਾਣੀ ਆਈ ਹੈ।" ਭਾਈ ਮਰਦਾਨੇ ਰਬਾਬ ਵਜਾਈ ਤੇ ਬਾਬਾ ਜੀ ਨੇ ਰਾਗ ਰਾਮਕਲੀ ਵਿਚ ਉਚਾਰਿਆ :—

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ।
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ। (੧)
ਜੀਵਨ ਤਲਬ ਨਿਵਾਰਿ।

ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰ। (੧) ਰਹਾਉ।

ਮਰਦਾਨੇ ਨੇ ਪੁਛਿਆ, "ਬਾਬਾ ਜੀ, ਹੋਰ ਥਾਂ ਤੇ ਹੋਰ, ਲੋਕ ਤੀਰਥਾਂ ਤੇ ਵੀ ਪਾਪ ਕਿਉਂ ਕਰਦੇ ਹਨ ?" ਕੋਲੋਂ ਇੱਕ ਪੰਡਤ ਬੋਲਿਆ, "ਜੀ ਕਲਜੁਗ ਦਾ ਪਰਭਾਵ ਹੈ ਇਸ ਲਈ ਪਾਪ ਦਾ ਪਸਾਰਾ ਹੈ।" ਬਾਬਾ ਜੀ ਨੇ ਪੰਡਤ ਤੇ ਹੋਰ ਲੋਕਾਂ ਨੂੰ ਕਿਹਾ, "ਨਹੀਂ ਪੁਰਖੋ, ਇਹ ਵਹਿਮ ਹੈ। ਕਲਜੁਗ ਨ ਕੋਈ ਖ਼ਾਸ ਸਮਾਂ ਹੈ ਤੇ ਨਾ ਕੋਈ ਖ਼ਾਸ ਥਾਂ ਤੇ ਹੈ। ਭਲਾ ਕਦੀ ਕਿਸੇ ਵੇਖਿਆ ਜਾਂ ਸੁਣਿਆ ਹੈ ਕਿ ਫ਼ਲਾਣੀ ਥਾਂ ਕਲਜੁਗ ਬੈਠਾ ਹੋਇਆ ਹੈ। ਕਲਜੁਗ ਤਾਂ ਸਾਡੇ ਕੰਮਾਂ ਤੇ ਵੀਚਰਾਂ ਦਾ ਨਾਂ ਹੈ। ਜਿੱਥੇ ਭਲਾ ਹੁੰਦਾ ਹੈ ਓਥੇ ਸਤਜੁਗ ਹੈ ਅਤੇ ਜਿਥੇ ਬੁਰਾਈ ਹੁੰਦੀ ਹੈ ਓਥੇ ਕਲਜੁਗ ਹੈ। ਕਲਜੁਗ ਕੀ ਹੈ ? ਸੱਚ, ਨੇਕੀ ਤੇ ਰੱਬ ਦੀ ਭਗਤੀ ਨੂੰ ਬੁਰਾ ਸਮਝਣਾ ਤੇ ਨਿੰਦਨਾ ਪਰ ਮੰਦੀਆਂ ਰੁਚੀਆਂ ਦੀ ਸਰਾਹੁਣਾ ਕਰਨੀ। ਸਰਦਾਰਾਂ ਨੂੰ ਵਖਤ ਪੈਣੇ ਅਤੇ ਸੇਵਕਾਂ ਦਾ ਸੇਵਾ ਤੇ ਵਫ਼ਾਦਾਰੀ ਦੀ ਥਾਂ ਮਾਲਕਾਂ ਨੂੰ ਜ਼ੰਜੀਰਾਂ ਵਿਚ ਜਕੜਵਾਨਾ ਤੇ ਮਰਵਾਨਾ। ਕਲਜੁਗ ਤਾਂ ਆਪੇ ਹੀ ਤੁਸਾਂ ਲਿਆਂਦਾ ਹੈ ਕਿਉਂਕਿ ਤੁਸੀਂ ਦੇਸ਼ ਦੀ ਆਜ਼ਾਦੀ ਦੀ ਅਣਖ-ਆਨ ਤਿਆਗ ਬੈਠੇ ਹੋ ਅਤੇ ਕ੍ਰਿਸ਼ਨ ਦੀ ਥਾਂ ਕਾਜ਼ੀ ਨੇ ਮੱਲ ਲਈ ਹੈ ਜੋ ਕ੍ਰਿਸ਼ਨ ਵਾਂਗੂੰ ਨੀਲੇ ਕਪੜੇ ਪਾਂਦਾ ਤੇ ਨਿਆਂ ਦੀ ਕੁਰਸੀ ਤੇ ਬਹਿੰਦਾ ਤੇ ਤੁਸੀਂ ਉਸ ਨੂੰ ਮੰਨਦੇ ਹੋ। ਬੁਰੇ ਤਾਂ ਮਨੁੱਖ



Digitized by Panjab Digital Library | www.panjabdigilib.org

ਆਪ ਨੇ ਪਰ ਨਾਂ ਕਲਜੁਗ ਦਾ ਬਦਨਾਮ ਕਰਦੇ ਨੇ। ਵਖਾਲੇ ਦੇ ਕਰਮਕਾਂਡ ਕਰਦੇ ਨੇ । ਪੱਕੇ ਵਿਸ਼ਵਾਸ਼ ਬਿਨਾ ਪੂਜਾ, ਸਚਾਈ ਬਿਨਾਂ ਇੰਦਰੀਆਂ ਵੱਸ ਕਰਨ ਦੇ ਸਾਧਨਾਂ ਤੇ ਜਤ ਭਾਵ ਆਚਰਣਕ ਉੱਚਤਾ ਬਿਨਾਂ ਜੰਞੂ ਪਾਣ ਦਾ ਕੀ ਲਾਭ ? ਕਲਜੁਗ ਤਾਂ ਇਨਸਾਨਾਂ ਨੇ ਆਪ ਬਣਾਇਆ ਹੈ ਜੋ ਪੁਰਾਨ ਤੇ ਕਰਾਨ ਦੋਹਾਂ ਦੀ ਮੱਤ ਤੇ ਅਮਲ ਨਹੀਂ ਕਰਦੇ ਤੇ ਕਰਤੇ ਭਾਵ ਕਰਤਾਰ ਨੂੰ ਰਹਿਮਾਨ ਦੇ ਨਾ ਨਾਲ ਯਾਦ ਕਰਨ ਦੀ ਪਾਬੰਦੀ ਲਾਂਦੇ ਨੇ ਪਰ ਵੱਖ ਵੱਖ ਨਾਵਾਂ ਨਾਲ ਕੀ ਬਣਦਾ ਹੈ—ਰੱਬ ਨੂੰ ਇੱਕੋ ਹੀ ਜਾਣੋ। ਰੱਬ ਦੇ ਨਾਂ ਭਾਵ ਉਸ ਦੀ ਭਗਤੀ ਤੋਂ ਉਚਾ ਹੋਰ ਕੋਈ ਕਰਮ ਨਹੀਂ ਤੇ ਉਹ ਵੀ ਤੀਰਥਾਂ ਤੇ ਭਵਿਆਂ ਨਹੀਂ ਮਿਲਦਾ । ਮਨੁੱਖ ਅੰਦਰ ਹੀ ਹੈ ਤੇ ਜੇ ਅਸਲ ਵਸਤੂ ਦੇ ਘਰ ਹੁੰਦਿਆਂ ਵੀ ਬਾਹਰ ਮੰਗਣ ਜਾਈਏ ਤਾਂ ਕਿੰਨੇ ਓਲਾਹਮੇ ਦੀ ਗੱਲ ਹੈ ?''

ਗੁਰੂ ਸਾਹਿਬ ਨੇ ਉਤਲਾ ਸ਼ਬਦ ਜਾਰੀ ਰਖਦਿਆਂ ਸੁਰੀਲੀ ਆਵਾਜ਼ ਵਿੱਚ ਗਾਇਣ ਕੀਤਾ :—

ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥੨॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ।
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ।
ਜੇ ਕੋ ਨਾਉ ਲਏ ਬਦਨਾਵੀ ਕਲ ਕੇ ਲਖਣ ਏਈ ॥ ੩ ॥
ਜਿਸੁ ਸਿਕਾਦਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ।
ਜਾ ਸਕਿਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥ ੪ ॥
ਆਖੁ ਗੁਣਾ ਕਲਿ ਆਈਐ ।
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇਗੁਣ ਦੇਹਿ ਤੇ ਪਾਈਐ । (੧) ਰਹਾਉ ।
ਕਲਿ ਕਲਵਾਲੀ ਸਰਾ ਨਿਬੇੜੀ ਕਾਜ਼ੀ ਕ੍ਰਿਸ਼ਨਾ ਹੋਆ ।
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ । (੫)
ਪਤਿ ਵਿਣੁ ਪੂਜਾ ਸਤਿ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ।
ਨਾਵਹੁ ਧੋਵਹੁ ਤਿਲਕ ਚੜਾਵਹੁ ਸੁਚ ਵਿਣੁ ਸੋਚ ਨ ਹੋਈ (੬)
ਕਲਿ ਪਰਵਾਣੁ ਕਤੇਬ ਕੁਰਾਣੁ, ਪੋਥੀ ਪੰਡਤ ਰਹੇ ਪੁਰਾਣ । (੭)
ਨਾਨਕ ਨਾਉ ਭਇਆ ਰਹਮਾਣ, ਕਰਿ ਕਰਤਾ ਤੂੰ ਏਕੋ ਜਾਣੁ
ਨਾਨਕ ਨਾਮ ਮਿਲੈ ਵਡਿਆਈ, ਏਦੂ ਉਪਰਿ ਕਰਮੁ ਨਹੀ ।
ਜੇ ਘਰਿ ਹੋਦੈ ਮੰਗਣਿ ਜਾਈਐ ਫਿਰ ਓਲਾਮਾ ਮਿਲੇ ਤਹੀ ॥ ੮ ॥

ਇਸ ਦੇ ਬਾਅਦ ਪੰਡਤ ਨੇ ਬਾਬਾ ਜੀ ਨੂੰ ਕ੍ਰਿਸ਼ਨ ਤੇ ਰਾਮ ਦੀਆਂ ਵਡਿਆਈਆਂ ਦੱਸੀਆਂ ਜਿਨ੍ਹਾਂ ਦੇ ਕਾਰਨ ਉਹਨਾਂ ਨੂੰ ਰੱਬ ਮੰਨ ਕੇ ਪੂਜਿਆ ਜਾਂਦਾ ਹੈ ਤੇ ਜਿਸ ਦੇ ਕਾਰਨ ਉਹਨਾਂ ਦੀ ਯਾਦ ਵਿਚ ਲੀਲ੍ਹਾ ਰਚਾਈ ਤੇ ਖੇਡੀ ਜਾਂਦੀ ਹੈ। ਬਾਬਾ ਜੀ ਨੇ ਫਿਰ ਰਾਗ ਆਸਾ ਵਿੱਚ ਸ਼ਬਦ ਪੜ੍ਹਿਆ ਕਿ ਇਸ ਤਰ੍ਹਾਂ ਗੁਰੂਆਂ ਦੇ ਚੇਲਿਆਂ ਦੇ ਨੱਚਿਆਂ ਤੇ ਸਿਰ ਵਿਚ ਸੁਆਹ ਪਾਇਆਂ, ਲੋਕਾਂ ਨੂੰ ਹਸਾਇਆਂ ਤੇ ਆਪਣੇ ਆਪ ਨੂੰ ਤੇ ਵੈਰਾਗ ਦਾ ਵਖਾਲਾ ਕਰਕੇ, ਧਰਤੀ ਤੇ ਪਟਕਾ ਮਾਰਨਾ ਤਾ ਰੋਟੀ ਕਮਾਣ ਦਾ ਢੰਗ ਹੈ, ਰੱਬ ਨਹੀਂ ਮਿਲਦਾ। ਜੇ ਮਨ ਵਿੱਚ ਸੱਚ ਤੇ ਪਵਿਤਰਤਾ ਹੋਵੇ ਤਾਂ ਰੱਬ ਮਿਲਦਾ ਹੈ। ਲਾਟੂਆਂ, ਮਧਾਣੀਆਂ ਤੇ ਚੱਕਾਂ ਵਾਂਗੂੰ ਘੁੰਮਣ ਤੇ ਫੇਰੀਆਂ ਲੈਣ



Digitized by Panjab Digital Library | www.panjabdigilib.org

ਨਾਲ ਨਹੀਂ ਮਿਲਦਾ। ਇਹ ਨੱਚਣਾ ਕੁੱਦਣਾ ਤਾਂ ਮਨ ਦਾ ਚਾਅ ਹੈ, ਰੱਬ ਮਿਲਣ ਦਾ ਵਸੀਲਾ ਨਹੀਂ। ਸਤਿਗਰ ਨੇ ਰਬਾਬ ਦੀ ਮਸਤਾਉਣ ਵਾਲੀ ਸੁਰ ਨਾਲ ਗਾਂਵਿਆ :—

ਵਾਇਨਿ ਚੇਲੇ ਨਚਨਿ ਗੁਰ।
ਪੈਰ ਹਲਾਇਨਿ ਫੇਰਨਿ ਸਿਰ।
ਉਡਿ ਉਡਿ ਰਾਵਾ ਝਾਟੈ ਪਾਇ।
ਵੇਖੈ ਲੋਕੁ ਹਸੈ ਘਰਿ ਜਾਇ।
ਰੋਟੀਆਂ ਕਾਰਣਿ ਪੂਰਹਿ ਤਾਲ।
ਆਪੁ ਪਛਾੜਹਿ ਧਰਤੀ ਨਾਲਿ।
ਗਾਵਨਿ ਗੋਪੀਆਂ ਗਵਨਿ ਕਾਨੁ।
ਗਾਵਨਿ ਸੀਤਾ ਰਾਜੇ ਰਾਮ।
ਨਿਰਭਉ ਨਰਿੰਕਾਰੁ ਸਚੁ ਨਾਮੁ।
ਜਾ ਕਾ ਕੀਆ ਸਗਲ ਜਹਾਨੁ।
ਸੇਵਕ ਸੇਵਹਿ ਕਰਮਿ ਚੜ੍ਹਾਉ।
ਭਿੰਨੀ ਰੈਣਿ ਜਿਨ੍ਹਾ ਮਨਿ ਚਾਉ।
ਸਿੱਖੀ ਸਿਖਿਆ ਗੁਰ ਵੀਚਾਰਿ।
ਨਦਰੀ ਕਰਮਿ ਲਘਾਏ ਪਾਰਿ।
ਕੋਲੂ ਚਰਖਾ ਚਕੀ ਚਕੁ।
ਥਲ ਵਾਰੋਲੇ ਬਹੁਤੁ ਅਨੰਤੁ।
ਲਾਟੂ ਮਾਧਾਣੀਆ ਅਨਗਾਹ।
ਪੰਖੀ ਭਉਦਿਆਂ ਲੈਣਿ ਨ ਸਾਹ।
ਸੂਐ ਚਾੜ੍ਹਿ ਭਵਾਈਅਹਿ ਜੰਤ।
ਨਾਨਕ ਭਉਦਿਆਂ ਗਣਤ ਨ ਅੰਤ।
ਬੰਧਨ ਬੰਧੁ ਭਵਾਏ ਸੋਇ।
ਪਇਐ ਕਿਰਤਿ ਨਚੈ ਸਭੁ ਕੋਇ।
ਨਚਿ ਨਚਿ ਹਸਹਿ ਚਲਹਿ ਸੇ ਰੋਇ।
ਉਡਿ ਨ ਜਾਹੀ ਸਿਧ ਨ ਹੋਹਿ।
ਨਚਣੁ ਕੁਦਣੁ ਮਨ ਕਾ ਚਾਉ।
ਨਾਨਕ ਜਿਨੁ ਮਨਿ ਭਉ ਤਿਨ੍ਹਾ ਮਨਿ ਭਾਉ।

ਪੰਡਤ ਨੇ ਫਿਰ ਰਾਮ ਤੇ ਕ੍ਰਿਸ਼ਨ ਦੀ ਵਡਿੱਤਣ ਬਾਰੇ ਗੁਰੂ ਸਾਹਿਬ ਨੂੰ ਪਰੇਰਿਆ ਪਰ



Digitized by Panjab Digital Library | www.panjabdigilib.org

ਸਿੱਖ ਧਰਮ ਵਿੱਚ ਰਾਮ, ਕ੍ਰਿਸ਼ਨ ਜਾਂ ਹੋਰ ਹਿੰਦੂ ਦੇਵਤਿਆਂ ਨੂੰ ਕੇਵਲ ਸਾਧਾਰਨ ਨਾਸ਼ਵਾਨ ਮਨੁੱਖਾਂ ਵਾਂਗੂੰ ਹੀ ਸਮਝਿਆ ਜਾਂਦਾ ਹੈ, ਜਿਹੋ ਜਿਹੇ ਅਕਾਲ ਪੁਰਖ ਦੀ ਰਜ਼ਾ ਨਾਲ ਕਰੋੜਾਂ ਜੰਮਦੇ ਤੇ ਮਰਦੇ ਨੇ। ਦੂਜੇ ਸਾਰੇ ਧਰਮਾਂ ਤੋਂ ਸਿੱਖ ਗੁਰੂਆਂ ਦੀ ਖ਼ਾਸ ਤੇ ਨਿਰਾਲੀ ਮਹੱਤਤਾ ਨਿਮਰਤਾ ਹੈ। ਉਹਨਾਂ ਆਪਣੇ ਆਪ ਨੂੰ ਰੱਬ ਅਖਵਾਣ ਵਾਲੇ ਤੇ ਆਪਣੀ ਪੂਜਾ ਕਰਵਾਣ ਵਾਲੇ ਸਾਰੇ ਦੇਵੀ ਦੇਵਤਿਆਂ, ਅਵਤਾਰਾਂ ਤੇ ਪੀਰਾਂ-ਪੈਗ਼ੰਬਰਾਂ ਦੀ ਨਿਖੇਧੀ ਕੀਤੀ ਹੈ। ਭਾਈ ਗੁਰਦਾਸ ਨੇ ਗੁਰੂ ਨਾਨਕ ਜੀ ਦੇ ਜਨਮ ਤੋਂ ਪਹਿਲਾਂ ਦੇ ਦੇਵੀ ਦੇਵਤਿਆਂ ਤੇ ਪੈਗ਼ੰਬਰਾਂ ਦੀ ਇਸ ਸਵੈ-ਸਿਫਤੀ, ਸਵੈ-ਵਡੱਪਣ ਦੇ ਦਾਅਵੇ ਨੂੰ ਖੰਡਨ ਕੀਤਾ।

ਪਹਿਲੀ ਵਾਰ ਦੀ ਅਠਵੀਂ ਪੌੜੀ ਦੇ ਅਖ਼ੀਰ ਵਿਚ ਕਿਹਾ ਹੈ :—

"ਆਪੋ ਆਪਣੇ ਮਤ ਸਭ ਗਾਵੈ।"

ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿੱਚ ਕਈ ਰਿਸ਼ੀਆਂ ਮੁਨੀਆਂ, ਬਰਹਮਾਂ, ਮਹਾਦੇਵ, ਵਿਸ਼ਨੂੰ, ਸਿੱਧ, ਸਾਧ, ਬਹੁਰਦੱਤ, ਗੋਰਖ ਨਾਥ, ਰਾਮਾਨੰਦ ਤੇ ਹਜ਼ਰਤ ਮੁਹੰਮਦ ਸਭ ਦਾ ਜ਼ਿਕਰ ਕਰਦੇ ਹੋਏ ਲਿਖਦੇ ਨੇ :—

"ਪਰਮ ਤਤ ਕਿਨਹੂੰ ਨ ਪਛਾਨਾ।
ਆਪ ਆਪ ਭੀਤਰ ਉਰਝਾਨਾ।"

ਫਿਰ ਆਖਦੇ ਨੇ :—

"ਜੇ ਪ੍ਰਭ ਪਰਮ ਪੁਰਖ ਉਪਜਾਏ।
ਤਿਨ ਤਿਨ ਆਪਣੇ ਰਾਹ ਚਲਾਏ।"

ਹਜ਼ਰਤ ਮੁਹੰਮਦ ਸਾਹਿਬ ਨੂੰ ਮਹਾਦੀਨ ਦੇ ਨਾਂ ਨਾਲ ਯਾਦ ਕਰਕੇ ਇੰਦ੍ਰੀ ਦੀ ਸੁੰਨਤ ਦਾ ਜ਼ਿਕਰ ਵੀ ਕਰਦੇ ਤੇ ਲਿਖਦੇ ਨੇ :—

"ਮਹਾਦੀਨ ਪ੍ਰਭ ਤਬ ਉਪਰਾਜਾ।
ਅਰਬ ਦੇਸ ਕੋ ਕੀਨੋ ਰਾਜਾ। (੨੬)
ਤਿੰਨ ਭੀ ਏਕ ਪੰਥ ਉਪਰਾਜਾ।
ਲਿੰਗ ਬਿਨਾ ਕੀਨੇ ਸਭ ਰਾਜਾ।
ਸਭ ਤੇ ਆਪਨਾ ਨਾਮ ਜਪਾਯੋ।
ਸਤਿਨਾਮ ਕਾਹੂੰ ਨ ਦ੍ਰਿੜ੍ਹਾਯੋ।" (੨੭)

ਜੇਕਰ ਗੁਰੂ ਗੋਬਿੰਦ ਸਿੰਘ ਜੀ ਹੋਰ ਧਾਰਮਕ ਆਗੂਆਂ ਤੋਂ ਨਿਮਰਤਾ ਦੀ ਮੰਗ ਕਰਦੇ ਨੇ ਤਾਂ ਉਹਨਾਂ ਦੀ ਆਪਣੀ ਨਿਮ੍ਰਤਾ ਵੀ ਮਨੁੱਖਤਾ ਦੀ ਮਹੱਤਤਾ ਅਤੇ ਵਾਹਿਗੁਰੂ ਦੀ ਅਤੁਲ-ਨਾਤਮਕ ਜਾਂ ਲਾਸ਼ਰੀਕ ਹਸਤੀ ਬਾਰੇ ਸੰਸਾਰ ਦੇ ਧਾਰਮਕ ਇਤਿਹਾਸ ਵਿੱਚ ਨਵੇਕਲੀ ਥਾਂ ਰਖਦੀ ਹੈ। ਉੱਤੇ ਦੱਸੇ ਗਏ ਬਿਆਨ ਦੇ ਸ਼ੁਰੂ ਵਿੱਚ ਦਸਦੇ ਨੇ ਕਿ ਗੁਰੂਆਂ, ਪੀਰਾਂ ਪੈਗ਼ੰਬਰਾਂ ਤੇ ਦੇਵੀਆਂ ਦੇਵਤਿਆਂ ਦੀ ਹਉਮੇ ਦੇ ਬਾਰੇ ਬਚਨ ਉਹਨਾਂ ਨਾਲ ਅਕਾਲ ਪੁਰਖ ਨੇ ਆਪ ਕੀਤਾ।



Digitized by Panjab Digital Library | www.panjabdigilib.org

ਜਿਸ ਵਿੱਚ ਉਹ ਅਕਾਲ ਪੁਰਖ ਦੇ ਮੁਕਾਬਲੇ ਵਿੱਚ ਆਪਣੇ ਆਪ ਨੂੰ 'ਕੀਟ' ਆਖਦੇ ਹਨ। ਉਹਨਾਂ ਦੇ ਆਪਣੇ ਸ਼ਬਦ ਨੇ, "ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ।" ਫਿਰ ਆਪਣੇ ਇਸ ਸੰਸਾਰ ਵਿੱਚ ਆਉਣ ਬਾਰੇ ਜ਼ਿਕਰ ਕਰਦਿਆਂ ਲਿਖਦੇ ਨੇ :—

"ਜੋ ਹਮਕੋ ਪਰਮੇਸਰ ਉਚਰਿ ਹੈ।
ਤੇ ਸਭ ਨਰਕ ਕੁੰਡ ਮਹਿ ਪਰਿ ਹੈ।
ਮੋ ਕੌ ਦਾਸ ਤਵਨ ਕਾ ਜਾਨੋ।
ਯਾ ਮੈਂ ਭੇਦ ਨ ਰੰਚ ਪਛਾਨੋ।" (੩੨)

ਕਿਸੇ ਮਸੀਤ ਵਿੱਚ ਜਾਉ, ਅੱਲਾ ਦਾ ਨਾਂ ਜਪਦੇ ਨੇ, ਗਿਰਜੇ ਵਿੱਚ ਰੱਬ (ਗਾਡ, ਲਾਰਡ ਜਾਂ 'ਫ਼ਾਦਰ) ਦਾ ਨਾਂ ਲੈਂਦੇ ਨੇ ਤੇ ਸਿਖਾਂ ਦੇ ਗੁਰਦੁਆਰੇ ਵਿੱਚ 'ਸਤਿਨਾਮ' ਜਾਂ 'ਵਾਹਿਗੁਰੂ' ਦੀ ਧੁੰਨੀ ਹੈ। ਪਰ ਹਿੰਦੂ ਮੰਦਰਾਂ ਵਿੱਚ ਇੱਕ ਰੱਬ ਦਾ ਨਾਂ ਤੇ ਸ਼ਾਇਦ ਹੀ ਸੁਣਨ ਵਿੱਚ ਆਵੇ, ਹਾਂ, "ਸੀਤਾ-ਰਾਮਾ—ਰਾਧੇ-ਸ਼ਾਮ" ਜਾਂ "ਰਘੂ-ਪਤੀ ਰਾਘਵ ਸੀਤਾ ਰਾਮ, ਪਤਿਤ ਪਾਵਨ ਸੀਤਾ-ਰਾਮ" ਦੀ ਰੱਟ ਸੁਣਾਈ ਦੇਂਦੀ ਹੈ। ਇਸ ਤੋਂ ਸਿੱਧ ਹੈ ਕਿ ਪਰਮਾਤਮਾ ਦੀ ਥਾਂ ਇਨ੍ਹਾਂ ਵਿਅਕਤੀਆਂ ਦੀ ਪੂਜਾ ਕਰਦੇ ਨੇ। ਸਿਮਰਣ ਦੇ ਤੌਰ ਤੇ ਵੀ ਤੇ ਸਰੀਰਕ ਤੌਰ ਤੇ ਵੀ ਭਾਵ ਮੂਰਤੀਆਂ ਜਾਂ ਬੁੱਤਾਂ ਦੀ ਪੂਜਾ ਦੇ ਰੂਪ ਵਿਚ ਵੀ।

ਸਿਖ ਗੁਰੂ ਇਹਨਾਂ ਫ਼ਾਨੀ, ਕਾਲ ਦੇ ਮਾਲ ਤੇ ਜੂਨਾਂ ਵਿੱਚ ਪੈਣ ਜਾਂ ਔਰਤਾਂ ਦੇ ਗਰਭ 'ਚੋਂ ਜਨਮ ਲੈਣ ਵਾਲੇ ਤੇ ਸਾਧਾਰਨ ਲੜਾਈਆਂ ਵਿੱਚ ਖ਼ਾਸ ਧੜਿਆਂ ਦੇ ਹਮਾਇਤੀ ਬਣਨ ਵਾਲੇ ਰਾਮ ਤੇ ਕ੍ਰਿਸ਼ਨ ਨੂੰ 'ਅਕਾਲ' ਤੇ 'ਅਜੂਨੀ' ਰੱਬ ਦੇ ਬਰਾਬਰ ਜਾਂ ਰੱਬ ਕਿਵੇਂ ਸਮਝ ਸਕਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦਾ 'ਤੇਤੀ ਸਵਯੇ' ਵਿੱਚ ਇੱਕ ਸਵੈਯਾ ਰਾਮ ਤੇ ਕ੍ਰਿਸ਼ਨ ਦੀ ਤੁੱਛਤਾ ਨੂੰ ਪ੍ਰਗਟ ਕਰਦਾ ਹੈ :—

ਜੋ ਕਹੋ ਰਾਮ ਅਜੋਨ ਅਜੇ ਅਤਿ,
ਕਹਿ ਕੋ ਕੌਸ਼ਲ ਕੁੱਖ ਜਯੋਜੂ।
ਕਾਲ ਹੂੰ ਕਾਲ ਕਹੇ ਜਿਹ ਕੋ,
ਕਿਹ ਕਾਰਨ ਕਾਲ ਤੇ ਦੀਨ ਭਯੋਜੂ।
ਸੰਤ ਸਰੂਪ ਬਬਰੈ ਕਹਾਏ ਸੁ,
ਕਿਉਂ ਰਥ ਕੋ ਪਥ ਹਾਂਕ ਧਯੋਜੂ।
ਤਾ ਹੂੰ ਕੋ ਮਾਨ ਪ੍ਰਭੂ ਕਰਕੇ,
ਜਿਹ ਕੋ ਕੋਊ ਭੇਦ ਨ ਲੇ ਨ ਲਯੋਜੂ।

ਦਸਮੇਸ਼ ਜੀ ਅਕਾਲ-ਉਸਤਤ ਵਿੱਚ ਦਸਦੇ ਨੇ ਕਿ ਰੱਬ ਨੇ ਕ੍ਰਿਸ਼ਨ ਵਰਗੇ ਕਰੋੜਾਂ ਕੀੜੇ ਪੈਦਾ ਕਰਕੇ ਨਾਸ ਕਰ ਦਿੱਤੇ ਨੇ :—



Digitized by Panjab Digital Library | www.panjabdigilib.org

ਕਿਤੇ ਕ੍ਰਿਸ਼ਨ ਸੇ ਕੀਟ ਕੋਟੈਂ ਉਪਾਏ ।

ਉਸਾਰੇ ਗੜ੍ਹੇ ਫਰੇ ਮੇਟੇ ਬਣਾਏ ।

ਅਗਾਧ ਅਭੈ ਆਦਿ ਅਜਵੈ ਅਬਨਾਸੀ ।

ਪਰੇ ਅੰਪਰਾ ਪਰਮ ਪੂਰਨ ਪ੍ਰਕਾਸੀ ।

ਸਿੱਖ ਧਰਮ ਤੇ ਅਵਤਾਰਾਂ ਵਿੱਚ ਵਿਸ਼ਵਾਸ਼ ਨੂੰ ਵੀ ਖੰਡਨ ਕਰਦਾ ਹੈ, ਗੁਰੂ ਗੋਬਿੰਦ ਸਿੰਘ ਜੀ 'ਤੇਤੀ ਸਵੈਯੇ' ਵਿੱਚ ਲਿਖਦੇ ਨੇ ਕਿ ਹਰ ਜਾਈ-ਰੱਬ ਮੰਦਰ, ਮਸੀਤ ਜਾਂ ਕਿਸੇ ਖ਼ਾਸ ਧਾਰਮਿਕ ਅਸਥਾਨ ਜਾਂ ਮਕਾਨ ਆਦਿ ਵਿੱਚ ਵਿਹੜਿਆ ਹੋਇਆ ਨਹੀਂ ਅਤੇ ਰਾਮ ਤੇ ਕ੍ਰਿਸ਼ਨ ਆਦਿ ਨੂੰ ਅਵਤਾਰ ਮੰਨਣ ਜਾਂ ਪਥਰਾਂ ਦੀ ਪੂਜਾ ਕਰਨੀ ਫ਼ਜ਼ੂਲ ਵਹਿਮ ਹੈ । ਕੇਵਲ ਕਰਤਾ ਪੁਰਖ ਜਾਂ ਰੱਬ ਨੂੰ ਹੀ ਮੰਨਣਾ ਚਾਹੀਦਾ ਹੈ :—

ਕਾਹੂੰ ਲੈ ਠੋਕ ਬਧੇ ਉਰ ਠਾਕਰ,

ਕਾਹੂੰ ਮਹੇਸ਼ ਕੋ ਏਸ਼ੇ ਬਖਾਨਯੋ ।

ਕਾਹੂੰ ਕਹਬੋ ਹਰਿਮੰਦਰ ਮੇਂ ਹਰਿ ।

ਕਾਹੂੰ ਮਸੀਤ ਕੇ ਬੀਚ ਪ੍ਰਮਾਨਯੋ ।

ਕਾਹੂੰ ਨੇ ਰਾਮ ਕਹਯੋ ਕਰਿਸ਼ਨਾ ਕਹੂੰ ।

ਕਾਹੂੰ ਮਨੇ ਅਵਤਾਰਨ ਮਾਨਯੋ ।

ਫੋਕਟ ਧਰਮ ਵਿਸਾਰ ਸਭੈ,

ਕਰਤਾਰ ਹੀ ਕੋ ਕਰਤਾ ਜੀਯ ਜਾਨਯੋ ।

ਗੁਰੂ ਗੋਬਿੰਦ ਸਿੰਘ ਜੀ ਅਕਾਲ ਉਸਤਤ ਵਿੱਚ ਲਿਖਦੇ ਨੇ ਕਿ ਬ੍ਰਹਮਾ, ਬਿਸ਼ਨ, ਕ੍ਰਿਸ਼ਨ ਪੀਰ ਪੈਗ਼ੰਬਰ ਬੇਅੰਤ ਨੇ ਤੇ ਅੰਤ ਸਾਰੇ ਮੌਤ ਦੇ ਮੂੰਹ ਵਿੱਚ ਆ ਕੇ ਮਿੱਟੀ ਹੋ ਗਏ ਨੇ । ਉਹਨਾਂ ਦਾ ਭਾਵ ਹੈ ਕਿ ਇਹੋ ਜਿਹੇ ਮਰ ਕੇ ਮਿੱਟ ਜਾਣ ਵਾਲੇ ਲੋਕਾਂ ਦੀ ਪੂਜਾ ਬੇਅਰਥ ਹੈ :—

ਸਿਰਫ ਇੱਕ ਅਕਾਲ ਹੀ ਪੂਜਨ ਯੋਗ ਹੈ :—

ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ ।

ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ ।

ਬ੍ਰਹਮਾ ਅਰ ਬਿਸ਼ਨ ਕੇਤੇ ਬੇਦ ਅਰ ਪੁਰਾਨ ਕੇਤੇ ।

ਸਿੰਮ੍ਰਿਤਿ ਸਮੂਹ ਕੈ ਹੋਇ ਹੈ ਬਿਤਏ ਹੈਂ ।

ਮੋਕਨੀ ਸਦਾਰ ਕੇਤੇ, ਅਸ਼ਨੀ ਕੁਮਾਰ ਕੇਤੇ ।

ਐਸਾ ਅਵਤਾਰ ਕੇਤੇ ਕਾਲ ਬਸ ਗਏ ਹੈਂ ।

ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ।



Digitized by Panjab Digital Library | www.panjabdigilib.org

ਭੂਮ ਹੀ ਤੇ ਹਵੇ ਕੇ ਫੇਰਿ ਭੂਮ ਹੀ ਮਿਲਏ ਹੈਂ ।

ਉਤੇ ਗੁਰੂ ਨਾਨਕ ਸਾਹਿਬ ਦੀ ਤੇ ਮਥਰਾ ਦੇ ਪੰਡਤ ਦੀ ਗੱਲ ਬਾਤ ਚੱਲ ਰਹੀ ਸੀ ਤੇ ਪੰਡਤ ਗੁਰੂ ਸਾਹਿਬ ਨੂੰ ਰਾਮ ਤੇ ਕਿਸ਼ਨ ਦੀ ਸ੍ਰੇਸ਼ਟਤਾ ਦੱਸਦਾ ਸੀ ਜਿਸ ਕਰਕੇ ਉਹਨਾਂ ਦੀ ਲੀਲ੍ਹਾ ਰਚਾਈ ਤੇ ਖੇਡੀ ਜਾਂਦੀ ਹੈ । ਗੁਰੂ ਨਾਨਕ ਜੀ ਨੇ ਪਾਂਡੇ ਨੂੰ ਸਮਝਾਇਆ ਕਿ ਰਾਵਨ ਨੇ ਆਪਣੀ ਮੂਰਖਤਾ ਦੇ ਕਾਰਨ ਆਪਣਾ ਸਿਰ ਕਟਵਾ ਲਿਆ । ਰੱਬ, ਰਾਮ ਦੇ ਰੂਪ ਵਿਚ ਉਸ ਦੀ ਮੌਤ ਦਾ ਕਾਰਨ ਬਣਾਇਆ ਬਹੁਤਾ ਵੱਡਾ ਤੇ ਨਹੀਂ ਬਣ ਜਾਂਦਾ । ਏਸੇ ਤਰ੍ਹਾਂ ਹੀ ਜਦੋਂ ਰੱਬ ਨੇ ਸਾਰੇ ਸੰਸਾਰ ਨੂੰ ਆਪਣੇ ਹੁਕਮ ਦੀ ਨੱਥ ਪਾ ਕੇ ਨਥਿਆ ਹੋਇਆ ਹੈ ਤਾਂ ਕ੍ਰਿਸ਼ਨ ਦਾ ਅਵਤਾਰ ਧਾਰ ਕੇ ਤੇ ਕਾਲੀ ਨਾਗ ਨੂੰ ਨੱਥਣਾ, ਉਸ ਲਈ ਕੀ ਵਡਿਆਈ ਸੀ ? ਫਿਰ ਗੁਰੂ ਸਾਹਿਬ ਨੇ ਰਾਮ ਤੇ ਕ੍ਰਿਸ਼ਨ ਦੀ ਛੁਟਿਤਣ ਤੇ ਵਾਹਿਗੁਰੂ ਦੀ ਵੱਡਪਣ ਜ਼ਾਹਿਰ ਕਰਨ ਲਈ ਰਾਗ ਆਸਾ ਵਿੱਚ ਸ਼ਬਦ ਗਾਇਨ ਕੀਤਾ ਹੈ :—

ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ।
ਅੰਧੁਲੈ ਦਹਸਿਰ ਮੂੰਡੁ ਕਟਾਇਆ ਰਾਮ ਮਾਰਿ ਕਿਆ ਵਡਾ ਭਇਆ । (੧)
ਕਿਆ ਉਪਮਾ ਤੇਰੀ ਆਖੀ ਜਾਇ ।
ਤੂੰ ਸਰਬੇ ਪੂਰ ਰਹਿਆ ਲਿਵ ਲਾਇ । (੧) । ਰਹਾਉ ।
ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ।
ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰ ਰਵਿ ਰਹਿਆ । (੨)
ਨਾਲਿ ਕੁਟੰਬ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸ਼ਟਿ ਗਇਆ।
ਆਗੈ ਅੰਤੁ ਨ ਪਾਇਓ ਤਾਕਾ ਕੰਮ ਛੇਦਿ ਕਿਆ ਵੱਡਾ ਭਇਆ । (੩)
ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਇ ਜਿ ਅਸੀਂ ਕੀਆ ।
ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡ ਦੀਆ । (੪)

ਉਥੇ ਇਕੱਠੇ ਹੋਏ ਹੋਏ ਸਾਰੇ ਲੋਕ ਗੁਰੂ ਸਾਹਿਬ ਦੇ ਬਚਨਾਂ ਤੇ ਦਲੀਲ੍ਹਾਂ ਸੁਣ ਕੇ ਬੜੇ ਪਰਭਾਵਤ ਹੋਏ ਕਿ ਵਾਕਿਆ ਹੀ, ਰੱਬ ਨੂੰ ਛੱਡ ਕੇ ਉਹਨਾਂ ਦੀ ਥਾਂ ਦੇਵੀ ਦੇਵਤਿਆਂ ਤੇ ਅਵਤਾਰਾਂ ਨੂੰ ਮੰਨਣਾ ਅਨ੍ਹੀ ਮੱਤ ਦੇ ਕਾਰਨ ਹੀ ਹੈ । ਪੰਡਤ ਨੇ ਕਿਹਾ ਫਿਰ ਇਹ ਦੱਸੋ ਕਿ ਹੋਰ ਰੱਬ ਨੂੰ ਕਿਸ ਤਰ੍ਹਾਂ ਪੂਜਿਆ ਜਾਏ ਅਤੇ ਉਸ ਨੂੰ ਰੀਝਾਣ ਲਈ ਕਿਹੋ ਜਿਹੇ ਨਾਚ ਨੱਚੇ ਜਾਣ ? ਇਸ ਦੇ ਉੱਤਰ ਵਿਚ ਬਾਬਾ ਜੀ ਨੇ ਰਾਗ ਆਸਾ ਵਿੱਚ ਹੀ ਸ਼ਬਦ ਉਚਾਰਿਆ ਕਿ ਰੱਬ ਨੂੰ ਸੱਚੇ ਪ੍ਰੇਮ, ਭਾਵਨਾ, ਨਾਮ, ਦਾਨ, ਸਤਿ-ਸੰਤੋਖ ਅਤੇ ਭਗਤੀ ਦੇ ਸਾਜ਼ਾਂ ਨਾਲ ਪੂਜੋ । ਇਸ ਤਰ੍ਹਾਂ ਦੇ ਨਾਚ ਨਾਲ ਰੱਬ ਰੀਝਦਾ ਹੈ :—

ਪੂਰੇ ਤਾਲ ਜਾਨੈ ਸਾਲਾਹਿ ।
ਹੋਰ ਨੱਚਣਾ ਖ਼ੁਸ਼ੀਆਂ ਮਨ ਮਾਹਿ ।
ਵਾਜਾ ਪਤ ਪਖਵਾਜ ਭਾਉ ।
ਹੋਇ ਅਨੰਦ ਸਦਾ ਮਨ ਚਾਉ ।
ਏਹਾ ਭਗਤ ਏਹੋ ਤਪ ਤਾਉ ।



Digitized by Panjab Digital Library | www.panjabdigilib.org

ਇਤੁ ਰੰਗ ਨਾਚਉ ਰਖ ਰਖ ਪਾਉ ।
ਪੂਰੇ ਤਾਲ ਜਾਣੈ ਸਲਾਹ ।
ਹੋਰ ਨਚਣਾ ਖੁਸੀਆ ਮਨ ਮਾਹ ।
ਸਤੁ ਸੰਤੋਖੁ ਵਜਹਿ ਦੁਇ ਤਾਲ ।
ਪੈਰੀ ਵਾਜਾ ਸਦਾ ਨਿਹਾਲ ।
ਰਾਗੁ ਨਾਦੁ ਨਹੀਂ ਦੂਜਾ ਭਾਉ ।
ਇਤੁ ਰੰਗਿ ਨਾਚਉ ਰਖਿ ਰਖਿ ਪਾਉ ।
ਭਉ ਫੇਰੀ ਹੋਵੈ ਮਨ ਚੀਤਿ ।
ਬੈਹਦਿਆਂ, ਉਠਦਿਆਂ ਨੀਤਾ ਨੀਤ ।
ਲੇਟਣਿ ਲੇਟਿ ਜਾਣੇ ਤਨ ਸੁਆਹੁ ।
ਇਤੁ ਰੰਗਿ ਨਚਉ ਰਖ ਰਖ ਪਾਉ ।
ਸਿਖ ਸਭਾ ਦੀਖਿਆ ਕਾ ਭਾਉ ।
ਗੁਰਮੁਖਿ ਸੁਣਣਾ ਸਚਾ ਨਾਉ ।
ਨਾਨਕ ਆਖਣੁ ਵੇਰਾ ਵੇਰ ।
ਇਤੁ ਰੰਗ ਨਾਚਉ ਰਖ ਰਖ ਪੈਰ ।

ਗੁਰੂ ਸਾਹਿਬ ਦੇ ਰੂਹਾਨੀ ਰੰਗ ਵਿੱਚ ਭਿੰਨੇ ਹੋਏ ਵੀਚਾਰ ਸੁਣ ਕੇ ਬਹੁਤ ਸਾਰੇ ਲੋਕ ਸਿੱਖ ਬਣੇ ਤੇ ਉਨ੍ਹਾਂ ਦੇ ਅਵਤਾਰ-ਪੂਜਾ ਤੇ ਲੀਲਾ ਖੇਡਣ ਦੇ ਵਹਿਮ ਦੂਰ ਹੋਏ । ਜਿਥੇ ਬਾਬਾ ਜੀ ਬੈਠੇ ਸਨ ਤੇ ਜਿਥੇ ਉਹਨਾਂ ਰੱਬੀ ਕੀਰਤਨ ਕੀਤਾ ਸੀ ਉਥੇ ਹੁਣ ਧਰਮਸਾਲਾ ਮਾਈਥਾਨ ਹੈ ।

ਬਿੰਦ੍ਰਾਬਨ ਤੋਂ ਬਾਬਾ ਜੀ ਹਰਦੁਆਰ ਗਏ । ਏਥੇ ਕੁੰਭ ਦਾ ਮੇਲਾ ਸੀ । ਲੱਖਾਂ ਹਿੰਦੂ ਆਪਣੇ ਵਿਸ਼ਵਾਸ਼ ਮੁਤਾਬਿਕ, ਗੰਗਾ ਦੇ ਮੁਕਤੀ ਦਾਤਾ ਪਾਣੀ 'ਚ ਇਸ਼ਨਾਨ ਕਰਨ, ਪਿੱਤਰਾਂ ਦੀ ਪੂਜਾ ਕਰਨ ਤੇ ਪਾਂਡਿਆਂ ਤੋਂ ਕਰਵਾਣ ਲਈ ਉਥੇ ਇਕੱਠੇ ਹੋਏ ਸਨ । ਆਮ ਸਾਧਾਂ-ਸੰਤਾਂ, ਨਾਂਗੇ ਸਾਧੂਆਂ ਤੇ ਜੋਗੀਆਂ ਦੇ ਵੀ ਝੁੰਡਾਂ ਦੇ ਝੁੰਡ ਲੱਥੇ ਹੋਏ ਸਨ । ਗੰਗਾ ਦੇ ਘਾਟ ਤੇ ਇੱਕ ਥਾਂ ਹਿੰਦੂ ਯਾਤਰੂ ਪਾਣੀ ਵਿੱਚ ਵੜ ਕੇ ਨਾਲੇ ਮੂੰਹੋਂ ਕੁਝ ਅਣਸਮਝੇ ਸੰਸਕ੍ਰਿਤ ਦੇ ਮੰਤਰ ਪੜ੍ਹਦੇ ਸਨ ਨਾਲੇ ਚੜ੍ਹਦੇ ਸੂਰਜ ਵੱਲ ਮੂੰਹ ਕਰਕੇ ਬੁੱਕ ਭਰ ਭਰ ਕੇ ਪਾਣੀ ਸੁੱਟਦੇ ਸਨ । ਯਮੁਲਾ ਜੱਟ ਖੁਦਾ ਨੂੰ ਲੈ ਗਏ ਚੋਰ । ਭਲਾ ਬਾਬਾ ਜੀ ਕਿਸ ਗੱਲ ਨੂੰ ਨਹੀਂ ਸਨ ਸਮਝਦੇ ? ਉਹ ਸਭ ਕੁਝ ਜਾਣਦੇ ਹੋਏ ਵੀ ਅਣਜਾਣ ਬਣ ਗਏ । ਉਹਨਾਂ ਦੇ ਪਰਚਾਰ ਦਾ ਢੰਗ ਨਾਟਕੀ, ਹਸਾਉਣ ਤੇ ਲੋਕਾਂ ਦਾ ਧਿਆਨ ਇੱਕ ਦਮ ਆਪਣੇ ਵੱਲ ਖਿੱਚ ਲੈਣ ਵਾਲਾ ਹੁੰਦਾ ਸੀ । ਉਹ ਲੋਕਾਂ ਦੇ ਕੋਲ ਹੀ, ਇੱਕ ਪਾਸੇ ਹੋ ਕੇ ਪਾਣੀ ਵਿੱਚ ਵੜ ਗਏ । ਚੜ੍ਹਦੇ ਤੇ ਸੂਰਜ ਵੱਲ ਮੂੰਹ ਕਰਨ ਦੀ ਬਜਾਏ ਲਹਿੰਦੇ ਵੱਲ ਮੂੰਹ ਕਰਕੇ ਬਿਨਾਂ ਕੋਈ ਮੰਤਰ-ਜੰਤਰ ਪੜ੍ਹਿਆਂ ਪਾਣੀ ਛਿੰਜੀ ਲੱਗ ਪਏ । ਇਸ ਜਹਾਨੋਂ ਵੱਖਰੀ ਪੂਜਾ ਨੂੰ ਵੇਖ ਕੇ ਪੱਤਨ ਤੇ ਖਲੋਤੀ ਸਾਰੀ ਖ਼ਲਕਤ ਅਤੇ ਕਰਮ-ਕਾਂਡ ਵਿੱਚ ਰੁੱਝੇ ਹੋਏ ਯਾਤਰੂਆਂ ਦਾ ਧਿਆਨ ਉਹਨਾਂ ਦੀ ਸਮਝ ਅਨੁਸਾਰ ਬਾਬੇ ਦੀ ਝੱਲ-ਵਲੱਲੀ ਹਰਕਤ ਵੱਲ ਖਿੱਚਿਆ ਗਿਆ । ਸਾਰੇ ਦੁਆਲੇ ਹੋ ਗਏ । ਕਈ ਤੇ ਮਾਘੇ ਮਾਰ ਮਾਰ ਕੇ ਮੌਜੂ ਬਣਾਨ ਤੇ ਕਈ ਬੜੀ ਗੰਭੀਰਤਾ ਤੇ ਗੁੱਸੇ ਨਾਲ ਪੁੱਛਣ "ਭਾਈ ਇਹ ਕੀ ਕਰਦਾ ਏਂ ?



Digitized by Panjab Digital Library | www.panjabdigilib.org

ਤੇਰੀ ਅਕਲ ਤੇ ਟਿਕਾਣੇ ਹੈ ? ਵਾਹ ਭਾਈ ਵਾਹ, ਘਰੋਂ ਤੀਰਥਾਂ ਤੇ ਇਸ਼ਨਾਨਦਾਨ ਕਰਨ ਆ ਜਾਂਦੇ ਨੇ ! ਜੇ ਤੈਨੂੰ ਪਤਾ ਨਹੀਂ ਸੀ ਤਾਂ ਏਨੇ ਏਥੇ ਪਾਂਡੇ ਨੇ, ਕਿਸੇ ਤੋਂ ਪੁੱਛ ਈ ਲੈਣਾ ਸੀ ।''

ਬਾਬਾ, ਕਿਸੇ ਦੀ ਨ ਸੁਣਦਾ ਦੇਹ ਝੱਟੇ ਤੇ ਝੱਟਾ । ਆਪਣੀ ਧੁੰਨ ਵਿੱਚ ਪਾਣੀ ਛਿੰਜੀ ਜਾਂਦਾ । ਅਖ਼ੀਰ ਰੌਲਾ ਰੱਪਾ ਸੁਣ ਕੇ, ਪਾਣੀ ਸੁਟਣੋਂ ਬੰਦ ਹੋਇਆ । ਲੋਕਾਂ ਫਿਰ ਪੁਛਿਆ, ''ਤੂੰ ਕੌਣ ਹੈਂ ? ਹਿੰਦੂ ਹੈ ਜਾਂ ਮੁਸਲਮਾਨ ? ਕਿਥੋਂ ਆਇਆ ਹੈਂ ? ਇਹ ਕੀ ਕਰਦਾ ਹੈਂ ?'' ਬਾਬਾ ਜੀ ਨੇ ਕਿਹਾ, ''ਪੁਰਖੋ ਏਨੀ ਤੈਸ਼ ਤੇ ਕਾਹਲ ਵਿੱਚ ਨ ਆਵੋ । ਪਹਿਲਾਂ ਮੈਨੂੰ ਦੱਸੋ ਕਿ ਤੁਸੀਂ ਕੀ ਕਰਦੇ ਹੋ ?'' ਯਾਤਰੂਆਂ ਨੇ ਕਿਹਾ, ''ਤੈਨੂੰ ਇਹ ਵੀ ਪਤਾ ਨਹੀਂ ਕਿ ਅਸੀਂ ਆਪਣੇ ਪਰਲੋਕ ਸਿਧਾਰੇ ਪਿੱਤਰਾਂ ਨੂੰ ਸੂਰਜ ਦੇਵਤੇ ਦੀ ਰਾਹੀਂ ਪਾਣੀ ਦੇ ਰਹੇ ਹਾਂ । ਸੂਰਜ ਦੇਵਤਾ ਪੂਰਬ ਵੱਲ ਹੈ ਨਾਲੇ ਪਰਮਾਤਮਾ ਦਾ ਵਾਸ ਵੀ ਏਸੇ ਦਿਸ਼ਾ ਵਿੱਚ ਹੈ ਪਰ ਤੂੰ ਕੀ ਕਰਦਾ ਹੈਂ ?'' ਬਾਬਾ ਜੀ ਨੇ ਕਿਹਾ, ''ਮੈਂ ਪੰਜਾਬ, ਜੋ ਪਛਮ ਦੀ ਦਿਸ਼ਾ ਵਿਚ ਹੈ ਵੱਲ ਮੂੰਹ ਕਰਕੇ ਆਪਣੀਆਂ ਔੜ ਲੱਗੀ ਵਿੱਚ ਸੁੱਕ ਰਹੀਆਂ ਮੂੰਜੀ ਦੀਆਂ ਪੈਲੀਆਂ ਨੂੰ ਪਾਣੀ ਦੇਂਦਾ ਹਾਂ ।'' ਤਮਾਸ਼ਬੀਨ ਤੇ ਥੋੜ੍ਹੀ ਸਮਝ ਵਾਲੇ ਲੋਕ ਹੱਸ ਪੈ ਤੇ ਕਹਿਣ ਲੱਗੇ, ''ਸ਼ਾਬਾ ਭਾਈ ਸ਼ਾਬਾ, ਕਿਸਾਨ ਤੇਰੇ ਜਿਹਾ ਹੀ ਹੋਣਾ ਚਾਹੀਦਾ ਹੈ । ਤੇਰਾ ਸੁਟਿਆ ਹੋਇਆ ਪਾਣੀ ਭਲਾ ਤਿੰਨ ਚਾਰ ਸੌ ਮੀਲ ਦੂਰ ਪੰਜਾਬ ਵਿੱਚ ਤੇਰੀਆਂ ਪੈਲੀਆਂ ਦੀ ਸਿੰਜਾਈ ਕਰ ਦੇਵੇਗਾ ? ਤੇਰੀ ਮੂੰਜੀ ਤੇ ਸਮਝ ਪੱਕ ਗਈ, ਜਾ, ਵੱਢ ਤੇ ਫੰਡ ਕੇ ਬੋਹਲ ਬਹਾ ਲੈ ।'' ਬੱਸ, ਇਹੋ ਤਾਂ ਬਾਬਾ ਇਹਨਾਂ ਦੇ ਮੂੰਹੋਂ ਅਖਵਾਣਾ ਚਾਹੁੰਦਾ ਸੀ । ਹੁਣ ਬਾਬਾ ਰੱਜ ਕੇ ਹੱਸਿਆ ਤੇ ਬੋਲਿਆ, ''ਤੁਸੀਂ ਤੇ ਮੈਨੂੰ ਝੱਲਾ ਆਖਦੇ ਸਾਉ, ਹੁਣ ਦੱਸੋ, ਝੱਲਾ ਮੈਂ ਹਾਂ ਜਾਂ ਤੁਸੀਂ ? ਤੁਹਾਡੇ ਸ਼ਾਸਤ੍ਰ ਹੀ ਦਸਦੇ ਨੇ ਕਿ ਸੂਰਜ ਏਥੋਂ ਕਰੋੜਾਂ ਮੀਲ ਦੂਰ ਹੈ ਅਤੇ ਪਰਲੋਕ ਦੇ ਪੰਧ ਦਾ ਤੇ ਪਤਾ ਹੀ ਕਿਸੇ ਨੂੰ ਨਹੀਂ । ਜੇ ਤੁਹਾਡਾ ਸੁੱਟਿਆ ਹੋਇਆ ਪਾਣੀ ਤੁਹਾਡੇ ਪਿੱਤਰਾਂ ਦੇ ਕੋਲ ਕਰੋੜਾਂ ਮੀਲ ਦੂਰ ਪੁੱਜ ਸਕਦਾ ਹੈ ਤਾਂ ਮੇਰਾ ਛਿੰਜਿਆ ਹੋਇਆ ਪਾਣੀ ਸਿਰਫ਼ ਤਿੰਨ ਸੌ ਮੀਲ ਵੀ ਨਹੀਂ ਪੁੱਜ ਸਕਦਾ ? ਸ਼ਾਬਾ, ਤੁਹਾਡੇ ਹਿਸਾਬ-ਕਿਤਾਬ ਦੇ । ਸੋਚੋ ਤੇ ਸਹੀ, ਤੁਹਾਡਾ ਇਹ ਕਰਮ ਕਾਂਡ ਇਕ ਵਹਿਮ, ਭੁਲੇਖਾ ਤੇ ਅਕਲ ਦੀ ਭਵਾਟਲੀ ਨਹੀਂ ਤੇ ਹੋਰ ਕੀ ਹੈ ? ਜੇ ਇਹ ਪੰਡਤਾਂ ਪਾਂਧਿਆਂ ਦੇ ਖਾਣ-ਪੀਣ ਦਾ ਸਾਧਨ ਨਹੀਂ ਤੇ ਹੋਰ ਕੀ ਹੈ ?'' ਕੀ ਪਾਂਡੇ ਤੇ ਕੀ ਯਾਤਰੂ, ਸਭ ਦੇ ਸੁਣ ਕੇ ਕਪਾਟ ਖੁਲ੍ਹ ਗਏ ਤੇ ਕਈਆਂ ਨੇ ਵਹਿਮ ਤੇ ਕਰਮਕਾਂਡ ਨੂੰ ਛੱਡ ਕੇ ਬਾਬੇ ਦੀ ਸਿੱਖੀ ਧਾਰਨ ਕੀਤੀ ।

ਹਰਦੁਆਰ ਜੋਗੀਆਂ ਤੇ ਨਾਂਗੇ ਸਾਧੂਆਂ ਦੇ ਝੁੰਡਾਂ ਦੇ ਝੁੰਡ ਆਏ ਹੋਏ ਸਨ । ਉਹਨਾਂ ਵਿੱਚ ਕਈ ਪੰਥ ਸਨ, ਜਿਹੜੇ ਇੱਕ ਦੂਜੇ ਤੋਂ ਖਾਰ ਖਾਂਦੇ ਸਨ । ਏਥੋਂ ਤਕ ਕਿ ਗੰਗਾ ਮਾਈ ਵਿੱਚ ਇਸ਼ਨਾਨ ਕਰਨ ਦੀ ਪਹਿਲ-ਦੂਜ ਦਾ ਝਗੜਾ ਵੀ ਇਸ ਤਰ੍ਹਾਂ ਕਰਦੇ ਸਨ ਜਿਵੇਂ ਖੁੱਤੀ ਤੇ ਬਾਂਟੇ ਜਾਂ ਅਖ਼ਰੋਟ ਖੇਡਦੇ ਮੁੰਡੇ । ਉਹ ਲੋਕ ਘਰ-ਬਾਰ ਤਿਆਗ ਕੇ ਥਾਂਉਂ ਥਾਂਈਂ ਭੌਣ ਤੇ



Digitized by Panjab Digital Library | www.panjabdigilib.org

ਮੰਗ ਕੇ ਖਾਣ ਵਾਲੇ ਛੜੇ-ਛਾਂਡ ਹੁੰਦੇ ਨੇ। ਉਮਰ-ਭਰ ਬ੍ਰਹਮਚਾਰੀਆ ਆਸ਼ਰਮ ਦੇ ਪਾਬੰਦ ਤੇ ਬਿੰਦ-ਸਾਂਭ ਦੀ ਖ਼ਾਤਰ ਸਦਾ ਕੁਆਰਪੁਣੇ ਦਾ ਦਾਅਵਾ ਕਰਦੇ ਨੇ ਪਰ ਅਸਲੀਅਤ ਬਿਲਕੁਲ ਉਲਟ ਹੁੰਦੀ ਹੈ, ਕਾਮ ਨੂੰ ਤਾਂ ਸਾਲਾਂ ਬੱਧੀ ਇਕਾਗਰ ਹੋ ਕੇ ਕੀਤੀ ਹੋਈ ਭਗਤੀ ਵੀ ਨ ਮਾਰ ਸੱਕੀ। ਬ੍ਰਹਮਾ, ਗੋਤਮ, ਇੰਦਰ ਅਤੇ ਮਿੱਤਰਾ ਆਦਿ ਸਾਰੇ ਕਾਮ ਦੀ ਸ਼ਕਤੀ ਸਾਹਮਣੇ ਹਾਰ ਮੰਨ ਗਏ। ਇਸ ਲਈ ਮੰਗ ਕੇ ਖਾਧਿਆਂ, ਤੀਰਥਾਂ ਤੇ ਭਵਿਆਂ, ਸੁਆਹ-ਖੇਹ ਪਿੰਡੇ ਤੇ ਮਲਿਆਂ ਤੇ ਕਈ ਹੋਰ ਇਹੋ ਜਿਹੇ ਖੇਖਣ ਕੀਤਿਆਂ ਤੇ ਕਾਮ-ਵਾਸ਼ਨਾ ਖ਼ਤਮ ਨਹੀਂ ਹੁੰਦੀ। ਇਸ ਤਰ੍ਹਾਂ ਤੇ ਇਸ ਦੀ ਭਿਆਨਕ ਭੁੱਖ ਸਗੋਂ ਵੱਧਦੀ ਹੈ। ਬਾਬਾ ਜੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਪਰ ਜੋਗੀ ਲੋਕ ਗੁਰੂ ਸਾਹਿਬ ਵਰਗੇ ਮਨੁੱਖ ਨੂੰ ਸਾਧੂ ਦੇ ਰੂਪ ਵਿੱਚ ਵੇਖ ਕੇ ਟਿੱਚ ਸਮਝਦੇ ਸਨ। ਕੁਝ ਜੋਗੀਆਂ ਨੇ ਬਾਬਾ ਜੀ ਨਾਲ ਵਾਦ-ਵਿਵਾਦ ਛੇੜ ਲਿਆ ਕਿ ਤੁਸੀਂ ਚੰਗੇ ਸੰਤ ਹੋ ਜੋ ਗ੍ਰਿਹਸਤੀ ਹੋਣ ਦੇ ਬਾਵਜੂਦ ਸੰਤ ਬਣੇ ਫਿਰਦੇ ਹੋ। ਗੁਰੂ ਸਾਹਿਬ ਨੇ ਉਨ੍ਹਾਂ ਦੇ ਨਾਮ ਧਰੀਕ ਸੰਤ ਆਗੂ ਦਾ ਪੋਲ ਖੋਲ੍ਹਿਆ ਤੇ ਹੇਠਲਾ ਸ਼ਬਦ ਮਾਰੂ ਰਾਗ ਵਿੱਚ ਅਲਾਪ ਕੇ ਉਨ੍ਹਾਂ ਦਾ ਭਰਮ ਦੂਰ ਕੀਤਾ :—

> ਘੋਲੀ ਗੇਰੂ ਰੰਗੁ ਚੜ੍ਹਾਇਆ ਵਸਤ੍ਰ ਭੇਖ ਭੇਖਾਰੀ,
> ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆ ਧਾਰੀ,
> ਘਰਿ ਘਰਿ ਮਾਂਗੈ ਜਗੁ ਪ੍ਰਬੋਧੈ ਮਨ ਅੰਧੈ ਪਤਿ ਹਾਰੀ।
> ਭਰਮਿ ਭੁਲਾਣਾ ਸ਼ਬਦੁ ਨ ਚੀਨੈ ਜੂਐ ਬਾਜ਼ੀ ਹਾਰੀ ॥ ੨ ॥
> ਅੱਗੇ ਜਾ ਕੇ ਏਸੇ ਸ਼ਬਦ ਵਿੱਚ ਲਿਖਦੇ ਨੇ :—
> ਹਾਥਿ ਕਮੰਡਲ ਕਾਪੜੀਆ ਮਨਿ ਤਿਸਨਾ ਉਪਜੀ ਭਾਰੀ।
> ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿੱਤੁ ਲਾਇਆ ਪਰ ਨਾਰੀ।
> ਫਿਰ ਫ਼ਰਮਾਂਦੇ ਨੇ :—
> ਬਕੈ ਨ ਬੋਲੈ ਖਿਮਾਧਨੁ ਸੰਗ੍ਰਹੈ ਤਾਮਸ ਨਾਮਿ ਜਲਾਏ।
> ਧਨ ਗਿਰਹੀ ਸਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਇ ॥ ੧ ॥

ਸਾਰੇ ਲੋਕਾਂ ਨੇ ਬਾਬਾ ਜੀ ਦੇ ਉੱਚੇ ਜੀਵਨ ਤੇ ਇਲਾਹੀ ਅਕਲ ਨੂੰ ਪ੍ਰਣਾਮ ਕੀਤਾ ਅਤੇ ਇਸ ਦੇ ਬਾਅਦ ਉਹ ਹਰਦੁਆਰ ਤੋਂ ਅੱਗੇ ਚਲੇ ਗਏ।

ਹਰਦੁਆਰ ਤੋਂ ਚੱਲ ਕੇ ਬਾਬਾ ਜੀ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਨੈਨੀਤਾਲ ਦੇ ਉਸ ਇਲਾਕੇ ਵਿਚ ਪੁੱਜੇ ਜਿੱਥੇ ਉਦੋਂ ਜੋਗੀਆਂ ਦਾ ਕੇਂਦਰ ਸੀ ਤੇ ਜਿਸ ਨੂੰ ਗੋਰਖਮਤਾ ਆਖਦੇ ਸਨ, ਕਿਉਂਕਿ ਇਹ ਗੋਰਖ ਮੱਤ ਜਾਂ ਗੋਰਖਨਾਥ ਦੇ ਪੰਥ ਨੂੰ ਫੈਲਾਣ ਦਾ ਬੜਾ ਭਾਰਾ ਗੜ੍ਹ ਸੀ। ਇਸ ਮੱਠ ਵਿਚ ਬੜੇ ਪ੍ਰਸਿੱਧ ਰਿਧੀਆਂ ਸਿੱਧੀਆਂ ਵਾਲੇ ਜੋਗੀ ਰਹਿੰਦੇ ਸਨ ਪਰ ਉਹਨਾਂ ਦੇ ਸਰੀਰਕ ਜੀਵਨ ਦੀ ਆਸ ਗ੍ਰਹਸਤੀਆਂ ਤੋਂ ਮੰਗੀਆਂ-ਤੰਗੀਆਂ ਜਾਂ ਦਾਨ ਦਿੱਤੀਆਂ ਚੀਜ਼ਾਂ ਤੇ ਹੀ ਸੀ। ਇਹ ਲੋਕ ਮਾਸ ਖਾਂਦੇ, ਸ਼ਰਾਬ ਪੀਂਦੇ ਤੇ ਆਪਣੀ ਸੁਰਤੀ ਨੂੰ ਟਿਕਾਣ ਲਈ ਕੋਈ ਹੋਰ ਨਸ਼ੀਲੀਆਂ ਚੀਜ਼ਾਂ ਵਰਤਦੇ ਸਨ। ਸਭ ਤੋਂ ਵੱਡਾ ਰੋਣਾ ਇਹ ਸੀ ਕਿ ਉਹ ਲੋਕ ਵਿਹਲੜ ਰਹਿ ਕੇ ਸਮਾਜ



Digitized by Panjab Digital Library | www.panjabdigilib.org

ਤੇ ਭਾਰ ਸਨ ਤੇ ਨ ਆਪ ਹੀ ਰੱਬ ਦਾ ਸਿੱਧਾ ਰਾਹ ਲੱਭ ਸਕੇ ਸਨ ਤੇ ਨ ਹੀ ਆਪਣੇ ਸ਼ਰਧਾਲੂਆਂ ਨੂੰ ਕੁਰਾਹ ਤੋਂ ਠੀਕ ਰਾਹ ਤੇ ਪਾ ਸਕਦੇ ਸਨ। ਬਾਬਾ ਜੀ ਦਾ ਭਾਵ ਸੀ ਕਿ ਗੋਰਖਮਤੇ ਜਾ ਕੇ ਜੋਗੀਆਂ ਦਾ ਸੁਧਾਰ ਕੀਤਾ ਜਾਏ। ਜੋਗੀਆਂ ਨੇ ਬਾਬਾ ਜੀ ਤੇ ਮਰਦਾਨੇ ਨੂੰ ਵੇਖ ਕੇ ਜੀ ਆਇਆਂ ਕਹਿਣ ਦੀ ਥਾਂ ਬੜੀ ਖੁਣਸ ਖਾਧੀ ਤੇ ਮੱਠ ਦੇ ਅੰਦਰ ਦਾਖਲ ਵੀ ਨ ਹੋਣ ਦਿੱਤਾ। ਇਹ ਵੀ ਕਿਹਾ ਕਿ ਏਥੇ ਨੇੜੇ ਤਰੇੜੇ ਕੰਨ ਪਾਟੇ ਗੋਰਖਨਾਥ ਦੇ ਚੇਲੇ ਹੀ ਰਹਿ ਸਕਦੇ ਹਨ। ਏਥੋਂ ਚਲੇ ਜਾਉ ਨਹੀਂ ਤੇ ਰਾਤੀਂ ਗੋਰਖ ਤੁਹਾਨੂੰ ਡਰਾਏ ਤੇ ਤੰਗ ਕਰੇਗਾ। ਬਾਬਾ ਜੀ ਨੇ ਕਿਹਾ, "ਮੈਂ ਤੁਹਾਡੇ ਗੋਰਖ ਨੂੰ ਆਪੇ ਸਿੱਝ ਲਵਾਂਗਾ। ਬਾਬਾ ਜੀ ਬਾਹਰ ਪਿਪਲ ਹੇਠ ਰਾਤ ਰਹੇ ਜੋ ਅਜੇ ਵੀ ਕਾਇਮ ਹੈ! ਗੋਰਖਮਤੇ ਵਿੱਚ ਜੋਗੀਆਂ ਨੇ ਬਾਬਾ ਜੀ ਨੂੰ ਬੜੇ ਚਮਤਕਾਰ ਵਿਖਾਏ ਤੇ ਵੱਸ ਕਰਨ ਦੀ ਕੋਸ਼ਸ਼ ਕੀਤੀ ਪਰ ਬਾਬਾ ਜੀ ਦਾ ਵੱਸੀਕਾਰ ਜੋਗੀਆਂ ਦੇ ਵੱਸ ਲਈ ਅਪਹੁੰਚ ਸੀ। ਜੋਗੀਆਂ ਨੇ ਬਾਬਾ ਜੀ ਨਾਲ ਬੜੀ ਲੰਮੀ ਚੌੜੀ ਗਿਆਨ ਗੋਸ਼ਟੀ ਕੀਤੀ ਅਤੇ ਇਸ ਵਿੱਚ ਖਾਸ ਪ੍ਰਸਿੱਧਤਾ ਤੇ ਵਿਦਵਤਾ ਵਾਲੇ ਮਾਛਿੰਦਰ-ਨਾਥ, ਚਰਪਟ ਨਾਥ, ਭੰਗਰ ਨਾਥ, ਸ਼ੰਭੂ ਨਾਥ ਤੇ ਭਰਥਰੀ ਨਾਥ ਨੇ ਭਾਗ ਲਿਆ। ਬਾਬਾ ਜੀ ਏਥੇ ਕਈ ਦਿਨ ਰਹੇ। ਇਹਨਾਂ ਦੀਆਂ ਕਈ ਥਾਵਾਂ ਤੇ ਜੋਗੀਆਂ ਨਾਲ ਹੋਈਆਂ ਬਹਿਸਾਂ ਦਾ ਪੂਰਾ ਜ਼ਿਕਰ ਗੁਰੂ ਸਾਹਿਬ ਦੀ ਬਾਣੀ ਸਿੱਧ ਗੋਸ਼ਟੀ ਵਿੱਚ ਦਰਜ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਰਾਮ ਕਲੀ ਵਿੱਚ ਹੈ।

ਜੋਗੀਆਂ ਨੇ ਬਾਬਾ ਜੀ ਨੂੰ ਆਪਣੇ ਪੰਥ ਵਿਚ ਰਲਾਣ ਤੇ ਗੋਰਖ ਨਾਥ ਦਾ ਚੇਲਾ ਬਣਨ ਲਈ ਜ਼ੋਰ ਲਾਇਆ ਕਿ ਇਸ ਪੰਥ ਦੀ ਸਾਧਨਾ ਰਾਹੀਂ ਮਨੁਖੀ ਆਤਮਾ ਦਾ ਜੋਗ, ਯੋਗ ਜਾਂ ਸੰਜੋਗ ਪਰਮ-ਆਤਮਾਂ ਜਾਂ ਪਰਮਾਤਮਾ ਨਾਲ ਹੋ ਜਾਂਦਾ ਹੈ ਅਤੇ ਜੋਗੀ ਦਾ ਅਰਥ ਹੀ ਹੈ ਇਸ 'ਜੋਗ' ਦੀ ਕਮਾਈ ਕਰਨ ਵਾਲਾ। ਗੁਰੂ ਸਾਹਿਬ ਸਮਝਦੇ ਸਨ ਕਿ ਇਹਨਾਂ ਜੋਗੀਆਂ ਦੇ ਖਿੰਥਾ, ਸਿਙੀ, ਧੂਣੀ, ਭਸਮ, ਭੌਂਡੀ ਨਸ਼ੇ ਆਦਿ ਦੇ ਮਾਰੇ ਸਾਧਨ ਤੇ ਨਾਮ ਧਰੀਕ ਸੰਸਾਰੀ ਤਿਆਗ, ਪਾਖੰਡ ਹੈ। ਇਹ ਵੈਸੇ ਤੇ ਅੰਜਨ ਭਾਵ ਮਾਇਆ ਜਾਂ ਦੁਨੀਆਵੀ ਕਾਲਖ ਨਾਲ ਲਿਬੜੇ ਹੋਏ ਨੇ ਪਰ ਦਾਅਵਾ 'ਨਿਰੰਜਨ' ਭਾਵ ਰੱਬ ਦੀ ਪਰਾਪਤੀ, ਸੰਜੋਗ ਜਾਂ ਵਸਲ ਦਾ ਕਰਦੇ ਨੇ। ਜੇ ਮਨ ਸੱਚਾ ਤੇ ਸਾਫ਼ ਹੋਵੇ ਅਤੇ ਅਮਲਾਂ ਦਾ ਲੇਖਾ ਸੁਰਖੁਰੂ ਹੋਵੇ ਤਾਂ ਅੰਜਨ ਵਿੱਚ ਰਹਿਕੇ ਹੀ ਨਿਰੰਜਨ ਦੀ ਪਰਾਪਤੀ ਹੋ ਜਾਂਦੀ ਹੈ। ਜੋਗੀਆਂ ਦੇ ਜਿੱਦ ਕਰਨ ਤੇ ਬਾਬਾ ਜੀ ਨੇ ਰਾਗ ਸੂਹੀ ਵਿੱਚ ਸ਼ਬਦ ਅਲਾਪ ਕੇ, ਉਹਨਾਂ ਨੂੰ ਸਮਝਾਇਆ :—

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜ੍ਹਾਈਐ।
ਜੋਗੁ ਨ ਮੁੰਦੀ ਮੂੰਡਿ ਮੁਡਾਈਐ ਜੋਗੁ ਨ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ। (੧)
ਗਲੀ ਜੋਗ ਨ ਹੋਈ।
ਏਕ ਦ੍ਰਿਸ਼ਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ। (੧) ਰਹਾਉ।

ਜੋਗੁ ਨ ਬਾਹਰਿ ਮੜ੍ਹੀ ਮਸਾਣੀ ਜੋਗੁ ਨ ਤਾੜੀ ਲਾਈਐ।



Digitized by Panjab Digital Library | www.panjabdigilib.org

ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥ ਨਾਈਐ ।
ਅੰਜਨ ਮਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ (੨)
ਸਤਿਗੁਰ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ।
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ ਜੁਗ ਜੁਗਤਿ ਇਵ ਪਾਈਐ । (੩)
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ।
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ।
ਅੰਜਨ ਮਾਹਿ ਨਿਰੰਜਿਨਿ ਰਹੀਐ ਜੋਗ ਜੁਗਤਿ ਤਉ ਪਾਈਐ । (੪)

ਬਾਬਾ ਜੀ ਦੇ ਇਸ ਸ਼ਬਦ ਦਾ ਜੋਗੀਆਂ ਕੋਲ ਜਵਾਬ ਨਹੀਂ ਸੀ । ਝੂਠੇ ਦੀ ਕੀ ? "ਯਈਂ ਯਈਂ" ਆਪਣੇ ਸਰੀਰਕ ਸਵਾਦਾਂ ਤੇ ਵਿਹਲੜ-ਪੁਣੇ ਦੀ ਲਿਲ੍ਹਕ ਦੇ ਲਿਤਾੜੇ ਹੋਏ ਭਲਾ ਮੱਠ ਛੱਡ ਕੇ ਪਵਿੱਤਰ ਦੁਨੀਆਂਦਾਰਾਂ ਦਾ ਕਠਨ ਜੀਵਨ ਕਿਸ ਤਰ੍ਹਾਂ ਧਾਰਨ ਕਰ ਸਕਦੇ ਸਨ ?

ਗੁਰੂ ਸਾਹਿਬ ਗੋਰਖਮਤੇ ਦੇ ਜੋਗੀਆਂ ਨੂੰ ਮੱਤ-ਸੁੱਧ ਦੇ ਕੇ ਏਥੋਂ ਵੀਹ ਕੋ ਮੀਲ ਦੂਰ ਜੰਗਲ ਵਿੱਚ ਇੱਕ ਰੀਠੇ ਦੇ ਰੁੱਖ ਹੇਠ ਜਾ ਬੈਠੇ । ਗੋਰਖਮਤੇ ਦਾ ਨਾਂ ਨਾਨਕ ਮਤਾ ਪੈ ਗਿਆ । ਜਿਥੇ ਹੁਣ ਇਤਿਹਾਸਕ ਗੁਰਦੁਆਰਾ ਹੈ । ਗੋਰਖਮਤੇ ਦੇ ਜੋਗੀਆਂ 'ਚੋਂ ਮਾਛਿੰਦਰ ਨਾਥ ਤੇ ਬਾਬਾ ਜੀ ਤੋਂ ਏਨਾ ਪਰਭਾਵਤ ਹੋਇਆ ਕਿ ਬਾਬਾ ਜੀ ਦੇ ਨਾਲ ਹੀ ਟੁਰ ਗਿਆ ਤੇ ਰੀਠੇ ਰੁਖ ਹੇਠ ਬੈਠਿਆਂ ਹੋਇਆਂ ਉਸ ਸਖਤ ਭੁੱਖ ਦੇ ਕਾਰਨ ਕੁਝ ਖਾਣ ਲਈ ਮੰਗਿਆ । ਬਾਬਾ ਜੀ ਨੇ ਕਿਹਾ ਇਸ ਰੀਠੇ ਦੇ ਰੁਖ ਤੇ ਚੜ੍ਹ ਕੇ ਰੀਠੇ ਖਾ ਕੇ ਰੱਜ ਲੌ । ਜੋਗੀ ਹੈਰਾਨ ਸੀ ਕਿ ਬਾਬਾ ਜੀ ਕੀ ਆਖਦੇ ਨੇ ਪਰ ਜਦੋਂ ਉਹ ਉਸ ਟਾਹਣ ਤੇ ਚੜ੍ਹਿਆ ਜਿਸ ਦੇ ਹੇਠ ਬਾਬਾ ਜੀ ਬੈਠੇ ਸਨ ਉਸ ਖਾ ਕੇ ਵੇਖੇ ਤੇ ਰੀਠੇ ਮਿੱਠੇ ਸਨ । ਉਹ ਖਾ ਖਾ ਕੇ ਖੂਬ ਰੱਜਿਆ । ਰੀਠਾ ਕੌੜਿੱਤਣ ਵਿੱਚ ਤੁੰਮੇ ਦਾ ਮੁਕਾਬਲਾ ਕਰਦਾ ਹੈ ਪਰ ਉਸ ਟਾਹਣ ਦੇ ਰੀਠੇ ਅੱਜ ਤੱਕ ਮਿੱਠੇ ਨੇ ਤੇ ਉਸੇ ਰੁੱਖ ਦੇ ਦੂਸਰੇ ਟਾਹਣਾਂ ਦੇ ਆਪਣੇ ਕੁਦਰਤੀ ਸੁਭਾਅ ਅਨੁਸਾਰ, ਕੌੜੇ-ਟੀਟ । ਓਥੇ ਵੀ ਹੁਣ ਗੁਰਦੁਆਰਾ ਹੈ ਜਿਸ ਦਾ ਨਾਂ ਰੀਠਾ ਸਾਹਿਬ ਹੈ । ਇਸ ਰੁੱਖ ਦੇ ਮਿੱਠੇ ਮਿੱਠੇ ਰੀਠੇ ਗੁਰੂ ਨਾਨਕ ਨਾਮ ਲੇਵਾ ਦੇਸਾਂ ਪਰਦੇਸਾਂ ਵਿੱਚ, ਪ੍ਰਸ਼ਾਦ ਦੇ ਤੌਰ ਤੇ ਲੈ ਜਾ ਕੇ, ਸ਼ਰਧਾਲੂਆਂ ਵਿੱਚ ਵੰਡਦੇ ਨੇ ਅਤੇ ਸਿੱਖ ਇਸ ਸ਼ਰਧਾ ਤੇ ਸਤਿਕਾਰ ਨਾਲ ਖਾਂਦੇ ਨੇ ਜਿਵੇਂ ਮੁਸਲਮਾਨ ਲੋਕ ਹਾਜੀਆਂ ਤੋਂ ਮੱਕੇ ਸ਼ਰੀਫ ਦੀਆਂ ਖਜੂਰਾਂ, ਤਬੱਰਕ ਦੇ ਤੌਰ ਤੇ ਖਾਂਦੇ ਨੇ ।

ਮਾਛਿੰਦਰ ਨਾਥ ਬਾਬਾ ਜੀ ਦਾ ਸਿੱਖ ਬਣ ਗਿਆ । ਇਕ ਦਿਨ ਉਸਨੇ ਪੁੱਛਿਆ, "ਬਾਬਾ ਜੀ, ਤੁਹਾਡੇ ਬਚਨ ਅਤੇ ਤੁਹਾਡੀ ਸਿੱਖੀ ਦੀ ਸਿੱਖਿਆ ਅਣਮੋਲ ਹੈ । ਮੈਨੂੰ ਗੋਰਖ ਨਾਥ ਦੇ ਜੋਗ ਦੇ ਭੁਲੇਖੇ 'ਚੋਂ ਤੇ ਤੁਸਾਂ ਕੱਢ ਲਿਆ ਹੈ ਪਰ ਇਹ ਤੇ ਦੱਸੋ ਕਿ ਅਸਲੀ ਜੋਗ ਜਾਂ ਜੋਗੀ ਹੈ ਕੀ ?" ਬਾਬਾ ਜੀ ਨੇ ਰਾਗ ਰਾਮਕਲੀ ਦਾ ਇਹ ਸ਼ਬਦ ਗਾਇਆ :—



Digitized by Panjab Digital Library | www.panjabdigilib.org

ਸੁਰਤਿ ਸਬਦੁ ਸਾਖ ਮੇਰੀ ਸਿੰਙੀ,
ਬਾਜੇ ਲੋਕੁ ਸੁਣੇ ।
ਪਤੁ ਝੋਲੀ ਮੰਗਣ ਕੈ ਤਾਈਂ ।
ਭੀਖਿਆ ਨਾਮੁ ਪੜੇ । (੧)

ਬਾਬਾ ਗੋਰਖੁ ਜਾਗੇ ।

ਗੋਰਖ ਸੋ ਜਿਨਿ ਗੋਇ ਉਠਾਲੀ ।
ਕਰਤੇ ਬਾਰ ਨ ਲਾਗੈ (ਰਹਾਉ)
ਪਾਣੀ, ਪ੍ਰਾਣ, ਪਵਣਿ ਬੰਧਿ ਰਾਖੇ,
ਚੰਦੁ ਸੂਰਜੁ ਮੁਖਿ ਦੀਏ ।
ਮਰਣ ਜੀਵਣ ਕਉ ਧਰਤੀ ਦੀਨੀ,
ਏਤੇ ਗੁਣ ਵਿਸਰੈ । (੨)
ਸਿਧ ਸਾਧਿਕ ਅਰੁ ਜੋਗੀ ਜੰਗਮ,
ਪੀਰ ਪੁਰਸ ਬਹੁਤੇਰੇ ।
ਜੇ ਤਿਨ ਮਿਲਾ ਤਾਂ ਕੀਰਤਿ ਆਖਾ,
ਤਾ ਮਨੁ ਸੇਵ ਕਰੇ । (੩)
ਕਾਗਦੁ ਲੂਣੁ ਰਹੇ ਘ੍ਰਿਤ ਸੰਗੇ,
ਪਾਣੀ ਕਮਲ ਰਹੈ ।
ਐਸੇ ਭਗਤ ਮਿਲਹਿ ਜਨ ਨਾਨਕ,
ਤਿਨ ਜਮੁ ਕਿਆ ਕਰੈ । (੪)

ਮਾਛਿੰਦਰ ਨਾਥ ਦੇ ਸਾਰੇ ਭੁਲੇਖੇ ਜ਼ਿੰਦਗੀ ਭਰ ਲਈ ਦੂਰ ਹੋ ਗਏ ਤੇ ਇਹ ਭੇਖ-ਵੇਖ ਤਿਆਗ ਕੇ ਸ਼ੁੱਧ ਤੇ ਸਾਦਾ ਜੀਵਨ ਬਤੀਤ ਕਰਦਾ ਹੋਇਆ ਸਿੱਖੀ ਦਾ ਪਰਚਾਰ ਕਰਦਾ ਰਿਹਾ ।

ਇਸ ਤਰ੍ਹਾਂ ਗੋਰਖ ਮਤ ਦੇ ਕੁਰਾਹੇ ਪੈ ਹੋਏ ਸਿੱਧਾਂ ਨੂੰ ਸਿੱਧਾ ਤੇ ਸੱਚਾ ਰਾਹ ਦੱਸ ਕੇ ਬਾਬਾ ਜੀ ਉੱਤਰ ਪ੍ਰਦੇਸ਼ ਦੇ ਪਹਾੜ ਦੇ ਨਾਲ ਲੱਗਦੇ ਇਲਾਕੇ ਰੋਹੇਲ ਖੰਡ ਵਿੱਚ ਗਏ ਜਿੱਥੇ ਗ਼ੁਲਾਮਾਂ ਦੀ ਤਜਾਰਤ ਬੜੇ ਜ਼ੋਰ ਤੇ ਸੀ । ਗੁਰੂ ਸਾਹਿਬ ਏਥੇ ਵੀ ਕਿਸੇ ਉਹੋ ਜਿਹੇ ਬੰਦੇ ਦਾ ਸੁਧਾਰ ਕਰਨਾ ਚਾਹੁੰਦੇ ਸਨ ਜਿਸ ਦੀ ਏਨੀ ਮਾਣਤਾ ਤੇ ਮਹੱਤਤਾ ਹੋਵੇ ਕਿ ਉਸ ਇੱਕੋ ਦੇ ਸੁਧਾਰ ਨਾਲ ਉਸ ਨੂੰ ਮੰਨਣ ਵਾਲੇ ਹੋਰ ਲੱਖਾਂ ਲੋਕ ਵੀ ਸੁਧਰ ਜਾਣ ।

ਉਸ ਇਲਾਕੇ ਵਿੱਚੋਂ ਕੋਈ ਵੀ ਇਕੱਲਾ ਦੁਕੱਲਾ ਪਰਦੇਸੀ ਬੱਚ ਕੇ ਨਹੀਂ ਸੀ ਨਿਕਲ ਸਕਦਾ । ਪਠਾਨ ਲੁਟੇਰੇ ਫੜ ਕੇ ਗ਼ੁਲਾਮ ਦੇ ਤੌਰ ਤੇ ਵੇਚ ਦੇਂਦੇ ਸਨ । ਗੁਰੂ ਸਾਹਿਬ ਨੂੰ ਵੀ



Digitized by Panjab Digital Library | www.panjabdigilib.org

ਇੱਕ ਪਠਾਨ ਲੁਟੇਰੇ ਨੇ ਫੜ ਲਿਆ ਪਰ ਬਾਬਾ ਜੀ ਅਡੋਲ ਤੇ ਵਿੱਚੋਂ ਖੁਸ਼ ਸਨ। ਪਠਾਨ ਬਾਬਾ ਜੀ ਦੀ ਸ਼ਖਸੀਅਤ ਤੋਂ ਬੜਾ ਪਰਭਾਵਤ ਹੋਇਆ ਤੇ ਸਮਝਿਆ ਕਿ ਇਸ ਬਰਦੇ ਦੀ ਰਕਮ ਤੇ ਚੰਗੀ ਵੱਟੀ ਜਾਇਗੀ। ਪਠਾਨ ਨੇ ਬਾਬਾ ਜੀ ਨੂੰ ਇਸ ਇਲਾਕੇ ਤੇ ਰਾਜ ਕਰਨ ਵਾਲੇ ਨਵਾਬ ਜਿਸ ਨੂੰ ਮੀਰ ਆਖਦੇ ਸਨ, ਕੋਲ ਦੋ ਇਰਾਕੀ ਘੋੜਿਆਂ ਦੇ ਬਦਲੇ ਗ਼ੁਲਾਮ ਦੇ ਤੌਰ ਤੇ ਵੇਚ ਦਿੱਤਾ। ਮੀਰ ਸੂਫ਼ੀ ਪੀਰ ਸੀ ਤੇ ਉਸ ਦੀ ਸਾਰੇ ਇਲਾਕੇ ਵਿੱਚ ਮਾਣਤਾ ਸੀ। ਮੀਰ ਵੀ ਨਵੇਂ ਗੁਲਾਮ ਨੂੰ ਵੇਖ ਕੇ ਬੜਾ ਖੁਸ਼ ਹੋਇਆ ਤੇ ਪਾਣੀ ਢੋਣ ਦੇ ਕੰਮ ਤੇ ਲਾ ਦਿੱਤਾ। ਭਲਾ, ਸੱਚ ਤੇ ਆਤਮਕ ਸ਼ਕਤੀ ਕਿੰਨਾ ਕੁ ਚਿਰ ਛੁਪਾ ਕੇ ਰੱਖੇ ਜਾ ਸਕਦੇ ਨੇ ? ਮੀਰ ਖ਼ੁਦ ਵੀ ਆਬਿਦ, ਪਾਰਸਾ ਤੇ ਰੱਬੀ ਕਣੀ ਵਾਲਾ ਬੰਦਾ ਸੀ। ਉਸ ਨੇ ਦੋ ਚਹੁੰ ਦਿਨਾਂ ਵਿੱਚ ਹੀ ਬਾਬਾ ਜੀ ਦੀ ਜੀਵਨ-ਚੁੰਭਕ ਤੇ ਆਤਮਕ ਉੱਚਤਾ ਨੂੰ ਸਮਝ ਲਿਆ। ਇੱਕ ਦਿਨ ਤਾਂ ਪਸ਼ੇਮਾਨ ਹੋ ਕੇ ਗੁਰੂ ਸਾਹਿਬ ਤੋਂ ਖਿਮਾ ਦਾ ਜਾਚਕ ਹੋਇਆ। ਬਾਬਾ ਜੀ ਨੇ ਕਿਹਾ, "ਮੀਰ, ਤੁਸੀਂ ਸਿਆਣੇ-ਬਿਆਣੇ ਤੇ ਸੂਝ-ਬੂਝ ਵਾਲੇ ਹੋ ਕੇ ਵੀ ਆਪਣੀ ਆਕਬਿਤ ਲਈ ਆਪ ਹੀ ਟੋਇਆ ਪੁੱਟ ਰਹੇ ਹੋ। ਬੇਗੁਨਾਹ ਇਨਸਾਨਾਂ ਨੂੰ ਫੜ ਕੇ ਭੇਡਾਂ ਬਕਰੀਆਂ ਵਾਂਗੂ ਵੇਚਦੇ ਤੇ ਫਿਰ ਉਹਨਾਂ ਤੇ ਜ਼ੁਲਮ ਕਰਦੇ ਹੋ। ਤੁਸੀਂ ਆਪ ਹੀ ਦੱਸੋ ਕਿ ਤੁਸੀਂ ਲੋਕ ਬਹਿਸ਼ਤ ਦੇ ਰਾਹ ਦੀ ਤਿਆਰੀ ਕਰ ਰਹੇ ਹੋ ਜਾਂ ਇਹਨਾਂ ਬੇਗੁਨਾਹ ਲੋਕਾਂ ਦੀਆਂ ਆਹੀਂ ਤੇ ਬਦ-ਦੁਆਈਂ ਦਾ ਬਾਲਣ ਪਾ ਕੇ ਦੋਜ਼ਖ਼ ਦੀ ਅੱਗ ਵਿੱਚ ਸੜਨ ਦੀ ਤਿਆਰੀ ਵਿੱਚ ਹੋ ? ਬੇਸਮਝ, ਜਾਹਿਲ, ਓਹਬੜ ਬੰਦੇ ਨੂੰ ਤੇ ਰੱਬ ਸ਼ਾਇਦ ਇਹ ਗੁਨਾਹ ਮਾਫ਼ ਵੀ ਕਰ ਦੇਵੇ, ਤੁਹਾਡੇ ਜਿਹੇ ਪਾਰਸਾ ਤੇ ਸਮਝਦਾਰ ਬੰਦਿਆਂ ਨੂੰ ਜਿਨ੍ਹਾਂ ਸਗੋਂ ਹੋਰ ਲੋਕਾਂ ਨੂੰ ਵੀ ਇਹੋ ਜਿਹੇ ਕੁਕਰਮ ਤੋਂ ਰੋਕਣਾ ਹੈ, ਨੂੰ ਰੱਬ ਮਾਫ਼ ਕਿਵੇਂ ਕਰੇਗਾ ? ਸੋਚ ਲਉ, ਅਗਲੇ ਜਹਾਨ, ਪਾਪਾਂ ਦੀ ਪੰਡ ਦਾ ਭਾਰ ਨਾ ਕਿਸੇ ਨੇ ਹੌਲਾ ਕਰਨਾ ਹੈ ਤੇ ਨ ਦੋ ਕਦਮ ਵਸਾਹੁਣੀ ਕਢਵਾਣੀ ਹੈ।" ਇਹ ਬਚਨ ਸੁਣ ਕੇ ਮੀਰ ਦੇ ਮਨ ਦੀਆਂ ਅੱਖੀਂ ਦੇ ਪੜ੍ਹਦੇ ਖੁਲ੍ਹ ਗਏ ਤੇ ਮਨ ਦੀ ਭੁਲੇਖੇ ਦੀ ਸਾਰੀ ਕਾਲਖ ਧੁਪ ਗਈ। ਤੋਬਾ ਤੋਬਾ ਕਰਕੇ ਬਾਬਾ ਜੀ ਤੇ ਹੋਰ ਸਾਰੇ ਗ਼ੁਲਾਮਾਂ ਨੂੰ ਰਿਹਾ ਕੀਤਾ ਜਿਨ੍ਹਾਂ ਵਿੱਚੋਂ ਬਾਬਾ ਜੀ ਦਾ ਸਿੱਖ, ਭਾਈ ਹਰਾ ਵੀ ਸੀ ਜੋ ਚਿਰਾਂ ਪਿਛੋਂ ਦਰਸ਼ਨ ਕਰਕੇ ਨਿਹਾਲ ਹੋਇਆ। ਮੀਰ ਨੇ ਆਪਣੇ ਸਾਰੇ ਇਲਾਕੇ ਵਿੱਚੋਂ ਗ਼ੁਲਾਮੀ ਦੀ ਤਜਾਰਤ ਦੀ ਜੜ੍ਹ ਪੁੱਟਨ ਜਾਂ ਇਸ ਦਾ ਕਲਾਅ-ਕਮਾਅ ਕਰਨ ਦਾ ਹੁਕਮ ਜਾਰੀ ਕੀਤਾ। ਇਸ ਦੇ ਬਾਅਦ ਰੋਹੇਲਖੰਡ ਵਿੱਚ ਗੁਲਾਮਾਂ ਦੀ ਪਾਪੀ ਤਜਾਰਤ ਦੇ ਘਾਟੇ ਵਿਚ ਬੜਾ ਵਾਧਾ ਹੋਇਆ।

ਰੋਹੇਲਖੰਡ ਦੀ ਯਾਤਰਾ ਦੇ ਬਾਅਦ ਗੁਰੂ ਸਾਹਿਬ ਬਨਾਰਸ ਜਾਂ ਕਾਂਸ਼ੀ ਪੁੱਜੇ ਜੋ ਪ੍ਰਾਚੀਨ ਸਮੇਂ ਤੋਂ ਹਿੰਦੂ ਧਰਮ ਤੇ ਸਭਿੱਤਾ ਦਾ ਬੜਾ ਵੱਡਾ ਕੇਂਦਰ ਰਿਹਾ ਹੈ। ਇਸ ਲਈ ਉਹਨਾਂ ਨੂੰ ਬਹੁਤ ਪ੍ਰਸਿਧ ਵਿਦਵਾਨਾਂ ਨਾਲ ਵਾਹ ਪਿਆ। ਕਾਂਸ਼ੀ ਵਿੱਚ ਮੁਕਤੀ ਪਰਾਪਤ ਕਰਨ ਲਈ ਵੀ ਕਈ ਪਾਖੰਡ ਰਚੇ ਹੋਏ ਸਨ। ਏਥੋਂ ਤਕ ਕਿ ਏਥੇ ਇੱਕ ਆਰਾ ਜਾਂ ਕਲਵੱਤ੍ਰ ਹੁੰਦਾ ਸੀ ਜਿਸ



Digitized by Panjab Digital Library | www.panjabdigilib.org

ਨਾਲ ਤਨ ਚਿਰਾ ਕੇ ਭੋਲੇ ਭਾਲੇ ਸ਼ਰਧਾਲੂ ਮੁਕਤੀ ਦੀ ਪਰਾਪਤੀ ਲਈ ਆਪਣੇ ਠੇਡੇ ਖਾਂਦੇ ਤੇ ਰੁਲਦੇ, ਨਿੱਕੇ ਨਿੱਕੇ ਬੱਚੇ ਛੱਡ ਕੇ ਅਗਲੇ ਜਹਾਨ ਵੱਲ ਰਿੜ੍ਹ ਜਾਂਦੇ ਤੇ ਕਈ ਲੰਮੇ ਚੌੜੇ ਕਰਮ-ਕਾਂਡ ਕਰ ਕੇ ਇਹਨਾਂ ਸ਼ਰਧਾਲੂਆਂ ਤੋਂ ਇਹ ਕੰਮ ਕਰਵਾਨ ਵਾਲੇ ਪੰਡਤ ਉਹਨਾਂ ਦੀ ਦੱਛਨਾ ਚੜ੍ਹਾਵੇ ਤੇ ਹੋਰ ਮਾਲ ਮਤਾਅ ਸਾਂਭ ਲੈਂਦੇ। ਇਸ ਥਾਂ ਛੂਤ-ਛਾਤ ਆਪਣੀ ਅੱਤ ਭਿਆਨਕ ਸ਼ਕਲ ਇਖ਼ਤਿਆਰ ਕਰ ਚੁੱਕੀ ਸੀ। ਹਰ ਜੀਅ ਆਪਣਾ ਤਿੰਨਾਂ ਇੱਟਾਂ ਦਾ ਚੁਲ੍ਹਾ ਵੱਖਰਾ ਬਣਾਈ ਬੈਠਾ ਸੀ। ਅੱਜ ਵੀ ਅਸੀਂ ਪੰਜਾਬ ਦੇ ਹਰ ਸ਼ਹਿਰ ਵਿੱਚ ਮਜ਼ਦੂਰੀ ਕਰਨ ਆਏ ਯੂ. ਪੀ. ਦੇ ਭੱਯਾਂ ਨੂੰ ਵੇਖਦੇ ਹਾਂ ਕਿ ਰੋਟੀ ਪਕਾਣ ਲੱਗਿਆਂ ਜਿੰਨੇ ਭੱਯੇ, ਓਨੇ ਚੁਲ੍ਹੇ। ਗੰਗਾ ਦੇ ਕੰਢੇ ਵਸਦੇ ਕਾਂਸ਼ੀ ਸ਼ਹਿਰ ਵਿੱਚ ਕਰਮਕਾਂਡ ਦੀ ਪੂਰਤੀ ਵੀ ਬਲੰਦੀ ਤੇ ਸੀ। ਬੁੱਤ ਪੂਜਾ ਤਾਂ ਹਰ ਮਦਰ ਦਾ ਮੁੱਢ ਸੀ।

ਕਾਂਸ਼ੀ ਦਾ ਸਭ ਤੋਂ ਵੱਡਾ ਵਿਦਵਾਨ ਪੰਡਤ ਚਤੁਰਦਾਸ ਸੀ। ਉਹ ਵੀ ਬੜੇ ਸੁੱਚ-ਸੰਜਮ ਨਾਲ ਚੁਲ੍ਹੇ-ਚੌਂਕੇ ਦੁਆਲੇ ਕਾਰਾਂ ਜਾਂ ਲਕੀਰਾਂ ਖਿੱਚ ਕੇ ਭੋਜਨ ਪਕਾਂਦਾ ਸੀ ਤਾਂ ਕਿ ਨੀਵੀਂ ਜ਼ਾਤ ਦਾ ਕੋਈ ਮਨੁੱਖ ਚੌਂਕੇ ਵਿੱਚ ਵੜਕੇ ਸਭ ਕੁੱਝ ਭ੍ਰਿਸ਼ਟ ਨ ਕਰ ਜਾਵੇ। ਸਫ਼ਾਈ ਤਾਂ ਠੀਕ ਹੈ, ਖ਼ੁਦਾਈ ਦੇ ਦੂਜੇ ਦਰਜੇ ਤੇ ਹੈ ਪਰ ਇਹ ਸਫ਼ਾਈ ਦੀ ਭਾਵਨਾ ਨਾਲ ਨਹੀਂ ਸੀ ਹੁੰਦਾ, ਜ਼ਾਤ-ਪਾਤ, ਛੂਤ-ਛਾਤ ਤੇ ਭੇਦ-ਭਾਵ ਦੀ ਵੀਚਾਰ ਨਾਲ ਕੀਤਾ ਜਾਂਦਾ ਸੀ।

ਗੁਰੂ ਸਾਹਿਬ ਦੀ ਪੰਡਤ ਚਤਰਦਾਸ ਨਾਲ ਛੂਤ-ਛਾਤ ਦੀ ਨਖੇਧੀ ਕਰਨ ਦੇ ਕਾਰਨ ਬਹਿਸ ਹੋ ਪਈ। ਚੱਤਰਦਾਸ ਸੱਚ ਮੁੱਚ ਬੜਾ ਚਤਰ ਸੀ। ਉਸ ਨੇ ਆਪਣੇ ਪੱਖ ਵਿਚ ਬੜੀਆਂ ਦਲੀਲਾਂ ਦਿੱਤੀਆਂ ਪਰ ਗੁਰੂ ਸਾਹਿਬ ਨੇ ਕਿਹਾ, ਪੰਡਤ ਜੀ, ਕਿਉਂ ਵਾਧੂ ਦਾ ਵਾਦ-ਵਿਵਾਦ ਛੇੜਦੇ ਹੋ। ਤੁਸੀਂ ਚੌਂਕੇ ਦਾ ਬਨ੍ਹੇਜ਼ ਬਨ੍ਹ ਕੇ ਕੀ ਕਰੋਗੇ ਜਦੋਂ ਸਾਰੀਆਂ ਅਛੂਤ ਤੇ ਨਿੱਕੀਆਂ ਜ਼ਾਤਾਂ ਤੁਹਾਡੇ ਸਰੀਰ ਦੇ ਅੰਦਰ ਹੀ ਬੈਠੀਆਂ ਨੇ, ਜ਼ਾਤਾਂ ਦੇ ਆਧਾਰ ਤੇ ਕੋਈ ਚੂਹੜਾ, ਡੂਮ, ਕਸਾਈ ਜਾਂ ਚੰਡਾਲ ਆਦਿ ਨਹੀਂ। ਇਹ ਤਾਂ ਮਨੁੱਖ ਦੇ ਕੁਚੀਲ, ਕਪਟੀ ਤੇ ਕਾਲੇ ਕਰਮਾਂ ਦਾ ਨਾਂ ਹੈ। ਇਨਸਾਨ ਉਹਨਾਂ ਨੂੰ ਤੇ ਆਪਣੇ ਅੰਦਰੋਂ ਕਢਦਾ ਨਹੀਂ ਤੇ ਉਹਨਾਂ ਦੇ ਨਾਲ ਰਲ ਕੇ ਖਾਂਦਾ ਹੈ ਪਰ ਬਾਹਰ ਚੌਂਕੇ-ਚੁਲ੍ਹੇ ਦੁਆਲੇ ਬੇਅਰਥ ਕਾਰ ਕੱਢ ਕੱਢ ਕੇ ਬਹਿੰਦਾ ਹੈ। ਇਸ ਸਬੰਧੀ ਉਹਨਾਂ ਸ੍ਰੀ ਰਾਗ ਵਿੱਚ ਲਿਖਿਆ ਹੈ :—

ਕਬੁਧਿ ਡੂਮਣੀ ਕੁਦਇਆ ਕਸਾਇਣ,
ਪਰਨਿੰਦਾ ਘਟ ਚੂਹੜੀ ਮੁੱਠੀ ਕ੍ਰੋਧਿ ਚੰਡਾਲਿ।
ਕਾਰੀ ਕੱਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲ,
ਸਚੁ ਸੰਜਮੁ ਕਰਣੀ ਕਾਹਾਂ ਨਾਵਣੁ ਨਾਉ ਜਪੇਹੀ।
ਨਾਨਕ ਅਗੇ ਉਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ।

ਪੰਡਤ ਚਤਰਦਾਸ ਦੇ ਮਨ ਤੇ ਹੋਰ ਚਾਨਣਾ ਪਾਣ ਲਈ ਬਾਬਾ ਜੀ ਨੇ ਕਿਹਾ ਲੋਕਾਂ ਦਾ ਮੂੰਹ ਤੇ ਹਮੇਸ਼ਾ ਝੂਠ ਨਾਲ ਜੂਠਾ ਰਹਿੰਦਾ ਹੈ। ਫਿਰ ਸੁੱਚ ਕਿਸ ਤਰ੍ਹਾਂ ਪਰਾਪਤ ਕਰ ਸਕਦੇ ਨੇ ? ਸਿਰੀ ਰਾਗ ਵਿੱਚ ਉਹਨਾਂ ਦਾ ਕਥਨ ਹੈ :—



Digitized by Panjab Digital Library | www.panjabdigilib.org

ਮਨ ਜੂਠੈ ਤਨਿ ਜੂਠਿ ਹੈ,
ਜਿਹਵਾ ਜੂਠੀ ਹੋਇ ।
ਮੁਖਿ ਝੂਠੈ ਝੂਠ ਬੋਲਣਾ,
ਕਿਉਂਕਰ ਸੂਚਾ ਹੋਇ ।

ਇਸ ਦੇ ਬਾਅਦ ਚਤੁਰਦਾਸ ਨੇ ਕਿਹਾ, "ਗੁਰੂ ਜੀ, ਇਸ ਤਰ੍ਹਾਂ ਤੇ ਤੁਸੀਂ ਸਾਡੀ ਬੁੱਤਾਂ ਦੀ ਪੂਜਾ ਦਾ ਵੀ ਖੰਡਨ ਕਰੋਗੇ ।" ਗੁਰੂ ਸਾਹਿਬ ਨੇ ਕਿਹਾ, "ਹਾਂ ਠੀਕ ਹੈ । ਬੁੱਤ-ਪੂਜਾ ਦਾ ਕੋਈ ਲਾਭ ਨਹੀਂ ਤੇ ਨਾ ਹੀ ਤੁਲਸੀ ਆਦਿ ਦੀ ਵਿਸ਼ੇਸ਼ ਮਾਲਾ ਦੀ ਸਰੇਸ਼ਟਤਾ ਦਾ । ਨੇਕ ਅਮਲੀ ਜੀਵਨ ਹੀ ਰੱਖ ਦੀ ਪੂਜਾ ਤੇ ਜਪ-ਮਾਲਾ ਹੈ ।" ਬਾਬਾ ਜੀ ਨੇ ਰਾਗ ਬਸੰਤ ਹਿੰਡੋਲ ਵਿੱਚ ਮਸਤੀ 'ਚ ਆ ਕੇ ਗਾਇਆ :—

ਸਾਲਗ੍ਰਾਮ ਬਿਪ ਪੂਜਿ ਮਨਾਵਹੁ,
ਸੁਕ੍ਰਿਤ ਤੁਲਸੀ ਮਾਲਾ ।
ਰਾਮ ਨਾਮੁ ਜਪਿ ਬੇੜਾ ਬਾਧਹ,
ਦਇਆ ਕਰਹੁ ਇਆਲਾ । (੧)
ਕਾਹੇ ਕਲਰਾ ਸਿੰਚਹੁ,
ਜਨਮ ਗਵਾਵਹੁ ।
ਕਾਚੀ ਢਹਗਿ ਦਿਵਾਲੁ,
ਕਾਹੇ ਗਚੁ ਲਾਵਹੁ । ਰਹਾਉ ।
ਕਰ ਹਰਿਹਟ ਮਾਲ ਟਿੰਡ ਪਰੋਵਹੁ.
ਤਿਸ ਭੀਤਰਿ ਮਨੁ ਜੋਵਹੁ ।
ਅੰਮ੍ਰਿਤ ਸਿੰਚਹੁ ਭਰਹੁ ਕਿਆਰੇ ।
ਤਉ ਮਾਲੀ ਕੇ ਹੋਵਹੁ ॥ ੨ ॥
ਕਾਮ ਕ੍ਰੋਧੋ ਦੁਇ ਕਰਹੁ ਬਸੋਲੇ,
ਗੋਡਹੁ ਧਰਤੀ ਭਾਈ ।
ਜਿਉਂ ਗੋਡਹੂ ਤਿਉ ਤੁਮ ਸੁਖੁ ਪਾਵਹ,
ਕਿਰਤੁ ਨ ਮੇਟਿਆ ਜਾਈ ॥ ੩ ॥
ਬਗੁਲੇ ਤੇ ਫੁਨਿ ਹੰਸੁਲਾ ਹੋਵੈ,
ਜੇ ਤੂੰ ਕਰਹਿ ਦਿਆਲਾ ।
ਪ੍ਰਣਵਤਿ ਨਾਨਕ ਦਾਸਨ ਦਾਸਾ ।'
ਦਇਆ ਕਰਹੁ ਦਇਆਲਾ । ੪



Digitized by Panjab Digital Library | www.panjabdigilib.org

ਚਤਰਦਾਸ ਨੇ ਫਿਰ ਕਿਹਾ, "ਆਪ ਵੀ ਅਸੀਂ ਇਸ਼ਨਾਨ ਕਰਕੇ ਸੁੱਚੇ ਰਹਿੰਦੇ ਹਾਂ ਤੇ ਦੇਵੀਆਂ, ਦੇਵਤਿਆਂ ਦੇ ਬੁੱਤਾਂ ਦੀ ਏਨੀ ਪੂਜਾ ਕਰਦੇ ਤੇ ਉਹਨਾਂ ਨੂੰ ਏਨੀ ਸ਼ਰਧਾ ਨਾਲ ਨਵ੍ਹਾਂਦੇ, ਧੁਆਂਦੇ ਹਾਂ। ਕੀ ਇਹ ਸਭ ਬੇਅਰਥ ਹੈ?" ਬਾਬਾ ਜੀ ਨੇ ਕਿਹਾ, "ਇਸ ਬਾਹਰ ਦੇ ਇਸ਼ਨਾਨ ਦਾ ਕੀ ਫ਼ਾਇਦਾ ਜੇ ਮਨ ਮੈਲ ਨਾਲ ਹੀ ਭਰਿਆ ਰਿਹਾ? ਰਾਗ ਗੁਜਰੀ ਵਿਚ ਫ਼ਰਮਾਂਦੇ ਨੇ: -

ਬਾਹਿਰ ਦੇਵ ਪਖਾਲੀਅਹਿ,
ਜੇ ਮਨੁ ਧੋਵੈ ਕੋਇ।
ਜੂਠ ਲਹੈ ਜੀਉ ਮਾਂਜੀਐ,
ਮੋਖ ਪਇਆਣਾ ਹੋਇ।

ਪੰਡਤ ਚਤਰਦਾਸ ਦੇ ਨਾਲ ਹੋਰ ਪਾਂਡੇ ਵੀ ਰਲ ਗਏ ਤੇ ਵੱਖ ਵੱਖ ਵਿਸ਼ਿਆਂ ਤੇ ਬੜੀ ਲੰਮੀ ਚੌੜੀ ਗੋਸ਼ਟੀ ਹੋਈ। ਗੁਰੂ ਸਾਹਿਬ ਨੇ ਐਸੇ ਸਰਬ-ਪੱਖੀ ਗਿਆਨ ਨਾਲ ਉੱਤਰ ਦਿੱਤੇ ਕਿ ਸਾਰੇ ਪੰਡਤ ਉੱਤਰ ਹੀਣ ਹੋ ਗਏ। ਇਸ ਲੰਮੀ ਬਹਿਸ ਦੇ ਸਬੰਧ ਵਿਚ ਗੁਰੂ ਸਾਹਿਬ ਦੀ ਦੱਖਣੀ ਓਅੰਕਾਰ ਦੇ ਨਾਂ ਦੀ ਬਾਣੀ ਚੁਰੰਜਾ ਬੰਦਾਂ ਵਿੱਚ ਤੇ ਰਾਗ ਰਾਮ ਕਲੀ ਵਿੱਚ ਗੁਰੂ ਗਰੰਥ ਸਾਹਿਬ ਵਿੱਚ ਦਰਜ ਹੈ।

ਬਨਾਰਸ ਦੇ ਕਈ ਲੋਕ ਬਾਬਾ ਜੀ ਦੇ ਸਿੱਖ ਬਣੇ। ਏਥੇ ਉਨ੍ਹਾਂ ਸਿੱਖ ਧਰਮ ਦੇ ਪਰਚਾਰ ਦੀ ਮੰਜੀ ਸਥਾਪਤ ਕੀਤੀ ਜਿਥੇ ਹੁਣ ਬੜਾ ਸੁੰਦਰ ਗੁਰਦੁਆਰਾ ਹੈ ਜਿਸ ਵਿੱਚ ਮਿੱਠਾ ਖੂਹ ਹੈ। ਆਸ ਪਾਸ ਦੇ ਖੂਹਾਂ ਦਾ ਪਾਣੀ ਖਾਰਾ ਹੈ।

ਕੁਝ ਦਿਨ ਬਨਾਰਸ ਰਹਿ ਕੇ ਗੁਰੂ ਨਾਨਕ ਆਪਣੇ ਬਚਪਨ ਦੇ ਸਾਥੀ ਭਾਈ ਮਰਦਾਨੇ ਨਾਲ ਪਟਨੇ ਪਹੁੰਚੇ। ਓਥੇ ਵੀ ਇਸ਼ਨਾਨ-ਦਾਨ ਦਾ ਬੜਾ ਭਾਰਾ ਮੇਲਾ ਗੰਗਾ ਦੇ ਕੰਢੇ ਤੇ ਲੱਗਾ ਹੋਇਆ ਸੀ। ਹਿੰਦੂ ਧਰਮ ਦੇ ਕਰਮਕਾਂਡ ਤੇ ਬਾਹਮਣਾਂ ਦਾ ਜਾਲ ਹਰ ਥਾਂ ਇਕੋ ਜਿਹਾ ਹੀ ਵਿਛਿਆ ਹੋਇਆ ਸੀ। ਮਰਦਾਨੇ ਨੇ ਪੁਛਿਆ, "ਬਾਬਾ ਜੀ, ਲੋਕ ਏਨੇ ਕਰਮਕਾਂਡ ਤੇ ਪੂਜਾ ਪਾਠ ਕਰਦੇ ਨੇ। ਕਈ ਵਿਦਵਾਨ ਵੀ ਬੜੇ ਨੇ ਪਰ ਕੁਕਰਮਾਂ ਤੇ ਪਾਖੰਡਾਂ ਵਿੱਚ ਪੈ ਕੇ, ਜ਼ਿੰਦਗੀ ਦੇ ਇਸ ਅਣਮੋਲ ਰਤਨ ਨੂੰ ਕਿਉਂ ਕੌਡੀਆਂ ਤੋਂ ਵੀ ਸਸਤਾ ਸਮਝ ਕੇ ਗਵਾ ਛੱਡਦੇ ਨੇ?" ਗੁਰੂ ਸਾਹਿਬ ਨੇ ਕਿਹਾ, "ਤੁਹਾਨੂੰ ਮੈਂ ਇਸ ਦਾ ਜਵਾਬ ਕਲ੍ਹ ਦੇਵਾਂਗਾ।" ਅਗਲੇ ਦਿਨ ਗੁਰੂ ਸਾਹਿਬ ਨੇ ਮਰਦਾਨੇ ਨੂੰ ਇੱਕ ਬੜਾ ਕੀਮਤੀ ਲਾਲ ਦੇ ਕੇ ਪਟਨੇ ਦੇ ਬਾਜ਼ਾਰ ਵਿੱਚ ਭੇਜਿਆ ਕਿ ਇਸ ਦੀ ਰਕਮ ਵੱਟ ਕੇ ਲਿਆਵੇ। ਪਰ ਏਵੇਂ ਸਸਤਾ ਨ ਸੱਟੂ ਆਵੇ। ਮਰਦਾਨਾ ਕਈ ਦੁਕਾਨਾ ਤੇ ਭਵਿਆਂ ਪਰ ਹਰ ਕੋਈ ਉਸ ਨੂੰ ਪੱਥਰਦਾ ਜ਼ਰਾ ਸੁਹਣਾ ਜਿਹਾ ਗੀਟਾ ਸਮਝ ਕੇ ਦੋ ਚਾਰ ਆਨੇ ਦੇਂਦਾ ਤੇ ਕੋਈ ਇੱਕ ਪੈਸਾ ਵੀ ਵਾਧੂ ਦੇਣ ਲਈ ਤਿਆਰ ਨ ਹੁੰਦਾ। ਇੱਕ ਸਬਜ਼ੀ ਵੇਚਣ ਵਾਲੇ ਤਾਂ ਇੱਕ ਮੂਲੀ ਜਾਂ ਗਾਜਰ ਨਾਲ ਹੀ ਸੌਦਾ ਕਰਨਾ ਚਾਹਿਆ ਤੇ ਦੋ ਮੂਲੀਆਂ ਜਾਂ ਗਾਜਰਾਂ ਦੇਣ ਤੋਂ ਵੀ ਨਾਂਹ ਕਰ ਗਿਆ। ਮਰਦਾਨਾ ਅੱਕ ਗਿਆ। ਪਰ ਬਾਬਾ ਜੀ ਦੇ ਨਿਰਾਲੇ ਕੰਮਾਂ ਤੋਂ ਉਹ ਚੰਗੀ ਤਰ੍ਹਾਂ ਜਾਣੂ ਸੀ। ਉਹਨੂੰ ਸਯਾਲਕੋਟੋਂ ਸੱਚ ਤੇ ਝੂਠ ਦੇ ਸੌਦੇ ਦੀ ਖ਼ਰੀਦ ਵੀ ਯਾਦ ਸੀ। ਹਿੰਮਤ ਨ ਹਾਰਿਆ ਤੇ ਹਟੀਓ-ਹੱਟੀ ਭੌਂਦਾ ਰਿਹਾ।



Digitized by Panjab Digital Library | www.panjabdigilib.org

ਗਾਜਰਾਂ, ਮੂਲੀਆਂ ਤੇ ਲੂਣ-ਤੇਲ ਵੇਚਣ ਵਾਲੇ ਹਟਵਾਣੀਆਂ ਨੂੰ ਲਾਲਾਂ ਦੀ ਕੀਮਤ ਦੀ ਕੀ ਸਾਰ ਸੀ ? ਲਾਲ ਨੂੰ ਤੇ ਕਹਿੰਦੇ ਨੇ ਕੁਮ੍ਹਿਆਰ ਨੇ ਖੋਤੇ ਦੇ ਗੱਲ ਤੇ ਮਲਾਹ ਨੇ ਵੰਝ ਨਾਲ ਬਨ੍ਹ ਛੱਡਿਆ ਸੀ ਲਾਲ ਦੀ ਕਦਰ ਜਵਾਹਰੀ ਹੀ ਜਾਣਦੇ ਨੇ। ਜਵਾਹਰੀ ਵੀ ਕਿਹੜਾ ਸਾਰੇ ਧਰਮ ਈਮਾਨ ਵਾਲੇ ਹੁੰਦੇ ਨੇ ? ਜ਼ਿਆਦਾ ਤੇ ਭੋਲੇ ਭਾਲੇ ਲੋਕਾਂ ਨੂੰ ਭੁਚਲਾ-ਭੁਚਲੂ ਕੇ ਲੁਟਦੇ ਹੀ ਹਨ ਜਿਵੇਂ ਸਰਾਫ ਦੁਕਾਨ ਤੇ ਧਰਮਕੰਡਾ ਰੱਖ ਕੇ ਟੂੰਬਾਂ ਵਿੱਚ ਖੋਟ ਰਲਾ ਕੇ, ਧਰਮ ਵੇਚਦੇ ਨੇ ।

ਅਖੀਰ ਖੱਜਲ-ਖ਼ੁਆਰ ਹੁੰਦਾ ਹੁੰਦਾ ਮਰਦਾਨਾ ਇੱਕ ਜਵਾਹਰੀ ਦੀ ਦੁਕਾਨ ਤੇ ਪੁੱਜਾ। ਉਸ ਦਾ ਨਾਂ ਸਾਲਸ ਰਾਏ ਸੀ। ਨਾਂ ਵੀ ਸਿੱਧਾ ਸੱਚ-ਝੂਠ ਨਿਤਾਰਣ ਨਾਲ ਸਬੰਧਤ ਸੀ। ਮਰਦਾਨੇ ਨੇ ਸਾਲਸ ਰਾਏ ਨੂੰ ਲਾਲ ਫੜਾ ਕੇ ਕਿਹਾ ਕਿ ਮੈਂ ਵੇਚਣਾ ਹੈ। ਸਾਲਸ ਰਾਏ ਨੇ ਲਾਲ ਜੋਹਿਆ, ਖੁਸ਼ੀ ਨਾਲ ਰੱਜ ਗਿਆ। ਉਸ ਸੋਚਿਆ, "ਮੈਂ ਸਾਰੀ ਉਮਰ ਈਮਾਨਦਾਰੀ ਦੀ ਕਮਾਈ ਖਾਧੀ ਹੈ। ਇਹ ਲਾਲ ਅਣਮੋਲ ਹੈ । ਮੈਂ ਤੇ ਇਹੋ ਜਿਹਾ ਇਸ ਤੋਂ ਪਹਿਲਾਂ ਕਦੀ ਵੇਖਿਆ ਵੀ ਨਹੀਂ । ਵੇਚਣ ਵਾਲਾ ਬੜਾ ਭੋਲਾ ਭਾਲਾ ਹੈ। ਇਸ ਵਿਚਾਰੇ ਨੂੰ ਤੇ ਆਪ ਵੀ ਇਸ ਲਾਲ ਤੇ ਇਸ ਦੇ ਮੁੱਲ ਦਾ ਕੋਈ ਪਤਾ ਨਹੀਂ, ਇਹ ਤੇ ਮੇਰਾ ਧਰਮ ਹੈ ਕਿ ਸਾਲਸਰਾਏ ਅਖਵਾ ਕੇ ਸਾਲਸੀ ਕਰਾਂ।" ਇਸ ਦੇ ਬਾਅਦ ਉਸਨੇ ਮਰਦਾਨੇ ਨੂੰ ਕਿਹਾ, "ਭਾਈ, ਮੈਂ ਤੇਰਾ ਵਾਲ ਵਾਲ ਧੰਨਵਾਦੀ ਹਾਂ ਕਿ ਤੂੰ ਮੈਨੂੰ ਇਹੋ ਜਿਹੇ ਅਣਮੋਲ ਰਤਨ ਦੇ ਦੀਦਾਰ ਕਰਾਏ ਨੇ। ਸੱਚ ਤਾਂ ਇਹ ਹੈ ਕਿ ਮੇਰੇ ਕੋਲੋਂ ਤੇ ਘਰ ਘਾਟ ਵੇਚ ਕੇ ਵੀ ਇਸ ਲਾਲਾ ਦੀ ਕੀਮਤ ਅਦਾ ਨਹੀਂ ਹੋ ਸਕਦੀ। ਇਸ ਲਈ ਮੈਂ ਇਸ ਲਾਲ ਦਾ ਮੁੱਲ ਤਾਰ ਕੇ ਖ਼ਰੀਦ ਨਹੀਂ ਸਕਦਾ, ਸਿਰਫ਼ ਇਸ ਦੀ ਦਰਸ਼ਨ-ਭੇਟ ਹੀ ਦੇ ਸਕਦਾ ਹਾਂ । ਆਹ ਲੈ ਇੱਕ ਸੌ ਰੁਪਇਆ—ਇਸ ਅਣਮੋਲ ਰਤਨ ਦੀ ਦਰਸ਼ਨ ਭੇਟ।" ਇਹ ਕਹਿ ਕੇ ਸਾਲਸ ਰਾਏ ਨੇ ਲਾਲ ਮਰਦਾਨੇ ਨੂੰ ਵਾਪਸ ਕਰ ਦਿੱਤਾ।

ਮਰਦਾਨਾ ਬੜਾ ਹੈਰਾਨ ਸੀ। ਗਾਜਰਾਂ ਮੂਲੀਆਂ ਵੇਚਣ ਵਾਲੇ ਗਾਹਕ ਉਸਦੀਆਂ ਅੱਖੀਆਂ ਅੱਗੇ ਭੌਣ ਲੱਗ ਪੈ। ਉਸਨੇ ਸਾਲਸ ਰਾਏ ਤੋਂ ਰੁਪਏ ਲੈਣ ਦੀ ਬੜੀ ਨਾਂਹ ਨੁੱਕਰ ਕੀਤੀ ਪਰ ਬੇਅਰਥ। ਸਾਲਸ ਰਾਏ ਨ ਮੰਨਿਆ ਤੇ ਮਰਦਾਨਾ ਲਾਲ ਤੇ ਸੌ ਰੁਪਈਆ ਲੈ ਕੇ ਵਾਪਸ ਬਾਬਾ ਜੀ ਕੋਲ ਪੁੱਜਾ। ਸਾਰੀ ਗੱਲ ਸੁਣਾਈ। ਸੁਣਕੇ ਬਾਬਾ ਜੀ ਨੇ ਕਿਆ, "ਵੇਖ ਭਾਈ ਮਰਦਾਨਿਆਂ, ਲਾਲਾਂ ਦੀ ਕਦਰ ਜਵਾਹਰੀ ਹੀ ਜਾਣਦੇ ਨੇ, ਬੇਸਮਝ ਲੋਕਾਂ ਲਈ ਤਾਂ ਹੀਰੇ ਜਵਾਹਰ ਪੱਥਰ ਦੇ ਗੀਟੇ ਹੀ ਹੁੰਦੇ ਨੇ। ਇਹ ਹੀ ਹਾਲ ਮਨੁੱਖੀ ਜੀਵਨ ਦੇ ਅਣਮੋਲ ਰਤਨ ਦਾ ਹੈ। ਇਸ ਦੀ ਕਦਰ ਕੀਮਤ ਵੀ ਕੋਈ ਵਿਰਲੇ ਹੀ ਪਾਂਦੇ ਨੇ। ਮੈਂ ਖੁਸ਼ ਹਾਂ ਕਿ ਇੱਕ ਤੇ ਰੱਬ ਦਾ ਸੱਚਾ ਬੰਦਾ ਤੇ ਨਿਰਪੱਖ ਪਾਰਖੂ ਪਟਨੇ ਵਿੱਚ ਵੀ ਲਭ ਪਿਆ। ਜਾ, ਇਹ ਸੌ ਰੁਪਈਆ, ਧੰਨਵਾਦ ਕਰਕੇ ਉਸਨੂੰ ਵਾਪਸ ਦੇ ਆ।" ਮਰਦਾਨਾ ਰੁਪੈ ਵਾਪਸ ਕਰਨ ਸਾਲਸ ਰਾਏ ਕੋਲ ਗਿਆ। ਸਾਲਸ ਰਾਏ ਨ ਮੰਨਿਆ ਪਰ ਰੁਪੈ ਵਾਪਸ ਕਰਨ ਦੀ ਗੱਲ ਤੋਂ ਪਰਭਾਵਤ ਹੋ ਕੇ ਮਰਦਾਨੇ ਦੇ ਨਾਲ ਆ ਕੇ ਬਾਬਾ ਜੀ ਦੇ ਦਰਸ਼ਨ ਕੀਤੇ । ਫਿਰ ਕੀ ਸੀ ? ਆਤਮਾ ਨੇ ਆਤਮਾ ਨੂੰ ਪਹਿਚਾਣ ਲਿਆ ਤੇ ਦੋਹਾਂ ਦੀ ਅਟੁੱਟ ਆਤਮਕ ਸਾਂਝ ਪੈਦਾ ਹੋ ਗਈ। ਸਾਲਸ ਰਾਏ ਨੇ ਸਿੱਖੀ ਦੇ ਪਰਚਾਰ ਤੇ ਬਾਬਾ



Digitized by Panjab Digital Library | www.panjabdigilib.org

ਜੀ ਦੀ ਯਾਦ ਵਿੱਚ ਧਰਮਸਾਲਾ ਬਣਾਈ ਜੋ ਅਜੇ ਵੀ ਪਟਨੇ ਵਿੱਚ 'ਸਾਲਸ ਰਾਏ ਦੀ ਧਰਮਸਾਲਾ' ਦੇ ਨਾਂ ਪਰਸਿੱਧ ਹੈ। ਗੁਰੂ ਸਾਹਿਬ ਕਾਫ਼ੀ ਦਿਨ ਪਟਨੇ ਠਹਿਰੇ ਤੇ ਸਾਲਸ ਰਾਏ ਤੋਂ ਛੁੱਟ ਕਈ ਹੋਰ ਵੀ ਸਿੱਖੀ ਦੇ ਸ਼ਰਧਾਵਾਨ ਬਣੇ।

ਪਟਨੇ ਤੋਂ ਬਾਬਾ ਜੀ ਗਯਾ ਗਏ ਜਿਥੇ ਮਹਾਤਮਾ ਬੁੱਧ ਨੂੰ ਬੋਹੜ ਦੇ ਰੁੱਖ ਥੱਲੇ ਗਿਆਨ ਹੋਇਆ ਸੀ। ਭੇਵੇ ਤੇ ਹਰਦੁਆਰ ਤੋਂ ਵੀ ਗਯਾ ਨੂੰ ਪਿੱਤਰਾਂ ਦੀ ਮੁਕਤੀ ਕਰਵਾਣ ਦਾ ਵੱਡਾ ਤੀਰਥ ਸਮਝਿਆ ਜਾਂਦਾ ਹੈ। ਹਿੰਦੂ ਤੀਰਥਾਂ ਤੇ ਗਿਆਂ ਪਤਾ ਲੱਗਦਾ ਹੈ ਕਿ ਪੰਡਤ ਤੇ ਪਾਂਡੇ ਧਰਮ ਦੀ ਸ਼ਰਧਾ ਨਾਲ ਕੋਈ ਸਬੰਧ ਨਹੀਂ ਰੱਖਦੇ, ਧਰਮ ਨੂੰ ਖਾਣ-ਖੱਟਣ ਤੇ ਵਿਪਾਰ ਦੇ ਤੌਰ ਤੇ ਵਰਤਦੇ ਹਨ। ਯਾਤਰੂ ਨੂੰ ਵੇਖ ਕੇ ਆਲੇ-ਦੁਆਲੇ ਹੁੰਦੇ ਨੇ ਤੇ ਹਰ ਇੱਕ ਉਸ ਨੂੰ ਆਪਣੀ ਜਜਮਾਨੀ-ਪਰੋਹਤੀ ਦੇ ਵਲੇਵੇਂ ਵਿੱਚ ਵਲਣ ਦਾ ਯਤਨ ਕਰਦਾ ਹੈ। ਕਈ ਵਾਰੀ ਤੇ ਯਾਤਰੂਆਂ ਦੀਆਂ ਪਾਂਡਿਆਂ ਨਾਲ ਤੇ ਜਾਂ ਪਾਂਡਿਆਂ ਦੀ ਆਪੋ ਵਿੱਚ ਖਿੱਚ-ਧਰੂਹ ਦੇ ਕਾਰਨ ਖ਼ਤਰਨਾਕ ਲੜਾਈਆਂ ਵੀ ਹੋ ਜਾਂਦੀਆਂ ਨੇ। ਬਾਬਾ ਜੀ ਨੂੰ ਵੇਖ ਕੇ ਪਾਂਡੇ ਹਰਲ ਹਰਲ ਕਰਦੇ ਭੱਜੇ ਆਏ ਤੇ ਦੁਆਲੇ ਹੋ ਗਏ। ਸਾਰੇ ਪੁੱਛਣ, "ਤੁਸੀਂ ਪਿੰਡ ਭਰਵਾਣ ਆਏ ਹੋ ? ਆਉ ਮੇਰੇ ਨਾਲ ਚੱਲੋ," ਗੁਰੂ ਸਾਹਿਬ ਨੇ ਕਿਹਾ, "ਮੈਂ ਪਿੰਡ ਭਰਵਾਣ ਨਹੀਂ ਆਇਆ ਇਸ ਵਹਿਮ ਦਾ ਭਰਮ ਦੂਰ ਕਰਨ ਆਇਆ ਹਾਂ।" ਇਸ ਗੱਲੋਂ ਪਾਂਡਿਆਂ ਦੀ ਤੇ ਬਾਬਾ ਜੀ ਦੀ ਬਹਿਸ ਸ਼ੁਰੂ ਹੋ ਗਈ ਤੇ ਅੰਤ ਨੂੰ ਪਾਂਡਿਆਂ ਦੇ ਭਰਮ ਦੀ ਨਵਿਰਤੀ ਹੋ ਗਈ। ਉਹਨਾਂ 'ਚੋਂ ਕਈ ਬਾਬਾ ਜੀ ਦੇ ਸਿੱਖ ਬਣੇ।

ਗਯਾ ਤੋਂ ਟੁਰ ਕੇ ਬਿਹਾਰ ਤੇ ਬੰਗਾਲ 'ਚੋਂ ਢਾਕੇ 'ਚੋਂ ਲੰਘਦੇ ਹੋਏ ਆਸਾਮ ਦੇ ਕਾਮਰੂਪ ਇਲਾਕੇ ਵਿੱਚ ਦਾਖਲ ਹੋਏ। ਇਹ ਦੇਸ ਜਾਦੂ ਤੇ ਟੂਣੇ-ਟੰਜਰਾਂ ਦਾ ਕੇਂਦਰ ਸੀ। ਮਰਦਾਨਾ ਕੁਝ ਖਾਣ ਪੀਣ ਲਈ ਲੈਣ ਵਾਸਤੇ ਧੰਨ ਪੁਰ ਦੇ ਨਗਰ ਵਿੱਚ ਗਿਆ। ਇੱਕ ਜਾਦੂਗਰਨੀ ਨੇ ਪਰਦੇਸੀ ਵੇਖਿਆ ਤੇ ਮਨ ਵਿੱਚ ਸ਼ਰਾਰਤ ਸੁਝੀ ਕਿ ਇਸ ਦਾ ਮੌਜੂ ਬਣਾਵਾਂ ਤੇ ਆਪਣੇ ਮਨ ਦਾ ਰਾਂਝਾ ਰਾਜ਼ੀ ਕਰਾਂ। ਕਹਿੰਦੇ ਨੇ ਕਿ ਉਹ ਬਹੁਤ ਹੀ ਸੁਨੱਖੀ ਔਰਤ ਸੀ। ਉਸ ਦਾ ਨਾਂ ਨੂਰ ਸ਼ਾਹ ਸੀ। ਉਸ ਨੇ ਮਰਦਾਨੇ ਨੂੰ ਪਿਆਰ ਨਾਲ ਆਪਣੇ ਘਰ ਦੇ ਵਿਹੜੇ ਵਿੱਚ ਸਦਿਆ ਤੇ ਫਿਰ ਆਪਣੇ ਜਾਦੂ ਨਾਲ ਉਸ ਦੀ ਮੱਤ ਮਾਰ ਕੇ ਤੇ ਉਸ ਦੀ ਸੋਚਣ ਸ਼ਕਤੀ ਨੂੰ ਆਪਣੀ ਮਰਜ਼ੀ ਜਾਂ 'ਵਿੱਲ ਪਾਵਰ' ਦੇ ਅਧੀਨ ਕਰਕੇ ਲੱਗੀ ਉਸ ਨਾਲ ਖ਼ਰਮਸਤੀਆਂ ਕਰਨ। ਕਦੀ ਉਸਨੂੰ ਉਠਾਏ, ਕਦੀ ਬਹਿਣ ਦਾ ਹੁਕਮ ਦੇਵੇ। ਕਦੀ ਘੋੜੇ ਵਾਂਗੂੰ ਪੈਰਾਂ ਤੇ ਹੱਥਾਂ ਦੀਆਂ ਤਲੀਆਂ ਦੇ ਭਾਰ ਛੱਤਰੇ ਵਾਂਗੂੰ ਮਿਮਿਆਣ ਲਈ ਹੁਕਮ ਦੇਵੇ ਤੇ ਮਰਦਾਨਾ ਛੱਤਰੇ ਵਾਂਗੂੰ ਪੈਰਾਂ ਤੇ ਹੱਥਾਂ ਦੀਆਂ ਤਲੀਆਂ ਦੇ ਭਾਰ ਛੱਤਰੇ ਜਾਂ ਭੇਡੂ ਵਾਂਗੂੰ ਜ਼ਮੀਨ ਤੇ ਮੇਮੀਂ ਬਣ ਕੇ ਮਿਆਂ ਮਿਆਂ ਕਰੀ ਜਾਂਦਾ ਸੀ ਤੇ ਨੂਰ ਸ਼ਾਹ ਦੇ ਹੁਕਮ ਦਾ ਬੱਝਾ ਹੋਇਆ ਪੁਚਕਾਰਿਆਂ, ਉਸ ਦੇ ਪਿੱਛੇ ਪਿੱਛੇ ਮੇਮੀਂ ਬਣ ਕੇ ਮਿਆਂ ਮਿਆਂ ਕਰਕੇ ਭੇਡ ਦੇ ਲੇਲੇ ਵਾਂਗੂੰ ਭੱਜਾ ਫਿਰਦਾ ਸੀ।

ਇਹ ਕੋਈ ਰੱਬੀ ਤਾਕਤ ਨਹੀਂ ਸੀ। ਹਰ ਰੋਜ਼ ਅਸੀਂ ਸ਼ਹਿਰਾਂ ਵਿੱਚ ਮੈਸਮਿਰਜ਼ਮ ਵਾਲਿਆਂ ਨੂੰ ਮਜਮੇ ਲਾ ਕੇ ਇਹ ਕਸਬ ਕਰਦਿਆਂ ਵੇਖਦੇ ਹਾਂ। ਮੈਸਮਿਰਜ਼ਨ ਦੀ ਸ਼ਕਤੀ ਵਾਲਾ 'ਆਮਲ' ਕਹਿਲਾਂਦਾ ਹੈ ਤੇ ਜਿਸ ਤੇ ਅਸਰ ਪਾਇਆ ਜਾਂਦਾ ਹੈ ਉਸ ਨੂੰ 'ਮਾਮੂਲ' ਆਖਦੇ ਨੇ। ਜਿਥੋਂ ਤੱਕ ਮੈਂ 'ਆਤਮਵਾਦ' (ਸੁਪਿਰਚੁਅਲਿਜ਼ਮ), ਜਾਦੂ (ਮੈਜਿਕ ਜਾਂ ਅਕਲਟਿਜ਼ਮ) ਦਾ ਅਧਿਅਨ ਕੀਤਾ ਹੈ; ਇਹ ਹੀ ਜਾਣਿਆ ਹੈ ਕਿ ਜਾਦੂ ਜਾਂ ਟੂਣੇ-ਟੰਜਰਾਂ ਦੀਆਂ ਸ਼ਕਤੀਆਂ ਦਾ



Digitized by Panjab Digital Library | www.panjabdigilib.org

ਮੁੱਢਲਾ ਨਿਯਮ ਹੀ ਇਹ ਹੈ ਕਿ ਉਹ ਕਮਜ਼ੋਰ-ਮਾਨਸਕ ਸ਼ਕਤੀ (ਵੀਕ ਵਿੱਲਪਾਵਰ) ਵਾਲੇ ਮਨੁੱਖ ਤੇ ਹੀ ਅਸਰ ਪਾਂਦੀਆਂ ਨੇ ਤੇ ਕਮਜ਼ੋਰ ਨੂੰ ਹੀ ਆਪਨਾ ਮਾਧਿਅਮ (ਮੀਡੀਅਮ) ਬਣਾਂਦੀਆਂ ਨੇ। ਜਿਵੇਂ ਆਮਲ ਚਾਹੁੰਦਾ ਹੈ ਉਸ ਦੀ ਇੱਛਾ ਅਨੁਸਾਰ ਹੀ ਮਾਮੂਲ ਹਰਕਤਾਂ ਕਰਦਾ ਹੈ।

ਮਰਦਾਨਾ ਮਨੁੱਖੀ ਸ਼ਰੀਰ ਬਦਲ ਕੇ ਸੱਚ ਮੁੱਕ ਛੱਤਰਾ ਨਹੀਂ ਸੀ ਬਣ ਗਿਆ। ਮੈਸ-ਮ੍ਰਿਜ਼ਮ ਜਾਂ ਜਾਦੂ ਦੇ ਅਸਰ ਹੇਠ ਹਰਕਤਾਂ ਉਸ ਤਰ੍ਹਾਂ ਦੀਆਂ ਕਰਦਾ ਸੀ।

ਮਰਦਾਨੇ ਨੂੰ ਨਗਰ ਵਿੱਚ ਗਿਆਂ ਦੇਰ ਹੋ ਗਈ ਪਰ ਵਾਪਸ ਨ ਆਇਆ। ਇਸ ਲਈ ਬਾਬਾ ਜੀ ਨੂੰ ਚਿੰਤਾ ਹੋਈ ਤਾਂ ਉਸਦਾ ਪਤਾ ਕਰਨ ਉਸ ਦੇ ਮਗਰ ਗਏ। ਕੁਦਰਤੀ ਨੂਰ ਸ਼ਾਹ ਦੇ ਵਿਹੜੇ ਵਿਚੋਂ ਉਹਨਾਂ ਨੂੰ ਮਰਦਾਨਾ ਨਜ਼ਰ ਆਇਆ। ਨੂਰ ਸ਼ਾਹ ਕੋਲ ਖਲੋਤੀ ਉਸ ਤੋਂ ਮਿਆਂ ਮਿਆਂ ਕਰਵਾਂਦੀ ਤੇ ਹੱਸ ਹੱਸ ਦੇ ਦੋਹਰੀ ਹੁੰਦੀ ਜਾਂਦੀ ਸੀ। ਬਾਬਾ ਜੀ ਨੇ ਇਸ ਦੇਸ਼ ਦੇ ਲੋਕਾਂ ਬਾਰੇ ਸਭ ਕੁਝ ਸੁਣਿਆ ਹੋਇਆ ਸੀ। ਸਮਝ ਗਏ ਤੇ ਸਤਿਕਰਤਾਰ ਕਹਿ ਕੇ ਨਿਧੜਕ ਨੂਰ ਸ਼ਾਹ ਦੇ ਵਿਹੜੇ ਵਿਚ ਜਾ ਵੜੇ। ਮਰਦਾਨੇ ਦੀ ਹਾਲਤ ਵੇਖ ਕੇ ਉਹ ਮੁਸਕਰਾਏ। ਨੂਰਸ਼ਾਹ ਨੇ ਬਾਬਾ ਜੀ ਤੇ ਵੀ ਆਪਨਾ ਛਿਲ-ਛਿਲੰਧਰ ਚਲਾਣਾ ਚਾਹਿਆ ਪਰ ਉਸ ਦੇ ਜਾਦੂ—ਜੱਪੇ ਦੀ ਤਾਕਤ ਬਾਬਾ ਜੀ ਦੀ ਇੱਕੋ ਆਤਮਕ ਨਿਗਾਹ ਨਾਲ ਹੀ ਖ਼ਤਮ ਹੋ ਗਈ। ਮਰਦਾਨੇ ਨੇ ਆਪਣੀ ਸੁਭਾਵਕ ਸੋਚ ਸ਼ਕਤੀ ਸੰਭਾਲੀ ਤੇ ਉਠ ਕੇ ਬਾਬਾ ਜੀ ਨੂੰ ਨਮਸਕਾਰ ਕੀਤੀ।

ਫਿਰ ਗੁਰੂ ਸਾਹਿਬ ਨੇ ਨੂਰ ਸ਼ਾਹ ਦਾ ਭੁਲੇਖਾ ਕਢਿਆ ਕਿ ਉਹ ਆਪਣੀ ਜ਼ਿੰਦਗੀ ਫਜ਼ੂਲ ਨਾਟਕਾਂ ਚੇਟਕਾਂ ਵਿੱਚ ਫਸ ਕੇ ਕਿਉਂ ਜ਼ਾਇਆ ਕਰ ਰਹੀ ਹੈ। ਰੱਬ ਦੇ ਨਾਂ ਦਾ ਸਹਾਰਾ ਲੈ ਕੇ ਜਨਮ ਸਫ਼ਲਾ ਕਰਨ ਦੀ ਸਿਖਿਆ ਦਿੱਤੀ। ਨੂਰਸ਼ਾਹ ਆਪਣੇ ਮੁਰੀਦਾਂ ਸਮੇਤ ਸਿੱਖ ਬਣੀ ਤੇ ਇਸ ਤਰ੍ਹਾਂ ਬਾਬਾ ਜੀ ਜਾਦੂਗਰਾਂ ਤੇ ਜਾਦੂ-ਗਰਣੀਆਂ ਤੇ ਸੱਚ ਤੇ ਰੱਬੀ ਸਿਫ਼ਤ ਦਾ ਸਦੀਵੀ ਜਾਦੂ ਕਰਕੇ ਉੜੀਸਾ ਦੇਸ ਨੂੰ ਚੱਲੇ ਗਏ।

ਉੜੀਸਾ ਦੇਸ਼ ਵਿੱਚ ਜਗਨ ਨਾਥ ਪੁਰੀ ਦਾ ਮੰਦਰ ਹਿੰਦੂਆਂ ਦੀ ਖਾਸ ਮਹਾਨਤਾ ਤੇ ਮਾਣਤਾ ਵਾਲਾ ਤੀਰਥ ਹੈ। ਏਥੇ ਕ੍ਰਿਸ਼ਨ ਭਗਵਾਨ ਦੀ ਯਾਦ ਵਿੱਚ ਬੜਾ ਭਾਰਾ ਮੰਦਰ ਹੈ। ਬਨਾਰਸ ਦੇ ਆਰੇ ਜਾਂ ਕਲਵਤ੍ਰ ਵਾਂਗੂੰ ਏਥੇ ਦੇਵਤੇ ਦੇ ਰੱਥ ਦੇ ਪਹੀਏ ਵੀ ਸਦੀਆਂ ਤੋਂ ਭੋਲੇ ਭਾਲੇ ਸ਼ਰਧਾਲੂਆਂ ਦੀ ਜਾਣ ਲੈਣ ਦੇ ਹਥਿਆਰ ਬਣੇ ਹੋਏ ਨੇ। ਮੈਂ ਏਥੇ ਜਗ੍ਹਾ ਦੀ ਥੁੜ ਕਾਰਨ ਜਗਨ ਨਾਥ ਦੇ ਮੰਦਰ ਦੀਆਂ ਰਹੁ ਰੀਤੀਆਂ ਤੇ ਪਾਂਡਿਆਂ ਦੀ ਗਿਰਾਵਟ ਬਾਰੇ ਵਿਸਥਾਰ ਨਾਲ ਨਹੀਂ ਦੱਸਦਾ। ਜਿਨ੍ਹਾਂ ਲੋਕਾਂ ਨੇ ਅਖੀਂ ਜਾ ਕੇ ਸਭ ਕੁਝ ਵੇਖਿਆ ਹੈ ਉਹ ਕੰਨਾਂ ਤੇ ਹੱਥ ਧਰਕੇ ਆ ਜਾਂਦੇ ਨੇ।

ਏਥੇ ਮੈਂ ਜਗਨ ਨਾਥ ਬਾਰੇ ਸੰਖੇਪ ਜਿਹੀ ਵਾਕਫ਼ੀ ਦੇਂਦਾ ਹਾਂ। ਕਹਿੰਦੇ ਨੇ ਕਿ ਜਦੋਂ ਕ੍ਰਿਸ਼ਨ ਭਗਵਾਨ ਨੂੰ ਜਰਾਸੰਧ ਸ਼ਿਕਾਰੀ ਨੇ ਮਾਰ ਦਿੱਤਾ ਤਾਂ ਕਈ ਦਿਨ ਉਸ ਦਾ ਮ੍ਰਿਤਕ ਸਰੀਰ ਇੱਕ ਰੁੱਖ ਦੇ ਹੇਠਾਂ ਪਿਆ ਰਿਹਾ। ਇੱਕ ਭਲੇ ਪੁਰਸ਼ ਨੇ ਵੇਖ ਕੇ ਇਸ ਸਰੀਰ ਦਾ ਸਸਕਾਰ



Digitized by Panjab Digital Library | www.panjabdigilib.org

ਕੀਤਾ ਤੇ ਸੁਆਹ ਤੇ ਅਸਥੀਆਂ ਆਦਿ ਇੱਕ ਸੰਦੂਕ ਵਿੱਚ ਬੰਦ ਕਰਕੇ ਉਸ ਥਾਂ ਕੋਲ ਦੱਬ ਦਿੱਤੀਆਂ। ਆਵੰਤੀ ਦੇ ਰਾਜੇ ਇੰਦਰਦੁਮਨ ਨੇ ਦੈਵੀ ਕਲਾਕਾਰ, ਵਿਸ਼ਵਾਕਰਮਾ ਨੂੰ ਉਹਨਾਂ ਅਸਥੀਆਂ ਤੋਂ ਕ੍ਰਿਸ਼ਨ ਦਾ ਬੁੱਤ ਬਣਾਨ ਲਈ ਕਿਹਾ। ਉਹ ਮੰਨ ਗਿਆ ਪਰ ਇਸ ਸ਼ਰਤ ਤੇ ਕਿ ਜਿੰਨਾ ਚਿਰ ਬੁੱਤ ਬਣ ਨ ਜਾਏ, ਉਸ ਨੂੰ ਆ ਕੇ ਵੇਖੇ ਕੋਈ ਨ। ਇੰਦਰਦੁਮਨ ਪੰਦਰਾਂ ਕੁ ਦਿਨਾਂ ਬਾਅਦ ਬੁੱਤ ਵੇਖਣ ਲਈ ਬੇਸਬਰਾ ਹੋ ਗਿਆ ਤੇ ਚੋਰੀ ਚੋਰੀ ਵਿਸ਼ਵਾਕਰਮਾ ਦੇ ਬੁੱਤ ਨੂੰ ਵੇਖਣ ਲੱਗਾ। ਵਿਸ਼ਵਾਕਰਮਾ ਨੂੰ ਪਤਾ ਲੱਗ ਗਿਆ ਤੇ ਉਹ ਗੁੱਸੇ ਵਿਚ ਆ ਕੇ, ਅਧੂਰਾ ਬੁੱਤ ਛੱਡ ਕੇ ਪੂਰਾ ਕਰਨ ਤੋਂ ਇਨਕਾਰ ਕਰਕੇ ਬੁੱਤ ਨੂੰ ਹੱਥ ਤੇ ਪੈਰ ਬਣਾਨ ਤੋਂ ਬਿਨਾਂ ਹੀ ਛੱਡ ਕੇ ਚਲਾ ਗਿਆ। ਫਿਰ ਇਸ ਦੀਆਂ ਅੱਖੀਂ ਬ੍ਰਹਮਾ ਨੇ ਆਪ ਬਣਾਈਆਂ ਅਤੇ ਇਸ ਦੇ ਪੁਜਾਰੀ ਦੇ ਤੌਰ ਤੇ ਵੀ ਆਪ ਕੰਮ ਕੀਤਾ। ਇਸ ਅਵਸਰ ਤੇ ਇੰਦਰਦੁਮਨ ਨੇ ਸੌ ਘੋੜਿਆਂ ਨੂੰ ਮਾਰ ਕੇ ਅਸਵ-ਮੇਧ (ਜੱਗ) ਕੀਤਾ।

ਇਤਿਹਾਸਕ ਤੌਰ ਤੇ ਜਗਨ ਨਾਥ ਤੇ ਪੁਰੀ ਦੋਹਾਂ ਬਾਰੇ ਕਾਫ਼ੀ ਝੰਜਟ ਹੈ। ਕਈ ਲੇਖਕਾਂ ਅਨੁਸਾਰ ਜਗਨ ਨਾਥ ਮੁੱਢਲੇ ਤੌਰ ਤੇ ਇਸ ਇਲਾਕੇ ਦੇ ਕੋਲਾਰ ਕਬੀਲੇ ਦਾ ਦੇਵਤਾ ਸੀ ਤੇ ਪੁਰੀ ਉਹਨਾਂ ਦਾ ਪਵਿੱਤਰ ਧਾਰਮਕ ਅਸਥਾਨ ਸੀ। ਪੁਰੀ ਉਹ ਥਾਂ ਵੀ ਹੈ ਜਿਥੇ ਸਵੇਤਦੀਪ ਯੂਨਾਨ, ਸਕੰਦਰੀਆ, ਪਾਰਥੀਆ ਤੇ ਸਿੱਥੀਆ ਦੇ ਇਲਾਕੇ ਤੋਂ ਲਿਆ ਕੇ ਸਭ ਤੋਂ ਪਹਿਲਾਂ ਅਗਨੀ ਜਲਾਈ ਗਈ ਸੀ।

ਬੋਧੀਆਂ ਅਨੁਸਾਰ ਪੁਰੀ ਦਾ ਨਾਂ 'ਦੰਤਪੁਰ' ਹੈ ਜਿਥੇ ਮਹਾਤਮਾ ਬੁੱਧ ਦਾ ਖੱਬਾ ਸੂਆ-ਦੰਦ (ਲੈਫਟ ਕੇਨਾਈਨ) ਸਾਂਭ ਕੇ ਰਖਿਆ ਹੋਇਆ ਸੀ ਜਿਹੜਾ ਬਾਅਦ ਵਿੱਚ ਲੰਕਾ ਪੁਚਾਇਆ ਗਿਆ। ਇਤਿਹਾਸ ਅਨੁਸਾਰ ੩੦੦ ਈਸਵੀ ਵਿੱਚ ਉੜੀਸਾ ਦੇਸ਼ ਦਾ ਇਲਾਕਾ ਹਿੰਦੂ ਬਣ ਚੁੱਕੇ ਯਵਨ (ਯੂਨਾਨੀ) ਲੋਕਾਂ ਦੇ ਰਾਜ ਵਿੱਚ ਸੀ ਤੇ ਸਭ ਤੋਂ ਪਹਿਲਾਂ ਕ੍ਰਿਸ਼ਨ ਦਾ ਬੁੱਤ ੩੧੯ ਈਸਵੀ ਵਿੱਚ ਵੇਖਿਆ ਗਿਆ ਤੇ ਇਸ ਦੇ ਦੁਆਲੇ ਮੰਦਰ ਬਣਾ ਦਿੱਤਾ ਗਿਆ। ਇਸ ਤੋਂ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਇਹ ਬੁੱਤ ਪਰਦੇਸ ਤੋਂ ਲਿਆਇਆ ਗਿਆ ਸੀ ਤੇ ਏਸੇ ਤਰ੍ਹਾਂ ਹੀ ਇੰਦਰਦੁਮਨ ਦੀ ਰਵਾਇਤੀ ਕਹਾਣੀ ਵੀ। ਅੱਜ ਦਿੱਸ ਰਿਹਾ ਮੰਦਰ ਕੇਸਰੀ ਖ਼ਾਨਦਾਨ ਦੇ ਕਿਸੇ ਰਾਜੇ ਨੇ ੫੦੦ ਈਸਵੀ ਵਿੱਚ ਬਣਾਇਆ ਸੀ। ਇਸ ਮੰਦਰ ਦੀ ਉਸਾਰੀ ਤੇ ਬਣਾਵਟ ਵਿੱਚ ਸਮੇਂ ਸਮੇਂ ਵਾਧਾ ਹੁੰਦਾ ਰਿਹਾ ਤੇ ਇਸ ਦੀ ਖ਼ਾਸ ਵੱਡੀ ਉਸਾਰੀ ਰਾਜੇ ਗੰਗਾ ਨੇ ੧੨੦੦ ਈਸਵੀ ਵਿੱਚ, ਆਪਣੇ ਹੱਥੋਂ ਇੱਕ ਬਰਾਹਮਣ ਦੇ ਮਰ ਜਾਣ ਦੇ ਪਾਪਾ ਦੀ ਮਾਫ਼ੀ ਲਈ ਕਰ-ਵਾਈ ਸੀ।

ਜਗਨ ਨਾਥ ਮੰਦਰ ਦੀ ਚਾਰ ਦੀਵਾਰੀ ੬੫੨ ਫ਼ੁੱਟ ਲੰਮੀ ਤੇ ੬੩੦ ਫੁੱਟ ਚੌੜੀ ਹੈ। ਇਸ ਪੱਥਰ ਦੀ ਚਾਰਦੀਵਾਰੀ ਦੀ ਉਚਾਈ ਵੀਹ ਫੁੱਟ ਹੈ, ਇਸ ਚਾਰਦੀਵਾਰੀ ਵਿੱਚ ਕੋਈ ਸੌ ਕੋ ਮੰਦਰ ਨੇ—ਜਿਨ੍ਹਾਂ ਵਿੱਚ ਕ੍ਰਿਸ਼ਨ, ਵਿਸ਼ਨੂੰ, ਸ਼ਿਵਜੀ ਤੇ ਸੂਰਜ ਦੇਵਤੇ ਆਦਿ ਦੀਆਂ ਮੂਰ-ਤੀਆਂ ਨੇ। ਵੱਡੇ ਮੰਦਰ ਦਾ ਕਲਸ ੨੦੦ ਫ਼ੁੱਟ ਉਚਾ ਹੈ ਤੇ ਇਸ ਵਿੱਚ ਕ੍ਰਿਸਨ (ਜਗਨ ਨਾਥ),



Digitized by Panjab Digital Library | www.panjabdigilib.org

ਉਸ ਦੇ ਭਰਾ ਬਲਭੱਧਰ ਜਾਂ ਬਲਰਾਮ ਤੇ ਇਸ ਦੀ ਭੈਣ ਸੁਭੱਧਰਾਂ ਦੇ ਬੁੱਤ ਨੇ। ਬੀ. ਕੇ. ਬੋਸ ਦੀ, 'ਹਿਸਟਰੀ ਆਫ਼ ਪੁਰੀ' ਅਨੁਸਾਰ ਬੁੱਤ, 'ਲਕੜ ਦੇ ਬਦਸੂਰਤ ਜਿਹੇ ਮੋਟੇ-ਧੂਤ ਧੜ ਹਨ।" ਜਗਨ ਨਾਥ ਦੇ ਸਿਰ ਤੇ ਇੱਕ ਹੀਰਾ ਜੜਿਆ ਹੋਇਆ ਹੈ। ਲੋਕ ਇਸ ਦੇਵਤੇ ਨੂੰ ਬੜੇ ਬੜੇ ਕੀਮਤੀ ਨਜ਼ਰਾਨੇ ਦੇਂਦੇ ਨੇ ਤਾਕਿ ਉਹਨਾਂ ਦਾ ਨਾਂ ਸਦਾ ਲਈ ਰਹਿ ਜਾਵੇ। ਕਈ ਇਤ-ਹਾਸਕਾਰਾਂ ਮੁਤਾਬਿਕ ਮਹਾਰਾਜਾ ਰਣਜੀਤ ਸਿੰਘ ਨੇ ਵੀ ਮਰਦੀ ਵਾਰੀ ਕਿਹਾ ਸੀ ਕਿ ਕੋਹੇਨੂਰ ਹੀਰਾ ਮੇਰੇ ਮਰਨ ਤੋਂ ਬਾਅਦ, ਜਗਨ ਨਾਥ ਪੁਰੀ ਦੇ ਮੰਦਰ ਤੇ ਚੜ੍ਹਾ ਦਿੱਤਾ ਜਾਵੇ ਪਰ ਉਹ ਹੀਰਾ ਲਾਰਡ ਡਲਹੌਜ਼ੀ ਨੇ ਆਪਣੀ ਮਲਕਾ ਦੇ ਤਾਜ ਲਈ ਮਿਸਟਰ ਰੈਮਜ਼ੇ ਦੇ ਹੱਥ ਵਲਾਇਤ ਭੇਜ ਦਿੱਤਾ ਜਿਸ ਦੇ ਕੁਝ ਟੋਟੇ ਹੁਣ ਬਰਤਾਨੀਆਂ ਦੇ ਸ਼ਾਹੀ ਤਾਜ ਵਿੱਚ ਜੜੇ ਹੋਏ ਨੇ।

ਇਸ ਮੰਦਰ ਵਿੱਚ ੬,੦੦੦ ਪੁਜਾਰੀ ਕੰਮ ਕਰਦੇ ਨੇ ਜਿਹੜੇ ਛੱਤੀ ਫਿਰਕਿਆਂ ਤੇ ੯੭ ਸ਼ਰੇਣੀਆਂ ਵਿੱਚ ਵੰਡੇ ਹੋਏ ਹਨ। ਦੇਵਤੇ ਨੂੰ ਜਗਾਣਾ, ਨਵ੍ਹਾਣਾ, ਕਪੜੇ ਪਾਣੇ, ਖੁਆਣਾ-ਪਿਆਣਾ ਤੇ ਧੂਪ ਆਦਿ ਦੇਣ ਦੇ ਸਾਰੇ ਕੰਮ ਵੱਖ ਵੱਖ ਫ਼ਿਰਕਿਆਂ ਤੇ ਸ਼ਰੇਣੀਆਂ ਵਿੱਚ ਵੰਡੇ ਹੋਏ ਨੇ। ਇਹਨਾਂ ਤੋਂ ਛੁੱਟ ਬਹੁਤ ਸਾਰੀਆਂ ਦੇਵਦਾਸੀਆਂ ਵੀ ਨਿਯੁਕਤ ਨੇ ਜੋ ਹਾਰ ਸ਼ਿੰਗਾਰ ਲਾ ਕੇ ਤੇ ਨੱਚ ਕੇ ਦੇਵਤੇ ਤੇ ਦਰਸ਼ਕਾਂ ਨੂੰ ਖੁਸ਼ ਕਰਦੀਆਂ ਨੇ। ੨੦,੦੦੦ ਮਨੁੱਖਾਂ ਦੀ ਉਪ-ਜੀਵਕਾ ਇਸ ਮੰਦਰ ਦੀ ਪੂਜਾ ਦਾ ਧਨ ਹੈ।

ਵੈਸੇ ਪੂਜਾ ਦਾ ਧਨ ਖਾਣ ਦੇ ਪੱਖ ਵਿੱਚ ਤਾਂ ਹਰ ਧਰਮ ਦੇ ਸਬੰਧਤ ਪੁਜਾਰੀਆਂ ਤੇ ਮੁਲਾਜ਼ਮਾਂ ਦਾ ਧਾਰਮਕ ਅਸਥਾਨਾਂ ਦੇ ਤੀਰਥਾਂ ਉਤੇ ਇਹ ਹਾਲ ਹੀ ਹੈ—ਭਾਵੇਂ ਜਗਨ ਨਾਥ ਪੁਰੇ ਹੋਵੇ ਤੇ ਭਾਵੇ ਮੱਕਾ, ਹਰਦੁਆਰ ਜਾਂ ਅੰਮ੍ਰਿਤਸਰ ਦਾ ਸਿੱਖਾਂ ਦਾ ਸਭ ਤੋਂ ਵੱਡਾ ਧਾਰਮਕ ਅਸਥਾਨ ਹਰਿਮੰਦਰ ਸਾਹਿਬ ਹੋਵੇ। ਧਾਰਮਕ ਅਸਥਾਨਾਂ ਦੇ ਪੁਜਾਰੀਆਂ ਤੇ ਹੋਰ ਮੁਲਾਜ਼ਮਾਂ ਬਾਰੇ ਅੰਗਰੇਜ਼ੀ ਦਾ ਅਖਾਣ, "ਨੀਅਰਰ ਦਾ ਚਰਚ ਫ਼ਾਰਦਰ ਫ਼ਰਾਮ ਦਾ ਹੈਵਨ" (ਜਿੰਨਾ ਗਿਰਜ਼ੇ ਦੇ ਨੇੜੇ ਓਨਾ ਸਵਰਗ ਭਾਵ ਰੱਬ ਦੇ ਘਰੋਂ ਦੂਰ), ਬਿਲਕੁਲ ਠੀਕ ਹੈ ਕਿਉਂਕਿ ਇਹਨਾਂ ਲੋਕਾਂ ਵਿੱਚ ਲੋਭ ਹੁੰਦਾ ਹੈ, ਸ਼ਰਧਾ ਦੀ ਆਤਮਕ ਲਟਕ ਜਾਂ ਭਾਵਨਾ ਬਿਲਕੁੱਲ ਨਹੀਂ ਹੁੰਦੀ।

ਜਗਨ ਨਾਥ ਪੁਰੀ ਦੀ ਯਾਤਰਾ ਲਈ ਹਰ ਸਾਲ ਦੋ ਵਾਰੀ ਸਾਰੇ ਹਿੰਦੁਸਤਾਨ ਤੋਂ ਹਿੰਦੂ ਸ਼ਰਧਾਲੂ ਇੱਕਤਰ ਹੁੰਦੇ ਨੇ—ਇੱਕ ਵਾਰੀ ਜਗਨ ਨਾਥ ਦੇ ਬੁੱਤ ਦਾ ਇਸ਼ਨਾਨ ਕਰਵਾਣ ਸਮੇਂ ਤੇ ਫਿਰ ਹਾੜ ਜਾਂ ਜੂਨ ਜੁਲਾਈ ਵਿੱਚ ਜਦੋਂ ਇਸ ਬੁੱਤ ਨੂੰ ਬੜੇ ਸਜੇ-ਧਜੇ ਰੱਥ ਵਿੱਚ ਬਿਠਾ ਕੇ ਅੱਠਾਂ ਦਿਨਾਂ ਵਿੱਚ ਇੱਕ ਮੀਲ ਦੀ ਦੂਰੀ ਤੇ ਉਸ ਦੇ ਸੁੰਦਰ ਬਾਗ ਵਿੱਚ ਬਣੇ ਹੋਏ ਮੰਦਰ ਵਿੱਚ ਲੈ ਜਾਇਆ ਜਾਂਦਾ ਹੈ ਅਤੇ ਉਸ ਨੂੰ ਉਸਦੇ ਵਿਆਹ ਤੇ ਬਰਾਤ ਦੀ ਭਾਵਨਾ ਨਾਲ ਲਿਜਾਇਆ ਜਾਂਦਾ ਹੈ। ਰੱਥ ਦੇ ਬੜੇ ਵੱਡੇ ਛੇ ਪਹੀਏ ਨੇ। ਰੱਥ ੪੫ ਫੁੱਟ ਉੱਚਾ ਹੈ ਤੇ ਇਸ ਦੇ ਅੰਦਰ ਬਹਿਣ ਲਈ ੩੫ ਮੁਰੱਬਾ ਫੁੱਟ ਦੀ ਥਾਂ ਹੈ। ਇਹ ਰੱਥ ਵੱਡਾ ਏਡਾ ਹੈ ਤੇ ਭਾਰਾ ਹੈ ਕਿ ਇਸ ਨੂੰ ੪੨੦੦ ਬੰਦੇ ਖਿੱਚਦੇ ਨੇ ਜਿਨ੍ਹਾਂ ਨੂੰ ਖਿਚਣ ਦੀ ਖਾਸ ਸਿੱਖਿਆ ਦਿੱਤੀ ਹੁੰਦੀ ਹੈ। ਮੁੱਕਤੀ ਪ੍ਰਾਪਤ ਕਰਨ ਲਈ ਪਹਾੜਾਂ ਦੀਆਂ ਚੋਟੀਆਂ ਤੋਂ ਛਾਲ ਮਾਰਕੇ ਮਰਨ, ਬਰਫਾਂ ਵਿੱਚ



Digitized by Panjab Digital Library | www.panjabdigilib.org

ਗਲਣ, ਭੁੱਖ ਨੰਗ ਜਾਂ ਹੋਰ ਕੜੀ ਤਪੱਸਿਆ ਨਾਲ ਘੁਲ ਘੁਲ ਕੇ ਮਰਨ, ਕਾਂਸ਼ੀ ਦੇ ਕਲ-ਵਤਰ ਨਾਲ ਤਨ ਚਿਰਵਾਣ ਅਤੇ ਵਿਧਵਾ ਲਈ ਸਤੀ ਹੋ ਕੇ ਸੜਨ ਆਦਿ ਦੇ ਹਿੰਦੂ ਤ੍ਰੀਕਿਆਂ ਵਿਚੋਂ ਜਗਨ ਨਾਥ ਦੇ ਰੱਥ ਹੇਠ ਆ ਕੇ ਮਰ ਜਾਣਾ ਵੀ ਰੱਬ ਨੂੰ ਮਿਲਣ ਦਾ ਇੱਕ ਸਾਧਨ ਸਮਝਿਆ ਜਾਂਦਾ ਸੀ ਤੇ ਹਰ ਸਾਲ ਹਾੜ ਦੇ ਮੇਲੇ ਦੇ ਸਮੇਂ ਕਈ ਸ਼ਰਧਾਲੂ ਯਾਤਰੂ ਆਪਣੀ ਜ਼ਿੰਦਗੀ ਰੱਥ ਦੇ ਪਹੀਆਂ ਹੇਠ ਲੇਟ ਕੇ ਖਤਮ ਕਰ ਜਾਂਦੇ। ਇਸ ਮਨੁੱਖ-ਮਾਰੂ ਰਸਮ ਨੂੰ ਅੰਗਰੇਜ਼ਾਂ ਨੇ ਕਾਨੂੰਨ ਖ਼ਤਮ ਕੀਤਾ।

ਸਭ ਤੋਂ ਮਾੜੀ ਕਰਤੂਤ ਜਗਨ ਨਾਥ ਦੇ ਸਹੁਰੇ ਘਰ ਦੇ ਬਾਗ ਵਿੱਚ ਹੁੰਦੀ ਹੈ ਜਿਥੇ ਉਸ ਦੇ ਬੁੱਤ ਨੇ ਰਾਤ ਕੱਟਣੀ ਹੁੰਦੀ ਹੈ ਤੇ ਜਿਥੇ ਉਸਦੀ ਕਿਸੇ ਨ ਕਿਸੇ ਸ਼ਰਧਾ ਦੀ ਮਾਰੀ ਹੋਈ ਭੋਲੀ ਭਾਲੀ ਦੁਲਹਣ ਨੇ ਰਾਤੀਂ ਉਸ ਦੇ ਦਰਸ਼ਨ ਕਰਨੇ ਹੁੰਦੇ ਹਨ। ਫਰਾਂਸਸੀ ਯਾਤਰੂ ਬੇਰਨੀਅਰ ਨੇ ੧੬੫੬ ਤੋਂ ੧੬੬੮ ਤੱਕ ਹਿੰਦੁਸਤਾਨ ਦੇ ਵੱਖ ਵੱਖ ਥਾਂ ਵੇਖੇ ਤੇ ਉਹ ਜਗਨ ਨਾਥ ਦੇ ਵਿਆਹ ਅਤੇ ਪਾਂਡਿਆਂ ਦੀ ਕਰਤੂਤ ਦਾ ਅਖੀਂ ਡਿੱਠਾ ਹਾਲ ਆਪਣੀ ਸੰਸਾਰ ਪ੍ਰਸਿੱਧ ਕਿਤਾਬ, 'ਟਰੈਵਲਜ਼ ਇੰਨ ਮੁਗਲ ਐਂਪਾਇਰ' ਵਿੱਚ ਦੇਂਦਾ ਹੈ। ਉਸ ਤੋਂ ਛੁੱਟ ਕਈ ਹੋਰ ਲਿਖਾਰੀਆਂ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ। ਜਗਨ ਨਾਥ ਦੇ ਰੱਥ ਦੇ ਪਹੀਆਂ ਦਾ ਏਨਾ ਭਾਰ ਹੈ ਕਿ ਜੋ ਚੀਜ਼ ਵੀ ਇਹਨਾਂ ਦੇ ਹੇਠ ਆ ਜਾਵੇ ਪਾਸ਼ ਪਾਸ਼ ਹੋ ਜਾਂਦੀ ਹੈ। ਏਸੇ ਲਈ ਤਾਂ ਇਸ ਨੂੰ ਤਾਂ ਇਸ ਦੇ ਹੇਠਾਂ ਲੇਟਦੇ ਸ਼ਰਧਾਲੂਆਂ ਨੂੰ ਵੇਖ ਕੇ ਅੰਗਰੇਜ਼ ਤੇ ਹੋਰ ਯੋਰਪੀਨ ਲਿਖਾਰੀਆਂ ਦੇ ਪਰਭਾਵ ਹੇਠਾਂ ਅੰਗਰੇਜ਼ੀ ਜ਼ਬਾਨ ਦਿਆਂ ਕੋਸ਼ਾਂ ਵਿੱਚ, "ਜੱਗਰਨਾਟ" ਦੇ ਸ਼ਬਦ ਦਾ ਅਰਥ, "ਐਨੀ ਟੈਰੀਬਲ ਆਰ ਇੱਰੀਜ਼ਿਸਟੇਬਲ ਫ਼ੋਰਸ" (ਕੋਈ ਵੀ ਭਿਆਨਕ ਜਾਂ ਅਟਾਕਰਕ ਸ਼ਕਤੀ) ਕੀਤਾ ਗਿਆ ਹੈ। ਧਾਰਮਕ ਅਸਥਾਨਾਂ ਦੇ ਪੁਜਾਰੀਆਂ ਤੇ ਕਰਮਚਾਰੀਆਂ ਦਾ ਪਾਖੰਡ ਵੇਖਕੇ ਸੱਚੀ ਸ਼ਰਧਾ ਵਾਲੇ ਲੋਕਾਂ ਦੀ ਸ਼ਰਧਾ ਧਰਮ ਵਿੱਚ ਵਧਣ ਦੀ ਥਾਂ ਘੱਟ ਜਾਂ ਮੁੱਕ ਹੀ ਜਾਂਦੀ ਹੈ ਅਤੇ ਇਹਨਾਂ ਦੇ ਕਾਰਨ ਹੀ ਸੰਸਾਰ ਦੇ ਲੱਖਾਂ ਲੋਕ, ਨਾਸਤਕ ਬਣਦੇ ਜਾ ਰਹੇ ਹਨ। ਇਹੋ ਜਿਹੇ ਲੋਕਾਂ ਬਾਰੇ ਕਿਸੇ ਸ਼ਾਇਰ ਨੇ ਸੱਚ ਹੀ ਕਿਹਾ ਹੈ :—

ਖ਼ੁਦਾ ਕੇ ਬੰਦੋ ਕੋ ਦੇਖ ਕਰ ਹੀ ਖੁਦਾ ਸੇ ਮਨਕਿਰ ਹੂਈ ਹੈ ਦੁਨੀਆਂ,
ਕਿ ਐਸੇ ਬੰਦੇ ਹੈਂ ਜਿਸ ਖ਼ੁਦਾ ਕੇ ਵੁਹ ਕੋਈ ਅੱਛਾ ਖੁਦਾ ਨਹੀਂ ਹੈ।

ਪੰਡਤਾਂ-ਪਾਂਡਿਆਂ ਦੇ ਇਹੋ ਜਿਹੇ ਜਗਨ ਨਾਥ ਪੁਰੀ ਦੇ ਵਰਤਾਰੇ ਨੂੰ ਆਪਣੀ ਅੱਖੀਂ ਦੇਖਣ ਲਈ ਹੀ ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਓਥੇ ਗਏ ਸਨ। ਕਿੰਨੇ ਦਿਨ ਉਹਨਾਂ ਨੇ ਉਥੋਂ ਦੇ ਪੰਡਤਾਂ ਤੇ ਯਾਤਰੂਆਂ ਦੇ ਕਰਮਕਾਂਡ ਤੇ ਹੋਰ ਕਾਰ ਵਿਹਾਰ ਨੂੰ ਵੇਖਿਆ। ਇੱਕ ਦਿਨ ਸ਼ਾਮ ਨੂੰ ਉਹ ਵੱਡੇ ਮੰਦਰ ਦੀ ਆਰਤੀ ਦੀ ਪ੍ਰਾਰਥਨਾ ਵਿੱਚ ਜਾ ਸ਼ਾਮਲ ਹੋਏ। ਪੁਜਾਰੀ ਤੇ ਹੋਰ ਸਾਰੇ ਸ਼ਰਧਾਲੂ ਸੁਗੰਧੀ ਨਾਲ ਭਰਪੂਰ ਧੂਪਾਂ ਧੁਖਾ ਕੇ ਤੇ ਥਾਲਾਂ ਵਿੱਚ ਫੁੱਲ, ਦੀਵੇ ਤੇ ਕੀਮਤੀ ਹੀਰੇ ਜਵਾਹਰ ਰੱਖ ਕੇ ਦੇਵਤੇ ਦੀ ਆਰਤੀ ਕਰਨ ਲੱਗੇ। ਸਾਰੇ ਲੋਕਾਂ ਚੋਂ ਸਿਰਫ਼ ਇੱਕ ਬਾਬਾ ਜੀ ਹੀ ਸਨ ਜੋ ਖੜੇ ਨਾ ਹੋਏ ਅਤੇ ਨਾ ਹੀ ਉਹਨਾਂ ਦੂਜੇ ਉਪਾਸ਼ਕਾਂ ਦੇ ਨਾਲ ਮੰਤਰ



Digitized by Panjab Digital Library | www.panjabdigilib.org

ਆਦ ਪੜ੍ਹੇ। ਇਹ ਵਤੀਰਾ ਪੁਜਾਰੀਆਂ ਨੂੰ ਬੜਾ ਬੁਰਾ ਲੱਗਾ ਅਤੇ ਉਹਨਾਂ ਕਿਹਾ, "ਤੂੰ ਕਿਹੋ ਜਿਹਾ ਯਾਤਰੂ ਹੈਂ ? ਆਰਤੀ ਵਿੱਚ ਵੀ ਸ਼ਾਮਲ ਨਹੀਂ ਹੋਇਆ। ਇਸ ਤਰ੍ਹਾਂ ਤੇ ਦੇਵਤਾ ਨਾਰਾਜ਼ ਹੋ ਜਾਇਗਾ।" ਗੁਰੂ ਸਾਹਿਬ ਨੇ ਆਖਿਆ, "ਪੁਰਖੋ, ਮੈਂ ਨ ਤੁਹਾਡੇ ਦੇਵਤੇ ਨੂੰ ਮੰਨਦਾ ਹਾਂ ਤੇ ਨ ਤੁਹਾਡੀ ਇਸ ਵਖਾਲੇ ਦੀ ਆਰਤੀ ਨੂੰ। ਮੈਂ ਤੇ ਮਨ ਟਿਕਾ ਕੇ ਤੇ ਇਕਾਗਰ ਹੋ ਕੇ ਆਪਣੇ ਕਰਤਾਰ ਦੀ ਆਰਤੀ ਕਰ ਲਈ ਹੈ ਜਿਸ ਦੀ ਆਰਤੀ ਵਿੱਚ ਸਾਰੀ ਕੁਦਰਤ ਹਾਜ਼ਰ ਹੈ। ਪੰਡਤਾਂ ਨੇ ਕਿਹਾ, "ਸਾਨੂੰ ਤੇਰੀ ਗੱਲ ਦੀ ਇਸ ਤਰ੍ਹਾਂ ਸਮਝ ਨਹੀਂ ਆਉਂਦੀ। ਸਾਨੂੰ ਤਾਂ ਸੁਣਾ ਕੇ ਦੱਸ ਕਿ ਤੇਰੀ ਆਰਤੀ ਕੀ ਹੈ ?"

ਬਾਬਾ ਜੀ ਨੇ ਭਾਈ ਮਰਦਾਨੇ ਤੋਂ ਰਬਾਬ ਛਿੜਵਾਈ ਅਤੇ ਰਾਗ ਧਨਾਸਰੀ ਵਿੱਚ ਰੱਬ ਦੀ ਸਿਫਤ ਸਲਾਹ ਦੀ ਅਰਤੀ ਕੀਤੀ :—

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਆਨ ਲੋ ਪਵਣੁ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ। ੧।
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ,
ਅਨਹਤਾ ਸ਼ਬਦ ਵਾਜੰਤ ਭੇਰੀ। ੧। ਰਹਾਉ।
ਸਹਸ ਤਵ ਨੈਨ ਨਨ ਨੈਨ ਹਰਿ ਤੋਹਿ ਕਉ।
ਸਹਸ ਮੂਰਤਿ ਨਨਾ ਏਕ ਤੋਹੀ।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨ,
ਸਹਸ ਤਵ ਗੰਧ ਇਵ ਚਲਤ ਮੋਹੀ। ੨।
ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ।
ਗੁਰ ਸਾਖੀ ਜੋਤਿ ਪ੍ਰਗਟੁ ਹੋਇ,
ਜੋ ਤਿਸੁ ਭਾਵੈ ਸੁ ਆਰਤੀ ਹੋਇ।
ਹਰਿ ਚਰਣ ਕਵਲ ਮਕਰੰਦ ਲੋਭਿਤ,
ਮਨੋ ਅਨਦਿਨੁ ਮੋਹਿ ਆਹੀ ਪਿਆਸਾ।
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ,
ਹੋਇ ਜਾਤੇ ਤੇਰੈ ਨਾਇ ਵਾਸਾ। ੪। ੩।

ਬਾਬਾ ਜੀ ਦੀ ਦੇਵਤਿਆਂ ਦੇਵੀਆਂ ਨੂੰ ਵੀ ਪੈਦਾ ਕਰਨ ਵਾਲੇ ਰੱਬ ਦੀ ਆਰਤੀ ਸੁਣ ਕੇ ਚਾਰ ਚੁਫੇਰੇ ਸ਼ਾਂਤੀ ਛਾ ਗਈ। ਗੁਰੂ ਸਾਹਿਬ ਨੇ ਅਸਲੀ ਆਰਤੀ ਦਾ ਅਰਥ ਦੱਸਿਆ ਤੇ



Digitized by Panjab Digital Library | www.panjabdigilib.org

ਦੇਵੀਆਂ ਦੇਵਤਿਆਂ ਦੀ ਪੂਜਾ ਦਾ ਖੰਡਨ ਕੀਤਾ। ਉਹਨਾਂ ਉਥੇ ਵਾਪਰ ਰਹੇ ਕੁਸੱਤ ਕਰਮ-ਕਾਂਡਾਂ ਦੀ ਵੀ ਨਿਖੇਧੀ ਕੀਤੀ। ਕਈ ਲੋਕਾਂ ਦੇ ਭਰਮ ਦੂਰ ਹੋਏ।

ਏਥੇ ਇੱਕ ਇਤਿਹਾਸਕ ਘਟਨਾ ਦਾ ਜ਼ਿਕਰ ਕਰਨਾ ਅਯੋਗ ਨਹੀਂ ਹੋਵੇਗਾ। ਵਿਦਵਾਨਾਂ ਨੂੰ ਵਿਦਵਾਨਾਂ ਦੀ ਕਦਰ ਹੁੰਦੀ ਹੈ। ਇੱਕ ਵਾਰੀ ਰਾਬਿੰਦਰ ਨਾਥ ਟੈਗੋਰ ਦਾ ਪਿਤਾ ਦੇਵਿੰਦਰ ਨਾਥ ਟੈਗੋਰ ਬੰਗਾਲ ਤੋਂ ਪੰਜਾਬ ਵਿੱਚ ਗਰਮੀਆਂ ਗੁਜ਼ਾਰਨ ਆਇਆ। ਰਾਬਿੰਦਰ ਨਾਥ ਟੈਗੋਰ ਜਿਸ ਨੇ ਸੰਸਾਰ ਦਾ ਨੋਬਲ ਪਰਾਈਜ਼ ਜਿੱਤ ਕੇ ਭਾਰਤ ਦੀ ਸ਼ਾਨ ਨੂੰ ਚਾਰ ਚੰਨ ਲਾਣੇ ਸਨ ਅਜੇ ਬੱਚਾ ਹੀ ਸੀ, ਵੀ ਆਪਣੇ ਪਿਤਾ ਦੇ ਨਾਲ ਸੀ। ਉਦੋਂ ਪਠਾਨਕੋਟ ਅੰਮ੍ਰਿਤਸਰ ਤੋਂ ਹੋ ਕੇ ਜਾਣਾ ਪੈਂਦਾ ਸੀ। ਉਹ ਸਾਰਾ ਟੱਬਰ ਪਹਿਲਾਂ ਅੰਮ੍ਰਿਤਸਰ ਦੇ ਦਰਸ਼ਨ ਕਰਨ ਲਈ ਰਾਤ ਟਿੱਕੇ। ਸ਼ਾਮ ਨੂੰ ਜਦੋਂ ਆਰਤੀ ਵਿੱਚ ਗੁਰੂ ਨਾਨਕ ਸਾਹਿਬ ਦਾ ਗਗਨ ਮੈਂ ਥਾਲ......ਵਾਲਾ ਸ਼ਬਦ ਪੜ੍ਹਿਆ ਗਿਆ ਤਾਂ ਗੁਰੂ ਨਾਨਕ ਸਾਹਿਬ ਦੀ ਬੇਮਿਸਾਲ ਕਾਵਿ ਉਡਾਰੀ ਰੱਬ ਦੀ ਸੱਚੀ ਆਰਤੀ ਤੇ ਸਿੱਖ ਫਿਲਾਸਫ਼ੀ ਤੋਂ ਦੇਵਿੰਦਰ ਨਾਥ ਟੈਗੋਰ ਏਨਾ ਪਰਭਾਵਤ ਹੋਇਆ ਕਿ ਇੱਕ ਦੋ ਦਿਨ ਦੀ ਬਜਾਏ ਮਹੀਨਾ ਕੁ ਸ਼ਾਮ ਨੂੰ ਆਰਤੀ ਸਮੇਂ ਇਸ ਸ਼ਬਦ ਦਾ ਆਤਮਕ ਅਨੰਦ ਮਾਨਣ ਲਈ ਅਮ੍ਰਿਤਸਰ ਹੀ ਟਿਕਿਆ ਰਿਹਾ। ਇਸ ਬਚਪਨ ਵਿੱਚ ਵਾਪਰੀ ਤੇ ਵੇਖੀ ਘਟਨਾ ਦਾ ਅਸਰ ਰਾਬਿੰਦਰ ਨਾਥ ਟੈਗੋਰ ਤੇ ਸਾਰੀ ਉਮਰ ਰਿਹਾ।

ਮਰਦਾਨੇ ਨੂੰ ਏਨੇ ਲੰਮੇ ਸਫ਼ਰ ਨੇ ਓਦਰੇਵਾਂ ਲਾ ਦਿੱਤਾ ਸੀ। ਉਹ ਦਿਨ ਰਾਤ ਵਾਪਸ ਪੰਜਾਬ ਔਣ ਤੇ ਘਰ ਦੇ ਜੀਆਂ ਨੂੰ ਮਿਲਣ ਲਈ ਤਾਂਘਦਾ ਰਹਿੰਦਾ। ਬਾਬਾ ਜੀ ਦੇ ਮਾਪੇ, ਭੈਣ ਨਾਨਕੀ, ਪਤਨੀ ਤੇ ਬੱਚੇ, ਸਾਰੇ ਉਹਨਾਂ ਦੇ ਦਰਸ਼ਨਾਂ ਲਈ ਬੇਤਾਬ ਸਨ। ਆਤਮਕ ਖਿੱਚ (ਟੈਲੀਪਾਥਕ ਐਟ੍ਰੈਕਸ਼ਨ) ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਜਦੋਂ ਵੀ ਭੈਣ ਨਾਨਕੀ ਦਿਲੋਂ ਤੇ ਓਦਰ ਕੇ ਯਾਦ ਕਰਦੀ ਸੀ; ਉਸ ਦਾ ਛੋਟਾ ਵੀਰ ਤੇ ਜਮਾਂਦਰੂ ਪੀਰ, ਉਸ ਦੇ ਬੂਹੇ ਤੇ "ਸਤਿ ਕਰਤਾਰ" ਜਾ ਬੁਲਾਂਦਾ। ਕਿੰਨੇ ਹੀ ਵਰ੍ਹੇ ਬੀਤ ਚੁੱਕੇ ਸਨ ਪਰ ਵੀਰ ਦਾ ਕੋਈ ਤੇ ਕਿਸੇ ਪਾਸੇ ਤੋਂ ਵੀ ਥਹੁ ਪਤਾ ਨ ਆਇਆ। ਇੱਕ ਦਿਨ ਸਵੇਰੇ ਰੱਬੀ ਕੀਰਤਨ ਕਰਨ ਤੋਂ ਬਾਅਦ ਬਾਬਾ ਜੀ ਨੇ ਜਗਨ ਨਾਥ ਬੈਠਿਆਂ ਮਰਦਾਨੇ ਨੂੰ ਕਿਹਾ, "ਭਾਈ ਮਰਦਾਨਿਆਂ, ਚੱਲ ਅਜ ਵਾਪਸ ਪੰਜਾਬ ਨੂੰ ਟੁਰ ਪਈਏ। ਭੈਣ ਨਾਨਕੀ, ਮਾਪੇ ਤੇ ਪੁੱਤਰ ਸਭ ਓਦਰੇ ਹੋਏ ਨੇ। ਚੱਲ ਉਹਨਾਂ ਨੂੰ ਮਿਲੀਏ ਤੇ ਨਾਲੇ ਪੰਜਾਬ ਦੀ ਵਾ-ਭਾ ਵੀ ਲਈਏ।" ਮਰਦਾਨਾ ਇਹ ਗੱਲ ਸੁਣਕੇ ਖੁਸ਼ੀ ਨਾਲ ਦੂਣਾ ਹੋ ਗਿਆ ਤੇ ਬੋਲਿਆ, "ਮਹਾਰਾਜ, ਸ਼ੁਕਰ ਹੈ, ਸਾਡੇ ਦਿਲ ਦੀ ਵੀ ਸੁਣੀ ਗਈ ਏ। ਚੱਲੋ ਹੁਣੇ ਹੀ ਟੁਰੀਏ। ਅੰਨ੍ਹਾਂ ਕੀ ਭਾਲੇ, ਦੋ ਅੱਖੀਆਂ।"

ਬਾਬਾ ਜੀ ਨੇ ਕਿਹੜੇ ਹਾਥੀ ਘੋੜੇ ਬੀੜਨੇ ਸਨ ਜਾਂ ਵਾਰ ਕੁ-ਵਾਰ ਦਾ ਮਹੂਰਤ ਖੁਲ੍ਹਵਾਣਾ ਸੀ। ਜਿਸ ਪਾਸੇ ਮਨ-ਮੌਜਾਂ ਉਸੇ ਪਾਸੇ ਟੁਰੀਆਂ ਫੌਜ਼ਾਂ। ਉਸੇ ਵੇਲੇ ਸਤਿ ਕਰਤਾਰ ਕਹਿ ਕੇ ਉੱਠ ਬੈਠੇ ਤੇ ਜਗਨ ਨਾਥ ਤੋਂ ਸਿੱਧਾ ਪੰਜਾਬ ਨੂੰ ਮੂੰਹ ਧਰ ਲਿਆ।



Digitized by Panjab Digital Library | www.panjabdigilib.org

ਰਾਹ ਵਿੱਚ ਬਾਬਾ ਜੀ ਦਾ ਮੇਲ ਜੰਗਲਵਾਸੀ ਆਦਮ-ਖਾਣੇ ਲੋਕਾਂ ਦੇ ਆਗੂ ਕੌਡੇ ਰਾਕਸ਼ ਨਾਲ ਹੋਇਆ। ਮਰਦਾਨਾ, ਜੰਗਲ-ਪਾਣੀ ਦੀ ਖ਼ਾਤਰ ਜ਼ਰਾ ਬਾਬਾ ਜੀ ਤੋਂ ਲਾਹਮੇ ਹੋ ਗਿਆ ਤੇ ਮਰਜ਼ੀ ਰੱਬ ਦੀ, ਕੌਡੇ ਰਾਕਸ਼ ਦੇ ਅਰੜੇ ਚੜ੍ਹ ਗਿਆ। ਕੌਡੇ ਉਸ ਨੂੰ ਫੜ ਲਿਆ ਤੇ ਆਪਣੇ ਖਾਣ ਪੀਣ ਵਾਲੇ ਟਿਕਾਣੇ ਵੱਲ ਲੈ ਟੁਰਿਆ। ਮਰਦਾਨੇ ਨੇ ਜਦੋਂ ਹਾਲ ਪਾਹਰਿਆ ਕੀਤੀ ਤਾਂ ਸੁਣ ਕੇ ਬਾਬਾ ਜੀ ਭੱਜ ਕੇ ਕੌਡੇ ਕੋਲ ਪੁੱਜੇ। ਸਤਿ ਕਰਤਾਰ ਕਹਿ ਕੇ ਕੌਡੇ ਵੱਲ ਮਿਹਰ ਦੀ ਨਜ਼ਰ ਨਾਲ ਵੇਖਿਆ। ਰੱਬ ਜਾਣੇ, ਕੀ ਵਰਤ ਗਿਆ। ਕੌਡਾ ਮਾਨਸਕ ਤੌਰ ਤੇ ਇਸ ਤਰ੍ਹਾਂ ਮੋਹਤ ਹੋ ਗਿਆ ਕਿ ਬੁੱਤ ਬਣ ਕੇ ਖਲੋਤੇ ਦਾ ਖਲੋਤਾ ਹੀ ਰਹਿ ਗਿਆ। ਬਾਬਾ ਜੀ ਨੇ ਮਿੱਤਰਾਂ ਵਾਂਗੂ ਮੁਸਕਰਾ ਕੇ ਕਿਹਾ, "ਬੰਦਿਆ, ਕੀ ਕਰਦਾ ਏਂ? ਬੰਦੇ ਖਾਂਦਾ ਏਂ! ਤੂੰ ਚੰਗਾ ਬੰਦਾ ਏਂ? ਕੋਈ ਬੰਦਿਆਂ ਵਾਲੇ ਕੰਮ ਕਰ ਤੇ ਬੰਦਾ ਬਣ ਕੇ ਬੰਦਗੀ ਕਰ।" ਪਤਾ ਨਹੀਂ ਇਹਨਾਂ ਸ਼ਬਦਾਂ ਦਾ ਉਸ ਤੇ ਕੀ ਅਸਰ ਹੋਇਆ। ਕੌਡੇ ਨੂੰ ਗਿਆਨ ਹੋ ਗਿਆ ਤੇ ਗਿੜ ਗਿੜਾ ਕੇ ਗੁਰੂ ਸਾਹਿਬ ਤੋਂ ਦਇਆ ਦ੍ਰਿਸ਼ਟੀ ਦਾ ਜਾਚਕ ਬਣਿਆ। ਬਾਬਾ ਜੀ ਨੇ ਉਸ ਦੀ ਝੋਲੀ ਵਿੱਚ ਸਿੱਖੀ ਦੀ ਦਾਤ ਪਾਈ ਤੇ ਉਸ ਨੇ ਅੱਗੋਂ ਆਪਣੇ ਕਬੀਲੇ ਨੂੰ ਆਦਮਖ਼ੋਰੀ ਦੇ ਪਾਪ ਤੋਂ ਛੁਡਾਇਆ।

ਮੰਨਜ਼ਲੋ ਮੰਨਜ਼ਲੀ, ਬਾਬਾ ਜੀ ਤੇ ਮਰਦਾਨਾ ਰਾਹ ਵਿੱਚ ਲੋਕਾਂ ਨੂੰ ਸਿੱਧੇ ਰਾਹ ਪਾਂਦੇ, ਦਸੰਬਰ ੧੫੦੯ ਈਸਵੀ ਨੂੰ ਵਾਪਸ ਸੁਲਤਾਨ ਪੁਰ ਪੁੱਜੇ।

ਭੈਣ ਨਾਨਕੀ ਦੇ ਤੇ ਵੀਰ ਦੇ ਦਰਸ਼ਨ ਕਰਕੇ ਖੁਸ਼ੀ ਨਾਲ ਪੈਰ ਵੀ ਭੋਏਂ ਤੇ ਨਹੀਂ ਸਨ ਆਉਂਦੇ, ਜੀਜਾ ਜੈਰਾਮ ਜੀ, ਬਾਬਾ ਜੀ ਦੇ ਘਰੋਂ ਮਾਤਾ ਸੁਲੱਖਣੀ ਤੇ ਬਾਬਾ ਜੀ ਦੇ ਪੁੱਤਰ ਖੁਸ਼ੀ ਵਿਚ ਮੇਵੰਦੇ ਨਹੀਂ ਸਨ। ਨਾਨਕ ਕੀ ਆਗਿਆ ਸੀ, ਸੁਲਤਾਨ ਪੁਰ ਦੇ ਲੋਕਾਂ ਲਈ ਈਦ ਦਾ ਚੰਨ ਚੜ੍ਹ ਪਿਆ ਸੀ ਤੇ ਉਹ ਵੀ ਦੱਸਾਂ ਬਾਰਹਾਂ ਸਾਲਾਂ ਪਿਛੋਂ।

ਗੁਰੂ ਸਾਹਿਬ ਤੇ ਮਰਦਾਨਾ ਕਾਫ਼ੀ ਦਿਨ ਸੁਲਤਾਨ ਪੁਰ ਰਹੇ ਤੇ ਨਾਲੇ ਵਿਛੜੇ ਮਿੱਤਰਾਂ, ਸ਼ਰਧਾਲੂਆਂ ਤੇ ਸਰਬੰਧੀਆਂ ਦੀਆਂ ਖੁਸ਼ੀਆਂ ਹਾਸਲ ਕੀਤੀਆਂ ਤੇ ਨਾਲੇ ਦੋਵੇਂ ਵੇਲੇ ਕੀਰਤਨ ਕਰਕੇ ਤੇ ਬਚਨ ਬਿਲਾਸ ਨਾਲ ਕਈ ਚਾਹਵਾਨਾਂ ਨੂੰ ਨੇਕੀ ਤੇ ਰੱਬ ਦੇ ਰਾਹ ਪਾਇਆ। ਸੁਲਤਾਨ ਪੁਰੋਂ ਉਹ ਤਲਵੰਡੀ ਗਏ। ਮਾਪਿਆਂ, ਰਾਏ ਬੁਲਾਰ, ਮਿੱਤਰਾਂ ਦੋਸਤਾਂ ਤੇ ਸਨੇਹੀਆਂ ਨੇ ਬੜੀ ਖੁਸ਼ੀ ਮਹਿਸੂਸ ਕੀਤੀ। ਇਸ ਵਾਰੀ ਤਾਂ ਪੁੱਤਰ ਦੀ ਸੰਗਤ ਤੇ ਬਚਨਾਂ ਦੇ ਅਸਰ ਨਾਲ ਮਾਪਿਆਂ ਦੇ ਖ਼ਿਆਲ ਵੀ ਬਦਲ ਗਏ। ਮਰਦਾਨਾ ਘਰ ਦੇ ਜੀਆਂ ਤੋਂ ਇਲਾਵਾ ਹੋਰ ਸਾਕਾਂ ਸਰਬੰਧੀਆਂ ਨੂੰ, ਤਲਵੰਡੀ ਤੋਂ ਲਾਹਮੇ ਜਾ ਕੇ ਵੀ ਮਿਲ ਆਇਆ। ਗੁਰੂ ਸਾਹਿਬ ਨੇ ਤਲਵੰਡੀ ਦੇ ਲੋਕਾਂ, ਰਾਇ ਬੁਲਾਰ ਤੇ ਮਾਪਿਆਂ ਤੋਂ ਆਗਿਆ ਲਈ ਤੇ ਉਥੋਂ ਬਟਾਲੇ ਜਾ ਕੇ ਮਿਲਣ ਦੇ ਇਰਾਦੇ ਨਾਲ ਟੁਰ ਪੈ। ਮਰਦਾਨਾ ਵੀ ਉਹਨਾਂ ਦੇ ਨਾਲ ਹੀ ਟੁਰਿਆ।

ਬਾਬਾ ਜੀ ਪਸਰੂਰ ਰਾਹੀਂ ਹੁੰਦੇ ਹੋਏ ਰਾਵੀ ਦੇ ਸੱਜੇ ਕੰਢੇ ਤੇ ਆ ਕੇ ਬੜੀ ਰਮਣੀਕ ਥਾਂ ਤੇ ਬਹਿ ਗਏ। ਏਥੇ ਬਾਬਾ ਜੀ ਦਾ ਏਨਾ ਜੀ ਲੱਗਾ ਕਿ ਕਿੰਨਾ ਚਿਰ ਹੀ ਟਿਕੇ ਰਹੇ। ਕੀ



Digitized by Panjab Digital Library | www.panjabdigilib.org

ਹਿੰਦੂ ਤੇ ਕੀ ਮੁਸਲਮਾਨ, ਕੀ ਕਿਰਤੀ ਕਿਸਾਨ ਤੇ ਗ੍ਰਿਹਸਤੀ ਤੇ ਕੀ ਸਾਧ-ਸੰਤ ਤੇ ਫ਼ਕੀਰ, ਸਭ ਬਾਬਾ ਜੀ ਕੋਲ ਆ ਕੇ ਸਿੱਖ ਮੱਤ ਲੈਂਦੇ ਅਤੇ ਇਸ ਤਰ੍ਹਾਂ ਉਹਨਾਂ ਦੀ ਸੋਭਾ ਦੂਰ ਦੂਰ ਤਕ ਫੈਲ ਗਈ। ਉਹਨਾਂ ਦਾ ਧਰਮ ਤੇ ਮਨੁੱਖਤਾ ਦਾ, ਸਾਂਝਾ ਧਰਮ ਸੀ, ਨਾਲੇ ਨ ਹਿੰਦੂ ਸੀ ਤੇ ਨ ਮੁਸਲਮਾਨ—ਇਹਨਾਂ ਦੋਹਾਂ ਧਰਮਾਂ ਤੋਂ ਵੱਖਰਾ ਸੀ। ਇਹ ਇਲਾਕਾ ਲਾਹੌਰ ਦੇ ਇੱਕ ਧਨਾਡ ਖੱਤਰੀ ਕਰੋੜੀਆਂ ਦੇ ਮਾਤਹਿਤ ਸੀ ਜੋ ਉਸ ਨੂੰ ਮੁਸਲਮਾਨ ਹਕੂਮਤ ਨੇ ਜਾਗੀਰ ਦੇ ਤੌਰ ਤੇ ਦਿੱਤਾ ਹੋਇਆ ਸੀ ਅਤੇ ਜਿਸ ਨੂੰ ਉਹ ਕਿਸਾਨਾਂ ਤੇ ਮੁਜ਼ਾਰਿਆਂ ਤੋਂ ਕਾਸ਼ਤ ਕਰਵਾਂਦਾ ਸੀ। ਉਸ ਨੂੰ ਗੁਰੂ ਸਾਹਿਬ ਦਾ ਪਰਚਾਰ ਤੇ ਇਨੀ ਸ਼ੋਭਾ ਚੰਗੀ ਨ ਲੱਗੀ, ਮਤੇ ਕਿਸੇ ਗੱਲੋਂ ਹਕੂਮਤ ਨਾਰਾਜ਼ ਨ ਹੋ ਜਾਏ ਕਿ ਤੇਰੇ ਇਲਾਕੇ ਵਿੱਚ ਇਹ ਨਵਾਂ ਪੰਥ ਕੌਣ ਤੇ ਕਿਸ ਤਰ੍ਹਾਂ ਚੱਲਾ ਰਿਹਾ ਹੈ? ਕੁਝ ਸਮਾਂ ਤੇ ਉਹ ਚੁੱਪ ਰਿਹਾ ਪਰ ਫਿਰ ਲਾਹੌਰੋਂ ਘੋੜੇ ਤੇ ਚੜ੍ਹ ਕੇ ਤੇ ਕੁਝ ਅਸਲਾ ਨਾਲ ਲੈ ਕੇ ਬਾਬਾ ਜੀ ਵੱਲ ਟੁਰ ਪਿਆ ਕਿ ਆਖਰਕਾਰ ਫਕੀਰ ਹੀ ਹੈ। ਦਬਕਾ ਦੂਬਕਾ ਮਾਰ ਕੇ ਆਪਣੇ ਇਲਾਕੇ ਵਿਚੋਂ ਕੱਢ ਆਉਂਦੇ ਹਾਂ। ਰਾਹ ਵਿੱਚ ਜਿੱਥੋਂ ਵੀ ਲੰਘਦਾ, ਲੋਕ ਉਸ ਦੇ ਸਫ਼ਰ ਦੇ ਮਨੋਰਥ ਨੂੰ ਜਾਣ ਕੇ ਨੱਕ ਮੂੰਹ ਵਟਦੇ ਤੇ ਕਹਿੰਦੇ, "ਸੇਠ ਕਰੋੜੀਆ ਮੱਲ ਗ਼ਲਤੀ ਵਿੱਚ ਹੈ। ਇਹਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ।" ਕਈ ਲੋਕਾਂ ਨੇ ਤਾਂ ਸੇਠ ਨੂੰ ਮੂੰਹ ਤੇ ਹੀ ਇਹ ਗੱਲ ਕਹਿ ਦਿੱਤੀ ਪਰ ਉਹ ਘੋੜ ਅਸਵਾਰ ਆਪਣੀ ਆਕੜ ਵਿੱਚ ਹੀ ਰਿਹਾ। ਜਦੋਂ ਗੁਰੂ ਸਾਹਿਬ ਕੋਲ ਪੁੱਜਾ, ਦਰਸ਼ਨ ਕਰਕੇ ਤੇ ਪਿਆਰ ਭਿੰਨੇ ਬਚਨ ਸੁਣ ਕੇ ਉਹਨਾਂ ਨੂੰ ਆਪਣੇ ਇਲਾਕੇ ਵਿਚੋਂ ਕੱਢਣ ਦੀ ਥਾਂ ਸਦਾ ਲਈ ਆਪ ਭੁੱਲ ਤੇ ਜਬਰ ਦੀ ਜੂਹ ਵਿਚੋਂ ਨਿਕਲ ਗਿਆ। ਸ਼ਰਾਰਤ ਕਰਨ ਆਇਆ ਸੀ ਪਰ ਉਲਟਾ ਸ਼ਰਧਾਲੂ ਬਣ ਗਿਆ। ਉਹ ਏਨਾ ਮੋਹਤ ਹੋ ਗਿਆ ਕਿ ਬਾਬਾ ਜੀ ਨੂੰ ਕਹਿਣ ਲੱਗਾ, "ਮਹਾਰਾਜ, ਮੈਨੂੰ ਇਸ ਧਰਤੀ ਦੇ ਆਲੇ ਦੁਆਲੇ ਤੇ ਤੁਹਾਡੇ ਮਨੁੱਖੀ ਪਿਆਰ ਨੇ ਏਨਾ ਮੋਹ ਲਿਆ ਹੈ ਕਿ ਮੈਂ ਚਾਹੁੰਦਾ ਹਾਂ ਕਿ ਇਹ ਭਾਗਾਂ ਵਾਲੀ ਥਾਂ ਤੇ ਕੋਈ ਸਦੀਵੀ ਨਿਸ਼ਾਨੀ ਕਾਇਮ ਕੀਤੀ ਜਾਏ। ਬਾਬਾ ਜੀ ਨੇ ਕਿਹਾ, "ਹੱਛਾ ਭਾਈ ਕਰੋੜੀਆ, ਆ ਏਥੇ ਇੱਕ ਨਗਰੀ ਵਸਾ ਦੇਈਏ ਜਿਸ ਦਾ ਨਾਂ "ਕਰਤਾਰ ਪੁਰਾ ਰਖੀਏ" ਕਰੋੜੀਆ ਇਸ ਸੁਝਾਓ ਤੇ ਬੜਾ ਖੁਸ਼ ਹੋਇਆ ਅਤੇ ਇਸ ਤਰ੍ਹਾਂ ਬਾਬਾ ਜੀ ਨੇ ਕਰਤਾਰ ਪੁਰ ਵਸਾਇਆ, ਜਿਸ ਦੀ ਖੇਤੀਬਾੜੀ ਦੀ ਸਾਰੀ ਜ਼ਮੀਨ ਉਸ ਨੇ ਬਾਬਾ ਜੀ ਨੂੰ ਸੌਂਪ ਦਿੱਤੀ। ਜਿੱਥੇ ਉਹਨਾਂ ਦੇ ਕਈ ਸ਼ਰਧਾਲੂ ਵੱਸ ਗਏ। ਬਾਬਾ ਜੀ ਕੁਝ ਸਮਾਂ ਏਥੇ ਟਿੱਕ ਕੇ ਤੇ ਬਟਾਲੇ ਸਹੁਰਿਆਂ ਨੂੰ ਮਿਲਕੇ ਦੂਜੇ ਸਫ਼ਰ ਤੇ ਰਵਾਨਾ ਹੋ ਗਏ।

## ਦੂਜਾ ਸਫ਼ਰ

ਭਾਈ ਮਨਸੁਖ ਗੁਰੂ ਸਾਹਿਬ ਦਾ ਬੜਾ ਨਿਕਟਵਰਤੀ ਤੇ ਸ਼ਰਧਾਲੂ ਸਿੱਖ ਸੀ। ਉਹ ਤੇ ਭਾਗੀਰਥ ਦੋਵੇਂ ਹੀ ਬਾਬਾ ਜੀ ਦੇ ਸੁਲਤਾਨਪੁਰ ਛੱਡਣ ਤੇ ਪਹਿਲੇ ਸਫ਼ਰ ਤੇ ਜਾਣ ਵੇਲੇ ਹੀ ਉਹਨਾਂ ਤੋਂ ਛੁੱਟੀ ਲੈ ਕੇ ਆਪੋ ਆਪਣੇ ਘਰੀਂ ਆ ਗਏ ਸਨ। ਮਨਸੁਖ ਬੜਾ ਅਮੀਰ ਬਿਪਾਰੀ ਸੀ ਅਤੇ ਉਸ ਦੇ ਬਿਉਪਾਰ ਦਾ ਜ਼ਿਆਦਾ ਕਾਰ ਵਿਹਾਰ ਲੰਕਾ ਦੇ ਸੁਦਾਗਰਾਂ ਨਾਲ



Digitized by Panjab Digital Library | www.panjabdigilib.org

ਸੀ । ਇਸ ਲਈ ਮਨਸੁਖ ਕਈ ਵਾਰੀ ਲਾਹੌਰ ਤੋਂ ਲੰਕਾ ਜਾਂਦਾ ਤੇ ਕਈ ਵਾਰੀ ਕਿੰਨਾ ਕਿੰਨਾ ਚਿਰ ਉਥੇ ਰਹਿੰਦਾ ਪਰ ਜਦੋਂ ਵੀ ਪੰਜਾਬ ਵੱਲ ਆਉਂਦਾ ਪਤਾ ਸੁਰ ਕੱਢ ਕੇ ਜਿਥੇ ਵੀ ਗੁਰੂ ਸਾਹਿਬ ਲਭਦੇ, ਜਾ ਮਿਲਦਾ। ਸੁਲਤਾਨਪੁਰ ਜਾਂ ਤਲਵੰਡੀ ਆਇਆਂ ਤੇ ਇਲਾਕਿਆਂ ਦੇ ਇਲਾਕਿਆਂ ਵਿੱਚ ਬਾਬਾ ਜੀ ਦੇ ਵਤਨ ਆਉਣ ਦੀ ਖ਼ਬਰ ਫ਼ੈਲ ਜਾਂਦੀ ਅਤੇ ਕਈ ਸ਼ਰਧਾਲੂ ਤੇ ਖ਼ਾਸ ਕਰਕੇ ਭਾਈ ਬਾਲੇ, ਭਾਈ ਮਨਸੁਖ ਤੇ ਭਾਈ ਭਾਗੀਰਥ ਜਿਹੇ ਮਿੱਤਰ ਤਾਂ ਖ਼ਬਰ ਸੁਣ-ਦਿਆਂ ਹੀ ਬਾਬਾ ਜੀ ਨੂੰ ਉੱਡ ਕੇ ਜਾ ਮਿਲਦੇ ।

ਜਨਮ ਸਾਖੀਆਂ ਅਨੁਸਾਰ ਉਸ ਸਮੇਂ ਲੰਕਾ ਦਾ ਰਾਜਾ, ਸ਼ਿਵਨਾਭ ਸੀ ਜਿਸ ਨੂੰ ਨਾਮ-ਦਾਨ ਦੀ ਬੜੀ ਲਟਕ ਸੀ । ਮਨਸੁਖ ਦਾ ਵਾਹ ਰਾਜੇ ਨਾਲ ਬਹਿਣ ਖਲੋਣ ਵਾਲੇ ਅਮੀਰ ਸੌਦਾਗਰਾਂ ਨਾਲ ਸੀ । ਲੰਕਾ ਵਿੱਚ ਹਿੰਦੂ ਸਾਧੂ ਤੇ ਜੋਗੀ ਤੇ ਬੋਧੀ ਭਿਖਸ਼ੂ ਮਿਉਂਦੇ ਨਹੀਂ ਸਨ । ਸ਼ਿਵਨਾਭ ਨੇ ਹਰ ਸੰਤ ਸਾਧੂ ਤੋਂ ਸੱਚਾ ਗਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਿਸ ਸਾਧੂ ਨਾਲ ਵੀ ਉਸ ਦਾ ਵਾਹ ਪੈਂਦਾ, "ਨਾਮ ਵੱਡੇ ਤੇ ਕਾਮ ਨਿੱਕੇ" ਹੀ ਨਿਕਲਦੇ। ਉਹਨੂੰ ਸਾਧੂਆਂ ਦਾ ਭੇਖ ਕਪਟ ਛੁਪਾਣ ਦਾ ਪਰਦਾ ਹੀ ਜਾਪਦਾ। ਨੌਬਤ ਏਥੋਂ ਤੱਕ ਪੁੱਜੀ ਕਿ ਉਹ ਸਾਧਾਂ ਸੰਤਾਂ ਨੂੰ ਹਮੇਸ਼ਾਂ ਸ਼ੱਕ ਦੀ ਨਿਗਾਹ ਨਾਲ ਵੇਖਦਾ ਅਤੇ ਉਸਨੇ, "ਗੁਰੂ ਧਾਰੋ ਜਾਣ ਕੇ, ਪਾਣੀ ਪੀਉ ਛਾਣ ਕੇ।" ਦਾ ਅਸੂਲ ਧਾਰਨ ਕਰ ਲਿਆ । ਜਿਹੜਾ ਵੀ ਸਾਧੂ ਆਉਂਦਾ ਉਹ ਉਸ ਨੂੰ ਟੋਹੰਦਾ ਕਿ ਸੱਚੀਂ ਵੈਰਾਗੀ, ਤਿਆਗੀ ਹੈ ਜਾਂ ਭੇਖ ਦਾ ਸਵਾਂਗੀ ਹੈ ? ਆਏ ਸਾਧੂਆਂ ਨੂੰ ਮਹੱਲਾਂ ਤੇ ਸੁੰਦਰ ਬਾਗਾਂ ਵਿੱਚ ਰਹਿਣ, ਸ਼ਾਹੀ ਬਿਸਤਰਿਆਂ ਵਿੱਚ ਤੇ ਪਲੰਘਾਂ ਤੇ ਸੌਣ, ਚੰਗੇ ਤੋਂ ਚੰਗੇ ਭੋਜਨ ਖਾਣ, ਮੂੰਹੋਂ ਮੰਗਿਆ ਸੋਨਾ, ਚਾਂਦੀ ਤੇ ਹੀਰੇ ਜਵਾਹਰ ਲੈਣ ਤੇ ਖ਼ੂਬਸੂਰਤ ਜਵਾਨ ਲੜਕੀਆਂ ਦੀ ਸੰਗਤ, ਗਾਣ-ਵਜਾਣ ਤੇ ਨਾਚ ਵੇਖਣ ਆਦਿ ਦੇ ਸਾਰੇ ਸਾਮਾਨ ਮੁਹੱਯਾ ਕਰਦਾ। ਅੱਖੀਂ ਦੇ ਸੁਜਾਖੇ ਪਰ ਮਨ ਦੇ ਅਨ੍ਹੇ ਸਾਧੂਆਂ ਵਿੱਚ ਕੋਈ ਵੀ ਇਹਨਾਂ ਟੋਇਆਂ ਵਿੱਚ ਡਿਗਣ ਤੋਂ ਨ ਬਚਦਾ । ਪਰ ਫਿਰ ਵੀ ਰਾਜੇ ਸ਼ਿਵਨਾਭ ਦਾ ਵਿਸ਼ਵਾਸ਼ ਕਾਇਮ ਰਿਹਾ ਕਿ ਬੀ-ਨਾਸ ਤੇ ਕਿਸੇ ਸ਼ੈਅ ਦਾ ਨਹੀਂ, ਕਦੀ ਨ ਕਦੀ ਕੋਈ ਪਹੁੰਚਿਆ ਹੋਇਆ ਮਹਾਂ-ਪੁਰਖ ਵੀ ਮਿਲ ਹੀ ਜਾਇਗਾ ।

ਭਾਈ ਮਨਸੁਖ ਜਦੋਂ ਲੰਕਾ ਜਾਂਦਾ ਤਾਂ ਨਿਤਨੇਮ ਦੇ ਤੌਰ ਤੇ ਗੁਰੂ ਨਾਨਕ ਸਾਹਿਬ ਦੇ ਰਚੇ ਮੂਲ ਮੰਤਰ ਦਾ ਪਾਠ ਜ਼ਰੂਰ ਕਰਦਾ ਜੋ ਕਿ ਉਸ ਦੀ ਸੰਗਤ ਦੇ ਸੌਦਾਗਰ ਤੇ ਕੀ ਸਾਧੂ ਤੇ ਕੀ ਜੋਗੀ, ਸਭ ਨੂੰ ਅਜੀਬ ਤੇ ਓਪਰਾ ਲੱਗਦਾ ਪਰ ਮਨਸੁਖ ਉਹਨਾਂ ਨੂੰ ਦਸਦਾ, "ਇਹ ਅਕਾਲ ਜਾਂ ਕਰਤਾਰਪੁਰਖ ਦੀ ਉਪਮਾ ਵਿੱਚ ਗੁਰੂ ਨਾਨਕ ਸਾਹਿਬ ਦਾ ਰਚਿਆ ਹੋਇਆ ਮੰਤਰ ਹੈ ਅਤੇ ਅਸੀਂ ਇਸ ਨੂੰ ਸਿੱਖ ਧਰਮ ਦੀ ਜੜ੍ਹ ਜਾਂ ਮੂਲ ਸਮਝਦੇ ਹਾਂ । ਏਸੇ ਲਈ ਅਸੀਂ ਇਸ ਨੂੰ ਮੂਲ ਮੰਤਰ ਆਖਦੇ ਹਾਂ । ਅਸੀਂ ਕਿਸੇ ਦੇਵੀ ਦੇਵਤੇ ਜਾਂ ਹੋਰ ਸ਼ਕਤੀ ਦੀ ਪੂਜਾ ਨਹੀਂ ਕਰਦੇ ਤੇ ਨ ਮੰਨਦੇ ਹਾਂ । ਅਸੀਂ ਗੁਰੂ ਨਾਨਕ ਦੇ ਸਿੱਖ ਤੇ ਇੱਕ ਰੱਬ ਦੇ ਉਪਾਸ਼ਕ ਹੀ ਹਾਂ । ਤੁਸੀਂ ਤੇ ਏਵੇਂ ਭੁਲੇਖਿਆਂ ਵਿੱਚ ਭਟਕਦੇ ਫਿਰਦੇ ਹੋ ।" ਜੋਗੀ ਤੇ ਸਾਧੂ ਇਹ ਗੱਲ ਸੁਣ ਕੇ



Digitized by Panjab Digital Library | www.panjabdigilib.org

ਭਾਈ ਮਨਸੁੱਖ ਤੋਂ ਖੁੰਧਕ ਖਾਂਦੇ। ਹੌਲੀ ਹੌਲੀ ਗੱਲ ਰਾਜੇ ਸ਼ਿਵਨਾਭ ਕੋਲ ਪੁੱਜ ਗਈ। ਉਸ ਨੇ ਬੜੀ ਚਾਹ ਨਾਲ ਭਾਈ ਮਨਸੁੱਖ ਨੂੰ ਸੱਦ ਕੇ ਬੜੀ ਗਿਆਨ ਗੋਸ਼ਟੀ ਕੀਤੀ ਤੇ ਰਾਜੇ ਨੂੰ ਆਪਣੇ ਹਰ ਸਵਾਲ ਦਾ ਠੀਕ ਜਵਾਬ ਮਿਲਿਆ ਅਤੇ ਬਹੁਤ ਸ਼ੰਕੇ ਦੂਰ ਹੋਏ । ਸ਼ਿਵਨਾਭ ਨੂੰ ਮਨਸੁਖ ਤੋਂ ਗੱਲਾਂ ਸੁਣ ਸੁਣ ਕੇ ਗੁਰੂ ਨਾਨਕ ਸਾਹਿਬ ਨੂੰ ਮਿਲਣ ਦੀ ਲਗਨ ਹੀ ਲੱਗ ਗਈ ਤੇ ਹਮੇਸ਼ਾਂ ਆਖਿਆ ਕਰਦਾ ਸੀ। "ਭਾਈ ਮਨਸੁਖ ਜੀ, ਜਿਵੇਂ ਹੋਵੇ ਮੈਨੂੰ ਆਪਣੇ ਮਿੱਤਰ ਤੇ ਗੁਰੂ ਨਾਨਕ ਦੇ ਦਰਸ਼ਨ ਕਰਾਵੋ।" ਮਨਸੁਖ ਰਾਜੇ ਨੂੰ ਹਮੇਸ਼ਾ ਦਿਲਾਸਾ ਦੇਂਦੇ ਕਿ ਸ਼ਰਧਾ ਤੇ ਸਿਦਕ ਰਖੋ, ਸਚੇ ਪਿਆਰ ਦੀ ਤਪੜ ਜ਼ਰੂਰ ਮਿਲਾਪ ਦਾ ਵਸੀਲਾ ਬਣਦੀ ਹੈ।

ਭਾਈ ਮਨਸੁਖ ਨੇ ਗੁਰੂ ਨਾਨਕ ਸਾਹਿਬ ਨੂੰ ਤਲਵੰਡੀ ਤੇ ਸੁਲਤਾਨਪੁਰ ਮਿਲਕੇ ਰਾਜੇ ਸ਼ਿਵਨਾਭ ਦੇ ਸ਼ੁਭ ਵਿਚਾਰਾਂ ਤੇ ਸ਼ਰਧਾ ਬਾਰੇ ਸਭ ਕੁਝ ਦੱਸਿਆ ਹੋਇਆ ਸੀ । ਆਪਣੇ ਵਲੋਂ ਵੀ ਉਹਨਾਂ ਨੂੰ ਲੰਕਾ ਜਾਣ ਲਈ ਬੇਨਤੀ ਕੀਤੀ । ਬਾਬਾ ਜੀ ਨੇ ਕਿਹਾ, "ਹੱਛਾ, ਭਾਈ ਮਨਸੁਖ ਕਦਰ ਹੱਥ ਡੋਰ ਹੈ । ਅੰਨ-ਜਲ ਦੀ ਖੇਡ ਹੈ । ਜਦੋਂ ਵੀ ਕਰਤਾਰ ਦਾ ਹੁੱਕਮ ਹੋਇਆ ਜ਼ਰੂਰ ਜਾਵਾਂਗੇ।"

੧੫੧੦ ਈਸਵੀ ਦਾ ਸਾਲ ਚੜ੍ਹਿਆ ਹੋਇਆ ਸੀ। ਲਾਹੌਰ ਵਾਲੇ ਸੇਠ ਕਰੋੜੀ ਮਲ ਨੂੰ ਜ਼ਿੰਦਗੀ ਦੇ ਸਿੱਧੇ ਰਾਹ ਤੇ ਪਾ ਕੇ ਗੁਰੂ ਸਾਹਿਬ ਕਰਤਾਰਪੁਰ ਦੀ ਨੀਂਹ ਰੱਖ ਚੁੱਕੇ ਸਨ ਤੇ ਉਸ ਦੀ ਵੱਸੋਂ ਦਿਨੋਂ ਦਿਨ ਵਧਦੀ ਜਾਂਦੀ ਸੀ। ਬਾਬਾ ਜੀ ਨੂੰ ਮਨਸੁਖ ਵਾਲੀ ਰਾਜੇ ਸ਼ਿਵਨਾਭ ਦੀ ਗੱਲ ਯਾਦ ਆਈ । ਉਲੇਲ ਆਇਆ ਤੇ ਬੋਲੇ, "ਚੱਲ ਭਾਈ ਮਰਦਾਨਿਆਂ ਦੱਖਣ ਦੇ ਪਾਸੇ ਰਟਨ ਕਰੀਏ ਤੇ ਲੰਕਾ ਵੇਖ ਕੇ ਆਈਏ।" ਮਰਦਾਨੇ ਰਬਾਬ ਕੱਛੇ ਮਾਰੀ ਤੇ ਕਿਹਾ, "ਚਲੋ ਮਹਾਰਾਜ, ਗੋਲੀ ਕਿੱਧੀ ਤੇ ਗਹਿਣੇ ਕਿੱਧੇ।"

ਸਾਖੀਕਾਰ ਤੇ ਇਤਹਾਸਕਾਰ ਦਸਦੇ ਨੇ ਕਿ ਇਹ ਦੂਜਾ ਸਫਰ ਬੜਾ ਕਾਹਲ ਤੇ ਥੋੜੇ ਸਮੇਂ ਦਾ ਹੈ। ਗੁਰੂ ਸਾਹਿਬ ਸਿਰਸਾ, ਬੀਕਾਨੇਰ, ਅਜਮੇਰ, ਪੁਸ਼ਕਰ, ਮਾਊਂਟ ਆਬੂ, ਉਜੈਨ, ਬੀਕਰ, ਪਾਂਗਲ, ਅਨੈਨ ਪੁਰ, ਗੋਦਅੱਪੀ, ਮਦਰਾਸ ਤੇ ਨਾਗਾਪਟੀ ਵਿਚੋਂ ਹੁੰਦੇ ਹੋਏ ਵਾਹੋ-ਦਾਹੀ ਲੰਕਾ ਪੁੱਜ ਗਏ। ਵਾਪਸ ਆਉਂਦਿਆਂ ਹੋਇਆਂ ਉਹ ਮਾਲਾਬਾਰ ਸਾਹਿਲ ਦੇ ਰਾਹ ਸਾਰਗੜ੍ਹ ਪੀਠ ਪੁੱਜੇ ਜਿੱਥੇ ਉਹਨਾਂ ਦਾ ਮੇਲ ਸ਼ੰਕਰਚਾਰੀਆ ਦੇ ਉਸ ਸਮੇਂ ਗੱਦੀ ਨਸ਼ੀਨ ਚੇਲੇ ਨਾਲ ਹੋ ਗਿਆ। ਏਥੋਂ ਉਹ ਸੁਦਾਮਾ ਪੁਰੀ, ਦਵਾਰਕਾ, ਕਾਠੀਆਵਾੜ, ਸਿੰਧ, ਮਿੰਟਗੁੰਮਰੀ ਦੇ ਜ਼ਿਲ੍ਹੇ ਵਿੱਚ ਸੱਤਘਰਾ ਅਤੇ ਤਲਵੰਡੀ ਮਾਪਿਆਂ ਨੂੰ ਮਿਲ ਕੇ ਲਾਹੌਰ ਪੁੱਜੇ। ਰਾਹ ਵਿੱਚ ਉਹਨਾਂ ਦੀ ਖ਼ਾਸ ਗੋਸ਼ਟੀ ਬੀਜਾਪੁਰ ਤੋਂ ਸੌ ਕੁ ਮੀਲ ਦੂਰ ਕਜਲੀਬਨ ਦੇ ਜੋਗੀਆਂ ਨਾਲ ਹੋਈ ਜਿੱਥੇ ਭਰਥਰੀ ਨਾਥ ਦਾ ਉਹਨਾਂ ਨਾਲ ਪਹਿਲਾ ਮੇਲ ਹੋਇਆ।

ਲੰਕਾ ਪੁੱਜ ਕੇ ਗੁਰੂ ਸਾਹਿਬ ਤੇ ਮਰਦਾਨਾ ਸ਼ਹਿਰੋਂ ਬਾਹਰਵਾਰ ਇੱਕ ਬਾਗ ਵਿੱਚ ਬਹਿ ਗਏ। ਦੋਵੇਂ ਵੇਲੇ ਅਕਾਲੀ ਬਾਣੀ ਦਾ ਕੀਰਤਨ ਕਰਦੇ। ਬਹੁਤ ਸਾਰੇ ਲੋਕ ਆ ਕੇ ਬਚਨ ਬਿਲਾਸ ਤੇ ਕੀਰਤਨ ਦਾ ਅਨੰਦ ਮਾਣਦੇ। ਇੱਕ ਨਵੇਂ ਆਏ ਪਰ ਬੜੇ ਪਰਭਾਵਸ਼ਾਲੀ ਸੰਤ



Digitized by Panjab Digital Library | www.panjabdigilib.org

ਦੇ ਆਉਣ ਦੀ ਖ਼ਬਰ ਰਾਜੇ ਸ਼ਿਵਨਾਭ ਤੱਕ ਪੁੱਜ ਗਈ। ਉਸ ਨੇ ਬਾਬਾ ਜੀ ਨਾਲ ਬੜੇ ਪਿਆਰ ਤੇ ਪਰਾਹੁਣਚਾਰੀ ਦਾ ਵਰਤਾਰਾ ਵਰਤਿਆ, ਜਿਵੇਂ ਉਹ ਹੋਰ ਆਏ ਸਾਧੂਆਂ ਸੰਤਾਂ ਨਾਲ ਵਰਤਦਾ ਸੀ। ਗੁਰੂ ਸਾਹਿਬ, ਸ਼ਿਵਨਾਭ ਦੇ ਸਾਰੇ ਭਰਮਾਊ ਟੋਇਆਂ ਨੂੰ ਅੱਖੀਂ ਮੀਟ ਕੇ ਟੱਪ ਗਏ। ਅਖ਼ੀਰ ਨੱਚਣ ਗਾਣ ਵਾਲੀਆਂ ਸੁੰਦਰ ਲੜਕੀਆਂ ਆਈਆਂ। ਉਹਨਾਂ ਬੜੇ ਚੰਚਲ ਚੋਹਲ-ਮੋਹਲ ਕੀਤੇ ਪਰ ਗੁਰੂ ਸਾਹਿਬ ਦਾ ਤੇ ਉਹਨਾਂ ਵੱਲ ਉਕਾ ਧਿਆਨ ਹੀ ਨ ਗਿਆ। ਆਪਣੀ ਦਿਨ ਰਾਤ ਚੜ੍ਹੀ ਰਹਿਣ ਵਾਲੀ ਨਾਮ ਖੁਮਾਰੀ ਵਿੱਚ ਹੀ ਮਸਤ ਰਹੇ। ਅਖ਼ੀਰ ਉਹ ਖਪ-ਖਪਾ ਕੇ ਚਲੀਆਂ ਗਈਆਂ। ਗੁਰੂ ਨਾਨਕ ਦੇ ਦਰਸ਼ਨ ਤੇ ਮੇਲ ਨੇ ਰਾਜੇ ਸ਼ਿਵਨਾਭ ਦੀ ਚਿਰਕੀ ਆਸ ਪੂਰੀ ਕਰ ਦਿੱਤੀ। ਉਸਦੇ ਮਨ ਵਿਚ ਸ਼ਾਂਤੀ ਆ ਗਈ। ਉਸ ਗੁਰੂ ਸਾਹਿਬ ਨੂੰ ਪੁਛਿਆ "ਕਿ ਤੁਸੀਂ ਆਖ਼ਰਕਾਰ ਹਉ ਕੀ ? ਸੰਨਿਆਸੀ ਹੋ, ਜੋਗੀ ਹੋ, ਤਿਆਗੀ ਹੋ ਜਾਂ ਵੈਰਾਗੀ ਹੋ, ਕੀ ਹੋ ?" ਬਾਬਾ ਜੀ ਨੇ ਭਾਈ ਮਰਦਾਨੇ ਦੀ ਰਬਾਬ ਨਾਲ ਇੱਕ ਸੁਰ ਹੋ ਕੇ ਮਾਰੂ ਰਾਗ ਵਿੱਚ ਸ਼ਬਦ ਗਾਇਣ ਕੀਤਾ :—

ਜੋਗੀ ਜੁਗਤਿ ਨਾਮੁ ਨਿਰਮਾਇਲੁ,
ਤਾਂ ਕੈ ਮੈਲੁ ਨ ਰਾਤੀ।
ਪ੍ਰੀਤਮ ਨਾਥੁ ਸਦਾ ਸਚੁ ਸੰਗੇ,
ਜਨਮ ਮਰਨ ਗਤਿ ਬੀਤੀ। (੧)
ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ।
ਜਾ ਤਉ ਭੀਤਰਿ ਮਹਲਿ ਬੁਲਾਵਹਿ,
ਪੂਛਉ ਬਾਤ ਨਿਰੰਤੀ (ਰਹਾਉ)
ਬ੍ਰਾਹਮਣੁ ਬ੍ਰਹਮ ਗਿਆਨ ਇਸ਼ਨਾਨੀ,
ਹਰਿਗੁਣ ਪੂਜੇ ਪਾਤੀ।
ਏਕੋ ਨਾਮੁ ਏਕੁ ਨਾਰਾਇਣੁ,
ਤ੍ਰਿਭਵਣ ਏਕਾ ਜੋਤੀ। (੨)
ਜਿਹਵਾ ਡੰਡੀ ਇਹੁ ਘਟੁ ਛਾਬਾ,
ਤੋਲਹੁ ਨਾਮੁ ਅਜਾਚੀ।
ਏਕੋ ਹਾਟੁ ਸਾਹੁ ਸਭਨਾਂ ਸਿਰਿ,
ਵਣਜਾਰੇ ਇੱਕ ਭਾਤੀ (੩)
ਦੋਵੈ ਸਿਰੈ ਸਤਿਗੁਰੂ ਨਿਬੇੜੇ,
ਸੋ ਬੂਝੈ ਜਿਸ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ।
ਸਬਦੁ ਵਸਾਏ ਭਰਮ ਚੁਕਾਏ,
ਸਦਾ ਸੇਵਕੁ ਦਿਨੁ ਰਾਤੀ (੪)



Digitized by Panjab Digital Library | www.panjabdigilib.org

ਉਪਰਿ ਗਗਨੁ ਗਗਨ ਪਰਿ ਗੋਰਖ,
ਤਾਕਾ ਅਗਮੁ ਗੁਰੂ ਪੁਨਿਵਾਸੀ ।
ਗੁਰ ਬਚਨੀ ਬਾਹਰਿ ਘਰਿ ਏਕੋ,
ਨਾਨਕੁ ਭਇਆ ਉਦਾਸੀ । (੫)

ਰਾਜਾ ਤੇ ਹੋਰ ਸਰੋਤੇ ਸੁਣ ਕੇ ਵਜਦ ਵਿੱਚ ਆ ਗਏ । ਬਾਬਾ ਜੀ ਨੇ ਇਸ ਸ਼ਬਦ ਦਾ ਭਾਵਅਰਥ ਵੀ ਵਿਸਥਾਰ ਨਾਲ ਸਮਝਾਇਆ । ਰਾਜਾ ਸ਼ਿਵਨਾਭ ਗੁਰੂ ਸਾਹਿਬ ਦਾ ਸਿੱਖ ਬਣਿਆ । ਰਾਜੇ ਤੇ ਕਈ ਹੋਰ ਜੋਗੀਆਂ ਤੇ ਸਾਧੂਆਂ ਨੇ ਬਾਬਾ ਜੀ ਤੇ ਕਈ ਗੁੰਝਲਦਾਰ ਸਵਾਲ ਕੀਤੇ ਕਿ ਮਨੁੱਖੀ ਆਤਮਾ ਦਾ ਪੂਰਾ ਵਿਕਾਸ ਤੇ ਇਸ ਦੀ ਉੱਨਤੀ ਕਿਵੇਂ ਹੋ ਸਕਦੀ ਹੈ ? ਬਾਬਾ ਜੀ ਨੇ ਸਭ ਸਵਾਲਾਂ ਦੇ ਜਵਾਬ ਇਸ ਦਲੀਲ ਤੇ ਦ੍ਰਿੜ੍ਹਤਾ ਨਾਲ ਦਿੱਤੇ ਕਿ ਸਭ ਦੇ ਸ਼ੰਕੇ ਨਿਕਲ ਗਏ । ਰਵਾਇਤ ਹੈ ਕਿ ਉਸ ਸਾਰੀ ਗੋਸ਼ਟੀ ਤੇ ਚਰਚਾ ਨੂੰ ਗੁਰੂ ਸਾਹਿਬ ਨੇ ਆਪਣੀ ਬਾਣੀ ਪ੍ਰਾਨ ਸੰਗਲੀ ਵਿੱਚ ਬਿਆਨ ਕੀਤਾ ਸੀ ਪਰ ਇਸ ਬਾਣੀ ਦੀ ਪਰਮਾਣੀਕਤਾ ਸਿੱਧ ਨਹੀਂ ਹੋ ਸਕੀ ਅਤੇ ਨ ਹੀ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ।

ਜਿਵੇਂ ਉੱਤੇ ਦੱਸਿਆ ਗਿਆ ਹੈ, ਰਾਜੇ ਸ਼ਿਵਨਾਭ ਨੂੰ ਸੱਚ ਦਾ ਸੁਨੇਹਾ ਦੇ ਕੇ ਬਾਬਾ ਜੀ ਤੇ ਮਰਦਾਨਾ ਸਿੰਧ ਤੇ ਜ਼ਿਲ੍ਹੇ ਮਿੰਟਗੁਮਰੀ ਦੇ ਪਿੰਡ ਸੱਤਘਰੇ ਤੋਂ ਹੁੰਦੇ ਹੋਏ, ਵਾਪਸ ਤਲਵੰਡੀ ਪੁੱਜੇ । ਰਾਏ ਬੁਲਾਰ ਤੇ ਮਾਪਿਆਂ ਤੇ ਹੋਰ ਬੇਲੀਆਂ-ਮੇਲੀਆਂ ਨੂੰ ਮਿਲੇ । ਤਲਵੰਡੀ ਤੋਂ ਲਾਹੌਰ ਪੁੱਜੇ ਜਿਥੇ ਸੇਠ ਦੁਨੀ ਚੰਦ ਨੇ ਆਪਣੇ ਪਿਉ ਦਾ ਸਰਾਧ ਰਚਾਇਆ ਹੋਇਆ ਸੀ । ਸੇਠ ਦੁਨੀ ਚੰਦ ਲੱਖਾਂ ਪਤੀ ਸੀ ਉਸਨੇ ਸੈਂਕੜੇ ਬ੍ਰਾਹਮਣ ਸਰਾਧ ਦਾ ਭੋਜਨ ਛਕਾਣ ਤੇ ਦੱਛਨਾ ਦੇ ਮਗ-ਰਿਆਂ ਦੇ ਮਗਰੇ ਦਾਨ ਦੇਣ ਲਈ ਸਦੇ ਹੋਏ ਸਨ । ਸੇਠ ਨੇ ਬਾਬਾ ਜੀ ਨੂੰ ਵੀ ਸਰਾਧਾਂ ਦੇ ਭੋਜਨ ਵਿੱਚ ਸ਼ਾਮਲ ਹੋਣ ਲਈ ਸੱਦਿਆ ਪਰ ਉਹਨਾਂ ਸਰਾਧਾਂ ਦੀ ਵਹਿਮੀ ਰਸਮ ਤੇ ਪੰਡਤਾਂ ਬ੍ਰਾਹਮਣਾਂ ਦੇ ਖਾਣ-ਪੀਣ ਦੇ ਸਾਧਨ ਬਾਰੇ ਦੁਨੀ ਚੰਦ ਨੂੰ ਪੂਰਾ ਪੂਰਾ ਗਿਆਨ ਦਿੱਤਾ । ਦੁਨੀ ਚੰਦ ਦੇ ਕਰਮਕਾਂਡੀ ਜੀਵਨ ਦੀ ਦੁਨੀਆਂ ਹੀ ਬਦਲ ਗਈ ਤੇ ਬਾਬਾ ਜੀ ਦਾ ਸ਼ਰਧਾਲੂ ਬਣਿਆ ।

ਲਾਹੌਰ ਤੋਂ ਚਲ ਕੇ ਬਾਬਾ ਜੀ ਭੈਣ ਨਾਨਕੀ ਨੂੰ ਮਿਲਕੇ ਆਪਣੇ ਸਹੁਰੇ ਘਰ, ਪੱਖੋਕੇ ਰੰਧਾਵੇ ਗਏ ਜਿਥੇ ਰਹਿਕੇ ਉਹਨਾਂ ਦੀ ਪਤਨੀ ਤੇ ਦੋਵੇਂ ਪੁੱਤਰ ਖੁਸ਼ ਨਹੀਂ ਸਨ । ਉਹਨਾਂ ਦੀ ਇੱਛਾ ਅਨੁਸਾਰ ਉਹ ਪਤਨੀ ਤੇ ਪੁੱਤਰਾਂ ਨੂੰ ਆਪਣੇ ਨਵੇਂ ਵਸਾਏ ਪਿੰਡ, ਕਰਤਾਰਪੁਰ ਵਿੱਚ ਲੈ ਗਏ । ਕੁਝ ਸਮਾਂ ਉਹਨਾਂ ਕੋਲ ਰਹੇ ਤੇ ਘਰ ਦਾ ਸਿਲਸਲਾ ਠੀਕ ਕਰਕੇ ਤੀਜੇ ਸਫਰ ਤੇ ਰਵਾਨਾ ਹੋ ਗਏ ।



Digitized by Panjab Digital Library | www.panjabdigilib.org

## ਤੀਜਾ ਸਫ਼ਰ

ਬਾਬਾ ਜੀ ਦੇ ਟੱਬਰ ਦੇ ਜੀਅ ਕਰਤਾਰ ਪੁਰ ਰਹਿਣ ਲੱਗੇ । ਨਵਾਂ ਨਵਾਂ ਟਿਕਾਣਾ ਬਣਿਆ ਸੀ ਇਸ ਲਈ ਘਰ ਦੇ ਜੀਆਂ ਦੀ ਦੇਖਭਾਲ ਲਈ ਕਿਸੇ ਨ ਕਿਸੇ ਸਿਆਣੇ ਬੰਦੇ ਦਾ ਘਰ ਰਹਿਣਾ ਜ਼ਰੂਰੀ ਸੀ । ਇਸ ਸਫ਼ਰ ਵਾਰੀ ਭਾਈ ਮਰਦਾਨਾ ਤੇ ਕਰਤਾਰ ਪੁਰ ਹੀ ਰਹੇ ਤੇ ਬਾਬਾ ਜੀ ਆਪਣੇ ਦੋ ਸ਼ਰਧਾਲੂਆਂ—ਹੱਸੂ ਲੋਹਾਰ ਤੇ ਸ਼ੀਹੇ ਛੀਂਬੇ ਨੂੰ ਨਾਲ ਲੈ ਕੇ ਇਸ ਸਫ਼ਰ ਤੇ ਟੁਰੇ । ਇਹ ਸਫਰ ਪਹਾੜ ਦੀ ਦਿਸ਼ਾ ਤੇ ਸੱਚ ਮੁੱਚ ਪਹਾੜਾਂ ਵੱਲ ਸੀ । ਬਾਬਾ ਜੀ ਰਾਹ ਵਿਚ ਗ੍ਰਿਹਸਤੀਆਂ, ਪੀਰਾਂ, ਫ਼ਕੀਰਾਂ ਤੇ ਜੋਗੀਆਂ ਨਾਲ ਵੀਚਾਰ ਵਟਾਂਦਰਾ ਕਰਦੇ ਤੇ ਉਹਨਾਂ ਦਾ ਸੁਧਾਰ ਕਰਦੇ ਜੰਮੂ ਰਾਹੀਂ ਅਨੰਤਨਾਗ ਪੁੱਜ ਗਏ । ਉਥੋਂ ਟੁਰ ਕੇ ਮਟਨ ਦੇ ਜੋੜੇ ਚਸ਼ਮਿਆਂ ਤੇ ਪੁੱਜੇ । ਆਲਾ ਦੁਆਲਾ ਬੜਾ ਰਮਣੀਕ ਸੀ । ਬਾਬਾ ਜੀ ਕੁਦਰਤ ਦੇ ਨਜ਼ਾਰੇ ਵੇਖ ਵੇਖ ਕੇ ਕੁਦਰਤ ਵਿੱਚ ਲੀਨ ਹੋ ਜਾਂਦੇ । ਕੁਦਰਤ ਦੀ ਕਾਰੀਗਰੀ ਵੇਖਦੇ ਵੇਖਦੇ ਕਾਦਰ ਕੋਲ ਜਾ ਪੁੱਜਦੇ । ਉਹਨਾਂ ਦੀ ਆਤਮਕ ਦਸ਼ਾ ਤੇ ਕੁਦਰਤੀ ਦ੍ਰਿਸ਼ਾਂ ਦਾ ਅਨੰਦ ਮਾਨਣ ਦਾ ਹਾਲ ਇਸ ਤਰ੍ਹਾਂ ਸੀ ਜਿਵੇਂ ਕੋਈ ਪਾਰਖੂ ਨਜ਼ਰ ਤਸਵੀਰ ਵੇਖਦੀ ਵੇਖਦੀ ਤਸਵੀਰ ਦੀ ਖੂਬਸੂਰਤੀ ਛੱਡ ਕੇ ਮੁਸੱਵਰ ਦੀ ਫ਼ਨਕਾਰੀ ਦੀ ਨਿਪੁੰਨਤਾ ਦੀ ਜ਼ਿਆਦਾ ਪ੍ਰਸੰਸਾ ਕਰੇ ਜਿਵੇਂ ਕਿਸੇ ਸ਼ਾਇਰ ਨੇ ਲਿਖਿਆ ਹੈ :—

ਨ ਤੁੱਝ ਸੇ ਗ਼ਰਜ਼ ਹੈ ਨ ਦੁਨੀਆਂ ਸੇ ਮਤਲਬ,<br>
ਮੁਸੱਵਰ ਕੀ ਹਮ ਤੋ ਕਲਮ ਦੇਖਤੇ ਹੈਂ ।

ਬਾਬਾ ਜੀ ਤੇ ਉਹਨਾਂ ਦੇ ਦੋਵੇਂ ਸਾਥੀ ਆਲੇ ਦੁਆਲੇ ਦੀ ਸੈਰ ਕਰਦੇ, ਪਹਾੜੀਆਂ ਤੇ ਵਾਦੀਆਂ ਵਿੱਚ ਚਰਦੇ ਪਸ਼ੂ ਤੇ ਉਹਨਾਂ ਦੇ ਛੇੜੂਆਂ ਨੂੰ ਵੇਖ ਵੇਖ ਕੇ ਨਿਹਾਲ ਹੁੰਦੇ । ਕਹਿੰਦੇ ਨੇ ਜਿਹੋ ਜਿਹੀ ਧਰਤੀ ਤੇ ਆਲਾ ਦੁਆਲਾ ਹੋਵੇ, ਉਸੇ ਤਰ੍ਹਾਂ ਦੇ ਹੀ ਮਨੁੱਖ ਹੁੰਦੇ ਨੇ । ਕਸ਼ਮੀਰ ਜੇ ਕੁਦਰਤੀ ਤੌਰ ਤੇ ਸੁਹਣਾ ਹੈ ਤਾਂ ਇਸ ਦੇ ਰਹਿਣ ਵਾਲੇ ਵੀ ੳਸੇ ਵਾਂਗੂੰ ਹੀ ਸੁੰਦਰ ਹਨ । ਭੇਡਾਂ ਬਕਰੀਆਂ ਦੇ ਛੇੜੂ ਬਾਬਾ ਜੀ ਦੀਆਂ ਮਿੱਠੀਆਂ ਮਿੱਠੀਆਂ ਤੇ ਆਤਮਕ ਰੱਸ ਤੇ ਬਲ ਦੇਣ ਵਾਲੀਆਂ ਗੱਲਾਂ ਸੁਣਦੇ । ਸ਼ਬਦਾਂ ਦੇ ਟੱਪੇ ਜਾਂ ਤੁੱਕਾਂ ਸੁਣ ਜਾਂਦੇ ਤੇ ਫਿਰ ਮਸਤੀ ਵਿੱਚ ਆ ਆ ਕੇ ਸਾਰਾ ਸਾਰਾ ਦਿਨ ਹੇਕਾਂ ਲਾ ਲਾ ਕੇ ਗਾਉਂਦੇ ਰਹਿੰਦੇ । ਇਸ ਤਰ੍ਹਾਂ ਮਟਨ ਤੇ ਮਾਰਤੰਡ ਦੇ ਆਲੇ ਦੁਆਲੇ ਦੇ ਇਲਾਕੇ ਵਿੱਚ ਗੁਰੂ ਨਾਨਕ ਦਾ ਜੱਸ ਫੈਲ ਗਿਆ । ਕਈ ਸ਼ਰਧਾਲੂਆਂ ਨੇ ਆ ਕੇ ਨਾਮ-ਦਾਨ ਪਰਾਪਤ ਕੀਤਾ ।

ਇਸ ਇਲਾਕੇ ਵਿੱਚ ਇਕ ਮੁਸਲਮਾਨ ਸੂਫੀ ਫਕੀਰ, ਕਮਾਲ ਰਹਿੰਦਾ ਸੀ । ਉਹ ਇਸ਼ਕ ਹਕੀਕੀ ਦਾ ਤਾਲਬ ਸੀ । ਹੈ ਸੀ ਵੀ ਬੜਾ ਪਾਰਸਾ ਜਾਂ ਮੁਕੰਮਲ ਜ਼ਾਹਿਦ ਪਰ ਉਮਰ ਭਰ ਦੀ ਪਾਕੀਜ਼ਗੀ ਦੇ ਬਾਵਜੂਦ ਵੀ ਉਸ ਨੂੰ ਰੂਹਾਨੀ ਜਲਾਲ ਜਾਂ ਨੂਰ ਹਾਸਲ ਨ ਹੋਇਆ ਜਾਂ ਇਲਾਹੀ ਵਸਲ ਨਸੀਬ ਨ ਹੋਇਆ । ਉਸ ਨੇ ਸੁਣਿਆ ਕਿ ਮਟਨ ਦੇ ਜੋੜੇ ਚਸ਼ਮਿਆਂ ਦੇ ਕੰਢੇ ਤੇ ਪੰਜਾਬ ਤੋਂ ਆਏ ਹੋਏ ਫ਼ਕੀਰ ਦਾ ਟਿਕਾਣਾ ਹੈ, ਉਸ ਦੀ ਪਾਕ ਤੇ ਰੂਹਾਨੀ ਮੁਹੱਬਤ ਨਾਲ ਹੋਰ ਤੇ ਹੋਰ, ਡੰਗਰ, ਵੱਛੇ ਤੇ ਭੇਡਾਂ-ਬਕਰੀਆਂ ਚਰਾਣ ਵਾਲੇ ਡਾਂਗਰੀ ਤੇ ਆਜੜੀ ਵੀ



Digitized by Panjab Digital Library | www.panjabdigilib.org

ਨੂਰੋ-ਨੂਰ ਹੋ ਗਏ ਨੇ । ਕਮਾਲ, ਸੱਚ ਮੁੱਚ ਹੀ ਕਮਾਲ ਦਾ ਬੇਲਾਗ ਤੇ ਸਾਦਕ ਦਿਲ ਇਨਸਾਨ ਸੀ। ਉਹ ਤੇ ਸਦਾਕਤ ਦਾ ਮੁਤਲਾਸ਼ੀ ਜਾਂ ਲਾਭਾ ਸੀ । ਮਜ਼ਬੀ ਤਅੱਸਬ ਤਾਂ ਉਹ ਆਪਣੇ ਪਰਛਾਵੇਂ ਨਾਲ ਵੀ ਨਹੀਂ ਸੀ ਛੋਹਣ ਦੇਂਦਾ।

ਕਮਾਲ ਅਕੀਦਤ ਤੇ ਆਜਜ਼ੀ ਨਾਲ ਬਾਬਾ ਜੀ ਕੋਲ ਗਿਆ । ਬਾਬਾ ਜੀ ਦੀ ਵਿਅਕਤੀ ਦਾ ਪਰਭਾਵ ਸੁਣੀ-ਸੁਣਾਈ ਗੱਲ ਤੋਂ ਵੀ ਕਈ ਗੁਣਾ ਜ਼ਿਆਦਾ ਸਾਬਤ ਹੋਇਆ। ਪਹਿਲਾਂ ਤੇ ਕਮਾਲ ਦਾ ਦਿਲ ਬਾਬਾ ਜੀ ਦਾ ਦੀਦਾਰ ਕਰਕੇ ਹੀ ਹੁਲਾਰੇ ਵਿੱਚ ਆ ਗਿਆ। ਉਹ ਹੈਰਾਨ ਸੀ ਕਿ ਮੈਂ ਉਮਰ ਭਰ ਬੰਦਗੀ ਕਰਦਾ ਰਿਹਾ ਹਾਂ । ਤਸਬੀਹਾਂ ਫੇਰ ਫੇਰ ਕੇ ਮਣਕੇ ਘਸਾ ਛੱਡੇ ਨੇ । ਇਬਾਦਤ ਕਰਦਿਆਂ ਕਈ ਚਲੀਹਾਂ ਤੇ ਛਿੱਲਿਆਂ ਦੀ ਸਖਤੀ ਕੱਟੀ ਹੈ। ਕਈ ਮੁਸਲਮਾਨ ਪੀਰਾਂ, ਫ਼ਕੀਰਾਂ, ਆਰਫ਼ਾਂ ਤੇ ਆਬਿਦਾਂ ਦੇ, ਦੀਦਾਰ ਕੀਤੇ ਨੇ ਪਰ ਅੱਜ ਦੇ ਗੁਰੂ ਨਾਨਕ ਦੇ ਦੀਦਾਰ ਵਾਲਾ ਅਸਰ ਇਸ ਤੋਂ ਪਹਿਲਾਂ ਕਦੀ ਨਹੀਂ ਹੋਇਆ। ਕਮਾਲ ਨੂੰ ਇਸ ਤਰ੍ਹਾਂ ਮਹਿਸੂਸ ਹੋਵੇ ਜਿਵੇਂ ਉਸ ਦਾ ਦਿਲ ਉਸ ਨੂੰ ਬਾਬਾ ਜੀ ਦੇ ਕੋਲੋਂ ਜਾਣ ਦੀ ਇਜਾਜ਼ਤ ਹੀ ਨਹੀਂ ਦੇਂਦਾ। ਕਮਾਲ ਇਸ਼ਕ ਹਕੀਕੀ ਦਾ ਤਾਲਬ ਸੀ ਉਹ ਉਸ ਨੂੰ ਮਿਲ ਗਿਆ। 'ਦਾਗ਼' ਨੇ ਕਿਹਾ ਹੈ :—

ਸਮਝਤਾ ਹੂੰ ਸਭ ਕੁਛ ਮਗਰ ਦੋਸਤੋ,
ਯਿਹ ਦਿਲ ਹੈ ਜਿਧਰ ਆ ਗਿਆ ਆ ਗਿਆ ।
'ਵਲਾ' ਦੇ ਸ਼ੇਅਰ ਵਾਂਗੂੰ ਕਮਾਲ ਦਾ ਹਾਲ ਵੀ ਕਮਾਲ ਸੀ :—
ਹਮ ਨੇ ਪਾਲਾ ਮੁੱਦਤੋਂ ਪਹਿਲੂ ਮੇਂ ਹਮ ਕੁਛ ਭੀ ਨਹੀਂ,
ਤੁਮ ਨੇ ਦੇਖਾ ਇੱਕ ਨਜ਼ਰ ਔਰ ਦਿਲ ਤੁਮਹਾਰਾ ਹੋ ਗਿਆ ।

ਕਮਾਲ ਤੇ ਗੁਰੂ ਸਾਹਿਬ ਦੀ ਸਿੱਖਿਆ ਲੈ ਕੇ ਉਹਨਾਂ ਦਾ ਮੁਰੀਦ ਬਣ ਗਿਆ। ਪਰ ਮਟਨ ਦਾ ਰਹਿਣ ਵਾਲਾ ਪੰਡਤ ਬ੍ਰਹਮਦਾਸ ਆਪਣੀ ਵਿਦਵਿਤਾ ਦੀ ਹੈਂਕੜ ਵਿੱਚ ਰਿਹਾ। ਸ਼ਹਿਰ ਦੇ ਸਾਰੇ ਲੋਕ ਬਾਬਾ ਜੀ ਕੋਲ ਬੜੀ ਸ਼ਰਧਾ ਨਾਲ ਜਾਂਦੇ ਤੇ ਉਹਨਾਂ ਦੇ ਸਾਥੀਆਂ ਸਮੇਤ, ਉਹਨਾਂ ਨੂੰ ਲੋੜੀਂਦਾ ਖਾਣਾ-ਪੀਣਾ ਵੀ ਦੇਂਦੇ। ਬ੍ਰਹਮਦਾਸ ਵਾਕਿਆ ਹੀ ਬੜਾ ਮਹਾਨ ਵਿਦਵਾਨ ਸੀ। ਉਹ ਜਿੱਥੇ ਜਾਂਦਾ ਆਪਣੀ ਵਿਦਵਿਤਾ ਜਿਤਾਉਣ ਲਈ ਦੋ ਊਠਾਂ ਤੇ ਕਿਤਾਬਾਂ ਲੱਦ ਕੇ ਲਈ ਫਿਰਦਾ। ਕਿਸੇ ਨੂੰ ਬਹਿਸ ਮੁਬਾਹਸੇ ਵਿੱਚ ਗੱਲ ਨ ਕਰਨ ਦੇਂਦਾ। ਵੱਡੇ ਵੱਡੇ ਵਿਦਵਾਨ ਵੀ ਉਸ ਨਾਲ ਮੱਥਾ ਲਾਉਣ ਨੂੰ ਆਪਣਾ ਮੱਥਾ ਭੰਨਣ ਬਰਾਬਰ ਸਮਝਦੇ। ਪਤਾ ਨਹੀਂ ਉਸ ਨੂੰ ਕਿੰਨਾ ਕੁਝ ਕੰਠ ਸੀ। ਮਹੀਨਿਆਂ ਬੱਧੀ ਜ਼ਬਾਨੀ ਹੀ ਔਖੇ ਤੋਂ ਔਖੇ ਪਰਮਾਣ ਦੇਈ ਜਾਂਦਾ। ਇਹ ਹੀ ਕਾਰਨ ਸੀ ਕਿ ਪੰਡਤ ਬ੍ਰਹਮਦਾਸ ਗੁਰੂ ਨਾਨਕ ਦੇ ਕੋਲ ਚੱਲ ਕੇ ਜਾਣ ਜਾਂ ਗੱਲ ਬਾਤ ਕਰਨ ਵਿੱਚ ਆਪਣੀ ਹੇਠੀ ਸਮਝਦਾ। ਇਹ ਵੀ ਸੋਚਦਾ ਕਿ ਮੈਂ ਇੱਕ ਰਮਤੇ ਜਿਹੇ ਸਾਧੂ ਨਾਲ ਗੱਲ ਹੀ ਕੀ ਕਰਨੀ ਹੈ ? ਉਹ ਤੇ ਮੇਰੀ ਪੰਡਤਾਈ ਦਾ ਪਾਸਕੂ ਵੀ ਨਹੀਂ। ਕਦੀ ਕਦੀ ਉਸ ਦਾ ਜੀਅ ਤੇ ਕਰਦਾ ਕਿ ਬਾਬਾ ਜੀ ਕੋਲ ਜਾਏ ਪਰ ਉਸਦੀ ਵਿਦਵਿਤਾ ਦਾ ਹੰਕਾਰ ਉਸ ਨੂੰ ਰੋਕ ਲੈਂਦਾ।



Digitized by Panjab Digital Library | www.panjabdigilib.org

ਕਮਾਲ ਦਾ ਬ੍ਰਹਮਦਾਸ ਨਾਲ ਚੰਗਾ ਬਹਿਣ-ਉੱਠਣ ਸੀ। ਬ੍ਰਹਮਦਾਸ ਨੇ ਇਕ ਦਿਨ ਕਮਾਲ ਨਾਲ ਗੱਲ ਛੇੜੀ, "ਯਾਰਾ, ਮੈਂ ਸੁਣਿਆ ਏਂ ਕਿ ਪੰਜਾਬ ਦਾ ਸਾਧੂ ਜਿਹੜਾ ਮਟਨ ਦੇ ਚਸ਼ਮਿਆਂ ਕੋਲ ਆ ਕੇ ਬੈਠਾ ਹੋਇਆ ਹੈ ਬੜਾ ਰੱਬ-ਰਸੀਦਾ ਆਦਮੀ ਏ, ਲੋਕਾਂ ਤੇ ਮੇਰੇ ਕੰਨ ਖਾ ਛੱਡੇ ਨੇ ਕਿ ਮੈਂ ਜਾ ਕੇ ਜ਼ਰੂਰ ਇਸ ਨਾਲ ਗਿਆਨ ਗੋਸ਼ਟੀ ਕਰਾਂ ਤੇ ਮੈਨੂੰ ਲਾਜ਼ਮੀ ਰੂਹਾਨੀ ਤਸਕੀਨ ਤੇ ਸ਼ਾਂਤੀ ਮਿਲੇਗੀ। ਪਰ ਮੈਂ ਤੇ ਅਜੇ ਤੱਕ ਗਿਆ ਹੀ ਨਹੀਂ। ਕਮਾਲ, ਦੋਸਤ, ਤੂੰ ਜਾਣਦਾ ਹੀ ਹੈਂ ਕਿ ਮੈਂ ਕੋਈ ਇੱਕ ਤੇ ਨਹੀਂ, ਹਜ਼ਾਰਾਂ ਸਾਧੂਆਂ ਤੇ ਵਿਦਵਾਨਾਂ ਦੀ ਬੰਬ ਬੁਲਾ ਛੱਡੀ ਏ। ਆਮ ਤੌਰ ਤੇ ਇਹ ਟੁੱਕਰ-ਪਾੜ ਹੀ ਹੁੰਦੇ ਨੇ। ਪੱਲੇ ਤੇ ਇਹਨਾਂ ਦੇ ਹੁੰਦਾ ਕੁਝ ਨਹੀਂ—ਨ ਆਮ ਵਿਦਿਆ ਤੇ ਨ ਆਤਮਕ ਗਿਆਨ। ਏਵੇਂ ਭੋਲੇ ਭਾਲੇ ਦੁਨੀਆਂਦਾਰਾਂ ਨੂੰ ਮਗਰ ਲਾਈ ਫਿਰਦੇ ਨੇ। ਤੂੰ ਵੀ ਇਸ ਸਾਧੂ ਨੂੰ ਮਿਲਿਆ ਏਂ ਜਾਂ ਨਹੀਂ?" ਕਮਾਲ ਨੇ ਕਿਹਾ, "ਪੰਡਤ ਜੀ, ਜਿੰਨਾ ਚਿਰ ਇਨਸਾਨ ਦੋ ਭੁਲੇਖਿਆਂ ਚੋਂ ਨਹੀਂ ਨਿਕਲਦਾ ਓਨਾਂ ਚਿਰ ਅਨ੍ਹੇਰ ਵਿੱਚ ਠੋਕਰਾਂ ਖਾਂਦਾ ਰਹਿੰਦਾ ਹੈ। ਇੱਕ ਤੇ ਸਭ ਨੂੰ ਹੀ ਇੱਕੋ ਜਿਹਾ ਪਾਖੰਡੀ ਸਮਝਣਾ ਤੇ ਦੂਜੇ ਗ਼ਰੂਰ ਦੇ ਕਾਰਨ ਆਪਣੇ ਆਪ ਜਿਹਾ ਸਿਆਣਾ, ਨੇਕ ਤੇ ਪਾਹਯਾ ਹੋਰ ਕਿਸੇ ਨੂੰ ਨ ਸਮਝਣਾ। ਇਹ ਦੂਜਾ ਹੰਕਾਰ ਦਾ ਔਗੁਣ ਤਾਂ ਸਭ ਤੋਂ ਜ਼ਿਆਦਾ ਖ਼ਤਰਨਾਕ ਹੈ, ਨ ਇਹ ਆਪਣੇ ਆਪ ਦੀ ਅਸਲੀਅਤ ਦਾ ਪਤਾ ਲੱਗਣ ਦੇਂਦਾ ਹੈ ਤੇ ਨ ਦੂਜੇ ਮਨੁੱਖਾਂ ਦੀ ਅਸਲੀਅਤ ਤੱਕ ਪੁੱਜਣ ਦੇਂਦਾ ਹੈ। ਵੇਖੋ, ਮੈਂ ਮੁਸਲਮਾਨ ਹਾਂ ਪਰ ਸੱਚ ਦਾ ਕਿਹੜਾ ਮਜ਼੍ਹਬ ਹੈ? ਮੈਂ ਤੇ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਕੇ ਤਰ ਗਿਆ ਹਾਂ। ਹੁਣ ਮੈਂ ਮੁਰੀਦਾਂ ਵਾਲਾ ਪੀਰ ਨਹੀਂ। ਆਪ ਹੀ ਗੁਰੂ ਨਾਨਕ ਦਾ ਮੁਰੀਦ ਹਾਂ। ਮੇਰਾ ਮਨ ਤੇ ਰਹਿੰਦਾ ਹੀ ਉਹਨਾਂ ਦੀ ਹਾਜ਼ਰੀ ਵਿੱਚ ਹੈ। ਆਉ ਮੇਰੇ ਨਾਲ ਚੱਲੋ ਤੇ ਉਹਨਾਂ ਨਾਲ ਜਾ ਕੇ ਗੱਲ ਬਾਤ ਕਰਕੇ ਆਪਣੇ ਸ਼ੰਕੇ ਦੂਰ ਕਰ ਲਵੋ।" ਬ੍ਰਹਮਦਾਸ ਦਾ ਕਮਾਲ ਨਾਲ ਬੜਾ ਪਿਆਰ ਸੀ। ਕਮਾਲ ਦੀ ਗੱਲ ਮੰਨ ਕੇ ਬ੍ਰਹਮਦਾਸ ਆਪਣੇ ਦੋਵੇਂ ਊਠ ਕਿਤਾਬਾਂ ਦੇ ਲੱਦ ਕੇ ਗੁਰੂ ਨਾਨਕ ਸਾਹਿਬ ਕੋਲ ਪੁੱਜ ਗਿਆ। ਗੁਰੂ ਸਾਹਿਬ ਦੀ ਨਿਮਰਤਾ ਤੇ ਵਿਅਕਤੀ ਦੇ ਪਰਭਾਵ ਤੋਂ ਬ੍ਰਹਮਦਾਸ ਪਰਭਾਵਤ ਹੋਣੋਂ ਨ ਰਹਿ ਸਕਿਆ। ਪਰ ਉਮਰ ਭਰ ਦੀ ਆਦਤ ਅਨੁਸਾਰ ਬਹਿਸ ਛੇੜ ਦਿੱਤੀ। ਬਾਬਾ ਜੀ ਨੇ ਉਸ ਦੇ ਸਵਾਲਾਂ ਦੇ ਇਹੋ ਜਿਹੇ ਜਵਾਬ ਦਿੱਤੇ ਤੇ ਇਹੋ ਜਿਹੇ ਸਵਾਲ ਕੀਤੇ ਕਿ ਬ੍ਰਹਮਦਾਸ ਦੀ ਬੱਸ ਹੋ ਗਈ। ਉਸ ਨੂੰ ਆਪਣੀਆਂ ਊਠਾਂ ਦੇ ਭਾਰ ਕਿਤਾਬਾਂ ਰੱਦੀ ਦੇ ਕਾਗਜ਼ ਜਾਪਣ ਲੱਗੇ। ਇਸ ਦਾ ਕਾਰਨ ਇਹ ਸੀ ਕਿ ਉਹ ਸਾਰੀ ਉਮਰ ਪੁਸਤਕਾਂ ਨੂੰ ਕੰਠ ਹੀ ਕਰਦਾ ਰਿਹਾ ਸੀ ਤੇ ਉਹਨਾਂ 'ਚੋਂ ਗ੍ਰਹਣ ਕੀਤੇ ਗਿਆਨ ਦੀ ਇੱਕ ਗੱਲ ਤੇ ਵੀ ਅਮਲ ਨਹੀਂ ਸੀ ਕੀਤਾ। ਪਰ ਆਲਮ ਉਹ ਹੈ ਜੋ ਬਾਅਮਲ ਹੋਵੇ। ਬਿਨਾਂ ਅਮਲ ਤੋਂ ਇਲਮ ਇਸ ਤਰ੍ਹਾਂ ਹੈ ਜਿਵੇਂ ਨਜ਼ਰ ਤੋਂ ਬਿਨਾਂ ਅੱਖੀਂ ਦੇ ਆਨੇ, ਖੰਭਾਂ ਤੋਂ ਬਿਨਾਂ ਪੰਛੀ ਤੇ ਦੁੱਧ ਬਿਨਾਂ ਗਾਂ ਕਿਉਂਕਿ ਸਿੱਖ ਧਰਮ ਗਾਂ ਨੂੰ ਮਾਂ ਨਹੀਂ, ਦੁੱਧ ਦੇਣ ਵਾਲਾ ਡੰਗਰ ਸਮਝਦਾ ਹੈ। ਗੁਰੂ ਨਾਨਕ ਸਾਹਿਬ ਨੇ ਰਾਗ ਆਸਾ ਵਿੱਚ ਸ਼ਬਦ ਸੁਣਾਇਆ ਤੇ ਪੰਡਤ ਬ੍ਰਹਮ ਦਾਸ ਦੇ ਹੰਕਾਰ ਤੇ ਕਪਟ ਦੇ ਕੜ ਤੋੜੇ :—



Digitized by Panjab Digital Library | www.panjabdigilib.org

ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ,
ਜਲ ਬਿਨੁ ਉਤਭੁਜ ਕਾਮਿ ਨਾਹੀਂ ।
ਕਿਆ ਸੁਲਤਾਨੁ ਸਲਾਮ ਵਿਹੂਣਾ,
ਅੰਧੀ ਕੋਠੀ ਤੇਰਾ ਨਾਮੁ ਨਾਹੀਂ ।

ਹਰ ਸੋਚਵਾਨ ਮਨੁੱਖ ਤੇ ਖਾਸ ਕਰ ਕਲਾਕਾਰਾਂ ਦੀ ਆਪਨੀ ਆਪਨੀ ਥਾਂ ਹੁੰਦੀ ਹੈ। ਦਸਮ ਗ੍ਰੰਥ ਵਿੱਚ ਪਾਉਂਟਾ ਸਾਹਿਬ ਦੇ ਬਵੰਜਾ ਕਵੀਆਂ ਦੀ ਮੰਡਲੀ 'ਚੋਂ ਕਈਆਂ ਦੇ ਲੰਮੇ ਚੌੜੇ 'ਚੌਬੀਸ ਅਵਤਾਰ' ਦੇ ਬਿਆਨ ਤੇ 'ਪਖਯਾਨ ਚਰਿਤ੍ਰ' ਜਿਹੀ ਨੰਗੀ-ਪੁੰਗੀ ਜਾਂ ਅਸ਼ਲੀਲ ਰਚਨਾ ਸ਼ਾਮਲ ਹੈ ਵਾਰਸ ਸ਼ਾਹ ਦੀ ਕਵਿਤਾ ਚਰਿੱਤ੍ਰਾਂ ਦੀ ਤੁੱਕ ਬੰਦੀ ਤੋਂ ਬਹੁਤ ਉੱਚੀ ਹੈ। ਇਹ ਵੀ ਸੱਚ ਹੈ । ਕਿ ਵਾਰਸ ਸ਼ਾਹ ਪੰਜਾਬੀ ਜ਼ਬਾਨ ਦੇ ਦੋ ਚਾਰ ਸਭ ਤੋਂ ਉੱਚੇ ਤੇ ਮਜ਼ਬੂਤ ਥਮ੍ਹਾਂ ਵਿੱਚੋਂ ਹੈ । ਉਸ ਦੀ ਦੇਣ ਨੂੰ ਭੁਲਾਣਾ ਮਹਾਂ-ਭੁੱਲ ਹੈ । ਸੱਚ ਮੁੱਚ 'ਵਾਰਸ ਸ਼ਾਹ ਸੁਖਨ ਦਾ ਵਾਰਸ' ਸੀ । ਉੱਤੇ ਚੱਲ ਰਹੀ ਗੱਲ ਸਬੰਧੀ ਉਸਦੇ ਇੱਕ ਬੈਂਤ ਚੋਂ ਸਿਰਫ ਚਾਰ ਕੜੀਆਂ ਹੇਠਾਂ ਦਿੱਤੀਆਂ ਜਾਂਦੀਆਂ ਨੇ : —

ਸ਼ਰਾਅ ਸੋਈ ਜੋ ਰੱਬ ਦੇ ਨਾਮ ਹੋਵੇ,
ਖ਼ਤਮ ਸੋਈ ਜੋ ਨਾਲ ਈਮਾਨ ਹੋਵੇ,
ਸੁਖਨ ਸਈ ਜੋ ਨਾਲ ਤਾਸੀਰ ਹੋਵੇ,
ਅਹਿਮਕ ਸੋਈ ਜੋ ਨ ਕਦਰਦਾਨ ਹੋਵੇ,
ਆਲਮ ਸੋਈ ਜੋ ਇਲਮ ਦੀ ਖ਼ਬਰ ਜਾਣੇ,
ਕਾਰੀ ਸੋਈ ਜੋ ਖ਼ੁਸ਼-ਅਲਹਾਨ ਹੋਵੇ,
ਵਾਰਸ ਸ਼ਾਹ ਫ਼ਕੀਰ ਬਿਨ ਹਿਰਸ, ਗ਼ਫ਼ਲਤ,
ਯਾਦ ਰੱਬ ਦੀ ਵਿੱਚ ਗ਼ੁਲਤਾਨ ਹੋਵੇ ।

ਗੁਰੂ ਨਾਨਕ ਸਾਹਿਬ ਨੇ ਵਾਰਸ ਦੇ ਇਸ ਖਿਆਲ ਨੂੰ, ਵਾਰਸ ਤੋਂ ਦੋ ਸੋ ਸਾਲ ਪਹਿਲਾਂ ਹੀ, ਮਟਨ ਵਿੱਚ ਪੰਡਤ ਬ੍ਰਹਮਦਾਸ ਨਾਲ ਬਹਿਸ ਕਰਦਿਆਂ ਬਿਆਨ ਕਰ ਦਿੱਤਾ ਸੀ ।

ਪੰਡਤ ਬ੍ਰਹਮਦਾਸ ਦੇ ਪਿੱੜ-ਪੱਲੇ ਨ ਅਮਲ ਸੀ, ਨ ਜ਼ਿੰਦਗੀ ਦੀ ਅਸਲੀ ਤੇ ਆਖ਼ਰੀ ਦਾਤ, ਰੱਬ ਦਾ ਨਾਂ ਜਾਂ ਰੱਬ ਦੀ ਯਾਦ, ਉਹ ਤੇ ਕਿਤਾਬਾਂ ਦੇ ਮੂੰਹ ਜ਼ਬਾਨੀ ਜਾਂ ਕੰਠਿਤ ਗਿਆਨ ਵਾਲਾ ਤੋਤਾ ਸੀ ਪਰ ਤੋਤਾ ਗਿਆਨ-ਗੱਲਾਂ ਰਟ ਕੇ ਇਨਸਾਨ ਨਹੀਂ ਬਣ ਸਕਦਾ :—

ਆਦਮੀਅਤ ਔਰ ਸ਼ੈ ਹੈ ਇਲਮ ਹੈ ਕੁਛ ਔਰ ਸ਼ੈ,
ਲਾਖ ਤੋਤੇ ਕੋ ਪੜ੍ਹਾਇਆ ਫਿਰ ਭੀ ਹੈਵਾਂ ਹੀ ਰਹਾ ।

ਜਿਵੇਂ ਉੱਤੇ ਦਸਿਆ ਜਾ ਚੁੱਕਾ ਹੈ, ਮੂੰਹ ਜ਼ਬਾਨੀ ਯਾਦ ਕੀਤੇ ਹੋਏ ਕਿਤਾਬੀ ਇਲਮ ਦਾ ਗ਼ਰੂਰ ਉਸ ਦੇ ਮਨ ਨੂੰ ਉਂਞ ਕੋਈ ਪੱਟੀ ਨਹੀਂ ਸੀ ਬੰਨ੍ਹਣ ਦੇਂਦਾ । ਗ਼ਰੂਰ ਤੇ ਮਨੁੱਖੀ ਮਨ ਨੂੰ ਇਹੋ ਜਿਹੇ ਭੰਬਲਭੂਸੇ ਵਿੱਚ ਪਾਂਦਾ ਹੈ ਕਿ ਤੁੱਛ ਜਿਹੀ ਫ਼ਾਨੀ, ਇਨਸਾਨੀ ਜ਼ਿੰਦਗਾਨੀ,



Digitized by Panjab Digital Library | www.panjabdigilib.org

ਪਾਣੀ ਦੀ ਵਗਦੀ ਧਾਰ ਤੇ ਲਕੀਰ ਦੀ ਨਿਸ਼ਾਨੀ, ਆਪਨੇ ਆਪ ਨੂੰ ਰੱਬ ਸਮਝਣ ਲੱਗ ਜਾਂਦੀ ਹੈ। 'ਕਵੀ' ਦਾ ਸ਼ਾਇਰਾਨਾ ਸੁਖਨ ਹੈ:—

ਬੁਤ ਕਰੇਂ ਆਰਜ਼ੂ ਖ਼ੁਦਾਈ ਕੀ,
ਸ਼ਾਨ ਹੈ ਤੇਰੀ ਕਿਬਰਯਾਈ ਕੀ।

ਬ੍ਰਹਮਦਾਸ ਦਾ ਬਿਲਕੁਲ ਇਹੋ ਹਾਲ ਸੀ। ਗੁਰੂ ਸਾਹਿਬ ਦੇ ਅਜਿੱਤ ਤੇ ਆਮਿਲ ਜੀਵਨ ਦੇ ਬਚਨਾਂ ਨੇ ਬ੍ਰਹਮਦਾਸ ਦੇ ਗੱਲ ਵਿਚ ਪੈ ਹੋਏ ਗਿਆਨ ਦੇ ਰੱਸੇ ਨੂੰ ਤੋੜ ਕੇ ਉਸ ਦਾ ਸਾਹ ਸੌਖਾ ਕੀਤਾ। ਬਾਬਾ ਜੀ ਨੇ ਜਿਵੇਂ ਆਸਾ ਦੀ ਵਾਰ ਵਿੱਚ ਆਉਂਦਾ ਹੈ, ਬ੍ਰਹਮਦਾਸ ਨੂੰ ਕਿਹਾ:—

ਪੜਿ ਪੜਿ ਗਡੀ ਲਦੀਅਹਿ ਪੜ ਪੜ ਭਰੀਅਹਿ ਸਾਥ,
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ।
ਨਾਨਕ ਲੇਖੈ ਇਕ ਗੱਲ ਹੋਰ ਹਉਮੈ ਝਕਣਾ ਝਾਖ।

ਪੰਡਤ ਬ੍ਰਹਮਦਾਸ ਨੂੰ ਆਪਨੇ ਬੇ-ਅਮਲ ਇਲਮ ਦੀ ਬੇਅਰਥ ਪੰਡ ਦੇ ਭਾਰ ਦਾ ਅਨੁਭਵ ਹੋ ਗਿਆ। ਉਹ ਬਾਬਾ ਜੀ ਦਾ ਸਿੱਖ ਬਣਿਆ ਅਤੇ ਉਸ ਥਾਂ ਸਿਖੀ ਦੇ ਸਰਬ ਸਾਂਝੇ ਪਰਚਾਰ ਦੀ ਮੰਜੀ ਸਥਾਪਤ ਕੀਤੀ ਗਈ।

ਮਟਨ ਤੇ ਕਸ਼ਮੀਰ ਦੀਆਂ ਹੋਰ ਥਾਵਾਂ ਤੇ ਗੁਰੂ ਨਾਨਕ ਸਾਹਿਬ ਤੇ ਗੁਰੂ ਹਰਿ ਗੋਬਿੰਦ ਸਾਹਿਬ ਦਿਆਂ ਗੁਰਦੁਆਰਿਆਂ ਦੇ ਦਰਸ਼ਨ ਕਰਕੇ, ਗੁਰੂ ਸਾਹਿਬ ਦੀ ਮਹੱਤਤਾ ਅੱਗੇ ਸੁਤੇ-ਸਿੱਧ ਹੀ ਸਿਰ ਝੁਕ ਜਾਂਦਾ ਹੈ।

ਮਟਨ ਤੋਂ ਚੱਲ ਕੇ ਗੁਰੂ ਸਾਹਿਬ, ਹੱਸੂ ਤੇ ਸ਼ੀਹੇਂ ਜਿਹੇ ਸ਼ਰਧਾਲੂਆਂ ਦੇ ਸਾਥ ਨਾਲ ਕਸ਼ਮੀਰ ਦੀਆਂ ਅਗਲੀਆਂ ਤੇ ਬਰਫ਼ ਨਾਲ ਕੱਜੀਆਂ ਤੇ ਲੱਦੀਆਂ ਹੋਈਆਂ ਚੋਟੀਆਂ ਤੇ ਚੜ੍ਹਦੇ ਚੜ੍ਹਾਂਦੇ, ਸੁਮੇਰ ਪਰਬਤ ਜਾਂ ਕੈਲਾਸ਼ ਅਤੇ ਮਾਨਸਰੋਵਰ ਦੀ ਝੀਲ ਤੇ ਪੁੱਜ ਗਏ। ਇਹ ਥਾਂ ਆਮ ਆਦਮੀ ਲਈ ਅਪਹੁੰਚ ਸੀ। ਇਸ ਥਾਂ ਹਿੰਦੁਸਤਾਨ ਦੇ ਵੱਖ ਵੱਖ ਹਿੱਸਿਆਂ 'ਚੋਂ ਦੁਨੀਆਂ ਛੱਡ ਕੇ ਭੱਜੇ ਹੋਏ ਜੋਗੀਆਂ ਦਾ ਡੇਰਾ ਸੀ। ਇਹਨਾਂ ਜੋਗੀਆਂ 'ਚੋਂ ਇੱਕ ਤੇ ਵਿਸ਼ੇਸ਼ ਵਿਦਵਾਨ ਭਰਥਰੀ ਸੀ ਜਿਸ ਦਾ ਮੇਲ ਗੁਰੂ ਸਾਹਿਬ ਨਾਲ ਪਹਿਲਾਂ ਹੀ ਕਜਲੀ ਬਨ ਵਿੱਚ ਲੰਕਾ ਤੋਂ ਵਾਪਸ ਆਉਂਦਿਆਂ ਹੋ ਚੁੱਕਾ ਸੀ। ਉਹਨਾਂ ਜੋਗੀਆਂ ਨੇ ਹੱਠ ਜੋਗ ਦੀ ਸਖ਼ਤ ਸਾਧਨਾ ਤੇ ਹੋਰ ਸਿੜ੍ਹੀ-ਸਿਆਪੇ ਕਰਕੇ ਕਈ ਕਿਸਮ ਦੀਆਂ ਸਿੱਧੀਆਂ ਆਪਣੇ ਵੱਸ ਵਿਚ ਕੀਤੀਆਂ ਹੋਈਆਂ ਸਨ। ਏਸੇ ਕਸਬ ਲਈ ਇਹਨਾਂ ਜੋਗੀਆਂ ਨੂੰ ਸਿੱਧ ਆਖਿਆ ਜਾਂਦਾ ਸੀ। ਉਹ ਕਰਾਮਾਤ ਰਾਹੀਂ ਕਈ ਅਨਹੋਣੀਆਂ ਤੇ ਅਲੌਕਕ ਗੱਲ ਕਰਕੇ ਲੋਕਾਂ ਨੂੰ ਵਿਖਾਉਂਦੇ ਸਨ ਜਿਨ੍ਹਾਂ ਦੇ ਕਾਰਨ ਲੋਕਾਂ ਨੂੰ ਉਹਨਾਂ ਦੀ ਅਸੀਸ ਤੇ ਬਦਅਸੀਸ ਦੋਹਾਂ ਦਾ ਖ਼ਿਆਲ ਰਹਿੰਦਾ ਸੀ। ਪਹਾੜਾਂ ਦੇ ਗ਼ਰੀਬ ਲੋਕ, ਜੋ ਵੀ ਪੁੱਜਦਾ ਸਰਦਾ, ਜੋਗੀਆਂ ਨੂੰ ਖਾਣ, ਪੀਣ ਤੇ ਪਹਿਨਣ ਲਈ ਦੇਂਦੇ ਅਤੇ ਜੋਗੀ ਇਸ ਤਰ੍ਹਾਂ ਅਲਪ-ਅਹਾਰ ਦੇ ਆਸਰੇ ਅਤੇ ਸ਼ਰਾਬ, ਭੰਗ, ਧਤੂਰਾ, ਚਰਸ ਤੇ ਸੁਲਫ਼ਾ ਆਦਿ ਦੇ ਨਸ਼ੇ ਦੀ ਘੂਕੀ ਵਿਚ ਆਪਣੇ ਦਸਵੇਂ



Digitized by Panjab Digital Library | www.panjabdigilib.org

ਦਵਾਰ ਦੀ ਕਿੰਗਰੀ ਵਜਾਂਦੇ ਰਹਿੰਦੇ। ਨ ਉਨ੍ਹਾਂ ਸਿੱਧਾਂ ਨੂੰ ਆਪਣੇ ਟਿਕਾਣੇ ਤੋਂ ਲਾ.-ਮੇ ਦੀ ਦੁਨੀਆਂ ਦੇ ਵਰਤਾਰੇ ਦਾ ਕੋਈ ਪਤਾ ਸੁਰ ਸੀ ਤੇ ਨ ਹੀ ਦੁਨੀਆਂ ਦੇ ਲੋਕਾਂ ਨੂੰ ਉਹਨਾਂ ਸਿੱਧਾਂ ਦੀ ਕੋਈ ਸਾਰ ਸੀ। ਇਹੋ ਜਿਹੀ ਲੁਕਵੀਂ ਥਾਂ ਤੇ ਬਾਬਾ ਜੀ ਦਾ ਆਪਣੇ ਦੋ ਹੋਰ ਰਿਸ਼ਟ-ਪੁਸ਼ਟ ਸਾਥੀਆਂ ਨਾਲ ਪੁੱਜ ਜਾਣਾ ਬਾਬਾ ਜੀ ਦੀ ਕਰੜ-ਹੱਡੀ ਤੇ ਜਫ਼ਾਕਸ਼ੀ ਦਾ ਸਬੂਤ ਸੀ ਪਰ ਸਿੱਧ ਤੇ ਉਹਨਾਂ ਨੂੰ ਵੇਖ ਕੇ ਅਚੰਭੇ ਵਿੱਚ ਪੈ ਗਏ ਕਿ ਪਤਾ ਨਹੀਂ ਇਹ ਕਿਸ ਗ਼ਾਇਬੀ ਸ਼ਕਤੀ ਦੇ ਸਦਕਾ ਏਥੇ ਪੁੱਜ ਗਏ ਹਨ ? ਉਹ ਬਾਬਾ ਜੀ ਨੂੰ ਸਾਧੂ ਦੇ ਭੇਸ ਵਿਚ ਵੇਖ ਕੇ ਹੋਰ ਵੀ ਘਬਰਾਏ ਕਿ ਇਹ ਕਰਾਮਾਤੀ ਸਾਧੂ ਉਹਨਾਂ ਦੀ ਮਾਣਤਾ, ਮਹਾਨਤਾ, ਸਿੱਧਤਾ ਤੇ ਪ੍ਰਸਿੱਧਤਾ ਨੂੰ ਖੋਹ ਨ ਲਵੇ। ਇਸ ਤੋਂ ਜ਼ਿਆਦਾ ਫ਼ਿਕਰ ਇਹਨਾਂ ਨੂੰ ਬਾਬਾ ਜੀ ਦੀ ਆਪਣੇ ਮੁਕਾਬਲੇ ਵਿੱਚ ਛੁਟੇਰੀ ਤੇ ਬਾਲਕ ਉਮਰ ਵੇਖ ਕੇ ਲੱਗਾ ਕਿਉਂਕਿ ਉਹਨਾਂ 'ਚੋਂ ਹੱਠਜੋਗ ਦੇ ਕਾਰਨ ਕਈਆਂ ਦੀ ਉਮਰ ਸਾਧਾਰਨ ਮਨੁੱਖੀ ਉਮਰ ਦੀ ਹੱਦ ਤੋਂ ਕਈ ਹੱਦਾਂ ਅੱਗੇ ਸੀ। ਭਾਈ ਗੁਰਦਾਸ ਜੀ ਨੇ ਇਸ ਬਾਰੇ ਲਿਖਿਆ ਹੈ :—

ਬਾਬੇ ਡਿੱਠੀ ਪਿਰਥਵੀ ਨਵੈਖੰਡ ਜਿੱਥੋਂ ਤੱਕ ਆਹੀ,
ਫਿਰ ਜਾ ਚੜ੍ਹੇ ਸੁਮੇਰ ਪਰ ਸਿੱਧ ਮੰਡਲੀ ਦ੍ਰਿਸ਼ਟੀ ਆਈ।
ਚੌਰਾਸੀ ਸਿੱਧ ਗੋਰਖਾਦਿ ਮਨ ਅੰਦਰ ਗਣਤੀ ਵਰਤਾਈ।
ਸਿੱਧ ਪੁੱਛਣ ਸੁਣ ਬਾਲਿਆ, ਕੌਣ ਸ਼ਕਤ ਤੁਹਿ ਏਥੇ ਲਿਆਈ।
ਹਉ ਜਪਿਆ ਪਰਮੇਸਰੋ ਭਾਉ ਭਗਤ ਸੰਗਿ ਤਾੜੀ ਲਾਈ।
ਆਖਣ ਸਿੱਧ ਸੁਣ ਬਾਲਿਆ ਆਪਨਾ ਨਾਉ ਤੁਮ ਦੇਹੁ ਬਤਾਈ।
ਬਾਬਾ ਆਖੇ ਨਾਥ ਜੀ, ਨਾਨਕ ਨਾਮ ਜਪੇ ਗਤਿ ਪਾਈ।
ਨੀਚ ਕਹਾਏ ਊਚ ਘਰ ਆਈ। (੨੮)

ਇਸ ਵਿੱਚ ਭਾਈ ਗੁਰਦਾਸ ਜੀ ਨੇ ਦੱਸਿਆ ਹੈ ਕਿ ਬਾਬਾ ਜੀ ਦਾ ਸਭ ਤੋਂ ਵੱਡਾ ਆਸਰਾ ਰੱਬ ਦੇ ਨਾਂ ਦਾ ਹੈ ਅਤੇ ਬਾਬਾ ਜੀ ਤੇ ਆਪਣੀ ਆਤਮਕ ਕਿੰਗਰੀ ਦਾ ਅਨੰਦ ਸੱਚੇ ਪਰੇਮ ਤੇ ਭਗਤੀ ਦੇ ਨਸ਼ੇ ਨਾਲ ਮਾਣਦੇ ਸਨ ਅਤੇ ਇਹਨਾਂ ਦੇ ਕਾਰਨ ਹੀ ਉਹਨਾਂ ਦੇ ਮਨ ਦੀ ਇਕਾਗਰਤਾ ਹੁੰਦੀ ਭਾਵ ਤਾੜੀ ਲੱਗਦੀ ਸੀ। ਉਤਲੀ ਪੌੜੀ ਦੀ ਆਖ਼ਰੀ ਤੁਕ ਖ਼ਾਸ ਕਰਕੇ ਧਿਆਨ ਯੋਗ ਹੈ। ਬਾਬਾ ਜੀ ਨੇ ਸਿੱਧਾਂ ਨੂੰ ਦੱਸਿਆ ਕਿ ਮੈਂ ਇਹ ਸਭ ਦਾਤ ਨਿਮ੍ਰਤਾ 'ਚੋਂ ਪਾਈ ਹੈ। ਮੈਂ ਆਪਣੇ ਮਨ ਨੂੰ ਨੀਵਾਂ ਰੱਖ ਕੇ ਇਸ ਉੱਚੀ ਆਤਮਕ ਚੋਟੀ ਤੇ ਪੁੱਜਾ ਹਾਂ। ਗੁਰੂ ਸਾਹਿਬ ਦਾ ਭਾਵ ਸੀ ਕਿ ਹੰਕਾਰੀ ਤੇ ਆਪਣੇ ਆਪਣੇ ਪੰਥ ਦੀ ਸ੍ਰੇਸ਼ਟਤਾ ਤੇ ਉੱਚਤਾ ਪਿੱਛੇ ਚਿਮਟਿਆ, ਸੋਟਿਆਂ ਤੇ ਪਰਾਉੜੀਆਂ ਨਾਲ ਲੜਨ ਵਾਲੇ ਜਾਂ ਛੂਤ-ਛਾਤ ਕਰਨ ਵਾਲੇ ਸਿੱਧ ਤੇ ਜੋਗੀ ਇਸ ਉੱਚੀ ਮੰਜ਼ਿਲ ਤੇ ਨਹੀਂ ਪੁੱਜ ਸਕਦੇ।

ਇਸ ਦੇ ਬਾਅਦ ਸਿੱਧਾਂ ਬਾਬਾ ਜੀ ਨੂੰ ਪੁਛਿਆ ਕਿ ਚੋਟੀਆਂ ਤੋਂ ਹਜ਼ਾਰਾਂ ਮੀਲ ਵਸਦੀ ਹੇਠਲੀ ਦੁਨੀਆਂ ਦਾ ਕੀ ਹਾਲ ਹੈ ? ਸਿੱਧਾਂ ਦੀ ਬੋਲੀ ਤੋਂ ਉਹਨਾਂ ਦਾ ਹੰਕਾਰ ਖੁਦ-ਬਖੁਦ ਹੀ ਜ਼ਾਹਰ ਹੁੰਦਾ ਹੈ। ਉਹ ਆਪਣੀਆਂ ਰਿਧੀਆਂ ਸਿਧੀਆਂ ਤੇ ਲੰਮੀਆਂ ਉਮਰਾਂ ਦੇ ਹੰਕਾਰ ਨਾਲ ਗੁਰੂ



Digitized by Panjab Digital Library | www.panjabdigilib.org

ਸਾਹਿਬ ਨੂੰ ਇਸ ਤਰ੍ਹਾਂ ਸੰਬੋਧਨ ਕਰਦੇ ਨੇ ਜਿਵੇਂ ਕਿਸੇ ਨਿੱਕੇ ਜਿਹੇ ਬੱਚੇ ਨੂੰ ਕਰੀਦਾ ਹੈ। ਪਰ ਨਿਧੜਕ ਗੁਰੂ ਸਾਹਿਬ ਨੇ ਉਹਨਾਂ ਦਾ ਮੂੰਹ ਸੱਚ ਦੀ ਚੁਪੇੜ ਮਾਰ ਕੇ ਭੰਨ ਦਿੱਤਾ। ਹਾਲਾਂ ਕਿ ਸਿੱਧਾਂ ਦੀ 'ਓਏ' ਦਾ ਜਵਾਬ ਉਹਨਾਂ ਨੇ 'ਨਾਥ ਜੀ' ਦੇ ਨਿਮਰਤਾ-ਭਰਪੂਰ ਤੇ ਸਭਿਅਕ ਸ਼ਬਦਾਂ ਵਿੱਚ ਦਿੱਤਾ। ਭਾਈ ਗੁਰਦਾਸ ਜੀ ਲਿਖਦੇ ਨੇ :—

> ਫਿਰ ਪੁੱਛਣ ਸਿੱਧ ਨਾਨਕਾ. ਮਾਤ ਲੋਕ ਵਿੱਚ ਕਿਆ ਵਰਤਾਰਾ ?
> ਸਭ ਸਿੱਧੀਂ ਇਹ ਬੁੱਝਿਆ ਕਲਿ ਤਾਰਣ ਨਾਨਕ ਅਵਤਾਰਾ,
> ਬਾਬੇ ਕਹਿਆ ਨਾਥ ਜੀ, ਸੱਚ ਚੰਦਰਮਾ ਕੂੜ ਅੰਧਾਰਾ।
> ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜ੍ਹਿਆ ਸੰਸਾਰਾ।
> ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ।
> ਸਿੱਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ।
> ਜੋਗੀ ਗਯਾਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ।
> ਬਾਝ ਗੁਰੂ ਡੁੱਬਾ ਜੱਗ ਸਾਰਾ (੨੯)

ਭਾਈ ਗੁਰਦਾਸ ਅਨੁਸਾਰ ਬਾਬਾ ਜੀ ਨੇ ਆਪਨਾ ਬਿਆਨ ਜਾਰੀ ਰੱਖਦਿਆਂ ਨਾਥਾਂ ਨੂੰ ਦੱਸਿਆ ਕਿ ਇਹ ਇਹੋ ਜਿਹਾ ਸਮਾਂ ਹੈ ਜਿਸ ਵਿੱਚ ਆਪ ਆਪਣੇ ਨੂੰ ਪਵਿੱਤਰਤਾ ਦੇ ਚੌਧਰੀ ਅਖਵਾਣ ਵਾਲੇ ਵੀ ਸਭ ਅਲ-ਮਲ ਤੇ ਪਾਪਾਂ ਦਾ ਮੁਰਦਾਰ ਖਾਈ ਜਾਂਦੇ ਨੇ, ਰਾਜੇ ਜ਼ਾਲਮ ਰਯਤ ਦੀ ਰਾਖੀ ਕਰਨ ਦੀ ਥਾਂ ਇਸ ਤਰ੍ਹਾਂ ਲੁੱਟ ਲੁੱਟ ਕੇ ਖਾਂਦੇ ਨੇ ਜਿਵੇਂ ਵਾੜ ਖੇਤ ਨੂੰ ਬਚਾਣ ਦੀ ਬਜਾਏ ਆਪ ਹੀ ਖਾ ਜਾਵੇ। ਰੱਯਤ ਵੀ ਅਣਪੜ੍ਹ ਤੇ ਝੂਠੀ ਹੋਣ ਦੇ ਕਾਰਣ ਬੜੀ ਘਟੀਆ ਪੱਧਰ ਦੀ ਹੈ। ਸੰਤਾਂ ਸਾਧਾਂ ਤੇ ਸਿਧਾਂ ਜਾਂ ਨਾਥਾਂ ਨੇ ਮੰਗਣ-ਪਿੰਨਣ ਦਾ ਧੰਧਾ ਫੜਿਆ ਹੋਇਆ ਹੈ ਤੇ ਚੇਲੇ ਸਾਜ਼ ਵਜਾਂਦੇ ਅਤੇ ਉਹਨਾਂ ਦੇ ਗੁਰੂ ਨੱਚਦੇ ਨੇ। ਸਭ ਕੰਮ ਉਲਟ ਹੀ ਹੋ ਰਹੇ ਨੇ। ਜਾਣਾ ਤੇ ਸੇਵਕਾਂ ਨੂੰ ਗੁਰੂਆਂ ਪਾਸ ਹੁੰਦਾ ਹੈ ਪਰ ਇਸ ਦੇ ਵਿਰੁਧ ਗੁਰੂ ਉਹਨਾਂ ਦੇ ਘਰ ਜਾਂਦੇ ਨੇ। ਕਾਜ਼ੀ ਰਿਸ਼ਵਤ ਦੀ ਰੱਸੀ ਨਾਲ ਇਨਸਾਫ਼ ਦਾ ਗਲ ਘੁਟੀ ਜਾਂਦੇ ਨੇ। ਨ ਇਸਤ੍ਰੀਆਂ ਦਾ ਸਤ ਕਾਇਮ ਹੈ ਨ ਮਰਦਾਂ ਦੀ ਅਣਖ ਤੇ ਮਰਦਾਂ ਨੂੰ ਤੇ ਪੈਸਾ ਚਾਹੀਦਾ ਹੈ, ਇਸਤ੍ਰੀਆਂ ਭਾਵੇਂ ਕਿਥੋਂ ਤੇ ਕੀ ਕੁਕਰਮ ਕਰਕੇ ਕਮਾ ਕੇ ਲਿਆਉਣਾ। ਮੁੱਕਦੀ ਗੱਲ ਇਹ ਹੈ ਕਿ ਸੰਸਾਰ ਵਿੱਚ ਹਰ ਪਾਸੇ ਪਾਪ ਹੀ ਪਾਪ ਖਿਲਰਿਆ ਹੋਇਆ ਹੈ।

ਕਈ ਵਾਰੀ ਮਨੁੱਖ ਕੁਰਾਹੇ ਪੈ ਕੇ ਏਨਾਂ ਦੂਰ ਚਲਾ ਜਾਂਦਾ ਹੈ ਕਿ ਉਹ ਪਿੱਛੇ ਪਰਤਣਾ ਜਾਂ ਆਪਣੇ ਰਾਹ ਨੂੰ ਛੱਡ ਕੇ ਹੋਰ ਹੀ ਰਾਹ ਪੈਣਾ, ਮੌਤ ਬਰਾਬਰ ਸਮਝਦਾ ਹੈ। ਇਸ ਦੇ ਦੋ ਕਾਰਨ ਹਨ—ਇੱਕ ਤਾਂ ਉਸ ਦੀ ਸਰੀਰਕ ਤੇ ਮਾਨਸਕ ਸਿਥਲਤਾ ਏਨੀ ਵੱਧ ਚੁੱਕੀ ਹੁੰਦੀ ਹੈ ਕਿ ਉਹ ਨਵੇਂ ਸਿਰਿਉਂ ਨਵੇਂ ਰਾਹ ਦੇ ਪੰਧ ਦਾ ਪਾਂਧੀ ਬਣਨ ਦਾ ਹੌਸਲਾ ਹੀ ਨਹੀਂ ਕਰਦਾ, ਦੂਜਾ ਉਸ ਵਿੱਚ ਇੱਕ ਝੂਠੇ ਸਵੈਮਾਨ ਦਾ ਜਜ਼ਬਾ ਵੀ ਹੁੰਦਾ ਹੈ ਜੋ ਉਸ ਨੂੰ ਰੋਕਦਾ ਹੈ ਕਿ ਇਹ ਰਾਹ ਦੱਸਣ ਵਾਲਾ ਕਿਹੜਾ ਮੈਥੋਂ ਵੱਧ ਚੌਧਰੀ ਹੈ ? ਮੈਂ ਆਪਨਾ ਜ਼ਿੰਦਗੀ ਭਰ ਦਾ ਵਤੀਰਾ



Digitized by Panjab Digital Library | www.panjabdigilib.org

ਕਿਉਂ ਬਦਲਾਂ । ਇਹਨਾਂ ਦੋਹਾਂ ਕਾਰਨਾਂ ਨੇ ਹੋਰ ਸਿੱਧਾਂ ਨੂੰ ਸੱਪ ਵਾਂਗੂੰ ਕੁੰਡਲ ਮਾਰ ਕੇ ਤੇ ਬੇ-ਬੱਸ ਕਰਕੇ ਬਿਠਾਇਆ ਹੋਇਆ ਸੀ ।

ਬਾਬਾ ਜੀ ਦੀਆਂ ਸੱਚੀਆਂ ਤੇ ਗਿਆਨ-ਗੁੱਝੀਆਂ ਗੱਲਾਂ ਸੁਣ ਕੇ ਸਿਧ ਬੜੇ ਸ਼ਰਮਿੰਦੇ ਹੋਏ ਪਰ ਸੰਸਾਰ ਵਿੱਚ ਆ ਕੇ ਪਾਪੀਆਂ ਦਾ ਟਾਕਰਾ ਕਰਕੇ ਲੋਕਾਂ ਨੂੰ ਪਾਪਾਂ ਤੇ ਜ਼ਾਲਮਾਂ ਦੀਆਂ ਝਰਾਟਾਂ ਤੋਂ ਬੱਚਾਣ ਦੀ ਜੁਰਅਤ ਨਹੀਂ ਸਨ ਰੱਖਦੇ । ਉਹਨਾਂ ਦਾ ਹੋਰ ਚਾਰਾ ਤੇ ਨ ਚਲਿਆ, ਇਹ ਸੋਚਿਉ ਨੇ ਕਿ ਜੇ ਇਹ ਬਾਲਾ ਸਾਦਾ ਜੋਗੀਆਂ ਦਾ ਪੰਥ ਧਾਰ ਲਵੇ ਤਾਂ ਕਿੰਨਾ ਚੰਗਾ ਹੋਵੇ । ਇਹੋ ਜਿਹਾ ਬੁੱਧੀ ਤੇ ਪਰਭਾਵਕ ਵਿਅਕਤੀ ਵਾਲਾ ਮਨੁੱਖ ਸਾਡੇ ਪੰਥ ਦਾ ਨਾਂ ਸਾਰੇ ਸੰਸਾਰ ਵਿੱਚ ਰੋਸ਼ਨ ਕਰ ਸਕਦਾ ਹੈ । ਇਸ ਲਈ ਇਸ ਨੂੰ ਕਿਸੇ ਨ ਕਿਸੇ ਬਹਾਨੇ ਆਪਣੀਆਂ ਰਿੱਧੀਆਂ ਸਿੱਧੀਆਂ ਦੀਆਂ ਸ਼ਕਤੀਆਂ ਨਾਲ ਭਰਮਾ ਕੇ ਆਪਣਾ ਚੇਲਾ ਬਣਾ ਲਈਏ । ਉਹਨਾਂ ਗੁਰੂ ਨਾਨਕ ਨੂੰ ਬਾਲਾ, ਬਾਲਕ ਜਾਂ ਬੱਚਾ ਸਮਝਕੇ ਮਾਇਆ ਦੇ ਜਾਲ ਵਿੱਚ ਫਸਾਣਾ ਚਾਹਿਆ । ਉਹਨਾਂ ਬਾਬਾ ਜੀ ਨੂੰ ਭਾਂਡਾ ਦੇ ਕੇ ਇੱਕ ਚਸ਼ਮੇ ਤੋਂ ਪਾਣੀ ਲੈਣ ਭੇਜਿਆ ਪਰ ਜਦੋਂ ਬਾਬਾ ਜੀ ਉਥੇ ਗਏ ਤਾਂ ਵੇਖਿਆ ਕਿ ਤਲਾ ਲੱਖਾਂ ਕਰੋੜਾਂ ਦੀ ਕੀਮਤ ਵਾਲੇ ਲਾਲਾਂ ਜਵਾਹਰਾਂ ਨਾਲ ਭਰਿਆ ਹੋਇਆ ਹੈ । ਇਹ ਸਭ ਸਿੱਧਾਂ ਦੀ ਜਾਦੂਗਰੀ ਦੀ ਖੇਡ ਸੀ ਤਾਕਿ ਗੁਰੂ ਨਾਨਕ ਕਰਾਮਾਤ ਸਿਖਣ ਲਈ ਉਹਨਾਂ ਦਾ ਚੇਲਾ ਬਣ ਜਾਏ । ਸਿੱਧ ਜਾਂ ਤੇ ਆਪਣੀ ਲੰਮੀ ਉਮਰ ਦੇ ਮਾਨ ਨਾਲ **44-45** ਸਾਲ ਦੇ ਗੁਰੂ ਨਾਨਕ ਨੂੰ ਬਾਲਾ ਕਹਿ ਕੇ ਬੁਲਾਂਦੇ ਸਨ ਤੇ ਜਾਂ ਗ੍ਰਿਸਤੀਆਂ ਨੂੰ ਬੁਲਾਣ ਦੀ ਆਪਣੀ ਆਮ ਸੁਭਾਵਕ ਆਦਤ ਦੇ ਕਾਰਨ ਕਿਉਂਕਿ ਆਮ ਨਾਥ ਜੋਗੀ ਬੱਚੇ, ਬੁੱਢੇ, ਹਰ ਦੁਨੀਆਦਾਰ ਨੂੰ 'ਬੱਚਾ' ਜਾਂ ਆਪਣਾ 'ਬਾਲਕਾ' ਕਹਿ ਕੇ ਬੁਲਾਂਦੇ ਨੇ ।

ਸਿੱਧਾਂ ਦਾ ਖ਼ਿਆਲ ਸੀ ਕਿ ਗੁਰੂ ਨਾਨਕ ਮਾਇਆ ਦੀਆਂ ਨਹੁੰਦਰਾਂ ਵਿਚ ਫਸ ਜਾਏਗਾ ਪਰ ਉਹਨਾਂ ਭੁਲੜਾਂ ਨੂੰ ਕੀ ਪਤਾ ਸੀ ਕਿ ਜਿਸ ਮਾਇਆ ਦੇ ਜਾਲ 'ਚੋਂ ਉਹ ਏਨੀਆਂ ਰਿੱਧੀਆਂ ਸਿੱਧੀਆਂ ਹਾਸਲ ਕਰਕੇ ਤੇ ਏਨੀਆਂ ਲੰਮੀਆਂ ਉਮਰਾਂ ਤੱਕ ਪੁੱਜ ਕੇ ਵੀ ਨਹੀਂ ਨਿਕਲ ਸਕੇ, (ਬਾਲਾ) ਨਾਨਕ ਨੇ ਉਸ ਜਾਲ ਦੀ ਘੁਗੀ ਘੁਗੀ ਤੰਦ ਤੰਦ ਨੂੰ ਬਚਨਪਨ ਵਿੱਚ ਸੱਚਾ ਸੌਦਾ ਕਰਕੇ ਹੀ ਤਰੋੜ ਦਿੱਤਾ ਸੀ । ਨਹੀਂ ਤੇ ਉਹ ਖੱਤਰੀ ਪੁੱਤਰਾਂ ਵਾਂਗੂੰ ਆਪਣੇ ਪਿਤਾ ਕਾਲੂ ਦੇ ਵਣਜ ਲਈ ਦਿੱਤੇ ਹੋਏ ਵੀਹਾਂ ਰੁਪਇਆਂ 'ਚੋਂ ਵੀਹ [ਹੋਰ ਖਟ ਕੇ ਘਰ ਵੜਦਾ ?

ਬਾਬਾ ਜੀ ਸਿਧਾਂ ਦੀਆਂ ਸਿੱਧੀਆਂ ਦੀ ਮਦਾਰੀ ਹਰਕਤ ਨੂੰ ਸਮਝ ਗਏ । ਉਹਨਾਂ ਲਈ ਤੇ ਲਾਲ ਜਵਾਹਰ ਉਸ ਤਰ੍ਹਾਂ ਦੇ ਪੱਥਰ ਸਨ ਜਿਵੇਂ ਕੇ ਆਲੇ ਦੁਆਲੇ ਦੇ ਪਹਾੜ ਸਨ । ਇਸ ਲਈ ਉਹਨਾਂ ਸਿੱਧਾਂ ਦੀ ਕਰਤੂਤ ਦਾ ਜਵਾਬ ਇਸ ਤਰ੍ਹਾਂ ਦਿੱਤਾ ਕਿ ਉਹ ਖ਼ਾਲੀ ਭਾਂਡਾ ਲੈ ਕੇ ਵਾਪਸ ਚਲੇ ਗਏ ਤੇ ਕਹਿਣ ਲਗੇ ਉਥੇ ਪਾਣੀ ਕੋਈ ਨਹੀਂ । ਜਾਉ, ਜਿਥੋਂ ਮਿਲਦਾ ਜੇ ਆਪ ਲੈ ਆਵੋ । ਭਰੀ ਦੇਗ 'ਚੋਂ ਇੱਕ ਦਾਣਾ ਹੀ ਟੋਹੀਦਾ ਹੈ । ਸਿੱਖ ਬਾਬਾ ਜੀ ਦੀ ਉੱਚਤਾ ਨੂੰ ਮੰਨ ਗਏ ਤੇ ਇਸ ਤਰ੍ਹਾਂ ਬਾਬਾ ਜੀ ਨੇ ਸਾਰੀ ਸਿੱਧ ਮੰਡਲੀ ਜਿੱਤ ਲਈ ।



Digitized by Panjab Digital Library | www.panjabdigilib.org

ਕਈ ਸਿੱਧ ਬਾਬਾ ਜੀ ਦੇ ਸਿੱਖ ਬਣੇ ਅਤੇ ਭਰਥਰੀ ਤੇ ਸਿੱਖ ਬਣ ਕੇ ਪੰਜਾਬ ਵਿੱਚ ਆ ਗਿਆ ਤੇ ਉਮਰ ਭਰ ਬਾਬਾ ਜੀ ਦੇ ਸੱਚ ਦੇ ਸੁਨੇਹੇ ਦਾ ਪਰਚਾਰ ਕਰਦਾ ਰਿਹਾ। ਸਿੱਧ ਬਾਬਾ ਜੀ ਨੂੰ ਆਪਨੇ ਪੰਥ ਵਿੱਚ ਰਲਾਣ ਦੀ ਥਾਂ ਕਈ ਆਪ ਹੀ ਸਿੱਖੀ ਦੇ ਨਿਰਾਲੇ ਪੰਥ ਦੇ ਅਭਿਲਾਖੀ ਬਣ ਗਏ। ਭਾਈਗੁਰਦਾਸ ਨੇ ਆਪਨੀ ਪਹਿਲੀ ਵਾਰ ਦੀ ਇਕੱਤੀਵੀਂ ਪਉੜੀ ਵਿੱਚ ਦੱਸਿਆ ਹੈ—

ਸਿੱਧੀ ਮਨੇ ਬਿਚਾਰਿਆ ਕਿਵੇਂ ਦਰਸ਼ਨ ਏਹ ਲੇਵੇ ਬਾਲਾ।
ਐਸਾ ਜੋਗੀ ਕਲੀ ਮਾਂਹਿ ਹਮਰੇ ਪੰਥ ਕਰੇ ਉਜਿਆਲਾ।
ਖੱਪਰ ਦਿੱਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ।
ਬਾਬਾ ਆਯਾ ਪਾਣੀਐ ਡਿੱਠੇ ਰਤਨ ਜਵਾਹਰ ਲਾਲਾ।
ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝੱਲੇ ਗੁਰ ਦੀ ਝਾਲਾ।
ਫਿਰ ਆਯਾ ਗੁਰ ਨਾਥ ਜੀ ਪਾਣੀ ਠਉੜ ਨਹੀਂ ਉਸ ਤਾਲਾ।
ਸ਼ਬਦ ਜਿੱਤੀ ਸਿੱਧ ਮੰਡਲੀ ਕੀਤੋ ਸੁ ਅਪਣਾ ਪੰਥ ਨਿਰਾਲਾ।
ਕਲਿਜੁਗ ਨਾਨਕ ਨਾਮੁ ਸੁਖਾਲਾ (੩੧)

ਸਿੱਧਾਂ ਨੂੰ ਸਿੱਧ ਕਰਕੇ ਬਾਬਾ ਜੀ ਮਾਨਸਰੋਵਰ ਤੋਂ ਨੇਪਾਲ ਸਿੱਕਮ, ਭੂਟਾਨ ਤੇ ਤਿੱਬਤ ਦੇ ਰਾਹੀਂ ਚੀਨ ਦੇ ਸ਼ਹਿਰ ਨਾਨਕਿੰਗ ਤੱਕ ਗਏ ਜਿਥੇ ਉਹਨਾਂ ਦੇ ਕਈ ਸ਼ਰਧਾਲੂ ਬਣੇ ਤੇ ਜਿੱਥੇ ਉਹਨਾਂ ਦੀ ਯਾਦ ਵਿੱਚ ਚੀਨੀਆਂ ਨੇ ਇੱਕ ਧਰਮਸ਼ਾਲਾ ਵੀ ਬਣਾਈ।

ਓਥੋਂ ਗੁਰੂ ਸਾਹਿਬ ਤਿੱਬਤ ਦੇ ਇਲਾਕੇ ਲਾਸ਼ਾ ਤੱਕ ਗਏ। ਫਿਰ ਵਾਪਸ ਕਸ਼ਮੀਰ ਆਏ ਤੇ ਸ੍ਰੀ ਨਗਰ, ਜੰਮੂ ਤੇ ਪਠਾਨਕੋਟ ਤੇ ਸਿਆਲਕੋਟ ਦੇ ਰਾਹ ਵਾਪਸ ਕਰਤਾਰ ਪੁਰ ਆ ਗਏ ਜਿੱਥੇ ਉਹ ਆਪਨੇ ਟੱਬਰ ਦੇ ਜੀਆਂ ਅਤੇ ਭਾਈ ਮਰਦਾਨੇ ਨੂੰ ਛੱਡ ਗਏ ਸਨ।

ਏਥੇ ਗੁਰੂ ਸਾਹਿਬ ਦੇ ਇਸ ਸਫ਼ਰ ਬਾਰੇ ਕੁਝ ਹੋਰ ਦੱਸਣਾ ਅਯੋਗ ਨਹੀਂ ਹੋਵੇਗਾ, ਜਿਸ ਬਾਰੇ ਭਾਈ ਸੇਵਾਰਾਮ ਸਿੰਘ ਨੇ ਅੰਗਰੇਜ਼ੀ ਦੀ ਗੁਰੂ ਨਾਨਕ ਸਾਹਿਬ ਤੇ ਲਿਖੀ ਆਪਨੀ ਕਿਤਾਬ, 'ਦੀ ਡੀਵਾਈਨ ਮਾਸਟਰ' ਵਿੱਚ ਅੱਜ ਤੋਂ ਚਾਲੀ ਬਤਾਲੀ ਸਾਲ ਪਹਿਲਾਂ ਹੀ ਜ਼ਿਕਰ ਕਰ ਦਿੱਤਾ ਸੀ। ਗੁਰੂ ਸਾਹਿਬ ਦੇ ਇਸ ਸਫ਼ਰ ਦਾ ਪਰਭਾਵ ਇਹਨਾਂ ਇਲਾਕਿਆਂ ਦੇ ਲੋਕਾਂ ਤੇ ਏਨਾ ਪਿਆ ਕਿ ਅੱਜ ਤਕ ਵੀ ਨਹੀਂ ਗਿਆ ਅਤੇ ਤਿਬਤ, ਚੀਨ ਤੇ ਲਾਹੌਲ ਸਿਪੱਤੀ ਤੇ ਕੁੱਲੂਵਾਦੀ ਦੇ ਕਈ ਬੋਧੀ ਤੇ ਹਿੰਦੂ ਗੁਰੂ ਨਾਨਕ ਸਾਹਿਬ ਦੀ ਪੂਜਾ ਤੇ ਮਾਣ ਆਪਨਾ ਗੁਰੂ ਸਮਝ ਕੇ ਕਰਦੇ ਨੇ। ੧੯੨੬ ਜਾਂ ਸਤਾਈ ਦੀ ਗੱਲ ਹੈ ਕਿ ਪੰਜਾਬ ਯੂਨੀਵਰਸਿਟੀ ਲਾਹੌਰ (ਪਛਮੀ ਪਾਕਿਸਤਾਨ) ਵੱਲੋਂ ਕੁੱਝ ਵਿਦਿਆਰਥੀ ਤੇ ਵਿਦਵਾਨ ਮਾਨਸਰੋਵਰ ਭੇਜੇ ਗਏ ਜਿਨ੍ਹਾਂ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫ਼ੈਸਰ ਕਸ਼ਮੀਰਾ ਸਿੰਘ ਵੀ ਸ਼ਾਮਲ ਸੀ। ਉਸ ਨੇ ਵੇਖਿਆ ਕਿ ਮਾਨਸਰੋਵਰ ਦੀਆਂ ਗੁਫਾਂ ਵਿੱਚ ਬਣੇ ਹੋਏ ਚਹੁੰ ਮੰਦਰਾਂ ਵਿੱਚ ਇੱਕ ਗੁਰੂ ਨਾਨਕ ਦਾ ਵੀ ਹੈ ਜਿਸ ਦੀ ਉਥੋਂ ਦੇ ਲੋਕ ਦੂਜੇ ਮੰਦਰਾਂ ਵਾਂਗੂ ਹੀ ਪੂਜਾ ਕਰਦੇ ਹਨ। ਪ੍ਰੋਫ਼ੈਸਰ ਕਸ਼ਮੀਰਾ ਸਿੰਘ ਦੀ ਇਤਲਾਹ ਦੇ ਆਧਾਰ ਤੇ ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਦੇ ਨਾਨਕ ਪ੍ਰਕਾਸ਼ ਦੀ ਦੂਜੀ ਜਿਲਦ ਦੀ ਸੰਪਾਦਨਾ ਸਮੇਂ ਇਸ ਗੱਲ ਦਾ ਜ਼ਿਕਰ ੬੯੧ ਸਫੇ ਦੇ



Digitized by Panjab Digital Library | www.panjabdigilib.org

ਫੁੱਟ ਨੋਟ ਵਿੱਚ ਕੀਤਾ ਹੈ। ਏਸੇ ਤਰ੍ਹਾਂ ਹੀ ਉਹਨਾਂ ਦਿਨਾਂ ਵਿੱਚ ਇੱਕ ਸਿੱਖ ਸਰਦਾਰ ਦੀਦਾਰ ਸਿੰਘ ਨੇ ਵੀ ਕਸ਼ਮੀਰ ਤੇ ਤਿੱਬਤ ਦੇ ਇਲਾਕਿਆਂ ਦੀ ਸੈਰ ਕੀਤੀ। ਉਸ ਨੇ ਤੇ ਏਥੋਂ ਤਕ ਦੱਸਿਆ ਸੀ ਕਿ ਇਹਨਾਂ ਇਲਾਕਿਆਂ ਦੇ ਕਈ ਸ਼ਰਧਾਲੂਆਂ ਨੇ ਤਾਂ ਆਪਣੇ ਪਹਿਲੇ ਧਰਮ ਦੇ ਗੁਰਮੰਤਰ ਨਾਲ ਇੱਕ ਹੋਰ ਮੰਤਰ ਵੀ ਜੋੜ ਲਿਆ ਹੈ। ਉਹਨਾਂ ਦਾ ਆਪਨਾ ਬੋਧੀ ਮੰਤਰ ਹੈ, "ਓਮ ਮਨੀ ਪਦਮੀ ਹੰਮ" ਉਹਨਾਂ ਦਾ ਨਵਾਂ ਮੰਤਰ ਹੈ, "ਓਮ, ਅਹੁੰਮ ਭਦਰਾ ਗੁਰੂ ਪ੍ਰਮ ਸਿੱਧੀ ਹੰਮ।" ਇਹਨਾਂ ਲੋਕਾਂ ਦੇ ਮੰਦਰਾਂ ਵਿੱਚ ਵੀ ਗੁਰੂ ਨਾਨਕ ਸਾਹਿਬ ਦੀ ਪੂਜਾ ਹੁੰਦੀ ਹੈ। ਜਦੋਂ ਉਹਨਾਂ ਨੂੰ ਉਹਨਾਂ ਦੇ ਜਾਪ ਦੇ ਉਤਲੇ ਦੱਸੇ ਮੰਤਰ 'ਚੋਂ 'ਓਮ ਭਦਰਾ' ਦਾ ਮਤਲਬ ਜਾਂ ਇਸ ਦੀ ਮੁਰਾਦ ਪੁੱਛੀਏ ਤਾਂ ਇਹ ਆਖਦੇ ਹਨ, "ਭੱਦਰਾ ਗੁਰੂ ਸਾਡਾ ਉਹ ਗੁਰੂ ਹੈ ਜਿਹੜਾ ਸਾਡੇ ਦੇਸ ਆਇਆ, ਜਿਸ ਨੇ ਸਿੱਧਾਂ ਨੂੰ ਗੋਸ਼ਟੀ ਵਿੱਚ ਹਰਾਇਆ, ਜਿਹੜਾ ਮੱਕੇ ਗਿਆ, ਜਿਹੜਾ ਦੱਸਾਂ ਰੂਪਾਂ ਵਿੱਚ ਪ੍ਰਗਟਿਆ ਅਤੇ ਜਿਸ ਦਾ ਸਭ ਤੋਂ ਵੱਡਾ ਮੰਦਰ ਅੰਮ੍ਰਿਤਸਰ ਹੈ।" ਏਸੇ ਤਰ੍ਹਾਂ ਹੀ ਸਰਦਾਰ ਤੀਰਥ ਸਿੰਘ ਜੋ ਕਸ਼ਮੀਰ ਸਰਕਾਰ ਦੀ ਨੌਕਰੀ ਵਿੱਚ ਤਹਿਸੀਲਦਾਰ ਸਨ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਸ ਨੂੰ ਕਈ ਚੀਨੀ ਬੋਧੀਆਂ ਨੇ ਦੱਸਿਆ ਕਿ ਗੁਰੂ ਨਾਨਕ ਨਾਨਕਿੰਗ ਗਏ ਜਿਥੇ ਉਹਨਾਂ ਦੀ ਯਾਦ ਵਿੱਚ ਗੁਰੂਦੁਆਰਾ ਹੈ ਤੇ ਜਿਸ ਦੀ ਉਹ ਪੂਜਾ ਕਰਦੇ ਨੇ।

ਸਰਦਾਰ ਸੇਵਾਰਾਮ ਸਿੰਘ ਹੋਰਾਂ ਆਪ ਵੀ ਆਪਣੀ ਕਿਤਾਬ ਵਿੱਚ ਜ਼ਿਕਰ ਕੀਤਾ ਹੈ ਕਿ ਉਹ ੧੯੨੮ ਵਿੱਚ ਮਨਾਲੀ ਸੈਰ ਕਰਨ ਗਏ ਸਨ ਜਿੱਥੇ ਉਹਨਾਂ ਨੂੰ ਇੱਕ ਲਾਹੌਲੀ ਬੁਧਿੱਸਟ ਮਿਲਿਆ ਸੀ। ਉਸ ਦੀ ਉਮਰ ੬੮ ਸਾਲ ਦੀ ਸੀ ਤੇ ਉਹ ਮਾਲਾ ਫੇਰਦਾ ਹਮੇਸ਼ਾ ਆਪਣੇ ਮੂੰਹ ਵਿੱਚ ਕੁਝ ਪੜ੍ਹਦਾ ਰਹਿੰਦਾ ਸੀ। ਬੜੀ ਜਿੱਦ ਨਾਲ ਪੁੱਛਣ ਤੇ ਉਸ ਨੇ ਦੱਸਿਆ ਕਿ ਉਹ 'ਵਾਹਿਗੁਰ' ਮੰਤਰ ਜਪਦਾ ਹੈ। ਉਸ ਇਹ ਵੀ ਦਸਿਆ ਕਿ ਵਾਹਿਗੁਰੂ ਦਾ ਮੰਦਰ ਅੰਮ੍ਰਿਤਸਰ ਹੈ ਜਿਸਦੇ ਦਰਸ਼ਨਾਂ ਨੂੰ ਉਹ ਹਰ ਸਾਲ ਜਾਂਦਾ ਰਿਹਾ ਹੈ ਪਰ ਛੇ ਸਾਲ ਤੋਂ ਬੜ੍ਹੇਪੇ ਦੇ ਕਾਰਨ ਨਹੀਂ ਜਾ ਸਕਿਆ। ਅੱਜ ਵੀ ਕਈ ਬੋਧੀ ਸ਼ਰਧਾਲੂ, ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨ ਕਰਨ ਜਾਂਦੇ ਨੇ।

ਇਹ ਪਰਭਾਵ ਛੱਡ ਕੇ ਗੁਰੂ ਨਾਨਕ ਸਾਹਿਬ ਪਹਾੜ ਦੇ ਦੇਸ਼ਾਂ ਤੋਂ ਤੀਜਾ ਸਫਰ ਪੂਰਾ ਕਰਕੇ ਵਾਪਸ ਆਪਨੇ ਪਰਵਾਰ ਕੋਲ ਕਰਤਾਰਪੁਰ ਆਏ ਸਨ।

ਰਾਇ ਬੁਲਾਰ ਤੇ ਰੱਬੀ ਰੰਗ ਵਿੱਚ ਰਤਾ ਇਬਾਦਤ ਕਰਦਾ ਤੇ ਨੇਕੀ ਕਮਾਂਦਾ ਪਹਿਲਾਂ ਹੀ ਬਹਿਸ਼ਤੀ ਹੋ ਚੁੱਕਾ ਸੀ। ਲਿਖਾਰੀਆਂ ਦੀਆਂ ਵੱਖ ਵੱਖ ਰਾਵਾਂ ਨੇ, ਭਾਈ ਸੰਤੋਖ ਸਿੰਘ ਮੁਤਾਬਿਕ ਗੁਰੂ ਸਾਹਿਬ ਦੇ ਮਾਪੇ, ਤਲਵੰਡੀ ਵਿੱਚ ਰਹਿੰਦੇ ਹੀ ਪਰਲੋਕ ਸਿਧਾਰ ਗਏ ਸਨ। ਭਾਈ ਸੰਤੋਖ ਸਿੰਘ ਦੇ ਨਾਨਕ ਪ੍ਰਕਾਸ਼ ਅਨੁਸਾਰ ਤੇ ਬਾਬਾ ਜੀ ਦੇ ਮਾਤਾ ਪਿਤਾ ਦਾ ਦੇਹਾਂਤ ਤਲਵੰਡੀ ਵਿੱਚ ਪਹਿਲੀ ਉਦਾਸੀ ਤੇ ਕੋਰੂਕਸ਼ੇਤਰ ਦੀ ਯਾਤਰਾ ਤੋਂ ਵੀ ਪਹਿਲਾਂ ਹੋ ਚੁੱਕਾ ਸੀ। ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਆਪਣੇ ਮਾਂ ਪਿਉ ਦੇ ਸਸਕਾਰ ਆਪਣੀ ਹੱਥੀਂ



Digitized by Panjab Digital Library | www.panjabdigilib.org

ਤਲਵੰਡੀ ਵਿੱਚ ਹੀ ਕੀਤੇ ਤੇ ਇਹਨਾਂ ਦੇ ਦੇਹਾਂਤ ਤੋਂ ਪਿਛੋਂ ਵੀ ਕੁਝ ਸਮਾਂ ਤਲਵੰਡੀ ਰਹਿਣ ਦੇ ਬਾਅਦ ਮਰਦਾਨੇ ਨੂੰ ਨਾਲ ਲੈ ਕੇ ਤੀਰਥਾਂ ਦੀ ਉਦਾਸੀ ਤੇ ਟੁਰੇ ਜਿਵੇਂ ਉਹ ਲਿਖਦੇ ਨੇ :—

ਸ੍ਰੀ ਨਾਨਕ ਉਤਮ ਬਿਧ ਸੰਗਾ ।
ਪਿਤ ਕੋ ਦਾਹ ਕੀਯੋ ਸਰਬੰਗਾ ।
ਕਿਤਕ ਦਿਹ ਤਾ ਕੇ ਪਸਚਾਤੀ।
ਤ੍ਰਿਪਤਾ ਜੀ ਦੇਹ ਸੁਭ ਭਾਤੀ।
ਤਿਹ ਕੋ ਦਾਹ ਕੀਨ ਸ਼ੁਭ ਰੀਤੀ।
ਗਈ ਬੈਕੁੰਠ ਕਰਤਿਯੋ ਸੁਤ ਪ੍ਰੀਤੀ।

ਅੱਗੇ ਜਾ ਕੇ ਲਿਖਿਆ ਹੈ ਕਿ ਮਾਤਾ ਪਿਤਾ ਦੇ ਦੇਹਾਂਤ ਬਾਅਦ ਰੋਣ ਧੋਣ ਦੀ ਥਾਂ ਲੋਕਾਂ ਵਿਚ ਸਤਿਨਾਮ ਦਾ ਪਰਵਾਹ ਚਲਾਇਆ :—

ਕਿਤਕ ਦਿਵਸ ਬੀਤੇ ਤਲਵੰਡੀ।
ਅਤ ਸੇ ਕੀਰਤ ਜਹ ਤਹ ਮੰਡੀ।
..............................
ਸਤਿ ਸੰਗਤ ਮਹਿ ਸ਼ਰਧਾ ਧਰਨੰ ।
ਸਤਿਨਾਮ ਕੋ ਸਿਮਰਨ ਕਰਨੰ ।
..............................
ਬਹੁਰ ਗਵਨ ਕੀ ਕਰ ਅਭਿਲਾਖਾ ।
ਮੁਝ ਪੁਨਿ ਮਰਦਾਨੇ ਸੋ ਭਾਖਾ ।
ਚਲੋ ਅਬੈ ਤਿਰਥਨ ਕੋ ਦੇਖੈ।
ਜਹ ਮਾਨਵ ਹਵੈ ਜਾਤ ਵਿਸੇਖੈ ।

ਇਤਿਹਾਸ ਦੀ ਵਿਸ਼ਾਲ ਖੋਜ ਤੋਂ ਇਹ ਜਾਪਦਾ ਹੈ ਕਿ ਬਾਬਾ ਜੀ ਦੇ ਮਾਪੇ ਕਾਫੀ ਬੁੱਢੇ ਹੋਣ ਦੇ ਕਾਰਨ ਆਪਨੀ ਨੂੰਹ ਤੇ ਪੋਤਰਿਆਂ ਕੋਲ ਤਲਵੰਡੀ ਛੱਡ ਕੇ ਕਰਤਾਰ ਪੁਰ ਆ ਗਏ ਸਨ ਜਿਥੇ ਉਹਨਾਂ ਦਾ ਦੇਹਾਂਤ ਹੋਇਆ ਅਤੇ ਬਾਬਾ ਜੀ ਉਹਨਾਂ ਦੇ ਅੰਤਮ ਸੰਸਕਾਰ ਕਰਕੇ ਤੇ ਕੁਝ ਸਮਾਂ ਹੋਰ ਕਰਤਾਰਪੁਰ ਰਹਿ ਕੇ ਚੌਥੇ ਸਫਰ ਤੇ ਚਲੇ ਗਏ ਸਨ ।

## ਚੌਥਾ ਸਫਰ

ਸਚਿਆਰ ਗੁਰੂ ਨਾਨਕ ਦਾ ਸੱਚ ਦਾ ਸੁਨੇਹਾ ਕੁਦਰਤ ਦੀਆਂ ਧੁੱਪ ਛਾਂ, ਬਾਰਸ਼, ਹਵਾ, ਚਾਨਣ ਤੇ ਹੋਰ ਰੱਬੀ ਰਹਿਮਤਾਂ ਵਾਂਗੂ ਕਿਸੇ ਖ਼ਾਸ ਕੌਮ, ਕਬੀਲੇ, ਦੇਸ਼ ਜਾਂ ਦਿਸ਼ਾ ਵਿਚ ਸੀਮਿਤ ਨਹੀਂ ਸੀ। ਸੱਚ ਉਹ ਸਰਬ-ਸਾਂਝੀ ਦੌਲਤ ਹੈ ਜਿਸ ਦੀ ਮਨੁਖਤਾ ਨੂੰ ਹਰ ਥਾਂ, ਹਰ ਸਮੇਂ ਤੇ ਹਰ ਰੂਪ ਤੇ ਦਸ਼ਾ ਵਿਚ ਲੋੜ ਰਹਿੰਦੀ ਹੈ। ਗੁਰੂ ਸਾਹਿਬ ਬੇਅੰਤ ਮੁਸੀਬਤਾਂ ਝਾਗ ਕੇ ਤੇ ਜੰਗਲਾਂ, ਮਾਰੂਥਲਾਂ ਤੇ ਸਮੁੰਦਰਾਂ ਤੇ ਪਹਾੜਾਂ ਦੇ ਸਫਰ ਕਰਕੇ ਦੱਖਣ ਵੱਲ ਲੰਕਾ ਤਕ, ਪੂਰਬ ਵੱਲ ਬਰ੍ਹਮਾ ਦੀ ਹੱਦ ਤੱਕ ਤੇ ਪਹਾੜ ਵੱਲ ਲੇਹ, ਲਦਾਖ, ਤਿੱਬਤ, ਸਿੱਕਮ, ਭੂਟਾਨ ਨੇਪਾਲ



Digitized by Panjab Digital Library | www.panjabdigilib.org

ਤੇ ਚੀਨ ਦੇਸ਼ ਦੇ ਨਾਨਕਿੰਗ ਸ਼ਹਿਰ ਤੱਕ ਅਪਨਾ ਸੁਨੇਹਾ ਪੁਚਾ ਚੁਕੇ ਸਨ। ਹੁਣ ਪੱਛਮੀ ਪਾਸਾ ਰਹਿ ਗਿਆ ਸੀ, ਜਿਸ ਲਈ ਉਹਨਾਂ ਆਪਣਾ ਚੌਥਾ ਸਫ਼ਰ ੧੫੧੮ ਈਸਵੀ ਵਿਚ ਆਰੰਭ ਕੀਤਾ। ਇਹ ਸਫ਼ਰ ਭਾਰਤ ਤੋਂ ਪੱਛਮੀ ਪਾਸੇ ਦੇ ਮੁਸਲਮਾਨ ਦੇਸ਼ਾਂ ਤੇ ਕੁਝ ਹੋਰ ਨਾਲ ਲਗਦੇ ਇਲਾਕਿਆਂ ਦਾ ਸੀ। ਬਾਬਾ ਜੀ ਮਰਦਾਨੇ ਰਬਾਬੀ ਨੂੰ ਨਾਲ ਲੈ ਕੇ ਕਰਤਾਰ ਪੁਰੋਂ ਮੱਕੇ ਦੇ ਹੱਜ ਦਾ ਇਰਾਦਾ ਕਰਕੇ ਟੁਰੇ। ਉਸ ਸਮੇਂ ਅਰਬ ਨੂੰ ਜਾਣ ਵਾਲੇ ਜਹਾਜ਼ ਗੁਜ਼ਰਾਤ ਪਰਾਂਤ ਦੀ ਬੰਦਰਗਾਹ ਸੂਰਤ ਤੋਂ ਚਲਦੇ ਸਨ। ਇਸ ਲਈ ਬਾਬਾ ਜੀ ਸੂਰਤ ਪੁੱਜੇ ਤੇ ਉਥੋਂ ਜਹਾਜ਼ ਤੇ ਚੜ੍ਹ ਕੇ ਮੱਕੇ ਨੂੰ ਰਵਾਨਾ ਹੋ ਗਏ। ਮੱਕਾ ਸ਼ਰੀਫ ਹਜ਼ਰਤ ਮੁਹੰਮਦ ਸਾਹਿਬ ਤੇ ਇਸਲਾਮ ਦੀ ਜਨਮਭੂਮੀ ਹੈ। ਇਸ ਲਈ ਮੁਹੰਮਦੀ ਉਮਤ ਵਾਸਤੇ ਜ਼ਿੰਦਗੀ ਵਿੱਚ ਇੱਕ ਵਾਰੀ ਜ਼ਰੂਰ ਮੱਕੇ ਦਾ ਹੱਜ ਕਰਨਾ, ਇਸਲਾਮੀ ਮਜ਼ਬ ਤੇ ਸਵਾਬ ਦੇ ਲਾਜ਼ਮਾਂ ਵਿੱਚੋਂ ਇੱਕ ਹੈ। ਮੁਸਲਮਾਨ, ਮੱਕੇ ਦੀ ਮਸੀਤ ਦੀ ਖਾਸ ਜ਼ਿਆਰਤ ਦੀ ਥਾਂ ਨੂੰ ਕਾਅਬਾ ਜਾਂ ਰੱਬ ਦਾ ਘਰ ਆਖਦੇ ਨੇ। ਕਾਅਬਾ ਉਹ ਜਗ੍ਹਾ ਹੈ ਜਿਥੇ ਸਦੀਆਂ ਤੋਂ ਬੁੱਤ-ਪੂਜਾ ਤੇ ਅਗਨੀ ਪੂਜਾ ਹੁੰਦੀ ਸੀ। ਕਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਮੱਕੇ ਦਾ ਨਾਂ ਹੀ 'ਮੁਕੇਸ਼' ਕੌਮ ਦੇ ਬਰਾਹਮਣਾਂ ਤੋਂ ਪਿਆ ਹੈ ਜੋ ਕਦੀ ਉਸ ਥਾਂ ਦੇ ਮਾਲਕ ਸਨ ਤੇ ਜਿਨ੍ਹਾਂ ਨੇ ਉਸ ਨੂੰ ਵਸਾਇਆ ਸੀ।

ਮੁਸਲਮਾਨ ਮੋਮਨਾਂ ਦੇ ਏਅਤਕਾਦ ਮੁਤਾਬਿਕ, ਕੁਝ ਹੋਰ ਅਕੀਦਿਆਂ ਤੋਂ ਛੁੱਟ ਦੋ ਖ਼ਾਸ ਹਨ। ਇੱਕ ਤੇ ਇਹ ਕਿ ਕਾਅਬਾ ਰੱਬ ਦਾ ਘਰ ਹੈ ਤੇ ਉਸ ਵੱਲ ਮੂੰਹ ਕਰਕੇ ਨਮਾਜ਼ ਪੜ੍ਹਨੀ ਲਾਜ਼ਮ ਹੈ ਅਤੇ ਏਸੇ ਲਈ ਹਰ ਮਸੀਤ ਦੀ ਪਿਛਲੀ ਕੰਧ ਦੇ ਅੰਦਰਵਾਰ ਮਹਿਰਾਬ ਬਣੀ ਹੁੰਦੀ ਹੈ ਜਿਸ ਦਾ ਕੁੱਬ ਮਸੀਤ ਦੇ ਪਛਵਾੜੇ ਨਿਕਲਿਆ ਹੁੰਦਾ ਹੈ। ਇਹ ਮਸੀਤ ਦੇ ਅੰਦਰ ਜਾਂ ਬਾਹਰ, ਮਹਿਰਾਬ ਵੱਲ ਮੂੰਹ ਕਰਕੇ ਖਲੋਤਿਆਂ, ਕਾਅਬਾ ਸ਼ਰੀਫ ਦੀ ਸਿੰਮਤ ਜਾਂ ਦਿਸ਼ਾ ਦਸਦੀ ਹੈ। ਦੂਜੀ ਇਹ ਕਿ ਕੋਈ ਗੈਰ ਮੁਸਲਮ ਜਾਂ ਕਾਫ਼ਰ ਕਾਅਬੇ ਦੇ ਅੰਦਰ ਦਾਖਲ ਨਹੀਂ ਹੋ ਸਕਦਾ। ਪਰ ਗੁਰੂ ਨਾਨਕ ਸਾਹਿਬ ਦਾ ਮਨੋਰਥ ਇਹ ਸੀ ਕਿ ਮੱਕੇ ਦੇ ਹੱਜ ਦੇ ਇਕੱਠ ਦੇ ਸਮੇਂ ਜਦੋਂ ਉਥੇ ਦੁਨੀਆਂ ਦੇ ਸਾਰੇ ਹਿੱਸਿਆਂ 'ਚੋਂ ਮੁਸਲਮਾਨ ਆਉਂਦੇ ਨੇ, ਜਾ ਕੇ ਸੱਚ ਦਾ ਸੁਨੇਹਾ ਦੇਵਾਂ ਕਿ ਰੱਬ ਕਿਸੇ ਖਾਸ ਮੰਦਰ, ਮਸੀਤ, ਗਿਰਜੇ ਤੇ ਗੁਰਦੁਆਰੇ ਜਾਂ ਕਾਅਬੇ ਵਿੱਚ ਸੀਮਤ ਜਾਂ ਵਿਹੜਿਆ ਹੋਇਆ ਨਹੀਂ। ਉਹ ਕੁਰਆਨ ਸ਼ਰੀਫ਼ ਦੇ ਪਹਿਲੇ ਕਾਂਡ 'ਸੂਰਾਏ-ਫ਼ਾਤਹ' ਅਨੁਸਾਰ, "ਰਬਿੱਲ-ਆਲਮੀਨ" ਹੈ ਤੇ ਹੈ ਵੀ ਹਰ ਦਿਸ਼ਾ, ਦਸ਼ਾ ਤੇ ਦੇਸ਼ ਵਿੱਚ। ਮੇਰਾ ਖ਼ਿਆਲ ਹੈ ਕਿ ਗੁਰੂ ਸਾਹਿਬ ਕਾਅਬੇ ਦਾ ਹੱਜ ਕਰਨ ਦੀ ਸ਼ਰਤ ਦੇ ਕਾਰਨ ਹੀ ਹਾਜੀਆਂ ਵਾਲੇ ਕਪੜੇ ਪਾ ਕੇ ਗਏ ਸਨ ਤਾਂ ਕਿ ਮੁਸਲਮਾਨ ਹਾਜੀ ਹੀ ਜਾਪਣ ਤੇ ਆਪਣਾ ਸੱਚ ਦਾ ਸੁਨੇਹਾ ਪੁਚਾਣ ਵਿੱਚ ਬਿਨਾਂ ਰੋਕ ਟੋਕ ਕਾਅਬੇ ਵਿੱਚ ਪੁੱਜਣ ਵਿੱਚ ਸਫਲ ਹੋ ਸਕਣ। ਭਾਈ ਗੁਰਦਾਸ ਜੀ ਬਾਬਾ ਜੀ ਦੇ ਮੱਕੇ ਜਾਣ ਬਾਰੇ ਲਿਖਦੇ ਨੇ :—



Digitized by Panjab Digital Library | www.panjabdigilib.org

ਬਾਬਾ ਫਿਰ ਮੱਕੇ ਗਿਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ।
ਬੈਠਾ ਜਾਇ ਮਸੀਤ ਵਿੱਚ ਜਿੱਥੇ ਹਾਜੀ ਹੱਜ ਗੁਜਾਰੀ।
ਜਾਂ ਬਾਬਾ ਸੁੱਤਾ ਰਾਤ ਨੂੰ ਵਲ ਮਹਿਰਾਬੇ ਪਾਇ ਪਸਾਰੀ।
ਜੀਵਣ ਮਾਰੀ ਲੱਤ ਦੀ ਕਿਹੜਾ ਸੁੱਤਾ ਕੁਫ਼ਰ ਕੁਫ਼ਾਰੀ।
ਲੱਤਾਂ ਵੱਲ ਖ਼ੁਦਾਇ ਦੇ ਕਿਉਂਕਰ ਪਇਆ ਹੁਇ ਬਜਗਾਰੀ।
ਟੰਗੋਂ ਪਕੜ ਘਸੀਟਿਆ ਫ਼ਿਰਿਆ ਮੱਕਾ ਕਲ ਦਿਖਾਰੀ।
ਹੋਇ ਹੈਰਾਨ ਕਰੇਨ ਜੁਹਾਰੀ। (੩੨)

ਮੱਕੇ ਦੇ ਹਾਜੀਆਂ ਵਿੱਚ ਹਿੰਦੁਸਤਾਨ ਤੋਂ ਗਏ ਹੋਏ ਮੁਸਨਾਮ ਵੀ ਸਨ। ਪੰਜਾਬ ਵਿਚੋਂ ਵੀ ਕਈ ਮੁਸਲਮਾਨ ਹੱਜ ਕਰਨ ਲਈ ਉਥੇ ਪੁੱਜੇ ਹੋਏ ਸਨ। ਪੰਜਾਬ 'ਚੋਂ ਗਏ ਹੋਏ ਹਾਜੀਆਂ ਵਿਚੋਂ ਮਖ਼ਦੂਮ ਰੁਕਨਦੀਨ ਉੱਚ ਵਾਲੇ ਪੀਰ ਬਹਾਉਦੀਨ, ਜਤੀ ਲਾਲ, ਸ਼ੇਖ ਬ੍ਰਾਮ, ਕਮਾਲ ਦੀਨ ਤੇ ਜਲਾਲ ਦੀਨ ਦੇ ਨਾਂ ਖ਼ਾਸ ਹਨ। ਬਾਬਾ ਜੀ ਨੇ ਮੱਕੇ ਦੇ ਹਾਜੀਆਂ, ਦੁਕਾਨਦਾਰਾਂ ਤੇ ਮੁਜ਼ਾਵਰਾਂ, ਮੌਲਵੀਆਂ, ਸਭ ਦਾ ਵਰਤਾਰਾ ਤੇ ਵਤੀਰਾ ਚੰਗੀ ਤਰ੍ਹਾਂ ਘੋਖਿਆ। ਇਹ ਠੀਕ ਹੈ ਕਿ ਮੁਸਲਮਾਨ ਇੱਕ ਰੱਬ ਦੇ ਪੁਜਾਰੀ ਨੇ ਪਰ ਬਾਬਾ ਜੀ ਨੂੰ ਮਜ਼ਬੀ ਤਕੜੀ ਦਾ ਤਰੀਕਤ ਦਾ ਛਾਬਾ ਹਕੀਕਤ ਦੇ ਛਾਬੇ ਤੋਂ ਭਾਰਾ ਨਜ਼ਰ ਆਇਆ। ਇਸ ਲਈ ਉਹਨਾਂ ਕੋਈ ਨ ਕੋਈ ਨਾਟਕੀ ਢੰਗ ਅਪਨਾ ਕੇ ਆਪਨਾ ਪੈਗ਼ਾਮ ਦੇਣਾ ਸੀ। ਉਹਨਾਂ ਸੋਚਿਆ ਕਿ ਕੋਈ ਇਹੋ ਜਿਹਾ ਕੰਮ ਕਰਨਾ ਚਾਹੀਦਾ ਹੈ ਜਿਸ ਨਾਲ ਉਹਨਾਂ ਦੇ ਦੁਆਲੇ ਚੋਖੇ ਤੋਂ ਚੋਖੇ ਲੋਕ ਇਕੱਠੇ ਹੋ ਸਕਣ ਅਤੇ ਇਸ ਤਰ੍ਹਾਂ ਰੱਬੀ ਹੱਟ ਦਾ ਸੱਚਾ ਸੌਦਾ ਚੋਖੇ ਲੋਕਾਂ ਦੀ ਝੋਲੀ ਵਿੱਚ ਪੈ ਸਕੇ। ਇਸ ਦਾ ਸਭ ਤੋਂ ਚੰਗਾ ਢੰਗ ਉਹਨਾਂ ਕਾਅਬੇ ਵੱਲ ਲੱਤਾਂ ਕਰਕੇ ਸੌਣ ਦਾ ਹੀ ਸਮਝਿਆ ਜੋ ਮੁਸਲਮਾਨਾਂ ਵਿਚ ਬੜਾ ਵੱਡਾ ਗੁਨਾਹ ਸਮਝਿਆ ਜਾਂਦਾ ਹੈ ਤੇ ਉਹ ਵੀ ਫਿਰ ਕਾਅਬੇ ਦੀ ਦਰਗਾਹ ਵਿੱਚ। ਬਾਬਾ ਜੀ ਕਾਅਬੇ ਵੱਲ ਲੱਤਾਂ ਪਸਾਰ ਕੇ ਸੌਂ ਗਏ। ਜਦੋਂ ਕਿਸੇ ਹਾਜੀ ਦੀ ਨਜ਼ਰ ਉਹਨਾਂ ਵੱਲ ਪਈ ਤੇ ਹਾਲ ਹਾਲ ਮੱਚ ਗਈ। ਲੋਕਾਂ ਨੇ ਉੱਚੀ ਉੱਚੀ ਆਵਾਜ਼ੇ ਕੱਸਣੇ ਸ਼ੁਰੂ ਕਰ ਦਿੱਤੇ, "ਓਏ, ਤੂੰ ਕੌਣ ਏਂ ? ਲੱਤਾਂ ਕਿਧਰ ਕਰਕੇ ਸੁੱਤਾ ਪਿਆ ਏਂ ? ਤੈਨੂੰ ਕੋਈ ਹੋਸ਼ ਹੈ ਜਾਂ ਨਹੀਂ ? ਚੰਗਾ ਹੱਜ ਕਰਨ ਆਇਆ ਏਂ, ਕੋਈ ਹੱਜ ਕਰ, ਕੋਈ ਚੱਜ ਕਰ, ਕਾਅਬੇ ਵਿੱਚ ਆ ਕੇ ਕਾਫ਼ਰਾਂ ਵਾਲੀ ਕਰਤੂਤ ਕੀਤੀ ਆ।" ਰੌਲਾ ਗੌਲਾ ਸੁਣ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਜੋ ਉਹਨਾਂ ਦੇ ਮੂੰਹ ਆਇਆ, ਆਖੀ ਗਏ। ਕਈ ਤੇ ਮਾਰਨ, ਕੁੱਟਣ ਲਈ ਵੀ ਤਿਆਰ ਹੋ ਗਏ। ਬਾਬਾ ਜੀ ਘੇਸ ਵੱਟ ਕੇ ਸੁੱਤੇ ਰਹੇ ਤੇ ਸਭ ਕੁਝ ਸੁਣੀ ਗਏ। ਭਾਈ ਮਰਦਾਨਾ ਤੇ ਵਿਚਾਰਾਂ ਖਲੋਤਾ ਈ ਕੰਬੀ ਜਾਂਦਾ ਸੀ। ਦਿਲ ਵਿੱਚ ਸੋਚਦਾ, "ਬਾਬਾ ਜੀ ਵੀ ਜਿੱਥੇ ਜਾਂਦੇ ਨੇ ਅਲੋਕਾਰੀਆਂ ਗੱਲਾਂ ਹੀ ਕਰਦੇ ਨੇ ਤੇ ਅਡੋਲ ਆਖ ਛੱਡਦੇ ਨ, "ਵੇਖ, ਮਰਦਾਨਿਆਂ ਰੰਗ ਕਰਤਾਰ ਦੇ।" "ਕਰਤਾਰ ਦੇ ਕਾਹਦੇ ਰੰਗ ਨੇ, ਇਹ ਤੇ ਆਪਣੀ ਮੌਜ ਤੇ ਮਨ-ਮਰਜ਼ੀ ਨਾਲ ਹੀ ਰੰਗ, ਸੁਰੰਗ ਤੇ ਬਦਰੰਗ, ਜਿਵੇਂ ਉਲੇਲ ਆਵੇ ਕਰੀ



Digitized by Panjab Digital Library | www.panjabdigilib.org

ਫਿਰਦੇ ਨੇ। ਪਤਾ ਨਹੀਂ, ਹੁਣ ਇਹਨਾਂ ਲੋਕਾਂ ਨੇ ਸਾਡੇ ਨਾਲ ਕੀ ਕਰਨਾ ਏ ?" ਰੌਲਾ ਪਾਣ ਵਾਲੇ ਹਾਜੀਆਂ ਵਿਚੋਂ ਇੱਕ ਤਾਂ ਬੜਾ ਹੀ ਤਲਖ਼ ਸੀ। ਉਸ ਦਾ ਨਾਂ ਜੀਵਨ ਸੀ ਤੇ ਹੈ ਸੀ ਵੀ ਪੰਜਾਬੀ। ਉਸ ਨੇ ਤੇ ਬਾਬਾ ਜੀ ਨੂੰ ਲੱਤ ਵੀ ਮਾਰੀ ਤੇ ਝੰਜੋੜ ਕੇ ਜਗਾਇਆ। ਬੜੇ ਗੁੱਸੇ ਨਾਲ ਕਿਹਾ, "ਲੱਤਾਂ ਕਿੱਧਰ ਕਰਕੇ ਸੁੱਤਾ ਹੋਇਆ ਏਂ ? ਤੈਨੂੰ ਪਤਾ ਨਹੀਂ ਏਧਰ ਰੱਬ ਦਾ ਘਰ ਹੈ ?" ਬਾਬਾ ਜੀ ਨੇ ਬੜੀ ਨਿਮਰਤਾ ਨਾਲ ਆਖਿਆ, "ਭਾਈ ਜਿਧਰ ਰੱਬ ਨਹੀਂ ਮੇਰੀਆਂ ਲੱਤਾਂ ਉਸ ਪਾਸੇ ਕਰ ਛੱਡ।"

ਜੀਵਨ ਨੇ ਬਾਬਾ ਜੀ ਨੂੰ ਲੱਤਾਂ ਤੋਂ ਧਰੂਹ ਕੇ ਦੂਜੇ ਪਾਸੇ ਕਰ ਦਿੱਤਾ। ਬਾਬਾ ਜੀ ਉੱਠ ਕੇ ਬਹਿ ਗਏ ਤੇ ਬੜੇ ਧਰਵਾਸ ਨਾਲ ਬੋਲੇ, "ਪੁਰਖੋ, ਮੇਰੀ ਗੱਲ ਦੀ ਸਮਝ ਆਈ ਜੇ ਜਾਂ ਨਹੀਂ ? ਮੈਂ ਹੋਵਾਂ ਜਾਂ ਕੋਈ ਹੋਰ ਇਨਸਾਨ, ਤੁਸੀਂ ਆਪੇ ਹੀ ਦੱਸੋ, ਚੜ੍ਹਦੇ, ਲਹਿੰਦੇ, ਪਹਾੜ ਤੇ ਪੱਛਮ, ਕਿਸ ਪਾਸੇ ਰੱਬ ਨਹੀਂ ? ਆਕਾਸ਼, ਪਤਾਲ ਜਾਂ ਅਰਸ਼-ਫਰਸ਼, ਹਰ ਥਾਂ ਰੱਬ ਹਾਜ਼ਰ ਨਾਜ਼ਰ ਹੈ। ਫਿਰ ਇਨਸਾਨ ਕਿਸ ਪਾਸੇ ਲੱਤਾਂ ਕਰੇ ਤੇ ਕਿਸ ਪਾਸੇ ਨ ਕਰੇ ! ਰੱਬ ਜਿਹੀ ਸਰਬ-ਵਿਆਪਕ, ਸਰਬ-ਗਿਆਤਾ, ਸਰਬ-ਸਾਂਝੀ ਤੇ ਸਰਬ-ਸ਼ਕਤੀਮਾਨ ਸ਼ਕਤੀ ਤੇ ਹਸਤੀ ਨੂੰ ਇੱਕ ਨਿਕੀ ਜਿਹੀ ਥਾਂ, ਮਕਾਨ, ਸਿੰਮਤ ਜਾਂ ਸਤਹ ਤੇ ਮਹਿਦੂਦ ਜਾਂ ਕੈਦ ਕਰ ਦੇਣਾ, ਰੱਬ ਦੀ ਹੋਂਦ ਤੇ ਹਸਤੀ ਦੀ ਨਿਰਾਦਰੀ ਤੇ ਗੁਨਾਹ ਨਹੀਂ ਤੇ ਹੋਰ ਕੀ ਹੈ ? ਏਥੇ ਦੁਨੀਆਂ ਦੇ ਸਾਰੇ ਹਿੱਸਿਆਂ 'ਚੋਂ ਚਲ ਕੇ ਮੁਸਲਮਾਨ ਹੱਜ ਕਰਨ ਆਏ ਹੋਏ ਨੇ। ਹੱਜ ਕਰਕੇ, ਏਥੇ ਨਮਾਜ਼ਾਂ ਪੜ੍ਹਕੇ ਤੇ ਮੁਹਤਾਜ਼ਾਂ, ਅਪਾਹਜਾਂ ਤੇ ਹੋਰ ਜ਼ਰੂਰਤਮੰਦਾਂ ਨੂੰ ਖ਼ੈਰਾਇਤ ਦੇ ਕੇ ਵਾਪਸ ਆਪਨੇ ਆਪਨੇ ਦੇਸ਼ਾਂ ਤੇ ਘਰਾਂ ਨੂੰ ਚਲੇ ਜਾਣਗੇ। ਉਥੇ ਜਾ ਕੇ ਵੀ ਨਮਾਜ਼ ਪੜ੍ਹਨਗੇ, ਰੋਜ਼ੇ ਰਖਣਗੇ ਤੇ ਜ਼ਕਾਤ ਆਦਿ ਦੇਣਗੇ। ਜੇ ਉਥੇ ਰੱਬ ਨਹੀਂ, ਤੇ ਉਹਨਾਂ ਦੇ ਸਵਾਬ ਦੇ ਇਹ ਸਾਰੇ ਕੰਮ ਫ਼ਜ਼ੂਲ ਨੇ ਤੇ ਜੇ ਹਰ ਥਾਂ ਰੱਬ ਦੇ ਘਰ ਨੇਕੀ ਤੇ ਬਦੀ ਦਾ ਹਿਸਾਬ ਹੁੰਦਾ ਤੇ ਫੇਅਲ ਜਾਂ ਕਰਮ ਅਨੁਸਾਰ ਸਵਾਬ ਜਾਂ ਅਜ਼ਾਬ ਮਿਲਦਾ ਹੈ ਤਾਂ ਰੱਬ ਨੂੰ ਸਿਰਫ਼ ਇੱਕੋ ਥਾਂ ਬੱਝਾ ਜਾਂ ਬੈਠਾ ਹੋਇਆ ਸਮਝਣਾ ਕਿੱਧਰ ਦਾ ਧਰਮ ਤੇ ਅਕਲ ਹੈ ? ਕਾਅਬਾ ਤੇ ਆਪਣੀ ਆਤਮਕ ਜਾਂ ਰੂਹਾਨੀ ਬਲਦੀ ਜਾਂ ਪਸਤੀ ਤੇ ਨਿਰਭਰ ਹੈ। ਕੋਈ ਮਨੁੱਖ ਭਾਵੇਂ ਮੋਮਨਾਂ, ਹਾਜੀਆਂ ਤੇ ਹਾਫਜ਼ਾਂ ਜਾਂ ਜ਼ਾਹਿਦਾਂ ਦੀ ਸ਼ਕਲ ਬਣਾ ਕੇ ਸਾਰੀ ਉਮਰ ਕਾਅਬੇ ਵਿੱਚ ਰਹੇ ਪਰ ਕੰਮ ਕਾਫ਼ਰਾਂ ਵਾਲੇ ਕਰੇ, ਲੋਕਾਂ ਨਾਲ ਠੱਗੀ ਕਰੇ, ਝੂਠ ਬੋਲੇ, ਹਰਾਮ ਦੀ ਕਮਾਈ ਖਾਏ, ਚੁਗਲੀ ਬਖ਼ੀਲੀ ਕਰੇ ਤਾਂ ਕੀ ਉਹ ਬਹਿਸ਼ਤ ਵਿੱਚ ਜਾਇਗਾ ? ਕਾਅਬਾ ਤੇ ਇਨਸਾਨ ਦਾ ਪਵਿੱਤਰ ਦਿਲ ਤੇ ਨੇਕ ਫ਼ੇਅਲ ਨੇ। ਜੋ ਇਨਸਾਨ ਰੱਬ ਦਾ ਸੱਚਾ ਆਸ਼ਕ ਤੇ ਆਮਿਲ ਹੈ ਉਸ ਲਈ ਹਰ ਥਾਂ ਤੇ ਹਰ ਸਿੰਮਤ, ਪਾਸਾ ਜਾਂ ਦਿਸ਼ਾ ਕਾਅਬਾ ਹੈ। ਜੇ ਤੁਹਾਨੂੰ ਮੇਰੀ ਗੱਲ ਦੀ ਸਮਝ ਆ ਗਈ ਹੈ ਤਾਂ ਸੱਚੇ ਦਿਲੋਂ ਸੋਚ ਕੇ ਚਾਰ ਚੁਫੇਰੇ ਧਿਆਨ ਮਾਰੋ। ਕੀ ਤੁਹਾਨੂੰ ਹਰ ਪਾਸੇ ਕਾਅਬਾ ਜਾ ਰੱਬ ਦਾ ਘਰ ਨਜ਼ਰ ਨਹੀਂ ਆਉਂਦਾ ? ਜੇ ਤੁਹਾਡੇ ਦਿਲ ਦਾ ਕਾਅਬਾ ਕਾਇਮ ਹੈ ਤਾਂ ਸਾਰੀ ਧਰਤੀ ਕਾਅਬਾ ਹੀ ਹੈ ਤੇ ਜੇ ਦਿਲ ਦਾ ਕਾਅਬਾ ਢੱਠਾ ਹੋਇਆ ਹੈ ਤਾਂ ਕਿਸੇ ਸੱਚ ਕਿਹਾ ਹੈ ਕਿ ਮੱਕਿਉਂ ਪਰ੍ਹਾਂ ਉਜਾੜ। ਹਾਜੀਓ ਤੇ ਨਮਾਜ਼ੀਓ, ਆਪਣੇ ਈਮਾਨ ਦੀ ਕਸਮ ਖਾ ਕੇ ਦੱਸੋ, ਕਾਅਬਾ ਕਿੱਧਰ ਹੈ ?"



Digitized by Panjab Digital Library | www.panjabdigilib.org

ਇਹੋ ਜਿਹੇ ਬਲਵਾਨ ਤੇ ਬਾਦਲੀਲ ਬਚਨ ਸੁਣ ਕੇ ਕੀ ਉਸੀ ਤੇ ਕੀ ਆਲਮ, ਸਾਰੇ ਨਿਰੁੱਤਰ ਹੋ ਗਏ। ਜੀਵਨ ਕਾਜ਼ੀ ਦੇ ਖ਼ਿਆਲਾਂ ਦੀ ਵੀ ਜੂਨ ਬਦਲ ਗਈ। ਗੱਲ ਤੇ ਸਾਰੀ ਆਤਮਕ ਅਨੁਭਵ ਦੀ ਸੀ। ਇੱਟਾਂ ਜਾਂ ਪੱਥਰਾਂ ਦੀਆਂ ਬਣੀਆਂ ਹੋਈਆਂ ਖ਼ਾਸ ਕੰਧਾਂ ਦੀ ਤੇ ਹੈ ਹੀ ਨ ਸੀ। ਸਭ ਨੂੰ ਅਨੁਭਵ ਹੋ ਗਿਆ, ਜਿਧਰ ਵੇਖਣ ਕਾਅਬਾ ਭਾਵ ਰੱਬ ਦਾ ਘਰ ਹੀ ਨਜ਼ਰ ਆਉਂਦਾ ਸੀ। ਉਹਨਾਂ ਦੇ ਭਾ ਦਾ ਤੇ ਮੱਕਾ ਫਿਰ ਗਿਆ ਸੀ।

ਬਾਬਾ ਜੀ ਦੀ ਜੁਰਅਤ ਤੇ ਵਿਦਵਤਾ ਦੀ ਗੱਲ ਮੇਲੇ ਵਿੱਚ ਝੱਟ ਪੱਟ ਫੈਲ ਗਈ। ਹਜ਼ਾਰਾਂ ਲੋਕ ਇਕੱਠੇ ਹੋ ਗਏ। ਬਾਬਾ ਜੀ ਦਾ ਦੀਦਾਰ ਵੀ ਉਹਨਾਂ ਨੂੰ ਬੜੇ ਬਲੰਦ ਪਾਏ ਦੀ ਰੂਹਾਨੀਅਤ ਵਾਲੇ ਵਲੀਆਂ ਵਾਂਗੂੰ ਲਗਣ ਲਗ ਪਿਆ। ਉਹਨਾਂ ਵਿਚੋਂ ਕੁਝ ਅਗਾਂਹ ਵਧੇ ਤੇ ਕਹਿਣ ਲੱਗੇ, "ਫ਼ਕੀਰਾ, ਤੂੰ ਸੱਚ ਦੱਸ ਹਿੰਦੂ ਹੈ ਜਾਂ ਮੁਸਲਮਾਨ ?" ਹਿੰਦੂ ਨੂੰ ਤੇ ਉਹ ਕਾਫਰ ਸਮਝਕੇ ਵੈਸੇ ਹੀ ਕਾਅਬੇ ਵਿੱਚ ਵੜਨ ਦੀ ਤਕਸੀਰ ਤੋਂ ਮਾਰ ਮੁਕਾਂਦੇ ਤੇ ਫਿਰ ਉਸ ਪਾਸੇ ਲੱਤਾਂ ਕਰਕੇ ਪੈਣ ਦੀ ਤੌਹੀਨ ਦੇ ਗੁਨਾਹ ਵਿੱਚ ਤੇ ਛੱਡਣ ਹੀ ਕਿੱਥੇ ਲੱਗੇ ਸਨ। ਗੁਰੂ ਸਾਹਿਬ ਨੇ ਨਿਡਰ ਹੋ ਕੇ ਕਿਹਾ, "ਨ ਮੈਂ ਹਿੰਦੂ ਹਾਂ ਨ ਮੁਸਲਮਾਨ। ਮੈਂ ਤੇ ਪੰਜਾਂ ਤੱਤਾਂ ਦਾ ਬਣਿਆ ਹੋਇਆ ਇਨਸਾਨ ਹਾਂ ਅਤੇ ਮੇਰਾ ਨਾਂ ਨਾਨਕ ਹੈ।" ਗੁਰਬਾਣੀ ਵਿੱਚ ਤਾਂ ਕਿਸੇ ਥਾਂ ਨਹੀਂ ਆਉਂਦਾ ਪਰ ਰਵਾਇਤੀ ਤੌਰ ਤੇ ਗੁਰੂ ਸਾਹਿਬ ਦੇ ਇਸ ਸਮੇਂ ਦਿੱਤੇ ਉੱਤਰ ਬਾਰੇ ਲੋਕਾਂ ਦੀ ਜ਼ਬਾਨ ਤੇ ਇੱਕ ਲੋਕ-ਸ਼ੇਅਰ ਹੈ :—

ਹਿੰਦੂ ਕਹਾਂ ਤਾਂ ਮਾਰੀਏ, ਮੁਸਲਮਾਨ ਵੀ ਨਾ,
ਪੰਜ ਤੱਤ ਦਾ ਮੈਂ ਪੁਤਲਾ ਨਾਨਕ ਮੇਰਾ ਨਾਂ।

ਰਤਨ ਸਿੰਘ ਭੰਗੂ ਤਾਂ ਆਪਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਏਥੋਂ ਤੱਕ ਵੀ ਲਿਖਦਾ ਹੈ ਕਿ ਕੁਝ ਲੋਕਾਂ ਨੇ ਇਸ ਗੱਲ ਦਾ ਨਿਰਨਾ ਕਰਨ ਲਈ ਬਾਬਾ ਜੀ ਦੀ ਤਲਾਸ਼ੀ ਕਰ ਕੇ ਵੀ ਵੇਖਿਆ ਤੇ ਜਾਣਿਆ ਕਿ ਇਹ ਮੁਸਲਮਾਨ ਨਹੀਂ। ਰਤਨ ਸਿੰਘ ਭੰਗੂ ਦੇ ਆਪਨੇ ਸ਼ਬਦ ਨੇ :—

**ਦੋਹਰਾ**—ਤਹਾਂ ਮੁਜਾਵਰਨ ਮਨ ਮਿਥੀ ਹਿੰਦੂ ਆਦਿਉ ਹੋਇ।
ਜਾਵੇ ਪਤ ਗਵਾਇ ਹਮ ਜਾਦੂ ਕਰਕੇ ਕੋਇ।

**ਚੌਪਈ**—ਕਰੀ ਤਲਾਸ਼ੀ ਤੌ ਦੇ ਬਾਬਾ ਦੇਖਾ।
ਲਖਿਉ ਬਾਬਾ ਉਨ ਹਿੰਦੂ ਭੇਖਾ।

ਬਾਬਾ ਜੀ ਨੂੰ ਹਿੰਦੂ ਸਮਝਕੇ ਉਹਨਾਂ ਕੁਝ ਹੋਰ ਸਵਾਲ ਵੀ ਕੀਤੇ। ਇਹਨਾਂ ਸਵਾਲਾਂ ਜਵਾਬਾਂ ਵਿੱਚ ਪੰਜਾਬ ਤੋਂ ਗਏ ਹਾਜੀ ਜਿਨ੍ਹਾਂ ਦੇ ਨਾਂ ਅੱਗੇ ਦੱਸੇ ਜਾ ਚੁੱਕੇ ਨੇ ਅਤੇ ਖ਼ਾਸ ਕਰ ਮਖ਼ਦੂਮ ਰੁਕਨਦੀਨ ਉੱਚ ਵਾਲਾ, ਸਭ ਸ਼ਾਮਲ ਸਨ। ਸਾਰੇ ਹੀ ਬਾਬਾ ਜੀ ਦੇ ਸ਼ਰਧਾਲੂ ਬਣ ਗਏ ਤੇ ਮਖ਼ਦੂਮ ਰੁਕਨਦੀਨ ਨੇ ਤਾਂ ਬਾਬਾ ਜੀ ਤੋਂ ਬੇਨਤੀ ਕਰਕੇ ਪਵਿੱਤਰ ਨਿਸ਼ਾਨੀ ਜਾਂ ਤਬੱਰਕ ਦੇ ਤੌਰ ਤੇ ਬਾਬਾ ਜੀ ਦੀਆਂ ਖੜਾਵਾਂ ਲੈ ਲਈਆਂ ਜਿਨ੍ਹਾਂ ਦੇ ਦਰਸ਼ਨ ਕਰਕੇ ਲੋਕ



Digitized by Panjab Digital Library | www.panjabdigilib.org

ਬਾਬਾ ਜੀ ਦੀ ਮੱਕੇ ਦੀ ਘਟਨਾ ਨੂੰ ਤਾਜ਼ਾ ਕਰਦੇ। ਬਾਅਦ ਵਿੱਚ ਮਖਦੂਮ ਰੁਕਨਦੀਨ, ਉੱਚ ਵਾਪਸ ਆਉਣ ਤੇ ਬਾਬਾ ਜੀ ਦੀਆਂ ਖੜਾਵਾਂ ਵੀ ਨਾਲ ਲੈ ਆਏ ਜੋ ਹੁਣ ਵੀ ਉੱਚ ਰੱਖੀਆਂ ਹੋਈਆਂ ਨੇ ਤੇ ਜਿਨ੍ਹਾਂ ਦੇ ਦਰਸ਼ਨ ਸ਼ਰਧਾਲੂ ਹੁਣ ਵੀ ਕਰਦੇ ਨੇ।

ਬਹੁਤ ਸਾਰੇ ਹਾਜੀਆਂ ਇਕੱਠੇ ਹੋ ਕੇ ਬਾਬਾ ਜੀ ਤੇ ਸਵਾਲ ਕੀਤਾ, "ਦਰਵੇਸ਼ਾ, ਇਹ ਦੱਸ ਕਿ ਹਿੰਦੂ ਚੰਗੇ ਨੇ ਜਾਂ ਮੁਸਲਮਾਨ ?" ਉਹਨਾਂ ਦਾ ਇਕ ਖ਼ਿਆਲ ਤੇ ਇਹ ਸੀ ਕਿ ਬਾਬਾ ਜੀ ਡਰ ਦੇ ਮਾਰੇ ਮੁਸਲਮਾਨਾਂ ਦੀ ਵਡਿੱਤਣ ਦੀ ਹਾਮੀ ਭਰਣਗੇ। ਦੂਜਾ ਖ਼ਿਆਲ ਇਹ ਸੀ ਕਿ ਹਿੰਦੂ ਜਾਤੀ ਨਾਲ ਸਬੰਧਤ ਹੋਣ ਦੇ ਕਾਰਨ ਹਿੰਦੂਆਂ ਨੂੰ ਵਡਿਆਉਣਗੇ ਪਰ ਉਹਨਾਂ ਦੇ ਦੋਵੇਂ ਖ਼ਿਆਲ ਗ਼ਲਤ ਨਿਕਲੇ। ਬਾਬਾ ਜੀ ਨੇ ਉਹ ਜਵਾਬ ਦਿੱਤਾ ਜਿਸ ਤੋਂ ਚੰਗਾ ਜਵਾਬ ਹੋ ਹੀ ਨਹੀਂ ਸਕਦਾ ਤੇ ਜਿਸ ਦੇ ਵਿਰੁੱਧ ਰਹਿੰਦੀ ਦੁਨੀਆਂ ਤੱਕ ਕੋਈ ਵੀ ਇਨਸਾਨ ਸੰਸਾ ਜਾਂ ਸਵਾਲ ਨਹੀਂ ਕਰ ਸਕਦਾ। ਭਾਈ ਗੁਰਦਾਸ ਹੋਰਾਂ ਇਸ ਬਾਰੇ ਲਿਖਿਆ ਹੈ :—

ਪੁੱਛਨ ਗੱਲ ਈਮਾਨ ਦੀ ਕਾਜ਼ੀ ਮੁੱਲਾਂ ਇਕੱਠੇ ਹੋਈ,
ਵੱਡਾ ਸਾਂਗ ਵਰਤਾਇਆ ਲੱਖ ਨ ਸਕੇ ਕੁਦਰਤਿ ਕੋਈ।
ਪੁੱਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ,
ਬਾਬਾ ਆਖੇ ਹਾਜੀਆਂ ਸੁਭ ਅਮਲਾਂ ਬਾਝੋਂ ਦੋਵੇਂ ਰੋਈ।
ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਣ ਨ ਢੋਈ।
ਕੱਚਾ ਰੰਗ ਕਸੁੰਭ ਕਾ ਪਾਣੀ ਧੋਤੇ ਥਿਰ ਨ ਰਹੋਈ।
ਕਰਨ ਬਖੀਲੀ ਆਪ ਵਿੱਚ ਰਾਮ ਰਹੀਮ ਕਥਾਏ ਖਲੋਈ।
ਰਾਹ ਸ਼ੈਤਾਨੀ ਦੁਨੀਆਂ ਗੋਈ। (੩੩)

ਬਾਬਾ ਜੀ ਦੀਆਂ ਖੜਾਵਾਂ ਦਾ ਜ਼ਿਕਰ ਮੈਂ ਪਹਿਲਾਂ ਹੀ ਕਰ ਚੁੱਕਾ ਹਾਂ ਕਿ ਮਖ਼ਦੂਮ ਰੁਕਨਦੀਨ ਨੇ ਰਖੀਆਂ ਸਨ ਅਤੇ ਬਾਬਾ ਜੀ ਦੇ ਮੱਕੇ ਦੇ ਸ਼ਰਧਾਲੂਆਂ ਵਿੱਚ ਘਰ ਘਰ ਸਤਿਕਾਰ ਬਾਰੇ ਭਾਈ ਗੁਰਦਾਸ ਜੀ ਲਿਖਦੇ ਨੇ :—

ਧਰੀ ਨਿਸ਼ਾਨੀ ਕੌਸ ਦੀ ਮੱਕੇ ਅੰਦਰ ਪੂਜ ਕਰਾਈ।
ਜਿੱਥੇ ਜਾਇ ਜਗਤ ਵਿੱਚ ਬਾਬੇ ਬਾਝ ਨ ਖਾਲੀ ਜਾਈ।
ਘਰ ਘਰ ਬਾਬਾ ਪੂਜੀਏ ਹਿੰਦੂ ਮੁਸਲਮਾਨ ਜੁ ਆਈ।
ਛਪੇ ਨਾਂਹਿ ਛਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਈ।
ਬੁਕਿਆ ਸਿੰਘ ਉਜਾੜ ਵਿੱਚ ਸਭ ਮਿਰਗਾਵਲਿ ਭੰਨੀ ਜਾਈ।
ਚੜ੍ਹਿਆ ਚੰਦ ਨ ਲੁਕਈ ਕੱਢ ਕੁਨਾਲੀ ਜੋਤ ਛਪਾਈ।
ਉਗਵਣ ਤੇ ਆਥਵਣ ਨਉ ਖੰਡ ਪ੍ਰਿਥਮੀ ਸਭ ਝੁਕਾਈ।
ਜਗ ਅੰਦਰ ਕੁਦਰਤ ਵਰਤਾਈ। (੩੪)



Digitized by Panjab Digital Library | www.panjabdigilib.org

ਮਖ਼ਦੂਮ ਰੁਕਨਦੀਨ ਨੇ ਬਾਬਾ ਜੀ ਨੂੰ ਪੁਛਿਆ, "ਹਜ਼ਰਤ ਬਾਬਾ ਨਾਨਕ, ਇਹ ਦੱਸੋ ਕਿ ਜੋ ਲੋਕ ਅਨੇਂਵਾਹ ਗੁਨਾਹ ਕਰਦੇ ਨੇ ਆਖ਼ਰ ਨੂੰ ਉਹਨਾਂ ਦਾ ਕੀ ਹਾਲ ਹੋਵੇਗਾ ?" ਗੁਰ ਸਾਹਿਬ ਨੇ ਕਿਹਾ :—

ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ,
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ।
ਤਲਬਾ ਪਉਸਨਿ ਆਕੀਆ ਬਾਕੀ ਜਿਨ੍ਹਾਂ ਰਹੀ ।
ਅਜਰਾਈਲ ਫਰੇਸ਼ਤਾ ਹੋਸੀ ਆਇ ਤਈ ।
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ।
ਕੂੜ ਨਿਖੁਟੇ ਨਾਨਕਾ ਓੜਕ ਸਚਿ ਰਹੀ ।

ਮੱਕੇ ਦੇ ਬਾਅਦ ਗੁਰੂ ਸਾਹਿਬ ਤੇ ਮਰਦਾਨਾ ਮਦੀਨੇ ਗਏ । ਮੱਕਾ ਹਜ਼ਰਤ ਮੁਹੰਮਦ ਸਾਹਿਬ ਦੀ ਜਨਮ ਭੂਮੀ ਹੈ ਤੇ ਮਦੀਨਾ ਜਾਏ ਵਫ਼ਾਤ । ਮਦੀਨਾ ਵੀ ਇਸਲਾਮ ਦੀਆਂ ਬਹੁਤ ਮੁੱਤਬਰਕ ਤੇ ਇਤਹਾਸਿਕ ਥਾਵਾਂ 'ਚੋਂ ਹੈ । ਮਦੀਨੇ ਵਿੱਚ ਬਹੁਤ ਸਾਰੇ ਮੁਤਅੱਸਬ ਮੁਸਲਮਾਨ ਬਾਬਾ ਜੀ ਦਾ ਪਰਚਾਰ ਸੁਣ ਕੇ ਖਿੱਝੇ ਕਿ ਇਹ ਇਸਲਾਮ ਤੋਂ ਵੱਖਰਾ ਪਰਚਾਰ ਕਿਉਂ ਕਰਦਾ ਹੈ ਤੇ ਉਹ ਵੀ ਮੱਕੇ ਤੇ ਮਦੀਨੇ ਜਿਹੀਆਂ ਥਾਵਾਂ ਤੇ । ਖ਼ੈਰ ਬਾਬਾ ਜੀ ਦੇ ਨਿਡਰ, ਬਾਦਲੀਲ ਤੇ ਨਿਰੋਏ ਵਿਚਾਰ ਸੁਣ ਕੇ ਸਭ ਖ਼ਾਮੋਸ਼ ਹੋ ਗਏ ।

ਮਦੀਨੇ ਦੀ ਯਾਤਰਾ ਦੇ ਬਾਅਦ ਬਾਬਾ ਜੀ ਦੀ ਬਾਦਸ਼ਾਹ ਕਾਰੂੰ ਨਾਲ ਹੋਈ ਮੁਲਾਕਾਤ ਬਾਰੇ ਇਤਹਾਸਕਾਰਾਂ ਦੇ ਵੱਖ ਵੱਖ ਵਿਚਾਰਾਂ ਤੇ ਕਿਆਸ ਨੇ । ਪੁਰਾਤਨ ਜਨਮ ਸਾਖੀ ਵਿੱਚ ਤਾਂ ਕਾਰੂੰ ਨਾਲ ਹੋਈ ਗੱਲ ਨੂੰ 'ਰਾਗ ਤਿਲੰਗ ਮਹੱਲਾ ਪਹਿਲਾ ਤੇ ਨਸੀਹਤਨਾਮਾ' ਬਾਣੀ ਦੇ ਨਾਂ ਨਾਲ ਬਿਆਨ ਕੀਤਾ ਗਿਆ ਹੈ :—

ਕੀਚੇ ਨੇਕ ਨਾਮੀ ਜੋ ਦੇਵੈ ਖ਼ੁਦਾਇ ।
ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫ਼ਨਾਇ ।
ਦਾਯਮ ਵ-ਦੌਲਤ ਕਸੇ ਬੇ ਸ਼ੁਮਾਰ ।
ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ ।
ਦਮੜਾ ਤਿਸੀ ਦਾ ਜੋ ਖਰਚੇ ਵ ਖਾਇ ।
ਦੇਵੈ ਦਿਲਾਵੈ ਰਜਾਵੈ ਖੁਦਾਇ ।
ਹੋਤਾ ਨ ਰਾਖੇ ਇਕੇਲਾ ਨਾ ਖਾਇ ।
ਤਹਿਕੀਕ ਦਿਲ ਦਾਨੀਂ ਵਹੀ ਭਿਸਤ ਜਾਇ ।
ਕੀਜੈ ਤਵੱਜ਼ਿਆ ਨ ਕੀਜੈ ਗੁਮਾਨ,
ਨ ਰਹਿਸੀ ਇਹ ਦੁਨੀਆਂ ਨ ਰਹਿਸੀ ਦੀਵਾਨ ।
ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ,



Digitized by Panjab Digital Library | www.panjabdigilib.org

ਹੋਵੇਗੇ ਗ਼ਰਕ ਕੁਛ ਲਾਗੈ ਨ ਬਾਰ।
ਦੂਨੀਆਂ ਕਾ ਦੀਵਾਨਾ ਕਹੈ ਮੁਲਕ ਮੇਰਾ,
ਆਏ ਮੌਤ ਸਿਰ ਪਰ ਨ ਤੇਰਾ ਨ ਮੇਰਾ।
ਕੇਤੀ ਗਈ ਦੇਵ ਵਾਜੇ ਵਜਾਇ,
ਵਹੀ ਏਕ ਰਹਿਸੀ ਜੋ ਸਾਚਾ ਖ਼ੁਦਾਇ।
ਆਇਆ ਇਕੇਲਾ ਇਕੇਲਾ ਚੱਲਾਯਾ।
ਚਲਤੇ ਵਖਤ ਕੋਈ ਕਾਮ ਨ ਆਯਾ।
ਲੇਖਾ ਮੰਗੀਜੈ ਕਿਆ ਦੀਜੈ ਜਵਾਬ।
ਤੋਬਾ ਪੁਕਾਰੈ ਤੋ ਪਾਵੈ ਅਜ਼ਾਬ।
ਦੂਨੀਆ ਪੈ ਕਰ ਜ਼ੋਰ ਦਮੜਾ ਕਮਾਯਾ।
ਖਾਯਾ ਹੰਢਾਯਾ ਅਜਾਂਈਂ ਗਵਾਯਾ।
ਆਖਰ ਪਛੋਤਾਣਾ ਕਰੇ ਹਾਇ ਹਾਇ।
ਦਰਗਹਿ ਗਇਆ ਹੇ ਤੂੰ ਪਾਵੈ ਸਜਾਇ।
ਲਾਅਨਤ ਹੈ ਤੈਂ ਕੂੰ ਵ ਤੈਂਡੀ ਕਮਾਈ।
ਦਗੇ ਬਾਜ਼ੀ ਕਰ ਕੇ ਦੂਨੀਆਂ ਲੂਟ ਖਾਈ।
ਪੀਏ ਪਿਆਲੇ ਜਿ ਖਾਇ ਕਬਾਬ।
ਦੇਖੋ ਰੇ ਲੋਕੋ ਜੋ ਹੋਤੇ ਖਰਾਬ।
ਜਿਸ ਕਾ ਤੂੰ ਬੰਦਾ ਤਿਸਕਾ ਸਵਾਰਿਆ।
ਦੂਨੀਆਂ ਕੋ ਲਾਲਚ ਤੈਂ ਸਾਹਿਬ ਵਿਚਾਰਿਆ।
ਨ ਕੀਤੀ ਇਬਾਦਤ ਨ ਰੱਖਿਆ ਈਮਾਨ।
ਨ ਕੀਤੀ ਹਕੂਮਤ ਪੁਕਾਰੇ ਜਹਾਨ।
ਅੰਦਰ ਮਹੱਲਾਂ ਦੇ ਬੈਠੋਂ ਤੂੰ ਜਾਇ।
ਹਰਮਾਂ ਜਿਉ ਖੇਲੇ ਖੁਸ਼ਬੋਈ ਹਵਾਇ।
ਨ ਪੂਛੇ ਨ ਬੂਝੇ ਜੁ ਬਾਹਰ ਕਿਆ ਹੋਇ।
ਹਰਾਮੀ ਗਰੀਬਾਂ ਨੂੰ ਮਾਰੇ ਵਿਗੋਇ।
ਬਸਤੀ ਉਜਾੜੇ ਫੇਰ ਨ ਬਸਾਵੈਂ।



Digitized by Panjab Digital Library | www.panjabdigilib.org

ਕੂਕਹਿ ਪੁਕਾਰਹਿ ਦਾਦ ਨ ਪਾਵੈਂ ।
ਲਖੌੜੀ ਕਰੌੜੀ ਕੀਏ ਬੇਸ਼ੁਮਾਰ ।
ਨ ਰਹੇਂਗੇ ਕਰੌੜੀ ਨ ਰਹੇਂਗੇ ਹਜ਼ਾਰ ।
ਹਾਕਮ ਕਹਾਵੈ ਹਕੂਮਤ ਨ ਹੋਇ ।
ਦੁਨੀਆਂ ਦਾ ਦੀਵਾਨਾ ਫਿਰੇ ਬਸਤ ਲੋਇ ।
ਲੂਟੇਂ ਮੁਲਖ ਔਰ ਪਹਿਰੇ ਔਰ ਖਾਇ ।
ਦੋਜ਼ਖ ਕੀ ਆਤਸ਼ ਮਾਰੇਗੀ ਜਲਾਇ ।
ਗ਼ਰਬ ਸਿਉ ਨ ਦੇਖ ਦੁਨੀਆ ਦਿਵਾਨੇ ।
ਹਮੇਸ਼ਾ ਨ ਰਹੇਗੀ ਤੂੰ ਐਸੀ ਨ ਜਾਨੇ ।
ਉਠਾਵੇ ਸਫ਼ਾ ਉਸ ਕੋ ਲਾਗੇ ਨ ਬਾਰ ।
ਕਿਸਕੀ ਦੁਨੀਆਂ ਕਿਸ ਕੇ ਘਰ ਬਾਰ ।
ਚੰਦ ਰੋਜ ਚਲਾਨ ਕਿਛ ਪਕੜੋ ਕਰਾਰ ।
ਨ ਕੀਚੈ ਹਿਰਸ ਬਹੁਰ ਦੁਨੀਆਂ ਕੇ ਯਾਰ ।
ਸ਼ਰਮਿੰਦਾ ਨ ਹੋਇ ਕੁਛ ਨੇਕੀ ਕਮਾਇ ।
ਲਾਹਨਤ ਕਾ ਜਾਮਾ ਤੂੰ ਪਹਿਨ ਕੇ ਨ ਜਾਇ ।
ਗਫ਼ਲਤ ਕਰੋਗੇ ਤੋ ਖਾਵੋਗੇ ਮਾਰ ।
ਬੇਟੀ ਵ ਬੇਟਾ ਕੋਈ ਲਹੇਂਗੋ ਨ ਸਾਰ ।
ਤੋਬਾ ਕਰਹੁ ਬਹੁਰ ਕੀਚੈ ਨ ਜ਼ੋਰ ।
ਦੋਜ਼ਕ ਦੀ ਆਤਸ਼ ਜਲਾਵੇਗੀ ਗੋਰ ।
ਮਸਾਇਕ ਪੈਗ਼ੰਬਰ ਕੇਤੇ ਸ਼ਾਹ ਖਾਨ ।
ਨ ਦੀਸੈ ਜਿਸ ਪਰ ਤਿਨੋਂ ਕੇ ਨੀਸ਼ਾਨ ।
ਚਲਤੇ ਕਬੂਤਰ ਜਨਾਵਰ ਕੀ ਛਾਉਂ ।
ਕੇਤੇ ਖਾਕ ਹੂਏ ਕੋ ਪੂਛੇ ਨ ਨਾਉਂ ।
ਚਾਲੀ ਗੰਜ ਜੋੜ ਕੇ ਰਖਿਉ ਈਮਾਨ ।
ਦੇਖੇ ਰੇ ਕਾਰੂੰ ਜੋ ਹੋਤੇ ਪਰੇਸ਼ਾਨ ।
ਨਦਾਨੀ ਨ ਦੁਨੀਆਂ ਵ ਫਾਨੀ ਮੁਕਾਮ ।
ਤੂੰ ਖੁਦ ਚਸ਼ਮ ਬੀਨੀ ਇਹ ਚਲਣਾ ਜਹਾਨ ।



Digitized by Panjab Digital Library | www.panjabdigilib.org

ਤੌਬਾ ਨ ਕੀਤੀ ਕਰੇਂਦਿਆਂ ਗੁਨਾਹ।

ਨਾਨਕ ਐਸੇ ਆਲਮ ਸਿਉ ਤੇਰੀ ਪਨਾਹ।

ਹਰ ਗੁਰਬਾਣੀ ਪੜ੍ਹਣ ਵਾਲਾ ਤੇ ਕਵੀ ਦਿਲ ਮਹਿਸੂਸ ਕਰਦਾ ਹੈ ਕਿ ਇਹ ਸ਼ਬਦਾਵਲੀ ਵੀ ਗੁਰੂ ਸਾਹਿਬ ਦੀ ਨਹੀਂ। ਕਈ ਪੁਸਤਕਾਂ, ਲੇਖਾਂ ਤੇ ਗੁਟਕਿਆਂ ਜਾਂ ਪੋਥੀਆਂ ਵਿੱਚ ਨਸੀਹਤ ਨਾਮਾ ਦਰਜ ਹੈ। ਪਰ ਮੂਲ ਪਾਠ ਦੇ ਸ਼ਬਦਾਂ, ਸ਼ਬਦ ਜੋੜਾਂ ਤੇ ਪੰਗਤੀਆਂ ਦੇ ਤੋਲ ਜਾਂ ਵਜ਼ਨ ਵਿੱਚ ਵੀ ਫ਼ਰਕ ਹੈ। ਮੈਂ ਆਮ ਸੁਣਿਆ ਤੇ ਵੇਖਿਆ ਹੈ ਕਿ ਕਈ ਸਿੱਖ ਤੇ ਖ਼ਾਸ ਕਰਕੇ ਮਾੜਾ ਮੋਟਾ ਕੀਰਤਨ ਕਰਨ ਵਾਲੇ ਜਿਨ੍ਹਾਂ ਨੂੰ ਲੋਕ ਸ਼ਰਧਾ ਤੇ ਸੇਵਾ ਭਾਵ ਨਾਲ ਆਪਣੇ ਘਰੀਂ ਰੋਟੀ ਖਵਾਂਦੇ ਨੇ, ਲੰਗਰ ਜਾਂ ਰੋਟੀ ਖਾਣ ਤੋਂ ਬਾਅਦ ਰੱਬ ਦੇ ਸ਼ੁਕਰਾਨੇ ਤੇ ਅਰਦਾਸ ਵਜੋਂ ਨਸੀਹਤਨਾਮੇ ਦੀਆਂ ਪਹਿਲੀਆਂ ਅੱਠਾਂ ਪੰਗਤੀਆਂ ਦਾ ਪਾਠ ਕਰਦੇ ਨੇ। ਹਾਂ, ਇਹ ਗੱਲ ਨਿਸਚੇ ਕਰ ਲੈਣੀ ਚਾਹੀਦੀ ਹੈ ਕਿ ਇਹ ਗੁਰਬਾਣੀ ਨਹੀਂ। ਭਾਈ ਸੰਤੋਖ ਸਿੰਘ ਦੇ ਨਾਨਕ ਪ੍ਰਕਾਸ਼ ਵਿੱਚ ਆਖ਼ਰੀ ਪੰਗਤੀ ਏਨੀ ਲਮਕਾਈ ਗਈ ਤੇ ਅਣਫਬਦੀ ਬਣਾ ਦਿੱਤੀ ਗਈ ਹੈ ਕਿ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਗੁਰੂ ਸਾਹਿਬ ਦਾ ਨਾਂ ਤੇ ਵਾਧੂ ਸ਼ਬਦ ਧੱਕੇ ਨਾਲ ਜੋੜੇ ਹੋਏ ਨੇ :—"ਕਰੋ ਅਰਜ ਬੰਦਗੀ ਬਾਬਾ ਨਾਨਕ ਐਸੇ ਆਲਮ ਸਿਉ ਤੇਰੀ ਪਨਾਹ।" ਕਈ ਲੇਖਕਾਂ ਅਨੁਸਾਰ ਕਾਰੂੰ ਬਾਦਸ਼ਾਹ ਰੋਮ (ਇਟਲੀ) ਦਾ ਬਾਦਸ਼ਾਹ ਸੀ। ਬਾਬਾ ਜੀ ਨੂੰ ਪਤਾ ਲੱਗਾ ਕਿ ਸੁਲਤਾਨ ਕਾਰੂੰ ਹਮੀਦ ਬੜਾ ਲਾਲਚੀ ਤੇ ਜ਼ਾਲਮ ਹੈ। ਸੰਸਾਰ ਵਿੱਚ ਕਈ ਲੋਕਾਂ ਨੂੰ ਵਿਸ਼ੇਸ਼ ਗੱਲਾਂ, ਖ਼ਿਆਲਾਂ ਜਾਂ ਚੀਜ਼ਾਂ ਦੀ ਪਰਾਪਤੀ ਦਾ ਵਹਿਮ ਜਾਂ ਖ਼ਬਤ ਹੋ ਜਾਂਦਾ ਹੈ। ਸੁਲਤਾਨ ਕਾਰੂੰ ਹਮੀਦ ਦੁਨੀਆਂ ਦੇ ਇਤਿਹਾਸ ਵਿੱਚ ਕੰਜੂਸੀ ਤੇ ਪੈਸੇ ਦੇ ਪਿਆਰ ਦੀ ਮਿਸਾਲ ਹੈ। ਕਹਿੰਦੇ ਨੇ ਕਿ ਉਸ ਨੂੰ ਪੈਸਾ ਇਕੱਠਾ ਕਰਕੇ ਆਪਣੇ ਖਜ਼ਾਨੇ ਵਿੱਚ ਜਮ੍ਹਾਂ ਕਰਨ ਦਾ ਏਨਾ ਜਨੂਨ ਜਾਂ ਪਾਗਲਪਨ ਹੋ ਗਿਆ ਕਿ ਉਸ ਨੇ ਹੁਕਮਨ ਤੇ ਜਬਰਨ ਆਪਣੀ ਰਯਤ ਤੋਂ ਪਾਈ ਪਾਈ ਖੋਹ ਲਈ। ਪੈਸਾ ਇਕੱਠਾ ਕਰਨ ਲਈ ਉਸ ਨੇ ਮੁਲਕ ਦੇ ਨੌਜਵਾਨਾਂ ਨਾਲ ਵੀ ਇੱਕ ਧੋਖਾ ਕੀਤਾ। ਐਲਾਨ ਕੀਤਾ ਕਿ ਜਿਹੜਾ ਉਸ ਨੂੰ ਇੱਕ ਰੁਪਿਆ ਵੀ ਲਿਆ ਕੇ ਦੇਵੇਗਾ ਉਸ ਨੂੰ ਸ਼ਾਹਜ਼ਾਦੀ ਨਾਲ ਵਿਆਹ ਦਿੱਤਾ ਜਾਏਗਾ। ਉਸ ਦਾ ਅਸਲੀ ਭਾਵ ਤਾਂ ਇਸ ਫ਼ਰੇਬ ਨਾਲ ਇਹ ਪਤਾ ਕਰਨਾ ਸੀ ਕਿ ਪੈਸਾ ਕਿਸ ਕੋਲ ਤੇ ਕਿਥੇ ਹੈ? ਪੈਸਾ ਦੇਣ ਵਾਲੇ ਤੋਂ ਹਰ ਤਰੀਕੇ ਨਾਲ ਪੁਛਿਆ ਜਾਂਦਾ ਕਿ ਉਸਨੇ ਪੈਸੇ ਲਿਆਂਦੇ ਕਿਥੋਂ ਨੇ? ਆਖਿਆ ਜਾਂਦਾ ਹੈ ਕਿ ਇੱਕ ਅੱਤ ਗ਼ਰੀਬ ਵਿਧਵਾ ਦਾ ਇੱਕੋ ਇੱਕ ਜਵਾਨ ਪੁੱਤਰ ਸੀ। ਉਸ ਨੇ ਵੀ ਇਹ ਐਲਾਨ ਸੁਣਿਆ ਤੇ ਮਾਂ ਤੋਂ ਇੱਕ ਰੁਪਇਆ ਮੰਗਿਆ ਕਿ ਮਾਂ ਜੇ ਤੂੰ ਮੈਨੂੰ ਕਿਸੇ ਨ ਕਿਸੇ ਤਰ੍ਹਾਂ ਰੁਪਇਆ ਮੁਹੱਯਾ ਕਰ ਦੇਵੇਂ ਤਾਂ ਮੇਰਾ ਵਿਆਹ ਹੋ ਸਕਦਾ ਹੈ। ਮਾਂ ਵਿਚਾਰੀ ਕੋਲ ਰੁਪਇਆ ਕਿਥੇ ਸੀ। ਪੁੱਤਰ ਖਹਿੜੇ ਪੈ ਗਿਆ ਤੇ ਅੰਤ ਮਾਂ ਨੇ ਲੜ ਛੁਡਾਣ ਦੀ ਖ਼ਾਤਰ ਕਿਹਾ, "ਬੱਚਾ, ਤੇਰੇ ਪਿਉ ਦੇ ਮਰਿਆਂ ਕਬਰ ਵਿੱਚ ਉਸ ਦੀ ਛਾਤੀ ਤੇ ਇੱਕ ਰੁਪਇਆ ਰੱਖ ਕੇ ਦੱਬ ਦਿੱਤਾ ਸੀ। ਉਸ ਦੀ ਕਬਰ 'ਚੋਂ ਤੈਨੂੰ



Digitized by Panjab Digital Library | www.panjabdigilib.org

ਰੁਪਇਆ ਮਿਲ ਸਕਦਾ ਹੈ ।'' ਵਿਆਹ ਦੇ ਲਾਲਚ ਵਿੱਚ ਉਸ ਪੁੱਤਰ ਨੇ ਲੋਕਾਂ ਤੋਂ ਚੋਰੀ ਆਪਣੇ ਕੁਝ ਸਾਲ ਪਹਿਲਾਂ ਮਰ ਚੁੱਕੇ ਪਿਉ ਦੀ ਕਬਰ ਪੁੱਟ ਕੇ ਰੁਪਇਆ ਪਰਾਪਤ ਕਰ ਲਿਆ ਤੇ ਜਾ ਕੇ ਸੁਲਤਾਨ ਕਾਰੂੰ ਨੂੰ ਦੇ ਦਿੱਤਾ । ਕਾਰੂੰ ਰੁਪਇਆ ਲੈ ਕੇ ਬੜਾ ਖੁਸ਼ ਹੋਇਆ ਤੇ ਪੁੱਛਣ ਤੇ ਪਤਾ ਲੱਗਾ ਕਿ ਉਸ ਨੌਜਵਾਨ ਨੇ ਉਹ ਰੁਪਇਆ ਆਪਣੇ ਪਿਉ ਦੀ ਕਬਰ 'ਚੋਂ ਕਢਿਆ ਸੀ । ਸ਼ਹਿਜ਼ਾਦੀ ਤੇ ਕਿਸ ਦੇਣੀ ਸੀ, ਕਾਰੂੰ ਨੇ ਉਸ ਤੋਂ ਭੇਤ ਲੈ ਕੇ ਉਸ ਨੂੰ ਮਰਵਾ ਦਿੱਤਾ ਤੇ ਸਮਝ ਗਿਆ ਕਿ ਲੋਕਾਂ ਦੀ ਮੋਇਆਂ ਨੂੰ ਦਫ਼ਨ ਕਰਨ ਦੀ ਰਸਮ ਮੁਤਾਬਿਕ ਹਰ ਕਬਰ ਚੋਂ ਇੱਕ ਰੁਪਇਆ ਮਿਲ ਸਕਦਾ ਹੈ । ਉਸ ਨੇ ਰੁਪੈ ਇਕੱਠੇ ਕਰਨ ਲਈ ਆਪਣੇ ਰਾਜ 'ਚੋਂ ਸਭ ਕਬਰਸਤਾਨ ਪੁਟਵਾਣੇ ਸ਼ੁਰੂ ਕਰਵਾ ਦਿਤੇ । ਪੁੱਟਵਾਏ ਤੇ ਇਸ ਤਰ੍ਹਾਂ ਰੁਪੈ ਹਾਸਲ ਕਰ ਕੇ ਵੀ ਆਪਣੇ ਖ਼ਜ਼ਾਨੇ ਵਿੱਚ ਪਾਏ । ਰਵਾਇਤੀ ਸਾਖੀ ਹੈ ਕਿ ਮਾਇਆ-ਮੋਹ ਹੇਠ ਮਿੱਧੀ ਹੋਈ ਕਾਰੂੰ ਦੀ ਇਹ ਹਿਰਦੇ-ਵੇਧਕ ਗਿਰਾਵਟ ਬਾਰੇ ਗੁਰੂ ਨਾਨਕ ਸਾਹਿਬ ਨੇ ਇਰਾਦਾ ਕਰ ਲਿਆ ਕਿ ਉਸ ਦਾ ਸੁਧਾਰ ਕਰ ਕੇ ਜ਼ਰੂਰ ਕੁਰਲਾਂਦੀ ਪਈ ਮਨੁੱਖਤਾ ਨੂੰ ਬਚਾਣਾ ਹੈ ਤੇ ਬਾਬਾ ਜੀ ਯੇਰੋਸ਼ਲਮ, ਦਮਸ਼ਕ, ਅਲੈਪੋ ਤੇ ਇਸਤੰਬੋਲ ਰਾਹੀਂ ਰੋਮ ਪੁੱਜੇ । ਉਸ ਸਮੇਂ ਰੂਮ ਸਾਗਰ ਦੇ ਆਲੇ ਦੁਆਲੇ ਦੇ ਦੇਸ਼ਾਂ ਵਿੱਚ ਇਸਲਾਮ ਫੈਲ ਚੁੱਕਾ ਸੀ । ਇਟਲੀ, ਸਪੇਨ, ਫਰਾਂਸ ਦੇ ਕੁਝ ਹਿੱਸੇ, ਤੁਰਕਿਸਤਾਨ, ਮਿਸਰ, ਈਰਾਨ, ਇਰਾਕ ਤੇ ਸ਼ਾਮ ਆਦਿ ਦੇਸ਼ਾਂ ਵਿੱਚ ਇਸਲਾਮ ਦਾ ਬੜਾ ਜ਼ੋਰ ਸੀ । ਰੂਮ ਕੈਥੋਲਿਕ ਇਸਾਈਆਂ ਦੀ ਰਾਜਧਾਨੀ ਸੀ ਜਿਥੇ ਪੋਪ ਰਹਿੰਦਾ ਸੀ ਤੇ ਹੁਣ ਵੀ ਰਹਿੰਦਾ ਹੈ । ਉਹਨਾਂ ਦੀ ਹਕੂਮਤ ਦਾ ਵੀ ਬੜਾ ਖਿਲਾਰ ਸੀ । ਤਕਰੀਬਨ ਅੱਧੇ ਯੂਰਪ ਤੇ ਇਹਨਾਂ ਦਾ ਰਾਜ ਸੀ । ਗੁਰੂ ਸਾਹਿਬ ਨੇ ਇਸਾਈ ਪਾਦਰੀਆਂ ਦੀ ਹਾਲਤ ਦਾ ਵੀ ਜੋ ਅਧਿਐਨ ਕੀਤਾ ਭਾਰਤ ਦੇ ਹਿੰਦੂ ਪੁਜਾਰੀਆਂ ਵਾਂਗੂੰ ਸੀ । ਹਾਲਤ ਏਥੋਂ ਤੱਕ ਹਾਸੋਹੀਣੀ ਹੋ ਚੁੱਕੀ ਸੀ ਕਿ ਉਹ ਸਿੱਧੜ ਤੇ ਵਿਸ਼ਵਾਸ-ਵਿਹੂਣੇ ਇਸਾਈਆਂ ਤੋਂ ਭਾਰੀ ਰਕਮਾਂ ਵਸੂਲ ਕਰਕੇ ਗੁਨਾਹਾਂ ਦੀ ਮਾਫ਼ੀ ਤੇ ਬਹਿਸ਼ਤ ਵਿੱਚ ਪਰਵੇਸ਼ ਕਰਨ ਲਈ ਪਾਸਪੋਰਟ ਜਾਂ ਰਾਹਦਾਰੀਆਂ ਵੇਚ ਰਹੇ ਸਨ । ਬਾਬਾ ਜੀ ਨੇ ਜੋ ਹੋ ਸਕਿਆ, ਇਸ ਪੱਖ ਵਿਚ ਵੀ ਪਾਦਰੀਆਂ ਨੂੰ ਪਾਖੰਡ ਨੂੰ ਛੱਡਣ ਲਈ ਤੇ ਇਸਾਈ ਜਨਤਾ ਨੂੰ ਆਪਣੇ ਕਰਮਾਂ ਰਾਹੀਂ ਨੇਕ ਬਣਨ ਦੀ ਪਰੇਰਣਾ ਕੀਤੀ । ਉਹਨਾਂ ਦੱਸਿਆ ਕਿ ਬਹਿਸ਼ਤ ਜਾਂ ਦੋਜ਼ਖ਼ ਬਾਜ਼ਾਰੀ ਮਾਲ ਜਾਂ ਕਿਸੇ ਕਲਮ ਜਾਂ ਲਿਖਤ-ਪੜ੍ਹਤ ਦਾ ਸੌਦਾ ਨਹੀਂ । ਇਹ ਤੇ ਮਨੁਖ ਦੇ ਮਾੜੇ ਜਾਂ ਚੰਗੇ ਅਮਲਾਂ ਦਾ ਵਣਜ ਹੈ ।

ਹਾਕਮਾਂ ਵਿਚ ਇੱਕ ਆਮ ਕਮਜ਼ੋਰੀ ਹੁੰਦੀ ਹੈ । ਭਾਵੇਂ ਕੋਈ ਕਿੱਡਾ ਹੀ ਵੱਡਾ ਕਵੀ, ਸੰਗੀਤਕਾਰ, ਪੱਤਰਕਾਰ, ਲੇਖਕ ਜਾਂ ਹੋਰ ਕਲਾਕਾਰ ਹੋਵੇ, ਹਕੂਮਤ ਕਦੀ ਵੀ ਉਸ ਦੀ ਪਰਵਾਹ ਨਹੀਂ ਕਰਦੀ ਪਰ ਜੇ ਉਹ ਹਾਕਮਾਂ ਤੇ ਬਾਦਸ਼ਾਹ ਦੀ ਵਿਰੋਧਤਾ ਕਰੇ ਤੇ ਉਹਨਾਂ ਨੂੰ ਮੰਦਾ ਬੋਲੇ ਤੇ ਉਹਨਾਂ ਬਾਰੇ ਮੰਦਾ ਹੀ ਲਿਖੇ ਤੇ ਪਰਚਾਰ ਕਰੇ ਤਾਂ ਇਹ ਹਾਕਮਾਂ ਦੀਆਂ ਅੱਖੀਂ ਵਿੱਚ ਛੇਤੀ ਆ ਜਾਂਦਾ ਹੈ । ਹਕੂਮਤ ਕੋਲ ਵਿਰੋਧਤਾ ਨੂੰ ਖ਼ਤਮ ਕਰਨ ਲਈ ਦੋ



Digitized by Panjab Digital Library | www.panjabdigilib.org

ਵੱਡੇ ਹਥਿਆਰ ਹੁੰਦੇ ਨੇ—ਮੰਦਾ ਭਾਵ, ਲੋਭ ਲਾਲਚ ਤੇ ਦੁਨਿਆਵੀ ਪਦਾਰਥ ਦੇ ਕੇ ਕਿਸੇ ਨੂੰ ਵੱਸ ਵਿਚ ਜਾਂ ਆਪਨੇ ਪੱਖ ਵਿਚ ਕਰ ਲੈਣਾ। ਦੂਜਾ ਸਾਧਨ ਹੈ ਡੰਡਾ, ਕਿਸੇ ਨੂੰ ਸਖ਼ਤੀ ਵਰਤ ਕੇ ਆਪਨੇ ਅਧੀਨ ਕਰਨਾ। ਇਹਨਾਂ ਦੋਹਾਂ ਸਾਧਨਾਂ ਨੂੰ ਅਸੀਂ ਡਾਂਗ ਤੇ ਡੋਈ ਵੀ ਆਖ ਸਕਦੇ ਹਾਂ। ਗੁਰੂ ਸਾਹਿਬ ਇਸ ਨੂੰ ਸਮਝਦੇ ਸਨ। ਇਹਨਾਂ ਰੂਮ ਪੁੱਜ ਕੇ ਕਾਰੂੰ ਦੇ ਮੂੰਹ-ਦਰੂੰਹ ਹੋਣ ਦਾ ਸਭ ਤੋਂ ਥੋੜ੍ਹ-ਸਮਾਂ ਸਾਧਨ, ਕਾਰੂੰ ਦੇ ਵਿਰੁਧ ਪਰਚਾਰ ਕਰਨਾ ਤੇ ਉਸ ਦੀਆਂ ਕਰਤੂਤਾਂ ਨੂੰ ਨਿੰਦਣਾ ਸਮਝਿਆ ਤੇ ਇਸ ਤਰ੍ਹਾਂ ਲੋਕਾਂ ਨੂੰ ਆਖਦੇ ਕਿ ਇਹੋ ਜਿਹੇ ਪਾਪੀ ਹਾਕਮ ਦੇ ਵਿਰੁੱਧ ਤੁਹਾਨੂੰ ਬਗ਼ਾਵਤ ਕਰਨੀ ਚਾਹੀਦੀ ਹੈ। ਸਰਕਾਰੀ ਕਰਮਚਾਰੀਆਂ ਨੇ ਸਾਰੀ ਗੱਲ ਕਾਰੂੰ ਤੱਕ ਪੁਚਾ ਦਿੱਤੀ। ਕੀ ਲੋਕ ਤੇ ਕੀ ਹਾਕਮ, ਸਭ ਦਰਵੇਸ਼ਾਂ ਤੋਂ ਭੈ ਖਾਂਦੇ ਸਨ। ਕਾਰੂੰ ਬਹੁਤ ਗੁੱਸੇ ਵਿੱਚ ਸੀ ਪਰ ਆਪ ਟੁਰ ਕੇ ਗੁਰੂ ਜੀ ਕੋਲ ਆਇਆ। ਗੁਰੂ ਸਾਹਿਬ ਦਾ ਨਾਟਕੀ ਢੰਗ ਦਾ ਪਰਚਾਰ ਕਮਾਲ ਦਾ ਸੀ। ਉਹ ਕਾਰੂੰ ਨੂੰ ਦੂਰੋਂ ਆਉਂਦਾ ਵੇਖ ਕੇ ਆਲੇ ਦੁਆਲੇ ਇੱਟੇ, ਵੱਟੇ ਤੇ ਠੀਕਰੀਆਂ ਚੁੱਗਣ ਲੱਗ ਪਏ। ਉਹਨਾਂ ਇਸ ਤਰ੍ਹਾਂ ਜ਼ਾਹਿਰ ਕੀਤਾ ਜਿਵੇਂ ਕਾਰੂੰ ਉਹਨਾਂ ਵੇਖਿਆ ਹੀ ਨਹੀਂ। ਕਾਰੂੰ ਕੋਲ ਆ ਕੇ ਗੁਰੂ ਸਾਹਿਬ ਨੂੰ ਬੁਲਾਈ ਜਾਂਦਾ ਪਰ ਗੁਰੂ ਸਾਹਿਬ ਆਪਣੀ ਧੁੰਨ ਵਿਚ ਮਸਤ ਰਹੇ। ਕਾਫ਼ੀ ਦੇਰ ਬੁਲਾਣ ਦੇ ਬਾਅਦ ਕਾਰੂੰ ਵੱਲ ਧਿਆਨ ਕੀਤਾ ਤੇ ਕਿਹਾ, "ਦੱਸ ਭਾਈ ਤੂੰ ਕੀ ਆਖਦਾ ਹੈਂ ?" ਕਾਰੂੰ ਗੁਰੂ ਸਾਹਿਬ ਦੀ ਵਿਅਕਤੀ ਤੇ ਚਿਹਰੇ ਦਾ ਜਲਾਲ ਵੇਖ ਕੇ ਬੜਾ ਪਰਭਾਵਤ ਹੋਇਆ ਤੇ ਨਾਲੇ ਡਰ ਵੀ ਗਿਆ ਕਿ ਕੋਈ ਕਬੋਲ ਨ ਬੋਲਾਂ, ਇਹ ਕੋਈ ਖੁਦਾ-ਰਸੀਦਾ ਦਰਵੇਸ਼ ਹੈ। ਇਸ ਲਈ ਉਸ ਨੇ ਕੋਈ ਕੁਜ਼ੀਲ ਹਰਕਤ ਨ ਕੀਤੀ ਤੇ ਗੁਰੂ ਸਾਹਿਬ ਦੇ ਕੋਲ ਖਲੋ ਗਿਆ। ਗੁਰੂ ਨਾਨਕ ਸਾਹਿਬ ਬੋਲੇ, "ਭਾਈ, ਆਪਨਾ ਰਾਹ ਫੜ, ਤੈਨੂੰ ਦਰਵੇਸ਼ਾਂ ਨਾਲ ਕੀ ? ਮੈਂ ਇਹ ਠੀਕਰੀਆਂ ਆਪਨੇ ਅਗਲੇ ਜਹਾਨ ਲੈ ਜਾਣ ਲਈ ਇਕੱਠੀਆਂ ਕਰ ਰਿਹਾ ਹਾਂ।" ਕਾਰੂੰ ਦਾ ਹਾਸਾ ਨਿਕਲ ਗਿਆ ਤੇ ਬੋਲਿਆ, "ਵਾਹ ਭਾਈ ਵਾਹ, ਦਰਵੇਸ਼ ਲੋਕ ਵੀ ਦੁਨੀਆਂ ਤੋਂ ਵੱਖਰੇ ਹੀ ਹੁੰਦੇ ਨੇ। ਕਮਲਿਆ, ਇਹ ਠੀਕਰੀਆਂ ਭਲਾ ਤੇਰੇ ਨਾਲ ਅਗਲੇ ਜਹਾਨ ਜਾ ਸਕਦੀਆਂ ਨੇ ?" ਬਾਬਾ ਜੀ ਨੇ ਜਿਸ ਮਨੋਰਥ ਲਈ ਇਹ ਸਾਰਾ ਕੌਤਕ ਰਚਿਆ ਸੀ ਉਥੇ ਪੁੱਜ ਗਏ ਤੇ ਨਿਡਰਤਾ ਨਾਲ ਗੰਭੀਰ ਹੋ ਕੇ ਬੋਲੇ, "ਕਿਉਂ ਸਾਡੀਆਂ ਚਹੁੰ ਠੀਕਰੀਆਂ ਦਾ ਰੱਬ ਨੂੰ ਜ਼ਿਆਦਾ ਭਾਰ ਲਗਦਾ ਹੈ ? ਤੂੰ ਗਰੀਬ ਲੋਕਾਂ ਤੋਂ ਦੌਲਤ ਖੋਹ ਖੋਹ ਕੇ ਏਨੇ ਗੰਜ ਭਰੇ ਹੋਏ ਨੇ ਤੂੰ ਆਪ ਹੀ ਪਹਿਲਾਂ ਦੱਸ। ਤੂੰ ਆਪਣੇ ਨਾਲ ਅਗਲੇ ਜਹਾਨ ਲੈ ਜਾਵੇਂਗਾ, ਉਹ ਵੀ ਤੇ ਠੀਕਰੀਆਂ ਹੀ ਨੇ। ਸੁਣਿਆ ਹੈ ਕਿ ਤੂੰ ਤੇ ਮੁਰਦਿਆਂ ਦੀਆਂ ਕਬਰਾਂ ਵੀ ਪੁਟਵਾ ਲਈਆਂ ਨੇ। ਤੇਰੀ ਜਨਤਾ ਤੇਰੇ ਤੋਂ ਏਨੀ ਦੁਖੀ ਹੋ ਚੁੱਕੀ ਹੈ ਕਿ ਤੇਰੇ ਰਾਜ 'ਚੋਂ ਬਾਹਰ ਜਾ ਰਹੀ ਹੈ। ਆਖਰ ਤੇਰਾ ਤੇ ਇਸ ਤਰ੍ਹਾਂ ਕੱਠੀ ਕੀਤੀ ਹੋਈ ਤੇਰੀ ਦੌਲਤ ਦਾ ਅੰਤ ਕੀ ਹੋਣਾ ਏ, ਕਦੀ ਸੋਚਿਆ ਈ ?" ਗੁਰੂ ਸਾਹਿਬ ਦੇ ਬਚਨ ਦਾ ਬਾਣ ਕਾਰੂੰ ਦੇ ਪੱਥਰ ਹਿਰਦੇ ਨੂੰ ਚੀਰ ਕੇ ਲੰਘ ਗਿਆ। ਜ਼ਿੰਦਗੀ ਦਾ ਸਾਰ ਅਨੁਭਵ ਹੈ, ਹੋਰ ਤੇ ਸਭ ਵਾਧੂ ਅਡੰਬਰ ਹੈ। ਕਾਰੂੰ ਖਲਾ ਖਲੋਤਾ ਕੰਬ ਗਿਆ ਕਿ ਜੋ ਦਰਵੇਸ਼ ਨੇ ਕਿਹਾ ਹੈ ਸੱਚ ਹੈ। ਬਾਬਾ ਜੀ ਨੂੰ ਸਤਿਕਾਰ ਨਾਲ ਆਪਨੇ ਘਰ ਲੈ ਗਿਆ। ਖਜ਼ਾਨਿਆਂ ਦੇ ਮੂੰਹ ਖੁਲ੍ਹਵਾ ਕੇ ਧਨ ਲੋੜਵੰਦ ਤੇ ਭੁੱਖੀ



Digitized by Panjab Digital Library | www.panjabdigilib.org

ਜਨਤਾ ਵਿੱਚ ਵੰਡਵਾ ਦਿੱਤਾ ਤੇ ਅੱਗੋਂ ਪਿਛਲੇ ਪਾਪਾਂ ਤੋਂ ਤੋਬਾ ਕਰ ਕੇ ਸਚਾਈ ਤੇ ਨੇਕੀ ਦੇ ਰਾਹ ਤੇ ਚਲਣ ਦਾ ਪ੍ਰਣ ਕੀਤਾ। ਇਸ ਤਰ੍ਹਾਂ ਬਾਬਾ ਜੀ ਨੇ ਟਰਕੀ ਦੇ ਬਾਦਸ਼ਾਹ ਕਾਰੂੰ ਦਾ ਸੁਧਾਰ ਕਰਕੇ ਤੇ ਦੁਖੀਆਂ ਨੂੰ ਬਚਾ ਕੇ ਗਰੀਬਾਂ ਦੀਆਂ ਅਸੀਸਾਂ ਲਈਆਂ।

ਸਯਦ ਮੁਹੰਮਦ ਲਤੀਫ਼, 'ਹਿਸਟਰੀ ਆਫ਼ ਦਾ ਪੰਜਾਬ' ਦੇ ਸਫ਼ਾ ੨੪੫ ਤੇ ਲਿਖਦਾ ਹੈ, "ਗੁਰੂ ਨਾਨਕ ਦੀ ਇਸਤੰਬੋਲ ਦੀ ਯਾਤਰਾ ਤੇ ਤੁਰਕੀ ਦੇ ਸੁਲਤਾਨ ਕਾਰੂੰ ਨਾਲ ਹੋਈ ਮੁਲਾਕਾਤ ਬਾਰੇ ਵੀ ਕਹਾਣੀ ਸੁਣਾਈ ਜਾਂਦੀ ਹੈ। ਜੋ ਬੜਾ ਲਾਲਚੀ ਸੀ ਤੇ ਪਰਜਾ ਤੇ ਬੜਾ ਜ਼ੁਲਮ ਕਰਦਾ ਸੀ। ਗੁਰੂ ਨਾਨਕ ਦੀ ਝਿੜਕ ਝੰਬ ਨੇ ਕਾਰੂੰ ਤੇ ਬੜਾ ਅਸਰ ਪਾਇਆ ਤੇ ਉਸ ਨੇ ਆਪਣੇ ਇਕੱਠੇ ਕੀਤੇ ਹੋਏ ਧਨ ਦੇ ਖਜ਼ਾਨੇ ਦਰਵੇਸ਼ਾਂ ਤੇ ਲੋੜਵੰਦਾਂ ਵਿੱਚ ਵੰਡ ਦਿੱਤੇ ਅਤੇ ਆਪਣੀ ਪਰਜਾ ਤੇ ਜ਼ੁਲਮ ਕਰਨ ਤੋਂ ਬਾਜ਼ ਆ ਗਿਆ।"

ਚਲੋ, ਇਹ ਤੇ ਹੈ ਕਾਰੂੰ ਦਾ ਕਿੱਸਾ। ਇਤਿਹਾਸਕ ਤੌਰ ਤੇ ਇਹ ਤੇ ਠੀਕ ਹੈ ਕਿ ਗੁਰੂ ਸਾਹਿਬ ਇਹਨਾਂ ਦੇਸ਼ਾਂ ਵਿਚ ਗਏ ਤੇ ਉਹਨਾਂ ਮੁਸਲਮਾਨਾਂ, ਯਹੂਦੀਆਂ ਤੇ ਈਸਾਈਆਂ ਸਭ ਦਾ ਆਚਾਰ ਵੇਖਿਆ। ਇਹ ਉਹ ਸਮਾਂ ਸੀ ਜਦੋਂ ਬਾਬਾ ਜੀ ਵਾਂਗੂੰ ਹੀ ਯੂਰਪ ਵਿੱਚ ਮਾਰਟਿਨ ਲੂਥਰ ਵੀ ਇਸਾਈ ਪਾਦਰੀਆਂ ਦੇ ਪਾਖੰਡ, ਐਸ਼ਇਸ਼ਰਤ, ਬ੍ਰਾਹਮਣਾਂ ਵਾਂਗੂ ਧਾਰਮਕ ਠੇਕੇ-ਦਾਰੀ ਜਾਂ ਅਜਾਰਾਦਾਰੀ ਦੇ ਵਿਰੁੱਧ ਲੜ ਰਿਹਾ ਤੇ ਰੋਮਨ ਕੈਥੋਲਿਕਾਂ ਦੇ ਧਰਮ, ਕੈਥਾਲੇਸ਼ਿਜ਼ਮ ਦੇ ਵਿਰੁੱਧ-ਧਰਮ ਜਾਂ ਪ੍ਰੋਟੈਸਟੈਟਿਜ਼ਮ ਦੀ ਨੀਂਹ ਰੱਖ ਰਿਹਾ ਸੀ ਜੋ ਇਸਾਈ ਮੱਤ ਵਿੱਚ ਬੜਾ ਸੁਧਾਰਕ ਤੇ ਤੰਦਰੁਸਤ ਮੋੜ ਸੀ। ਮਾਰਟਿਨ ਲੂਥਰ ਜਰਮਨੀ ਦੇ ਕਸਬੇ ਏਲਬੇਨ ਵਿਚ ੧੪੮੩ ਈਸਵੀ ਵਿਚ ਜੰਮਿਆ ਤੇ ਏਥੇ ਹੀ ੧੪ ਫਰਵਰੀ ੧੫੪੬ ਵਿਚ ਮੋਇਆ ਸੀ। ਉਸ ਨੇ ਧਰਮ ਦਾ ਬੜਾ ਡੂੰਘਾ ਅਧਿਐਨ ਕੀਤਾ ਸੀ। ੧੫੦੫ ਵਿੱਚ ਐਮ. ਏ. ਪਾਸ ਕਰਨ ਤੋਂ ਬਾਅਦ ਇਹ ਕੁਝ ਸਾਲ ਏਰਫੂਰਤ ਦੇ ਇਸਾਈ ਮੱਠ ਵਿਚ ਸਾਧੂ ਦੇ ਤੌਰ ਤੇ ਵੀ ਰਿਹਾ। ਇਸ ਨੇ 'ਵਲਗੇਟ' ਦਾ ਅਧਿਅਨ ਬੜੀ ਨੀਝ ਨਾਲ ਕੀਤਾ ਸੀ। 'ਵਲਗੇਟ' ਪਰਾਚੀਨ ਹੀਬਰੀਉ ਤੋਂ ਲਾਤੀਨੀ ਭਾਸ਼ਾ ਵਿੱਚ ਅੰਜੀਲ ਦਾ ਸੰਤ ਜੇਰੋਮ ਦਾ ਚੌਥੀ ਸਦੀ ਈਸਵੀ ਵਿੱਚ ਕੀਤਾ ਹੋਇਆ ਅਨੁਵਾਦ ਹੈ। ਲੂਥਰ ਨੇ ਗੁਰੂ ਨਾਨਕ ਸਾਹਿਬ ਵਾਂਗੂੰ ਇੱਕ ਪਾਸੇ ਧਾਰਮਕ ਆਗੂਆਂ ਦੇ ਪਾਖੰਡ ਤੇ ਦੂਜੇ ਪਾਸੇ ਮਨੁੱਖ ਦੇ ਆਪਨੇ ਸ਼ੁਭ ਕਰਮ ਤੇ ਰੱਬ ਦੇ 'ਗਰੇਸ' ਭਾਵ ਬਖ਼ਸ਼ਸ਼ ਜਾਂ ਗੁਰਬਾਣੀ ਦੇ ਲਫ਼ਜ਼ 'ਨਦਰ' ਨੂੰ ਸਮਝ ਲਿਆ ਅਤੇ ਪੋਪ-ਵਾਦ ਦੀ ਵਿਸ ਭਰੀ ਸੰਪਰਦਾਇ ਦੀ ਜੜ੍ਹ ਵੱਢਣ ਨੂੰ ਤੁਲ ਗਿਆ। ੩੧ ਅਕਤੂਬਰ ੧੫੧੭ ਵਿਚ ਉਸ ਨੇ ਵਿੱਟਨ ਬਰੇਗ ਵਿੱਚ ਗਿਰਜੇ ਦੇ ਦਰਵਾਜ਼ੇ ਦੇ ਬੂਹੇ ਤੇ ੯੫ ਨੁੱਕਤਿਆਂ ਦਾ ਬਿਆਨ ਲਿਖ ਕੇ ਲਟਕਾ ਦਿੱਤਾ ਜੋ ਪੋਪਵਾਦ ਦੇ ਵਿਰੁੱਧ ਤੇ ਦਸਦਾ ਸੀ ਕਿ ਗੁਨਾਹਾਂ ਦੀ ਮਾਫ਼ੀ ਰੱਬ ਨੇ ਦੇਣੀ ਹੈ ਨਾ ਕਿ ਪੋਪ ਦੇ ਵੇਚੇ ਹੋਏ ਮਾਫ਼ੀ ਨਾਮਿਆਂ ਨੇ। ਇਸ ਸਿਧਾਂਤਕ ਬਿਆਨ ਨੇ ਯੂਰਪ ਦੇ ਸਾਰੇ ਰੋਮਨ ਕੈਥੋਲਿਕ ਲੋਕਾਂ ਨੂੰ ਗੁੱਸੇ ਦੀ ਅੱਗ ਲਾ ਦਿੱਤੀ। ਲੂਥਰ ਦੀ ਦਲੇਰੀ ਦੀ ਚਰਚਾ ਘਰ ਘਰ ਹੋਣ ਲੱਗੀ। ੧੫੨੦ ਈਸਵੀ ਵਿੱਚ ਬਾਦਸ਼ਾਹ ਲਿਊ ਦਸਵੇਂ ਨੇ ਆਮਤਮਾਸ਼ਾਈਆਂ ਦੇ ਸਾਹਮਣੇ ਅਖਾੜਾ ਬੰਨ੍ਹ ਕੇ ਲੂਥਰ ਦੇ ਮਗਰ ਲੜਾਕਾ ਤੇ ਜਾਨੋਂ ਮਾਰਨ ਵਾਲਾ ਸਾਹਨ ਢੱਗਾ ਪਾ ਦਿੱਤਾ ਪਰ



Digitized by Panjab Digital Library | www.panjabdigilib.org

ਲੂਥਰ ਨੇ ਵਿਟਨਬਰਗ ਦੇ ਲੋਕਾਂ ਦੇ ਸਾਹਮਣੇ ਉਸ ਸਾਹਨ ਨੂੰ ਸਾੜ ਦਿੱਤਾ। ੧੫੨੧ ਈਸਵੀ ਵਿੱਚ ਚਾਰਲਸ ਪੰਜਵੇਂ ਨੇ ਲੂਥਰ ਨੂੰ ਵ੍ਰਮਜ਼ ਦੇ ਸ਼ਹਿਰ ਵਿੱਚ ਸ਼ਹਿਜ਼ਾਦਿਆਂ ਦੀ ਦਾਅਵਤ ਵਿਚ ਸਦਿਆ ਕਿ ਉਹ ਪੋਪ ਦੀ ਵਿਰੋਧਤਾ ਛੱਡ ਦੇਵੇ ਪਰ ਉਸ ਨੇ ਸ਼ਹਿਜ਼ਾਦਿਆਂ ਦੀ ਭਰੀ ਦਾਅਵਤ ਵਿੱਚ ਲਲਕਾਰ ਕੇ ਆਖਿਆ, "ਜਿੰਨਾ ਚਿਰ ਮੈਂ ਦਲੀਲ ਤੇ ਧਾਰਮਕ ਪੁਸਤਕਾਂ ਰਾਹੀਂ ਨਹੀਂ ਮੰਨ ਸਕਦਾ, ਮੈਂ ਆਪਣੇ ਸਿਧਾਂਤਕ-ਪੈਂਤੜੇ ਤੋਂ ਜ਼ਰਾ ਵੀ ਪਿੱਛੇ ਹਟਣ ਦੀ ਜੁਰਅਤ ਨਹੀਂ ਕਰ ਸਕਦਾ। ਇਸ ਲਈ ਅੱਜ ਮੈਂ ਆਪਣਾ ਪੈਂਤੜਾ ਅਹਿੱਲ ਬਣਾ ਲਿਆ ਹੈ। ਮੈਂ ਹੋਰ ਕੁਝ ਨਹੀਂ ਕਰ ਸਕਦਾ। ਇਸ ਲਈ ਹੇ ਰੱਬ, ਮੇਰੀ ਸਹਾਇਤਾ ਕਰ, ਆਮੀਨ।" ਲੂਥਰ ਦੇ ਇਸ ਐਲਾਨ ਨੇ ਪ੍ਰੋਟੈਸਟੇਟਿਜ਼ਮ ਦੀ ਨੀਂਹ ਰੱਖ ਦਿੱਤੀ।

ਵ੍ਰਮਜ਼ ਤੋਂ ਵਾਪਸ ਆਉਣ ਤੇ ਸੈਕਸੋਨੀ ਦੇ ਈਲੈਕਟਰ ਨੇ ਲੂਥਰ ਦੀ ਰਾਖੀ ਲਈ ਉਸ ਨੂੰ ਆਪਣੀ ਸੰਭਾਲ ਵਿੱਚ ਲੈ ਲਿਆ ਤਾਕਿ ਦੁਸ਼ਮਨ ਉਸ ਨੂੰ ਜਾਨੋਂ ਨ ਮਾਰ ਮੁਕਾਣ। ਹੁਣ ਉਹ ਵਿਟਨਬਰੇਗ ਦੇ ਕਿਲ੍ਹੇ ਦੀ ਇੱਕ ਕੋਠੜੀ ਵਿੱਚ ਸੀ ਜਿਥੇ ਉਸ ਨੇ ਅੰਜੀਲ ਦਾ ਜਰਮਨ ਭਾਸ਼ਾ ਵਿੱਚ ਅਨੁਵਾਦ ਕੀਤਾ ਅਤੇ ਕਹਿੰਦੇ ਨੇ ਕਿ ਜਦੋਂ ਸ਼ੈਤਾਨ ਉਸਨੂੰ ਇਹ ਮਹਾਨ ਕੰਮ ਕਰਨ ਤੋਂ ਆ ਕੇ ਵਰਜਦਾ, ਭਾਵ ਉਸਦੇ ਮਨ ਨੂੰ ਵਿਸ਼ੇ ਵਿਕਾਰ ਦੇ ਜਾਂ ਹੋਰ ਖਿਆਲ ਆ ਕੇ ਤੰਗ ਕਰਦੇ ਤਾਂ ਉਹ ਸ਼ੈਤਾਨ ਤੇ ਆਪਣੀ ਕਲਮ ਨਾਲ ਸਿਪਾਹੀ ਦੇ ਡੋਬਿਆਂ ਦੇ ਛਿੱਟੇ ਮਾਰਦਾ ਜਿਨ੍ਹਾਂ ਦੇ ਕੁਝ ਚੋਏ ਕਮਰੇ ਦੀ ਕੰਧ ਤੇ ਵੀ ਪੈਂਦੇ। ਜਿਨ੍ਹਾਂ ਦੇ ਧਬੇ ਅਜੇ ਵੀ ਉਸ ਕੰਧ ਤੇ ਕਾਇਮ ਨੇ ਤੇ ਜਿਨ੍ਹਾਂ ਨੂੰ ਅੱਜ ਵੀ ਯਾਤਰੂ ਸ਼ਰਧਾਲੂ ਜਾ ਕੇ ਵੇਖਦੇ ਨੇ। ੧੫੨੨ ਵਿੱਚ ਉਸ ਨੇ ਕੈਥਰੀਨਾ ਫੋਨ ਬੋਰਾ ਮਾਧਨੀ ਨਾਲ ਵਿਆਹ ਕੀਤਾ ਅਤੇ ਆਪਣੇ ਚਲਾਏ ਹੋਏ ਪ੍ਰੋਟੈਸਟੈਟਿਜ਼ਮ ਨੂੰ ਫੈਲਾ ਕੇ ਤੇ ਦੁਨੀਆਂ ਦੇ ਸਾਰੇ ਇਸਾਈਆਂ ਨੂੰ ਨਵੇਂ ਤੇ ਨਿਰੋਏ ਰਾਹ ਪਾ ਕੇ ੧੪ ਫਰਵਰੀ ੧੫੪੬ ਨੂੰ ਆਪਣੇ ਜਨਮ ਦੇ ਸ਼ਹਿਰ ਏਲਬੇਨ ਵਿੱਚ ਪਰਲੋਕ ਸਿਧਾਰ ਗਿਆ।

ਗੁਰੂ ਸਾਹਿਬ ਦੇ ਹਿੰਦੁਸਤਾਨ ਦੇ ਵਿਚ ਤੇ ਇਸ ਦੇ ਦੱਖਣ, ਚੜ੍ਹਦੇ ਤੇ ਪਹਾੜ ਨਾਲ ਲਗਦੇ ਦੇਸ਼ਾਂ ਵਿਚ ਕੀਤੇ ਹੋਏ ਸਫਰਾਂ ਤੋਂ ਵੀ ਪਤਾ ਲਗਦਾ ਹੈ ਕਿ ਜਿਥੇ ਉਹ ਮਨੁੱਖੀ ਤੇ ਖ਼ਾਸ ਕਰ ਧਾਰਮਿਕ ਗਿਰਾਵਟ ਤੇ ਪਾਖੰਡ ਦੇ ਪਸਾਰੇ ਬਾਰੇ ਸੁਣਦੇ ਉਥੇ ਹੀ ਲੱਖ ਮੁਸੀਬਤ ਝੱਲ ਕੇ ਵੀ ਪੁੱਜ ਜਾਂਦੇ। ਇਸ ਲਈ ਜਿਸ ਗੁਰੂ ਨਾਨਕ ਨੇ ਮੱਕੇ ਤੇ ਮਦੀਨੇ ਵਿਚ ਜਾ ਕੇ ਵੀ ਮੁਸਲਮਾਨਾਂ ਦੀ ਵਹਿਮਪ੍ਰਸਤੀ ਦੀ ਵਿਰੋਧਤਾ ਕਰਨ ਲਈ ਆਪਣੀ ਜਾਨ ਨੂੰ ਵੀ ਖ਼ਤਰੇ ਵਿਚ ਪਾਣ ਤੋਂ ਗੁਰੇਜ਼ ਨਾ ਕੀਤਾ, ਉਹ ਜ਼ਰੂਰ ਕੁਝ ਯੂਰਪੀਨ ਦੇਸ਼ਾਂ ਵਿਚ ਵੀ ਈਸਾਈ ਮੱਤ ਦੇ ਪੋਪ ਤੇ ਪਾਦਰੀਆਂ ਦੀ ਹਾਲਤ ਵੇਖਣ ਵੀ ਗਏ ਹੋਣਗੇ, ਨਾਲੇ ਇਤਿਹਾਸ ਦੀ ਅਕੱਟ ਗਵਾਹੀ ਹੈ ਕਿ ਮਾਰਟਿਨ ਲੂਥਰ ਦੇ ਸੁਧਾਰ ਦੀਆਂ ਸਭ ਤੋਂ ਵੱਡੀਆਂ ਘਟਨਾਵਾਂ ੧੫੧੭ ਤੋਂ ੧੫੩੧ ਈਸਵੀ ਵਿੱਚ ਵਾਪਰੀਆਂ ਅਤੇ ੧੫੧੭ ਈਸਵੀ ਵਿੱਚ ਹੀ ਉਸ ਨੇ ਆਪਣੇ ੯੫ ਨੁਕਤਿਆਂ ਦਾ ਇਨਕਲਾਬੀ ਬਿਆਨ ਜਾਰੀ ਕੀਤਾ ਸੀ ਜਦੋਂ ਗੁਰੂ ਨਾਨਕ ਸਾਹਿਬ ਅਰਬ ਤੇ ਸਿਰਯਾ 'ਚੋਂ ਟਰਕੀ, ਸਪੇਨ ਤੇ ਇਟਲੀ ਗਏ ਦੱਸੇ ਜਾਂਦੇ ਨੇ। ਇਹ ਗੱਲ ਹੋ ਸਕਦੀ ਹੈ ਅਤੇ ਜੇ ਇਹ ਅੱਗੇ ਜਰਮਨੀ ਤਕ ਜਾਂਦੇ ਤਾਂ ਮਾਰਟਿਨ ਲੂਥਰ ਨੂੰ ਜ਼ਰੂਰ ਮਿਲਦੇ। ਇਸ ਲਈ



Digitized by Panjab Digital Library | www.panjabdigilib.org

ਉਹਨਾਂ ਦਾ ਇਟਲੀ, ਟਰਕੀ, ਸਪੇਨ ਜਾਣਾ ਸੰਭਵ ਹੋ ਸਕਦਾ ਹੈ ਪਰ ਕਾਰੂੰ ਬਾਦਸ਼ਾਹ ਨਾਲ ਮੁਲਾਕਾਤ ਦੀ ਕਹਾਣੀ ਤੇ ਵੈਸੀ ਹੀ ਘੜੀ ਗਈ ਜਾਪਦੀ ਹੈ । ਜੇ ਕਾਰੂੰ ਦੇ ਸਮੇਂ ਤੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਕਾਰੂੰ ਦੀ ਗੁਰੂ ਸਾਹਿਬ ਨਾਲ ਜੋੜੀ ਹੋਈ ਸਾਖੀ ਬਿਲਕੁੱਲ ਨਿਰਮੂਲ ਹੈ । ਕਾਰੂੰ ਨੂੰ ਪੱਛਮੀ ਇਤਿਹਾਸਕਾਰ ਕਰੋਸਸ ਆਖਦੇ ਹਨ । ਉਸ ਦੇ ਪਿਉ ਦਾ ਨਾਂ ਅਲਯੇਤਿਸ ਸੀ । ਕਰੋਸਸ ਜਾਂ ਕਾਰੂੰ ਪਰਾਚੀਨ ਕਾਲ ਦੇ ਏਸ਼ੀਆ ਮਾਈਨਰ ਦੇ ਉਸ ਹਿੱਸੇ ਦਾ ਆਖ਼ਰੀ ਬਾਦਸ਼ਾਹ ਸੀ ਜਿਸ ਨੂੰ 'ਲਿਦੀਆਂ' ਆਖਦੇ ਸਨ । ਕਾਰੂੰ ਦੇ ਰਾਜ ਦਾ ਸਮਾਂ ੫੬੦ ਤੋਂ ੫੪੬ ਬੀ. ਸੀ. ਜਾਂ ਪੂਰਵ ਈਸਵੀ ਸੰਨ ਸੀ ਜਿਸ ਦਾ ਭਾਵ ਇਹ ਹੈ ਕਿ ਕਾਰੂੰ ਗੁਰੂ ਨਾਨਕ ਸਾਹਿਬ ਦੇ ਜਨਮ ਤੋਂ ੨੦੧੫ ਸਾਲ ਪਹਿਲਾਂ ਹੀ ਮਰ ਚੁਕਾ ਸੀ । ਇਹ ਸਮਾਂ ਵੀ ਇਤਿਹਾਸਕ ਹੋਣ ਤੋਂ ਮਿਥਹਾਸਕ ਜ਼ਿਆਦਾ ਸੀ । ਯੂਰਪ ਦੇ ਪਰਾਚੀਨ ਇਤਿਹਾਸਿਕ ਤੇ ਧਾਰਮਿਕ ਸਾਹਿੱਤ ਵਿਚ ਜ਼ਿਕਰ ਹੈ ਕਿ ਕਰੋਸਸ ਬੜਾ ਜ਼ਾਲਮ ਤੇ ਲਾਲਚੀ ਸੀ ਅਤੇ ਉਸ ਨੂੰ ਸੋਲਨ ਨੇ ਲਿਦਿਆ ਜਾ ਕੇ ਤੇ ਅਧਿਆਤਮਕ ਗਿਆਨ ਦੇ ਕੇ ਪਰਜਾ ਨੂੰ ਲੁੱਟ ਕੇ ਆਪਣੇ ਖਜ਼ਾਨੇ ਭਰਨ ਦੇ ਪਾਪ ਤੋਂ ਛੁੜਾਇਆ ਸੀ । ਸੋਲਨ ਪਰਾਚੀਨ ਕਾਲ ਦੇ ਯੂਨਾਨ ਦੀ ਰਾਜਧਾਨੀ ਐਥਿੰਨਜ਼, ੬੩੯ ਬੀ. ਸੀ. ਵਿਚ ਜੰਮਿਆ ਸੀ । ਸੋਲਨ ਨੂੰ ਭੁਲੇਖੇ ਨਾਲ ਸੁਲੇਮਾਨ ਨਹੀਂ ਸਮਝ ਲੈਣਾ ਚਾਹੀਦਾ ਕਿਉਂਕਿ ਸੁਲੇਮਾਨ ਸਪੇਨ ਦਾ ਬਾਦਸ਼ਾਹ ਸੀ ਤੇ ਸੋਲਨ ਤੋਂ ਕੁਝ ਸਦੀਆਂ ਪਹਿਲਾਂ ਹੋ ਗੁਜ਼ਰਿਆ ਸੀ । ਮਿਥਿਹਾਸਕ ਵਿਥਿਆ ਅਨੁਸਾਰ ਕਾਰੂੰ ਹਜ਼ਰਤ ਮੂਸਾ ਦਾ ਮਸੇਰ ਸੀ । ਮੂਸੇ ਦੀ ਨਸੀਹਤ ਤੇ ਵੀ ਇਸ ਨੇ ਧੰਨ ਦਾ ਲਾਲਚ ਨਾ ਛੱਡਿਆ ਤੇ ਉਸ ਦੇ ਸਰਾਪ ਨਾਲ ਸਣੇ ਖ਼ਜ਼ਾਨਿਆਂ ਦੇ ਧਰਤੀ ਵਿਚ ਨਿੱਘਰ ਗਿਆ ਸੀ । ਉਸ ਦੇ ਖਜ਼ਾਨਿਆਂ ਦੀਆਂ ਚਾਬੀਆਂ ਚਾਲੀ ਊਠਾਂ ਤੇ ਲਦੀਆਂ ਜਾਂਦੀਆਂ ਸਨ ।

ਪੁਰਾਤਨ ਜਨਮ ਸਾਖੀ ਤੋਂ ਲੈ ਕੇ ਭਾਈ ਮਨੀ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ, ਸੱਯਦ ਮੁਹੰਮਦ ਲਤੀਫ਼ ਅਤੇ ਕਈ ਹੋਰ ਲਿਖਾਰੀਆਂ ਨੇ ਗੁਰੂ ਸਾਹਿਬ ਤੇ ਕਾਰੂੰ ਬਾਦਸ਼ਾਹ ਦੇ ਮੇਲ ਦਾ ਪਰਸੰਗ ਕਿਸੇ ਨ ਕਿਸੇ ਰੂਪ ਵਿਚ ਬਿਆਨ ਕੀਤਾ ਹੈ । ਨਸੀਹਤਨਾਮਾ ਗੁਰੂ ਗਰੰਥ ਸਾਹਿਬ ਵਿਚ ਸ਼ਾਮਲ ਨਹੀਂ ਤੇ ਨ ਇਹ ਬਾਣੀ ਗੁਰੂ ਨਾਨਕ ਸਾਹਿਬ ਦੀ ਹੈ । ਗੁਰੂ ਸਾਹਿਬ ਤੋਂ ਪਿੱਛੋਂ ਕਿਸੇ ਸ਼ਰਧਾਲੂ ਦੀ ਜੋੜੀ ਹੋਈ ਰਚਨਾ ਹੈ ।

ਭਾਈ ਮਨੀ ਸਿੰਘ ਲਿਖਦਾ ਹੈ ਕਿ ਕਾਰੂੰ ਟਰਕੀ ਦਾ ਬਾਦਸ਼ਾਹ ਸੀ ਪਰ ਭਾਈ ਗਿਆਨ ਸਿੰਘ ਉਸ ਨੂੰ ਮਿਸਰ ਦਾ ਬਾਦਸ਼ਾਹ ਦਸਦਾ ਹੈ । ਕਹਿੰਦੇ ਨੇ ਕਿ ੧੮੮੬ ਈਸਵੀ ਵਿਚ ਅੰਗਰੇਜ਼ੀ ਫੌਜ ਵਿਚ ਜਦੋਂ ਕੁਝ ਸਿੱਖ ਫੌਜੀ ਮਹਿਦੀ ਨੂੰ ਦਬਾਣ ਦੀ ਮੁਹਿੰਮ ਲਈ ਮਿਸਰ ਤੇ ਸੂਡਾਨ ਗਏ ਤਾਂ ਉਹਨਾਂ ਕਾਈ ਕਾਈ ਤੇ ਸ਼ਹਿਰ ਦੇ ਦੱਖਣ ਪਾਸੇ ਉਸ ਥੜੇ ਦੇ ਦਰਸ਼ਨ ਵੀ ਕੀਤੇ ਜਿਸ ਤੇ ਬਹਿਕੇ ਗੁਰੂ ਨਾਨਕ ਸਾਹਿਬ ਨੇ ਕਾਰੂੰ ਨਾਲ ਬਚਨ ਬਿਲਾਸ ਕੀਤੇ ਸਨ ।

ਗੁਰੂ ਸਾਹਿਬ ਦੇ ਸਮਕਾਲ ਦੇ ਇਤਹਾਸ ਨੂੰ ਘੋਖਿਆਂ ਵੀ ਪਤਾ ਲਗਦਾ ਹੈ ਕਿ ੧੪੯੫ ਤੋਂ ੧੫੨੦ ਤੱਕ ਮਿਸਰ, ਸੂਡਾਨ, ਟਰਕੀ, ਸਿਰਯਾ ਤੇ ਅਰਬ ਕਿਸੇ ਦੇਸ਼ ਦੇ ਬਾਦਸ਼ਾਹ ਦਾ ਨਾਂ ਸੁਲਤਾਨ ਹਮੀਦ ਕਾਰੂੰ ਨਹੀਂ ਸੀ । ਭਾਈ ਬਾਲੇ ਵਾਲੀ ਜਨਮ ਸਾਖੀ ਮੁਤਾਬਿਕ ਇਹ ਬਾਦਸ਼ਾਹ



Digitized by Panjab Digital Library | www.panjabdigilib.org

ਮਦੀਨੇ ਦਾ ਸੀ ਜੋ ਗ਼ਲਤ ਹੈ। ਹੋ ਸਕਦਾ ਹੈ ਕਿ ਗੁਰੂ ਸਾਹਿਬ ਆਪਣੇ ਪੱਛਮੀ ਤੇ ਚੌਥੇ ਸਫਰ ਦੇ ਦੌਰਾਨ ਕਿਸੇ ਬਾਦਸ਼ਾਹ ਨੂੰ ਮਿਲੇ ਵੀ ਹੋਣ ਪਰ ਉਹ ਕੋਈ ਹੋਰ ਹੋ ਸਕਦਾ ਹੈ।

ਕਾਰੂੰ ਦੀ ਇਸ ਘਟਨਾ ਤੇ ਜ਼ਰਾ ਵਿਸਥਾਰ ਨਾਲ ਵਿਚਾਰ ਕੀਤੀ ਗਈ ਹੈ ਕਿ ਇਸ ਤਰ੍ਹਾਂ ਸ਼ਰਧਾਲੂ ਤੇ ਸਨਾਤਨੀ ਖਿਆਲਾਂ ਦੇ ਲੇਖਕਾਂ ਨੇ ਗੁਰੂ ਸਾਹਿਬ ਨਾਲ ਅਕਾਰਨ ਕਈ ਕਹਾਣੀਆਂ ਜੋੜ ਦਿੱਤੀਆਂ ਨੇ ਜਿਨ੍ਹਾਂ ਨੇ ਸਿੱਖ ਗੁਰੂਆਂ ਤੇ ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਦੀ ਪਰਮਾਣੀਕਤਾ ਨੂੰ ਅਣਹੋਣੀਆਂ ਤੇ ਸ਼ੱਕ ਦਾ ਸ਼ਿਕਾਰ ਬਣਾਇਆ ਹੈ।

ਪਤਾ ਨਹੀਂ ਲਿਖਾਰੀਆਂ ਨੇ ਇਹ ਸਾਖੀ ਬਾਬਾ ਜੀ ਦੇ ਨਾਂ ਨਾਲ ਕਿਉਂ ਜੋੜੀ ਹੈ ਜਦੋਂ ਇਸ ਦੀ ਇਤਹਾਸਕ ਕਚਿੱਤ ਦਾ ਕੱਚਾ ਘੜਾ ਭਾਈ ਰਤਨ ਸਿੰਘ ਭੰਗੂ ਨੇ ਆਪਣੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਭੰਨ ਦਿੱਤਾ ਸੀ। ਸੱਚ ਤਾਂ ਇਹ ਹੈ ਕਿ ਇਸ ਪੰਥ ਪ੍ਰਕਾਸ਼ ਤੋਂ ਸਿੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਨੇ ਜਨਮ ਲਿਆ। ਭਾਈ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਪਿਛੋਂ ਹੋਂਦ ਵਿਚ ਆਈਆਂ। ਭਾਈ ਰਤਨ ਸਿੰਘ ਭੰਗੂ ਸਰਦਾਰ ਮਹਿਤਾਬ ਸਿੰਘ ਦੇ ਪੋਤਰੇ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਦੋਹਤਰੇ ਸਨ। ਉਹਨਾਂ ਨੂੰ ਦਾਦਕਿਆਂ ਤੇ ਨਾਨਕਿਆਂ, ਦੋਹਾਂ ਪਾਸਿਆਂ ਤੋਂ ਸਿੱਖੀ ਜੀਵਨ ਤੇ ਸਿੱਖ ਇਤਿਹਾਸ ਦੀ ਦਾਤ ਮਿਲੀ ਹੋਈ ਸੀ। ਉਨ੍ਹੀਵੀਂ ਸਦੀ ਈਸਵੀ ਦੇ ਸ਼ੁਰੂ ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਰਾਜਸੀ ਜੋਬਨ ਵਿਚ ਸੀ, ਅੰਗਰੇਜ਼ਾਂ ਨੇ ਪਟਿਆਲੇ ਦੇ ਰਾਜੇ ਤੇ ਹੋਰ ਫੂਲਕੀਆਂ ਰਿਆਸਤਾਂ ਨਾਲ ਸਿੱਖ ਰਾਜ ਦੇ ਵਿਰੁੱਧ ਸੀਟੀ ਮਿਲਾਈ ਹੋਈ ਸੀ। ਓਦੋਂ ਮਿਸਟਰ ਮਰੇ ਆਪਣੀ ਲੁਧਿਆਣੇ ਦੀ ਛਾਉਣੀ ਵਿਚ ਬਹਿਕੇ ਸਿੱਖ ਇਤਿਹਾਸ ਭਾਈ ਰਤਨ ਸਿੰਘ ਭੰਗੂ ਤੋਂ ਪੁੱਛ ਪੁੱਛ ਕੇ ਲਿਖ ਰਿਹਾ ਸੀ। ਭਾਈ ਸਾਹਿਬ ਮਰੇ, ਜਿਸ ਨੂੰ ਉਹ ਮਾਲੀ ਕਹਿੰਦੇ ਸਨ ਨੂੰ ਜੋ ਦੱਸ ਕੇ ਆਉਂਦੇ ਉਹ ਹੀ ਆਪ ਆ ਕੇ ਜਟਕੀ ਜਿਹੀ ਛੰਦਾਬੰਦੀ ਵਿਚ ਲਿਖ ਲੈਂਦੇ। ਬਾਅਦ ਵਿਚ ਮਰੇ ਦੇ ਖਰੜੇ ਦੇ ਆਧਾਰ ਤੇ ਐਚ. ਟੀ. ਪ੍ਰਿੰਸਪ ਨੇ ਆਪਣੀ ਕਿਤਾਬ, 'ਦਾ ਉਰਿੱਜਨ ਆਫ਼ ਦਾ ਸਿੱਖ ਪਾਵਰ' ੧੮੩੪ ਵਿਚ ਛਾਪੀ। ਮਰੇ ਸਵਾਲ ਕਰਦਾ ਸੀ ਤੇ ਰਤਨ ਸਿੰਘ ਭੰਗੂ ਜਵਾਬ ਦੇਂਦਾ ਸੀ। ਕਾਰੂੰ ਦੀ ਗੁਰੂ ਨਾਨਕ ਸਾਹਿਬ ਨਾਲ ਜੋੜੀ ਹੋਈ ਸਾਖੀ ਬਾਰੇ ਮਿਸਟਰ ਮੱਰੇ ਨੇ ਸ਼ੰਕਾ ਜ਼ਾਹਿਰ ਕੀਤਾ ਤਾਂ ਭੰਗੂ ਹੋਰਾਂ ਨੇ ਬੜਾ ਆਲਮਾਨਾ ਜਵਾਬ ਦਿੱਤਾ ਕਿ ਹਜ਼ਰਤ ਮੁਹੰਮਦ ਰਸੂਲ ਤੋਂ ਵੀ ਪਹਿਲਾਂ ਲੋਕ ਕਾਰੂੰ ਦੀ ਮਿਸਾਲ ਦੇ ਕੇ ਲੋਕਾਂ ਨੂੰ ਸਮਝਾਂਦੇ ਸਨ ਤੇ ਗੁਰੂ ਸਾਹਿਬ ਨੇ ਵੀ ਇਸੇ ਤਰ੍ਹਾਂ ਕਿਸੇ ਨੂੰ ਕਾਰੂੰ ਦਾ ਪਰਮਾਣ ਦੇ ਕੇ ਕੁਝ ਸਮਝਾਇਆ ਹੋਵੇਗਾ ਪਰ ਲਿਖਾਰੀਆਂ ਨੇ ਸਮੇਂ ਦੀ ਸੂਝ ਤੋਂ ਬਿਨਾਂ ਇਹ ਸਾਖੀ ਮੜ੍ਹ ਹੀ ਗੁਰੂ ਨਾਨਕ ਦੇ ਨਾਂ ਦਿੱਤੀ ਹਾਲਾਂਕਿ ਕਾਰੂੰ ਨੂੰ ਤੇ ਬਹੁਤ ਸਮਾਂ ਪਹਿਲਾਂ ਹੀ ਕੋਈ ਸੁਧਾਰਕ ਪੈਗੰਬਰ ਮਿਲਿਆ ਸੀ। ਭਾਈ ਰਤਨ ਸਿੰਘ ਭੰਗੂ ਦੇ ਪੰਥ-ਪ੍ਰਕਾਸ਼ ਵਿਚ ਇਸ ਤਰ੍ਹਾਂ ਜ਼ਿਕਰ ਆਉਂਦਾ ਹੈ:—

ਦੋਹਰਾ :—ਤੌਂ ਮਾਲੀ ਸੁਨ ਹਮ ਕਹੀ, ਸਭ ਸੰਸੇ ਭਏ ਦੂਰ।
ਕਾਰੂੰ ਗੋਸ਼ਟ ਨਹਿ ਕਹੀ ਯਾਮੇ ਸ਼ੱਕ ਜ਼ਰੂਰ (੧)



Digitized by Panjab Digital Library | www.panjabdigilib.org

ਚੌਪਈ :—ਤਾਂ ਕੋ ਬੀਤੇ ਬਰਸ ਹਜ਼ਾਰ।

ਗੋਸ਼ਟ ਕਰੀ ਕਬ ਬਾਬੇ ਨਾਰ ?

ਤਉ ਉਸਕੋ ਮੈਂ ਉੱਤਰ ਦਯੋ।

ਯਹ ਗੋਸ਼ਟ ਮੇਂ ਸੰਸਾ ਭਯੋ (੨)

ਬਾਬੇ ਕਹੀ-ਨ ਜੋ ਮੁਖ ਸਾਖੀ।

ਲਿਖਾਰੀ ਲਿਖ ਸੋ ਗੋਸ਼ਟ ਰਾਖੀ।

ਆਗੇ ਮਿਲੇ ਉਨੋਂ ਤੈ ਚੋੜਾ।

ਉਠ ਅੱਛਰ ਬਹੁ ਹੋਰ ਦਏ ਤੋੜਾ (੩)

ਨਹਿੰ ਕਛ ਜਾਨਯੋ ਸੰਮਤ ਸਾਲ।

ਵਾਧ ਘਾਟ ਨਹੀਂ ਸਮਝਯੋ ਹਵਾਲ।

ਪੀਰ ਫਕੀਰ ਸਿੱਧ ਗੋਸ਼ਟ ਬੋਈ (੪)

ਇਮ ਕਰ ਗੋਸ਼ਟ ਲਿਖ ਗਯੋ ਕੋਈ।

ਗੋਸ਼ਟ ਨ ਕੌ ਔ ਸਾਖੀ ਭਾਇ।

ਨਹ ਮੂਰਖ ਕੇ ਸਮਝਤ ਥਾਇ।

ਉਸ ਯਾਰ ਦਿਵਾਨੋ ਜਾ ਕੋ ਕਹੀਐ।

ਉਨਹੀਂ ਮੈਂ ਤੇ ਉਨ ਕੋ ਲਹੀਐ।

ਗਿਰੀ ਖੱਖਰ ਕਹੇਂ ਚੰਦ ਪੁਰਾਣਾ।

ਕੋਲੂ ਅੱਲਾਹਿ ਸੁਰਮੇਦਾਣਾ (੫)

ਦੋਹਰਾ :—

ਰਸੂਲੋਂ ਔ ਬਾਬਿਉਂ ਬਿਤੇ ਸੁ ਬਰਸ ਹਜ਼ਾਰ।

ਦੇਤੇ ਆਏ ਸਾਖ ਇਹ ਗੰਜ ਚਾਲੀ ਕਾਰੂੰ ਵਾਰ (੬)

"ਹੁਤੋ ਕਾਰੂੰ ਪਾਤਸ਼ਾਹਿ ਇੱਕ ਕਹੀ ਬਾਬਿਉਂ ਬਾਤ।

"ਸੋ ਚਾਲੀ ਗੰਜ ਜੋੜ ਕੈ ਭਯੋ ਤੋਂ ਖਾਲੀ ਜਾਤ। (੯)

ਇਕ ਅਮਰ ਪਿਕੰਬਰ ਸੰਤ ਹੁਤੋ ਮਿਲ ਉਸ ਕਰਯੋ ਨਿਹਾਲ।"

ਮੂੜ੍ਹਨ ਗੋਸ਼ਟ ਲਿਖ ਕਹੀ ਕਰੀ ਸੋ ਬਾਬੇ ਨਾਲ (੮)



Digitized by Panjab Digital Library | www.panjabdigilib.org

ਇਹੋ ਜਿਹੀਆਂ ਕਈ ਜੋੜਵੀਆਂ ਦੰਦ-ਕਥਾਵਾਂ ਤੇ ਅਸਬੰਧਤ ਚਮਤਕਾਰੀ ਘਟਨਾਵਾਂ ਸਿੱਖਾਂ ਦੇ ਇਤਿਹਾਸ ਵਿੱਚ ਪੱਸਰੀਆਂ ਹੋਈਆਂ ਨੇ ਜਿਨ੍ਹਾਂ ਦੇ ਟਪਲਿਆਂ ਨੂੰ ਸੱਚੀ ਇਤਿਹਾਸਕ ਦ੍ਰਿਸ਼ਟੀ ਤੇ ਖੋਜ ਹੀ ਦੂਰ ਕਰ ਸਕਦੀ ਹੈ।

ਮੱਕੇ ਮਦੀਨੇ ਤੇ ਹੋਰ ਥਾਵਾਂ ਦੀ ਯਾਤਰਾ ਤੋਂ ਬਾਅਦ ਗੁਰੂ ਨਾਨਕ ਸਾਹਿਬ ਬਗ਼ਦਾਦ ਗਏ ਜੋ ਇਸਲਾਮੀ ਵਿਦਵਤਾ ਦਾ ਉਸ ਸਮੇਂ ਸੰਸਾਰ ਵਿੱਚ ਸਭ ਤੋਂ ਵੱਡਾ ਕੇਂਦਰ ਸੀ। ਇਹ ਪੀਹੜੀਆਂ ਤੋਂ ਖ਼ਲੀਫ਼ੇ ਦੀ ਰਾਜਧਾਨੀ ਸੀ ਤੇ ਖਲੀਫ਼ੇ ਦੀ ਪਦਵੀ ਇਸਲਾਮੀ ਦੁਨੀਆਂ ਵਿੱਚ ਉਹ ਹੀ ਸੀ ਜੋ ਇਸਾਈ ਦੁਨੀਆਂ ਵਿੱਚ ਪੋਪ ਦੀ। ਬਗ਼ਦਾਦ ਵਿੱਚ ਸੰਸਾਰ ਭਰ ਦਾ ਪਰਸਿੱਧ 'ਦਾਰੁੱਲ-ਇਲੂਮ ਨਿਜ਼ਾਮੀਆ' ਸਜ ਧਜ ਨਾਲ ਚੱਲ ਰਿਹਾ ਸੀ। ਇਹ ਇਸਲਾਮੀ ਵਿਸ਼ਵ-ਵਿਦਿਆਲਾ ਜਾਂ ਯੂਨੀਵਰਸਿਟੀ, ਨਿਜ਼ਾਮੱਲੁਮਲਕਤੌਸੀ ਨੇ ੪੫੯ ਸੰਨ ਹਿਜਰੀ ਜਾਂ ੧੨੦੩ ਸੰਨ ਇਸਵੀ ਵਿੱਚ ਖੋਲ੍ਹਿਆ ਸੀ ਅਤੇ ਜਿਸ ਵਿੱਚ ਸ਼ੇਖ ਸਾਅਦੀ ਜਿਹੇ ਮਹਾਨ ਤੇ ਬੇਨਜ਼ੀਰ ਸ਼ਾਇਰ, ਫ਼ਿਲਾਸਫ਼ਰ, ਜ਼ਾਹਿਦ ਤੇ ਅਦੀਬ ਨੇ ਆਪਣੇ ਸਮੇਂ ਦੇ ਸਭ ਤੋਂ ਵੱਡੇ ਮੁਸਲਮਾਨ ਆਲਮ, 'ਅੱਲਾਮਾ ਅਬੂ ਅਲਫਰਜ਼ ਅਬਦਲ ਰਹਿਮਾਨ ਬਿਨ ਜੋਜ਼ੀ' ਦੀ ਤਲੱਮਸ਼ ਜਾਂ ਸ਼ਾਗਿਰਦੀ ਹੇਠ, ਸ਼ੀਰਾਜ਼ ਤੋਂ ਬਗ਼ਦਾਦ ਜਾ ਕੇ ਵਿਦਿਆ ਪਰਾਪਤ ਕੀਤੀ। ਸ਼ੇਖ ਸਾਅਦੀ ਦਾ ਜਨਮ ਸ਼ੀਰਾਜ਼ ਵਿਚ ੫੮੯ ਹਿਜਰੀ (੧੩੩੩ ਸੰਨ ਈਸਵੀ) ਤੇ ਵਫ਼ਾਤ ੬੯੧ ਸੰਨ ਹਿਜਰੀ (੧੪੩੫ ਸੰਨ ਈਸਵੀ) ੧੦੨ ਸਾਲ ਦੀ ਉਮਰ ਭੋਗ ਕੇ ਹੋਈ।

'ਦਾਰੁਲ-ਇਲੂਮ ਨਿਜ਼ਾਮੀਆ' ੧੨੦੩ ਈਸਵੀ ਸੰਨ ਵਿੱਚ ਖੁਲ੍ਹਿਆ ਸੀ ਅਤੇ ਗੁਰੂ ਸਾਹਿਬ ਬਗ਼ਦਾਦ ਵਿੱਚ ੧੫੨੧ ਵਿੱਚ ਗਏ ਜਿਸ ਤੋਂ ਇਹ ਸਬੂਤ ਹੁੰਦਾ ਹੈ ਕਿ ਗੁਰੂ ਸਾਹਿਬ ਦੀ ਬਗ਼ਦਾਦ ਯਾਤਰਾ ਤੋਂ ਇਹ ਇਸਲਾਮੀ ਵਿਸ਼ਵ-ਵਿਦਿਆਲਾ ੩੧੮ ਸਾਲ ਪਹਿਲਾਂ ਤੋਂ ਕੰਮ ਕਰ ਰਿਹਾ ਸੀ ਅਤੇ ਇਸ ਵਿੱਚ ਦੁਨੀਆਂ ਦੇ ਕਈ ਹਿੱਸਿਆਂ ਦੇ ਮੁਸਲਮਾਨ ਏਥੇ ਤਾਲਿਬ-ਇਲਮ ਵੀ ਸਨ ਤੇ ਮੁਅੱਲਮ ਵੀ। ਇਸ ਲਈ ਇਸਲਾਮੀ ਸ਼ਰਾਅ ਸ਼ਰੀਅਤ ਦੇ ਮਸਲਿਆਂ ਬਾਰੇ ਉਥੇ ਜਾ ਕੇ ਮੱਥਾ ਲਾਣਾ ਕੋਈ ਸੌਖੀ ਗੱਲ ਨਹੀਂ ਸੀ। ਪਰ ਧੰਨ ਹੈ ਗੁਰੂ ਨਾਨਕ, ਜਿਸ ਦੇ ਪਲੇ ਸੱਚ ਦੀ ਉਹ ਸ਼ਕਤੀ ਸੀ ਜੋ ਕੀ ਗਿਆਨ ਤੇ ਕੀ ਗਿਆਨ ਦੀ ਗੋਸ਼ਟੀ ਕਰਨ ਦੀ ਸ਼ਕਤੀ ਜਾਂ ਯੋਗਤਾ, ਸਭ ਤੋਂ ਡਾਹਡੀ ਸੀ।

ਬਾਬਾ ਜੀ ਤੇ ਮਰਦਾਨੇ ਨੇ ਸ਼ਹਿਰ ਤੋਂ ਬਾਹਰਵਾਰ ਇੱਕ ਕਬਰਸਤਾਨ ਵਿੱਚ ਡੇਰਾ ਲਾ ਲਿਆ ਤੇ ਰਾਤ ਉਥੇ ਹੀ ਕੱਟੀ। ਪਹਿਰ ਰਾਤ ਰਹਿੰਦਿਆਂ ਬਾਬਾ ਜੀ ਨੇ ਮਰਦਾਨੇ ਨੂੰ ਉਠਾਇਆ ਤੇ ਬਾਬਾ ਜੀ ਰਬਾਬ ਦੀਆਂ ਮਿੱਠੀਆਂ ਤਰਬਾਂ ਨਾਲ ਇੱਕ ਮਿੱਕ ਹੋ ਕੇ ਰਬੀ ਸੰਗੀਤ ਦੀ ਖ਼ੁਮਾਰੀ ਵਿੱਚ ਕੀਰਤਨ ਕਰਨ ਲੱਗ ਪਏ। ਆਵਾਜ਼ ਏਨੀ ਉੱਚੀ ਤੇ ਸੁਰੀਲੀ ਸੀ ਕਿ ਜਿਸ ਦੇ ਵੀ ਕੰਨੀਂ ਪਈ ਉਸ ਦੀ ਫਿਰ ਅੱਖ ਨਾ ਲੱਗੀ ਤੇ ਕਬਰਸਤਾਨ ਵਲੋਂ ਆਉਂਦੀ ਆਵਾਜ਼ ਵੱਲ ਹਰ ਇੱਕ ਕੰਨ ਲਾ ਕੇ ਰਸ ਮਾਣਦਾ ਰਿਹਾ। ਬਾਬਾ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਜਿਸ ਵਿੱਚ ਕਾਦਰ ਤੇ ਉਸਦੀ ਕੁਦਰਤ ਦਾ ਭਗਤੀ ਭਰਿਆ ਬਿਆਨ ਰੂਹ



Digitized by Panjab Digital Library | www.panjabdigilib.org

ਨੂੰ ਅਰਸ਼ਾਂ ਤੇ ਲੈ ਜਾਂਦਾ ਸੀ। ਕਈ ਲੋਕ ਆਪਣੇ ਘਰਾਂ 'ਚੋਂ ਉੱਠ ਕੇ ਕਬਰਸਤਾਨ ਵਿੱਚ ਬਾਬਾ ਜੀ ਦੇ ਕੋਲ ਆ ਗਏ ਪਰ ਬਾਬਾ ਜੀ ਅੱਖੀਂ ਮੀਟ ਕੇ ਮਸਤੀ ਵਿੱਚ ਜਪੁਜੀ ਸਾਹਿਬ ਦਾ ਪਾਠ ਕਰੀ ਜਾਂਦੇ ਸਨ । ਕੁਝ ਪੌੜੀਆਂ ਉਹਨਾਂ ਨੇ ਗਾ ਕੇ ਪੜ੍ਹੀਆਂ । ਕਾਫੀ ਲੋਕ ਆ ਕੇ ਦੁਆਲੇ ਇਕੱਠੇ ਹੋ ਗਏ। ਬਾਬਾ ਜੀ ਨੇ ਜਪੁਜੀ ਸਾਹਿਬ ਦੀ ਹੇਠਲੀ ਪੌੜੀ ਖਾਸ ਤੌਰ ਤੇ ਵਜਦ ਵਿੱਚ ਆ ਕੇ ਪੜ੍ਹੀ :—

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ।
ਓੜਕ ਓੜਕ ਭਾਲਿ ਥਕੇ ਵੇਦ ਕਹਿਨ ਇਕ ਵਾਤ ।
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕ ਧਾਤੁ ।
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ।
ਨਾਨਕ ਵੱਡਾ ਆਖੀਐ ਆਪੇ ਜਾਣੈ ਆਪੁ (੨੨)

ਫਿਰ ਉਹਨਾਂ ਇਸ ਪੌੜੀ ਦੀ ਵਿਆਖਿਆ ਕੀਤੀ ਤੇ ਦੱਸਿਆ, "ਕਾਦਰ ਦੀ ਕੁਦਰਤ ਦਾ ਕੋਈ ਅੰਤ ਨਹੀਂ ਪਾ ਸਕਦਾ । ਕਈ ਮਜ਼ਹਬਾਂ ਨੇ ਅਸਮਾਨਾਂ ਤੇ ਧਰਤੀਆਂ ਦੀ ਗਿਣਤੀ ਦੱਸੀ ਹੈ ਜਿਵੇਂ ਕੁਰਾਨ ਸ਼ਰੀਫ਼ ਦਸਦਾ ਹੈ ਕਿ ਸੱਤ ਅਸਮਾਨ ਤੇ ਸੱਤ ਧਰਤੀਆਂ ਨੇ ਤੇ ਸਾਰੇ ਚੌਦਾਂ ਤੱਬਕੇ ਨੇ । ਇਹ ਸਭ ਝੂਠਾ ਦਾਅਵਾ ਹੈ । ਲੱਖਾਂ ਅਰਸ਼ ਤੇ ਫਰਸ਼ ਹਨ, ਰੱਬ ਦੀਆਂ ਰੱਬ ਜਾਣੇ। ਲੇਖੇ-ਵੇਖੇ ਸਭ ਫਜ਼ੂਲ ਨੇ।" ਉਹ ਸੁਣਕੇ ਹੈਰਾਨ ਹੋਇ ਕਿ ਇਸ ਦਰਵੇਸ਼ ਦੇ ਖ਼ਿਆਲ ਤੇ ਕਾਫ਼ਰਾਨਾ ਨੇ ਜਿਹੜਾ, ਕੁਰਆਨ ਦੇ ਫ਼ਰਮਾਨ ਨੂੰ ਵੀ ਗ਼ਲਤ ਕਹਿੰਦਾ ਹੈ। ਲੱਗੇ ਗੁੱਸੇ ਨਾਲ ਭੇਡ ਜੇੜੇ ਆਨੇ ਕੱਢਣ। ਅਜੇ ਉਹ ਬਾਬਾ ਜੀ ਨੂੰ ਕੁਝ ਪੁੱਛ-ਪੁੱਛਾ ਕਰਨ ਹੀ ਵਾਲੇ ਸਨ ਕਿ ਬਾਬਾ ਜੀ ਨੇ ਮੱਕੇ ਤੋਂ ਉਲਟ ਪਾਸੇ ਵੱਲ ਮੂੰਹ ਕਰਕੇ, ਦੋਹਾਂ ਕੰਨਾਂ ਵਿੱਚ ਉਂਗਲੀਆਂ ਪਾ ਕੇ ਉੱਚੀ ਸਾਰੀ ਬਾਂਗ ਜਾਂ ਅੱਜ਼ਾਨ ਦੇ ਦਿੱਤੀ। ਬਾਂਗ ਦੇ ਲਫਜ਼ ਸਨ :—

"ਅੱਲਾ ਹੂ ਅਕਬਰ ਅਸਦੂਹਨ ਲਾ ਇਲਾਹ-ਇਲੱਲਾ। (ਰੱਬ ਸਭ ਤੋਂ ਵਡਾ ਹੈ। ਮੈਂ ਗਵਾਹੀ ਦੇਂਦਾ ਹਾਂ ਕਿ ਇਕ ਰੱਬ ਤੋਂ ਬਿਨਾਂ ਹੋਰ ਕੋਈ ਰੱਬ ਨਹੀਂ)

ਹਯ ਅੱਲਾ ਅਨੁਸਵਾਤ। (ਆਉ ਨਮਾਜ਼ ਵਾਸਤੇ)
ਹਯ ਅੱਲਾ ਅਲ ਫ਼ਲਾਹ (ਆਉ ਆਪਣੀ ਮੁਰਾਦ—ਭਾਵ ਭਲਾਈ ਵਾਸਤੇ)।
ਹਲ ਸਲਵਾਤ ਖੈਰੁੰਨ ਮਿਨੱਲਨੌਮੇ" (ਨਮਾਜ਼ ਸੌਣ ਨਾਲੋਂ ਚੰਗੀ ਹੈ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ।।"

ਇਸ ਨਿਰਾਲੀ ਬਾਂਗ ਵਿੱਚ ਇਹੋ ਜਿਹਾ ਸੋਜ਼ ਤੇ ਖਿੱਚ ਸੀ ਕਿ ਸੁਣਕੇ ਚਾਰ ਚੁਫੇਰੇ ਸਨਾਟਾ ਛਾ ਗਿਆ। ਭਾਈ ਗੁਰਦਾਸ ਜੀ ਇਸ ਬਾਰੇ ਲਿਖਦੇ ਨੇ :—

ਬਾਬਾ ਗਿਆ ਬਗ਼ਦਾਦ ਨੂੰ ਬਾਹਿਰ ਜਾਇ ਕੀਆ ਅਸਥਾਨਾ ।
ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।



Digitized by Panjab Digital Library | www.panjabdigilib.org

ਦਿੱਤੀ ਬਾਂਗ ਨਿਮਾਜ਼ ਕਰਿ ਸੁੰਨ ਸਮਾਨ ਹੋਇਆ ਜਹਾਨਾ।
ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ।
ਵੇਖੈ ਧਿਆਨ ਲਗਾਇ ਕਰਿ ਇੱਕ ਫ਼ਕੀਰ ਵੱਡਾ ਮਸਤਾਨਾ।
ਪੁਛਿਆ ਫਿਰ ਕੇ ਦਸਤਗੀਰ ਕੌਣ ਫ਼ਕੀਰ ਕਿਸ ਕਾ ਘਰਾਨਾ।
ਨਾਨਕ ਕਲ ਵਿਚ ਆਇਆ ਰੱਬ ਫ਼ਕੀਰ ਇੱਕ ਪਹਿਚਾਨਾ।
ਧਰਤਿ ਆਕਾਸ਼ ਚਹੂੰ ਦਿਸ ਜਾਨਾ। (੩੫)

ਇਸ ਪੌੜੀ ਵਿੱਚ ਬਾਬਾ ਜੀ ਦੇ ਸਿਧਾਂਤਕ ਪੱਖ ਵੱਲ ਸੰਕੇਤ ਤੋਂ ਛੁੱਟ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਨੂੰ 'ਇੱਕ ਬਾਬਾ ਅਕਾਲ ਰੂਪ' ਕਹਿ ਕੇ ਬਾਬਾ ਜੀ ਨੂੰ ਪਹਿਲਾ ਅਕਾਲੀ ਦੱਸਿਆ ਹੈ ਜੋ ਸਿਰਫ਼ ਇਕ ਅਕਾਲ ਪੁਰਖ ਦੇ ਮੰਨਣ ਵਾਲਾ ਹੋਵੇ ਅਤੇ ਏਥੇ ਇਸ ਤੋਂ ਛੁੱਟ ਉਹਨਾਂ ਦੀ ਜਲਾਲੀ ਵਿਅਕਤੀ ਦਾ ਭਾਵ ਵੀ ਹੈ।

ਨਮਾਜ਼ ਨੇ ਕੀ ਕੋਲ ਖਲੋਤੇ ਤੇ ਕੀ ਦੂਰੋਂ ਸੁਣਦੇ ਸਰੋਤੇ, ਸਭ ਮੁਸਲਮਾਨਾਂ ਨੂੰ ਗੁੱਸੇ ਦੀ ਅੱਗ ਲਾ ਦਿੱਤੀ। ਕਈ ਲੋਕਾਂ ਨੇ ਤੇ ਬਗਦਾਦ ਦੇ ਪੀਰ ਦਸਤਗੀਰ ਅਬਦਲ ਕਾਦਰ ਜੇਲਾਨੀ ਨੂੰ ਵੀ ਜਾ ਕੇ ਸਾਰੀ ਗੱਲ ਦੱਸੀ। ਬਾਂਗ ਜਾਂ ਅੱਜ਼ਾਨ ਤੇ ਉਸਨੇ ਆਪ ਵੀ ਸੁਣੀ ਸੀ। ਉਸ ਨੂੰ ਲੋਕਾਂ ਨੇ ਜਾ ਕੇ ਦੱਸਿਆ, "ਮੀਲ ਕੋਂ ਸ਼ਹਿਰੋਂ ਬਾਹਰ ਲਹਿੰਦੇ ਪਾਸੇ ਇਕ ਫ਼ਕੀਰ ਕਬਰਸਤਾਨ ਕੋਲ ਸਮਾਰਾ ਨੂੰ ਜਾਣ ਵਾਲੇ ਰਾਹ ਦੇ ਨੇੜੇ ਡੇਰੇ ਲਾ ਕੇ ਬੈਠਾ ਹੋਇਆ ਹੈ। ਉਸ ਦੀ ਹਰ ਹਰਕਤ ਕਾਫ਼ਰਾਂ ਵਾਲੀ ਹੈ। ਕਲ ਰਾਤ ਦਾ ਆਇਆ ਹੋਇਆ ਏ ਤੇ ਅੱਜ ਅਲੱਲ-ਸੁਬ੍ਹਾ ਤੋਂ ਹੁਣ ਤੱਕ ਉਸਨੇ ਸ਼ਰੀਅਤ ਦੇ ਖ਼ਿਲਾਫ਼ ਕਈ ਜੁਰਮ ਕੀਤੇ ਨੇ—੧. ਕਬਰਸਤਾਨ ਦੇ ਕੋਲ ਤੇ ਨਿਮਾਜ਼ ਦੇ ਸਮੇਂ ਉੱਚੀ ਉੱਚੀ ਗਾ ਗਾ ਕੇ ਕਬਰਾਂ 'ਚ ਸੁਤੀਆਂ ਰੂਹਾਂ ਨੂੰ ਬੇਜ਼ਾਰ ਕੀਤਾ ਹੈ। ੨. ਸ਼ਹਿਰ ਦੇ ਨਿਮਾਜ਼ੀਆਂ ਦੀ ਤਵੱਜੁਹ ਵਿੱਚ ਖਿਲ-ਬਲੀ ਪਾ ਕੇ ਨਮਾਜ਼ ਕਜ਼ਾ ਕੀਤੀ ਹੈ। ੩. ਆਖਦਾ ਹੈ ਕਿ ਕੁਰਾਨ ਸ਼ਰੀਫ ਦਾ ਸੱਤਾਂ ਜ਼ਮੀਨਾਂ, ਸੱਤਾਂ ਅਸਮਾਨਾਂ ਤੇ ਚੌਦਾਂ ਤਬਕਾਂ ਵਾਲਾ ਫ਼ਰਮਾਨ ਗ਼ਲਤ ਹੈ ਤੇ ਉਹ ਇਹ ਵੀ ਕਹਿੰਦਾ ਹੈ ਕਿ ਪਤਾ ਨਹੀਂ ਕਿੰਨੇ ਲੱਖਾਂ ਜ਼ਮੀਨਾਂ, ਤੇ ਅਸਮਾਨ ਨੇ, ਰੱਬ ਦੀਆਂ ਰੱਬ ਜਾਣੇ। ੪. ਉਸ ਨੇ ਨਮਾਜ਼ ਮੱਕੇ ਵੱਲ ਮੂੰਹ ਕਰਕੇ ਨਹੀਂ ਪੜ੍ਹੀ। ੫. ਅੱਜ਼ਾਨ ਵਿਚ ਕਲਮਾਂ ਪੜ੍ਹਦਿਆਂ ਹਜ਼ਰਤ ਮੁਹੰਮਦ ਸਾਹਿਬ ਦਾ ਨਾਂ ਹੀ ਨਹੀਂ ਲਿਆ ਅਤੇ ਉਹ ਰਸੂਲ ਮੁਹੰਮਦ ਸਾਹਿਬ ਨੂੰ ਰਸੂਲ ਨਹੀਂ ਮੰਨਦਾ। ੬. ਨਮਾਜ਼ ਵਿਚ ਕਈ ਹੋਰ ਤੇ ਆਪਨੇ ਕਲਮੇ ਵੀ ਮਿਲਾਏ ਹਨ ਜਿਨ੍ਹਾਂ ਦੀ ਸਮਝ ਨਹੀਂ ਆਈ।"

ਪੀਰ ਦਸਤਗੀਰ ਸੁਣ ਕੇ ਕਪੜਿਆਂ ਤੋਂ ਬਾਹਰ ਹੋ ਗਿਆ ਤੇ ਕਹਿਣ ਲੱਗਾ ਕਿ ਇਹੋ ਜਿਹੇ ਕਾਫ਼ਰ ਨੂੰ ਪੱਥਰ ਮਾਰ ਮਾਰ ਕੇ ਮਾਰ ਦੇਵੋ। ਬਹੁਤ ਸਾਰੇ ਲੋਕ ਪੱਥਰ ਵੱਟੇ ਲੈ ਕੇ ਬਾਬਾ ਜੀ ਵੱਲ ਟੁਰੇ। ਮੁਸਲਮਾਨ ਤੇ ਈਸਾਈਆਂ ਦੇ ਦੇਸ਼ਾਂ ਵਿਚ ਪਰਾਚੀਨ ਸਮੇਂ ਤੋਂ ਸੰਗੀਨ ਗੁਨਾਹ ਕਰਨ ਵਾਲੇ ਨੂੰ ਲੋਕਾਂ ਤੋਂ ਪੱਥਰ ਮਾਰ ਕੇ ਮਰਵਾ ਦਿੱਤਾ ਜਾਂਦਾ ਸੀ।



Digitized by Panjab Digital Library | www.panjabdigilib.org

ਮਨਸੂਰ ਨੂੰ ਵੀ ਸੰਗਸਾਰ ਹੀ ਕੀਤਾ ਗਿਆ ਸੀ। ਇਹ ਕਿਸੇ ਨੂੰ ਮਾਰਨ ਦਾ ਅੱਤ ਬੇਰਹਿਮ ਤਰੀਕਾ ਹੈ। ਜਦੋਂ ਲੋਕ ਬਾਬਾ ਜੀ ਦੇ ਨੇੜੇ ਆਏ ਤੇ ਉਹਨਾਂ ਦੇ ਦਰਸ਼ਨ ਕਰਕੇ ਹੈਰਾਨ ਹੋ ਗਏ। ਉਹਨਾਂ ਦਾ ਚਿਹਰਾ ਇਸ ਤਰ੍ਹਾਂ ਸੀ ਜਿਵੇਂ ਚੌਧਵੀਂ ਦਾ ਚੰਨ ਜਿਸ ਦਾ ਨਜ਼ਾਰਾ ਮਨ ਤੇ ਅਖੀਂ ਦੋਹਾਂ ਨੂੰ ਠੰਢ ਦੇਂਦਾ ਹੈ। ਬਾਬਾ ਜੀ ਦੇ ਬਚਨਾਂ ਵਿਚ ਮਾਖਿਉਂ ਦੀ ਮਿਠਾਸ, ਜਲ ਵਾਲੀ ਨਿਮਰਤਾ ਪਰ ਸਦੀਵੀ ਸਥਿਰ ਸਚਾਈ ਦੀ ਕੁੱਵਤ ਸੀ। ਮਾਰਨ ਆਏ ਲੋਕ ਮਾਨਸਕ ਤੌਰ ਤੇ ਮੁਰੀਦ ਹੋ ਕੇ ਆਪ ਹੀ ਮਰ ਗਏ। ਕਿਸੇ ਨੇ ਬਾਬਾ ਜੀ ਤੇ ਉਂਗਲ ਤੱਕ ਵੀ ਨ ਚੁੱਕੀ ਅਤੇ ਕਈ ਤੇ ਇਹ ਸੋਚਦੇ ਸਨ ਕਿ ਪਤਾ ਨਹੀਂ ਇਸ ਦਰਵੇਸ਼ ਦੇ ਕੋਲ ਕਿੰਨੀ ਰੂਹਾਨੀ ਤਾਕਤ ਹੈ? ਅਸੀਂ ਅਕਾਰਨ ਇਸ ਦੀ ਬਦ-ਦੁਆ ਦਾ ਸ਼ਿਕਾਰ ਕਿਉਂ ਬਣੀਏ? ਬਹੁਤ ਸਾਰੇ ਤੇ ਮਾਰਨ ਦੀ ਬਜਾਏ ਬਾਬਾ ਜੀ ਦੇ ਆਲੇ ਦੁਆਲੇ ਬਚਨ ਬਿਲਾਸ ਸੁਣਨ ਲਈ ਬਹਿ ਗਏ ਤੇ ਕਈਆਂ ਨੇ ਵਾਪਸ ਜਾ ਕੇ ਪੀਰ ਦਸਤਗੀਰ ਨੂੰ ਅਰਜ਼ ਕੀਤੀ, "ਹਜ਼ਰਤ ਸਾਹਿਬ, ਉਹ ਕੋਈ ਆਮ ਦਰਵੇਸ਼ ਨਹੀਂ। ਕੋਈ ਬੜੀ ਬੁਲੰਦ ਹੂਰਾਨੀ ਹਸਤੀ ਹੈ। ਤੁਸੀਂ ਆਪ ਚੱਲ ਕੇ ਵੇਖੋ ਤੇ ਫਿਰ ਜਿਵੇਂ ਤੁਸੀਂ ਠੀਕ ਸਮਝੋਗੇ ਕਰ ਲਵਾਂਗੇ। ਅਸਾਂ ਉਸ ਦਰਵੇਸ਼ ਨੂੰ ਤੁਹਾਡਾ ਹੁਕਮ ਵੀ ਪੁਚਾਇਆ ਹੈ ਕਿ ਹਜ਼ਰਤ ਪੀਰ ਦਸਤਗੀਰ ਕੋਲ ਚੱਲ। ਤੈਨੂੰ ਬੁਲਾਂਦੇ ਨੇ ਪਰ ਉਸ ਨੇ ਪਰਵਾਹ ਨਹੀਂ ਕੀਤੀ ਤੇ ਕਿਹਾ ਹੈ ਕਿ ਦਰਵੇਸ਼ਾਂ ਤੇ ਹੁਕਮ ਨਹੀਂ ਚਲਦਾ। ਜੇ ਮਿਲਣ ਦੀ ਖ਼ਾਹਿਸ਼ ਹੈ ਤਾਂ ਪੀਰ ਆਪ ਹੀ ਏਥੇ ਆ ਜਾਵੇ।" ਪੀਰ ਸਾਹਿਬ ਗੱਲਾਂ ਸੁਣ ਕੇ ਸਮੇਤ ਆਪਣੇ ਲੜਕੇ ਦੇ ਗੁਰੂ ਸਾਹਿਬ ਦੇ ਕੋਲ ਗਏ। ਕਈ ਹੋਰ ਮੁੱਲਾਂ ਮੁਲਾਣੇ ਤੇ ਆਲਿਮ ਵੀ ਪੀਰ ਦਸਤਗੀਰ ਦੇ ਨਾਲ ਸਨ। ਪੀਰ ਦਸਤਗੀਰ ਅਬਦਲ ਕਾਦਰ ਜੇਲਾਨੀ ਖ਼ੁਦ ਵੀ ਬੜਾ ਮੰਨਿਆ ਹੋਇਆ ਆਲਮ ਤੇ ਵੱਲੀ-ਅੱਲਾ ਸੀ। ਉਸ ਦੀਆਂ ਕਰਾਮਾਤਾਂ ਵੀ ਅਥਾਹ ਸਨ। ਉਸਦੇ ਮਨ ਤੇ ਵੀ ਬਾਬਾ ਜੀ ਦੇ ਦੀਦਾਰ ਕਰਕੇ ਬੜਾ ਡੂੰਘਾ ਪਰਭਾਵ ਪਿਆ ਭਾਵੇਂ ਉਹ ਦਿਲੋਂ ਦੀਦਾਰ ਲਈ ਨਹੀਂ ਦਰਵੇਸ਼ ਕੋਲ ਦੁਬਿਦਾ ਦੇ ਭਰੇ ਹੋਏ ਸਵਾਲ ਪੁੱਛਣ ਗਿਆ ਸੀ। ਬਾਬਾ ਜੀ ਮਸਤੀ ਵਿਚ ਆ ਕੇ ਕੀਰਤਨ ਕਰ ਰਹੇ ਸਨ ਤੇ ਪੀਰ ਦੇ ਗਿਆਂ ਵੀ ਕਰਦੇ ਰਹੇ। ਪਹਿਲੋਂ ਪੀਰ ਦਸਤਗੀਰ ਤੇ ਹੋਰ ਆਲਮਾਂ ਨੇ ਪੁਛਿਆ, "ਹੇ ਦਰਵੇਸ਼ ਦੱਸ, ਤੂੰ ਏਥੇ ਆ ਕੇ ਮੌਸੀਕੀ ਦੀ ਵਰਜਤ ਕਲਾ ਖਿਲਾਰਣ ਦਾ ਜੁਰਮ ਕਿਉਂ ਕੀਤਾ ਹੈ। ਗਾਣਾ ਵਜਾਣਾ ਸ਼ੈਤਾਨੀ ਜਜ਼ਬਾਤ ਤੇ ਇਫ਼ਆਲ ਜਾਂ ਕਰਮਾਂ ਨੂੰ ਉਂਬਦਾ ਹੈ ਤੇ ਰੱਬ ਦੇ ਰੂਹਾਨੀ ਰਾਹ ਤੋਂ ਹਟਾ ਕੇ ਕੁਰਾਹੇ ਪਾਂਦਾ ਹੈ। ਤੂੰ ਸਵੇਰੇ ਲੋਕਾਂ ਦੀ ਨਮਾਜ਼ ਕਜ਼ਾ ਕੀਤੀ ਹੈ, ਕਬਰਾਂ ਵਿਚ ਰੋਜ਼ੇ ਮਹਸ਼ਰ ਤੱਕ ਉਡੀਕਦੀਆਂ ਰੂਹਾਂ ਦੇ ਅਮਨ ਵਿਚ ਖ਼ਲਲ ਕਿਉਂ ਪਾਇਆ ਹੈ ਇਸ ਦਾ ਜਵਾਬ ਦੇਹ।"

ਗੁਰੂ ਸਾਹਿਬ ਨੇ ਕਿਹਾ, "ਪੀਰ ਸਾਹਿਬ ਮੈਨੂੰ ਤੁਹਾਡੀ ਤੇ ਤੁਹਾਡੇ ਨਾਲ ਆਏ ਇਹਨਾਂ ਆਲਮਾਂ ਦੀ ਅਕਲ ਤੇ ਅਫ਼ਸੋਸ ਆਉਂਦਾ ਹੈ। ਦੁਨੀਆਂ ਦੀ ਕਿਹੜੀ ਸ਼ੈ ਉਹ ਨਹੀਂ ਜਿਸ ਨੂੰ ਚੰਗੇ ਜਾਂ ਮਾੜੇ ਦੋਹਾਂ ਮਨੋਰਥਾਂ ਲਈ ਵਰਤਿਆ ਨਹੀਂ ਜਾ ਸਕਦਾ? ਦਿਮਾਗ਼, ਹੱਥ, ਪੈਰ,



Digitized by Panjab Digital Library | www.panjabdigilib.org

ਅੱਖੀਂ ਆਦਿ ਸਰੀਰ ਦੇ ਅੰਗਾਂ ਨੂੰ ਵੀ ਭਾਵੇਂ ਭਲੇ ਲਈ ਵਰਤੋ ਭਾਵੇਂ ਬੁਰੇ ਲਈ, ਤੁਹਾਡੀ ਮਰਜ਼ੀ ਹੈ। ਰਾਗ, ਵੈਰਾਗ ਜਾਂ ਤਰਕ ਦਾ ਨਾਂ ਹੈ। ਰਾਗ ਮਨੁੱਖ ਦੀ ਸੁਰਤੀ ਤੇ ਸਰੀਰ ਨੂੰ ਇਕ ਸੁਰ ਕਰ ਦੇਂਦਾ ਹੈ। ਜੇ ਇਸ ਰਾਹੀਂ ਮੰਦੇ ਗੀਤ ਗਾਉਣ ਦੀ ਥਾਂ ਇਲਾਹੀ ਸਿਫ਼ਤੋ-ਸਨਾ ਦੇ ਨਗਮੇ ਗਾਏ ਜਾਣ ਤਾਂ ਖ਼ੁਦਾ ਦੇ ਵਸਲ ਲਈ ਇਸ ਤੋਂ ਜ਼ਿਆਦਾ ਆਸਾਨ ਹੋਰ ਕੋਈ ਤਰੀਕਾ ਨਹੀਂ। ਮੈਂ ਤਾਂ ਰੱਬ ਪਾਇਆ ਹੀ ਕੀਰਤਨ ਚੋਂ ਹੈ। ਮੌਸੀਕੀ ਨੂੰ ਤੁਸੀਂ ਆਪਣੀ ਜ਼ਿੰਦਗੀ ਚੋਂ ਕੱਢ ਹੀ ਨਹੀਂ ਸਕਦੇ। ਮੌਸੀਕੀ ਕਿਸੇ ਚੀਜ਼ ਦੀ ਸੁਰ-ਤਾਲ ਵਿਚ ਬੱਝੀ ਹਰਕਤ ਦਾ ਨਾਂ ਹੈ। ਚੰਨ, ਤਾਰੇ, ਧਰਤੀ ਤੇ ਆਕਾਸ਼ ਦੀ ਗਰਦਸ਼ ਸਭ ਸੁਰ ਤਾਲ ਵਿਚ ਜਾਂ ਇਕਸਾਰ ਰਫਤਾਰ ਵਿਚ ਬੱਝੇ ਹੋਏ ਨੇ। ਸਾਡੇ ਸਵਾਸ ਤੇ ਨਬਜ਼ ਦਾ ਚਲਣਾ ਵੀ ਸੁਰਤਾਲ ਦਾ ਸੂਚਕ ਹੈ। ਤੁਸੀਂ ਕੁਰਾਨ ਪੜ੍ਹਨ ਵਾਲਾ ਚੰਗਾ ਕਾਰੀ ਉਸ ਨੂੰ ਆਖਦੇ ਹੋ, ਜਿਹੜਾ ਖੁਸ਼ਅਲ ਹਾਨ ਹੋਵੇ ਤੇ ਕੁਰਆਤ ਖ਼ਾਸ ਲੈਅ ਤੇ ਲਟਕ ਨਾਲ ਕਰੇ। ਤੁਸੀਂ ਕੁਰਾਨ ਮਜੀਦ ਦੀਆਂ ਸਤਰਾਂ ਜਾਂ ਪੰਗਤੀਆਂ ਨੂੰ ਆਖਦੇ ਵੀ ਸ਼ੇਅਰ ਹੋ। ਸ਼ੇਅਰ ਤੇ ਸ਼ਾਇਰੀ ਹੀ ਤੇ ਇਲਮੇ ਮੌਸੀਕੀ ਨੂੰ ਜਨਮ ਦੇਂਦੀ ਹੈ। ਦੱਸੋ, ਤੁਸੀਂ ਮੌਸੀਕੀ ਨੂੰ ਕਿਵੇਂ ਬੁਰਾ ਕਹਿ ਸਕਦੇ ਹੋ ਤੇ ਇਸ ਨੂੰ ਆਪਣੀ ਜ਼ਿੰਦਗੀ ਚੋਂ ਕਿਵੇਂ ਕੱਢ ਸਕਦੇ ਹੋ?'' ਪੀਰ ਸਾਹਿਬ ਤੇ ਨ ਆਲਮਾਂ ਨੂੰ ਹੀ ਕੋਈ ਜਵਾਬ ਅਹੁੜਿਆ ਤੇ ਸੁੱਕੇ ਹੋਠਾਂ ਤੇ ਜੀਭਾਂ ਫੇਰਦੇ ਇਕ ਦੂਜੇ ਦੇ ਮੂੰਹ ਵੱਲ ਵੇਖਣ ਲਗੇ।

ਫਿਰ ਪੁੱਛਣ ਲਗੇ, "ਹੇ ਦਰਵੇਸ਼, ਤੂੰ ਕਿਬਲਾਰੂ ਹੋ ਕੇ ਬਾਂਗ ਕਿਉਂ ਨਹੀ ਦਿੱਤੀ?'' ਬਾਬਾ ਜੀ ਨੇ ਜਵਾਬ ਦਿੱਤਾ, "ਤੁਹਾਡਾ ਮਤਲਬ ਇਹ ਹੀ ਹੈ ਕਿ ਕਾਅਬਾ ਰੱਬ ਦਾ ਘਰ ਹੈ ਤੇ ਉਸ ਵਲ ਮੂੰਹ ਕਰਕੇ ਬਾਂਗ ਦੇਣੀ ਜਾਂ ਨਮਾਜ਼ ਪੜ੍ਹਨੀ ਜ਼ਰੂਰੀ ਹੈ। ਇਹ ਝਗੜਾ ਤੇ ਮੈਂ ਪਹਿਲਾਂ ਮੱਕੇ ਵਿਚ ਹੀ ਮੁਕਾ ਆਇਆ ਹਾਂ। ਦੱਸੋ ਜਿਸ ਪਾਸੇ ਜਾਂ ਜਿਥੇ ਤੁਹਾਡਾ, "ਰੱਬੇ-ਆਲਮੀਨ' ਨਹੀਂ, ਮੈਂ ਓਥੇ ਤੇ ਉਸ ਪਾਸੇ ਮੂੰਹ ਕਰਕੇ ਬਾਂਗ ਦੇ ਦੇਂਦਾ ਹਾਂ। ਗੁਰੂ ਸਾਹਿਬ ਦੀ ਮੱਕੇ ਵਿਚ ਵਾਪਰੀ ਘਟਨਾ ਦੀ ਖ਼ਬਰ ਹਾਜੀਆਂ ਰਾਹੀਂ ਪਹਿਲਾਂ ਹੀ ਪੀਰ ਦਸਤਗੀਰ ਤੇ ਹੋਰ ਲੋਕਾਂ ਕੋਲ ਬਗ਼ਦਾਦ ਪੁੱਜ ਚੁੱਕੀ ਸੀ। ਸਮਝ ਗਏ ਕਿ ਇਹ ਉਹ ਮੱਕੇ ਵਾਲਾ ਹੀ ਵੱਲੀ ਅੱਲਾ ਹੋਵੇਗਾ। ਪੀਰ ਤੇ ਉਸਦੇ ਮੁਰੀਦਾਂ ਦੀਆਂ ਕੁਝ ਤਨਾਵਾਂ ਤੇ ਇਹ ਜਾਣ ਕੇ ਹੀ ਖਿੱਚੀਆਂ ਗਈਆਂ। ਇਸ ਸਵਾਲ ਨੂੰ ਵੀ ਉਹ ਲੰਮੇਰਾ ਨ ਕਰ ਸਕੇ।

"ਹੁਣ ਉਹਨਾਂ ਨੇ ਆਪਣੇ ਅਕੀਦੇ ਦੇ ਵਿਰੁੱਧ ਸਭ ਤੋਂ ਵੱਡਾ ਤੇ ਕੁਫ਼ਰ ਦਾ ਭਰਿਆ ਹੋਇਆ ਸਵਾਲ ਬਾਬਾ ਜੀ ਤੇ ਕੀਤਾ, "ਹੇ ਫ਼ਕਰ ਅੱਲਾ ਤੂੰ ਬਾਂਗ ਦਿੱਤੀ ਹੈ, ਇਸ ਵਿਚ ਤੂੰ ਅੱਧਾ ਕਲਮਾ ਕਿਉਂ ਪੜ੍ਹਿਆ ਹੈ? ਤੂੰ ਹਜ਼ਰਤ ਮੁਹੰਮਦ ਸਾਹਿਬ ਦਾ ਅੱਲਾ ਦੇ ਰਸੂਲ ਦੀ ਹੈਸੀਅਤ ਵਿਚ ਨਾ ਕਿਉਂ ਨਹੀਂ ਲਿਆ। ਇਸ ਤੋਂ ਵੱਡਾ ਕੁਫ਼ਰ ਹੋਰ ਕੀ ਹੋ ਸਕਦਾ ਹੈ?'' ਇਹ ਇਲਜ਼ਾਮ ਕੋਈ ਛੋਟਾ ਜਿਹਾ ਨਹੀਂ ਸੀ। ਕਈ ਮੁਸਲਮਾਨ ਸੂਫ਼ੀ ਫ਼ਕੀਰ ਵੀ ਇਸ ਤਰ੍ਹਾਂ ਅੱਧਾ ਕਲਮਾ ਪੜ੍ਹਨ ਤੋਂ ਸ਼ਰਾਅ ਦੇ ਫ਼ਤਵੇ ਨੇ ਤਲਵਾਰ ਦੇ ਘਾਟ ਉਤਾਰੇ ਸਨ। ਔਰੰਗਜ਼ੇਬ ਨੇ ਹਜ਼ਰਤ ਸਰਮਦ ਨੂੰ ਏਸੇ ਤਕਸੀਰ ਤੋਂ ਕਤਲ ਕਰਵਾਇਆ ਸੀ ਜਿਸ ਦੀ ਕਬਰ ਜਾਮਿਆ ਮਸਜਿਦ ਦਿੱਲੀ ਦੇ ਐਨ ਸਾਹਮਣੇ ਮੁਸਲਮਾਨ ਬਾਦਸ਼ਾਹ, ਮੁਲਾਂ, ਮੌਲਾਣਿਆਂ, ਪੀਰਾਂ, ਪੈਗ਼ੰਬਰਾਂ ਤੇ ਖਲੀਫ਼ਿਆਂ ਦੀ ਮਜ਼ਬੀ ਤੰਗਦਿਲੀ ਦਾ ਸਬੂਤ ਹੈ।



Digitized by Panjab Digital Library | www.panjabdigilib.org

ਗੁਰੂ ਸਾਹਿਬ ਨੇ ਕਿਹਾ ਕਿ, "ਮੈਂ ਤੇ ਸਿਰਫ਼ ਇਕੋ ਅੱਲਾ ਨੂੰ ਹੀ ਮੰਨਦਾ ਹਾਂ। ਅੱਲਾ ਦਾ ਨਾਂ ਮੈਂ ਬਾਂਗ ਵਿਚ ਲਿਆ ਹੈ। ਨਾਲੇ ਤੇ ਤੁਸੀਂ ਦੇਵੀ ਦੇਵਤਿਆਂ ਦੇ ਖਿਲਾਫ਼ ਹੋ ਨਾਲੇ ਹਜ਼ਰਤ ਮਹੁੰਮਦ ਨੂੰ ਰੱਬ ਦੀ ਬੰਦਗੀ ਕਰਨ ਦੀ ਜ਼ਰੂਰੀ ਸ਼ਰਤ ਆਇਦ ਕਰਦੇ ਹੋ। ਕੌਣ ਜਾਣੇ, ਇਸ ਆਲਮ ਵਿਚ ਕਿੰਨੇ ਕੁ ਰਸੂਲ ਜਾਂ ਮੁਹੰਮਦ ਆ ਆ ਕੇ ਮੌਤ ਦੇ ਮੂੰਹ ਵਿਚ ਵੜ ਗਏ ਹਨ ਪਰ ਸਦੀਵੀ ਤੇ ਲਾਸ਼ਰੀਕ ਸਿਰਫ਼ ਇਕ ਰੱਬ ਹੀ ਹੈ। ਤੁਸੀਂ ਕਿਸੇ ਦੂਜੇ ਨੂੰ, ਭਾਵੇਂ ਉਹ ਰਸੂਲ ਹੋਵੇ ਤੇ ਭਾਵੇਂ ਕੋਈ ਹੋਰ ਹਸਤੀ, ਇਬਾਦਤ ਲਈ ਰੱਬ ਦੇ ਨਾਲ ਜੋੜ ਕੇ ਆਪਣੇ ਵਹਦਤ ਪ੍ਰਸਤ ਮਜ਼ਬ ਦੀ ਅਹਦ ਜਾਂ ਏਕਤਾ ਨੂੰ ਦਵੈਤ ਵਿਚ ਬਦਲਦੇ ਹੋ। ਤੁਹਾਡੇ ਕੋਲ ਇਸ ਦਾ ਕੀ ਜੁਵਾਬ ਹੈ? ਤੁਸੀਂ ਖ਼ਾਲਕ ਦੀ ਖ਼ਲਕਤ ਦੀ ਖਿਦਮਤ ਕਰਨ ਦਾ ਦਾਅਵਾ ਕਰਦੇ ਹੋ ਪਰ ਜਿਹੜਾ ਤੁਹਾਡੇ ਨਾਲ ਸਿਧਾਂਤਕ ਜਾਂ ਅਸੂਲੀ ਮੱਤ-ਭੇਦ ਰੱਖੇ ਉਸ ਨੂੰ ਤੰਗ ਕਰਦੇ ਹੋ ਤੇ ਜਾਨੋਂ ਮਾਰ ਦੇਂਦੇ ਹੋ ਕਿ ਇਹ ਕਾਫ਼ਰ ਹੈ, ਕੀ ਖ਼ੁਦਾ ਦੀ ਬੇਗੁਨਾਹ ਖ਼ਲਕਤ ਨੂੰ ਮਜ਼ਬ ਦਾ ਬੁਰਕਾ ਪਾਕੇ ਮਾਰਨਾ ਕੁਫ਼ਰ ਨਹੀਂ?" ਬਗ਼ਦਾਦ ਦੇ ਆਲਮ ਤੇ ਕੀ ਉਜੱਡ ਸਾਰੇ ਮੁਸਲਮਾਨ ਚੁੱਪ ਸਨ।

ਜ਼ਰਾ ਸੋਚ ਕੇ ਬੋਲੇ, "ਚਲੋ ਅਸੀਂ ਤੁਹਾਡੀਆਂ ਇਹ ਗੱਲਾਂ ਤੇ ਮੰਨ ਗਏ ਪਰ ਤੁਸਾਂ ਕੁਰਾਨ ਮੁਬਾਰਕ ਦੇ ਪਾਕ ਕਲਾਮ ਤੋਂ ਵੱਧ ਹੋਰ ਕਲਮੇ ਅੱਜ਼ਾਨ ਵਿਚ ਕਿਉਂ ਬੋਲੇ ਨੇ? ਮੁਹੰਮਦੀ ਉਮਤ ਦਾ ਕੋਈ ਮੋਮਨ ਵੀ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰ ਸਕਦਾ।" ਗੁਰੂ ਸਾਹਿਬ ਨੇ ਕਿਹਾ, "ਮੈਂ ਬਾਂਗ ਵਿਚ ਆਪਣੇ ਰੱਬ ਨੂੰ ਯਾਦ ਕੀਤਾ ਹੈ। ਮੈਂ ਅਰਬ ਦਾ ਰਹਿਣ ਵਾਲਾ ਨਹੀਂ ਤੇ ਨ ਈਰਾਨ ਦਾ। ਤੁਹਾਡੀ ਤੇ ਬੋਲੀ ਮੈਂ ਏਵੇਂ ਥੋੜੀ ਜਿਹੀ ਕੰਮ ਸਾਰਨ ਜੋਗੀ ਹੀ ਜਾਣਦਾ ਹਾਂ। ਮੈਂ ਪੰਜਾਬ ਦਾ ਰਹਿਣ ਵਾਲਾ ਹਾਂ। ਰੱਬ ਸਭ ਜ਼ਬਾਨਾਂ ਦਾ ਜਾਣਨਹਾਰ ਹੈ। ਮੈਂ ਕੁਝ ਸ਼ਬਦ ਉਹ ਵੀ ਆਖੇ ਨੇ ਜੋ ਤੁਹਾਡੀ ਸਮਝ ਵਿਚ ਨਹੀਂ ਆਏ। ਉਹਨਾਂ ਦੇ ਵਿੱਚ ਵੀ ਕੋਈ ਮੰਦਾ ਲਫ਼ਜ਼ ਨਹੀਂ। ਸਿਰਫ਼ ਰੱਬ ਦੀ ਸਿਫ਼ਤੋ ਸਨਾ ਹੀ ਹੈ। ਗੱਲ ਤੇ ਸਿਰਫ਼ ਇਹ ਹੀ ਹੈ ਕਿ ਜ਼ਬਾਨ ਅਰਬੀ ਨਹੀਂ ਹੋਰ ਹੈ। ਇਸ ਤਰ੍ਹਾਂ ਅੱਜ਼ਾਨ ਪਲੀਦ ਤਾਂ ਨਹੀਂ ਹੋ ਜਾਂਦੀ। ਫ਼ਰਜ਼ ਕਰੋ ਕਿ ਕੋਈ ਅਰਬੀ ਤੋਂ ਅਣਜਾਣ ਬੰਦਾ ਕੁਰਾਨ ਨਹੀਂ ਸਮਝਦਾ ਤੇ ਇਸ ਬੇਸਮਝੀ ਦੇ ਕਾਰਨ ਉਹ ਕੁਰਾਨ ਦੇ ਪਾਕ ਕਲਾਮ ਨੂੰ ਬੁਰਾ ਸਮਝਦਾ ਹੈ ਤਾਂ ਤੁਸੀਂ ਉਸ ਬੰਦੇ ਨੂੰ ਕੀ ਸਮਝੋਗੇ? ਇਸ ਲਈ ਜ਼ਬਾਨ ਦੇ ਆਧਾਰ ਤੇ ਹੀ ਤੇ ਮੇਰੀ ਮੁਖ਼ਾਲਫ਼ਤ ਨ ਕਰੋ। ਪਹਿਲਾਂ ਗੱਲ ਨੂੰ ਠੀਕ ਤਰ੍ਹਾਂ ਸਮਝ ਲਵੋ।" ਬਾਬਾ ਜੀ ਦੀ ਦਲੀਲ ਦੇ ਸਾਹਮਣੇ ਕੋਈ ਦਲੀਲ ਨਹੀਂ ਸੀ। ਸਾਰੇ ਦਲੀਲਾਂ ਵਿਚ ਪੈ ਕੇ ਚੁੱਪ ਕਰ ਗਏ। ਗੁਰੂ ਸਾਹਿਬ ਨੇ ਅਰਬੀ ਤੋਂ ਛੁੱਟ ਬਾਂਗ ਵਿਚ ਅਲਾਪੇ ਹੋਏ ਸ਼ਬਦਾਂ ਦਾ ਅਰਥ ਉਹਨਾਂ ਨੂੰ ਸਮਝਾ ਦਿੱਤਾ। ਬੱਸ ਸਮਝ ਤੋਂ ਅੱਗੇ ਤੇ ਅਮਲ ਹੀ ਹੈ। ਹੋਰ ਕੀ? ਗੱਲ ਵੀ ਠੀਕ ਸੀ। ਹਜ਼ਰਤ ਮੁਹੰਮਦ ਸਾਹਿਬ ਤੇ ਖ਼ੁਦ ਕੁਰਾਨ ਸ਼ਰੀਫ਼ ਦੀ ਸੂਰਤੇ ਯੂਸਫ਼ ਦੇ ਸ਼ੁਰੂ ਵਿਚ ਹੀ ਆਪਣੇ ਦੇਸ਼ ਅਰਬ ਦੇ ਲੋਕਾਂ ਨੂੰ ਆਖਦੇ ਨੇ, "ਇਨ ਜ਼ਲਾਹੂ, ਕੁਰਾਨਨ ਅਰਬੀਅਨ ਲਾਲਾਕੁਮ ਤਾ ਕਿਲੂਣ" (ਮੈਂ ਅਰਸ਼ਾਂ ਤੋਂ ਕੁਰਾਨ ਇਸ ਲਈ ਅਰਬੀ ਜ਼ਬਾਨ ਵਿਚ ਨਾਜ਼ਲ ਕੀਤਾ ਹੈ ਤਾਂ ਕਿ ਤੁਹਾਨੂੰ ਅਰਬ ਦੇ ਲੋਕਾਂ ਨੂੰ ਇਸ ਦੀ ਸਮਝ ਆ ਜਾਏ) ਪੀਰ



Digitized by Panjab Digital Library | www.panjabdigilib.org

ਤੇ ਹੋਰ ਮੁਸਲਮਾਨਾਂ ਦੇ ਇਸ ਏਅਤਰਾਜ਼ ਨੂੰ ਵੀ ਗੁਰੂ ਸਾਹਿਬ ਨੇ ਛੜ-ਛੱਟਕੇ ਪਰ੍ਹਾਂ ਵਗਾਇਆ।

ਫਿਰ ਪੁੱਛਣ ਲਗੇ ਕਿ, "ਦਰਵੇਸ਼ ਸਾਨੂੰ ਦੱਸ ਕਿ ਤੂੰ ਇਹ ਪਰਚਾਰ ਕਿਉਂ ਕਰਦਾ ਹੈਂ ਕਿ ਕਈ ਲੱਖਾਂ ਜ਼ਮੀਨਾਂ ਤੇ ਪਾਤਾਲ ਤੇ ਕਈ ਲਖਾਂ ਆਸਮਾਨ ਹਨ। ਇਹ ਵੀ ਸਾਡੇ ਕੁਰਾਨ ਦੇ ਫ਼ਰਮਾਨ ਦੇ ਵਿਰੁੱਧ ਹੈ। ਸਾਡੀ ਸ਼ਰੀਅਤ ਇਹੋ ਜਿਹੀਆਂ ਗੱਲਾਂ ਨੂੰ ਮਾਫ਼ ਨਹੀਂ ਕਰ ਸਕਦੀ। ਸੱਤ ਅਸਮਾਨ, ਸੱਤ ਧਰਤੀਆਂ ਤੇ ਸਾਰੇ ਚੌਦਾਂ ਤਬਕੇ ਨੇ।" ਗੁਰੂ ਸਾਹਿਬ ਨੇ ਕਿਹਾ, "ਹਾਂ ਮੈਂ ਠੀਕ ਕਹਿੰਦਾ ਹਾਂ। ਰੱਬ ਦੀ ਰੱਚੀ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਦੀ ਥਿੱਤਵਾਰ, ਘੜੀ ਜਾਂ ਦਿਨਵਾਰ ਦੇਣਾ ਅਤੇ ਇਸ ਦੀ ਗਿਣਤੀ ਮਿਣਤੀ ਦੇ ਦਾਅਵੇ ਕਰਨੇ ਫਜ਼ੂਲ ਨੇ। ਮੈਂ ਠੀਕ ਆਖਦਾ ਹਾਂ ਕਿ ਜ਼ਮੀਨਾਂ ਤੇ ਅਸਮਾਨ ਗਿਣਤੀ ਤੋਂ ਬਾਹਰ ਨੇ ਅਤੇ ਇਹਨਾਂ ਦਾ ਹਿਸਾਬ ਲਾਂਦਿਆਂ ਕੀ ਵੇਦ ਤੇ ਕੀ ਕੁਰਾਨ ਸਭ ਥੱਕ ਚੁੱਕੇ ਹਨ।" ਕੋਲੋਂ ਪੀਰ ਦਸਤਗੀਰ ਦੇ ਪੁੱਤਰ ਨੇ ਸ਼ੰਕਾ ਜ਼ਾਹਰ ਕੀਤਾ ਤਾਂ ਬਾਬਾ ਜੀ ਨੇ ਉਸ ਦੇ ਸਾਰੇ ਸ਼ੰਕੇ ਵੀ ਦੂਰ ਕਰ ਦਿੱਤੇ ਅਤੇ ਉਹ ਕਾਦੱਰ ਦੀ ਲਾਇਨਤਹਾ ਕੁਦਰਤ ਨੂੰ ਕੰਨ ਫੜ ਕੇ ਤੇ ਤੋਬਾ ਤੋਬਾ ਕਰਕੇ ਮੰਨ ਗਿਆ।

ਬਗ਼ਦਾਦ ਦੇ ਪੀਰ ਦਸਤਗੀਰ, ਉਸ ਦੇ ਪੁੱਤਰ ਆਲਮ ਫਾਜ਼ਲ ਤੇ ਹੋਰ ਆਮ ਮੁਸਲਮਾਨਾਂ ਨੇ ਬਾਬਾ ਜੀ ਦੀ ਵਡਿਆਈ, ਸਚਾਈ ਤੇ ਪਾਰਸਾਈ ਨੂੰ ਝੁਕ ਝੁਕ ਕੇ ਕਬੂਲ ਕੀਤਾ। ਬੱਸ ਫਿਰ ਕੀ ਸੀ ਸਵੇਰੇ ਸ਼ਾਮ ਦੋਵੇਂ ਵੇਲੇ ਸੈਂਕੜੇ ਸ਼ਰਧਾਲੂ ਬਾਬਾ ਜੀ ਦੇ ਬੇੜੇ ਬੰਨੇ ਲਾਉਣ ਵਾਲੇ ਮਲਾਹ-ਬਚਨ ਸੁਣਦੇ ਤੇ ਭੁਲੇਖਿਆਂ ਤੇ ਵਹਿਮਾਂ, ਮਜ਼ਬੀ ਤੰਗਦਿਲੀ ਦੀਆਂ ਤੰਗ ਗਲੀਆਂ ਚੋਂ ਨਿਕਲ ਕੇ ਮਨੁੱਖੀ ਪਿਆਰ ਦੇ ਵਿਸ਼ਾਲ ਵਿਹੜੇ ਵਿਚ ਵੜਦੇ। ਲੋਕ ਬਾਬਾ ਜੀ ਨੂੰ ਪੀਰੇ ਹਿੰਦ, ਆਲਮ ਸਮਝ ਕੇ ਅਕੀਦਤ ਪੇਸ਼ ਕਰਦੇ ਤੇ ਹੋਰ ਤੇ ਹੋਰ, ਭੇਡਾਂ ਬਕਰੀਆਂ ਦੇ ਆਜੜੀ ਵੀ ਟੱਪਿਆਂ ਵਾਂਗ ਬਾਬਾ ਜੀ ਦੇ ਕੀਰਤਨ ਚੋਂ ਸ਼ਬਦਾਂ ਦੀਆਂ ਪੰਗਤੀਆਂ ਸੁਣਕੇ ਗਾਉਂਦੇ ਫਿਰਦੇ।

ਬਗ਼ਦਾਦ ਦੇ ਲੋਕਾਂ 'ਚੋਂ ਬਾਬਾ ਜੀ ਦੀ ਸਭ ਤੋਂ ਜ਼ਿਆਦਾ ਆਤਮਕ ਨਿੱਘ ਤੇ ਪਿਆਰ ਹਜ਼ਰਤ ਬਹਿਲੋਲ ਦੇ ਹਿੱਸੇ ਆਏ। ਉਸ ਨੇ ਪਹਿਲੇ ਪਹਿਲੇ ਦਿਨਾਂ ਵਿਚ ਤੇ ਬਾਬਾ ਜੀ ਨਾਲ ਬਹੁਤ ਮਸਲਿਆਂ ਤੇ ਬਹਿਸ ਮੁਬਾਹਿਸਾ ਕੀਤਾ ਪਰ ਥੋੜੇ ਦਿਨਾਂ ਵਿਚ ਹੀ ਗੁਰੂ ਸਾਹਿਬ ਦਾ ਸ਼ੈਦਾਈ ਬਣ ਗਿਆ। ਕਈ ਵਿਚਾਰਵਾਨਾਂ ਦਾ ਵਿਚਾਰ ਹੈ ਕਿ ਇਹ ਬਹਿਲੋਲ, ਪੀਰ ਬਹਿਲੋਲ ਦਾਨਾ ਦਾ ਸੱਜਾਦਾ ਨਸ਼ੀਨ ਸੀ। ਜਿਸ ਥਾਂ ਬਹਿ ਕੇ ਬਾਬਾ ਜੀ ਨੇ ਫ਼ਕੀਰ ਬਹਿਲੋਲ ਨਾਲ ਬਚਨ ਬਿਲਾਸ ਕੀਤੇ ਸਨ ਉਥੇ ਹੁਣ ਇਤਿਹਾਸਕ ਥੜ੍ਹਾ ਹੈ।

੧੯੧੪—੧੯੧੮ ਸੰਨ ਈਸਵੀ ਦੀ ਪਹਿਲੀ ਵੱਡੀ ਜੰਗ ਵਿੱਚ ਕਈ ਸਿੱਖ ਅੰਗ੍ਰੇਜ਼ੀ ਫ਼ੌਜਾਂ ਵਿੱਚ ਭਰਤੀ ਹੋ ਕੇ ਬਾਹਰ ਦੇ ਦੇਸ਼ਾਂ ਵਿੱਚ ਗਏ। ਸਰਦਾਰ ਸੇਵਾ ਰਾਮ ਸਿੰਘ ਦਾ ਆਪਣਾ ਭਰਾ ਡਾਕਟਰ ਕਿਰਪਾਲ ਸਿੰਘ ਫ਼ੌਜ ਵਿੱਚ ਕਪਤਾਨ ਸੀ। ਉਹ ੧੯੧੮ ਵਿੱਚ ਬਗ਼ਦਾਦ ਗਿਆ ਤੇ ਜਾ ਕੇ ਉਹਨਾਂ ਬਾਬਾ ਜੀ ਦੇ ਇਤਹਾਸਕ ਥੜੇ ਦੇ ਦਰਸ਼ਨ ਕੀਤੇ ਅਤੇ ਗੁਰੂ ਸਾਹਿਬ ਦੀ



Digitized by Panjab Digital Library | www.panjabdigilib.org

ਇਸ ਯਾਦਗਾਰ ਬਾਰੇ ਸੇਵਾ ਰਾਮ ਸਿੰਘ ਹੋਰਾਂ ਨੂੰ ਪੰਦਰਾਂ ਅਕਤੂਬਰ ੧੯੧੮ ਨੂੰ ਚਿੱਠੀ ਵਿੱਚ ਲਿਖਿਆ :—

"ਇਹ ਵਾਕਿਆ ਹੀ ਬੜੀ ਮਾਮੂਲੀ ਜਿਹੀ ਇਮਾਰਤ ਹੈ ਤੇ ਇਸ ਦਾ ਏਥੋਂ ਦੇ ਸਥਾਨਕ ਸਿੱਖਾਂ ਤੋਂ ਛੁੱਟ ਹੋਰ ਕਿਸੇ ਨੂੰ ਪਤਾ ਵੀ ਘੱਟ ਹੀ ਹੈ। ਕਈ ਅਰਬੀ ਲੋਕ ਤੇ ਇਸ ਨੂੰ ਪੀਰ ਬਹਿਲੋਲ ਦਾ ਮਕਬਰਾ ਕਹਿੰਦੇ ਨੇ। ਤੁਸੀਂ ਇਸ ਇਮਾਰਤ ਵਿਚ ਨਿੱਕੇ ਜਿਹੇ ਬੂਹੇ ਚੋਂ ਵੜਦੇ ਹੋ ਜਿਸ ਦੇ ਬਾਹਰ ਵਾਰ ਕੁਝ ਅਰਬੀ ਵਿਚ ਲਿਖਿਆ ਹੋਇਆ ਹੈ ਅਤੇ ਜੋ ਬੇਧਿਆਨ ਯਾਤਰੂ ਦੀ ਨਿਗਾਹ 'ਚ ਵੀ ਨਹੀਂ ਪੈਂਦਾ। ਲਿਖਤ ਗਹੁ ਨਾਲ ਪੜ੍ਹਿਆਂ ਵੀ ਪੜ੍ਹੀ ਨਹੀਂ ਜਾ ਸਕਦੀ। ਨ ਮੈਂ ਇਸ ਨੂੰ ਪੜ੍ਹ ਸਕਿਆ ਹਾਂ ਤੇ ਨਾ ਇਸ ਦੀ ਨਕਲ ਕਰ ਸੱਕਿਆ ਹਾਂ। ਮੈਂ ਇਸ ਦੇ ਬਾਹਰਲੇ ਪਾਸੇ ਦੀ ਫੋਟੋ ਖਿੱਚੀ ਹੈ ਜੋ ਮੈਂ ਥੋੜੇ ਸਮੇਂ ਤਕ ਤੁਹਾਨੂੰ ਭੇਜਾਂਗਾ। ਇਮਾਰਤ ਵਿਚ ਦਾਖ਼ਲ ਹੋ ਕੇ ਤੁਸੀਂ ਇਕ ਇੱਟਾਂ ਦੇ ਬਣੇ ਰਾਹ ਰਾਹੀਂ ਜੋ ਤਹਾਡੇ ਸੱਜੇ ਪਾਸੇ ਆਉਂਦਾ ਹੈ ਸਿੱਧੇ ਬਰਾਂਡੇ ਵਾਲੇ ਕੱਮਰੇ 'ਚ ਪੁੱਜ ਜਾਂਦੇ ਹੋ, ਜਿਸ ਵਿਚ ਥੜਾ ਹੈ। ਵਿਹੜੇ ਵਿਚ ਕੁਝ ਰੁੱਖ ਹਨ ਜਿਨ੍ਹਾਂ ਚੋਂ ਕੁਝ ਬੂਟੇ ਅਨਾਰਾਂ ਦੇ ਨੇ। ਥੜੇ ਵਾਲੇ ਕਮਰੇ ਦੇ ਦੋ ਬੂਹੇ ਨੇ, ਜਿਨ੍ਹਾਂ ਚੋਂ ਇਕ ਬੰਦ ਕੀਤਾ ਹੋਇਆ ਹੈ, ਕਮਰੇ ਵਿੱਚ ਵੜਦਿਆਂ ਹੀ ਤੁਹਾਡੇ ਸਾਹਮਣੇ ਥੜਾ ਹੈ ਜਿਸ ਦੀ ਉਚਾਈ ਦੋ ਢਾਈ ਫੁੱਟ ਹੈ, ਚੌੜਾਈ ਤਿੰਨ ਫੁੱਟ ਤੇ ਲੰਬਾਈ ਚਾਰ ਫੁੱਟ ਹੈ। ਇਹ ਥੜਾ ਸਿੱਖਾਂ ਦੇ ਚੜ੍ਹਾਏ ਹੋਏ ਰੰਗ-ਬਰੰਗੇ ਰੁਮਾਲਿਆਂ ਨਾਲ ਢਕਿਆ ਹੋਇਆ ਹੈ। ਕੰਧ ਦੇ ਨੇੜੇ ਵਿਚਕਾਰ ਜਿਹੇ ਕਿਸੇ ਸ਼ਰਧਾਲੂ ਸਿੱਖ ਦੀ ਭੇਟਾ ਕੀਤੀ ਹੋਈ ਗੁਰੂ ਨਾਨਕ ਸਾਹਿਬ ਦੀ ਤਸਵੀਰ ਹੈ ਜਿਸ ਦੇ ਉਤਲੇ ਪਾਸੇ ਪੱਥਰ ਦੀ ਸਿੱਲ ਤੇ ਲਿਖਤ ਹੈ ਜਿਸ ਦੀ ਅਨੁਵਾਦਕ ਨਕਲ ਮੈਂ ਤੁਹਾਨੂੰ ਭੇਜ ਰਿਹਾ ਹਾਂ। ਇਸ ਯਾਦਗਾਰ ਦੇ ਕਰਤਾ-ਧਰਤਾ ਦਾ ਨਾਂ ਸੱਯਦ ਯੂਸਫ ਹੈ :—

"ਮੁਰਾਦ ਨੇ ਹਜ਼ਰਤ-ਰੱਬੇ-ਮਜੀਦ ਬਾਬਾ ਨਾਨਕ ਫ਼ਕੀਰ ਔਲੀਆ ਦੀ ਇਮਾਰਤ ਖ਼ਸਤਾ ਹਾਲਤ ਵਿਚ ਵੇਖੀ ਤੇ ਆਪਨੀ ਹੱਥੀਂ ਬਣਾਈ ਤਾਂ.ਕਿ ਇਤਹਾਸਕ ਯਾਦਗਾਰ ਪੀੜ੍ਹੀਉ ਪੀਹੜੀ ਕਾਇਮ ਰਹੇ ਅਤੇ ਉਸ ਦੇ ਮੁਰੀਦੇ-ਸਈਦ ਨੂੰ ਬਹਿਸ਼ਤ ਨਸੀਬ ਹੋਵੇ—ਸੰਨ ੯੧੭ ਹਿਜਰੀ" "ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਬਾਬਾ ਜੀ ਦੇ ਬਹਿਣ ਦੀ ਥਾਂ ਨੂੰ ਫ਼ਕੀਰ ਬਹਿਲੋਲ ਜਾਂ ਕਿਸੇ ਹੋਰ ਨੇ ਨਾਂ-ਮਾਤਰ ਗੁਰੂ ਸਾਹਿਬ ਦੇ ਬਗ਼ਦਾਦ ਤੋਂ ਆ ਜਾਣ ਤੋਂ ਬਾਅਦ ਓਦੋਂ ਹੀ ਬਣਾ ਦਿੱਤਾ ਸੀ ਜੋ ਥੋੜੇ ਸਮੇਂ ਦੇ ਬਾਅਦ ਬੇਸੰਭਾਲੀ ਦੇ ਕਾਰਨ ਖ਼ਸਤਾ ਹਾਲਤ ਵਿਚ ਹੋ ਗਈ ਅਤੇ ਇਸਨੂੰ ਕਿਸੇ ਸ਼ਰਧਾਲੂ ਨੇ ਦੋਬਾਰਾ ਬਣਾ ਲਿਆ।

ਸਵਾਮੀ ਆਨੰਦ ਆਚਾਰੀਆ ਪ੍ਰਦੇਸ਼ ਯਾਤਰਾ ਕਰਦਾ ਕਰਦਾ ਬਗ਼ਦਾਦ ਗਿਆ ਅਤੇ ਉਸ ਨੇ ਸਬੰਧਤ ਯਾਦਗਾਰ ਤੇ ਲਿਖਤ ਵੇਖੀ ਜਿਸ ਦਾ ਜ਼ਿਕਰ ਉਸ ਨੇ ਆਪਣੀ ੧੯੧੯ ਵਿਚ ਛਪੀ ਅੰਗਰੇਜ਼ੀ ਦੀ ਕਿਤਾਬ, "ਸਨੋਬਰਡਜ਼" ਦੇ ਸਰਗ ੯੦ ਤੇ ਸਫ਼ਾ ੧੯੨ ਤੇ ਕੀਤਾ ਹੈ। ਸਵਾਮੀ ਜੀ ਦਾ ਸ਼ਰਧਾਲੂ ਤੇ ਕਾਵਿ ਬਿਆਨ ਅੰਗਰੇਜ਼ੀ ਦੇ ਬਲੈਂਕ ਵਰਸ (ਖੁਲ੍ਹੀ ਕਵਿਤਾ) ਵਿਚ ਹੈ ਜਿਸ ਦਾ ਪੰਜਾਬੀ ਅਨੁਵਾਦ ਮੈਂ ਹੇਠਾਂ ਕਰਦਾ ਹਾਂ :—



Digitized by Panjab Digital Library | www.panjabdigilib.org

"ਬਗ਼ਦਾਦ ਸ਼ਹਿਰ ਦੇ ਬਾਹਰਵਾਰ ਅਰਬੀ ਵਿਚ ਉਕਰੀ ਹੋਈ ਲਿਖਤ ਪੜ੍ਹ ਕੇ-ਮਿਤੀ ੯੧੨ ਸੰਨ ਹਿਜਰੀ।

"ਹੇ ਗੁਰੂ ਨਾਨਕ ਭਾਰਤ ਮਾਤਾ ਦੇ ਬੱਚਿਆਂ ਚੋਂ ਪਵਿੱਤਰ ਸਪੂਤ ਤੂੰ ਇਸ ਸਾਦੀ ਜਿਹੀ ਪੱਥਰ ਦੀ ਸਿਲ ਤੇ ਬਹਿ ਕੇ ਰੱਬੀ ਗਿਆਨ ਤੇ ਸਦੀਵੀ ਪਿਆਰ ਦਾ ਪਰਚਾਰ ਕੀਤਾ ਸੀ।

"ਤੂੰ ਸੱਤਾਂ ਦਰਿਆਵਾਂ ਦੀ ਧਰਤੀ ਦੇ ਸੋਮੇ ਤੋਂ ਕਿੰਨਾ ਅਦੁੱਤੀ ਗੀਤ ਈਰਾਨ ਦੀ ਰੂਹ ਨੂੰ ਮੋਹਣ ਲਈ ਗਾਇਆ ਸੀ।

"ਬਗ਼ਦਾਦ ਦੀਆਂ ਅੰਗੂਰਾਂ ਦੀਆਂ ਵੇਲਾਂ ਤੇ ਗੁਲਾਬ ਦੇ ਫੁੱਲਾਂ ਦੇ ਬਾਗਾਂ ਵਿਚ ਤੂੰ ਹਿਮਾਲੀਆ ਦੀਆਂ ਇਕਾਂਤ ਪੱਧਰਾਂ ਤੇ ਜੰਗਲਾਂ ਚੋਂ ਕਿਹੋ ਜਿਹੀ ਸ਼ਾਂਤੀ ਲੈ ਕੇ ਗਿਆ ਸੈਂ।

"ਬਦਰੀਨਾਥ ਦੀ ਬਰਫ਼ਾਨੀ ਚੋਟੀ ਤੋਂ ਤੂੰ ਆਪਨੇ ਇਮਾਨੀ ਸਿੱਖ ਬਹਿਲੋਲ ਦੇ ਦਿਲ ਨੂੰ ਜਗਮਗਾਉਣ ਲਈ ਕਿਹੜਾ ਚਾਨਣ ਲੈ ਕੇ ਗਿਆ ਸੈਂ।

"ਬਹਿਲੋਲ ਨੇ ਜੀਵਨ ਦਾ ਸੱਚਾ ਰਾਹ ਦੱਸਣ ਤੇ ਮੁਕਤੀ ਦੇ ਇਲਾਹੀ ਚਸ਼ਮੇ ਵੱਲ ਲੈ ਜਾਣ ਵਾਲੇ ਸ਼ਬਦਾਂ ਨੂੰ ਚਾਰ ਮਹੀਨੇ ਕੰਨ ਲਾ ਕੇ ਸੁਣਿਆ ਜਦੋਂ ਕਬਰਸਤਾਨ ਦੇ ਸੁਨਸਾਨ ਬੰਜਰ ਤੇ ਅਨਾਰਾਂ ਦੇ ਬੂਟਿਆਂ ਦੇ ਝੁੰਡਾਂ ਵਿਚ ਚੰਨ ਕਈ ਵਾਰੀ ਵਾਧੇ ਪਿਆ ਤੇ ਕਈ ਵਾਰੀ ਘਾਟੇ।,

"ਕਹਿੰਦੇ ਨੇ ਕਿ ਤੇਰੇ ਆਪਣੀ ਪਿਆਰੀ ਮਾਤ-ਭੂਮੀ ਭਾਰਤ ਨੂੰ ਵਾਪਸ ਜਾਣ ਤੋਂ ਪਿਛੋਂ ਉਹ ਫ਼ਕੀਰ ਕਿਸੇ ਮਨੁੱਖ ਤੇ ਇਕ ਪਾਸੇ, ਫ਼ਰਿਸ਼ਤੇ ਦੀ ਗੱਲ ਵੀ ਨਹੀਂ ਸੀ ਸੁਣਦਾ ਤੇ ਨਾ ਬੋਲਦਾ ਸੀ।

"ਉਸ ਦੀ ਸ਼ੋਭਾ ਚਾਰ ਚੁਫੇਰੇ ਫੈਲ ਗਈ ਤੇ ਬਾਦਸ਼ਾਹ ਆਪ ਉਸਨੂੰ ਮਿਲਣ ਆਇਆ ਪਰ ਉਸ ਪਵਿੱਤਰ ਇਨਸਾਨ ਨੂੰ ਨਾ ਕੋਈ ਦੁਨੀਆਵੀ ਪਦਾਰਥਾਂ ਦੇ ਖ਼ਜ਼ਾਨੇ ਭਰਮਾ ਸਕੇ ਤੇ ਨਾ ਉਸ ਨੇ ਬਾਦਸ਼ਾਹ ਤੇ ਦਰਬਾਰੀਆਂ ਦੀ ਪਰਵਾਹ ਕੀਤੀ।

"ਇਸ ਮੁਘਦ ਸੰਸਾਰ ਨੂੰ ਛੱਡਣ ਤੋਂ ਪਹਿਲਾਂ ਉਸ ਨੇ ਇਸ ਪੱਥਰ ਤੇ ਲਿਖਿਆ, "ਏਥੇ ਪੀਰੇ ਹਿੰਦ, ਗੁਰੂ ਨਾਨਕ ਨੇ ਫ਼ਕੀਰ ਬਹਿਲੋਲ ਨਾਲ ਬਚਨ ਬਿਲਾਸ ਕੀਤੇ ਅਤੇ ਇਹਨਾਂ ੬੪ ਸਿਆਲਾਂ ਦੇ ਸਮੇਂ ਵਿਚ ਪੀਰ ਦੇ ਈਰਾਨ ਤੋਂ ਜਾਣ ਦੇ ਬਾਅਦ, ਬਹਿਲੋਲ ਦੀ ਆਤਮਾ ਉਸ ਦੇ ਸ਼ਬਦ ਤੇ ਇਸ ਤਰ੍ਹਾਂ ਸੁਰਤੀ ਗੱਡ ਕੇ ਬੈਠੀ ਰਹੀ ਹੈ ਜਿਵੇਂ ਮੱਧ ਭਰੇ ਫੁੱਲ ਤੇ ਮਾਖਿਉ ਦੀ ਮੱਖੀ।"

ਸਵਾਮੀ ਅਨੰਦ ਆਚਾਰੀਆ ਦੀ ਇਸ ਲਭਤ ਦਾ ਜ਼ਿਕਰ ਟੀ. ਐਲ. ਵਸਵਾਨੀ ਨੇ ਆਪਣੀ ਗੁਰੂ ਨਾਨਕ ਸਾਹਿਬ ਤੇ ਲਿਖੀ ਹੋਈ ਕਿਤਾਬ 'ਦਾ ਪਰਾਫ਼ਿਟ ਆਫ਼ ਪੀਪਲ' ਵਿਚ ਵੀ ਕੀਤਾ ਹੈ।



...

Digitized by Panjab Digital Library | www.panjabdigilib.org

ਕਈ ਵਿਦਵਾਨਾਂ ਨੇ ਸਬੰਧਿਤ ਲਿਖਤ ਬਾਰੇ ਪੜਤਾਲ ਕੀਤੀ ਹੈ ਤੇ ਇਸ ਸਿੱਟੇ ਤੇ ਪੁਜੇ ਨੇ ਕਿ ਲਿਖਤ ਫ਼ਾਰਸੀ, ਤੁਰਕੀ ਤੇ ਅਰਬੀ ਦੀ ਮਿਲੀ ਜੁਲੀ ਬੋਲੀ ਵਿਚ ਹੈ। ਲਿਖਤ ਦੇ ਮੌਲਿਕ ਸ਼ਬਦ ਨੇ :—

"ਗੁਰੂ ਮੁਰਾਦ ਐਲ. ਦੀ ਹਜ਼ਰਤ ਰੱਬ ਦਾ ਮਜੀਦ ਬਾਬਾ ਨਾਨਕ ਫ਼ਕੀਰ ਔਲਾ ਨਾਗਾਹ ਇਮਾਰਤ ਜਦੀਦ ਬਦੀਦ ਇਮਦਾਦ ਅਯਦੋਬ ਕਲਦੀ ਕਿ ਭਾਰੇਖ਼ਨਾਹਯਾਪਦੀ ਸਵਾਬ ਅਜ-ਰਾਇਦਾਹ ਅਲਮੁਰੀਦ ਸਈਦ, ੯੨੭ ਸੰਨ ਹਿਜਰੀ।"

ਪ੍ਰਿੰਸੀਪਲ ਤੇਜਾ ਸਿੰਘ ਤੇ ਡਾਕਟਰ ਗੰਡਾ ਸਿੰਘ ਨੇ ਇਸ ਦਾ ਤਰਜਮਾ ਇਸ ਤਰ੍ਹਾਂ ਕੀਤਾ ਹੈ :—

"ਗੁਰੂ ਅਰਥਾਤ ਹਜ਼ਰਤ ਬਾਬਾ ਨਾਨਕ ਫ਼ਕੀਰ ਔਲੀਆ ਦੀ ਯਾਦ ਵਿਚ ਇਹ ਇਮਾਰਤ ਸੱਤਾ ਪੀਰਾਂ ਦੀ ਸਹਾਇਤਾ ਨਾਲ, ਨਵੇਂ ਸਿਰੇ ਤਾਮੀਰ ਕੀਤੀ ਗਈ ਹੈ ਅਤੇ ਤਾਰੀਖ ਇਹ ਨਿਕਲੀ ਹੈ। ਨੇਕ ਬਖ਼ਤ ਮੁਰੀਦ ਨੇ ਫ਼ੈਜ਼ ਦਾ ਚਸ਼ਮਾ ਪੈਦਾ ਕੀਤਾ।"—ਸੰਨ ੯੨੭ ਹਿਜਰੀ।"

ਭਾਈ ਕਾਨ੍ਹ ਸਿੰਘ ਹੋਰਾਂ ਨੇ ਬਗਦਾਦ ਤੋਂ ਉਥੋਂ ਦੀ ਸਿੱਖ ਸੈਂਟਰਲ ਕਮੇਟੀ ਰਾਹੀਂ ਇਸ ਲਿਖਤ ਦਾ ਅਨੁਵਾਦ ਸਕੂਲ ਦੇ ਉਸਤਾਦਾਂ ਤੋਂ ਕਰਵਾ ਕੇ ਪਰਾਪਤ ਕੀਤਾ ਸੀ ਜਿਸ ਨੂੰ ਉਹਨਾਂ ਨੇ 'ਮਹਾਨ ਕੋਸ਼' ਵਿਚ ਇਸ ਤਰ੍ਹਾਂ ਦਰਜ ਕੀਤਾ ਹੈ :—

"ਦੇਖੋ, ਹਜ਼ਰਤ ਪਰਵਰਦਗਾਰ ਬਜ਼ੁਰਗ ਨੇ ਕੇਹੀ ਮੁਰਾਦ ਪੂਰੀ ਕੀਤੀ ਕਿ ਬਾਬੇ ਨਾਨਕ ਦੀ ਯਾਦਗਾਰ ਦੀ ਤਾਮੀਰ ਨਵੇਂ ਸਿਰੇ ਬਣ ਗਈ। ਸੱਤ ਵੱਡੇ ਵਲੀਆਂ ਨੇ ਇਸ ਵਿੱਚ ਸਹਾਇਤਾ ਕੀਤੀ ਤੇ ਉਸ ਦੀ ਤਾਰੀਖ ਇਹ ਨਿਕਲੀ ਕਿ ਨੇਕ ਬਖ਼ਤ ਮੁਰੀਦ ਨੇ ਪਾਣੀ ਲਈ ਜ਼ਮੀਨ ਵਿੱਚ ਫ਼ੈਜ਼ ਦਾ ਚਸ਼ਮਾ ਜਾਰੀ ਕਰ ਦਿੱਤਾ।—"ਸਨ ੯੨੭ ਹਿਜਰੀ"।

ਸਾਰੇ ਵਿਦਵਾਨਾਂ ਦੀ ਸੱਜਰੀ ਰਾਏ ਇਹ ਹੈ ਕਿ ਸਵਾਮੀ ਆਚਾਰੀਆ ਨੇ ਅਸਲੀ ਨਹੀਂ ਬਲਕਿ ਬਾਹਰ ਦਰਵਾਜ਼ੇ ਵਾਲੀ ਮਧਮ ਹੋ ਚੁਕੀ ਲਿਖਤ ਪੜ੍ਹੀ ਸੀ ਹੁਣ ਪਤਾ ਨਹੀਂ ਉਹ ਕਿਥੇ ਹੈ ? ਬਾਬਾ ਜੀ ਦੀ ਬਗ਼ਦਾਦ ਯਾਤਰਾ ਸੰਨ ੧੫੨੦-੨੧ ਈਸਵੀ ਦੀ ਹੈ। ਭਾਈ ਗੁਰਦਾਸ ਜੀ ਲਿਖਦੇ ਨੇ :—

"ਗੜ੍ਹ ਬਗ਼ਦਾਦ ਨਿਵਾਇ ਕੇ ਮੱਕਾ ਮਦੀਨਾ ਸਭ ਨਿਵਾਇਆ।"

ਬਗ਼ਦਾਦ ਦੇ ਪੀਰਾਂ, ਫਕੀਰਾਂ ਨੇ ਬਾਬਾ ਜੀ ਨੂੰ ਵਿਦਿਆ ਕਰਨ ਵੇਲੇ ਇਕ ਚੁਗਾ ਜਾਂ 'ਰੋਬ ਆਫ ਆਨਰ' ਦਿੱਤਾ ਜਿਸ ਤੇ ਅਰਬੀ ਵਿੱਚ ਲਿਖਿਆ ਹੋਇਆ ਹੈ। ਹੁਣ ਇਹ ਚੋਲਾ ਡੇਹਰਾ ਬਾਬਾ ਨਾਨਕ ਵਿੱਚ ਹੈ।

## ਗੁਰੂ ਨਾਨਕ ਸਾਹਿਬ ਬਾਰੇ ਇਤਿਹਾਸ ਵਿੱਚ ਪਹਿਲੀ ਵਾਰੀ ਮਿਲੀ ਜਾਣਕਾਰੀ ਕਿ ਉਹ ਇਲਮੇ ਅਬਜਦ ਦੇ ਵੀ ਮਾਹਿਰ ਸਨ

ਇਤਿਹਾਸਕ, ਮਿਥਿਹਾਸਕ, ਸਾਹਿਤਕ, ਸਮਾਜਕ ਤੇ ਧਾਰਮਕ ਖੋਜ ਤਾਂ ਇਕ ਪਾਸੇ ਵਿਗਿਆਨਕ ਖੋਜ ਦੇ ਖੇਤਰ ਵਿੱਚ ਵੀ ਕਈ ਵਿਗਿਆਨੀ ਖੋਜ ਕਿਸੇ ਹੋਰ ਚੀਜ਼, ਤੱਥ ਜਾਂ ਸਿਧਾਂਤ



Digitized by Panjab Digital Library | www.panjabdigilib.org

ਦੀ ਕਰਦੇ ਰਹੇ ਪਰ ਨਿਕਲ ਕੁਝ ਹੋਰ ਆਇਆ ਅਤੇ ਉਸ ਇਤਫ਼ਾਕੀਆਂ ਕਾਢ ਨੇ ਹੀ ਉਹਨਾਂ ਨੂੰ ਵਿਗਿਆਨਕ ਦੁਨੀਆਂ ਵਿੱਚ ਉੱਘਾ ਕਰ ਦਿੱਤਾ। ਮੈਂ ਮਹਾਨ ਲੇਖਕਾਂ ਤੇ ਖੋਜੀਆਂ ਦੀ ਪਰਸਿੱਧਤਾ ਦਾ ਦਾਅਵਾ ਤੇ ਨਹੀਂ ਕਰਦਾ ਪਰ ਜੇ ਮੈਂ ਸੱਚ ਆਖਾਂ ਤਾਂ ਬਿਲਕੁਲ ਇਹ ਘਟਨਾ ਹੀ ਮੇਰੇ ਨਾਲ ਵਾਪਾਰੀ ਜਦੋਂ ਮੈਂ ਪੰਜ ਜੁਲਾਈ ਉੱਨੀ ਸੌ ਉਨ੍ਹਤਰ ਈਸਵੀ ਨੂੰ ਸ੍ਰੀ ਨਗਰ, ਕਸ਼ਮੀਰ, ਹਜ਼ਰਤ ਬਲ ਵਿਚ ਰਖੇ ਹੋਏ, ਹਜ਼ਰਤ ਮੁਹੰਮਦ ਸਾਹਿਬ ਦੇ ਮੂਏ-ਮੁਬਾਰਕ (ਉਹਨਾਂ ਦੇ ਸਰੀਰ ਦੇ ਇਕ ਪਵਿੱਤਰ ਵਾਲ) ਦੇ ਦੀਦਾਰ ਕਰਨ ਤੇ ਨਾਲੇ ਇਸ ਦੇ ਅਰਬ ਤੋਂ ਸ੍ਰੀ ਨਗਰ ਵਿੱਚ ਪੁਜਣ ਬਾਰੇ ਜਾਨ-ਪਛਾਣ ਪਰਾਪਤ ਕਰਨ ਗਿਆ। ਹਜ਼ਰਤ ਮੁਹੰਮਦ ਸਾਹਿਬ ਦੇ ਇਸ ਮੂਏ ਮੁਬਾਰਕ ਦਾ ਹਿੰਦੁਸਤਾਨ ਦੇ ਸਾਰੇ ਇਲਾਕਿਆਂ ਤੋਂ ਮੁਸਲਮਾਨ ਦੀਦਾਰ ਕਰਨ ਲਈ ਆਉਂਦੇ ਨੇ ਤੇ ਕਈ ਵਾਰੀ ਬਾਹਰਲੇ ਦੇਸ਼ਾਂ ਤੋਂ ਵੀ।

ਅੱਜ ਕਲ੍ਹ ਹਜ਼ਰਤ ਬਲ ਦੇ ਮੁਹਤਿਮ ਖ਼ਾਜਾ ਨੂਰੁੱਦੀਨ ਬਾਂਡੇ ਹਨ। ਮੈਂ ਉਹਨਾਂ ਨਾਲ ਮੂਏ ਮੁਬਾਰਕ ਸੰਬੰਧੀ ਕਾਫ਼ੀ ਲੰਮਾ ਚੌੜਾ ਵੀਚਾਰ ਵਟਾਂਦਰਾ ਕੀਤਾ ਨਾਲੇ ਕਈ ਹੋਰ ਦਿਲਚਸਪ ਸ਼ਰੀਅਤ ਦੇ ਮਸਲਿਆਂ ਤੇ ਵੀ ਗੱਲ ਬਾਤ ਹੋਈ। ਬਾਂਡੇ ਸਾਹਿਬ ਬੜੇ ਹੈਰਾਨ ਹੋਏ ਕਿ ਭਲਾ ਇਕ ਨੀਲੀ ਪੱਗ ਵਾਲੇ ਕਿਰਪਾਨਧਾਰੀ ਪੰਜਾਬ ਦੇ ਸਿੱਖ ਨੂੰ ਮੂਏ ਮੁਬਾਰਕ ਬਾਰੇ ਏਨੀ ਦਿਲ-ਚਸਪੀ ਲੈਣ ਤੇ ਏਨੇ ਸਵਾਲ ਕਰਨ ਦਾ ਕੀ ਵਾਸਤਾ? ਪਰ ਜੱਦ ਮੈਂ ਕਈ ਮਸਲਿਆਂ ਬਾਰੇ ਉਹਨਾਂ ਨੂੰ ਕੁਰਆਨ ਮਜੀਦ ਦੀਆਂ ਅਰਬੀ ਆਇਤਾਂ ਪੜ੍ਹਕੇ ਸੁਣਾਈਆਂ ਤਾਂ ਖ਼ਾਜਾ ਨੂਰੁੱਦੀਨ ਬਾਂਡੇ ਨੇ ਮੂਏ ਮੁਬਾਰਕ ਬਾਰੇ ਬਹੁਤ ਕੁਝ ਦਸਿਆ ਅਤੇ ਮੈਨੂੰ ਇਸ ਗੱਲ ਦਾ ਚਾਨਣ ਹੋ ਗਿਆ ਕਿ ਮੂਏ ਮੁਬਾਰਕ ਮੁਗ਼ਲ ਬਾਦਸ਼ਾਹ ਔਰੰਗਜੇਬ ਨੂੰ ਅਜਮੇਰ ਦੇ ਖ਼ਾਜਾ ਚਿਸ਼ਤੀ ਦੇ ਦਰਬਾਰ ਚੋਂ ਤਬੱਰਕ ਜਾਂ ਪਵਿੱਤਰ ਨਜ਼ਰਾਨੇ ਦੇ ਤੌਰ ਤੇ ਦਿੱਤਾ ਗਿਆ ਸੀ। ਔਰੰਗਜੇਬ ਨੇ ਇਸ ਨੂੰ ਬੜੇ ਸਨਮਾਨ ਨਾਲ ਆਪਣੇ ਕੋਲ ਦਿੱਲੀ ਰੱਖਿਆ ਅਤੇ ਰੋਜ਼ ਇਸ ਦੇ ਦਰਸ਼ਨ ਕਰਦਾ ਸੀ। ਇਕ ਦਿਨ ਉਹ ਘੂਕ ਸੁਤਾ ਹੋਇਆ ਸੀ ਕਿ ਸੁਪਨੇ ਵਿੱਚ ਹਜ਼ਰਤ ਮੁਹੰਮਦ ਸਾਹਿਬ ਸਾਹਮਣੇ ਆ ਖਲੋਤੇ ਤੇ ਇਸ ਤਰ੍ਹਾਂ ਜਾਪਿਆ ਜਿਵੇਂ ਸੂਰਜ ਚੜ੍ਹ ਪਿਆ ਹੈ। ਔਰੰਗਜ਼ੇਬ ਤ੍ਰਬਕ ਗਿਆ ਤੇ ਨਾਲੇ ਹੈਰਾਨ ਵੀ ਬੜਾ ਹੋਇਆ। ਉਸ ਨੇ ਬੜੀ ਨਿਮਰਤਾ ਨਾਲ ਹਜ਼ਰਤ ਮੁਹੰਮਦ ਸਾਹਿਬ ਤੋਂ ਅੱਧੀ ਰਾਤ ਖੇਚਲ ਕਰਨ ਤੇ ਆਉਣ ਦਾ ਕਾਰਣ ਪੁਛਿਆ ਤਾਂ ਹਜ਼ਰਤ ਸਾਹਿਬ ਨੇ ਫ਼ਰਮਾਇਆ ਮੈਂ ਜਹਾਨਾਬਾਦ ਭਾਵ ਦਿੱਲੀ ਤੋਂ ਹੁਣ ਤੰਗ ਆ ਗਿਆ ਹਾਂ ਅਤੇ ਮੇਰੇ ਵਾਲ (ਮੂਏ ਮੁਬਾਰਕ) ਨੂੰ ਕਸ਼ਮੀਰ ਦੀ ਸੈਰ ਕਰਵਾਉ। ਹਜ਼ਰਤ ਮਿਰਜ਼ਾ ਕਲੰਦਰਬੇਗ ਆਪਣੀ ਪਰਸਿੱਧ ਪੁਸਤਕ 'ਹਦੀਆ ਤੁੱਲ ਅਬਰਾਰ' ਵਿੱਚ ਇਸ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਨੇ :—

"ਨੀਮ ਸ਼ਬ ਆਫ਼ਤਾਬ ਆਲਮ ਤਾਬ,  
ਬਰ ਸਰਮ ਆਮਦ ਅਜ਼ ਕਰਮ ਦਰ ਖ਼ਾਬ।  
ਰੇਅਸ਼ਾ ਅੰਦਰ ਨਿਹਾਦ ਮਨ ਉਫ਼ਤਾਦ,  
ਖ਼ਾਜਤਮ ਅਜ਼ੋ ਤਾਂ ਕੁਨੰਮ ਫ਼ਰਯਾਦ।



Digitized by Panjab Digital Library | www.panjabdigilib.org

ਅਰਜ਼ ਕਰਦਮ ਕਿ ਅਜ਼ਮੇ ਤਾ ਬਕੁਜਾਸਤ,
ਗੁਫ਼ਤ ਕਿ ਖ਼ੇਜ਼ ਫ਼ਿਕਰ ਨ ਬਜਾਸਤ ।
ਅਜ਼ ਜਹਾਂ ਆਬਾਦ ਆਮਦਮ ਦਿਲਗੀਰ,
ਬਫ਼ਰਹ ਰਵੱਮ ਸੂਏ ਕਸ਼ਮੀਰ ।"

ਖ਼ਾਜਾ ਨੂਰੁੱਦੀਨ ਬਾਂਡੇ ਨੇ ਮੈਨੂੰ ਉਤੇ ਦਿਤੇ ਗਏ ਫ਼ਾਰਸੀ ਦੇ ਸ਼ੇਅਰ ਲਿਖਵਾਏ ਤੇ ਫਿਰ ਦਸਿਆ ਕਿ ਔਰੰਗਜੇਬ ਨੇ ਖ਼ਾਜਾ ਬਲਾਕੀ ਦੀ ਹੱਥੀਂ ਮੂਏ ਮੁਬਾਰਕ ਕਸ਼ਮੀਰ ਭੇਜਿਆ ਅਤੇ ਉਸ ਸਮੇਂ ਤੋਂ ਹੁਣ ਤੱਕ ਖ਼ਾਜਾ ਬਲਾਕੀ ਦਾ ਖ਼ਾਨਦਾਨ ਹੀ ਮੂਏ ਮੁਬਾਰਕ ਦੀ ਸੇਵਾ ਸੰਭਾਲ ਕਰਦਾ ਆ ਰਿਹਾ ਹੈ ਅਤੇ ਖ਼ਾਜਾ ਨੂਰੁੱਦੀਨ ਬਾਂਡੇ ਵੀ ਖ਼ਾਜਾ ਬਲਾਕੀ ਦੀ ਔਲਾਦ ਵਿੱਚੋਂ ਹੀ ਹੈ ।

ਇਸ ਦੇ ਬਾਅਦ ਮੈਂ ਖ਼ਾਜਾ ਨੂਰੁੱਦੀਨ ਬਾਂਡੇ ਤੋਂ ਉਹਨਾਂ ਦੇ ਖ਼ਾਨਦਾਨ ਦਾ ਇਤਿਹਾਸਕ ਪਿਛੋਕੜ ਪੁਛਿਆ । ਉਹਨਾਂ ਦਸਿਆ ਕਿ ਉਹਨਾਂ ਦੇ ਖ਼ਾਨਦਾਨ ਦਾ ਮੁੱਢ ਤੁਰਕਸਤਾਨ ਦਾ ਦੇਸ਼ ਹੈ । ਫਿਰ ਉਹਨਾਂ ਦੱਸਿਆ ਕਿ ਉਹਨਾਂ ਦਾ ਪਹਿਲਾ ਵਡਾਰੂ ਸੁਲਤਾਨ ਬਦੀਅ ਉਲਦੀਨ ਜ਼ਮਾਂ, ਤੁਰਕਸਤਾਨ ਦਾ ਬਾਦਸ਼ਾਹ ਸੀ ਪਰ ਉਸ ਨੂੰ ਧੋਖੇ ਨਾਲ ਅਮੀਰ ਤੈਮੂਰ ਨੇ ਕੈਦ ਕਰ ਲਿਆ ਸੀ ਤੇ ਕੈਦ ਜਾਂ ਬੰਦੀ ਵਿੱਚ ਹੋਣ ਦੇ ਕਾਰਨ ਉਸ ਦਾ ਨਾਂ ਬਾਂਡੇ ਪੈ ਗਿਆ ਅਤੇ ਉਸ ਤੋਂ ਪਿੱਛੋਂ ਇਸ ਖ਼ਾਨਦਾਨ ਦਾ ਨਾਂ ਵੀ ਬਾਂਡੇ ਪਰਸਿੱਧ ਹੋ ਗਿਆ । ਮੇਰੀ ਇਸ ਬਿਆਨ ਨਾਲ ਤਸੱਲੀ ਨ ਹੋਈ ਤੇ ਮੈਂ ਉਹਨਾਂ ਤੋਂ ਆਪਣੇ ਨਾਂ ਤੋਂ ਲੈ ਕੇ ਸੁਲਤਾਨ ਬਦੀਅਉਲਦੀਨ ਜ਼ਮਾਂ ਤੱਕ ਪੂਰੀ ਪੀਹੜੇ ਦੇ ਨਾਂ ਲਿਖਵਾਉਣ ਲਈ ਬੇਨਤੀ ਕੀਤੀ ਪਰ ਉਹ ਲਿਖਵਾ ਨਾ ਸਕੇ ।

ਕਈ ਲੋਕਾਂ ਦਾ ਖਿਆਲ ਹੈ ਕਿ ਖੋਜ ਬੜਾ ਹੀ ਅਕਾਉ, ਥਕਾਊ, ਸਿਰ-ਖਾਊ ਤੇ ਖੁਸ਼ਕ ਕੰਮ ਹੈ ਪਰ ਅਸਲੀਅਤ ਇਹ ਹੈ ਕਿ ਖੋਜ ਤੋਂ ਬਿਨਾ ਸੰਸਾਰ ਦਾ ਗਿਆਨ ਤੇ ਵਿਗਿਆਨ ਵੱਧ ਫੁੱਲ ਨਹੀਂ ਸਕਦੇ ਅਤੇ ਇਸ ਤੋਂ ਬਿਨਾਂ ਤਾਂ ਚੰਨ ਤੱਕ ਪਹੁੰਚ ਜਾਣ ਵਾਲੀ ਇਨਸਾਨੀ ਅਕਲ ਦੇ ਉਡਾਰੂ ਖੰਭ ਮੁੱਢੋਂ ਹੀ ਝੜ ਜਾਣ ਤੇ ਇਸ ਦੇ ਸੱਖਣੇ ਭੰਡਾਰਾਂ ਨੂੰ ਸਦਾ ਲਈ ਜੰਦਰੇ ਵੱਜ ਜਾਣ । ਇਕ ਹੋਰ ਵੀ ਬੜੀ ਸੁਆਦੀ ਗੱਲ, ਇਹ ਹੈ ਕਿ ਸੰਸਾਰ ਦੇ ਸਾਹਿਤ ਤੇ ਖ਼ਾਸ ਕਰ ਵਿਗਿਆਨ ਦਾ ਇਤਿਹਾਸ ਸਿੱਧ ਕਰਦਾ ਹੈ ਕਿ ਖੋਜੀ ਲੱਭਦਾ ਤਾਂ ਕੁਝ ਹੋਰ ਹੁੰਦਾ ਹੈ ਪਰ ਉਸ ਨੂੰ ਲਭ ਕੁਝ ਹੋਰ ਹੀ ਜਾਂਦਾ ਹੈ । ਜਿਵੇਂ ਮੈਂ ਪਹਿਲਾਂ ਦਸਿਆ ਹੈ ਇੰਨ ਬਿੰਨ ਇਹੋ ਘਟਨਾ ਹੀ ਮੇਰੇ ਨਾਲ ਹਜ਼ਰਤ ਮੁਹੰਮਦ ਸਾਹਿਬ ਦੇ ਮੂਏ ਮੁਬਾਰਕ ਬਾਰੇ ਖੋਜ ਕਰਦਿਆਂ ਵਾਪਰੀ ਜਿਸ ਨੂੰ ਮੈਂ ਹੇਠਾਂ ਦੱਸਦਾ ਹਾਂ :—

ਮੂਏ ਮੁਬਾਰਕ ਦੀ ਗੱਲ ਬਾਤ ਖ਼ਤਮ ਹੋਣ ਦੇ ਬਾਅਦ ਖ਼ਾਜਾ ਨੂਰੁੱਦੀਨ ਬਾਂਡੇ ਨੇ ਕਿਹਾ, "ਸਰਦਾਰ ਸਾਹਿਬ, ਕਿਆ ਆਪਕੋ ਮਾਲੂਮ ਹੈ ਕਿ ਗੁਰੂ ਨਾਨਕ ਸਾਹਿਬਾ ਮੱਕਾ ਔਰ ਮਦੀਨਾ ਸ਼ਰੀਫ਼ ਕੀ ਜ਼ਿਆਰਤ ਕੇ ਬਾਅਦ ਬਗ਼ਦਾਦ ਗਏ ਥੇ ?" "ਮੈਂ ਜਵਾਬ ਦਿੱਤਾ, "ਹਾਂ ਖ਼ਾਜਾ ਸਾਹਿਬ, ਮੁਝੇ ਮਾਲੂਮ ਹੈ ਕਿ ਉਨਕੀ ਯਿਹ ਜ਼ਿਆਰਤ ਔਰ ਸਫ਼ਰ ਜਿਸੇ ਹਮ ਉਦਾਸੀ ਕਹਿਤੇ ਹੈ, ਸਿੱਖੋਂ ਕੇ ਮਜ਼ਬ ਮੇਂ ਖ਼ਾਸ ਤੌਰ ਪਰ ਮਸ਼ਹੂਰ ਹੈ ਕਿਉਂਕਿ ਮੱਕਾ ਸ਼ਰੀਫ਼ ਕੇ ਹੱਜ ਕੇ ਵਕਤ ਗੁਰੂ ਸਾਹਿਬ ਕਾ ਕਾਅਬੇ ਕੀ ਜਾਨਿਬ ਪਾਉਂ ਫੈਲਾ ਕਰ ਸੋਨਾ ਹਾਜੀਉਂ, ਮੁਲਾਉਂ



Digitized by Panjab Digital Library | www.panjabdigilib.org

ਔਰ ਮੁਸਲਮਾਨ ਉਲਮਾ ਕਾ ਇਸ ਹਰਕਤ ਕੀ ਸਖ਼ਤ ਨੁਕਤਾਚੀਨੀ ਕਰਨਾ ਔਰ ਸਖ਼ਤ ਕਲਾਮੀ ਸੇ ਕਾਮ ਲੇਨਾ ਮਗਰ ਗੁਰੂ ਸਾਹਿਬ ਕੀ ਬਰਦਾਸ਼ਤ, ਖ਼ਲੂਸ ਔਰ ਇਨਕਸਾਰੀ ਸੇ ਖ਼ੁਦਾ ਕੇ ਵਾਹਿਦ ਔਰ ਹਰਜਾਈ ਹੋਣ ਕਾ ਸਬਕ ਦੇਣੇ ਕਾ ਵਾਕਿਆ ਸਾਰੇ ਆਲਮ ਮੇ ਮਸ਼ਹੂਰ ਹੈ।'' ਫਿਰ ਖ਼ਾਜਾ ਨੂਰੁੱਦੀਣ ਬਾਂਡੇ ਨੇ ਕਿਹਾ "ਸਾਹਿਬ, ਮੱਕਾ ਸ਼ਰੀਫ਼ ਕਾ ਯਿਹ ਵਾਕਿਆ ਤੋ ਸ਼ੁਹਰਾ ਆਫ਼ਾਕ ਹੈ ਮਗਰ ਉਨਕੀ ਬਗ਼ਦਾਦ ਸ਼ਰੀਫ਼ ਕੀ ਜ਼ਿਆਰਤ ਕੀ ਬਾਬਤ ਆਪ ਕਿਆ ਜਾਣਤੇ ਹੋ ?'' ਮੈਂ ਆਖਿਆ, "ਜੈਸੇ ਇਨਹੋਂ ਨੇ ਬਗਦਾਦ ਸ਼ਹਿਰ ਜਾ ਕਰ ਮਕਾਮ ਕੀਆ, ਅੱਜ਼ਾਨ ਦੀ ਔਰ ਬਾਅਦ ਮੇਂ ਵਹਾਂ ਕੇ ਆਲਮੋਂ ਫ਼ਾਜ਼ਲੋਂ ਮੇਂ ਜੋ ਤਬਾਦਲਾਏ ਖ਼ਿਆਲਾਤ ਹੂਆ, ਵੁਹ ਭੀ ਜਾਣਤਾ ਹੂੰ।'' ਬਾਂਡੇ ਸਾਹਿਬ ਨੇ ਕਿਹਾ "ਦੇਖੋ ਸਾਹਿਬ, ਮੈਂ ਆਪਕੋ ਆਜ ਵੁਹ ਬਾਤ ਬਤਾਨੇ ਲਗਾ ਹੂੰ ਜੋ ਹਮ ਪੁਸ਼ਤ ਦਰ ਪੁਸ਼ਤ ਆਪਨੇ ਆਬਾਉਅਜਦਾਦ ਸੇ ਸੀਨਾ-ਬਸੀਨਾ ਸੁਨਤੇ ਆ ਰਹੇ ਹੈਂ।'' ਮੈਂ ਕਿਹਾ, "ਮਿਹਰਬਾਨੀ ਕਰਕੇ ਐਸੀ ਬਾਤ ਤੋ ਮੁਝੇ ਜ਼ਰੂਰ ਬਤਾਈਏ। ਬਾਂਡੇ ਸਾਹਿਬ ਨੇ ਜੋ ਦਸਿਆ ਉਸ ਨੂੰ ਹੁਣ ਮੈਂ ਹੇਠ ਪੰਜਾਬੀ ਵਿੱਚ ਵਰਣਨ ਕਰਦਾ ਹਾਂ। ਕਹਿਣ ਲਗੇ ਕਿ ਗੁਰੂ ਨਾਨਕ ਸਾਹਿਬ ਇਲਮੇ ਅਬਜਦ ਦੇ ਵੀ ਮਾਹਿਰ ਸਨ। ਮੈਂ ਇਹ ਦੱਸਣਾ ਜ਼ਰੂਰੀ ਸਮਝਦਾ ਹੈ ਕਿ "ਇਲਮੇ ਅਬਜਦ'' ਕੀ ਹੈ ? ਸਾਰੇ ਧਰਮਾਂ ਦੇ ਲੋਕਾਂ ਨੇ ਆਪਣੇ ਆਪਣੇ ਧਰਮ ਦੇ ਕੁਝ ਸ਼ਬਦ ਜਾਂ ਅੱਖਰ ਖ਼ਾਸ ਕਰ ਕੇ ਪਵਿੱਤਰ ਮੰਨੇ ਹੋਏ ਹਨ। ਜਿਵੇਂ ਚਿੱਠੀ ਪੱਤਰ ਲਿਖਣ ਲਗਿਆਂ ਜਾਂ ਕੋਈ ਵੀ ਲਿਖਤੀ ਰਚਨਾ ਦੇ ਆਰੰਭ ਵਿਚ ਹਿੰਦੂ 'ਓਮ' ਤੇ ਸਿੱਖ '੧ਓ' ਲਿਖਦੇ ਹਨ। ਕਈ ਲੋਕ ਤਾਂ ਇਹ ਅੱਖਰ ਹੱਥਾਂ ਉਤੇ ਹੀ ਲਿਖਵਾਈ ਫਿਰਦੇ ਨੇ। ਇਸੇ ਤਰ੍ਹਾਂ ਮੁਸਲਮਾਨ ਆਪਣੇ ਚਿੱਠੀ ਪੱਤਰ ਜਾਂ ਕਿਸੇ ਹੋਰ ਲਿਖਤੀ ਰਚਨਾ ਦੇ ਆਰੰਭ ਵਿਚ ਸੱਤ ਸੌ ਛਿਆਸੀ, ਅੰਕੜਿਆਂ ਵਿੱਚ ਲਿਖਦੇ ਹਨ। ਮੁਸਲਮਾਨ ਹਰ ਕੰਮ 'ਬਿਸਮਿੱਲਾ' ਕਹਿਕੇ ਸ਼ੁਰੂ ਕਰਦੇ ਨੇ। ਬਿੱਸਮਿੱਲਾ ਦਾ ਅਰਥ ਹੈ, 'ਰੱਬ ਦੇ ਨਾਂ ਨਾਲ' ਭਾਵ ਰੱਬ ਦਾ ਨਾਂ ਲੈ ਕੇ (ਇਹ ਕੰਮ ਸ਼ੁਰੂ ਕਰਨਗੇ) ਇਲਮੇ ਅਬਜਦ ਦਾ ਮਤਲਬ ਇਹ ਹੈ ਕਿ ਅਰਬੀ ਦੇ ਹਰ ਅੱਖਰ ਦੀ ਵਿਆਕਰਣ ਦੇ ਵਿਦਵਾਨਾਂ ਤੇ ਆਲਮਾਂ ਫ਼ਾਜ਼ਲਾਂ ਨੇ ਅੰਕੜਿਆਂ ਵਿਚ ਨਿਯਤ ਕੀਮਤ ਰੱਖੀ ਜਾਂ ਮਿੱਥੀ ਹੋਈ ਹੈ। ਇਸ ਇਲਮ ਦੇ ਹਿਸਾਬ ਮੁਤਾਬਿਕ ਜੇ ਬਿੱਸਮਿੱਲਾ ਦੇ ਸਾਰੇ ਅੱਖਰਾਂ ਦੀਆਂ ਕੀਮਤਾਂ ਨੂੰ ਜਮ੍ਹਾਂ ਕਰੀਏ ਤਾਂ ਕੁਲ ਜੋੜ ਸੱਤ ਸੌ ਛਿਆਸੀ ਬਣਦਾ ਹੈ ਤੇ ਏਸੇ ਲਈ ਮੁਸਲਮਾਨ ਬਿੱਸਮਿੱਲਾ ਅੱਖਰਾਂ ਵਿੱਚ ਲਿਖਣ ਦੀ ਥਾਂ ਹਿੰਦਸਿਆਂ ਵਿਚ ਸੱਤ ਸੌ ਛਿਆਸੀ ਹੀ ਲਿਖ ਕੇ ਆਪਣੀ ਭਾਵਨਾ ਤੇ ਭਾਵ ਪੂਰਾ ਕਰ ਲੈਂਦੇ ਹਨ। ਕਿਉਂਕਿ ਸੱਤ ਸੌ ਛਿਆਸੀ ਦੀ ਰਕਮ ਬਿੱਸਮਿੱਲਾ ਦੀ ਸੂਚਕ ਹੈ।

ਹੁਣ ਮੈਂ ਪਿੱਛੋਂ ਚਲ ਰਹੇ ਮਜ਼ਮੂਨ ਨੂੰ ਅੱਗੇ ਟੋਰਦਾ ਹਾਂ। ਬਾਂਡੇ ਸਾਹਿਬ ਨੇ ਦਸਿਆ ਕਿ ਬਗ਼ਦਾਦ ਦੇ ਬੜੇ ਨਾਮਵਰ ਆਲਮਾਂ ਨੇ ਗੁਰੂ ਸਾਹਿਬ ਨੂੰ ਪੁਛਿਆ ਕਿ ਉਹ ਇਲਮੇ ਅਬਜਦ ਤੋਂ ਵਾਕਿਫ਼ ਨੇ ਜਾਂ ਨਹੀਂ ? ਗੁਰੂ ਸਾਹਿਬ ਨੇ ਕਿਹਾ ਕਿ ਮੈਂ ਇਸ ਇਲਮ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ। ਫਿਰ ਬਗ਼ਦਾਦ ਦੇ ਮੁਸਲਮਾਨ ਵਿਦਵਾਨਾਂ ਨੇ ਗੁਰੂ ਸਾਹਿਬ ਨੂੰ



Digitized by Panjab Digital Library | www.panjabdigilib.org

ਸਵਾਲ ਕੀਤਾ ਕਿ ਇਲਮੇ ਅਬਜਦ ਅਨੁਸਾਰ, "ਮੁਹੰਮਦ" ਦਾ ਨਾਂ ਕਿਸ ਤਰ੍ਹਾਂ ਬਣੇਗਾ ? ਗੁਰੂ ਨਾਨਕ ਸਾਹਿਬ ਨੇ ਹੇਠ ਲਿਖਿਆ ਜਵਾਬ ਦਿੱਤਾ :—

"ਨਾਮ ਲੋ ਜਿਸ ਹਿੰਦਸੇ ਕਾ, ਕਰ ਲੋ ਚੌ ਗੁਣਾ,
ਦੋ ਔਰ ਮਿਲਾ ਲੋ ਫਿਰ ਕਰ ਲੋ ਪਾਂਚ ਗੁਣਾ।
ਬੀਸ ਸੇ ਉੜਾ ਲੋ ਬਾਕੀ ਕਰ ਲੋ ਨੌ ਗੁਣਾ,
ਇਸ ਮੇਂ ਦੋ ਔਰ ਭੀ ਲੋ ਮਿਲਾ।
ਨਾਨਕ ਇਸ ਬਿਧੀ ਨਾਮ ਮੁਹੰਮਦ ਲੋ ਬਣਾ,
ਮਾਅਨੀ ਲੌਲਾਕਲੁਮਾ ਝਟ ਪਟ ਸਮਝਾ ਜਾ।"

ਆਉ ਹੁਣ ਅਸੀਂ ਉਤੇ ਦਿਤੇ ਇਸ ਗੁਰ ਤੇ ਅਮਲ ਕਰਕੇ ਵੇਖੀਏ ਕਿ ਕੀ ਸਿੱਟਾ ਨਿਕਲਦਾ ਹੈ।

(1) ਫ਼ਰਜ਼ ਕਰੋ ਕਿ ਅਸੀਂ ਪੰਜ ਦੇ ਹਿੰਦਸੇ ਦਾ ਨਾਂ ਲੈਂਦੇ ਹਾਂ। ਹਾਲਾਂ ਕਿ ਭਾਵੇਂ ਕਿਸੇ ਹਿੰਦਸੇ ਦਾ ਨਾਂ ਲਿਆ ਜਾਏ, ਹਰ ਇੱਕ ਦੀ ਆਪਣੀ ਮਰਜ਼ੀ ਹੈ। ਖ਼ੈਰ, ਅਸਾਂ, ਪੰਜ ਦਾ ਨਾਂ ਲਿਆ ਹੈ ਤੇ ਪੰਜ ਨੂੰ ਚਾਰ ਗੁਣਾ ਕੀਤਿਆ ਵੀਹ ਬਣ ਜਾਂਦਾ ਹੈ। ਇਹ ਇਸ ਕਵਿਤਾ ਵਿੱਚ ਦਿਤੇ ਗੁਰੂ ਜਾਂ ਫ਼ਾਰਮੂਲੇ ਦਾ ਪਹਿਲਾਂ ਕਦਮ ਹੈ।

(2) ਵੀਹ ਵਿੱਚ ਦੋ ਹੋਰ ਮਿਲਾਇਆਂ ਬਾਈ ਬਣ ਜਾਂਦਾ ਹੈ ਤੇ ਬਾਈ ਨੂੰ ਪੰਜ ਗੁਣਾ ਕੀਤਿਆਂ ਇਕ ਸੌ ਦਸ ਬਣ ਜਾਂਦਾ ਹੈ। ਇਹ ਇਸ ਗੁਰ ਦਾ ਦੂਜਾ ਕਦਮ ਹੈ।

(3) ਇਸ ਨੂੰ ਵੀਹ ਤੇ ਤਕਸੀਮ ਕੀਤਿਆਂ ਬਾਕੀ ਦਸ ਬਚਦਾ ਹੈ ਅਤੇ ਦਸ ਨੂੰ ਨੌ ਨਾਲ ਗੁਣਾ ਕੀਤਿਆਂ ਨਵੇ ਬਣ ਜਾਂਦਾ ਹੈ। ਇਹ ਇਸ ਗੁਰ ਦਾ ਤੀਜਾ ਪੜਾਂ ਹੈ।

(4) ਨਵੇ ਵਿੱਚ ਦੋ ਹੋਰ ਜੋੜਿਆਂ, ਬਾਨਵੇਂ ਬਣ ਜਾਂਦਾ ਹੈ ਜਿਸ ਰਕਮ ਨਾਲ 'ਮੁਹੰਮਦ' ਦਾ ਨਾਂ ਬਣ ਜਾਂਦਾ ਹੈ।

ਆਉ ਹੁਣ ਇਲਮੇ ਅਬਜਦ ਅਨੁਸਾਰ, ਮੁਹੰਮਦ ਦੇ ਨਾਂ ਦਾ ਹਿਸਾਬ ਲਾਈਏ :—

ਹਰਫ਼ ਮੀਮ ਦੀ ਕੀਮਤ=ਚਾਲੀ।
ਹਰਫ ਹੇ ਦੀ ਕੀਮਤ=ਅੱਠ।
ਹਰਫ਼ ਮੀਮ ਦੀ ਕੀਮਤ=ਚਾਲੀ।
ਹਰਫ਼ ਦਾਲ ਦੀ ਕੀਮਤ=ਚਾਰ।

ਕੁਲ ਜੋੜ=ਬਾਨਵੇਂ

ਗੁਰੂ ਨਾਨਕ ਸਾਹਿਬ ਦੇ ਇਲਮੇ ਅਬਜਦ ਦੇ ਗਿਆਨ ਬਾਰੇ ਮੈਨੂੰ ਜ਼ਰਾ ਵੀ ਸ਼ੰਕਾ ਨਹੀਂ ਰਿਹਾ ਕਿਉਂਕਿ ਖ਼ਾਜਾ ਨੂਰੁੱਦੀਨ ਬਾਂਡੇ ਨੇ ਉੱਤੇ ਦੱਸੇ ਗਏ ਕਵਿਤਾ—ਬੱਧ ਗੁਰ ਨੂੰ ਕਿਸੇ ਹਿੰਦੂ ਜਾਂ ਸਿੱਖ ਤੋਂ ਨਹੀਂ ਸੁਣਿਆਂ ਜਾਂ ਸਿੱਖਿਆ। ਉਹਨਾਂ ਕੋਲ ਤਾਂ ਇਹ ਗੁਰੂ ਨਾਨਕ ਦੇ ਸਮੇਂ ਤੋਂ ਹੀ ਤੁਰਕਸਤਾਨ, ਅਰਬ ਤੇ ਸ਼ਾਮ ਦੇ ਮੁਸਲਮਾਨਾਂ ਤੋਂ ਸੁਣ ਕੇ ਹੀ ਸੀਨਾ ਬਸੀਨਾ ਰਵਾਇਤ ਦੇ ਤੌਰ ਤੇ ਆ ਰਿਹਾ ਹੈ। ਇਤਿਹਾਸ ਹੈ ਹੀ ਕੀਹ ? ਟਾਪੀਨਾਰਡ, ਜੋ ਐਂਥਰੋਪਾਲੋਜੀ ਦਾ ਪਿਤਾ ਸਮਝਿਆ ਜਾਂਦਾ ਹੈ ਕਹਿੰਦਾ ਹੈ ਕਿ ਜਦੋਂ ਰਵਾਇਤ ਜਾਂ ਟਰੇਡੀਸ਼ਨ ਲਿਖਤੀ ਰੂਪ ਧਾਰ ਲੈਂਦੀ



Digitized by Panjab Digital Library | www.panjabdigilib.org

ਹੈ ਤਾਂ ਉਹ ਇਤਿਹਾਸ ਬਣ ਜਾਂਦੀ ਹੈ। ਮੈਂ ਕਸ਼ਮੀਰ ਵਿੱਚ ਜਾ ਕੇ ਇਸ ਖੋਜ ਬਾਰੇ ਉਰਦੂ ਵਿੱਚ ਵੀ ਇਕ ਮਜ਼ਮੂਨ ਲਿਖਿਆ ਸੀ ਜੋ ਜਲੰਧਰ ਦੇ ਰੋਜ਼ਾਨਾ ਅਖ਼ਬਾਰ ਮਿਲਾਪ ਦੇ ਪਹਿਲੇ ਸਫ਼ੇ ਤੇ ਯਾਰਾਂ ਸਤੰਬਰ, ਉੱਨੀ ਸੌ ਸੱਤਰ ਨੂੰ ਸ਼ੁਕਰ ਐਡੀਸ਼ਨ ਵਿੱਚ ਛਪਿਆ ਸੀ।

ਮੈਂ ਖ਼ਾਜਾ ਨੂਰੁੱਦੀਨ ਬਾਂਡੇ, ਹਾਲ ਮੁਹਤਮ, ਹਜ਼ਰਤ ਬੱਲ, ਸ੍ਰੀ ਨਗਰ, ਕਸ਼ਮੀਰ ਦਾ ਮਨੋਂ ਤਨੋਂ ਧੰਨਵਾਦੀ ਹਾਂ ਜਿਨ੍ਹਾਂ ਮੈਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਮੂਏ ਮੁਬਾਰਕ ਤੋਂ ਛੁੱਟ ਗੁਰੂ ਨਾਨਕ ਸਾਹਿਬ ਦੀ ਇਲਮੇ ਅਬਜਦ ਦੀ ਮੁਹਾਰਤ ਦੀ ਨਵੀਂ ਜਾਣਕਾਰੀ ਦਿੱਤੀ ਅਤੇ ਇਸ ਦਾ ਜ਼ਿਕਰ ਸੰਸਾਰ ਤੇ ਖ਼ਾਸਕਰ ਸਿੱਖ ਧਰਮ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਹਨਾਂ ਸਫ਼ਿਆਂ ਅਤੇ ਇਸ ਕਿਤਾਬ "ਸਚਿਆਰ ਗੁਰੂ ਨਾਨਕ" ਵਿੱਚ, ਪਾਠਕਾਂ ਦੇ ਸਾਹਮਣੇ ਆਇਆ ਹੈ।

ਬਗ਼ਦਾਦ ਦੇ ਚਾਰ ਮਹੀਨੇ ਦੇ ਕਿਆਮ ਦੇ ਬਾਅਦ ਬਾਬਾ ਜੀ ਤਹਰਾਨ ਤੇ ਅਸਫ਼ਹਾਨ ਤੋਂ ਹੁੰਦੇ ਹੋਏ ਬਲਖ ਆ ਪੁੱਜੇ। ਬਲਖ ਵਿੱਚ ਅਜੇ ਵੀ 'ਨਾਨਕ ਕਲੰਦਰਾ' ਨਾਮੀ ਯਾਦਗਾਰ ਹੈ। ਕਹਿੰਦੇ ਨੇ ਕਿ ਬਲਖ ਰਾਜੇ ਬਲ ਦੀ ਯਾਦਗਰ ਹੈ ਜੋ ਭਗਤ ਪ੍ਰਹਿਲਾਦ ਦਾ ਪੋਤਰਾ ਸੀ। ਏਥੇ 15 ਗਜ਼ ਚੌੜੀ ਤੇ 45 ਗਜ਼ ਲੰਮੀ ਇਕ ਗੁਫਾ ਹੈ ਜਿੱਥੇ ਹਿੰਦੂ ਮਿਥਹਾਸ ਅਨੁਸਾਰ ਰੱਬ ਨੇ ਬਾਵਨ ਰੂਪ ਧਾਰ ਕੇ ਰਾਜੇ ਬਲ ਨੂੰ ਪਤਾਲ ਭੇਜਿਆ ਸੀ। ਏਥੇ ਇਕ ਜਗਸ਼ਾਲਾ ਹੈ ਜਿਥੇ ਟਿੱਕ ਕੇ ਗੁਰੂ ਸਾਹਿਬ ਨੇ ਸੱਚ ਦਾ ਸੁਨੇਹਾ ਦਿੱਤਾ। ਏਥੋਂ ਥੋੜੀ ਦੂਰ ਸੁਹਾਨ ਤੇ ਮਜ਼ਾਰ ਨਾਮੀ ਪਿੰਡਾਂ ਦੇ ਵਿਚਕਾਰ ਇਕ ਮੇਲਾ ਲਗਦਾ ਸੀ ਜੋ ਇਕਤਾਲੀ ਦਿਨ ਰਹਿੰਦਾ ਸੀ। ਕਹਿੰਦੇ ਨੇ ਏਥੇ ਇਕ ਦੇਗ ਸੀ ਜਿਸ ਵਿੱਚ ਇਕਤਾਲੀ ਮਣ ਚੌਲ ਇੱਕੋ ਪਰਾਗੇ ਰਿੱਝ ਜਾਂਦੇ ਸਨ ਤੇ ਇਹ ਵੀ ਕਿਹਾ ਜਾਂਦਾ ਸੀ ਕਿ ਉਹ ਦੇਗ ਰਾਜੇ ਬਲ ਨੇ ਬਣਵਾਈ ਸੀ।

ਬਾਬਾ ਜੀ ਨੇ ਇਸ ਮੇਲੇ ਤੇ ਆਏ ਹਜ਼ਾਰਾਂ ਲੋਕਾਂ ਨੂੰ ਸੱਚ, ਸੁਲਹ ਸਫ਼ਾਈ ਤੇ ਏਕਤਾ ਦਾ ਸਬਕ ਦਿੱਤਾ। ਇਸ ਦੇ ਬਾਅਦ ਉਹ ਬੁਖ਼ਾਰਾ, ਬਾਕੂ, ਤਾਸ਼ਕੰਦ, ਕਾਸ਼ਗ਼ਰ, ਅਫ਼ਗਾਨਿਸਤਾਨ ਨੂੰ ਟੁਰੇ। ਬਾਕੂ ਤੋਂ ਗੁਰਮੁਖੀ ਅੱਖਰਾਂ ਵਿੱਚ ਲਿਖੀ ਹੋਈ ਉਦਾਸੀ ਮਹੰਤਾਂ ਦੀ ਪੀਹੜੀ ਲੱਭੀ ਸੀ ਜਿਸ ਤੋਂ ਸਾਬਤ ਹੁੰਦਾ ਹੈ ਕਿ ਜਿਥੇ ਗੁਰੂ ਸਾਹਿਬ ਗਏ ਉਥੇ ਜਿਹੜਾ ਗੁਰਦੁਆਰਾ ਜਾਂ ਧਰਮਸਾਲ ਬਣੀ ਉਸਦੀ ਸੇਵਾ ਸੰਭਾਲ ਕਰਨ ਵਾਲੇ ਮਹੰਤਾਂ ਦੀ ਉਹ ਸ਼ਜਰਾਏਨਸਬ ਹੈ। ਇਸ ਲਭਤ ਬਾਰੇ ਅੱਜ ਤੋਂ ਕੋਈ 50 ਸਾਲ ਪਹਿਲਾਂ ਭਾਈ ਪਰਮਾਨੰਦ ਹੋਰਾਂ ਨੇ ਪੰਜਾਬ ਹਿਸਟੋਰੀਕਲ ਸੋਸਾਇਟੀ ਦੀ ਇਕੱਤ੍ਰਤਾ ਵਿੱਚ ਲੇਖ ਪੜ੍ਹਿਆ ਸੀ।

ਕਾਬਲ ਵਿੱਚ ਗੁਰੂ ਸਾਹਿਬ ਕਈ ਦਿਨ ਰਹੇ। ਇਸ ਇਲਾਕੇ ਦੇ ਆਲੇ ਦੁਆਲੇ ਦੇ ਕਈ ਲੋਕ ਅਜੇ ਵੀ ਦੇਵੀਆਂ ਦੇਵਤਿਆਂ ਦੀ ਪੂਜਾ ਕਰਦੇ ਸਨ। ਗੁਰੂ ਸਾਹਿਬ ਨੇ ਉਹਨਾਂ ਨੂੰ ਬੁੱਤ ਪੂਜਾ ਤੋਂ ਹਟਾ ਕੇ ਇਕ ਵਾਹਿਗੁਰੂ ਦੀ ਪੂਜਾ ਕਰਨ ਦਾ ਸਬਕ ਦਿੱਤਾ। ਕਾਬਲ ਦੇ ਨੇੜੇ ਨੇੜੇ ਬਾਬਾ ਜੀ ਦੀਆਂ ਕਈ ਯਾਦਗਾਰਾਂ ਨੇ। ਗੁਰੂ ਸਾਹਿਬ ਦੀ ਯਾਦ ਵਿੱਚ ਕਾਬਲ ਤੋਂ ਨੌਂ ਮੀਲ ਦੂਰ ਜਲਾਲਆਬਾਦ ਵਾਲੀ ਸੜਕ ਤੇ ਗੁਰਦੁਆਰਾ ਚੌਹਾ ਸਾਹਿਬ ਹੈ ਜਿਥੇ ਹਰ ਸਾਲ ਵੈਸਾਖੀ ਦਾ ਮੇਲਾ ਲਗਦਾ ਹੈ। ਕਿਹਾ ਜਾਂਦਾ ਹੈ ਕਿ ਏਥੇ ਕੜਾਹ ਪਰਸ਼ਾਦ ਤੇ ਪੰਜਾ ਵੀ ਲਗਦਾ ਹੈ।



Digitized by Panjab Digital Library | www.panjabdigilib.org

ਕਾਬਲ ਦੇ ਕੁਝ ਪੜ੍ਹੇ ਲਿਖੇ ਲੋਕਾਂ ਨੇ ਗੁਰੂ ਸਾਹਿਬ ਤੋਂ ਸੁਣਕੇ ਉਹਨਾਂ ਦੀ ਬਾਣੀ ਵੀ ਲਿਖ ਲਈ ਜੋ ਪੋਥੀ ਦੇ ਰੂਪ ਵਿੱਚ ਸਾਂਭ ਲਈ ਗਈ ਤੇ ਜਿਸ ਰਾਹੀਂ ਸਿੱਖੀ ਦਾ ਪਰਚਾਰ ਹੁੰਦਾ ਰਿਹਾ।

ਕਾਬਲ ਵਿੱਚ ਰਹਿੰਦਿਆਂ ਹੋਇਆਂ ਹੀ ਗੁਰੂ ਸਾਹਿਬ ਨੂੰ ਪਤਾ ਲੱਗਾ ਕਿ ਨੇੜੇ ਹੀ ਘੜੂਕਾ ਨਾਮੀ ਫ਼ਕੀਰ ਪਹਾੜ ਵੀ ਚੋਟੀ ਤੇ ਰਹਿੰਦਾ ਹੈ। ਉਸ ਨੇ ਮੋਨ ਧਾਰਿਆ ਹੋਇਆ ਹੈ ਤੇ ਕਹਿੰਦਾ ਹੈ ਕਿ ਮੈਨੂੰ ਜਿਹੜਾ ਬੁਲਾ ਲਏ, ਮੈਂ ਉਸ ਦਾ ਮੁਰੀਦ ਹੋ ਜਾਵਾਂਗਾ। ਉਹ ਕਿੰਨੇ ਸਾਲਾਂ ਤੋਂ ਇਸ ਹੱਠ ਜਾਂ ਸਿੱਡੇ ਤੇ ਡਟਿਆ ਹੋਇਆ ਸੀ। ਗੁਰੂ ਸਾਹਿਬ ਨੇ ਉਸ ਦਾ ਭਰਮ ਦੂਰ ਕੀਤਾ ਤੇ ਦੱਸਿਆ ਕਿ ਇਸ ਤਰ੍ਹਾਂ ਜ਼ਬਾਨ ਬੰਦੀ ਨਾਲ ਰੱਬ ਨਹੀਂ ਮਿਲਦਾ। ਰੱਬ ਤਾਂ ਨੇਕੀ ਕੀਤਿਆਂ ਤੇ ਸੰਸਾਰ ਵਿੱਚ ਨੇਕ ਇਨਸਾਨਾਂ ਵਾਂਗੂੰ ਵਿਚਰਿਆਂ ਮਿਲਦਾ ਹੈ। ਜਪੁਜੀ ਸਾਹਿਬ ਦੀ ਪਹਿਲੀ ਪੌੜੀ ਦੀ ਦੂਜੀ ਪੰਗਤੀ ਵਿੱਚ ਹੀ ਸਾਹਿਬਾਂ ਫ਼ਰਮਾਇਆ ਹੈ :—

"ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵਤਾਰ।"

ਕਾਬਲੋਂ ਬਾਬਾ ਜੀ ਪੰਜਾਬ ਨੂੰ ਵਾਪਸ ਪਰਤੇ ਤੇ ਦੱਰਾ ਖ਼ੈਬਰ 'ਚੋਂ ਲੰਘ ਕੇ ਪਿਸ਼ਾਵਰ ਆ ਗਏ। ਪਿਸ਼ਾਵਰ ਦੇ ਕੋਲ ਗੋਰਖ ਹਟੜੀ ਉਹਨਾਂ ਦਾ ਮੇਲ਼ ਜੋਗੀਆਂ ਨਾਲ ਹੋਇਆ ਤੇ ਜੋਗੀਆਂ ਨੂੰ ਜੀਵਨ ਦੀ ਅਸਲੀ ਜੋਗ ਦਸ ਕੇ ਉਹਨਾਂ ਨੂੰ ਕਈ ਟਪਲਿਆਂ ਤੋਂ ਬਚਾਇਆ।

ਟੁਰਦੇ ਟੁਰਾਂਦੇ ਗੁਰੂ ਸਾਹਿਬ ਹਸਨਅਬਦਾਲ ਆ ਗਏ। ਇਹ ਪਿੰਡ ਰਾਵਲ ਪਿੰਡੀ ਸ਼ਹਿਰ ਤੋਂ ੩੦ ਮੀਲ ਦੂਰ ਕੈਮਲਪੁਰ ਵਾਲੀ ਰੇਲਵੇ ਲਾਈਨ ਤੇ ਹੈ। ਪਿੰਡ ਪਹਾੜ ਦੇ ਪੈਰਾਂ ਵਿਚ ਹੈ। ਇਥੇ ਇਕ ਮੁਸਲਮਾਨ ਫ਼ਕੀਰ ਵਲੀ ਕੰਧਾਰੀ ਰਹਿੰਦਾ ਸੀ। ਇਹ ਵੀ ਆਮ ਪੀਰਾਂ ਫ਼ਕੀਰਾਂ ਵਾਂਗੂ ਕਰਾਮਾਤ ਦੇ ਕਹਿਰ ਤੇ ਕਰੋਧ ਨਾਲ ਸੜਿਆ ਹੋਇਆ ਸੀ। ਇਸ ਨੂੰ ਆਪਣੀ ਕਰਾਮਾਤ ਦਾ ਬੜਾ ਮਾਨ ਸੀ ਤੇ ਮੇਰੇ ਖ਼ਿਆਲ ਅਨੁਸਾਰ ਉਸਨੂੰ ਵਲੀ ਕੰਧਾਰੀ ਦੀ ਬਜਾਏ ਵਲੀ ਹੰਕਾਰੀ ਕਹਿ ਦੇਣਾ ਗ਼ਲਤ ਨਾ ਹੋਵੇਗਾ। ਉਸ ਦੀ ਰਿਹਾਇਸ਼ ਪਹਾੜੀ ਦੀ ਚੋਟੀ ਤੇ ਇਕ ਮਿਠੇ ਤੇ ਠੰਢੇ ਪਾਣੀ ਦੇ ਚਸ਼ਮੇ ਦੇ ਕੰਢੇ ਤੇ ਸੀ। ਭਾਈ ਮਰਦਾਨੇ ਨੂੰ ਬੜੀ ਸਖ਼ਤ ਪਿਆਸ ਲਗੀ ਪਰ ਨੇੜੇ ਤਰੇੜੇ ਪਾਣੀ ਕੋਈ ਨਹੀਂ ਸੀ। ਪਤਾ ਲੱਗਣ ਤੇ ਬਾਬਾ ਜੀ ਨੇ ਮਰਦਾਨੇ ਨੂੰ ਵਲੀ ਕੰਧਾਰੀ ਦੇ ਚਸ਼ਮੇ 'ਚੋਂ ਪਾਣੀ ਪੀਣ ਲਈ ਭੇਜਿਆ। ਵਲੀ ਕੰਧਾਰੀ ਨੇ ਮਰਦਾਨੇ ਨੂੰ ਪੁਛਿਆ ਤੇ ਜਦ ਪਤਾ ਲਗਾ ਕਿ ਇਹ ਮੁਸਲਮਾਨ ਹੁੰਦਾ ਹੋਇਆ ਵੀ ਇਕ ਗ਼ੈਰ ਮੁਸਲਮਾਨ ਤੇ ਉਸਦੀ ਸਮਝ ਦੇ ਮੁਤਾਬਿਕ ਕਾਫ਼ਰ ਦਰਵੇਸ਼ ਦਾ ਮੁਰੀਦ ਹੈ, ਉਸ ਨੇ ਮਰਦਾਨੇ ਨੂੰ ਪਾਣੀ ਨਾ ਪੀਣ ਦਿੱਤਾ, ਬੜੀਆਂ ਬੇਹੂਦਾ ਗੱਲਾਂ ਆਖੀਆਂ ਤੇ ਝਿੜਕ ਕੇ ਹੇਠਾਂ ਭੇਜ ਦਿੱਤਾ। ਮਰਦਾਨਾ ਤਰੇਹ ਨਾਲ ਸਤਿਆ-ਤਪਿਆ ਤੇ ਹੰਭਿਆ-ਹੁਟਿਆ ਹੋਇਆ ਹੇਠਾਂ ਆਇਆ। ਉਸ ਨੇ ਰੋਣ ਹਾਕੇ ਹੋ ਕੇ ਸਾਰੀ ਗੱਲ ਦੱਸੀ। ਬਾਬਾ ਜੀ ਨੇ ਕਿਹਾ, "ਭਾਈ ਮਰਦਾਨਿਆਂ, ਫਿਰ ਜਾ ਕੇ ਨਿਮਰਤਾ ਨਾਲ ਪਾਣੀ ਮੰਗ। ਨਿਮਰਤਾ ਤੇ ਪੱਥਰਾਂ ਨੂੰ ਵੀ ਮੋਮ ਕਰ ਦਿੰਦੀ ਹੈ। ਕੀ ਪਤਾ ਉਸ ਨੂੰ ਵੀ ਤਰਸ ਆ ਜਾਵੇ।"

'ਫਾਥੀ ਨੂੰ ਕੀ ਫਟਕਣਾ', ਮਰਦਾਨਾ ਵਿਚਾਰਾ ਹੋਰ ਕਰ ਵੀ ਕੀ ਸਕਦਾ ਸੀ? ਉਹ ਹੌਂਕਦਾ ਹੌਂਕਦਾ ਪਹਾੜੀ ਤੇ ਚੜ੍ਹਿਆ ਤੇ ਪਾਣੀ ਦਾ ਸਵਾਲ ਕੀਤਾ। ਕੰਧਾਰੀ ਅਗੋਂ ਖਖਿਆ ਕੇ ਪੈ



Digitized by Panjab Digital Library | www.panjabdigilib.org

ਗਿਆ। ਮਰਦਾਨਾ ਫਿਰ ਨਿਰਾਸ਼ ਹੋ ਕੇ ਬਾਬਾ ਜੀ ਕੋਲ ਆਇਆ। ਫਿਰ ਬਾਬਾ ਜੀ ਨੇ ਕਿਹਾ, "ਤੂੰ ਇਕ ਵਾਰੀ ਹੋਰ ਜਾ, ਫੇਰ ਵੇਖੀਂ ਮਰਦਾਨਿਆਂ ਰੰਗ ਕਰਤਾਰ ਦੇ।" ਮਰਦਾਨੇ ਨਾਲ ਵਲੀ ਕੰਧਾਰੀ ਨੇ ਪਹਿਲਾਂ ਨਾਲੋਂ ਵੀ ਚੌਣੀ ਕੀਤੀ। ਮਰਦਾਨਾ ਤਿੰਨ ਵਾਰੀ ਏਨੀ ਉੱਚੀ ਚੜ੍ਹਾਈ ਚੜ੍ਹਿਆ ਤੇ ਵਾਪਸ ਆਇਆ। ਥੱਕ ਕੇ ਤੇ ਤਰੇਹ ਦੇ ਕਾਰਨ ਮਰਨ ਬਰਾਬਰ ਹੋ ਗਿਆ। ਆ ਕੇ ਰੋ ਹੀ ਪਿਆ। ਬਾਬਾ ਜੀ ਨੇ ਰੱਬ ਦਾ ਧਿਆਨ ਧਰ ਕੇ ਆਪਣੇ ਕੋਲੋਂ ਦੋ ਚਾਰ ਨਿੱਕੇ ਨਿੱਕੇ ਪੱਥਰ ਚੁੱਕੇ ਤੇ ਪਾਣੀ ਦੀ ਧਾਰ ਫੁੱਟ ਕੇ ਬਾਹਰ ਆ ਗਈ। ਬਾਬਾ ਜੀ ਨੇ ਕਿਹਾ, "ਪੀ ਲੈ ਜਿੰਨਾ ਮਰਜ਼ੀ ਆ।" ਇਹ ਕੌਤਕ ਵੇਖ ਕੇ ਵਲੀ ਕੰਧਾਰੀ ਦੀਆਂ ਈਰਖਾ ਦੀਆਂ ਅੱਖੀਂ ਦੀ ਨਜ਼ਰ ਫੱਟ ਗਈ ਤੇ ਉਸਨੂੰ ਆਪਣੇ ਜ਼ਸ਼ਮੇ ਚੋਂ ਪਾਣੀ ਸੁੱਕਦਾ ਜਾਪਿਆ। ਆਪਣੀ ਕੁਲੀ ਗਿੜ ਗਿੜਾ ਕੇ ਡਿਗਦੀ ਜਾਪੀ, ਅੱਖੀਂ ਅੱਗੇ ਸਰ੍ਹੋਂ ਫੁੱਲ ਗਈ। ਉਸ ਨੂੰ ਗੁਰੂ ਨਾਨਕ ਸਾਹਿਬ ਦੇ ਸਾਹਮਣੇ ਆਪਣਾ ਆਪ ਬੜਾ ਹਕੀਰ ਤੇ ਛੋਟਾ ਜਾਪਣ ਲੱਗਾ। ਉਸ ਨੂੰ ਇਸ ਤਰ੍ਹਾਂ ਭਾਸੇ ਜਿਵੇਂ ਉਸਦੀ ਕਰਾਮਾਤ ਸਦਾ ਲਈ ਕੱਬਰ ਵਿਚ ਸੋਂ ਗਈ ਹੈ। ਜਦੋਂ ਮਨੁੱਖ ਨੂੰ ਆਪਨੇ ਹੰਕਾਰ ਦੀ ਮਾਰੂ ਸੱਟ ਵੱਜੇ ਤਾਂ ਉਹ ਮਾਨਸਕ ਤੌਰ ਤੇ ਬੇਰਹਿਮ ਤੇ ਹੋਛਾ ਹੋ ਜਾਂਦਾ ਹੈ। ਇਹ ਮਨੋਵਿਗਿਆਨਕ ਨਿਯਮ ਹੈ। ਏਸੇ ਨੂੰ ਤੇ ਫ਼ਰੱਸਟੇਸ਼ਨ ਆਖਦੇ ਨੇ ਅਤੇ ਇਸੇ ਮਾਨਸਕ ਦਸ਼ਾ ਵਿਚ ਮਨੁੱਖ ਅਣਹੋਣੇ ਤੋਂ ਅਣਹੋਣੇ ਨੀਵੇਂ ਕੰਮ ਕਰ ਗੁਜ਼ਰਦਾ ਹੈ। ਵਲੀ ਕੰਧਾਰੀ ਬਿਲਕੁਲ ਏਸੇ ਮਾਨਸਕ ਹਾਲਤ ਵਿਚ ਸੀ। ਉਸ ਨੇ ਬਾਬਾ ਜੀ ਤੇ ਮਰਦਾਨੇ ਨੂੰ ਮਾਰਨ ਲਈ ਕਰਾਮਾਤੀ ਕੁੱਵਤ ਨਾਲ ਪਹਾੜ ਦਾ ਇਕ ਬਹੁਤ ਵੱਡਾ ਟੁੱਕੜਾ ਹੇਠਾਂ ਬਾਬਾ ਜੀ ਵੱਲ ਰੇੜ੍ਹ ਦਿੱਤਾ। ਪੱਥਰ ਆਉਂਦਾ ਵੇਖ ਕੇ ਮਰਦਾਨੇ ਦੇ ਚਿਕਾਟ ਨਿਕਲ ਗਏ। ਬਾਬਾ ਜੀ ਨੇ 'ਸਤਿਕਰਤਾਰ' ਆਖ ਕੇ ਉਤਹਾਂ ਡਿੱਠਾ ਤੇ ਸੱਜਾ ਹੱਥ ਅਗੇ ਕੀਤਾ। ਮਾਰਨ ਵਾਲੇ ਨਾਲੋਂ ਰੱਖਣ ਵਾਲਾ ਡਾਹਢਾ ਹੁੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ :—

"ਜਿਸ ਦਾ ਸਾਹਿਬੁ ਡਾਢਾ ਹੋਇ।
ਤਿਸ ਨੋ ਮਾਰਿ ਨ ਸਾਕੈ ਕੋਇ।"

ਪੱਥਰ ਓਥੇ ਹੀ ਅੜ ਗਿਆ ਤੇ ਬਾਬਾ ਜੀ ਤੇ ਮਰਦਾਨੇ ਦਾ ਵਾਲ ਵੀ ਵਿੰਗਾ ਨਾ ਹੋਇਆ। ਪਿੰਡ ਦੇ ਲੋਕ ਇਹ ਅਨੋਖੀ ਘਟਨਾ ਵੇਖ ਕੇ ਹੈਰਾਨ ਹੋ ਗਏ। ਵਲੀ ਕੰਧਾਰੀ ਦੇ ਹੰਕਾਰ ਦੀ ਕੰਧ ਤੇ ਕਰਾਮਾਤ ਦਾ ਕੋਟ, ਗੜ ਗੜ ਕਰਕੇ ਡਿੱਗ ਪਿਆ। ਗੁਰੂ ਸਾਹਿਬ ਦੀ ਸ਼ਰਣ ਆਇਆ। ਇਲਾਕੇ ਦੇ ਕਈ ਲੋਕ ਬਾਬਾ ਜੀ ਦੇ ਸਿੱਖ ਬਣ ਗਏ। ਜਿਸ ਪੱਥਰ ਤੇ ਬਾਬਾ ਜੀ ਦਾ ਪੰਜਾ ਲੱਗਾ ਸੀ ਹੁਣ ਓਥੇ ਸਿੱਖਾਂ ਦਾ ਪ੍ਰਸਿੱਧ ਗੁਰਦੁਆਰਾ ਪੰਜਾ ਸਾਹਿਬ ਹੈ। ਅਤੇ ਜਿਥੇ ਹੁਣ ਵੀ ਵਰ੍ਹੇ ਦੇ ਵਰ੍ਹੇ ਵਿਸਾਖੀ ਮਨਾਉਣ ਲਈ ਸਿੱਖ ਸ਼ਰਧਾਲੂਆਂ ਦੇ ਜੱਥੇ ਪਾਕਿਸਤਾਨ ਜਾਂਦੇ ਨੇ। ਅੱਜ ਵੀ ਲੋਕ ਉਸ ਚਸ਼ਮੇ ਦਾ ਠੰਢਾ ਤੇ ਮਿੱਠਾ ਪਾਣੀ ਪੀ ਕੇ ਗੁਰੂ ਨਾਨਕ ਸਾਹਿਬ ਦੀ ਵਡਿਆਈ ਕਰਦੇ ਨੇ।

ਹਸਨ ਅਬਦਾਲ ਤੋਂ ਟੁਰ ਕੇ ਬਾਬਾ ਜੀ ਤੇ ਮਰਦਾਨਾ ਮਨਜ਼ਲੋ ਮਨਜ਼ਲੀ, ਮਨੁੱਖੀ ਏਕਤਾ ਤੇ ਸੱਚ ਦਾ ਚਾਨਣ ਖਿਲਾਰਦੇ ਸੈਦਪੁਰ ਜਾਂ ਐਮਨਾਬਾਦ ਆ ਪੁੱਜੇ ਜਿਥੇ ਭਾਈ ਲਾਲੋ ਦਾ ਘਰ ਸੀ ਤੇ ਜਿਸ ਨਾਲ ਬਾਬਾ ਜੀ ਦਾ ਅਟੁੱਟ ਪਿਆਰ ਸੀ। ਇਸ ਸਮੇਂ ਹੀ ਬਾਬਰ ਦਾ ਹਮਲਾ ਹੋ ਗਿਆ ਜਿਸ ਬਾਰੇ ਪਹਿਲੇ ਕਾਂਡ ਵਿਚ ਹੀ ਕਾਫ਼ੀ ਕੁੱਝ ਦੱਸਿਆ ਜਾ ਚੁੱਕਾ ਹੈ।

...



Digitized by Panjab Digital Library | www.panjabdigilib.org

ਗੁਰੂ ਨਾਨਕ ਸਾਹਿਬ ਤੇ ਮਰਦਾਨਾ ੧੫੨੨ ਸੰਨ ਈਸਵੀ ਦੇ ਅਖੀਰ ਵਿਚ ਵਾਪਸ ਕਰਤਾਰਪੁਰ ਆਏ ਪਰ ਇਸ ਦੇ ਬਾਅਦ ਬਾਬਾ ਜੀ ਦੇ ਜੀਵਨ ਦਾ ਮੋਹਾੜ ਉਦਾਸ ਤੋਂ ਬਦਲ ਕੇ ਘਰਵਾਸ ਵੱਲ ਹੋ ਗਿਆ।

ਗੁਰੂ ਜੀ ਨੇ ਆਪਣੀ ਜ਼ਿੰਦਗੀ ਦੇ ਤਕਰੀਬਨ ੨੩-੨੪ ਸਾਲ ਹਿੰਦੁਸਤਾਨ ਦੇ ਵੱਖ ਵੱਖ ਇਲਾਕਿਆਂ ਤੇ ਦੂਰ ਦੁਰਾਡੇ ਦੇਸ਼ਾਂ ਵਿਚ ਭੌਂ ਕੇ ਬਤੀਤ ਕੀਤੇ।

ਜਿਸ ਸਮੇਂ ਦੇਸ਼ਾਂ ਪਰਦੇਸ਼ਾਂ ਦੇ ਸਫ਼ਰਾਂ ਦੇ ਚੱਪੇ ਚੱਪੇ ਤੇ ਜ਼ਿੰਦਗੀ ਦੀ ਗਰਾਹੀ ਨੂੰ ਮੂੰਹ ਵਿਚ ਪਾਣ ਲਈ ਮੌਤ ਬੂਥਾ ਟੱਡ ਕੇ ਬੈਠੀ ਹੋਈ ਸੀ, ਗੁਰੂ ਨਾਨਕ ਸਾਹਿਬ ਨੇ ਚਾਲੀ ਹਜ਼ਾਰ ਮੀਲ ਦਾ ਸਫ਼ਰ ਪੈਦਲ ਕੀਤਾ। ਦੁਨੀਆਂ ਦੇ ਕਿਸੇ ਵਲੀ, ਧਰਮ ਦੇ ਪੀਰ ਪੈਗ਼ੰਬਰ ਨੂੰ ਵੀ ਏਨੇ ਲੰਮੇ ਤੇ ਔਖੇ ਪੈਦਲ-ਪੰਧ ਦਾ ਮਾਨ ਪਰਾਪਤ ਨਹੀਂ ਹੈ।

ਇਸ ਭੁਲੇਖੇ ਵਿਚ ਕਿਸੇ ਨੂੰ ਵੀ ਨਹੀਂ ਰਹਿਣਾ ਚਾਹੀਦਾ ਕਿ ਗੁਰੂ ਸਾਹਿਬ ਘਰ ਬਾਰ ਤਿਆਗ ਕੇ ਭੁੱਲੇ ਭੱਟਕਦੇ ਸਨਿਆਸੀਆਂ ਵਾਂਗੂੰ ਘਰ ਮਾਪੇ, ਪਤਨੀ, ਬੱਚੇ, ਭੈਣ ਤੇ ਹੋਰ ਸਾਕਾਂ ਸੈਣਾਂ ਨੂੰ ਤਿਲਾਂਜਲੀ ਦੇ ਕੇ ਬਾਹਰ ਚਲੇ ਗਏ ਸਨ। ਇਹ ਖ਼ਿਆਲ ਬਿਲਕੁਲ ਗ਼ਲਤ ਹੈ। ਉਹ ਤੇ ਥਾਂ ਥਾਂ ਤੇ ਘਰੋਂ ਭੱਜੇ ਤੇ ਗ੍ਰਿਹਸਤ ਦੇ ਮੁਸ਼ਕਲ ਤੇ ਆਜ਼ਮਾਇਸ਼ੀ ਮਸਲਿਆਂ ਤੋਂ ਡਰ ਕੇ ਭਗੌੜੇ ਹੋ ਚੁੱਕੇ ਨਾਥਾਂ, ਜੋਗੀਆਂ ਤੇ ਪੀਰਾਂ-ਫਕੀਰਾਂ ਨੂੰ ਦੁਨੀਆਵੀ ਜ਼ਿੰਦਗੀ ਵਿਚ ਵਿਚਰ ਕੇ ਮੁਕਤੀ ਪਰਾਪਤ ਕਰਨ ਦੀ ਸਿਖਿਆ ਦੇਂਦੇ ਰਹੇ ਸਨ। ਜਿਵੇਂ ਪਹਿਲਾਂ ਹੀ ਇਸ ਕਿਤਾਬ ਦੇ ਤੀਜੇ ਕਾਂਡ ਵਿਚ ਦੱਸਿਆ ਜਾ ਚੁੱਕਾ ਹੈ, ਉਹ ਤੇ ਸੁਲਤਾਨਪੁਰੋਂ ਜਾਣ ਲੱਗਿਆਂ ਹੀ ਭੈਣ ਨਾਨਕੀ ਨੂੰ ਕਹਿ ਗਏ ਸਨ, "ਤੁਸੀਂ ਜਦੋਂ ਵੀ ਮੈਨੂੰ ਦਿਲੋਂ ਯਾਦ ਕਰੋਗੇ ਮੈਂ ਤੁਰੰਤ ਆ ਜਾਵਾਗਾਂ। ਵੈਸੇ ਵੀ ਸਮੇਂ ਸਮੇਂ ਆਪਨੇ ਘਰ ਘਾਟ ਦਾ ਪਤਾ ਸੁਰ ਲੈਂਦਾ ਰਹਾਂਗਾ। ਮੈਂ ਆਪਨੇ ਬਾਹਰਲੇ ਕੰਮ ਦੀ ਪੂਰਤੀ ਦਾ ਫ਼ਰਜ਼ ਅਦਾ ਕਰਕੇ ਅਖ਼ੀਰ ਘਰ ਆ ਕੇ ਹੱਥੀਂ ਕਿਰਤ ਕਮਾਈ ਕਰਨ ਵਾਲਾ ਘਰੇਲੂ ਜੀਵਨ ਹੀ ਬਿਤਾਣਾ ਹੈ।" ਭੈਣ ਨੂੰ ਦਿੱਤੇ ਹੋਏ ਇਸ ਬਚਨ ਨੂੰ ਉਹਨਾਂ ਚੰਗੀ ਤਰ੍ਹਾਂ ਨਿਭਾਇਆ ਜਿਵੇਂ ਉਹਨਾਂ ਦੇ ਸਾਰੇ ਸਫ਼ਰਾਂ ਦੇ ਸਮੇਂ ਵਿਚ ਘੜੀ-ਮੁੜੀ ਘਰ ਵਾਪਸ ਆ ਕੇ ਮਾਪਿਆਂ-ਤੇ ਸਾਕਾ ਸਜਨਾਂ ਨੂੰ ਮਿਲਣ ਦੇ ਸਦਕਾ ਸਿੱਧ ਹੁੰਦਾ ਹੈ। ਘਰ ਬਾਹਰ ਦੇ ਤਾਰਕ ਤਿਆਗੀ, ਵੈਰਾਗੀ ਤੇ ਸਨਿਆਸੀ ਤੇ ਘਰੋਂ ਟੁਰਦੇ ਹੀ ਸਭ ਸਬੰਧਾਂ ਦੇ ਲਟਾਕੇ ਵੱਢ ਦੇਂਦੇ ਨੇ। ਉਹ ਤੇ ਘਰੋਂ ਪੈਰ ਹੀ ਇਹ ਪ੍ਰਣ ਕਰਕੇ ਪੁਟਦੇ ਨੇ ਕਿ ਫਿਰ ਜ਼ਿੰਦਗੀ ਭਰ ਘਰ ਪੈਰ ਨਹੀਂ ਪਾਣਾ। ਗੁਰੂ ਨਾਨਕ ਸਾਹਿਬ ਇਹੋ ਜਿਹੇ ਤਿਆਗ ਦੇ ਵਿਰੁੱਧ ਸਨ ਕਿਉਂਕਿ ਉਹ ਗ੍ਰਿਹਸਤ ਮਾਰਗ ਨੂੰ ਸਭ ਤੋਂ ਉੱਚਾ ਸੁੱਚਾ ਤੇ ਸੌਖਾ ਮੁਕਤੀ ਮਾਰਗ ਸਮਝਦੇ ਸਨ। ਗੁਰੂ ਨਾਨਕ ਸਹਿਬ ਦਾ ਚਲਾਇਆ ਹੋਇਆ ਸਿੱਖ ਧਰਮ ਤੇ ਗ੍ਰਿਹਸਤ ਤੇ ਘਰੇਲੂ ਜੀਵਨ ਬਿਨਾਂ ਜ਼ਿੰਦਗੀ ਨੂੰ ਸਮਝਦਾ ਹੀ ਪਾਖੰਡ ਹੈ। ਗੁਰਬਾਣੀ ਵਿਚ ਗੁਰਬਾਣੀ ਰਚਨ ਵਾਲੇ ਸਾਰੇ ਗੁਰੂਆਂ ਨੇ ਸਨਿਆਸ, ਕੰਨ-ਪਾਟੇ ਤੇ ਹੋਰ ਸਰੀਰ-ਮਾਰੂ ਤਿਆਗਾਂ ਦੀ ਨਖੇਧੀ ਕੀਤੀ ਹੈ। ਜੇ ਅਸੀਂ ਗੁਰੂ ਨਾਨਕ ਸਾਹਿਬ ਦੇ ਆਪਣੇ ਕਥਨਾਂ ਨੂੰ ਵੀ ਪੜ੍ਹੀਏ ਤਾਂ ਉਹਨਾਂ ਦਾ ਇਹ ਖਿਆਲ ਗੁਰਬਾਣੀ ਵਿਚ ਕਈ ਥਾਵਾਂ ਤੇ ਮਿਲਦਾ ਹੈ। ਜਿਵੇਂ ਰਾਗ ਆਸਾ ਦੀਆਂ ਅਸ਼ਟਪਦੀਆਂ ਵਿਚ ਕਹਿੰਦੇ ਨੇ :—



Digitized by Panjab Digital Library | www.panjabdigilib.org

ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ?
ਗੁਰ ਕਾ ਸਬਦੁ ਨ ਚੀਨਹੀ ਤਤੁ ਸਾਰ ਨਿਰੰਤਰ ।
ਪੰਡਿਤ ਪਾਧੇ ਜੋਇਸੀ ਨਿੱਤ ਪੜਹਿ ਪੁਰਾਣ ।
ਅੰਤਰਿ ਵਸਤੂ ਨਾ ਜਾਣਨੀ ਘਟਿ ਬ੍ਰਹਮੁ ਲੁਕਾਣਾ ।
ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ।
ਆਪ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ?
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ।
ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ।
ਇਕ ਗਿਰਹੀ ਸੇਵਕ ਸਾਧਕਾ ਗੁਰਮਤੀ ਲਾਗੇ ।
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ।
ਗੁਰੂ ਜੀ ਨੇ ਵਾਰ ਆਸਾ ਵਿਚ ਕਿਹਾ ਹੈ .—
ਜਤੀ ਸਦਾਵਹਿ ਜੁਗਤ ਨ ਜਾਣਹਿ ਛਡਿ ਬਹਹਿ ਘਰ ਬਾਰੁ ।

ਬਾਬਾ ਜੀ ਦਾ ਵਾਰ ਰਾਮਕਲੀ ਵਿਚ ਕਥਨ ਹੈ ਕਿ ਘਰ ਘਾਟ ਨੂੰ ਤਿਆਗ ਕੇ ਤੇ ਉਦਾਸ ਹੋ ਕੇ ਜੰਗਲਾਂ ਨੂੰ ਨੱਸ ਜਾਣ ਦਾ ਕੋਈ ਲਾਭ ਨਹੀਂ । ਘਰੇਲੂ ਜੀਵਨ ਜਿਉਂਦਿਆਂ ਹੋਇਆਂ ਵੀ ਪਾਪਾਂ ਤੋਂ ਦੂਰ ਰਹਿਣਾ ਅਸਲੀ ਉਦਾਸ ਮਾਰਗ ਹੈ :—

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ,
ਤਿਉ ਵਿਚ ਗਿਰਹ ਉਦਾਸੁ ।

ਰਾਗ ਮਾਰੂ ਦੀਆਂ ਅਸ਼ਟਪਦੀਆਂ ਵਿਚ ਗੁਰੂ ਸਾਹਿਬ ਘਰ ਘਰ ਭਟਕਦੇ ਫਿਰਦੇ ਤਿਆਗੀਆਂ ਦੀ ਮਾਨਸਕ ਦਸ਼ਾ ਨੂੰ ਦਰਸਾਂਦੇ ਨੇ ਕਿ ਪਹਿਲਾਂ ਤੇ ਵਡਿਆਈ ਵਿਚ ਆ ਕੇ ਗ੍ਰਹਸਤ ਦੇ ਦੁੱਖਾਂ ਦੀ ਹਾਲਤ ਵੇਖ ਅਤੇ ਵਿਥਿਆ ਸੁਣਕੇ ਆਪਣੇ ਘਰ ਛੱਡ ਕੇ ਭੱਜ ਜਾਂਦੇ ਨੇ ਪਰ ਬਾਅਦ ਵਿਚ ਸੁਖੀ ਵਸਦੇ ਗ੍ਰਹਸਤੀਆਂ ਦੇ ਸੁਖਾਂ ਨੂੰ ਵੇਖ ਕੇ ਤਰਸਦੇ ਨੇ ਅਤੇ ਇਸ ਤਰ੍ਹਾਂ ਆਤਮਕ ਤਸਕੀਨ ਦੀ ਬਜਾਏ ਤ੍ਰਿਸ਼ਨਾ ਵਿਚ ਵਾਧਾ ਹੁੰਦਾ ਜਾਂਦਾ ਹੈ ਜੋ ਹਰ ਪਾਪ ਦਾ ਮੂਲ ਹੈ :—

ਮਨਮੁਖੁ ਲਹਿਰ ਘਰੁ ਤਜਿ ਵਿਗੁਚੇ,
ਅਵਰਾ ਕੇ ਘਰ ਹੇਰੈ ।
ਗ੍ਰਿਹ ਧਰਮੁ ਗਵਾਏ ਸਤਿਗੁਰ ਨ ਭੇਟੈ,
ਦੁਰਮਤਿ ਘੂੰਮਨ ਘੇਰੈ ।
ਦਿਸੰਤਰ ਭਵੈ ਪਾਠ ਪੜ੍ਹ ਥਾਕਾ,
ਤ੍ਰਿਸ਼ਨਾ ਹੋਇ ਵਧੇਰੈ ।

ਬਾਬਾ ਜੀ ਰਾਮ ਕਲੀ ਵਿਚ ਦੱਸਦੇ ਨੇ ਕਿ ਅਸਲੀ ਜੋਗੀ ਉਹ ਹੈ ਜੋ ਭੋਗੀ ਭਾਵ ਗ੍ਰਹਸਤੀ ਹੁੰਦਾ ਹੋਇਆ ਵੀ ਜੋਗੀਆਂ ਵਾਲੇ ਕੰਮ ਕਰੇ ਤੇ ਆਪਣੇ ਸਰੀਰ ਦੀ ਹੱਡ-ਭੰਨ ਕਮਾਈ ਚੋਂ ਲੋੜਵੰਦਾਂ



Digitized by Panjab Digital Library | www.panjabdigilib.org

ਨੂੰ ਦਾਨ ਦੇ ਕੇ ਆਤਮਕ ਤੇ ਮਾਨਸਕ ਤੌਰ ਤੇ ਏਨਾ ਨਿਰਮਲ ਹੋ ਜਾਂਦਾ ਹੈ ਜਿਵੇਂ ਗੰਗਾ ਦਾ ਨੀਰ :—

ਸੋ ਗਿਰਹੀ ਜੋ ਨਿਗ੍ਰਹੁ ਕਰੈ ।
ਜਪੁ ਤਪੁ ਸੰਜਮੁ ਭੀਖਿਆ ਕਰੈ ।
ਪੁੰਨ ਦਾਨ ਕਾ ਕਰੈ ਸਰੀਰੁ ।
ਸੋ ਗਿਰਹੀ ਗੰਗਾ ਕਾ ਨੀਰੁ ।

ਸਚਿਆਰ ਗੁਰੂ ਨਾਨਕ ਜੀ ਕਹਿੰਦੇ ਨੇ ਕਿ ਮਨੁੱਖ ਨੂੰ ਘਰ ਤਿਆਗਣ ਦੀ ਲੋੜ ਨਹੀਂ। ਸਚਿਆਰ ਬਣਨ ਦੀ ਲੋੜ ਹੈ ਕਿਉਂਕਿ ਸੱਚ ਦੇ ਅੰਮ੍ਰਿਤ ਦੇ ਸਦਕਾ ਸਾਰੇ ਜ਼ਹਿਰਾਂ-ਕਹਿਰਾਂ ਦੇ ਹੁੰਦਿਆਂ ਹੋਇਆਂ ਵੀ ਇਨਸਾਨ ਇਹਨਾਂ ਤੋਂ ਬਚਿਆ ਰਹਿੰਦਾ ਹੈ ਅਤੇ ਧੀਆਂ ਪੁੱਤਰਾਂ ਤੇ ਪਤਨੀ ਦੇ ਨਾਲ ਰਹਿੰਦਾਂ ਹੋਇਆਂ ਵੀ ਮੁਕਤੀ ਪਰਾਪਤ ਕਰਦਾ ਹੈ :—

ਸਚਿ ਸਿਮਰੀਐ ਹੋਵੈ ਪਰਗਾਸੁ ।
ਤਾਤੇ ਬਿਖਿਆ ਮਹਿ ਰਹੇ ਉਦਾਸੁ ।
ਸਤਿਗੁਰ ਕੀ ਐਸੀ ਵਡਿਆਈ ।
ਪੁਤ੍ਰ ਕਲੱਤਰ ਵਿਚ ਗਤਿ ਪਾਈ ।

ਭਾਈ ਗੁਰਦਾਸ ਜੀ ਸਿੱਖ ਧਰਮ ਦੇ ਸਭ ਤੋਂ ਪਹਿਲੇ ਸਿੱਖ ਥੀਆਲੋਜੀਅਨ ਜਾਂ ਧਰਮ-ਵਿਆਖਿਅਕ ਹੋਏ ਹਨ। ਉਹਨਾਂ ਕਈ ਮਿਸਾਲਾਂ ਦੇ ਕੇ ਆਪਣੇ ਤਿੰਨ ਸੌ ਤਹਤਰਵੇਂ ਕਬਿੱਤ ਵਿਚ ਗ੍ਰਹਸਤ ਧਰਮ ਨੂੰ ਸਭ ਤੋਂ ਉੱਤਮ ਧਰਮ ਦੱਸਿਆ ਹੈ :—

ਜੈਸੈ ਸਰ ਸਰਿਤਾ ਸਕਲ ਮੇਂ ਸੰਮੁੰਦ ਬਡੋ,
ਮੇਰ ਮੈਂ ਸੁਮੇਰ ਬਡੋ ਜਗਤ ਬਖਾਨ ਹੈ।
ਤਰੁਵਰ ਵਿਖੇ ਜੈਸੈ ਚੰਦਨ ਬਿਰਖ ਬਡੋ,
ਧਾਤੁ ਮੈ ਦਲਿਕ ਅਤਿ ਉੱਤਮ ਕੈ ਮਾਨ ਹੈ ।
ਪੰਛਨਿ ਮੈਂ ਹੰਸ ਮ੍ਰਿਗ ਰਾਜਨ ਮੈਂ ਸਾਰਦੂਲ,
ਰਾਗਨ ਮੈਂ ਸ੍ਰੀ ਰਾਗ ਪਾਰਸ ਪਖਾਨ ਹੈ ।
ਗਯਾਨਨ ਮੈਂ ਗਯਾਨ ਅਰੁ ਧਿਆਨਨ ਮੈਂ ਧਯਾਨ ਗੁਰੂ,
ਸਕਲ ਧਰਮੋਂ ਗਗ੍ਰਿਹਸਤ ਪ੍ਰਧਾਨ ਹੈ ।

ਸਾਰੀ ਮਨੁੱਖਤਾ ਦਾ ਸਦੀਆਂ ਦਾ ਤਜਰਬਾ ਹੈ, "ਘਰ ਘਰ ਹੀ ਹੈ" ਪੰਜਾਬੀ ਲੋਕ ਆਖਦੇ ਨੇ, "ਬਾਹਰ ਦੀ ਸਾਰੀ ਨਾਲੋਂ ਘਰ ਦੀ ਅੱਧੀ ਚੰਗੀ"। ਨਾਲੇ ਕਹਿੰਦੇ ਨੇ 'ਜਿਹਾ ਸੁਖ ਛੱਜੂ ਦੇ ਚੁਬਾਰੇ, ਨ ਬਲਖ ਨ ਬੁਖਾਰੇ।' ਪਛਮੀ ਦੇਸ਼ਾਂ ਦੀ ਤੇ ਖ਼ਾਸ ਕਰ ਅੰਗ੍ਰੇਜ਼ੀ ਕਹਾਵਤ ਹੈ, "ਈਸਟ ਆਰ ਵੈਸਟ ਹੋਮ ਇਜ਼ ਦਾ ਬੈਸਟ" (ਪੂਰਬ ਜਾਉ ਜਾਂ ਪੱਛਮ, ਸਭ ਤੋਂ ਸੁਖਾਵ ਆਪਨਾ ਘਰ ਹੀ ਹੈ) ਅਨੇਕ ਪੱਛਮੀ ਵਿਦਵਾਨਾਂ ਨੇ ਘਰ ਦੇ ਸੁਚੱਜੇ, ਸੁਖਾਵੇਂ ਤੇ ਸੁਧਰੇ ਜੀਵਨ ਦੀ ਵਡਿਆਈ ਕੀਤੀ



Digitized by Panjab Digital Library | www.panjabdigilib.org

ਹੈ। ਜਰਮਨੀ ਦਾ ਸੰਸਾਰ ਪ੍ਰਸਿਧ ਕਵੀ ਗੋਇਟੇ ਕਹਿੰਦਾ ਹੈ, "ਸੁਲਤਾਨ ਹੋਵੇ ਜਾਂ ਕਿਸਾਨ, ਜੋ ਆਪਣੇ ਘਰ ਵਿਚ ਸੁੱਖੀ ਹੈ, ਉਹ ਸੰਸਾਰ ਦਾ ਸਭ ਤੋਂ ਜ਼ਿਆਦਾ ਖੁਸ਼ ਮਨੁੱਖ ਹੈ।" ਸਪ੍ਰਜੀਅਨ ਲਿਖਦਾ ਹੈ, "ਜੇ ਘਰ ਨੂੰ ਰੱਬ ਦੀ ਰਜ਼ਾ ਮੁਤਾਬਿਕ ਚਲਾਇਆ ਜਾਇ, ਫ਼ਰਿਸ਼ਤਿਆਂ ਨੂੰ ਵੀ ਘਰ ਵਿਚ ਆ ਕੇ ਰਹਿਣ ਲਈ ਬੁਲਾਇਆ ਜਾ ਸਕਦਾ ਹੈ ਅਤੇ ਉਹਨਾਂ ਨੂੰ ਘਰ ਸੁਰਗ ਤੋਂ ਓਪਰਾ ਨਹੀਂ ਲਗਦਾ।" ਈ. ਐਮ. ਚਾਪਿਨ ਦਾ ਕਥਨ ਹੈ, "ਘਰ ਹੋਰ ਸਾਰੀਆਂ ਸੰਸਥਾਵਾਂ ਨੂੰ ਸਿਖਿਆ ਦੇਣ ਵਾਲੀ ਪਾਠਸ਼ਾਲਾ ਹੈ।"

ਸਚਿਆਰ ਗੁਰੂ ਨਾਨਕ ਗ੍ਰਹਸਤੀ ਜ਼ਿੰਦਗੀ ਦੀ ਮਹਾਨਤਾ ਤੇ ਮਹੱਤਤਾ ਨੂੰ ਸਮਝਦੇ ਸਨ ਕਿ ਇਹ ਉਹ ਕੁਠਾਲੀ ਹੈ ਜਿਸ ਵਿਚ ਸਾਰੇ ਮਨੁੱਖੀ ਗੁਣਾਂ ਨੇ ਕੁੰਦਨ ਬਣਨਾ ਹੁੰਦਾ ਹੈ। ਇਸ ਲਈ ੨੩-੨੪ ਸਾਲਾਂ ਦੇ ਸਫ਼ਰ ਮੁਕਾ ਕੇ ਉਹ ਟਿਕਵਾਂ ਤੇ ਘਰੇਲੂ ਜੀਵਨ ਗੁਜ਼ਾਰਣ ਤੇ ਸੱਚ ਖੰਡ ਦੇ ਆਖ਼ਰੀ ਸਫ਼ਰ ਲਈ ਸੰਨ ੧੫੨੧ ਈਸਵੀਂ ਦੇ ਅਖ਼ੀਰ ਵਿਚ ਆਪਣੇ ਟੱਬਰ ਦੇ ਜੀਆਂ ਕੋਲ ਕਰਤਾਰ ਪੁਰ ਆ ਗਏ।



Digitized by Panjab Digital Library | www.panjabdigilib.org

ਕਾਂਡ ਪੰਜਵਾਂ

# ਗੁਰੂ ਨਾਨਕ ਸਾਹਿਬ ਦਾ ਟਿਕਵਾਂ ਘਰੇਲੂ ਜੀਵਨ ਤੇ ਸੱਚ ਖੰਡ ਦਾ ਸਫ਼ਰ

ਸੰਨ ਪੰਦਰਾਂ ਸੌ ਬਾਈ ਈਸਵੀ ਚੜ੍ਹ ਗਿਆ। ਗੁਰੂ ਨਾਨਕ ਸਾਹਿਬ ਤੇ ਮਰਦਾਨਾ ਵਾਪਸ ਕਰਤਾਰਪੁਰ ਆ ਗਏ। ਬਾਬਾ ਜੀ ਦੀ ਵਾਪਸੀ ਦੀ ਖ਼ਬਰ ਸੁਣਕੇ ਦੂਰੋਂ ਨੇੜਿਉਂ ਸ਼ਰਧਾਲੂ ਕਰਤਾਰ-ਪੁਰ ਆਉਣ ਲੱਗੇ। ਗੁਰੂ ਸਾਹਿਬ ਨੇ ਖੇਤੀ ਬਾੜੀ ਦਾ ਕੰਮ ਆਪਣੀ ਹੱਥੀਂ ਸ਼ੁਰੂ ਕੀਤਾ। ਕਰਤਾਰ-ਪੁਰ ਵਾਪਸ ਆਉਣ ਤੋਂ ਕੁਝ ਸਮਾਂ ਬਾਅਦ ਭਾਈ ਮਰਦਾਨਾ ਅਕਾਲ ਚਲਾਣਾ ਕਰ ਗਿਆ ਪਰ ਇਤਿਹਾਸ ਦਸਦਾ ਹੈ ਕਿ ਅੰਤਮ ਸਮੇਂ ਬਾਬਾ ਜੀ ਨੂੰ ਕਹਿ ਗਿਆ ਕਿ ਮੈਂ ਭਾਵੇਂ ਮੁਸਲਮਾਨਾਂ ਦਾ ਪੁੱਤਰ ਹਾਂ, ਮੇਰੀ ਮਿਰਤੂ ਦੇਹ ਦਾ ਸਸਕਾਰ ਕਰਨਾ ਜੋ ਉਸ ਦੀ ਅੰਤਮ ਇੱਛਾ ਅਨੁਸਾਰ ਹੀ ਕੀਤਾ ਗਿਆ ਪਰ ਗਿਆਨ ਰਤਨਾਵਲੀ ਅਨੁਸਾਰ ਰਾਵੀ ਪਾਣੀ ਵਿਚ ਪਰਵਾਹਿਆ ਗਿਆ। ਮਰਦਾਨੇ ਦੀ ਥਾਂ ਉਸ ਦਾ ਪੁੱਤਰ ਜਿਸ ਦਾ ਨਾਂ ਸ਼ਹਿਜ਼ਾਦਾ ਸੀ ਬਾਬਾ ਜੀ ਦੇ ਕੋਲ, ਆਪਣੇ ਪਿਉ ਵਾਂਗੂੰ ਹੀ ਕੀਰਤਨ ਕਰਨ ਲੱਗਾ। ਕਹਿੰਦੇ ਨੇ ਕਿ ਆਖ਼ਰੀ ਸਵਾਸ ਵੇਲੇ ਵੀ ਮਰਦਾਨੇ ਨੇ ਆਪਣੀ ਜ਼ਿੰਦਗੀ ਭਰ ਦੇ ਵਿਸ਼ਵਾਸ਼ ਤੇ ਸੁਭਾਅ ਮੁਤਾਬਿਕ, 'ਸਤਿਕਰਤਾਰ' ਹੀ ਕਿਹਾ। ਮਰਦਾਨੇ ਦੇ ਪਿਤਾ ਦਾ ਨਾਂ ਬਾਦਰਾ ਤੇ ਮਾਤਾ ਦਾ ਨਾਂ ਮਾਈ ਲੱਖੋ ਸੀ। ਬਾਦਰਾ ਚੋਹੰਬੜ ਜ਼ਾਤ ਦਾ ਮਿਰਾਸੀ ਸੀ। ਮਰਦਾਨੇ ਤੋਂ ਪਿਛੋਂ ਉਸ ਦੀ ਔਲਾਦ ਪੀਹੜੀਉ ਪੀਹੜੀ ਗੁਰਬਾਣੀ ਦਾ ਕੀਰਤਨ ਕਰਦੀ ਆ ਰਹੀ ਹੈ ਅਤੇ ਮਰਦਾਨੇ ਦੀ ਰਬਾਬ ਤੋਂ ਇਹਨਾਂ ਦਾ ਨਾਂ ਰਬਾਬੀ ਪੈ ਗਿਆ। ਜਿਵੇਂ ਅਗੇ ਵੀ ਜ਼ਿਕਰ ਕੀਤਾ ਗਿਆ ਹੈ, ਮਰਦਾਨੇ ਨੂੰ ਭਾਈ ਗੁਰਦਾਸ ਵੀ ਰਬਾਬੀ ਕਹਿਕੇ ਯਾਦ ਕਰਦੇ ਨੇ। ਬਗਦਾਦ ਦੀ ਯਾਤਰਾ ਬਾਰੇ ਲਿਖਿਆ ਹੈ :—

ਬਾਬਾ ਗਿਆ ਬਗਦਾਦ ਨੂੰ ਬਾਹਿਰ ਜਾਇ ਕੀਆ ਅਸਥਾਨਾ।
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।

ਗੁਰੂ ਨਾਨਕ ਸਾਹਿਬ ਨੇ ਘਰ ਵਾਪਸ ਆ ਕੇ ਆਪਣਾ ਫ਼ਕੀਰੀ ਬਾਣਾ ਲਾਹ ਦਿੱਤਾ ਤੇ ਆਮ ਪੰਜਾਬੀ ਗ੍ਰਿਹਸਤੀਆਂ ਵਾਲੇ ਕਪੜੇ ਪਾ ਲੈ। ਭਾਈ ਗੁਰਦਾਸ ਦੀ ਵਾਰ ਵਿਚ ਜ਼ਿਕਰ ਹੈ:—



Digitized by Panjab Digital Library | www.panjabdigilib.org

ਬਾਬਾ ਆਇਆ ਕਰਤਾਰਪੁਰਿ ਭੇਖ ਉਦਾਸੀ ਸਗਲ ਉਤਾਰਾ ।
ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ ।

ਗੁਰੂ ਸਾਹਿਬ ਨੇ ਆਪਣੇ ਪੁੱਤਰਾਂ ਤੇ ਹੋਰ ਕਿਰਤੀਆਂ ਤੇ ਸ਼ਰਧਾਲੂਆਂ ਦੇ ਸਾਥ ਵਿਚ ਕਿਸਾਨੀ ਦੇ ਕੰਮ ਨੂੰ ਖੂਬ ਘੁਕਾਇਆ । ਇਸ ਤਰ੍ਹਾਂ ਉਹ ਆਪਣੀ ਹੱਥੀਂ ਕਰੜੀ ਮਿਹਨਤ ਕਰਕੇ ਆਪਣੀ ਵਿਤ ਅਨੁਸਾਰ ਕਮਾਈ ਦਾ ਚੋਖੇ ਤੋਂ ਚੋਖਾ ਹਿੱਸਾ ਲੋੜਵੰਦਾਂ ਦੀ ਝੋਲੀ ਵਿਚ ਪਾਣ ਲੱਗੇ । ਪਹਿਲੀ ਵਾਰ ਉਹਨਾਂ ਇਹ ਕੰਮ ਮੋਦੀਖ਼ਾਨੇ ਦੀ ਨੌਕਰੀ ਦੇ ਸਮੇਂ ਸੁਲਤਾਨਪੁਰ ਵਿਚ ਕੀਤਾ ਸੀ । ਰੁਚੀ ਤੇ ਉਹਨਾਂ ਦੀ ਮੁੱਢੋਂ ਹੀ ਇਹ ਸੀ, ਪਿਤਾ ਦੇ ਵਿਉਪਾਰ ਲਈ ਦਿੱਤੇ ਵੀਹ ਰੁਪੈ ਵੀ ਤੇ ਸੱਚਾ ਸੌਦਾ ਕਰਕੇ, ਭੁੱਖੇ ਮਰਦੇ ਗ਼ਰੀਬਾਂ ਨੂੰ ਹੀ ਖੁਆ ਦਿੱਤੇ ਸਨ ।

ਬਾਬਾ ਜੀ ਨੇ ਲੰਗਰ ਲਾ ਦਿੱਤਾ ਜਿਥੇ ਬਿਨਾਂ ਕਿਸੇ ਕਿਸਮ ਦੇ ਵਿਤਕਰੇ ਦੇ ਸਾਰੇ ਲੋਕ ਇਕੋ ਪੰਗਤ ਵਿਚ ਬਹਿ ਕੇ ਰੋਟੀ ਖਾਂਦੇ । ਦੋਵੇਂ ਵੇਲੇ ਗੁਰਬਾਣੀ ਦਾ ਕੀਰਤਨ ਹੁੰਦਾ । ਸਵੇਰੇ ਜਪੁਜੀ ਸਾਹਿਬ ਤੇ ਆਸਾ ਦੀ ਵਾਰ ਦਾ ਪਾਠ ਹੁੰਦਾ ਤੇ ਸ਼ਾਮ ਨੂੰ ਰਹਿਰਾਸ ਦਾ । ਕਾਫ਼ੀ ਸੰਗਤਾਂ ਆਈਆਂ ਰਹਿੰਦੀਆਂ । ਹਿੰਦੂ, ਮੁਸਲਮਾਨ ਜਾਂ ਊਚ-ਨੀਚ ਦਾ ਕੋਈ ਇਮਤਿਆਜ਼ ਨਹੀਂ ਸੀ । ਇਸ ਤਰ੍ਹਾਂ ਸਰਬ-ਸਾਂਝੀ ਸੰਗਤ ਤੇ ਪੰਗਤ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਆਪਣੀ ਹੱਥੀਂ ਰੱਖੀ । ਉਹ ਸਵੇਰ ਦੇ ਕੀਰਤਨ, ਪਾਠ ਤੇ ਖਾਣ ਪੀਣ ਤੋਂ ਵਿਹਲੇ ਹੋ ਕੇ ਸਣੇ ਆਈਆਂ-ਸੰਗ-ਸੰਗਤਾਂ ਦੇ ਸਾਰਾ ਦਿਨ ਖੇਤਾਂ ਵਿਚ ਕੰਮ ਕਰਦੇ ਤੇ ਸ਼ਾਮ ਨੂੰ ਫਿਰ ਸੰਗਤਾਂ ਰੱਬੀ ਕੀਰਤਨ ਸੁਣ ਤੇ ਰਹਿਰਾਸ ਦਾ ਪਾਠ ਵੀ ਕਰਨ ਜਾਂ ਸੁਣਨ ਵਿਚ ਲੀਨ ਹੋ ਜਾਂਦੀਆਂ ਤੇ ਸੌਣ ਤੋਂ ਪਹਿਲਾਂ ਸਾਰੇ ਕੀਰਤਨ ਸੋਹਿਲੀ ਦਾ ਪਾਠ ਕਰਕੇ ਸੌਂਦੇ । ਇਸੇ ਤਰ੍ਹਾਂ ਸਿੱਖਾਂ ਦੇ ਨਿੱਤ ਨੇਮ ਦੀ ਧਾਰਮਕ ਪਰਣਾਲੀ ਵੀ ਬਾਬਾ ਜੀ ਨੇ ਆਪ ਟੋਰੀ । ਆਈਆਂ ਸੰਗਤਾਂ ਨੂੰ ਉਹਨਾਂ ਦੀ ਵੱਡੀ ਸਿਖਿਆ ਇਹ ਹੁੰਦੀ ਕਿ ਕਿਸੇ ਮਨੁੱਖ ਦਾ ਦਿਲ ਨ ਦੁਖਾਉ, ਇਕ ਰੱਬ ਦਾ ਨਾਂ ਭਾਵੇਂ ਕਿਸੇ ਬੋਲੀ, ਦੇਸ਼ ਜਾਂ ਦਿਸ਼ਾ ਵਿਚ ਲਵੋ, ਪਰਵਾਨ ਹੈ । ਨੇਕ ਕਮਾਈ ਕਰਦਿਆਂ ਰੱਬ ਵੱਲ ਹੀ ਧਿਆਨ ਰੱਖੋ ਤਾਂਕਿ ਮੰਦੀ ਕਮਾਈ ਦੇ ਪਾੜ-ਖਾਣੇ ਬਘਿਆੜ ਤੋਂ ਬੱਚੇ ਰਹੋ । ਇਹਨਾਂ ਸਾਰੀਆਂ ਗੱਲਾਂ ਤੋਂ ਮੈਂ ਤੇ ਇਹ ਸਮਝਿਆ ਹਾਂ ਕਿ ਉਹਨਾਂ ਦੀ ਜਨ-ਸਾਧਾਰਨ ਨੂੰ ਸਾਦੀ ਤੇ ਮੁਟੇਰੀ ਸਿਖਿਆ ਇਹ ਸੀ :—

ਹੱਥ ਕਾਰ ਵੱਲੇ,
ਦਿਨ ਯਾਰ ਵੱਲੇ ।

ਕਰਤਾਰਪੁਰ ਰਹਿ ਕੇ ਸਿੱਖ ਧਰਮ ਦੇ ਮੁੱਢਲੇ ਤਿੰਨ ਅਸੂਲਾਂ ਕਿਰਤ ਕਰਨੀ, ਵੰਡ ਛੱਕਣਾ ਤੇ ਨਾਮ ਜਪਣਾ, ਨੂੰ ਉਹਨਾਂ ਅਮਲੀ ਜਾਮਾ ਪਹਿਨਾਇਆ । ਉਹਨਾਂ ਨੂੰ ਭਲਾ ਦੁਨੀਆਵੀ ਪਦਾਰਥਾਂ ਨਾਲ ਇਹੋ ਜਿਹਾ ਲਗਾਉ ਤੇ ਹੈਸੀ ਹੀ ਨ ਕਿ ਉਹ ਕਮਾਈ ਜੋੜੀ ਜਾਂਦੇ । ਉਹ ਤੇ ਊਚਾਂ ਤੋਂ ਊਚ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਨੀਚਾਂ ਤੋਂ ਨੀਚ ਅਖਵਾਣ ਵਾਲੇ ਤੇ ਸਿਆਣਿਆਂ ਤੋਂ ਸਿਆਣੇ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਇਵਾਣਾ ਤੇ ਸਾਈਂ ਲੋਕ ਅਖਵਾਣ ਵਾਲੇ ਸਨ । ਹੁੰਦਾ ਅਣਹੁੰਦਾ ਸਭ ਲੋੜਵੰਦਾਂ ਗਰੀਬਾਂ ਨੂੰ ਦੇ ਦੇਂਦੇ ਕਿਉਂਕਿ ਨਿਮਰਤਾ ਤੇ ਸੇਵਾ ਨੂੰ ਉਹ ਭਗਤੀ ਦਾ ਸਿਰਾ ਸਮਝਦੇ ਸਨ । ਬਾਬਾ ਫ਼ਰੀਦ ਜੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪਣੇ ੧੨੮ਵੇਂ ਸਲੋਕ ਵਿਚ ਕਹਿੰਦੇ ਨੇ:—



Digitized by Panjab Digital Library | www.panjabdigilib.org

ਮਤਿ ਹੋਂਦੀ ਹੋਇ ਇਆਣਾ ।
ਤਾਣ ਹੋਂਦੇ ਹੋਇ ਨਿਤਾਣਾ ।
ਅਣਹੋਂਦੇ ਆਪੁ ਵੰਡਾਏ ।
ਕੋ ਐਸਾ ਭਗਤੁ ਸਦਾਏ ?
ਇਹੋ ਜਿਹੇ ਭਗਤ ਗੁਰੂ ਨਾਨਕ ਸਾਹਿਬ ਸਨ ।

ਬਾਬਾ ਜੀ ਦੀ ਸ਼ੋਭਾ ਏਨੀ ਫੈਲੀ ਕਿ ਕਈ ਕੱਟੜ ਮੁਸਲਮਾਨ ਵੀ ਹਕੀਕਤ ਨੂੰ ਸਮਝ ਕੇ ਉਹਨਾਂ ਦੇ ਮੁਰੀਦ ਬਣ ਗਏ ਜਿਨ੍ਹਾਂ ਚੋਂ ਸ਼ੇਖ ਸ਼ਲੋ, ਉਬਾਰੇ ਖ਼ਾਂ ਤੇ ਪੀਰ ਅਬਦੁਲ ਰਹਿਮਾਨ ਦੇ ਨਾਂ ਪ੍ਰਸਿੱਧ ਹਨ । ਗੁਰੂ ਸਾਹਿਬ ਦੇ ਸਹੁਰੇ ਪਿੰਡ ਪੱਖੋਕੇ ਰੰਧਾਵਾ ਦਾ ਵੱਡਾ ਚੌਧਰੀ ਅਜਿੱਤਾ ਰੰਧਾਵਾ ਵੀ ਆਪਣਾ ਪਿੰਡ ਛੱਡ ਕੇ ਪੰਗਤ, ਸੰਗਤ, ਸੇਵਾ ਤੇ ਭਗਤੀ ਦੀ ਲੋਰ ਵਿਚ ਕਰਤਾਰ ਪੁਰ ਹੀ ਆ ਗਿਆ । ਬਾਬਾ ਜੀ ਨੇ ਲੋਕਾਂ ਨੂੰ ਪੜ੍ਹਾਨ ਲਈ ਪਾਠਸ਼ਾਲਾ ਵੀ ਖੋਲ੍ਹ ਦਿੱਤਾ ਜਿੱਥੇ ਉਹ ਆਪ ਅਤੇ ਉਹਨਾਂ ਦੇ ਵਿਦਵਾਨ ਸ਼ਰਧਾਲੂ ਹਰ ਜ਼ਾਤ ਦੇ ਬੰਦੇ ਨੂੰ ਵਿਦਿਆ ਦੇਂਦੇ । ਕਰਤਾਰ ਪੁਰ ਵਿਚ ਰਹਿੰਦਿਆਂ ਹੋਇਆਂ ਸਚਿਆਰ ਗੁਰੂ ਨਾਨਕ ਪਾਸ ਆ ਕੇ ਅਨੇਕ ਲੋਕਾਂ ਨੇ ਜ਼ਿੰਦਗੀ ਦੇ ਅਨ੍ਹੇਰੇ ਰਾਹ ਨੂੰ ਸੱਚ ਦਾ ਚਾਨਣ ਪਰਾਪਤ ਕਰਕੇ ਰੋਸ਼ਨ ਕੀਤਾ । ਪਰ ਦੋ ਮਨੁੱਖ ਉਹ ਆਏ ਜਿਨ੍ਹਾਂ ਦਾ ਨਾਂ ਸਿੱਖ ਧਰਮ ਤੇ ਸਿੱਖ ਕੌਮ ਦੇ ਇਤਹਾਸ ਦੇ ਮੁੱਢਲੇ ਸਫ਼ਿਆਂ ਵਿਚ ਹੈ—ਉਹ ਸਨ, ਭਾਈ ਬੁੱਢਾ ਤੇ ਭਾਈ ਲਹਿਣਾ । ਭਾਈ ਬੁੱਢੇ ਦੀ ਘਟਨਾ ਇਸ ਤਰ੍ਹਾਂ ਬੀਤੀ :—

ਬਟਾਲਾ ਤਸੀਲ ਦੇ ਪਹਾੜ ਤੇ ਲਹਿੰਦੇ ਪਾਸੇ ਦੇ ਇਲਾਕੇ ਵਿਚ ਬਾਬਾ ਜੀ ਦੇ ਸਮੇਂ ਤੇ ਹੁਣ ਵੀ ਜ਼ਿਆਦਾ ਰੰਧਾਵੇ ਜੱਟ ਹੀ ਵਸਦੇ ਨੇ । ਭਾਈ ਬੁੱਢਾ ਗੁਰੂ ਸਾਹਿਬ ਦੇ ਕਰਤਾਰ ਪੁਰ ਵਾਪਸ ਆਉਣ ਸਮੇਂ ਮਾਲ ਡੰਗਰ ਚਾਰਨ ਵਾਲਾ ਮੁੰਡਾ ਹੀ ਸੀ । ਇੱਕ ਦਿਨ ਉਹ ਆਪਣਾ ਮਾਲ ਚਾਰਦਾ ਬਾਹਰ ਪੈਲੀਆਂ 'ਚ ਬਾਬਾ ਜੀ ਨੂੰ ਬੜੇ ਆਦਰ ਨਾਲ ਨਮਸਕਾਰ ਕਰਕੇ, ਕੋਲ ਬਹਿ ਗਿਆ । ਲੜਕਾ ਬੜਾ ਪਰਭਾਵ ਸ਼ਾਲੀ ਸੀ । ਪਰ ਬਾਬਾ ਜੀ ਨੂੰ ਜਿਥੇ ਉਹ ਸੋਚਵਾਨ ਜਾਪਿਆ, ਓਥੇ ਉਹ ਨਿਰਾਸ ਵੀ ਮਾਲੂਮ ਹੁੰਦਾ ਸੀ । ਬਾਬਾ ਜੀ ਨੇ ਪੁੱਛਿਆ, "ਕਾਕਾ, ਤੂੰ ਏਨਾ ਮਾਯੂਸ ਕਿਉਂ ਏਂ ?" ਲੜਕੇ ਨੇ ਕਿਹਾ, "ਬਾਬਾ ਜੀ ਮੈਂ ਪਿਛਲੇ ਸਾਲ ਆਪਣੀ ਅਖੀਂ ਵੇਖਿਆ ਸੀ ਕਿ ਮੁਸਲਮਾਨ ਮੁਗਲ ਹਮਲਾਆਵਰ ਆ ਕੇ ਸਾਡੇ ਘਰ ਘਾਟ ਤੇ ਮਾਲ ਮਤਾਅ ਜ਼ਬਰਦਸਤੀ ਲੁੱਟ-ਪੁੱਟ ਕੇ ਲੈ ਗਏ । ਕੋਈ ਵੀ ਉਹਨਾਂ ਨੂੰ ਰੋਕ ਨਹੀਂ ਸਕਿਆ । ਮੈਂ ਸੋਚਦਾ ਹਾਂ ਕਿ ਸਾਧਾਰਨ ਬੰਦਿਆਂ ਦੇ ਜਬਰ ਦਾ ਤੇ ਕੋਈ ਟਾਕਰਾ ਨ ਕਰ ਸਕਿਆ, ਜਮਦੂਤ ਦੇ ਦੰਡ ਨੂੰ ਕੌਣ ਰੋਕੇਗਾ ?" ਬਾਬਾ ਜੀ ਨੇ ਕਿਹਾ "ਕਾਕਾ ਤੇਰਾ ਨਾਂ ਕੀ ਹੈ ? ਤੂੰ ਕਿਥੋਂ ਦਾ ਹੈਂ ?" ਉਸ ਕਿਹਾ ਜੀ ਮੇਰਾ ਨਾਂ ਬੂੜਾ ਹੈ ਤੇ ਮੈਂ ਨਾਲ ਦੇ ਪਿੰਡ ਰਮਦਾਸ ਦਾ ਰਹਿਣ ਵਾਲਾ ਰੰਧਾਵੇ ਜੱਟਾਂ ਦਾ ਪੁੱਤਰ ਹਾਂ । "ਬਾਬਾ ਜੀ ਬੋਲੇ ਤੇਰੀਆਂ ਗੱਲਾਂ ਅੰਞਾਣੇ ਮੁੰਡਿਆ ਵਾਲੀਆਂ ਨਹੀਂ, ਜ਼ਿੰਦਗੀ ਵਿਚ ਹੰਢੇ ਤੇ ਗੁੜ੍ਹੇ ਹੋਏ ਬੁੱਢਿਆਂ ਵਾਲੀਆਂ ਨੇ ।" ਇਸ ਤਰ੍ਹਾਂ ਬੂੜਾ, 'ਬੁੱਢਾ' 'ਬਣ ਗਿਆ ਤੇ ਫਿਰ ਬੁੱਢੇ ਤੋਂ, "ਭਾਈ ਬੁੱਢਾ ਜੀ" ਦੇ ਮਾਨ ਨੂੰ ਪੁੱਜਾ ।

ਭਾਈ ਬੁੱਢੇ ਦੀ ਲਗਨ ਦਿਨੋਂ ਦਿਨ ਵਧਦੀ ਗਈ ਤੇ ਉਸ ਦਾ ਰਹਿਣ ਵੀ ਕਰਤਾਰ ਪੁਰ ਵਿਚ ਆਈਆਂ ਸੰਗਤਾਂ ਵਿਚ ਵਧਦਾ ਗਿਆ । ਬਾਬਾ ਜੀ, ਉਸ ਦੀ ਨਿਮਰਤਾ, ਬੁੱਧੀ ਤੇ ਸੇਵਾ ਭਾਵ ਵੇਖ ਕੇ ਬੜੇ ਖ਼ੁਸ਼ ਸਨ । ਭਾਈ ਬੁੱਢੇ ਨੇ ਗੁਰੂ ਸਾਹਿਬ ਤੋਂ ਗੁਰਮੱਤ ਦੀ ਵਿਦਿਆ ਪਰਾਪਤ



Digitized by Panjab Digital Library | www.panjabdigilib.org

ਕੀਤੀ ਤੇ ਕਰਤਾਰ ਪੁਰ ਵਿਚ ਰਹਿਕੇ ਗੁਰੂ ਸਾਹਿਬ ਤੋਂ ਲਈ ਹੋਈ ਵਿਦਿਆ ਕਈ ਹੋਰ ਸਿੱਖਾਂ ਨੂੰ ਵੀ ਦਿੱਤੀ। ਭਾਈ ਬੁੱਢਾ ਜੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸਿੱਖਾਂ ਵਿਚ ਪਹਿਲੇ ਸਿੱਖ ਵਿਦਵਾਨ ਸਨ। ਗੁਰੂ ਮਹਾਰਾਜ ਤੇ ਸਿੱਖ ਸੰਗਤਾਂ ਦੇ ਸਦਕਾ, ਭਾਈ ਬੁੱਢਾ ਜੀ ਦਾ ਮਾਨ ਦਿਨੋਂ ਦਿਨ ਵੱਧਦਾ ਗਿਆ ਅਤੇ ਗੁਰੂ ਨਾਨਕ ਸਾਹਿਬ ਦੇ ਸਹਿਜ ਸੁਭਾ ਨਿਕਲੇ ਹੋਏ ਬਚਨ ਸੱਚੇ ਨਿਕਲੇ ਤੇ ਉਹਨਾਂ ਦੀ ਉਮਰ ਵੀ ਏਨੀ ਬੁੱਢੀ ਤੇ ਲੰਮੀ ਹੋਈ ਕਿ ਛੇਵੇਂ ਗੁਰੂ ਹਰਿ ਗੋਬਿੰਦ ਤੱਕ ਸਾਰੇ ਗੁਰੂਆਂ ਨੂੰ ਗਦੀ ਮਿਲਣ ਸਮੇਂ ਉਹ ਹੀ ਤਿਲਕ ਲਾਂਦੇ ਰਹੇ। ਏਥੋਂ ਤੱਕ ਕਿ ਗੁਰੂ ਹਰਿਗੋਬਿੰਦ ਜੀ ਦੇ ਜਨਮ ਤੋਂ ਪਹਿਲਾਂ, ਗੁਰੂ ਅਰਜਨ ਦੇਵ ਜੀ ਦੇ ਘਰੋਂ ਮਾਤਾ ਗੰਗਾ ਜੀ, ਪੁੱਤਰ ਦੀ ਦਾਤ ਦੀ ਅਸੀਸ ਲਈ ਹੱਥੀਂ ਰੋਟੀਆਂ ਪਕਾ ਕੇ ਤੇ ਲੱਸੀ ਦਾ ਗੜਵਾ ਆਪਣੇ ਸਿਰ ਤੇ ਚੁੱਕ ਕੇ, ਭਾਈ ਬੁੱਢਾ ਜੀ ਕੋਲ ਗਏ ਸਨ।

ਸੰਨ ਪੰਦਰਾਂ ਸੌ ਤਰੀਹ ਵਿਚ ਅਚਲਵਟਾਲੇ ਦੇ ਸ਼ਿਵਰਾਤਰੀ ਦੇ ਮੇਲੇ ਦੇ ਦਿਨ ਨੇੜੇ ਆ ਗਏ। ਇਹ ਥਾਂ ਬਟਾਲਾ ਸ਼ਹਿਰ ਤੋਂ ਦੋ ਢਾਈ ਮੀਲ ਦੱਖਣ ਵੱਲ ਹੈ। ਏਥੇ ਸ਼ਿਵ ਜੀ ਦਾ ਮੰਦਰ ਹੈ ਜਿਸ ਵਿਚ ਸ਼ਿਵਲਿੰਗ ਦੀ ਪੂਜਾ ਹੁੰਦੀ ਸੀ। ਏਥੇ ਹਜ਼ਾਰਾਂ ਦੀ ਤਾਦਾਦ ਵਿਚ ਲੋਕ ਇਕੱਠੇ ਹੁੰਦੇ ਸਨ। ਉਸ ਸਮੇਂ ਇਹ ਗੋਰਖਨਾਥੀ ਕੰਨ-ਪਾਟੇ ਜੋਗੀਆਂ ਦਾ ਵੀ ਗੜ੍ਹ ਸੀ ਤੇ ਖ਼ਾਸ ਕਰ ਇਸ ਮੇਲੇ ਦੇ ਅਵਸਰ ਉੱਤੇ ਪਹਾੜਾਂ ਦੀਆਂ ਖੁੰਧਰਾਂ ਚੋਂ ਨਿਕਲ ਕੇ ਵੀ ਜੋਗੀ ਆ ਜਾਂਦੇ ਤੇ ਮੇਲੇ ਤੇ ਆਏ ਹੋਏ ਲੋਕਾਂ ਨੂੰ ਕਈ ਕਿਸਮਾਂ ਦੀਆਂ ਕਰਾਮਾਤਾਂ ਵਿਖਾ ਕੇ ਡਰਾਂਦੇ ਤੇ ਭਰਮਾਂਦੇ। ਇਸ ਤਰ੍ਹਾਂ ਉਹ ਲੋਕਾਂ ਤੋਂ ਚੰਗੀ ਮਾਇਆ ਝਾੜਦੇ। ਕਈ ਗ਼ਰੀਬ ਤੇ ਧੇਲੀ-ਪੌਲੀ ਏਸ ਲਈ ਲੈ ਕੇ ਆਉਂਦੇ ਕਿ ਮੇਲੇ ਚੋਂ ਚਾਰ ਰਿਉੜੀਆਂ-ਸ਼ਿਉੜੀਆਂ ਜਾਂ ਹੋਰ ਕੁਝ ਹੀ ਬੱਚਿਆਂ ਦੇ ਖਾਣ ਲਈ ਲੈ ਜਾਵਾਂਗੇ ਪਰ ਉਹ, ਦੇ ਨਾਥਾਂ ਨੂੰ ਜਾਂਦੇ ਕਿਉਂਕਿ ਉਹ ਇਹਨਾਂ ਦੀ ਬਦ-ਦੁਆ ਤੋਂ ਡਰਦੇ ਸਨ। ਉਹਨਾਂ ਦੀਆਂ ਕਰਾਮਾਤਾਂ ਦਾ ਸਭ ਤੋਂ ਬੁਰਾ ਸਮਾਜਕ ਅਸਰ ਇਹ ਸੀ ਕਿ ਕਈ ਲੋਕ ਘਰ ਬਾਰ ਤੇ ਭੁੱਖੇ ਮਰਦੇ ਬੱਚੇ ਤਿਆਗ ਕੇ, ਜੋਗੀਆਂ ਦੇ ਨਾਲ ਹੀ ਸ਼ਟੱਲੀ ਬਣ ਜਾਂਦੇ। ਗੁਰੂ ਸਾਹਿਬ ਨੂੰ ਇਹ ਸਭ ਕੁਝ ਦੱਸਿਆ ਗਿਆ ਤੇ ਨਾਲੇ ਕਰਤਾਰਪੁਰ ਦੀਆਂ ਸਿੱਖ ਸੰਗਤਾਂ ਨੇ ਬੇਨਤੀ ਕੀਤੀ, "ਬਾਬਾ ਜੀ, ਤੁਸੀਂ ਚਾਰ ਕੂੰਟ ਭੌਂ ਕੇ ਪਾਖੰਡ ਦਾ ਭਾਂਡਾ ਭੰਨ ਕੇ ਆਏ ਹੋ ਪਰ ਏਥੇ ਤੁਹਾਡੇ ਗੁਆਂਢ ਵਿਚ ਹੀ ਜੋਗੀਆਂ ਨੇ ਕਰਾਮਾਤਾਂ ਨਾਲ ਲੋਕਾਂ ਨੂੰ ਘਰੋਂ ਬਾਰੋਂ ਪੁੱਟ ਕੇ ਕੁਰਾਹੇ ਪਾਣ ਦਾ ਅਖਾੜਾ ਅਚਲ ਵਟਾਲੇ ਬਣਾਇਆ ਹੋਇਆ ਹੈ। ਓਥੇ ਐਤਕਾਂ ਜ਼ਰੂਰ ਚੱਲੋ।" ਬਾਬਾ ਜੀ ਪਹਿਲਾਂ ਵੀ ਜੋਗੀਆਂ ਨਾਲ ਕਈ ਗੋਸ਼ਟੀਆਂ ਕਰ ਚੁੱਕੇ ਸਨ। ਉਹਨਾਂ ਕਿਹਾ, "ਚੱਲੋਂ ਭਾਈ ਇਸ ਮੇਲੇ ਤੇ ਅਸੀਂ ਵੀ ਜਾਵਾਂਗੇ।"

ਬਾਬਾ ਜੀ ਤੇ ਕੁਝ ਸਿੱਖ ਸੰਗਤਾਂ ਸ਼ਿਵਰਾਤਰੀ ਦੇ ਮੇਲੇ ਅਚਲਵਟਾਲੇ ਗਏ। ਲੋਕ ਤੇ ਜਾ ਕੇ ਸ਼ਿਵਲਿੰਗ ਤੇ ਸ਼ਿਵਜੀ ਦੇ ਬੁੱਤ ਦੀ ਪੂਜਾ ਕਰਦੇ ਸਨ ਤੇ ਨਾਲੇ ਜੋਗੀਆਂ ਨੂੰ ਭੇਟਾ ਦੇ ਕੇ ਆਸ਼ੀਰਵਾਦ ਲੈਂਦੇ ਸਨ ਪਰ ਬਾਬਾ ਜੀ ਦਾ ਨੂਰਾਨੀ ਤੇ ਪਰਤਾਪੀ ਚਿਹਰਾ ਅਤੇ ਕੀਰਤਨ ਦੀ ਮਿੱਠੀ ਧੁੰਨ ਨੇ ਲੋਕਾਂ ਨੂੰ ਮੋਹ ਲਿਆ। ਹਜ਼ਾਰਾਂ ਲੋਕ ਬਾਬਾ ਜੀ ਦੇ ਆਲੇ ਦੁਆਲੇ ਆ ਕੇ ਬਹਿ ਗਏ। ਬਾਬਾ ਜੀ ਦੇ ਕੋਲ ਹੀ ਰਾਸਧਾਰੀਏ ਆ ਕੇ ਰਾਸ ਪਾਉਣ ਲੱਗ ਪਏ। ਲੋਕ ਭਗਤੀਆਂ ਨੂੰ ਮਾਇਆ ਦੇਂਦੇ ਸਨ। ਥੋੜੀ ਦੇਰ ਵਿਚ ਹੀ ਲੋਕ ਜੋਗੀਆਂ ਦੇ ਝੁੰਡਾਂ ਨੂੰ ਛੱਡ ਕੇ ਗੁਰੂ ਸਾਹਿਬ ਕੋਲ



Digitized by Panjab Digital Library | www.panjabdigilib.org

ਆ ਗਏ। ਕਰਾਮਾਤੀ ਜੋਗੀਆਂ ਨੇ ਇਸ ਵਿਚ ਆਪਣੀ ਕਮਾਈ ਤੇ ਮਾਣਤਾ, ਦੋਹਾਂ ਦੀ ਹਾਨੀ ਹੁੰਦੀ ਵੇਖੀ ਜਿਸ ਦਾ ਇਕ ਕਾਰਨ ਇਹ ਵੀ ਸੀ ਕਿ ਗੁਰੂ ਸਾਹਿਬ ਦੇ ਨਾਲ ਕੀਰਤਨੀਏਂ ਜਾਂ ਭਗਤੀਆਂ ਨੂੰ ਲੋਕਾਂ ਬਹੁਤ ਮਾਇਆ ਚੜ੍ਹਾਈ। ਇਸ ਲਈ ਉਹਨਾਂ ਬੜੀ ਖੁਣਸ ਖਾਧੀ ਤੇ ਬਾਬਾ ਜੀ ਦੇ ਲੱਗੇ ਹੋਏ ਦੀਵਾਨ ਵਿਚ ਗੜਬੜ ਕਰਨੀ ਚਾਹੀ। ਆਪਣੀਆਂ ਕਰਾਮਾਤਾਂ ਨਾਲ ਬਾਬਾ ਜੀ ਨੂੰ ਲੋਕਾਂ ਦੇ ਸਾਹਮਣੇ ਨੀਵਾਂ ਵਖਾਉਣ ਦਾ ਜਤਨ ਕੀਤਾ। ਚੜ੍ਹਾਵੇ ਵਾਲਾ ਲੋਟਾ ਉਹਨਾਂ ਸੱਚ ਮੁੱਚ ਲੁਕਾ ਲਿਆ ਜੋ ਗੁਰੂ ਜੀ ਨੇ ਲਭ ਲਿਆ ਤੇ ਸਿੱਧ ਬੜੇ ਸ਼ਰਮਿੰਦੇ ਹੋਏ। ਇਸ ਦੇ ਬਾਅਦ ਉਹਨਾਂ ਗੁਰੂ ਸਾਹਿਬ ਨਾਲ ਬੜੀ ਦਾਰਸ਼ਨਕ ਜਾਂ ਫ਼ਿਲਾਸਫ਼ੀਕਲ ਬਹਿਸ ਕੀਤੀ। ਬਾਬਾ ਜੀ ਲਈ ਉਹ ਨਵੇਂ ਨਹੀਂ ਸਨ ਕਿਉਂਕਿ ਇਸ ਤੋਂ ਪਹਿਲਾਂ ਉਹ ਗੋਰਖਮਤੇ, ਮਾਨਸਰੋਵਰ, ਕਜਲੀਬਨ ਤੇਗੋਰਖਹਟੜੀ, ਟੋਹ ਚੁੱਕੇ ਸਨ ਕਿ ਜੋਗੀ ਕਿੰਨੇ ਕੁ ਪਾਣੀ ਵਿਚ ਨੇ। ਉਹ ਇਹ ਵੀ ਸਮਝਦੇ ਸਨ ਕਿ ਨਾਥ ਜਾਂ ਸਿੱਧ ਕਰਾਮਾਤਾਂ ਦੇ ਕੰਦਲਿਆਂ ਦੀ ਕੈਦ ਵਿਚ ਆਪਣੀ ਮੁਕਤੀ, ਦੇਸ਼ ਤੇ ਮਨੁੱਖਤਾ ਦੀ ਭਲਾਈ ਅਤੇ ਆਤਮਕ ਉੱਨਤੀ ਦੇ ਰਾਹ ਵਿਚ ਕੰਡੇ ਬੀਜ ਰਹੇ ਨੇ। ਉਹਨਾਂ ਕੋਲ ਸਭ ਤੋਂ ਵੱਡਾ ਹਥਿਆਰ ਕਰਾਮਾਤਾਂ ਜਾਂ ਰਿੱਧੀਆਂ ਸਿੱਧੀਆਂ ਸਨ ਜਿਨ੍ਹਾਂ ਦੀ ਵੁਕਅਤ ਬਾਬਾ ਜੀ ਮਦਾਰੀ ਦੇ ਤਮਾਸ਼ੇ ਤੋਂ ਜ਼ਿਆਦਾ ਨਹੀਂ ਸਨ ਸਮਝਦੇ ਕਿਉਂਕਿ ਬਾਬਾ ਜੀ ਕੋਲ ਵਾਹਿਗੁਰੂ ਦੀ ਸਭ ਤੋਂ ਸ਼ਕਤੀਮਾਨ, ਦਾਨ-ਨਾਮ, ਕਿਰਤ ਕਮਾਈ ਤੇ ਅਮਲੀ ਜੀਵਨ ਦੀ ਘਾਲਨਾ ਸੀ। ਬਾਬਾ ਜੀ ਨੇ ਜੋਗੀਆਂ ਦੇ ਸਵਾਲਾਂ ਦੇ ਐਸੇ ਠੋਕਵੇਂ ਤੇ ਲਾਜਵਾਬ ਜਵਾਬ ਦਿੱਤੇ ਕਿ ਉਹ ਠਿੱਠ ਹੋ ਗਏ।

ਗੁਰੂ ਜੀ ਨੇ ਜੋਗੀਆਂ ਨੂੰ ਦੱਸਿਆ, "ਤੁਹਾਡੀਆਂ ਰਿੱਧੀਆਂ ਸਿੱਧੀਆਂ ਦਾ ਰੱਬ ਦੇ ਘਰ ਕੌਡੀ ਮੁੱਲ ਨਹੀਂ ਤੇ ਨ ਹੀ ਇਹਨਾਂ ਦਾ ਮਨੁੱਖਤਾ ਤੇ ਦੇਸ਼ ਨੂੰ ਕੋਈ ਲਾਭ ਹੈ। ਤੁਸੀਂ ਤੇ ਸਗੋਂ ਵਿਹਲੜ ਲਬੜ-ਕੱਟੇ ਹੋਣ ਦੇ ਕਾਰਨ ਸਮਾਜ ਤੇ ਭਾਰ ਹੋ। ਸੱਚੇ ਨਾਮ ਦੇ ਆਸਰੇ ਤੇ ਅਸੀਂ ਤੇ ਇਹਨਾਂ ਨੂੰ, "ਰਿਧਿ ਸਿਧਿ ਅਵਰਾ ਸਾਦ" ਆਖਦੇ ਹਾਂ ਭਾਵ ਇਹ ਮਨੁੱਖ ਨੂੰ ਹੋਰ ਫਜ਼ੂਲ ਸਵਾਦਾਂ ਵਿਚ ਗ਼ਰਕ ਕਰਦੀਆਂ ਨੇ। ਆਉ ਰੱਬ ਦੀ "ਧੁਰ ਕੀ" ਬਾਨੀ ਦਾ ਕੀਰਤਨ ਸੁਣੋ ਤੇ ਮੈਂ ਤੁਹਾਨੂੰ ਯਕੀਨ ਦਿਵਾਂਦਾ ਹਾਂ ਕਿ ਮੇਰੇ ਕੋਲ ਰੱਬ ਦੇ ਸੱਚੇ ਨਾਮ ਤੋਂ ਬਿਨਾਂ ਹੋਰ ਕੋਈ ਕਰਾਮਾਤ ਨਹੀਂ ਤੇ ਨ ਮੈਨੂੰ ਇਹਨਾਂ ਦੀ ਲੋੜ ਹੈ। ਰਿਧੀਆਂ ਸਿੱਧੀਆਂ ਦੀਆਂ ਸ਼ਕਤੀਆਂ ਤੇ ਨਾਮ ਦੀਆਂ ਨਿਕਚੀਆਂ-ਨਿਮਾਣੀਆਂ ਦਾਸੀਆਂ ਨੇ। ਜੇਕਰ ਮੈਂ ਏਡਾ ਵਡਾ ਕਰਾਮਾਤੀ ਹੋ ਜਾਵਾਂ ਕਿ ਮੈਂ ਅੱਗ ਦੇ ਕਪੜੇ ਪਾਵਾਂ, ਬਰਫ਼ ਦੇ ਘਰ ਵਿਚ ਰਹਾਂ, ਲੋਹੇ ਨੂੰ ਚਬਾ ਕੇ ਭੋਜਨ ਬਣਾ ਲਵਾਂ, ਸੰਸਾਰ ਦੀਆਂ ਸਾਰੀਆਂ ਮੁਸੀਬਤਾਂ ਪਾਣੀ ਦੀ ਡੀਕ ਵਾਂਗੂੰ ਪੀ ਕੇ ਮੁਕਾ ਛੱਡਾਂ। ਇਕ ਰੱਤੀ ਤਰਕੜੀ ਦੇ ਛਾਬੇ ਵਿਚ ਧਰ ਕੇ ਆਕਾਸ਼ ਤੋਲ ਲਵਾਂ। ਮੇਰਾ ਸਰੀਰ ਏਨਾ ਵਡਾ ਹੋ ਜਾਏ ਕਿ ਮੈਂ ਸੰਸਾਰ ਵਿਚ ਪੂਰਾ ਹੀ ਨ ਆ ਸੱਕਾਂ ਤੇ ਧਰਤੀ ਸਾਰੀ ਹੂੰਗਰ ਜਾਂ ਹੁਕਮ ਅੱਗੇ ਭੱਜੀ ਫਿਰੇ, ਸ਼ਕਤੀ ਜਾਂ ਇਖਤਿਆਰ ਵੀ ਮੇਰੇ ਕੋਲ ਏਨਾ ਹੋਵੇ ਕਿ ਜੋ ਕੁਝ ਜਿਵੇਂ ਤੇ ਜਿਸ ਨੂੰ ਵੀ ਆਖਾਂ, ਕਰਵਾ ਸਕਾਂ, ਫਿਰ ਵੀ ਮੈਂ ਸਮਝਦਾ ਹਾਂ ਕਿ ਇਸ ਵਿਚ ਮੇਰੀ ਆਪਣੀ ਕੋਈ ਬਹਾਦਰੀ ਨਹੀਂ, ਇਹ ਤੇ ਅਕਾਲ ਪੁਰਖ ਦੀਆਂ ਦਾਤਾਂ ਨੇ ਅਤੇ ਇਹੋ ਜਿਹੀਆਂ ਰਿਧੀਆਂ ਸਿਧੀਆਂ ਦੀਆਂ ਦਾਤਾਂ ਨੂੰ ਮੈਂ ਸੱਚੇ ਨਾਮ ਦੀ ਵਡਿਆਈ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ ਸਮਝਦਾ।" ਫਿਰ ਬਾਬਾ ਜੀ ਨੇ ਰਾਗ ਮਾਝ ਦੀ ਵਾਰ ਦਾ ਇਹ ਸ਼ਬਦ ਗਾਇਨ ਕੀਤਾ :—



Digitized by Panjab Digital Library | www.panjabdigilib.org

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨ ਸਾਰੁ ਕਰਾਈ ।
ਸਗਲੇ ਦੂਖ ਪਾਣੀ ਕਰਿ ਪੀਵਾਂ ਧਰਤੀ ਹਾਕ ਚਲਾਈ ।
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ।
ਏਵਡ ਵਧਾਂ ਮਾਵਾਂ ਨਾਹੀ ਸਭ ਸੈ ਨਥ ਚਲਾਈ ।
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭੀ ਆਖ ਕਰਾਈ ।
ਜੇਵਡੁ ਸਾਹਿਬ ਤੇਵਡ ਦਾਤੀ ਦੇ ਦੇ ਕਰੇ ਰਜਾਈ ।
ਨਾਨਕ ਨਦਰਿ ਕਰੇ ਜਿਸ ਉਪਰ ਸਚਿ ਨਾਮਿ ਵਡਿਆਈ ।

ਜੋਗੀਆਂ ਦੀ ਫਟਕੜੀ ਫੁੱਲ ਹੋ ਗਈ । ਨਿਰੁੱਤਰ ਹੋ ਕੇ ਬਾਬਾ ਜੀ ਦੀ ਸ਼ਰਣ ਆਏ ਤੇ ਸੈਂਕੜੇ ਲੋਕਾਂ ਨੇ ਬਾਬਾ ਜੀ ਦੀ ਸਿੱਖੀ ਧਾਰਨ ਕੀਤੀ ।

ਇਸ ਘਟਨਾ ਨੂੰ ਭਾਈ ਗੁਰਦਾਸ ਜੀ ਇਸ ਤਰ੍ਹਾਂ ਬਿਆਨ ਕਰਦੇ ਨੇ :—
ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲਵਟਾਲੇ ਆਈ ।
ਦਰਸ਼ਨ ਦੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ ।
ਲਗੀ ਬਰਸਨ ਲੱਛਮੀ ਰਿੱਧ ਸਿੱਧ ਨਉਨਿੱਧ ਸਵਾਈ ।
ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸਕ ਘਨੇਰੀ ਖਾਈ ।
ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਿਆ ਛੁਪਾਈ ।
ਭਗਤੀਆਂ ਗਈ ਭਗਤ ਭੁਲ ਲੋਟੇ ਅੰਦਰ ਸੁਰਤ ਭੁਲਾਈ ।
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ ।
ਵੇਖ ਚਲਿਤ੍ਰ ਜੋਗੀ ਖੁਣਸਾਈ (੨੯)

ਬਾਬਾ ਜੀ ਦੇ ਕਰਾਮਾਤੀ ਜੋਗੀਆਂ ਨੂੰ ਆਖਰੀ ਜਵਾਬ ਬਾਰੇ ਭਾਈ ਸਾਹਿਬ ਲਿਖਦੇ ਨੇ :—

ਬਾਬਾ ਬੋਲੇ ਨਾਥ ਜੀ, ਸ਼ਬਦ ਸੁਨਹੁ ਸਚ ਮੁਖਹੁ ਅਲਾਈ ।
ਬਾਝਹੁ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਂਹੀ ।
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ ।
ਬਸਤਰ ਪਹਿਰੋਂ ਅਗਨਿ ਕੇ ਬਰਫ ਹਮਾਲੇ ਅੰਦਰ ਛਾਂਈ,
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ ।
ਤੋਲੀ ਧਰਤ ਅਕਾਸ਼ ਦੋਇ ਪਿੱਛੇ ਛਾਬੇ ਟੰਕ ਚੜ੍ਹਾਈ ।
ਇਹ ਬਲ ਰਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ ।
ਸਤਿਨਾਮ ਬਿਨ ਬਾਦਰ ਛਾਈ । (੪੩)

ਅਚਲ ਵਟਾਲੇ ਤੋਂ ਬਾਬਾ ਜੀ ਵਾਪਸ ਕਰਤਾਰ ਪੁਰ ਜਾਣ ਦੀ ਬਜਾਏ ਮੁਲਤਾਨ ਨੂੰ ਟੁਰ ਗਏ ਕਿਉਂਕਿ ਮੁਲਤਾਨ ਵੀ ਅਚਲਵਟਾਲੇ ਵਾਂਗੂੰ ਮੁਸਲਮਾਨ ਪੀਰਾਂ ਫਕੀਰਾਂ ਦੀ ਭਰਮਾਰ ਤੇ ਖਿੱਚੋਤਾਨ ਤੇ ਤੰਗਦਿਲੀ ਦਾ ਗੜ੍ਹ ਬਣਿਆ ਹੋਇਆ ਸੀ । ਮੁਲਤਾਨ ਦਾ ਪਰਾਚੀਨ ਸਮੇਂ ਤੋਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੱਕ ਦਾ ਸੰਖੇਪ ਜਿਹਾ ਇਤਿਹਾਸਕ ਪਿਛੋਕੜ ਦਸਣਾ ਦਿਲਚਸਪ ਸਾਬਤ ਹੋਵੇਗਾ ।



Digitized by Panjab Digital Library | www.panjabdigilib.org

ਮੁਲਤਾਨ ਓਦੋਂ ਹਿੰਦੁਸਤਾਨ ਤੇ ਹੁਣ ਪਛਮੀ ਪਾਕਿਸਤਾਨ ਦਾ ਹੀ ਬਹੁਤ ਪੁਰਾਣਾ ਸ਼ਹਿਰ ਨਹੀਂ ਸਗੋਂ ਸਾਰੀ ਦੁਨੀਆਂ ਦੇ ਬਹੁਤ ਪੁਰਾਣੇ ਸ਼ਹਿਰਾਂ ਵਿਚੋਂ ਹੈ। ਪ੍ਰਾਚੀਨ ਸਮੇਂ ਵਿਚ ਇਸ ਦਾ ਨਾਂ ਕੇਸ਼ਪ ਪੁਰ ਸੀ। ਕੇਸ਼ਪ ਮਨੂੰ ਦੇ ਸੱਤਾਂ ਪੁੱਤਰਾਂ ਵਿਚੋਂ ਇਕ ਸੀ। ਭਾਰਤ ਦਾ ਪ੍ਰਾਚੀਨ ਇਤਿਹਾਸ ਦਸਦਾ ਹੈ ਕਿ ਮੁਲਤਾਨ ਦਾ ਸ਼ਬਦ 'ਮਾਲੀ ਸਥਾਨ' ਤੋਂ ਵਿਗੜ ਕੇ ਬਣਿਆ ਹੈ ਕਿਉਂਕਿ ਏਥੇ ਮਾਲੀ ਕੌਮ ਰਹਿੰਦੀ ਸੀ। ਹੀਰੋਡੋਟਸ ਅਨੁਸਾਰ ਬਾਦਸ਼ਾਹ ਦਾਰਾ ਨੇ ਭਾਰਤ ਤੇ ਹਮਲਾ ਕਰਨ ਤੋਂ ਪਹਿਲਾਂ ਸਕਾਈਲੈਕਸ ਕਰਯਾਂਦੀਅਨ ਨੂੰ ਦਰਿਆ ਸਿੰਧ ਦਾ ਦਹਾਨਾ ਲਭਣ ਲਈ ਭੇਜਿਆ ਤਾਂ ਉਸ ਨੇ ਮੁਲਤਾਨ ਸ਼ਹਿਰ ਦੀ ਵਸੋਂ ਦਾ ਜ਼ਿਕਰ ਕੀਤਾ ਸੀ। ਹੀਰੋਡੋਟਸ ਤੇ ਟਾਲਮੇਂ ਮੁਤਾਬਿਕ ਉਦੋਂ ਮਾਲਿਸਥਾਨ ਦਰਿਆ ਰਾਵੀ ਤੇ ਝਨਾਂ ਦੇ ਸੰਗਮ ਤੇ ਵਸਦਾ ਸੀ। ਸਿਕੰਦਰ ਦੇ ਹਮਲੇ ਸਮੇਂ ਮਾਲੀ ਕੌਮ ਨੇ ਬੜਾ ਸਖ਼ਤ ਟਾਕਰਾ ਕੀਤਾ ਪਰ ਅੰਤ ਹਾਰ ਗਈ ਤੇ ਸਿਕੰਦਰ ਇਸ ਦਾ ਪ੍ਰਬੰਧ ਫ਼ਿਲਪ ਨੂੰ ਸੌਂਪ ਕੇ ਵਾਪਸ ਚਲਾ ਗਿਆ। ਇਸ ਦੇ ਬਾਅਦ ਇਹ ਮਘਦ ਦੇ ਰਾਜ ਹੇਠਾਂ ਵੀ ਰਿਹਾ ਤੇ ਫਿਰ ਕਸ਼ਮੀਰੀ ਰਾਜ ਵਿਚ ਵੀ। ਖ਼ਿਆਲ ਹੈ ਕਿ ਜਿਨ੍ਹਾਂ ਬਿਉਪਾਰੀਆਂ ਦਾ ਜ਼ਿਕਰ ਅੰਜੀਲ ਦੇ ਜੈਨੇਸਿਜ਼ ਜਾਂ ਉਤਪਤੀ ਦੇ ਕਾਂਡ ਵਿਚ ਹੈ, ਉਹ ਮੁਲਤਾਨ ਰਾਹੀਂ ਹੀ ਲੰਕਾ ਤੱਕ ਤਜਾਰਤ ਕਰਦੇ ਸਨ। ਕਈ ਮੁਸਲਮਾਨ ਇਤਿਹਾਸਕਾਰਾਂ ਅਨੁਸਾਰ ਉਸ ਵੇਲੇ ਮੁਲਤਾਨ ਦਾ ਰਾਜਾ ਛਛ ਬ੍ਰਾਹਮਣ ਸੀ ਜਿਸ ਨੇ ਸਿੰਧ ਦਾ ਰਾਜ ਸਾਂਸੀ ਰਾਏ ਜਾਂ ਸਾਹਸੀ ਰਾਏ ਤੋਂ ਖੋਹਿਆ ਸੀ ਜਿਸ ਨੂੰ ਪੰਜਾਬ ਦੇ ਕਈ ਸਾਂਸੀ ਆਪਣਾ ਵਡਾਰੂ ਸਮਝਦੇ ਹਨ। ਪਹਿਲਾਂ ਇਹ ਸ਼ਹਿਰ ਰਾਵੀ ਦੇ ਕੰਢੇ ਤੇ ਸੀ ਜਿਸ ਦਾ ਸਬੂਤ ਸੂਰਜ ਕੁੰਡ ਮੰਦਰ ਦੇ ਆਲੇ ਦੁਆਲੇ ਦੇ ਵਿਸ਼ਾਲ ਖੰਡਰਾਂ-ਖੋਲਿਆਂ ਤੋਂ ਮਿਲਦਾ ਹੈ। ਸਤਵੀਂ ਜਾਂ ਅਠਵੀਂ ਸਦੀ ਈਸਵੀ ਤੋਂ ਦਰਿਆ ਨੇ ਆਪਣਾ ਵਹਿਣ ਬਦਲ ਕੇ ਦੁਰਾਡਾ ਕਰ ਲਿਆ ਹੈ। ਕਈ ਲੇਖਕਾਂ ਦਾ ਖ਼ਿਆਲ ਹੈ ਕਿ ਮੁਲਤਾਨ ਦਾ ਅਰਥ ਹੈ, 'ਸੂਰਜ ਦੇਵਤਾ ਦੇ ਮੰਦਰ ਦੀ ਨਗਰੀ' ਮੋਲੋ-ਸਥਾਨ-ਪੁਰ ਰਾਜੇ ਛੱਛ ਦੇ ਸਮੇਂ ਦੇ 650 ਈਸਵੀ ਦੇ ਇਤਿਹਾਸ ਵਿਚ ਮੁਲਤਾਨ ਤੇ ਸਿੱਕਾ ਨੂੰ ਇਕੋ ਸਮਝ ਕੇ ਮੁਲਤਾਨ-ਸ਼ਕਾ ਲਿਖਿਆ ਗਿਆ ਹੈ।

ਰਾਜੇ ਛੱਛ ਦੇ ਰਾਜ ਦੇ ਅੰਤ ਸਮੇਂ ਮੁਲਤਾਨ ਤੇ ਪਹਿਲਾ ਮੁਸਲਮਾਨ ਹਮਲਾ ਹਰਾਸ ਨੇ ਸੰਨ ੬੫੯ ਈਸਵੀ ਵਿਚ ਕੀਤਾ। ਇਸ ਦੇ ਬਾਅਦ ਕਈ ਹਮਲੇ ਹੋਏ ਪਰ ਮੁਲਤਾਨ ਅਮਨਾ-ਅਮਾਨ ਵਸਦਾ ਰਿਹਾ। ਅਸਲੀ ਗੱਲ ਉਦੋਂ ਛਿੜੀ ਜਦੋਂ ਖਲੀਫ਼ਾ ਵਾਲਿਦ ਲਈ ਲੰਕਾ ਤੋਂ ਲੈ ਕੇ ਜਾਂਦੇ ਤੁਹਫ਼ਿਆਂ ਵਾਲੇ ਜਹਾਜ਼ ਨੂੰ ਦੇਵਲ ਜਾਂ ਸੱਸੀ ਦੇ ਜਨਮ-ਸ਼ਹਿਰ ਭੰਬੋਰ ਦੇ ਜਹਾਜ਼ਾਂ ਨੇ ਹਮਲਾ ਕਰਕੇ ਲੁਟਿਆਂ। ਖ਼ਲੀਫ਼ਾ ਵਾਲਿਦ ਨੇ ਮੁਹੰਮਦ ਬਿਨ ਕਾਸਿਮ ਸ਼ਕਫ਼ੀ ਨੂੰ ਹਮਲਾ ਕਰਨ ਭੇਜਿਆ ਜਿਸ ਨੇ ਸੱਖਰ ਦੇ ਨੇੜੇ ਦੇ ਸ਼ਹਿਰ ਬਰਾਹਮਣ ਆਬਾਦ ਦੇ ਰਾਜੇ ਦਾਹਰ ਨੂੰ ਮਾਰਿਆ। ਰਾਜ ਲੁਟਿਆ ਤੇ ਉਸਦੀਆਂ ਦੋ ਜਵਾਨ ਤੇ ਹੁਸੀਨ ਕੁੜੀਆਂ ਤੁਹਫ਼ੇ ਦੇ ਤੌਰ ਤੇ ਖ਼ਲੀਫ਼ਾ ਵਾਲਿਦ ਲਈ ਲੈ ਗਿਆ। ਇਸ ਦੇ ਬਾਅਦ ਉਸ ਨੇ ਮੁਲਤਾਨ ਦੇ ਰਾਜੇ ਬਝਰਾਤਕੀ ਨੂੰ ਜ਼ੋਰ ਕਰਕੇ ਮੁਲਤਾਨ ਵੀ ਲੁਟਿਆ। ਉਦੋਂ ਮੁਲਤਾਨ ਵਿਚ ਸੂਰਜ ਦੇਵਤੇ ਦਾ ਬੁੱਤ ਸੀ ਜਿਸ ਦੀਆਂ ਅੱਖੀਂ ਕੀਮਤੀ ਹੀਰਿਆਂ ਦੀਆਂ ਸਨ। ਕਾਸਮ ਨੇ ਬੁੱਤ ਨਾ ਤੋੜਿਆ ਕਿਉਂਕਿ ਇਸ ਤੋਂ ਹਿੰਦੂਆਂ ਦੇ ਚੜ੍ਹਾਵਿਆਂ ਦੀ ਉਸ ਨੂੰ ਬੜੀ ਆਮਦਨ ਹੋ ਗਈ। ਸੰਨ ੭੧੬ ਈਸਵੀ ਵਿਚ



Digitized by Panjab Digital Library | www.panjabdigilib.org

ਮੁਸਲਮਾਨਾਂ ਨੇ ਇਹ ਬੁੱਤ ਭੰਨ ਤੋੜ ਦਿੱਤਾ। ਦੋ ਸਦੀਆਂ ਪਿਛੋਂ ਹਿੰਦੂਆਂ ਫਿਰ ਬੁੱਤ ਬਣਾਇਆ ਪਰ ਔਰੰਗਜ਼ੇਬ ਨੇ ਤੋੜ ਦਿੱਤਾ। ਸੰਨ ੧੮੧੮ ਈਸਵੀ ਵਿਚ ਸਿੱਖਾਂ ਦੇ ਮੁਲਤਾਨ ਦੇ ਹਮਲੇ ਸਮੇਂ ਬੁੱਤ ਉਥੇ ਕੋਈ ਨਹੀਂ ਸੀ ਤੇ ੧੮੫੨ ਤਕ ਤੇ ਇਸ ਦੇ ਅਸਥਾਨ ਦਾ ਥਹੁ ਪਤਾ ਵੀ ਨਹੀਂ ਸੀ ਲਗਦਾ। ਕਿਆਸ ਹੈ ਕਿ ਇਸ ਦਾ ਮੰਦਰ ਉਥੇ ਸੀ ਜਿਥੇ ਔਰੰਗਜ਼ੇਬ ਨੇ ਜਾਮਿਆ ਮਸਜਿਦ ਬਣਵਾਈ। ਸਿੱਖਾਂ ਨੇ ਹਮਲੇ ਸਮੇਂ ਇਸ ਨੂੰ ਗੋਲਾ ਬਾਰੂਦ ਰੱਖਣ ਲਈ ਵਰਤਿਆ ਤੇ ਬਾਰੂਦ ਫਟਣ ਦੇ ਕਾਰਨ ਇਸ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ।

ਮੁਹੰਮਦ ਬਿਨ ਕਾਸਮ ਤੋਂ ਪਿਛੋਂ ਮੁਲਤਾਨ ਵਿਚ ਖਲੀਫ਼ਿਆਂ ਦਾ ਰਾਜਸੀ ਜ਼ੋਰ ਘਟਣਾ ਸ਼ੁਰੂ ਹੋ ਗਿਆ ਤੇ ੮੭੧ ਈਸਵੀ ਵਿਚ ਖਿਲਾਫ਼ਤ ਦਾ ਦਬਾ ਖ਼ਤਮ ਹੋ ਗਿਆ। ਇਸ ਦੇ ਬਾਅਦ ਸਿੰਧ ਵੀ ਉਸ ਸਮੇਂ ਦੇ ਆਜ਼ਾਦ ਇਲਾਕੇ ਜਾਂ ਰਾਜ ਮਾਨਸੇਹਰਾ ਵਾਂਗੂੰ ਮੁਲਤਾਨ ਵੀ ਆਜ਼ਾਦ ਰਾਜ ਬਣ ਗਿਆ। ਸੰਨ ੯੧੫ ਈਸਵੀ ਦੇ ਮੁਲਤਾਨ ਦੇ ਅਮੀਰ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਅਰਬ ਦੇ ਕੁਰੇਸ਼ ਖ਼ਾਨਦਾਨ 'ਚੋਂ ਦਸਿਆ ਗਿਆ ਹੈ—ਅਬੂ-ਅਲ-ਦਹਾਲਤ-ਅਲ-ਮੁਨਾਭਾ। ਉਸ ਅਮੀਰ ਦੇ ਰਾਜ ਦਾ ਇਲਾਕਾ ਬੜਾ ਵਿਸ਼ਾਲ ਦਸਿਆ ਜਾਂਦਾ ਹੈ—ਖੁਰਾਸਾਨ ਦੀ ਹੱਦ ਤੋਂ ਕਨੌਜ ਵੀ ਉਸ ਦੇ ਰਾਜ ਵਿਚ ਸੀ ਤੇ ਕਹਿੰਦੇ ਨੇ ਉਸ ਦੇ ਰਾਜ ਵਿਚ ੧,੨੦੦੦ ਪਿੰਡ ਸਨ। ਸੂਰਜ ਦੇਵਤੇ ਦਾ ਮੰਦਰ ਅਜੇ ਕਾਇਮ ਸੀ ਤੇ ਉਸਨੂੰ ਬੜੀ ਆਮਦਨੀ ਦੇਂਦਾ ਸੀ।

ਮੁਲਤਾਨ ਦੀ ਆਜ਼ਾਦੀ ੮੭੬ ਈਸਵੀ ਵਿਚ ਖੁਸ ਗਈ ਜਦੋਂ ਗਜ਼ਨੀ ਖ਼ਾਨਦਾਨ ਦੇ ਮਾਤਹਿਤ ਹਮੀਦ ਖਾਂ ਲੋਧੀ ਨੂੰ ਇਸ ਦਾ ਗਵਰਨਰ ਲਾਇਆ ਗਿਆ ਕਿਉਂਕਿ ਗਜ਼ਨਵੀਆਂ ਨੇ ਇਸ ਸਾਲ ਮਾਨਸੇਹਰਾ ਤੇ ਮੁਲਤਾਨ ਦੋਹਾਂ ਤੇ ਕਬਜ਼ਾ ਕਰ ਲਿਆ। ਕੁਝ ਸਮਾਂ ਉਸ ਗਵਰਨਰ ਨੇ ਲਾਹੌਰ ਫ਼ਤਹ ਕਰਣ ਵਾਲੇ ਸਬੁਗਤਦੀਨ ਦੇ ਪੁੱਤਰ ਮੁਹੰਮਦ ਦੀ ਤਾਇਤ ਮੰਨੀ ਜਿਸ ਨੇ ਲਾਹੌਰ ਦੇ ਰਾਜੇ ਅਨੰਗ ਪਾਲ ਨੂੰ ਵੀ ਹਰਾਇਆ ਸੀ। ਫਿਰ ਇਹ ਸਿੰਧ ਵਿਚ ਹਿੰਦੂ ਸਮਰਾਜ ਰਾਜਦੂਤਾਂ ਦੀ ਨਵੀਂ ਉਠੀ ਰਾਜਸੀ ਤਾਕਤ ਦਾ ਬਾਜਗੁਜ਼ਾਰ ਬਣ ਗਿਆ। ਇਸ ਘਟਨਾ ਦਾ ਇਤਿਹਾਸ ਉਜਲਾ ਨਹੀਂ ਮਲੂਟਾ ਹੈ। ਹਾਂ, ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਸੰਨ ੧੧੯੩ ਈਸਵੀ ਤਕ ਮੁਲਤਾਨ ਤੇ ਮੁਸਲਮਾਨਾਂ ਨੇ ਪੂਰਾ ਕਬਜ਼ਾ ਕਰ ਲਿਆ ਤੇ ਖ਼ਾਸ ਕਰ ਉਦੋਂ ਜਦੋਂ ਮੁਅੱਜ਼ਦੀਨ-ਬਿਨ-ਸ਼ਾਮ ਨੇ ਜਿਸ ਨੂੰ ਸ਼ਹਾਬੁੱਦੀਨ ਗੌਰੀ ਆਖਦੇ ਨੇ, ਦਿਲੀ ਦੇ ਰਾਏ ਪਿਥੌਰਾ ਨੂੰ ਹਰਾਇਆ। ਇਸ ਤੋਂ ਵੀਹ ਸਾਲ ਬਾਅਦ ਸ਼ਮਸੁੱਦੀਨ ਅਲਤਮਸ਼ ਨੇ ਮੁਲਤਾਨ ਤੇ ਹਮਲਾ ਕੀਤਾ ਤੇ ਨਾਸਰੁੱਦੀਨ ਜਾਨ ਬਚਾ ਕੇ ਜਾਂਦਾ ਬੇੜੀ 'ਚੋਂ ਸਿੰਧ ਪਾਰ ਕਰਦਾ ਹੋਇਆ ਡੁੱਬ ਕੇ ਮਰ ਗਿਆ। ਇਸ ਦੇ ਬਾਅਦ ੧੭੦ ਸਾਲ ਮੁਲਤਾਨ ਦਿੱਲੀ ਦੇ ਬਾਦਸ਼ਾਹਾਂ ਦੇ ਮਾਤਹਿਤ ਰਿਹਾ ਪਰ ਤਿਮਰਲਿੰਗ ਦੇ ਹਮਲੇ ਤੋਂ ਥੋੜ੍ਹਾ ਸਮਾਂ ਬਾਅਦ ਹੀ ੧੫੨੬ ਵਿਚ ਬਾਬਰ ਨੇ ਇਬਰਾਹੀਮ ਲੋਧੀ ਤੋਂ ਦਿੱਲੀ ਦਾ ਤਖ਼ਤ ਖੋਹ ਕੇ, ਮੁਲਤਾਨ ਤੇ ਕਬਜ਼ਾ ਕਰ ਲਿਆ।

ਮੁਲਤਾਨ ਹੀ ਪ੍ਰਹਿਲਾਦ ਭਗਤ, ਉਸ ਦੇ ਪਿਉ ਹਰਨਾਕਸ਼ ਤੇ ਉਸ ਦੇ ਪਿਉ ਦਾਦੇ ਦੀ ਜਨਮ ਭੂਮੀ ਸੀ। ਮੁਲਤਾਨ ਇਸਲਾਮ ਦਾ ਹਿੰਦੁਸਤਾਨ ਵਿਚ ਸਭ ਤੋਂ ਪਹਿਲਾ ਅੱਡਾ ਬਣਿਆ



Digitized by Panjab Digital Library | www.panjabdigilib.org

ਤੇ ਏਥੋਂ ਹੀ ਹੌਲੀ ਹੌਲੀ ਇਸਲਾਮ ਸਾਰੇ ਮੁਲਕ ਵਿਚ ਫੈਲਿਆ । ਏਨੇ ਪੁਰਾਣੇ ਸ਼ਹਿਰ ਵਿਚ ਜਿੱਥੇ ਕਿੰਨੀ ਵਾਰੀ ਵਸੋਂ ਉੱਜੜ ਉੱਜੜ ਕੇ ਵਸੀ ਹੋਵੇ ਤੇ ਜਿੱਥੇ ਹਜ਼ਾਰਾਂ ਸਾਲਾ ਤੋਂ ਅਣ-ਗਿਣਤ ਰਿਸ਼ੀ, ਮੁਨੀ, ਸਾਧ, ਸੰਤ, ਬਾਦਸ਼ਾਹ, ਵਜ਼ੀਰ, ਫ਼ਕੀਰ, ਪੀਰ ਤੇ ਦਰਵੇਸ਼ ਆਦਿ ਹੁੰਦੇ ਰਹੇ ਹੋਣ ਉਹਨਾਂ ਦੀਆਂ ਸਮਾਧਾਂ, ਮਕਬਰੇ, ਹੁਜਰੇ, ਰੌਜ਼ੇ, ਖ਼ਾਨਕਾਹਾਂ ਤੇ ਫ਼ਿਰਕਿਆਂ ਦਾ ਵੀ ਇਹੋ ਹਿਸਾਬ ਹੁੰਦਾ ਹੈ । ਕਿੰਨੀਆਂ ਸਦੀਆਂ ਤੋਂ ਪੰਜਾਬ ਦੇ ਲੋਕ ਮੁਲਤਾਨ ਨੂੰ 'ਪੀਰੀ ਪੁਰ ਮੁਲਤਾਨ' ਹੀ ਆਖਦੇ ਰਹੇ ਨੇ । ਹਜ਼ਰਤ ਸ਼ੇਖ ਜ਼ਕਰੀਆ ਮੁਲਤਾਨੀ, ਬਾਬਾ ਫ਼ਰੀਦ ਸ਼ੰਕਰਗੰਜ ਤੇ ਉਸ ਦੇ ਮੁਰਸ਼ਦ ਹਜ਼ਰਤ ਖ਼ਾਜਾ, ਕੁਤਬੁੱਦੀਨ ਬਖ਼ਤਿਆਰ ਕਾਕੀ ਨੇ ਜਿਨ੍ਹਾਂ ਨੂੰ ਹਿੰਦੁਸਤਾਨ ਵਿਚ ਇਸਲਾਮ ਫੈਲਾਣ ਦਾ ਫ਼ਖਰ ਹਾਸਲ ਹੈ, ਆਪਣੀ ਮਜ਼ਬੀ ਤਬਲੀਗ ਤੇ ਤਾਲੀਮ ਦਾ ਕੰਮ ਮੁਲਤਾਨ ਤੋਂ ਹੀ ਸ਼ੁਰੂ ਕੀਤਾ । ਸ਼ੌਕਤ ਅਲੀ ਫਹਿਮੀ ਆਪਣੀ ਕਿਤਾਬ, 'ਹਿੰਦ ਔਰ ਪਾਕਿਸਤਾਨ ਦੇ ਔਲੀਆ' ਦੇ ਸਫ਼ਾ ੮੪ ਤੇ, ਹਿੰਦੁਸਤਾਨ ਵਿਚ ਇਸਲਾਮ ਫੈਲਣ ਬਾਰੇ ਲਿਖਦਾ ਹੈ, "ਹਜ਼ਰਤ ਸ਼ੇਖ ਜ਼ਕਰੀਆ ਮੁਲਤਾਨੀ ਔਰ ਬਾਬਾ ਫ਼ਰੀਦ ਦੀਨ ਸ਼ੰਕਰਗੰਜ ਰਹਿਮਤ ਅੱਲਾ ਅਲੱਯਾ ਜੋ ਹਮਅਸਰ ਥੇ, ਇਨ ਦੋਨੋਂ ਬਜ਼ੁਰਗੋਂ ਨੇ ਇਸ ਇੰਨਤਹਾ ਕੋ ਪਹੁੰਚਾਣੇ ਕੇ ਬਾਅਦ ਇਸ ਬੱਰੇ ਆਜ਼ਮ ਮੇਂ ਰੂਹਾਨੀਅਤ ਕੀ ਵੁਹ ਜਲਵਾ ਫ਼ਰਮਾਈ ਕੀ ਜਿਸ ਸੇ ਆਜ ਤਕ ਹਿੰਦੁਸਤਾਨ ਔਰ ਪਾਕਿਸਤਾਨ ਕੇ ਕਰੋੜੋਂ ਬਾਸ਼ਿੰਦੇ ਫ਼ੈਜ਼ ਹਾਸਲ ਕਰ ਰਹੇ ਹੈਂ ਔਰ ਜਿਨ ਕੀ ਤਜੱਲਯੋਂ ਸੇ ਆਜ ਭੀ ਯਿਹ ਦੋਨੋਂ ਮੁਮਲਕਾਤੇਂ ਜਗਮਗਾ ਰਹੀ ਹੈਂ ।" ਇਹਨਾਂ ਦੋਹਾਂ ਤੋਂ ਛੁੱਟ ਮੁਲਤਾਨ ਤੇ ਸ਼ੇਖਉਲ ਮਸ਼ਾਇਖ ਹਜ਼ਰਤ ਸ਼ਹਾਬੁੱਦੀਨ ਸੁਹਰਵਰਦੀ, ਜਮਵੀ, ਸ਼ੇਖ ਅਹੱਦੁੱ-ਦੀਨ ਕਿਰਮਾਨੀ, ਸ਼ੇਖ ਫ਼ਰੀਦੁੱਦੀਨ ਅੱਤਾਰ ਨੇਸ਼ਾਪੁਰੀ ਤੇ ਸ਼ੇਖ ਬਹਾਉਦੀਨ ਜ਼ਕਰੀਆ ਮੁਲਤਾਨੀ ਦਾ ਮੁਲਤਾਨ ਦੇ ਲੋਕਾਂ ਤੇ ਸਿੱਧਾ ਪਰਭਾਵ ਸੀ । ਮੁਲਤਾਨ ਦੇ ਆਪਣੇ ਇਸਲਾਮੀ ਤਾਲੀਮ ਦੇ ਮਦਰਸਿਆਂ ਤੋਂ ਛੁੱਟ ਇਸ ਦੇ ਨੇੜੇ ਉੱਚ ਤੇ ਪਾਕਪਟਨ ਜਿਹੇ ਇਸਲਾਮੀ ਕੇਂਦਰ ਸਨ । ਸੌ ਹੱਥ ਰੱਸਾ ਤੇ ਸਿਰੇ ਤੇ ਗੰਢ—ਮੁਲਤਾਨ ਵਿਚ ਏਨੇ ਪੀਰ, ਫ਼ਕੀਰ, ਦਰਵੇਸ਼, ਮਕਬਰੇ, ਮਜ਼ਾਰ ਤੇ ਕਬਰਾਂ ਸਨ ਕਿ ਪੀਰਾਂ ਫ਼ਕੀਰਾਂ ਤੇ ਮਜ਼ਾਵਰਾਂ ਨੂੰ ਰੂਹਾਨੀ ਉੱਨਤੀ ਤੇ ਇਕ ਪਾਸੇ ਦੋ ਵੇਲੇ ਰੋਟੀ ਮਿਲਣ ਦਾ ਵੀ ਬੜਾ ਭਾਰੀ ਮਸਲਾ ਬਣਿਆ ਹੋਇਆ ਸੀ । ਜਿਥੇ ਮੁਲਤਾਨ ਦੀਆਂ ਅਨ੍ਹੇਰੀਆਂ ਦੀ ਗਰਦ ਜਾਂ ਘੱਟਾ ਮਿੱਟੀ ਤੇ ਗਰਮੀ ਦਾ ਜ਼ਿਕਰ ਹੈ ਉਥੇ ਕਿਸੇ ਫ਼ਾਰਸੀ ਦੇ ਸ਼ਾਇਰ ਨੇ ਫ਼ਕੀਰਾਂ ਤੇ ਕਬਰਸਤਾਨਾਂ ਦਾ ਜ਼ਿਕਰ ਵੀ ਕੀਤਾ ਹੈ :—

ਚਹਾਰ ਚੀਜ਼ ਮਸ਼ਹੂਰ ਅਸਤ ਅਜ਼ ਮੁਲਤਾਨ,
ਗਰਦ, ਗਰਮਾ, ਗਦਾ, ਗੋਰਸਤਾਨ ।

ਮੁਲਤਾਨ ਵਿਚ ਪਿਆਰ ਦੀ ਥਾਂ ਫ਼ਕੀਰਾਂ ਜਾਂ ਦਰਵੇਸ਼ਾਂ ਦੀ ਪਰਸਪਰ ਦੁਬਿਧਾ ਏਨੀ ਵੱਧ ਚੁਕੀ ਸੀ ਕਿ ਉਹ ਇਕ ਦੂਜੇ ਨੂੰ ਵੇਖ ਨਹੀਂ ਸਨ ਸੁਖਾਂਦੇ ਅਤੇ ਖ਼ਾਸ ਕਰ ਬਾਹਰੋਂ ਆਏ ਫ਼ਕੀਰ ਨੂੰ ਤੇ ਚਾਹੁੰਦੇ ਸਨ ਕਿ ਮੁਲਤਾਨ ਵਿਚ ਵੜੇ ਹੀ ਨ ਮਤੇ ਕਿਤੇ ਸਾਡੀ ਥਾਂ ਨਾ ਮੱਲ ਬੈਠੇ । ਇਕੱਠੇ ਰਹਿਣ ਦੀ ਤੰਗਦਲੀ ਤੋਂ ਛੁੱਟ, ਉਹਨਾਂ ਵਿਚ ਵਿਚਾਰਕ ਵਿਰੋਧਤਾ ਵੀ ਗੱਲਾਂ ਵੱਢ ਵੈਰ ਵਾਲੀ ਸੀ । ਇਹੋ ਜਹੀ ਹਾਲਤ ਨੂੰ ਸੁਣ ਕੇ ਹੀ ਤੇ ਬਾਬਾ ਜੀ ਅਚਲ ਵਟਾਲੇ ਤੋਂ



Digitized by Panjab Digital Library | www.panjabdigilib.org

ਮੁਲਤਾਨ ਗਏ ਸਨ ਤਾਕਿ ਏਥੋਂ ਦੇ ਲੜ-ਮਰ ਰਹੇ ਪੀਰਾਂ, ਫ਼ਕੀਰਾਂ ਨੂੰ ਵੀ ਸੱਚ ਤੇ ਸੁਲਹ ਸਫ਼ਾਈ ਦਾ ਸੁਨੇਹਾ ਦੇ ਆਉਣ ।

ਗੁਰੂ ਨਾਨਕ ਸਾਹਿਬ ਮੁਲਤਾਨ ਗਏ ਤੇ ਪਹਿਲਾਂ ਪ੍ਰਿਹਲਾਦ ਭਗਤ ਤੇ ਸ਼ੇਖ ਸ਼ਮਸ ਤਬਰੇਜ਼ ਦੀਆਂ ਯਾਦਗਾਰਾਂ ਵੇਖੀਆਂ । ਉਹ ਸ਼ਹਿਰ ਦੇ ਬਾਹਰਵਾਰ ਬਹਿ ਗਏ । ਲੋਕ ਬਾਬਾ ਜੀ ਦੇ ਦਰਸ਼ਨ ਕਰਨ ਆਉਂਦੇ ਤੇ ਨਿਹਾਲ ਹੁੰਦੇ । ਉਹਨਾਂ ਦੀ ਸ਼ੋਭਾ ਤੇ ਪਹਿਲਾਂ ਹੀ ਬਹੁਤ ਖਿਲਰ ਚੁੱਕੀ ਸੀ । ਜਦੋਂ ਉਹਨਾਂ ਨੂੰ ਮੁਲਤਾਨ ਠਹਿਰਿਆਂ ਹੋਇਆ ਕੁਝ ਦਿਨ ਗੁਜ਼ਰ ਗਏ ਤਾਂ ਹਜ਼ਾਰਾਂ ਦੀ ਤਾਦਾਦ ਵਿਚ ਰੋਜ਼ ਲੋਕ ਉਹਨਾਂ ਦੇ ਟਿਕਾਣੇ ਤੇ ਆਉਂਦੇ ਤੇ ਭਰਮਾਂ-ਭੁਲੇਖਿਆਂ ਨੂੰ ਭੰਨਣ ਵਾਲੇ ਬਚਨ ਤੇ ਸਿੱਖਮਤ ਲੈ ਕੇ ਧੰਨ ਧੰਨ ਕਰਦੇ ਜਾਂਦੇ ਕਿਉਂਕਿ ਗੁਰੂ ਸਾਹਿਬ ਵਿਚ ਨ ਕੋਈ ਲੋਭ ਸੀ ਨ ਲਾਲਚ, ਨ ਕਿਸੇ ਖ਼ਾਸ ਮਜ਼ਬ ਜਾਂ ਫਿਰਕੇ ਦੇ ਤਅੱਸਬ ਦਾ ਤਾਪ ਚੜ੍ਹਿਆ ਹੋਇਆ ਸੀ ਅਤੇ ਨ ਹੀ ਨਿਰਾ ਭੇਖ ਧਾਰਕੇ ਖਾਣ-ਪੀਣ ਦਾ ਟਰਪੱਲ ਬਣਾਇਆ ਹੋਇਆ ਸੀ । ਉਹ ਤੇ ਸਿੱਧੇ-ਸਾਦੇ ਤੇ ਸੱਚੇ ਸੰਤ-ਸਿਪਾਹੀ ਸਨ । ਮੁਲਤਾਨ ਦੇ ਦਰਵੇਸ਼ਾਂ ਦੀ ਆਮ ਹਾਲਤ ਇਸ ਤੋਂ ਉਲਟ ਸੀ । ਉਹ ਤੇ ਭੋਲੇ ਲੋਕਾਂ ਨੂੰ ਛੂਮੰਤਰ, ਟੂਣੇ-ਟੰਜਰਾਂ ਤੇ ਕਰਾਮਾਤਾਂ ਨਾਲ ਡਰਾ ਕੇ ਮੌਜਾਂ ਲੁੱਟ ਰਹੇ ਸਨ । ਉਹਨਾਂ ਨੂੰ ਆਪਣਾ ਪਾਜ ਉਘੜਦਾ ਨਜ਼ਰ ਆਇਆ । ਉਹਨਾਂ ਸਾਰਿਆਂ ਸੋਚਿਆ ਕਿ ਇਹ ਦਰਵੇਸ਼ ਵੀ ਮੁਲਤਾਨ ਵਿਚ ਹੀ ਆਪਣਾ ਅੱਡਾ ਨ ਜਮਾ ਲਏ ਤੇ ਇਸ ਤਰ੍ਹਾਂ ਨਿਰਾ ਸਾਡਾ ਬਣਿਆ ਬਣਾਇਆ ਭੜ ਹੀ ਨ ਭੱਜ ਜਾਏ, ਸਗੋਂ ਲੋਕਾਂ ਦੀਆਂ ਅੱਖੀਂ ਵਿਚ ਬੇਇਜ਼ਤ ਹੋਕੇ ਗਿਰ ਹੀ ਨ ਜਾਈਏ । ਉਹਨਾਂ ਗੁਰੂ ਨਾਨਕ ਸਾਹਿਬ ਦੀ ਰੂਹਾਨੀ ਕਮਾਈ ਬਾਰੇ ਕਾਫ਼ੀ ਕੁਝ ਸੁਣਿਆ ਹੋਇਆ ਸੀ ਇਸ ਲਈ ਖੁਲ੍ਹਾ, ਝਗੜਾ ਕਰਨਾ ਉਹ ਅਯੋਗ ਸਮਝਦੇ ਸਨ । ਫ਼ਕੀਰਾਂ ਵਾਲੀ ਕਿਸੇ ਗੁੱਝੀ ਰਮਜ਼ ਨਾਲ ਬਾਬਾ ਜੀ ਨੂੰ ਮੁਲਤਾਨੋਂ ਜਿੰਨੀ ਛੇਤੀ ਹੋ ਸਕੇ ਕੱਢਣਾ ਚਾਹੁੰਦੇ ਸਨ । ਇਕ ਦਿਨ ਸਭ ਨੇ ਬਾਹਰ ਉਸ ਬਾਗੀਚੇ ਕੋਲ ਜਿਥੇ ਬਾਬਾ ਜੀ ਬੈਠੇ ਹੋਏ ਸਨ, ਨੱਕੋ-ਨੱਕ ਭਰ ਕੇ ਇੱਕ ਦੁੱਧ ਦਾ ਕਟੋਰਾ ਬਾਬਾ ਜੀ ਨੂੰ ਭੇਜਿਆ । ਕਟੋਰਾ ਏਨਾ ਭਰਿਆ ਹੋਇਆ ਸੀ ਕਿ ਉਸ ਵਿਚ ਡੁਲ੍ਹ ਕੇ ਭੋਏਂ ਤੇ ਡਿਗਨੋਂ ਬਿਨਾਂ, ਹੋਰ ਇਕ ਚੋਇਆ ਵੀ ਨਹੀਂ ਸੀ ਪੈ ਸਕਦਾ । ਗੁਰੂ ਸਾਹਿਬ ਇਹੋ ਜਿਹੇ ਦੁੱਧ ਦੇ ਮਜਨੂੰਆਂ ਨੂੰ ਚੰਗੀ ਤਰ੍ਹਾਂ ਸਮਝਦੇ ਸਨ । ਫ਼ਕੀਰਾਂ ਦੀਆਂ ਰਮਜ਼ਾਂ ਫ਼ਕੀਰ ਹੀ ਸਮਝਦੇ ਨੇ । ਬਾਬਾ ਜੀ ਮੁਸਕਰਾਏ ਤੇ ਕੋਲੋਂ ਚੰਬੇਲੀ ਦੇ ਬੂਟੇ ਨਾਲੋਂ ਇਕ ਫੁੱਲ ਤਰੋੜ ਕੇ ਦੁੱਧ ਦੇ ਕਟੋਰੇ ਵਿਚ ਪਾ ਕੇ ਕਟੋਰਾ ਵਾਪਸ ਫ਼ਕੀਰਾਂ ਦੇ ਵਡੇ ਪੀਰ ਕੋਲ ਭੇਜ ਦਿੱਤਾ । ਇਸ ਤਰ੍ਹਾਂ ਦੁੱਧ ਵੀ ਨ ਡੁੱਲ੍ਹਾ ਪਰ ਕਟੋਰੇ ਵਿਚ ਇੱਕ ਹੋਰ ਬੜੀ ਸੁੰਦਰ, ਅੱਖੀਂ, ਦਿਲ ਤੇ ਦਿਮਾਗ ਨੂੰ ਭਾਉਣ ਤੇ ਸੁਗੰਧਤ ਕਰਨ ਵਾਲੀ ਸ਼ੈ ਦਾ ਵਾਧਾ ਵੀ ਹੋ ਗਿਆ ।

ਦੁੱਧ ਤੇ ਤਰਦੇ ਚੰਬੇ ਦੇ ਫੁੱਲ ਨੂੰ ਵੇਖ ਕੇ ਫ਼ਕੀਰ ਤੇ ਪੀਰ ਸਾਰੇ ਹੈਰਾਨ ਤੇ ਲਾਜਵਾਬ ਹੋ ਗਏ ਅਤੇ ਪੀਰ ਤੇ ਬਾਬਾ ਜੀ ਦੀ ਬਜ਼ੁਰਗੀ ਦਾ ਕਾਇਲ ਹੀ ਹੋ ਗਿਆ । ਪੀਰ ਬਹੁਤ ਸਾਰੇ ਦਰਵੇਸ਼ਾਂ ਸਮੇਤ ਗੁਰੂ ਸਾਹਿਬ ਕੋਲ ਟੁਰ ਕੇ ਆਇਆ ਤੇ ਅਦਬ ਨਾਲ ਮਿਲ ਕੇ ਬਾਬਾ ਜੀ ਨਾਲ ਰੂਹਾਨੀ ਬਚਨ ਬਿਲਾਸ ਕੀਤੇ । ਗੁਰੂ ਸਾਹਿਬ ਨੇ ਬੜੀ ਨਿਮਰਤਾ ਨਾਲ



Digitized by Panjab Digital Library | www.panjabdigilib.org

ਕਿਹਾ, "ਪੀਰ ਜੀ, ਮੈਂ ਮੁਲਤਾਨ ਕਿਸੇ ਗੱਦੀ ਦੀ ਮੱਲ ਮਾਰਨ ਨਹੀਂ ਆਇਆ। ਮੈਂ ਤੇ ਤੁਹਾਡੇ ਜਿਹੇ ਗਦੀ-ਨਸ਼ੀਨਾਂ ਦੇ ਦਰਸ਼ਣ ਕਰਨ ਆਇਆ ਸਾਂ ਤੇ ਨਾਲੇ ਵੇਖਣ ਕਿ ਜਿਸ ਸ਼ਹਿਰ ਵਿੱਚ ਮੁਰੀਦ, ਦਰਵੇਸ਼ ਤੇ ਪੀਰ-ਫ਼ਕੀਰ ਏਨੇ ਜ਼ਿਆਦਾ ਨੇ ਉੱਥੇ ਕੀ ਹਾਲ ਹੈ? ਮੈਂ ਤੇ ਏਥੇ ਏਨੀ ਤੰਗਦਿਲੀ ਵੇਖ ਕੇ ਬੜਾ ਦੁਖੀ ਹੋਇਆ ਹਾਂ। ਫ਼ਕੀਰ ਨੂੰ ਰਹਿਣ ਬਹਿਣ ਦੀਆਂ ਮੱਲਾਂ ਮਾਰਨ ਨਾਲ ਕੀ ਵਾਸਤਾ? ਤੁਸਾਂ ਲੋਕਾਂ ਨੇ ਹੀ ਤੇ ਦੁਨੀਆਂਦਾਰਾਂ ਨੂੰ ਇਕੱਠਾ ਮਿਲ ਕੇ ਤੇ ਪ੍ਰੇਮ-ਪਿਆਰ ਨਾਲ ਰਹਿਣ ਦੀ ਸਿੱਖਿਆ ਦੇਣੀ ਤੇ ਜਾਚ ਦੱਸਣੀ ਹੈ। ਪਰ ਤੁਸੀਂ ਆਪ ਹੀ ਦੁਬਿੱਧਾ ਦੀ ਅੱਗ ਨਾਲ ਸੜ ਰਹੇ ਹੋ। ਜੇ ਦਿਲ ਦਾ ਵਿਹੜਾ ਵਿਸ਼ਾਲ ਹੋਵੇ ਤਾਂ ਥਾਂ ਦੀ ਤੰਗੀ ਜਾਂ ਵੁਸਅਤ ਕੋਈ ਅਰਥ ਨਹੀਂ ਰਖਦੀ ਤੇ ਜੇ ਦਿਲ ਵਿੱਚ ਦੁਬਿੱਧਾ, ਹੰਕਾਰ, ਢਿੱਡ-ਵਿਗੁੱਤੀ ਤੇ ਬਰਦਾਸ਼ਤ ਦੀ ਸੌੜ ਹੋਵੇ ਤਾਂ ਤੇ ਮਨੁੱਖ ਸੱਕੇ ਤੋਂ ਸੱਕੇ ਨੂੰ ਵੀ ਆਖ ਉਠਦਾ ਹੈ, "ਵਿਹੜੇ ਵੜਿਆ ਭਾਵੇ ਨ ਤੇ ਕੁੱਛੜ ਬਹੇ ਨਲੱਜ"। ਜ਼ਿੰਦਗੀ ਦਾ ਇਹ ਵਤੀਰਾ ਗ਼ਲਤ ਹੈ। ਤੁਸੀਂ ਇਸਲਾਮ ਦੇ ਅਸੂਲਾਂ ਤੇ ਨਹੀਂ ਚੱਲ ਰਹੇ। ਮੈਂ ਇਕ ਪਰਦੇਸੀ ਮੁਸਾਫਰ ਹਾਂ। ਮੁਸਾਫਰਾਂ ਦੀ ਖ਼ਿਦਮਤ ਤੇ ਖਿੜੇ ਮੱਥੇ ਪਰਾਹੁਣਚਾਰੀ ਬਾਰੇ ਖ਼ੁਦਾ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਕਿਹਾ ਸੀ ਕਿ ਜੋ ਮੁਸਲਮਾਨ ਤੇਰੇ ਤੋਂ ਪੁੱਛਣ ਉਹਨਾਂ ਨੂੰ ਦੱਸੋ, "ਜੋ ਵੀ ਖ਼ਰਚ ਕਰੋ ਉਸ ਵਿਚੋਂ ਮਾਪਿਆਂ, ਯਤੀਮਾਂ ਤੇ ਲੋੜਵੰਦਾਂ ਦਾ ਜ਼ਰੂਰ ਖ਼ਿਆਲ ਰੱਖੋ ਪਰ ਸਭ ਤੋਂ ਪਹਿਲਾਂ ਹੱਕ ਮੁਸਾਫ਼ਰਾਂ ਜਾਂ ਪਰਦੇਸੀਆਂ ਦਾ ਹੈ। ਜੋ ਭਲਾ ਕੰਮ ਵੀ ਤੁਸੀਂ ਕਰੋਗੇ, ਅੱਲਾ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹੈ" (ਯਸ ਔਲੂਨਾ-ਕਾ ਮ-ਆ-ਜ਼ਾ ਯੂਣਫਿਕੂਨ ਕੁਲ ਮ-ਅ-ਅਨ ਫ਼ਕਤੁਮ ਮਿੰਨ-ਖ਼ੈਰਿਨ ਫਲਿਨ ਵਾਲਦੈਨੇ ਵਾ-ਅਲ ਅਕਰਬੀਨਾ ਵਾ-ਅਲ ਯਤੀਮ ਵਾ ਅਲਮਸਾਕੀਨੇ ਵਾ ਅਬੱਨਸਬੀਲ ਵਾ ਮਾ ਤਫ਼ਅਲੂ ਅਮਿਨ ਖ਼ੈਰਿਨ ਫ਼ਾ-ਇੱਨਲਾਹ ਬਿਹੀ ਅਲੀਮੈ (ਕੁਰਾਨ ਸ਼ਰੀਫ, ਸੂਰਤੁੱਲ ਬਕਰ, ਸ਼ੇਅਰ ੨੧੨, ਰਕੂਅ ੨੬)।

ਮੁਲਤਾਨ ਦਾ ਵਡਾ ਪੀਰ ਤੇ ਸੈਂਕੜੇ ਦਰਵੇਸ਼, ਬਾਬਾ ਜੀ ਦੇ ਆਰਫ਼ਾਨਾ ਤੇ ਹਾਤਿਫ਼ਾਨਾ ਵਿਚਾਰ ਸੁਣਕੇ ਚਕਿਰਤ ਹੋ ਗਏ। ਗੁਰੂ ਸਾਹਿਬ ਨੇ ਕਿਹਾ ਮੈਂ ਤੇ ਤੁਹਾਡੀ ਤੰਗਦਿਲੀ ਦੀ ਦੁਰਗੰਧ ਜਾਂ ਬਦਬੂ ਨੂੰ ਸਹਿਣਸ਼ੀਲਤਾ ਦੀ ਸੁਗੰਧੀ ਨਾਲ ਦੂਰ ਕਰਨ ਆਇਆ ਹਾਂ। ਸਾਰੇ ਇਨਸਾਨਾਂ ਦਾ, ਭਾਵੇਂ ਉਹ ਕਿਸੇ ਕੌਮ, ਕਬੀਲੇ, ਵਿਚਾਰ ਜਾਂ ਵਤਨ, ਨਸਬ ਜਾਂ ਨਸਲ, ਰੰਗ-ਢੰਗ, ਲਹਿਜੇ-ਲਿਬਾਸ, ਮਜ਼੍ਹਬ ਜਾਂ ਫਿਰਕੇ ਦੇ ਹੋਣ, ਪਿਆਰ ਨਾਲ ਇਕੱਠਾ ਵੱਸਣਾ ਜਾਂ ਸਹਿਵਾਸ ਸਾਰੇ ਧਰਮਾਂ ਦਾ ਸਾਰ ਹੈ। ਜੇ ਮਨੁੱਖ ਨੇ ਮਨੁੱਖ ਦੀ ਸੇਵਾ ਤੇ ਉਸ ਨੂੰ ਪਿਆਰ ਕਰਨ ਦੀ ਥਾਂ ਨਫ਼ਰਤ ਕਰਨੀ ਹੈ ਤਾਂ ਪੂਜਾ ਪਾਠ, ਬੰਦਗੀ ਜਾਂ ਇਬਾਦਤ, ਹੁਜਰਿਆਂ, ਮਕਬਰਿਆਂ ਤੇ ਰੋਜ਼ਿਆਂ ਦੀ ਪ੍ਰਸਤਸ਼ ਦਾ ਕੋਈ ਫ਼ਾਇਦਾ ਨਹੀਂ।" ਬਾਬਾ ਜੀ ਦਾ ਭਾਵ ਸੀ :—

ਮੰਦਰ ਢਾਹ ਦੇਹ ਮਸਜਿਦ ਢਾਹ ਦੇਹ,
ਢਾਹ ਦੇਹ ਜੋ ਕੁਝ ਢਹਿੰਦਾ।



Digitized by Panjab Digital Library | www.panjabdigilib.org

ਪਰ ਨ ਢਾਹੀਂ ਦਿਲ ਬੰਦੇ ਦਾ,
ਰੱਬ ਦਿਲਾਂ ਵਿਚ ਰਹਿੰਦਾ।

ਅੱਜ ਕਲ ਸਾਰੇ ਸੰਸਾਰ ਦੇ ਲੋਕਾਂ ਲਈ ਸੁਲ੍ਹਾ-ਸਫ਼ਾਈ ਨਾਲ ਮਿਲ ਕੇ ਵੱਸਣ ਦੀ ਸਮੱਸਿਆ ਸਭ ਤੋਂ ਔਖੀ ਬਣ ਚੁੱਕੀ ਹੈ। ਯੂ.ਐਨ.ਓ., ਹਰ ਚੌਥੇ ਦਿਨ ਦੁਨੀਆਂ ਦੀਆਂ ਸਾਰੀਆਂ ਕੌਮਾਂ ਦੇ ਲੀਡਰਾਂ ਨੂੰ ਇਕੱਤਰ ਕਰਕੇ, "ਪੀਸਫੁੱਲ ਕੋਐਗਜ਼ਿਸਟੈਂਸ" ਦੀ ਖ਼ਾਤਰ ਵਿਚਾਰਾਂ ਤੇ ਦਿਨਾਂ ਬੱਧੀ ਲੰਮੀਆਂ ਬਹਿਸਾਂ ਕਰਕੇ ਨਿਯਮ ਪਾਸ ਕਰਦੀ ਹੈ ਪਰ ਕਦੀ ਅਸਾਂ ਸੋਚਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ 'ਸੁਖਾਵੀਂ-ਸਹਿਵਾਸ' (ਪੀਸਫੁੱਲ ਕੋ-ਐਗਜ਼ਿਸਟੈਂਸ) ਦਾ ਸਬਕ ਮੁਲਤਾਨ ਦੇ ਦੁਬਿੱਦਾਦੱਧੇ ਪੀਰਾਂ, ਫ਼ਕੀਰਾਂ ਨੂੰ ਦੁੱਧ ਨਾਲ ਨੱਕੋ-ਨੱਕ ਭਰੇ ਹੋਏ ਕਟੋਰੇ ਵਿੱਚ ਚੰਬੇਲੀ ਦੇ ਫੁੱਲ ਵਾਂਗੂੰ ਮੁਸਕਰਾ ਕੇ ਤੇ ਚੰਬੇ ਦਾ ਫੁੱਲ ਦੁੱਧ ਤੇ ਰੱਖ ਕੇ, ਕਿਵੇਂ ਨਿਮਰਤਾ ਤੇ ਫਿਲਸਫਾਨਾ ਢੰਗ ਨਾਲ ਦਿੱਤਾ ਸੀ।

ਅਚਲਵਟਾਲੇ ਦੇ ਸ਼ਿਵਰਾਤ ਦੇ ਮੇਲੇ ਤੋਂ ਬਾਅਦ ਬਾਬਾ ਜੀ ਦੀ ਮੁਲਤਾਨ ਦੀ ਘਟਨਾ ਬਾਰੇ ਭਾਈ ਗੁਰਦਾਸ ਜੀ ਲਿਖਦੇ ਨੇ :—

ਮੇਲਿਉਂ ਬਾਬਾ ਉਠਿਆ ਮੁਲਤਾਨੇ ਦੀ ਜ਼ਯਾਰਤ ਜਾਈ।
ਅਗੋਂ ਪੀਰ ਮੁਲਤਾਨ ਦੇ ਦੁੱਧ ਕਟੋਰਾ ਭਰ ਲੈ ਆਈ।
ਬਾਬੇ ਕੱਢ ਕਰ ਬਗਲ ਤੇ ਚੰਬੇਲੀ ਦੁੱਧ ਵਿਚ ਮਿਲਾਈ।
ਜਿਉਂ ਸਾਗਰ ਵਿੱਚ ਗੰਗ ਸਮਾਈ। (੪੪)

ਬਾਬਾ ਜੀ ਮੁਲਤਾਨ ਦੀ ਜ਼ਯਾਰਤ ਕਰਕੇ ਸਿੱਧੇ ਕਰਤਾਰਪੁਰ ਵਾਪਸ ਆ ਗਏ। ਬਾਬਾ ਜੀ ਦੀ ਅਚਲਵਟਾਲੇ ਤੇ ਮੁਲਤਾਨ ਦੀ ਫੇਰੀ ਸਮੇਂ ਬਾਬਾ ਬੁੱਢਾ ਜੀ ਨੇ ਵਾਹੀ ਦੀ ਕਿਰਤ-ਵਿਰਤ, ਲੰਗਰ, ਪਾਠਸ਼ਾਲਾ, ਨਿੱਤਨੇਮ ਤੇ ਕੀਰਤਨ ਦੇ ਕੰਮ ਨੂੰ ਸੰਭਾਲੀ ਰੱਖਿਆ। ਗੁਰੂ ਸਾਹਿਬ ਦੀ ਵਾਪਸੀ ਤੇ ਸੰਗਤਾਂ ਦੀਆਂ ਰੌਣਕਾਂ ਹੋਰ ਵੀ ਵੱਧ ਗਈਆਂ। ਉਹਨਾਂ ਦਾ ਗਿਆਨ ਜ਼ਿੰਦਗੀ ਦੇ ਤਜਰਬੇ ਤੇ ਦੁਨੀਆਂ ਦੇ ਮਹਾਨ ਅਧਿਆਪਕ, ਸਫ਼ਰ ਦੇ ਸਦਕਾ ਬਹੁਤ ਵਿਸ਼ਾਲ ਤੇ ਪਕੇਰਾ ਹੋ ਚੁੱਕਾ ਸੀ। ਉਹ ਸਾਰਾ ਦਿਨ ਖੇਤਾਂ ਵਿਚ ਕੰਮ ਕਰਦੇ। ਉਹਨਾਂ ਦੀ ਵਿਅਕਤੀ, ਪ੍ਰੇਮ ਤੇ ਨਿਮਰਤਾ ਵਿਚ ਏਨੀ ਖਿੱਚ ਸੀ ਕਿ ਕਈ ਵਾਰੀ ਕਈ ਰਾਹੀਂ ਖੇਤਾਂ ਕੋਲੋਂ ਰਾਹੇ ਰਾਹ ਜਾਂਦੇ ਉਹਨਾਂ ਦੇ ਨਾਲ ਹੀ ਪਿੰਡ ਆ ਜਾਂਦੇ ਤੇ ਕਿੰਨੇ ਕਿੰਨੇ ਦਿਨ ਨਾਮ ਦੇ ਪਰਵਾਹ ਵਿੱਚ ਟੁੱਬੀਆਂ ਮਾਰਦੇ ਰਹਿੰਦੇ।

ਮੈਂ ਇਸ ਤੋਂ ਪਹਿਲਾਂ ਜ਼ਿਕਰ ਕਰ ਚੁੱਕਾ ਹਾਂ ਕਿ ਭਾਵੇਂ ਬਾਬਾ ਜੀ ਕੋਲ ਹਜ਼ਾਰਾਂ ਲੋਕਾਂ ਨੇ ਕਰਤਾਰਪੁਰ ਆ ਕੇ ਆਪਣਾ ਜਨਮ ਸਫਲਾ ਕੀਤਾ ਪਰ ਫਿਰ ਵੀ ਦੋ ਖ਼ਾਸ ਤੇ ਉਹਨਾਂ ਮਨੁੱਖਾਂ ਦਾ ਮੇਲ ਉਹਨਾਂ ਨਾਲ ਹੋਇਆ ਜਿਹੜੇ ਸਿੱਖ ਧਰਮ ਤੇ ਸਿੱਖ ਇਤਿਹਾਸ ਦੇ ਮੁੱਢਲੇ ਸਫ਼ਿਆਂ ਵਿੱਚ ਹਨ। ਉਹਣਾਂ ਦੋਹਾਂ ਚੋਂ ਭਾਈ ਬੁੱਢਾ ਜੀ ਦਾ ਲੋੜੀਂਦਾ ਹਾਲ ਦੱਸਿਆ ਜਾ ਚੁੱਕਾ ਹੈ। ਦੂਸਰਾ ਸੀ ਭਾਈ ਲਹਿਣਾ। ਇਹ ਕੌਣ ਸਨ ? ਭਾਈ ਲਹਿਣਾ ਜੀ ਤਰੇਹਣ ਜ਼ਾਤ ਦੇ ਖੱਤਰੀ ਤੇ ਮੱਤੇ ਦੀ ਸਰਾਂ ਦੇ ਫੇਰੂ ਮੱਲ ਦੇ ਪੁੱਤਰ ਸਨ। ਇਹਨਾਂ ਦੀ ਮਾਂ ਦਾ



Digitized by Panjab Digital Library | www.panjabdigilib.org

ਨਾਂ ਸਭਰਾਈ ਜਾਂ ਨਿਹਾਲ ਕੌਰ ਸੀ ? ਫੇਰੂ ਮੱਲ ਜੀ ਫੀਰੋਜ਼ਪੁਰ ਦੇ ਪਠਾਨ ਹਾਕਮ ਦੇ ਖਜ਼ਾਨਚੀ ਸਨ ਪਰ ਉਹਨਾਂ ਦਾ ਪਰਵਾਰ ਆਪਣੇ ਪਿੰਡ ਹੀ ਰਹਿੰਦਾ ਸੀ। ਭਾਈ ਲਹਿਣਾ ਜੀ ਦੀ ਭੂਆ ਬੀਬੀ ਵਿਰਾਈ ਖਡੂਰ ਖਹਿਰਿਆਂ, ਜ਼ਿਲ੍ਹਾ ਅੰਮ੍ਰਿਤਸਰ ਵਿਚ ਵਿਆਹੀ ਹੋਈ ਸੀ। ਭਾਈ ਲਹਿਣਾ ਜੀ ਜਦੋਂ ਜਵਾਨ ਹੋਏ ਤਾਂ ਭੂਆ ਨੇ ਖਡੂਰ ਦੇ ਖਤਰੀ ਦੇਵੀ ਚੰਦ ਦੀ ਧੀ ਖੀਵੀ ਦਾ ਵਿਆਹ ਉਹਨਾਂ ਨਾਲ ਕਰਵਾ ਦਿੱਤਾ। ਉਸ ਸਮੇਂ ਅਜੇ ਮੁਕਤਸਰ ਵੱਸਿਆ ਹੀ ਨਹੀਂ ਸੀ। ਗੜਬੜ ਦੇ ਕਾਰਨ ਭਾਈ ਫੇਰੂਮੱਲ ਜੀ ਸਣੇ ਪਰਵਾਰ ਖਡੂਰ ਹੀ ਆ ਵੱਸੇ। ਭਾਈ ਲਹਿਣਾ ਜੀ ਤੇ ਉਹਨਾਂ ਦੇ ਪਿਉ ਦਾ ਚੰਗਾ ਵਿਪਾਰ ਚਲਦਾ ਸੀ ਅਤੇ ਪੈਸੇ ਟਕੇ ਦੀ ਕੋਈ ਥੋੜ ਨਹੀਂ ਸੀ। ਭਾਈ ਲਹਿਣਾ ਜੀ ਆਪਣੇ ਹਿੰਦੂ ਸਮਾਜ ਤੇ ਮਾਤਾ ਪਿਤਾ ਦੇ ਧਾਰਮਕ ਅਸਰ ਦੇ ਕਾਰਨ ਦੁਰਗਾ ਦੇਵੀ ਦੇ ਬੜੇ ਸ਼ਰਧਾਲੂ ਸਨ। ਹਰ ਸਾਲ ਕਾਂਗੜੇ ਜਵਾਲਾਮੁਖੀ ਦੇ ਦਰਸ਼ਨਾਂ ਲਈ ਸੰਗ ਦੇ ਆਗੂ ਬਣਕੇ ਜਾਂਦੇ ਤੇ ਸ਼ਰਧਾ ਨਾਲ ਕਈ ਗ਼ਰੀਬ ਸ਼ਰਧਾਲੂਆਂ ਦਾ ਖ਼ਰਚ ਵੀ ਆਪਣੇ ਪਲਿਉਂ ਕਰਦੇ। ਇਸ ਤਰ੍ਹਾਂ ਉਹਨਾਂ ਨੂੰ ਹਰ ਸਾਲ ਜਵਾਲਾਮੁਖੀ ਜਾਂਦਿਆਂ ਕਈ ਸਾਲ ਬੀਤ ਗਏ ਪਰ ਮਨ ਦੀ ਸ਼ਾਂਤੀ ਪਰਾਪਤ ਨ ਹੋਈ। ਕਈ ਵਾਰੀ ਨਿਰਾਸ ਵੀ ਹੋਏ ਪਰ ਸ਼ਰਧਾ ਦਾ ਹਰ ਵਰ੍ਹਿਆਇਆ ਨੇਮ ਨ ਛੱਡਿਆ। ਖਡੂਰ ਲਹਿਣਾ ਜੀ ਦੇ ਗੁਆਂਢ ਭਾਈ ਜੋਧਾ ਰਹਿੰਦਾ ਸੀ। ਉਹ ਕਿਰਤੀ ਤੇ ਭਗਤੀ ਭਾਵ ਵਾਲਾ ਬੰਦਾ ਸੀ। ਕਈ ਵਾਰੀ ਕਰਤਾਰਪੁਰ ਜਾ ਕੇ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਕੇ ਆਇਆ ਸੀ ਤੇ ਕਿੰਨੇ ਕਿੰਨੇ ਦਿਨ ਸੰਗਤਾਂ ਦੀ ਸੇਵਾ ਕਰਦਾ ਉਥੇ ਰਹਿ ਵੀ ਆਉਂਦਾ ਸੀ। ਉਸ ਨੇ ਗੁਰੂ ਸਾਹਿਬ ਦੀ ਬਾਣੀ ਵੀ ਕੰਠ ਕੀਤੀ ਹੋਈ ਸੀ ਜਿਸ ਦਾ ਉਹ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਪਾਠ ਕਰਦਾ ਹੁੰਦਾ ਸੀ। ਇਕ ਦਿਨ ਸਵੇਰੇ ਭਾਈ ਜੋਧੇ ਨੇ ਇਸ਼ਨਾਨ ਕਰਦਿਆਂ ਖੂਹੀ ਦਾ ਡੋਲ ਆ ਖੜਕਾਇਆ। ਗੁਆਢੋਂ ਭਾਈ ਲਹਿਣਾ ਜੀ ਦੀ ਜਾਗ ਖੁਲ੍ਹ ਗਈ। ਕੀ ਸੁਣਦੇ ਨੇ ਕਿ ਭਾਈ ਜੋਧਾ ਮਧੁਰ ਆਵਾਜ਼ ਵਿੱਚ ਗਾ ਰਿਹਾ ਸੀ :—

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।

ਇਸ ਤੁੱਕ ਦਾ ਆਤਮਕ ਅਨੁਭਵ ਕਰਕੇ ਜ਼ਰਾ ਰੁੱਕ ਕੇ ਫਿਰ ਬੋਲੇ :—

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।
ਛੁਟੇ ਤਿਲ ਬੂਆੜ ਜਿਉਂ ਸੁੰਞੇ ਅੰਦਰ ਖੇਤ।
ਖੇਤੈ ਅੰਦਰਿ ਛੁਟਿਆਂ ਕਹੁ ਨਾਨਕ ਸਉ ਨਾਹ।
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ।

ਇਹ ਸ਼ਬਦ ਭਾਈ ਲਹਿਣੇ ਦੇ ਦਿਲ ਨੂੰ ਇਸ ਤਰ੍ਹਾਂ ਵੱਜੇ ਜਿਵੇਂ ਨਿਸ਼ਾਨੇ ਤੇ ਤੀਰ ਉਨ੍ਹਾਂ ਭਾਈ ਜੋਧੇ ਨੂੰ ਪੁਛਿਆ, "ਗੁਰਮੁਖੋ, ਜਿਹੜੀ ਬਾਣੀ ਅੱਜ ਤੁਸੀਂ ਅੰਮ੍ਰਿਤ ਵੇਲੇ ਪੜ੍ਹਦੇ ਸਾਉ, ਉਹ ਕਿਸ ਗੁਰੂ ਦੀ ਹੈ ? ਕੀਹ ਮੈਨੂੰ ਤੁਸੀਂ ਉਸ ਗੁਰੂ ਦੇ ਦਰਸ਼ਨ ਕਰਵਾ ਸਕਦੇ ਹੋ ?" ਭਾਈ ਜੋਧੇ ਨੇ ਕਿਹਾ, "ਕਿਉਂ ਨਹੀਂ, ਇਹ ਬਾਣੀ ਰਾਵੀ ਦੇ ਕੰਢੇ ਤੇ ਕਰਤਾਰਪੁਰ ਰਹਿਣ ਵਾਲੇ



Digitized by Panjab Digital Library | www.panjabdigilib.org

ਗੁਰੂ ਨਾਨਕ ਜੀ ਦੀ ਹੈ। ਮੈਂ ਉਹਨਾਂ ਦਾ ਸਿੱਖ ਹਾਂ ਤੇ ਸਮੇਂ ਸਮੇਂ ਉਨ੍ਹਾਂ ਕੋਲ ਜਾਂਦਾ ਰਹਿੰਦਾ ਹਾਂ, ਹੁਣ ਜਦੋਂ ਵੀ ਗਿਆ ਤੈਨੂੰ ਜ਼ਰੂਰ ਨਾਲ ਲੈ ਜਾਵਾਂਗਾ।"

ਭਾਈ ਲਹਿਣੇ ਨੂੰ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਦੀ ਲਟਕ ਲੱਗ ਗਈ। ੧੫੩੨ ਈਸਵੀ ਦਾ ਸਾਲ ਸੀ। ਭਾਈ ਲਹਿਣਾ ਜਵਾਲਾ ਮੁੱਖੀ ਜਾਣ ਲਈ ਸੰਗ ਲੈ ਕੇ ਤਿਆਰ ਹੋ ਗਿਆ ਪਰ ਇਸ ਵਾਰੀ ਉਸ ਨੇ ਸੰਗਤੀਆਂ ਨੂੰ ਕਰਤਾਰਪੁਰ ਵੱਲੋਂ ਜਾਣ ਲਈ ਪਰੇਰਿਆ। ਭਾਈ ਲਹਿਣਾ ਸੰਗ ਦਾ, ਮੁਹਰੀ ਤੇ ਘੋੜੀ ਤੇ ਸਵਾਰ ਸੀ। ਸੰਗ ਕਰਤਾਰਪੁਰ ਪੁੱਜਾ। ਪਿੰਡੋਂ ਬਾਹਰਲੇ ਪਾਸੇ ਉਹਨਾਂ ਨੂੰ ਇਕ ਬੜਾ ਪ੍ਰਭਾਵਸ਼ਾਲੀ ਬਜ਼ੁਰਗ ਮਿਲਿਆ। ਭਾਈ ਲਹਿਣੇ ਨੇ ਬਜ਼ੁਰਗ ਨੂੰ ਪੁਛਿਆ, "ਬਾਬਾ, ਮੈਂ ਗੁਰੂ ਨਾਨਕ ਹੋਰਾਂ ਨੂੰ ਮਿਲਣਾ ਏ। ਉਹਨਾਂ ਦਾ ਘਰ ਕਿਹੜੇ ਪਾਸੇ ਹੈ?" ਬਜ਼ੁਰਗ ਨੇ ਬੜੀ ਨਿਮਰਤਾ ਨਾਲ ਤੇ ਪਿਆਰ ਨਾਲ ਕਿਹਾ, "ਚੱਲੋ ਗੁਰਮੁਖੋ ਪਹਿਲੋਂ ਪਾਣੀ ਧਾਣੀ ਪੀਂਵੋ ਤੇ ਫਿਰ ਤੁਹਾਨੂੰ ਨਾਲ ਲੈ ਜਾਵਾਂਗਾ ਅਤੇ ਗੁਰੂ ਨਾਨਕ ਨੂੰ ਮਿਲਾ ਦੇਵਾਂਗਾ।" ਭਾਈ ਲਹਿਣਾ ਨਾਲ ਚੱਲ ਪਿਆ ਤੇ ਬਜ਼ੁਰਗ ਦੇ ਮਗਰ ਮਗਰ ਇਕ ਖੁਲ੍ਹੀ ਹਵੇਲੀ ਵਿੱਚ ਜਾ ਵੜਿਆ। ਰਾਹ ਦਸੇਂਦੇ ਨੇ ਕਿਹਾ ਕਿ ਘੋੜੀ ਉਥੇ ਕਿੱਲੇ ਨਾਲ ਬੰਨ੍ਹੋ। ਬਜ਼ੁਰਗ ਨੇ ਗੜਵੀ ਤੇ ਛੰਨਾਂ ਲਿਆ ਕੇ ਠੰਢਾ ਜਲ ਪਿਆਇਆ, ਨਾਲੇ ਘੋੜੀ ਨੂੰ ਪੱਠੇ ਪਾ ਕੇ ਚਲਾ ਗਿਆ। ਭਾਈ ਲਹਿਣੇ ਨੇ ਘੋੜੀ ਬਨ੍ਹੀ। ਲਹਿਣੇ ਨੇ ਇਕ ਸਿੱਖ ਨੂੰ ਕਿਹਾ ਕਿ ਮੈਨੂੰ ਗੁਰੂ ਸਾਹਿਬ ਦੇ ਦਰਸ਼ਨ ਕਰਾ ਦੇਵੋ। ਸਿੱਖ ਲਹਿਣੇ ਨੂੰ ਲੈ ਕੇ ਜਦੋਂ ਬਾਬਾ ਜੀ ਦੇ ਕਮਰੇ ਵੱਲ ਗਿਆ ਤੇ ਕੀ ਵੇਖਦਾ ਹੈ ਕਿ ਉਸਨੂੰ ਬਾਹਰੋਂ ਲੈ ਕੇ ਆਉਣ ਵਾਲਾ ਬਜ਼ੁਰਗ ਆਪ ਹੀ ਗੁਰੂ ਨਾਨਕ ਸੀ। ਭਾਈ ਲਹਿਣਾ ਇਸ ਨਿਮਰਤਾ ਤੇ ਪਿਆਰ ਨੂੰ ਵੇਖ ਕੇ ਜਿੱਤਿਆ ਗਿਆ। ਸਿੱਖ ਸੰਗਤੀਆਂ ਦੇ ਪ੍ਰੇਮ ਤੇ ਸੇਵਾ ਕਰਨ ਦੇ ਉਤਸ਼ਾਹ ਨੂੰ ਵੇਖ ਕੇ ਤੇ ਉਸ ਦੇ ਮੰਨ ਤੇ ਹੋਰ ਵੀ ਜ਼ਿਆਦਾ ਅਸਰ ਹੋਇਆ। ਸੰਤਾਂ ਮਹਾਤਮਾਂ ਨੂੰ ਵੇਖਦਿਆਂ ਤੇ ਦੇਵੀ ਦੇ ਮੰਦਰ ਤੇ ਸੰਗ ਨਾਲ ਜਾ ਜਾ ਕੇ ਉਸ ਦੀ ਉਮਰ ਹੀ ਗੁਜ਼ਰ ਚੱਲੀ ਸੀ। ਹਰ ਥਾਂ ਉਸ ਨੇ ਗੋਡੇ-ਗਿੱਟੇ ਘੁਟਵਾਣ ਵਾਲੇ ਮਹਾਂਤਮਾਂ ਹੀ ਵੇਖੇ ਸਨ। ਇਹ ਪਹਿਲਾ ਮਹਾਂਪੁਰਸ਼ ਸੀ ਜਿਹੜਾ ਆਪ ਵੀ ਤੇ ਉਸ ਦੇ ਸਿੱਖ ਵੀ, ਕਿਸੇ ਤੋਂ ਸੇਵਾ ਕਰਵਾਣੀ ਨਹੀਂ, ਕਿਸੇ ਦੀ ਬਿਨਾਂ ਕਿਸੇ ਭਿੰਨ-ਭੇਤ ਦੇ, ਸੇਵਾ ਕਕਨ ਨੂੰ ਆਪਣੇ ਧਰਮ ਦਾ ਜ਼ਰੂਰੀ ਅੰਗ ਸਮਝਦੇ ਸਨ। ਜੋ ਖੇਡ ਬਣਨੀ ਸੀ ਬਣ ਗਈ। ਭਾਈ ਲਹਿਣਾ ਸੰਗ ਨੂੰ ਪਰੇਰਕੇ ਆਇਆ ਤੇ ਵਲ ਵਾਲੇ ਰਾਹ ਸੀ ਪਰ ਰੱਬ ਦੀ ਮਿਹਰ ਹੋ ਗਈ ਤੇ ਉਸ ਨੂੰ ਪੈਰਾਂ ਦੇ ਪੰਧ ਦੇ ਵਲ ਨਾਲ ਸਿੱਧਾ ਆਤਮਕ ਰਾਹ ਮਿਲ ਗਿਆ।

"ਮਨ ਮੰਨੇ ਦਾ ਮੇਲਾ ਤੇ ਗੁਰੂ ਦਾ ਚੇਲਾ।"

ਮਨ ਨੇ ਤੁਰੰਤ ਫ਼ੈਸਲਾ ਕਰ ਲਿਆ। ਆਪਣੇ ਜਵਾਲਾ ਮੁੱਖੀ ਜਾਣ ਵਾਲੇ ਸਾਥੀਆਂ ਨੂੰ ਕਿਹਾ, "ਭਾਈ ਜਾਉ, ਤੁਸੀਂ ਦੇਵੀ ਦੇ ਦਰਸ਼ਨ ਕਰ ਆਵੋ। ਮੈਂ ਤੇ ਹੁਣ ਏਥੋਂ ਅਗਾਂਹ ਨਹੀਂ ਜਾਣਾ। ਮੈਂ ਤੇ ਆਪਣੀ ਮੰਜ਼ਲ ਤੇ ਪੁੱਜ ਗਿਆ ਹਾਂ।" ਸੰਗ ਦੀ ਵਹੀਰ ਕਾਂਗੜੇ ਨੂੰ ਚਲੀ ਗਈ ਤੇ ਭਾਈ ਲਹਿਣਾ ਜੀ ਨੇ ਕਰਤਾਰਪੁਰ ਰਹਿ ਕੇ ਹੀ ਕਿੰਨੇ ਦਿਨ ਬਿਤਾਏ।



Digitized by Panjab Digital Library | www.panjabdigilib.org

ਸਵੇਰੇ ਅੰਮ੍ਰਿਤ ਵੇਲੇ ਤੋਂ ਰਾਤ ਦੇ ਸੌਣ ਦੇ ਸਮੇਂ ਤੱਕ ਧਰਮ ਦੀ ਕਿਰਤ ਕਮਾਈ, ਨਾਮ ਦਾ ਪਰਵਾਹ ਤੇ ਵੰਡ ਛੱਕਣ ਦੀ ਸੰਸਥਾ, ਦੇ ਨਗਰ ਵਿਚ ਜਿਉਂ ਜਿਉਂ ਉਹ ਵਿਚਰਦਾ, ਉਸ ਨੂੰ ਮਨ ਦੇ ਮਲੂਟੇ ਪਰਦੇ ਲਹਿੰਦੇ ਜਾਪਦੇ। ਉਸ ਨੂੰ ਆਪਣੀ ਆਤਮਾ ਸਵੱਛ, ਸੁਬਲ ਤੇ ਖਿੜੀ ਖਿੜੀ ਜਾਪਦੀ ਤੇ ਸਰੀਰ ਕਿਰਤ ਤੇ ਰੱਬੀ ਆਸ਼ਨਾਈ ਦੀ ਕੁਠਾਲੀ ਵਿੱਚ ਪੈ ਕੇ ਕੁੰਦਨ ਹੁੰਦਾ ਜਾਂਦਾ। ਭਾਈ ਲਹਿਣੇ ਦਾ ਜੀ ਤੇ ਵਾਪਸ ਘਰ ਜਾਣ ਨੂੰ ਨ ਕਰਦਾ ਪਰ ਕੁਝ ਦਿਨਾਂ ਬਾਅਦ ਖਡੂਰ ਚਲਾ ਗਿਆ ਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਕਰਤਾਰ-ਪੁਰੋਂ ਵੇਖੇ ਤੇ ਸਿੱਖੇ ਨਿੱਤ ਨੇਮ ਅਨੁਸਾਰ ਨਿੱਤ ਨੇਮ ਕਰਦਾ।

ਭਾਈ ਲਹਿਣੇ ਹੋਰਾਂ ਦੀ ਬਿਲਕੁਲ ਉਹ ਹਾਲਤ ਬਣ ਗਈ ਜਿਸ ਦੀ ਸਿੱਖਿਆ ਗੁਰੂ ਨਾਨਕ ਸਾਹਿਬ ਸੰਗਤਾਂ ਨੂੰ ਆਮ ਦੇਂਦੇ ਸਨ—"ਹਥ ਕਾਰ ਵੱਲੇ, ਦਿਲ ਯਾਰ ਵੱਲੇ।" ਉਹ ਖਡੂਰ ਤੇ ਹੋਰ ਥਾਂ ਤੇ ਆ ਜਾ ਕੇ ਆਪਣਾ ਕਾਰ ਵਿਹਾਰ ਕਰਦੇ ਪਰ ਮਨ ਦੀ ਸੁਰਤ ਕਰਤਾਰਪੁਰ ਹੀ ਗੱਡੀ ਰਹਿੰਦੀ। ਹਰ ਮਹੀਨੇ, ਪੰਦਰ੍ਹੀਂ ਦਿਨੀਂ ਜ਼ਰੂਰ ਕਰਤਾਰਪੁਰ ਜਾਂਦੇ ਤੇ ਨਾਲੇ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਦੇ ਤੇ ਬਚਨ ਬਿਲਾਸ ਸੁਣਦੇ, ਨਾਲੇ ਪੁੱਜਿਆ ਸਰਿਆ ਲੰਗਰ ਦੀ ਭੇਟਾ ਕਰਦੇ ਤੇ ਨਾਲੇ ਆਈਆਂ ਸੰਗਤਾਂ ਦੀ ਸੇਵਾ ਕਰਦੇ। ਬਾਬਾ ਜੀ ਤੇ ਹੋਰ ਸਾਰੇ ਲੋਕ ਵੀ ਭਾਈ ਲਹਿਣੇ ਦਾ ਨਿਸ਼ਕਾਮ ਪ੍ਰੇਮ ਵੇਖ ਕੇ ਵਾਹ ਵਾਹ ਕਰਦੇ। ਗੁਰੂ ਨਾਨਕ ਨੇ ਤੇ ਭਾਈ ਲਹਿਣੇ ਦੀ ਆਗਿਆਕਾਰੀ ਤੇ ਲਗਨ ਵੇਖ ਕੇ, ਇੱਕ ਦਿਨ ਹੱਸ ਕੇ ਆਖ ਦਿੱਤਾ ਸੀ, "ਭਾਈ ਲਹਿਣਾ ਜੀ, ਇਸ ਤਰ੍ਹਾਂ ਜਾਪਦਾ ਹੈ ਜਿਵੇਂ ਅਸਾਂ ਕੁਝ ਤੁਹਾਡਾ ਦੇਣਾ ਹੈ ਤੇ ਤੁਸੀਂ ਆਪਣਾ ਲਹਿਣਾ ਲੈਣ ਆ ਗਏ ਹੋ।" ਸਹਿਜ ਸੁਭਾਅ ਆਖੀ ਹੋਈ ਗੱਲ ਅਖੀਰ ਨੂੰ ਸੱਚੀ ਹੀ ਨਿਕਲੀ। ਗੁਰੂ ਨਾਨਕ ਸਾਹਿਬ ਦਾ ਰਾਮਕਲੀ ਰਾਗ ਵਿੱਚ ਕਥਨ ਹੈ :—

"ਗੁਰਮੁੱਖ ਬੋਲੇ ਤਤੁ ਬਿਰੋਲੈ ਚੀਨੇ ਅਲਖ ਅਪਾਰੋ"

ਜਿਉਂ ਜਿਉਂ ਸਮਾਂ ਬੀਤਦਾ ਗਿਆ, ਭਾਈ ਲਹਿਣੇ ਦੀ ਆਤਮਾ ਦੀ ਵਡਿੱਤਣ ਵਧਦੀ ਗਈ ਪਰ ਇਕ ਗੱਲ ਇਸ ਦੇ ਉਲਟ ਹੋਈ। ਗੁਰੂ ਨਾਨਕ ਸਾਹਿਬ ਦੇ ਆਪਣੇ ਪੁੱਤਰਾਂ ਵਿੱਚ ਨਿਮਰਤਾ ਤੇ ਸੇਵਾ ਭਾਵ ਦੀ ਥਾਂ ਹਉਮੈ ਤੇ ਪਿਉ ਦੀ ਗੁਰਿਆਈ ਦਾ ਮਾਨ ਵੱਧਦਾ ਗਿਆ। ਉਹ ਇਹ ਨਹੀਂ ਸਨ ਸਮਝਦੇ ਕਿ ਗੁਰਿਆਈ ਪਿਉ ਦਾਦੇ ਤੋਂ ਮਿਲੀ ਹੋਈ ਪਟੇ ਦੀ ਲਿਖਤ ਵਾਲੀ ਜੱਦੀ ਜਾਇਦਾਦ ਨਹੀਂ। ਇਹ ਤੇ ਜ਼ਿੰਦਗੀ ਦੀ ਘਾਲਣਾ ਦਾ ਫਲ ਹੈ। ਛੋਟਾ ਪੁੱਤਰ, ਲਖਮੀਦਾਸ ਤੇ ਪੂਰੇ ਖੱਤਰਿਮੇਂ ਸੁਭਾਅ ਦਾ ਬੰਦਾ ਤੇ ਕਾਰ ਵਿਹਾਰ ਵਿਚ ਖੱਚਿੱਤ ਸੀ। ਆਈਆਂ ਗਈਆਂ ਸੰਗਤਾਂ ਦਾ ਵੀ ਖ਼ਿਆਲ ਘੱਟ ਹੀ ਕਰਦਾ ਤੇ ਹਥੀਂ ਸੇਵਾ ਕਰਨ ਤੋਂ ਤੇ ਬੜਾ ਹੀ ਦੂਰ ਰਹਿੰਦਾ। ਹੋ ਸਕਦਾ ਹੈ ਉਸਦੇ ਮਨ ਵਿਚ ਸੇਵਾ ਕਰਨ ਦੇ ਫਰਜ਼ ਤੋਂ ਗੁਰੂ ਦਾ ਪੁੱਤਰ ਹੋਣ ਦੇ ਸਦਕਾ, ਸੇਵਾ ਕਰਵਾਣ ਦੇ ਹੱਕ ਦਾ ਅਹਿਸਾਸ ਜ਼ਿਆਦਾ ਹੋਵੇ। ਉਸ ਦੀ ਗਰਜ਼ਾਂ ਵਿਹੜੀ ਤੇ ਹਉਮੇ-ਹੰਭੀ ਆਤਮਾ ਇਹ ਨ ਸਮਝ ਸੱਕੀ ਕਿ ਸੇਵਾ ਕਰਨ ਵਾਲਾ ਹੀ ਸੇਵਾ ਕਰਵਾਣ ਦਾ ਹੱਕਦਾਰ ਬਣਦਾ ਹੈ ਕਿਉਂਕਿ ਫਲ ਤੇ ਨੀਵਿਆਂ ਰੁੱਖਾਂ ਨੂੰ ਹੀ ਲੱਗਦੇ ਨੇ ਭਾਵ ਫਲ ਵਾਲੀ ਟਾਹਣੀ ਹੀ ਝੁੱਕਦੀ ਹੈ। ਉੱਚੀ ਨੇ ਤੇ ਸਿੰਬਲ ਦੇ ਰੁੱਖ ਵਾਂਗੂੰ, ਜਹਾਨ ਚੋਂ ਖਾਲੀ ਹੀ ਜਾਣਾ ਹੁੰਦਾ ਹੈ। ਕਿਸੇ ਫ਼ਾਰਸੀ ਦੇ ਸ਼ਾਇਰ ਨੇ ਕਿਹਾ ਹੈ :—



Digitized by Panjab Digital Library | www.panjabdigilib.org

ਹਰਕਿ ਖ਼ਿਦਮਤ ਕਰਦ ਓ ਮਖ਼ਦੂਮ ਸ਼ੁੱਦ,

ਹਰਕਿ ਖ਼ੁਦਰਾ ਦੀਦ ਓ ਮਹਿਰੂਮ ਸ਼ੁੱਦ ।

ਬਾਬਾ ਜੀ ਦਾ ਵੱਡਾ ਪੁੱਤਰ ਸ੍ਰੀ ਚੰਦ ਤੇ ਬਚਪਨ ਤੋਂ ਹੀ ਸਾਈਂ ਲੋਕ ਸੀ । ਗੁਰੂ ਸਾਹਿਬ ਦੀਆਂ ਉਦਾਸੀਆਂ ਦੇ ਸਮੇਂ ਆਪਣੇ ਨਾਨਕੇ ਪੱਖੋਕੇ ਰੰਧਾਵਾ, ਨੰਗਾ ਧੜੰਗਾ ਜਾਂ ਲੰਗੋਟੀ ਬਨ੍ਹ ਕੇ ਆਪਣੇ ਸੇਵਕ, ਕਮਲੀਏ ਦੇ ਧੰਗਾੜਿਆਂ ਤੇ ਚੜ੍ਹਿਆ ਫਿਰਦਾ। ਛੇਆਂ ਸੱਤਾਂ ਸਾਲਾਂ ਤੋਂ ਹੀ ਸਮਾਧੀ ਲਾਣ ਲੱਗ ਪਿਆ । ਜਿਉਂ ਜਿਉਂ ਉਹ ਉਮਰ ਵਿਚ ਵਡੇਰਾ ਹੁੰਦਾ ਗਿਆ ਉਸ ਦੀ ਆਤਮਕ ਸ਼ਕਤੀ ਦਾ ਚਰਚਾ ਵੀ ਵਧਦੀ ਗਈ । ਬਚਪਨ ਵਿਚ ਹੀ ਉਸਨੇ ਆਪਣੇ ਸੇਵਕ ਕਮਲੀਏ, ਪਖੋ ਕੇ ਰੰਧਾਵਾ ਦੇ ਮੌਲਵੀ ਨੂਰਦੀਨ ਚੁਗ਼ੱਤਾ, ਸਿਪਾਹੀ ਸੁਖ ਦਿਆਲ, ਸਾਧੂ ਬ੍ਰਹਮਦਾਸ ਅਤੇ ਪ੍ਰੇਮੋ ਮਹਿਰੀ ਨੂੰ ਆਪਣੇ ਆਤਮਕ ਪ੍ਰਭਾਵ ਤੇ ਗਿਆਨ ਨਾਲ ਹੈਰਾਨ ਕਰ ਦਿੱਤਾ ਸੀ । ਜਵਾਨ ਹੋ ਕੇ ਭਾਈ ਬੁੱਢਾ ਜੀ ਨਾਲ ਹੋ ਕੇ ਕਰਤਾਰ ਪੁਰ ਦੀ ਸੰਗਤ ਪੰਗਤ ਦੀ ਸੰਭਾਲ ਦੇ ਕੰਮ ਵਿਚ ਸਹਾਇਤਾ ਕਰਦੇ ਪਰ ਮਨ-ਮਰਜ਼ੀ ਨਾਲ । ਜੀ ਕਰਦਾ ਤੇ ਪਿੰਡੋਂ ਬਾਹਰ ਦੁਰਾਡੇ ਜੂਹਾਂ ਵਿਚ ਜਾ ਕੇ ਦੋ ਦੋ ਤਿੰਨ ਤਿੰਨ ਦਿਨ ਸਮਾਧੀ ਲਾ ਕੇ ਹੀ ਬੈਠ ਰਹਿੰਦੇ । ਕਹਿੰਦੇ ਨੇ ਇਕ ਵਾਰੀ ਨੌਂ ਦੱਸ ਸਾਲ ਦੀ ਉਮਰ ਵਿਚ ਹੀ ਕੋਠੜੀ ਦਾ ਦਰਵਾਜ਼ਾ ਬੰਦ ਕਰਕੇ ੩੨ ਘੰਟੇ ਸਮਾਧੀ ਲਾਈ ਰੱਖੀ। ਉਹਨਾਂ ਸਦਾ ਅਤੀਤ ਬਣ ਕੇ ਰਹਿਣ ਤੇ ਬ੍ਰਹਮਚਾਰੀ ਰਹਿਣ ਦਾ ਪ੍ਰਣ ਵੀ ਕਰ ਲਿਆ ਤੇ ਇਸ ਲਈ ਵੱਡੇ ਵੱਡੇ ਘਰਾਣਿਆਂ ਦੇ ਰਿਸ਼ਤੇ ਮਿਲਣ ਦੇ ਬਾਵਜੂਦ ਵੀ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ । ਉਹ ਕਦੀ ਕਦੀ ਕਰਤਾਰ ਪੁਰ ਛੱਡ ਕੇ ਮਹੀਨਾ ਮਹੀਨਾ, ਦੋ ਦੋ ਮਹੀਨੇ, ਗਾਹਲੜੀ ਜਾਂ ਬਾਰਠ ਦੇ ਪਿੰਡਾਂ ਦੇ ਵਿਚ ਵੀ ਚਲੇ ਜਾਂਦੇ । ਸ੍ਰੀ ਚੰਦ ਜੀ ਕਰਾਮਤਾਂ ਵਖਾਣ ਵੀ ਲੱਗ ਪਏ ਸਨ । ਵਿਆਹ ਤੋਂ ਇਨਕਾਰ, ਘਰ ਬਾਰ ਦਾ ਜੋਗੀਆਂ ਵਾਂਗੂੰ ਗ੍ਰਿਹਸਤ ਤੋਂ ਭੱਜ ਕੇ ਤਿਆਗ ਤੇ ਕਰਾਮਾਤਾਂ ਆਦਿ ਦਾ ਵਿਖਾਲਾ ਸਭ ਕੁਝ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦੇ ਵਿਰੁੱਧ ਸੀ ।

ਗੁਰੂ ਨਾਨਕ ਜੀ ਜਦੋਂ ਚਾਰੇ ਲੰਮੇ ਸਫਰ ਮੁਕਾ ਕੇ ਵਾਪਸ ਕਰਤਾਰਪੁਰ ਆ ਕੇ ਵੱਸੇ ਉਹਨਾਂ ਉਦਾਸੀ ਬਾਣਾ ਲਾਹ ਦਿੱਤਾ ਸੀ ਤੇ ਸੰਸਾਰੀ ਕਪੜੇ ਪਾ ਲੈ ਸਨ । ਉਹਨਾਂ ਦੇ ਵੱਡੇ ਪੁੱਤਰ ਸ਼੍ਰੀ ਚੰਦ ਨੇ ਪਿਤਾ ਦਾ ਉਤਾਰਿਆ ਹੋਇਆ ਉਦਾਸੀ ਬਾਣਾ ਆਪ ਪਾ ਲਿਆ ਅਤੇ ਕਿਹਾ ਕਿ ਮੈਂ ਸਾਰਾ ਜੀਵਨ ਉਦਾਸੀ ਬਾਣੇ ਵਿਚ ਰਹਿ ਕੇ ਆਪਣੇ ਪਿਤਾ ਦੇ ਇਸ ਬਾਣੇ ਦੀ ਯਾਦਗਾਰ ਕਾਇਮ ਰੱਖਾਂਗਾ ਜੋ ਗੱਲ ਠੀਕ ਨਿਕਲੀ ਤੇ ਬਾਬਾ ਸ਼੍ਰੀ ਚੰਦ ਹੋਰਾਂ ਦੀ ਚਲਾਈ ਹੋਈ ਹੀ ਉਦਾਸੀ ਸਾਧੂਆਂ ਦੀ ਸੰਪਰਦਾਇ ਹੈ । ਕਈ ਸਿੱਖ ਇਤਿਹਾਸਕਾਰ ਦਸਦੇ ਹਨ ਕਿ ਨਿਹੰਗਾਂ ਦੀ ਸੰਪਰਦਾਇ ਵੀ ਇਸ ਤਰ੍ਹਾਂ ਕਪੜਿਆਂ ਜਾਂ ਬਾਣੇ ਦੀ ਯਾਦ ਦੇ ਕਾਰਨ ਹੀ ਚਲੀ ਸੀ । ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਉੱਚ ਦੇ ਪੀਰ ਵਾਲਾ ਬਾਣਾ ਲਾਹ ਕੇ ਪਾੜਿਆ-ਸਾੜਿਆ ਉਦੋਂ ਇਕ ਨੀਲੀ ਲੀਰ ਲੈ ਕੇ ਭਾਈ ਮਾਨ ਸਿੰਘ ਨੇ ਸਿਰ ਤੇ ਬਨ੍ਹ ਲਈ ਤੇ ਉਸ ਤੋਂ ਨਿਹੰਗਾਂ ਦਾ ਦੁਮਾਲਾ ਤੇ ਨਿਹੰਗ ਸੰਪਰਾਦਾਇਣ ਚਲੀ । ਇਤ੍ਹਹਾਸ ਦੱਸਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਪੁੱਤਰਾਂ ਤੇ ਸਿੱਖਾਂ ਦੇ ਦੋ ਤਿੰਨ ਇਮਤਿਹਾਨ ਲਏ ਪਰ ਬਿਨਾਂ ਭਾਈ ਲਹਿਣੇ ਤੋਂ ਹੋਰ ਕੋਈ ਵੀ ਸਫਲ ਨ ਹੋਇਆ ।



Digitized by Panjab Digital Library | www.panjabdigilib.org

੧੫੩੯ ਈਸਵੀ ਦਾ ਸਾਲ ਸੀ। ਬਾਬਾ ਜੀ ਦੀ ਉਮਰ ਦਾ ੭੦ਵਾਂ ਸਾਲ ਸੀ। ਸੰਸਾਰ ਦੀ ਬੇਸਬਾਤੀ ਜਾਂ ਵਿਨਾਸ਼ਤਾ ਨੂੰ ਸਮਝਣਾ ਤੇ ਇਕ ਪਾਸੇ, ਉਹਨਾਂ ਤੇ ਲੱਖਾਂ ਸੰਸਾਰ ਜਾਂ ਜ਼ਿੰਦਗੀ ਦੇ ਪਰਛਾਵੇਂ ਪਿੱਛੇ ਭੱਜਦੇ ਲੋਕਾਂ ਨੂੰ ਮੌਤ ਦੀ ਸਚਾਈ ਤੇ ਜ਼ਿੰਦਗੀ ਦੀ ਸਦੀਵਤਾ ਦੇ ਝੂਠ ਦਾ ਅਨੁਭਵ ਵੀ ਕਰਾਇਆ ਸੀ। ਸਿਆਲਕੋਟ ਦੇ ਸ਼ਹਿਰ ਚੋਂ ਤੇ ਮਰਦਾਨੇ ਨੂੰ ਭੇਜਕੇ ਸੌਦਾ ਹੀ ਸੱਚ ਤੇ ਝੂਠ ਦੀ ਰਮਜ਼ "ਮਰਨਾ ਸੱਚ ਤੇ ਜਿਉਣਾ ਝੂਠ" ਲਭਣ ਦਾ ਯਤਨ ਕੀਤਾ ਸੀ। ਉਹਨਾਂ ਨੂੰ ਆਪਣਾ ਆਖ਼ਰੀ ਸਮਾਂ ਨੇੜੇ ਨਜ਼ਰ ਆਉਂਦਾ ਸੀ ਅਤੇ ਸਮਾਂ ਆਉਣ ਤੋਂ ਪਹਿਲਾਂ ਹੀ ਉਹ ਆਪਣੇ ਸਿੱਖਾਂ ਨੂੰ ਮੌਤ ਦੀ ਅਟੱਲ ਸਚਾਈ ਦਾ ਅਨੁਭਵ ਤੇ ਰਜ਼ਾ ਨੂੰ ਖਿੜੇ ਮੱਥੇ ਮੰਨਣ ਦੀ ਖੁਸ਼ੀ, ਸੁਖ ਤੇ ਸ਼ਾਂਤੀ ਬਾਰੇ ਸਮਝਾਣ ਲੱਗ ਪਏ।

ਬਾਬਾ ਜੀ ਨੇ ਜਪੁਜੀ ਸਾਹਿਬ ਦੀ ਤੀਸਰੀ ਪੌੜੀ ਵਿਚ ਹੀ ਇਸ ਸਚਾਈ ਬਾਰੇ ਕਿਹਾ ਹੈ :

ਗਾਵੈ ਕੋ ਸਾਜਿ ਕਰੇ ਤਨੁ ਖੇਹ,
ਗਾਵੈ ਕੋ ਜੀਅ ਲੈ ਫਿਰ ਦੇਹ।

ਜੇ ਅਸੀਂ ਨਿਰਾ ਤੋਤੇ ਵਾਂਗੂੰ ਪੜ੍ਹੀਏ ਜਾਂ ਰਟੀਏ ਹੀ ਨ, ਸਮਝੀਏ ਤੇ ਅਨੁਭਵ ਕਰੀਏ ਤਾਂ ਸਿੱਖ ਧਰਮ ਦੇ ਮੂਲ ਮੰਤਰ ਵਿਚ ਹੀ ਉਹਨਾਂ ਇਨਸਾਨ ਨੂੰ ਉਸਦੀ ਨਾਪਾਇਦਾਰੀ ਜਾਂ ਛਿਨ-ਭੰਗਰਤਾ ਅਤੇ ਰੱਬ ਦੀ ਅਮਰਤਾ ਜਾਂ ਅਨੰਤਤਾ ਦਾ ਅਹਿਸਾਸ ਕਰਵਾਇਆ ਹੈ—ਰੱਬ ਨੂੰ ਕਿਹਾ ਹੈ 'ਅਕਾਲ' ਸਮੇਂ ਜਾਂ ਮੌਤ ਦੀਆਂ ਹੱਦਾਂ ਤੋਂ ਬਾਹਰ।

ਉਹਨਾਂ ਰਾਗ ਧਨਾਸਰੀ ਵਿਚ ਕਿਹਾ :—

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ।
ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ। (੧)
ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ (੧) ਰਹਾਉ।
ਸਾਸੁ ਮਾਸੁ ਸਭ ਜੀਉ ਤੁਮਾਰਾ ਤੂੰ ਮੈਂ ਖਰਾ ਪਿਅਰਾ।
ਨਾਨਕ ਸ਼ਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ।

ਬਾਬਾ ਜੀ ਦੀ ਉਮਰ ਉਹ ਸੀ ਜਿਸ ਬਾਰੇ ਬਾਬੇ ਫਰੀਦ ਨੇ ਕਿਹਾ ਸੀ :—

ਵੇਖ ਫਰੀਦਾ ਜੋ ਥੀਆ ਦਾੜ੍ਹੀ ਹੋਈ ਭੂਰ,
ਅਗਹੁ ਨੇੜੇ ਆਇਆ ਪਿਛਾ ਰਹਿਆ ਦੂਰ।

ਇਹ ਉਹ ਸਚਾਈ ਹੈ ਜਿਸ ਤੋਂ ਕੋਈ ਮਨੁੱਖ ਭਾਵੇਂ ਆਸਤਕ ਹੋਵੇ ਤੇ ਭਾਵੇਂ ਨਾਸਤਕ, ਇਨਕਾਰ ਨਹੀਂ ਕਰ ਸਕਦਾ। ਬੁੱਧ ਧਰਮ ਰੱਬ ਦੀ ਹੋਂਦ ਬਾਰੇ ਚੁੱਪ ਹੈ। ਬਹੁਤ ਸਾਰੇ ਵਿਦਵਾਨ ਇਸ ਨੂੰ ਨਾਸਤਕ ਧਰਮ ਹੀ ਸਮਝਦੇ ਹਨ। ਇਸ ਧਰਮ ਦੀ, 'ਤਿੱਬਤਨ ਬੁੱਕ ਆਫ਼ ਡੈਡ' ਵਿਚ ਲਿਖਿਆ ਹੈ, "ਮੌਤ ਸਭ ਨੂੰ ਆਉਣੀ ਹੈ, ਇਸ ਜ਼ਿੰਦਗੀ ਨੂੰ ਇੱਛਾ ਜਾਂ ਕਿਸੇ ਕਮਜ਼ੋਰੀ ਦੇ ਕਾਰਨ ਚੰਬੜੋ ਨ। ਤੁਹਾਡੇ ਕੋਲ ਇਸ ਸੰਸਾਰ ਵਿਚ ਸਦਾ ਵਾਸਤੇ ਰਹਿਣ ਲਈ ਕੋਈ ਸ਼ਕਤੀ ਨਹੀਂ।"

ਕਨਫੀਉਸ਼ਨਿਜ਼ਮ ਦੀ ਧਰਮ ਪੁਸਤਕ 'ਐਨਾਲੇਕਟਸ' ਦੇ ਬਾਰ੍ਹਵੇਂ ਕਾਂਡ ਵਿਚ ਲਿਖਿਆ ਹੈ, "ਜੰਮਣ ਤੇ ਮਰਨ ਦੀ ਨਿਯੁਕਤੀ ਅਟੱਲ ਹੈ।"



Digitized by Panjab Digital Library | www.panjabdigilib.org

ਯਹੂਦੀ ਧਰਮ ਦੀ ਤਲਮੁਦ ਕਹਿੰਦੀ ਹੈ, "ਜੋ ਜਿਉਂਦੇ ਨੇ ਉਹ ਮਰਨ ਲਈ ਨੇ ਤੇ ਮੋਏ ਜੰਮਣ ਲਈ।"

ਤਾਉਇਜ਼ਮ ਦੀ ਧਰਮ ਪੁਸਤਕ, 'ਲੈ ਤਜ਼ੂ' ਦਾ ਕਥਨ ਹੈ, "ਮੌਤ ਸੱਚ ਮੁੱਚ ਮਹਾਨ ਹੈ। ਨੇਕ ਮਨੁੱਖਾਂ ਨੂੰ ਇਹ ਸਦੀਵੀ ਸੁੱਖ ਤੇ ਸ਼ਾਂਤੀ ਦੇਂਦੀ ਹੈ ਪਰ ਭੈੜਿਆਂ ਨੂੰ ਗੁਲਾਮੀ ਭਾਵ ਜੰਮਣ-ਮਰਨ ਦੇ ਅਮੁੱਕ ਗੇੜੇ ਵਿਚ ਪਾ ਦੇਂਦੀ ਹੈ।"

ਮੌਤ ਬਾਰੇ ਕਈ ਵਿਚਾਰਵਾਨਾਂ ਨੇ ਬੜੇ ਮਹਾਨ ਬਚਨ ਕੀਤੇ ਨੇ। ਕਹਿੰਦੇ ਨੇ ਕਿ ਸਿਕੰਦਰੇ ਆਜ਼ਮ ਨੇ ਆਪਣੇ ਸਮਕਾਲੀ ਫ਼ਿਲਾਸਫ਼ਰ ਡਾਇਉ ਜੀਨਜ਼ ਨੂੰ ਕੁਝ ਮਨੁੱਖੀ ਹੱਡੀਆਂ ਦੇ ਟੋਟਿਆਂ ਨੂੰ ਬੜੇ ਗਹੁ ਨਾਲ ਵੇਖਦਿਆਂ ਵੇਖਿਆ। ਸਿਕੰਦਰ ਨੇ ਪੁੱਛਿਆ, 'ਏਹਨਾਂ ਚੋਂ ਕੀ ਲਭਦੇ ਹੋ?' ਡਾਇਉਜੀਨਜ਼ ਨੇ ਜਵਾਬ ਦਿੱਤਾ, "ਮੈਂ ਇਹ ਵੇਖਦਾ ਹਾਂ ਕਿ ਤੇਰੇ ਪਿਉ ਤੇ ਉਸਦੇ ਗੁਲਾਮਾਂ ਦੀਆਂ ਹੱਡੀਆਂ ਵਿਚ ਕੀ ਫ਼ਰਕ ਹੈ।" ਜਵਾਬ ਸੁਣਕੇ ਸਿਕੰਦਰੇ ਆਜ਼ਮ ਸਕੰਦਰੇ ਅਸਗਰ ਹੋ ਗਿਆ। ਪਾਰਸੀ ਧਰਮ ਦੀ ਪੁਸਤਕ 'ਆਗੋਮੀਦਾਇਰਾ' ਵਿਚ ਲਿਖਿਆ ਹੈ, "ਅਸਤੀਵੀਹਾਦ ਜਾਂ ਮੌਤ ਸਭ ਨੂੰ ਆਉਂਦੀ ਹੈ। ਜੋ ਨ ਤੇ ਰਿਸ਼ਵਤ ਨੂੰ ਮੰਨਦੀ ਹੈ ਤੇ ਨ ਕਿਸੇ ਖਾਸ ਵਿਅਕਤੀ ਦਾ ਲਿਹਾਜ਼ ਕਰਦੀ ਹੈ। ਇਹ ਇਨਸਾਨਾਂ ਨੂੰ ਬੜੀ ਬੇਰਹਿਮੀ ਨਾਲ ਮਾਰਦੀ ਹੈ।"

ਭਗਵਤ ਗੀਤਾ ਦੇ ੨੭ਵੀਂ ਸਰਗ ਵਿਚ ਕਿਹਾ ਗਿਆ ਹੈ, "ਜੰਮਿਆ ਲਈ ਮੌਤ ਤੇ ਮਰਿਆਂ ਲਈ ਜੰਮਣ ਯਕੀਨੀ ਹੈ। ਇਸ ਲ਼ਈ ਜੋ ਅਟੱਲ ਹੈ ਉਸ ਦੀ ਚਿੰਤਾ ਨਹੀਂ ਕਰਨੀ ਚਾਹੀਦੀ।"

ਗੁਰੂ ਤੇਗ ਬਹਾਦਰ ਜੀ ਨੇ ਗੁਰੂ ਗਰੰਥ ਸਾਹਿਬ ਵਿਚ ਦਰਜ ਆਪਣੇ ੫੧ਵੇਂ ਸ਼ਲੋਕ ਵਿਚ ਫ਼ਰਮਾਇਆ ਹੈ :—

ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ।
ਇਹੁ ਮਾਰਗ ਸੰਸਾਰ ਕੋ ਨਾਨਕ ਥਿਰ ਨਹੀਂ ਕੋਇ।

ਇਸਾਈਆਂ ਦੀ ਇਕ ਬਿਬਲੀਕਲ ਜਾਂ ਅੰਜੀਲਕ ਅਖੌਤ ਹੈ :—

"ਜਿਹੜਾ ਜੰਮਣ ਤੋਂ ਨਹੀਂ ਨੱਸ ਸਕਿਆ ਉਹ ਮੌਤ ਤੋਂ ਭੱਜ ਕੇ ਕਿੱਥੇ ਜਾ ਸਕਦਾ ਹੈ?" ਅੰਜੀਲ ਹੀ ਮਨੁੱਖ ਨੂੰ ਕਹਿੰਦੀ ਹੈ, "ਤੂੰ ਮਿੱਟੀ ਚੋਂ ਹੀ ਬਣਿਆ ਹੈਂ ਤੇ ਮਿੱਟੀ ਵਿਚ ਹੀ ਅੰਤ ਨੂੰ ਮਿਲੇਂਗਾ।" ਸਬਰ ਫ਼ਿਲਪ ਸਿਡਨੀ ਨੇ ਬਹੁਤ ਹੀ ਚੰਗਾ ਕਿਹਾ ਹੈ, "ਧੀਰਜ ਵਾਲੇ ਮਨੁੱਖਾਂ ਨੂੰ ਮੌਤ ਓਨੀ ਪੀੜਕ ਨਹੀਂ ਜਿੰਨਾ ਬੁਜ਼ਦਿਲ ਲੋਕਾਂ ਨੂੰ ਡਰ ਹੁੰਦਾ ਹੈ।"

ਗੁਰਮੁੱਤ ਤੇ ਆਤਮਕ ਉਚਿੱਤਾ ਵਾਲੇ ਮਨੁੱਖ ਤੇ ਮਨਮੁੱਖਾਂ ਵਿਚ ਅਤੇ ਅਗਿਆਨੀਆਂ ਵਿਚ ਇਹ ਫ਼ਰਕ ਹੈ ਕਿ ਗੁਰਮੁੱਖ ਮੌਤ ਨੂੰ ਆਪਣੇ ਅਸਲੀ ਘਰ ਵਾਪਸ ਜਾਣਾ ਭਾਵ ਵਿਛੜੀ ਆਤਮਾ ਦਾ ਪਰਮ-ਆਤਮਾ ਜਾਂ ਪਰਮਾਤਮਾ ਨਾਲ ਮਿਲਾਪ ਤੇ ਅਨੰਦ ਦਾ ਸਦੀਵੀ ਸਾਧਨ ਸਮਝਦੇ ਨੇ ਪਰ ਮਨਮੁੱਖਾਂ ਤੇ ਅਗਿਆਨੀਆਂ ਨੂੰ ਸਭ ਤੋਂ ਜ਼ਿਆਦਾ ਡਰ ਹੁੰਦਾ ਹੀ ਮੌਤ ਦਾ ਹੈ ਕਿਉਂਕਿ ਉਹ ਇਸ ਸੁਪਨੇ-ਵੱਤ ਸੰਸਾਰ ਤੇ ਮਿੱਟੀ ਦੀ ਦੇਹ ਨਾਲ ਅਟੁੱਟਵੇਂ ਮੋਹ ਦੇ ਭੁਲੇਖੇ ਵਿਚ ਕੈਦ ਹੁੰਦੇ ਨੇ। ਭਗਤ ਕਬੀਰ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਸਫ਼ਾ ੧੩੬੫ ਤੇ ਇਸ ਗੱਲ ਨੂੰ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ :—



Digitized by Panjab Digital Library | www.panjabdigilib.org

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ।
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦ ।

ਗੁਰੂ ਨਾਨਕ ਸਾਹਿਬ ਜੀ ੧੫੩੯ ਈਸਵੀ ਵਿਚ ਆਪਣੇ ਨਿਕਟਵਰਤੀ ਸਿੱਖਾਂ ਤੇ ਆਮ ਸੰਗਤਾਂ ਨਾਲ ਕਈ ਵਾਰੀ ਸਪਸ਼ਟ ਤੇ ਕਈ ਵਾਰੀ ਰਮਜ਼ ਨਾਲ ਗੱਲਾਂ ਕਰਦੇ ਸਨ ਕਿ ਸਾਡਾ ਸੱਚ ਖੰਡ ਦੇ ਸਫਰ ਦਾ ਸਮਾਂ ਵੀ ਨੇੜੇ ਆ ਗਿਆ ਹੈ । ਕਈ ਸ਼ਰਧਾਲੂ ਇਹ ਗੱਲਾਂ ਸੁਣ ਕੇ ਘਬਰਾ ਜਾਂਦੇ ਕਿ ਸੁਖੀ ਸਾਂਦੀ ਇਸ ਤਰ੍ਹਾਂ ਨ ਆਖੋ ਪਰ ਬਾਬਾ ਜੀ ਉਹਨਾਂ ਨੂੰ ਆਪਣੀ ਰੱਬੀ ਬਾਣੀ ਰਾਹੀਂ ਕਈ ਪਰਮਾਣ ਦੇ ਕੇ ਹਕੀਕਤ ਸਮਝਾਉਂਦੇ । ਕੁਝ ਸ਼ਰਧਾਲੂਆਂ ਨੇ ਪੁਛਿਆ, "ਬਾਬਾ ਜੀ, ਤੁਹਾਡੇ ਸੱਚ ਖੰਡ ਦੇ ਸਫ਼ਰ ਪਿਛੋਂ ਅਸੀਂ ਤੇ ਰੋ ਰੋ ਕੇ ਕਮਲੇ ਹੋ ਜਾਵਾਂਗੇ । ਇਹ ਅਸਹਿ ਦੁੱਖ ਅਸੀਂ ਕਿਵੇਂ ਸਹਾਰਾਂਗੇ ।" "ਬਾਬਾ ਜੀ ਨੇ ਕਿਹਾ, "ਪੁਰਖੋ, ਮੋਏ ਨੂੰ ਰੋਣਾ ਪਰਾਲੀ, ਫੱਕ ਜਾਂ ਭੋਂਹ ਦੀਆਂ ਪੰਡਾਂ ਬਨੂਣ ਵਾਂਗੂੰ ਬੇਅਰਥ ਹੈ ਜਿਨ੍ਹਾਂ ਚੋਂ ਅਸਲੀਅਤ ਦਾ ਦਾਣਾ ਮਿਲਣ ਦੀ ਕਦੀ ਵੀ ਆਸ ਨਹੀਂ ਕੀਤੀ ਜਾ ਸਕਦੀ । "ਨਾ ਲੈ ਤੁਸੀਂ ਜਪੁਜੀ ਸਾਹਿਬ ਵਿਚ ਪੜ੍ਹਦੇ ਹੋ :—

ਨਾ ਓਹਿ ਮਰਹਿ ਨ ਠਾਗੇ ਜਾਹਿ ।
ਜਿਨਕੈ ਰਾਮੁ ਵਸੈ ਮਨ ਮਾਹਿ ।

ਪਿਆਰੇ ਸਿੱਖੋ, ਇਹ ਸਦਾ ਲਈ ਸਮਝ ਲਉ ਕਿ ਆਤਮਾ ਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਇਹ ਤੇ ਐਵੇਂ ਦੁਨਿਆਵੀ ਮੋਹ ਨੇ ਦੁਬਿਧਾ ਪਾਈ ਹੋਈ ਹੈ । ਜਿਵੇਂ ਮੈਂ ਰਾਗ ਧਨਾਸਰੀ ਵਿਚ ਦੱਸਿਆ ਹੈ :—

ਆਤਮਾ ਪਰਮਾਤਮਾ ਏਕੋ ਕਰੈ ।
ਅੰਤਰ ਕੀ ਦੁਬਿਧਾ ਅੰਤਰ ਮਰੈ ।

ਜਾਂ ਜਿਵੇਂ ਰਾਗ ਭੈਰਉਂ ਵਿਚ ਆਖਿਆ ਹੈ :—

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸ ਗੁਰ ਬੀਚਾਰਾ ।

ਜਾਂ ਜਿਵੇਂ ਮੈਂ ਰਾਗ ਆਸਾ ਵਿਚ ਤੁਹਾਨੂੰ ਸਮਝਾਣ ਦਾ ਯਤਨ ਕੀਤਾ ਹੈ :—

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ।
ਏਕੋ ਅੰਮ੍ਰਿਤ ਬਿਰਖੁ ਹੈ ਫਲ ਅੰਮ੍ਰਿਤ ਹੋਈ ।
ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ ।
ਤਿਨਾ ਭਰਮੁ ਨ ਭੇਦੁ ਹੈ ਹਉ ਰਸਨ ਰਸਾਈ ।"

ਬਾਬਾ ਜੀ ਦੇ ਬਚਨ 'ਸਤਿਨਾਮ' ਜਾਂ ਰੱਬ ਵਾਂਗੂ ਸੱਚੇ ਸਨ, ਕਿਉਂਕਿ ਸਰੀਰ ਤਾਂ ਪੰਜਾਂ ਤੱਤਾਂ ਜਾਂ ਅੰਸ਼ਾਂ ਦਾ ਮੇਲ ਹੀ ਹੈ । ਅਸਲੀ ਸ਼ੈ ਤੇ ਆਤਮਾ ਹੈ । ਇਹਨਾਂ ਤੱਤਾਂ ਦੇ ਵਿਛੋੜੇ ਨੂੰ ਹੀ ਸਰੀਰਕ ਤੌਰ ਤੇ ਮੌਤ ਆਖਦੇ ਨੇ । 'ਵਲਾ' ਦਾ ਇਕ ਸੇਅਰ ਹੈ :—

ਜ਼ਿੰਦਗੀ ਕਿਆ ਹੈ ਅਨਾਸਰ ਮੇਂ ਜ਼ਹੂਰੇ ਤਰਤੀਬ,
ਮੌਤ ਕਿਆ ਹੈ ਇਨ ਅਜਜ਼ਾ ਕਾ ਪਰੇਸ਼ਾਂ ਹੋਣਾ ।



Digitized by Panjab Digital Library | www.panjabdigilib.org

ਨਾਲੇ ਪ੍ਰਮਾਤਮਾਂ ਨਾਲ ਮਿਲੀ ਹੋਈ ਆਤਮਾ ਵਾਲੇ ਰੱਬ-ਰਸੀਦਾ ਲੋਕਾਂ ਨੂੰ ਜ਼ਿੰਦਗੀ ਤੇ ਮੌਤ ਦਾ ਫ਼ਰਕ ਮਾਲੂਮ ਹੀ ਨਹੀਂ ਹੁੰਦਾ। 'ਗਰਾਮੀ' ਲਿਖਦਾ ਹੈ :—

ਆਂ ਨੁਕਤਾ ਕਿ ਆਰਫ਼ਾਂ ਰਾ ਆਵਰਦ ਬਵਜ਼ ਈਂ ਅਸਤੁ।
ਜਾਂ ਅਸਤ ਬਜਿਸਮ ਅੰਦਰ ਦਰਯਾ ਬ-ਹਵਾਬ ਅੰਦਰ।

'ਆਰਜ਼ੂ' ਲਖਨਵੀ ਲਿਖਦਾ ਹੈ :—

ਬਰਾਏ ਨਾਮ ਯਿਹ ਨਾਮੋਂ ਨਮੂਦੇ ਜ਼ਿੰਦਗਾਨੀ ਹੈ,
ਵਗਰਨਾ ਮੌਜ ਕਿਆ ਗਰਦਾਬ ਕਿਆ ਜੋ ਕੁਛ ਹੈ ਪਾਣੀ ਹੈ।

'ਵਲਾ' ਲਿਖਦਾ ਹੈ :—

ਯਿਹ ਜਵਾਰਖ਼ਾਨਾਏ ਦੁਨੀਆਂ ਜੋ ਹੈ ਬਾਆਬੋਤਾਬ,
ਅਹਿਲੇ ਸੂਰਤ ਕਾ ਹੈ ਦਰਯਾ ਅਹਿਲੇ ਮਾਅਨੀ ਕਾ ਸਰਾਬ।

ਆਤਮਾ ਦੀ ਅਮਰਤਾ ਬਾਰੇ ਅਤੇ ਸਰੀਰਕ ਮੌਤ ਤੇ ਰੋਣ ਧੋਣ ਦੀ ਬੇਅਰਥਤਾ ਬਾਰੇ ਗੁਰੂ ਅਰਜਨ ਦੇਵ ਜੀ ਨੇ ਰਾਗ ਰਾਮਕਲੀ ਵਿਚ ਫ਼ਰਮਾਇਆ ਹੈ :—

ਪਵਨੈ ਮਹਿ ਪਵਨੁ ਸਮਾਇਆ,
ਜੋਤੀ ਮਹਿ ਜੋਤ ਰਲਿ ਜਾਇਆ।
ਮਾਟੀ ਮਾਟੀ ਹੋਈ ਏਕ, ਰੋਵਨ ਹਾਰੇ ਕੀ ਕਉਨ ਟੇਕੁ
ਕਉਨ ਮੂਆ ਰੇ ਕਉਨ ਮੂਆ ?

ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ (ਰਹਾਉ)
ਅਗਲੀ ਕਿਨ ਖਬਰ ਨਾ ਪਾਈ,
ਰੋਵਨਹਾਰ ਭਿ ਉਠਿ ਸਿਧਾਈ।
ਭਰਮ ਮੋਹ ਕੇ ਬਾਂਧੇ ਬੰਧ।
ਸੁਪਨੁ ਭਇਆ ਭਖਲਾਇ ਅੰਧ (੨)
ਇਹ ਤਉ ਰਚਨੁ ਰਚਿਆ ਕਰਤਾਰਿ,
ਆਵਤ ਜਾਵਤ ਹੁਕਮਿ ਅਪਾਰਿ,
ਨ ਕੋ ਮੂਆ ਨ ਮਰਣੈ ਜੋਗੁ,
ਨਾ ਬਿਨਸੈ ਅਬਿਨਾਸੀ ਹੋਗੁ,
ਜੋ ਇਹੁ ਜਾਣਹੁ ਸੋ ਇਹ ਨਾਹਿ,
ਜਾਨਣ ਹਾਰੇ ਕੋ ਬਲਿ ਜਾਉ।
ਕਹੁ ਨਾਨਕ ਪ੍ਰਭ ਭਰਮ ਚੁਕਾਇਆ,
ਨ ਕੋਈ ਮਰੈ ਨ ਆਵੈ ਜਾਇਆ॥



Digitized by Panjab Digital Library | www.panjabdigilib.org

ਗੁਰੂ ਨਾਨਕ ਸਾਹਿਬ ਦੇ ਮਾਤਾ ਪਿਤਾ ਦਾ ਦੇਹਾਂਤ ਹੋਇਆ ਤਾਂ ਉਹਨਾਂ ਨੇ ਆਪਣੀ ਹੱਥੀਂ ਉਹਨਾਂ ਦਾ ਸਸਕਾਰ ਕੀਤਾ। ਪੰਡਤ ਨੂੰ ਪਿੰਡ, ਦੀਵਾ-ਬਤੀ ਆਦਿ ਦੀਆਂ ਵਹਿਮੀ ਰਸਮਾਂ ਤੋਂ ਵਰਜ ਦਿੱਤਾ। ਇਕ ਅਥਰੂ ਵੀ ਨ ਡੋਹਲਿਆ। ਏਥੋਂ ਤੱਕ ਕਿ ਆਪਣੇ ਪਿਤਾ ਨੂੰ ਆਪਣੇ ਦਾਦੇ ਸ਼ਿਵਰਾਮ ਦੇ ਸਰਾਧ ਕਰਨ ਦੀ ਰਸਮ ਦੇ ਵਹਿਮ 'ਚੋਂ ਵੀ ਕਢਿਆ। ਗੁਰੂ ਨਾਨਕ ਸਾਹਿਬ ਸ੍ਰੀ ਰਾਗ ਵਿਚ ਦਸਦੇ ਹਨ :—

ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ,
ਤੁਮ ਰੋਵਹੁਗੇ ਉਸ ਨੋ ਤੁਮ ਕਉ ਕਉਣ ਰੋਈ ?
ਧੰਧਾ ਪਿਟਿਹੁ ਭਾਈਹੋ ਤੁਮ ਕੂੜ ਕਮਾਵਹੁ।
ਓਹ ਨ ਸੁਣਈ ਕਤ ਹੀ ਤੁਮ ਲੋਕ ਸੁਣਾਵਹੁ।

ਫਿਰ ਮਾਰੂ ਸੋਲਹੇ ਵਿਚ ਕਹਿੰਦੇ ਨੇ :—

ਬਾਲਕੁ ਮਰੈ ਬਾਲਕੁ ਕੀ ਲੀਲਾ,
ਕਹਿ ਕਹਿ ਰੋਵਹਿ ਬਾਲ ਰੰਗੀਲਾ।
ਜਿਸਕਾ ਸਾ ਸੋਤਿਨ ਹੀ ਲੀਆ ਭੂਲਾ ਰੋਵਣ ਹਾਰਾ ਰੇ।

ਇਕ ਦਿਨ ਬਾਬਾ ਜੀ ਨੂੰ ਮੌਤ ਤੇ ਜ਼ਿੰਦਗੀ ਦੀ ਅਭੇਦਤਾ ਬਾਰੇ ਬਚਨ ਕਰਦਿਆਂ ਸਿੱਖਾਂ ਨੇ ਪੁਛਿਆ, "ਮਹਾਰਾਜ ਤੁਹਾਡੇ ਪਰਲੋਕ ਸਿਧਾਰਨ ਦੇ ਬਾਅਦ ਅਸੀਂ ਆਪਣੇ ਹਿੰਦੂ ਪਿਉ ਦਾਦੇ ਦੀਆਂ ਪਿੰਡਾਂ-ਪਤਲਾਂ, ਦੀਵਾ-ਬਤੀ ਤੇ ਗੰਗਾ ਆਦਿ ਵਿਚ ਫ਼ੁੱਲ ਪਰਵਾਹਣ ਵਾਲੀਆਂ ਰਸਮਾਂ ਅਦਾ ਕਰੀਏ ਜਾਂ ਨਾ ?" ਇਸ ਦਾ ਜਵਾਬ ਬਾਬਾ ਜੀ ਨੇ ਮਸਤੀ ਵਿਚ ਆ ਕੇ ਤੇ ਰਾਗ ਆਸਾ ਵਿਚ ਗਾ ਕੇ ਦਿੱਤਾ :—

ਦੀਵਾ ਮੇਰਾ ਏਕ ਨਾਮ ਦੁੱਖ ਵਿਚ ਪਾਇਆ ਤੇਲੁ।
ਉਨਿ ਚਾਨਣਿ ਉਹ ਸੋਖਿਆ ਚੂਕਾ ਜਮਸਿਓਂ ਮੇਲੁ।
ਲੋਕ ਮੱਤ ਕੋ ਫਕੜੁ ਪਾਇ।
ਲੱਖ ਮੜਿਆ ਕਰ ਏਕਠੇ ਏਕ ਰਤੀ ਲੇ ਭਾਹਿ।
ਪਿੰਡ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ।
ਐਥੇ ਓਥੇ ਆਗੈ ਪਾਛੈ ਏਹੁ ਮੇਰਾ ਆਧਾਰੁ।
ਗੰਗ ਬਨਾਰਸ ਸਿਫਤਿ ਤੁਮਾਰੀ ਨਾਵੈ ਆਤਮੁ ਰਾਉ।
ਸੱਚਾ ਨਾਵਨ ਤਾਂ ਥੀਐ ਜਾਂ ਅਹਿਨਸਿ ਲਾਗੈ ਭਾਉ।
ਇਕ ਲੋਕੀ ਹੋਰ ਛਮਛਰੀ ਬ੍ਰਾਹਮਣ ਵਟਿ ਪਿੰਡ ਖਾਇ।
ਨਾਨਕ ਪਿੰਡ ਬਖਸ਼ੀਸ਼ ਕਾ ਕਬਹੂ ਨਿਖੂਟਸਿ ਨਾਹਿ।



Digitized by Panjab Digital Library | www.panjabdigilib.org

ਗੁਰੂ ਨਾਨਕ ਸਾਹਿਬ ਮੌਤ ਨੂੰ ਮੁਸੀਬਤ ਨਹੀਂ ਸਨ ਸਮਝਦੇ, ਉਹ ਤਾਂ ਇਸ ਨੂੰ ਜੰਮਣ-ਮਰਣ ਦੇ ਅਮੁੱਕ ਗੇੜ ਤੋਂ ਛੁਟਕਾਰੇ ਦੀ ਰੱਬੀ ਬਖਸ਼ਿਸ਼ ਸਮਝਦੇ ਸਨ ਇਸ ਸਿਧਾਂਤ ਨੂੰ ਉਹਨਾਂ ਜਪੁਜੀ ਸਾਹਿਬ ਦੀ ਦੂਜੀ ਪੌੜੀ ਵਿਚ ਹੀ ਸਪੱਸ਼ਟ ਕਰ ਦਿੱਤਾ ਸੀ:—

ਇਕਨਾ ਹੁਕਮਿ ਬਖਸੀਸੁ

ਇਕਿ ਹੁਕਮਿ ਸਦਾ ਭਵਾਈਅਹਿ ॥

ਸਿੱਖ ਸੰਗਤਾਂ ਨੂੰ ਹੋਰ-ਸਿੱਖ ਮੱਤ ਦੇਣ ਤੋਂ ਛੁੱਟ ਗੁਰੂ ਸਾਹਿਬ ਆਤਮਾ ਦੀ ਸਥਿਰਤਾ ਤੇ ਸਦੀਵੀਤਾ ਅਤੇ ਸਰੀਰ ਦੀ ਅਸਥਿਰਤਾ ਤੇ ਅਨਿੱਤਤਾ ਬਾਰੇ ਵੀ ਕਦੀ ਕਦਾਈਂ ਦਸਦੇ ਰਹਿੰਦੇ। ਭਾਈ ਲਹਿਣਾ ਜੀ, ਸੰਗਤਾਂ ਤੇ ਬਾਬਾ ਜੀ ਦੇ ਪ੍ਰੇਮ ਵਿਚ ਏਨੇ ਬੱਝੇ ਕਿ ਜ਼ਿਆਦਾ ਰਹਿੰਦੇ ਹੀ ਕਰਤਾਰਪੁਰ ਸਨ। ਉਹਨਾਂ ਨੂੰ ਨਿਸ਼ਕਾਮ ਸੇਵਾ ਦੀ ਸੱਚੀ ਲਗਨ ਲੱਗ ਚੁੱਕੀ ਸੀ । ਉਹਨਾਂ ਦਾ ਸਿੱਖੀ ਜੀਵਨ ਸੇਵਾ ਦੀ ਕੁਠਾਲੀ ਤੇ ਗੁਰੂ ਨਾਨਕ ਸਾਹਿਬ ਦੀ ਸੰਗਤ ਵਿਚ ਏਨਾ ਉੱਚਾ ਸੁੱਚਾ ਹੋ ਚੁੱਕਾ ਸੀ ਕਿ ਸਿੱਖ ਸੰਗਤਾਂ ਬਾਬਾ ਜੀ ਤੋਂ ਦੂਜੇ ਦਰਜੇ ਤੇ ਉਹਨਾ ਦਾ ਸਤਿਕਾਰ ਕਰਦੀਆਂ। ਇਕ ਦਿਨ ਭਾਈ ਲਹਿਣਾ ਜੀ ਖਡੂਰ ਸਾਹਿਬ ਤੋਂ ਕਰਤਾਰਪੁਰ ਆਏ । ਭਾਈ ਬੁਢਾ ਜੀ ਤੇ ਕਿੰਨਿਆਂ ਸਾਲਾਂ ਤੋਂ ਰਹਿੰਦੇ ਹੀ ਕਰਤਾਰਪੁਰ ਸਨ। ਬਾਬਾ ਜੀ ਬਾਹਰ ਪੈਲੀਆਂ ਵਿਚ ਮੂੰਜੀ 'ਚੋਂ ਨਦੀਨ ਕੱਢਦੇ ਕਢਵਾਂਦੇ ਸਨ। ਲਹਿਣਾ ਜੀ ਪੈਲੀ ਵਿਚ ਜਾ ਮਿਲੇ ਤੇ ਗੁਰੂ ਸਾਹਿਬ ਦੇ ਕਹਿਣ ਅਨੁਸਾਰ ਨਦੀਨ ਦੀ ਪੰਡ ਚੁੱਕ ਕੇ ਪਿੰਡ ਲੈ ਆਏ। ਪੰਡ ਵਿਚ ਬੱਝਾ ਹੋਇਆ ਘਾਹ-ਫੂਸ ਪਾਣੀ ਵਰਗੀ ਗਿੱਲੀ ਜ਼ਮੀਨ 'ਚੋਂ ਪੁਟਿਆ ਸੀ । ਇਸ ਲਈ ਇਸ 'ਚੋਂ ਚਿੱਕੜ ਚੋ ਆਇਆ ਜਿਸ ਦੇ ਕਾਰਨ ਭਾਈ ਲਹਿਣੇ ਦੇ ਚਿੱਟੇ ਕਪੜੇ ਖਰਾਬ ਹੋ ਗਏ ਪਰ ਸੱਚੇ ਪਿਆਰ ਤੇ ਇਸ਼ਕ ਵਾਲਿਆਂ ਨੂੰ ਆਪਣਾ ਆਪ ਤੇ ਨਜ਼ਰ ਨਹੀਂ ਆਉਂਦਾ । ਉਹ ਤੇ ਯਾਰ ਦੇ ਨਜ਼ਾਰੇ ਦੀ ਮਸਤੀ ਵਿਚ ਆਪਣੀ ਹੋਂਦ ਨੂੰ ਹੀ ਭੁੱਲ ਜਾਂਦੇ ਨੇ ।

ਭਾਈ ਲਹਿਣਾ ਜੀ ਨੇ ਨਦੀਨ ਦੀ ਪੰਡ ਘਰ ਜਾ ਸੁੱਟੀ। ਮਾਤਾ ਸੁਲੱਖਣੀ ਨੇ ਗੁਰੂ ਸਾਹਿਬ ਨੂੰ ਹੱਸ ਕੇ ਕਿਹਾ, "ਮਹਾਰਾਜ, ਕੁਝ ਤੇ ਵੇਖਿਆ ਕਰੋ, ਚੰਗੀ ਪਰਾਹੁਣਚਾਰੀ ਕਰਦੇ ਹੋ । ਭਾਈ ਲਹਿਣੇ ਦੇ ਕਪੜ ਤੇ ਦੇਖੋ, ਤੁਹਾਨੂੰ ਮਿਲਣ ਆਇਆ, ਉਸ ਦੇ ਚਿੱਟੇ ਲੀੜੇ ਚਿੱਕੜ ਨਾਲ ਲੱਤ ਪੱਤ ਹੋ ਗਏ।" ਬਾਬਾ ਜੀ ਨੇ ਹੱਸ ਕੇ ਆਖਿਆ, "ਭਾਗਾਂ ਵਾਲੀਏ, ਤੈਨੂੰ ਕੀ ਪਤਾ ਹੈ, ਇਹ ਚਿੱਕੜ ਦੇ ਦਾਗ ਨਹੀਂ, ਕੇਸਰ ਸਮਝੋ। ਭਾਈ ਲਹਿਣੇ ਨੇ ਤਾਂ ਸਾਡੇ ਤੋਂ ਲੈਣਾ ਹੀ ਲੈਣਾ ਹੈ। ਅਸੀਂ ਤੇ ਉਸ ਦੇ ਦੇਣਦਾਰ ਹਾਂ।" ਭਾਵੇਂ ਅਸਲੀ ਗੱਲ ਰਮਜ਼ ਵਿੱਚ ਆਖੀ ਸੀ, ਹੈਸੀ ਕਾਫ਼ੀ ਸਪੱਸ਼ਟ।

ਇਕ ਦਿਨ ਸੰਗਤ ਕਾਫ਼ੀ ਜੁੜੀ ਹੋਈ ਸੀ। ਆਸਾ ਦੀ ਵਾਰ ਦਾ ਭੋਗ ਪਿਆ ਤੇ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਬੜੇ ਪਿਆਰ ਤੇ ਨਿਮਰਤਾ ਨਾਲ ਬਾਹੋਂ ਫੜਿਆ ਤੇ ਉਠਾ ਕੇ ਆਪਣੀ ਗੱਦੀ ਤੇ ਬਿਠਾ ਦਿੱਤਾ। ਭਾਈ ਬੁੱਢਾ ਜੀ ਨੂੰ ਕਿਹਾ ਕਿ ਇਨ੍ਹਾਂ ਦੇ ਮੱਥੇ



Digitized by Panjab Digital Library | www.panjabdigilib.org

ਤੇ ਕੇਸਰ ਦਾ ਟਿੱਕਾ ਲਾ ਦੇਵੋ। ਭਾਈ ਬੁੱਢਾ ਜੀ ਨੇ ਹੁਕਮ ਦੀ ਪਾਲਨਾ ਕੀਤੀ। ਗੁਰੂ ਸਾਹਿਬ ਨੇ ਭਾਈ ਲਹਿਣੇ ਜੀ ਦੇ ਸਾਹਮਣੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ। ਫਿਰ ਬੋਲੇ, "ਸਾਧ ਸੰਗਤ ਜੀ, ਪੁੱਤਰੋ ਤੇ ਹੋਰ ਸਬੰਧੀਓ, ਮੈਂ ਅੱਜ ਭਾਈ ਲਹਿਣਾ ਜੀ ਨੂੰ ਆਪਣੀ ਹੱਥੀਂ ਗੁਰਿਆਈ ਦੇ ਦਿੱਤੀ ਹੈ। ਇਸ ਨੂੰ ਮੇਰਾ ਸਰੂਪ ਹੀ ਸਮਝੋ। ਇਹ ਹੁਣ ਭਾਈ ਲਹਿਣਾ ਨਹੀਂ ਰਹਿ ਗਏ। ਮੇਰਾ ਆਪਣਾ ਅੰਗ ਬਣ ਚੁੱਕੇ ਨੇ। ਏਸੇ ਲਈ ਮੈਂ ਉਹਨਾਂ ਨੂੰ ਗੁਰੂ ਅੰਗਦ ਭਾਵ "ਅੰਗੇਖ਼ੁਦ" ਦਾ ਖ਼ਿਤਾਬ ਦੇਂਦਾ ਹਾਂ। ਇਹ ਸਭ ਕੁਝ ਇਹਨਾਂ ਦੀ ਆਗਿਆਕਾਰੀ, ਸੇਵਾ ਤੇ ਆਤਮਕ ਕਮਾਈ ਦਾ ਫਲ ਹੈ। ਇਹ ਗੱਦੀ ਕੋਈ ਜੱਦੀ ਜਾਇਦਾਦ ਨਹੀਂ। ਇਹ ਤਾਂ ਸੇਵਾ ਤੇ ਘਾਲਣਾ ਦੀ ਖੱਟੀ ਹੈ। ਇਸ ਦੇ ਹੱਕ ਲਈ ਆਪਣੇ ਪਰਾਏ ਜਾਂ ਪੁੱਤਰਾਂ ਤੇ ਹੋਰ ਸਿੱਖਾਂ ਵਿੱਚ ਕੋਈ ਫ਼ਰਕ ਨਹੀਂ। ਇਹ ਤੇ ਸੇਵਾ ਦਾ ਮੇਵਾ ਹੈ। ਭਾਈ ਲਹਿਣਾ ਜੀ ਮੇਰੇ ਸੱਚੇ ਸਿੱਖ ਹਨ। ਇਸ ਲਈ ਅੱਜ ਇਹ ਸਿੱਖ ਤੋਂ ਮੇਰੇ ਗੁਰੂ ਬਣ ਗਏ ਹਨ। ਮੈਂ ਤੇ ਤੁਹਾਨੂੰ ਕਈ ਵਾਰੀ ਪਹਿਲਾਂ ਹੀ ਕਿਹਾ ਹੈ ਕਿ ਜਿਹੜਾ ਸਿੱਖ ਸੱਚੇ ਦਿਲੋਂ ਗੁਰੂ ਦੀ ਆਗਿਆ ਦੀ ਪਾਲਨਾ ਕਰੇ ਉਸ ਦੀ ਸੰਗਤ ਗੁਰਮੁੱਖ ਬਣਾਂਦੀ ਹੈ।"

ਫਿਰ ਗੁਰੂ ਸਾਹਿਬ ਨੇ ਸੰਗਤ ਨੂੰ ਸੱਚੇ ਸਿੱਖ ਦੇ ਗੁਣਾਂ ਬਾਰੇ ਰਾਗ ਗਾਉੜੀ ਦਾ ਸ਼ਬਦ ਸੁਣਾਇਆ :—

ਬੋਲਹਿ ਸਾਚੁ ਮਿਥਿਆ ਨਹੀਂ ਰਾਈ।
ਚਾਲਹੁ ਗੁਰਮੁਖਿ ਹੁਕਮਿ ਰਜਾਈ।
ਰਹੇ ਅਤੀਤ ਸਚੇ ਸਰਣਾਈ। (1)

— — — — —

ਗੁਰਮਤਿ ਚਾਲ ਨਿਹਚਲ ਨਹੀਂ ਡੋਲੇ।
ਗੁਰਮਤਿ ਸਾਚਿ ਸਹਿਜ ਹਰਿ ਬੋਲੈ।
ਪੀਵੈ ਅੰਮ੍ਰਿਤ ਤਤੁ ਵਿਰੋਲੇ। (੩)
ਸਤਿਗੁਰੂ ਦੇਖਿਆ ਦੀਖਿਆ ਲੀਨੀ।
ਮਨੁ ਤਨੁ ਆਖਿਉ ਅੰਤਰਗਤਿ ਕੀਨੀ।
ਗਤਿ ਮਤਿ ਪਾਈ ਆਤਮੁ ਚੀਨੀ (੪)

— — — — —

ਰਹੈ ਨਿਰਾਲਮ ਏਕਾ ਸਚੁ ਕਰਣੀ।
ਪਰਮਪਦੁ ਪਾਇਆ ਸੇਵਾ ਗੁਰਚਰਣੀ।
ਮਨ ਤੇ ਮਤ ਮਾਨਿਆ ਚੂਕੀ ਅਹੰਭ੍ਰਮਣੀ। (੬)

— — — — — —

ਜਿਨ ਕੈ ਮਨਿ ਵਸਿਆ ਸਚੁ ਸੋਈ।
ਤਿਨ ਕੀ ਸੰਗਤਿ ਗੁਰਮੁਖਿ ਹੋਈ।
ਨਾਨਕ ਸਾਚਿ ਨਾਮਿ ਮਲ ਖੋਈ (੯/੧੫)



Digitized by Panjab Digital Library | www.panjabdigilib.org

ਭਾਈ ਲਹਿਣਾ ਜੀ ਸਿੱਖ ਹੁੰਦਿਆਂ ਸਿੱਖ ਦੇ ਫਰਜ਼ ਨੂੰ ਸਮਝਦੇ ਸਨ ਅਤੇ ਇਸ ਫਰਜ਼ ਨੂੰ ਉਹਨਾਂ ਅਮਲ ਕਰਕੇ ਨਿਭਾਇਆ। ਉਹਨਾਂ ਨੂੰ ਗੁਰੂ ਨਾਨਕ ਸਾਹਿਬ ਨੇ ਸਮਝਾਇਆ ਹੋਇਆ ਸੀ ਕਿ ਜਿਹੜਾ ਮਨੁੱਖ ਗੁਰੂ ਦੇ ਹੁਕਮ ਜਾਂ ਨਿਯਮਾਂ ਤੇ ਨਹੀਂ ਚਲਦਾ ਉਸ ਨੂੰ ਸਿੱਖ ਜਾਂ ਸਰਬੰਧੀ ਸਮਝਣਾ ਵੀ ਭੁੱਲ ਹੈ। ਗੁਰੂ ਨਾਨਕ ਸਾਹਿਬ ਦੇ ਪੁੱਤਰਾਂ ਨਾਲ ਬਿਲਕੁਲ ਇਹ ਗੱਲ ਹੀ ਹੋਈ। ਇਸ ਦਾ ਮਤਲਬ ਸਪਸ਼ਟ ਇਹ ਹੈ ਕਿ ਅਸਲੀ ਤੇ ਅਟੁੱਟ ਸਾਂਝ ਅਸੂਲਾਂ ਦੀ ਹੈ ਨਾ ਕਿ ਖ਼ੂਨ ਜਾਂ ਬਿਰਾਦਰੀ ਦੇ ਰਿਸ਼ਤੇਦਾਰਾਂ ਦੀ। ਉਹ ਆਪ ਰਾਗ ਸੋਰਠ ਵਿੱਚ ਲਿਖਦੇ ਨੇ :—

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚ ਆਵੈ।
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾਂ ਖਾਵੈ।

ਇਸ ਤਰ੍ਹਾਂ ਆਪਣੇ ਜੀਵਨ ਦੀ ਉੱਚਤਾ ਤੇ ਸੇਵਾ ਦੇ ਸਦਕਾ, ਭਾਈ ਲਹਿਣਾ ਜੀ, 'ਗੁਰੂ ਅੰਗਦ' ਬਣ ਕੇ ਸਤਾਰਾਂ ਹਾੜ, ਸੰਮਤ ਪੰਦਰਾਂ ਸੌ ਛਿਆਨਵੇਂ ਬਿਕਰਮੀ (ਚੌਦਾਂ ਜੂਨ, ਸੰਨ ਪੰਦਰਾਂ ਸੌ ਉਨਤਾਲੀ ਈਸਵੀ) ਨੂੰ ਗੁਰੂ ਨਾਨਕ ਸਾਹਿਬ ਦੀ ਗੱਦੀ ਤੇ ਬੈਠੇ।

ਇਸ ਤਰ੍ਹਾਂ ਸਿੱਖ ਧਰਮ ਵਿਚ ਇਕ ਦੀਵੇ ਤੋਂ ਦੂਜਾ ਦੀਵਾ ਜਗਦਾ ਆਇਆ ਤੇ ਸਰੀਰਕ ਰੂਪ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਵਾਰੀ ਵਾਰੀ ਗੱਦੀ ਤੇ ਬੈਠੇ। ਕਿਸੇ ਮਨੁੱਖ ਦੀ ਆਤਮਕ ਸ਼ਕਤੀ ਆਪਣੇ ਸਰੀਰ ਨੂੰ ਤਿਆਗ ਕੇ ਦੂਜੇ ਦੇ ਸਰੀਰ ਵਿਚ ਪਰਵੇਸ਼ ਕਰ ਜਾਣਾ ਵਰਤਮਾਨ ਥੀਆਲੋਜੀ ਜਾਂ ਧਰਮ ਵਿਗਿਆਨ ਵਿਚ, "ਐਪੋਥੀਓਸਿਜ਼" ਅਖਵਾਂਦਾ ਹੈ। ਇਸ ਵਿਚਾਰ ਤੇ ਵਿਸ਼ਵਾਸ਼ ਦਾ ਸਬੂਤ ਗੁਰਬਾਣੀ ਜਾਂ ਗੁਰਬਾਣੀ ਦੀ ਪਰਮਾਣੀਕਤਾ ਤੇ ਸਤਿਕਾਰ ਰੱਖਣ ਵਾਲੇ ਚਹੁੰ ਲੇਖਕਾਂ ਦੀ ਕਲਮ ਚੋਂ ਮਿਲਦਾ ਹੈ। ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦੇ ਰਬਾਬੀ ਕੀਰਤਨੀਆਂ ਸਤੈ ਬਲਵੰਡਿ ਦੀ ਵਾਰ ਚੋਂ ਮਿਲਦਾ ਹੈ। ਇਹ ਰਾਗ ਰਾਮਕਲੀ ਵਿਚ ਰਾਮ ਕਲੀ ਵਾਰ ਦੇ ਨਾਂ ਨਾਲ ਗੁਰੂ ਗਰੰਥ ਸਾਹਿਬ ਦੇ ਸਫ਼ਾ ੯੬੬ ਤੇ ਦਰਜ ਹੈ। ਇਸ ਦੀ ਪਹਿਲੀ ਪੌੜੀ ਹੀ ਦਸਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪ ਆਪਣੇ ਸਿੱਖ ਜਾਂ ਚੇਲੇ ਨੂੰ ਨਮਸ਼ਕਾਰ ਕਰਕੇ ਉਸ ਦੇ ਸਿਰ ਤੇ ਗੁਰਿਆਈ ਦਾ ਛੱਤਰ ਧਰਿਆ ਅਤੇ ਆਪਣੇ ਜਿਉਂਦੇ ਜੀ ਉਸ ਨੂੰ ਗੁਰੂਤਾ ਦਾ ਟਿੱਕਾ ਲਾਇਆ :—

ਨਾਉ ਕਰਤਾ ਕਾਦਰੁ ਕਰੇ ਕਿਉਂ ਬੋਲੁ ਹੋਵੈ ਜੋਖੀਵਦੈ,
ਦੇ ਗੁਣਾਂ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ।
ਨਾਨਕਿ ਰਾਜੁ ਚਲਾਇਆ ਸਚੁ ਕੋਟ ਸਤਾਣੀ ਨੀਵਦੈ।
ਲਹਿਣੇ ਧਰਿਓਨ ਛਤੁ ਸਿਰਿ ਕਰ ਸਿਫਤੀ ਅੰਮ੍ਰਿਤੀ ਪੀਵਦੈ।
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੈ।
ਗੁਰਿ ਚੇਲੇ ਰਹਿਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ।
ਸਹਿ ਟਿਕਾ ਦਿੱਤੋਸੁ ਜੀਵਦੈ (੧)



Digitized by Panjab Digital Library | www.panjabdigilib.org

ਇਸ ਪੌੜੀ ਦੀ ਦੂਜੀ ਪੰਗਤੀ ਵਿਚ ਵੀ ਦੱਸਿਆ ਹੈ ਕਿ ਦੈਵੀ ਜਾਂ ਰੱਬੀ ਗੁਣ ਹੀ ਆਪੋ ਵਿਚ ਅਸਲੀ ਭੈਣ ਭਰਾ ਹੁੰਦੇ ਨੇ। ਇਹ ਤਾਂ ਕਿਹਾ ਗਿਆ ਹੈ ਕਿਉਂਕਿ ਬਾਬਾ ਜੀ ਦੇ ਦੋਵੇਂ ਪੁੱਤਰ ਗੁਰੂ ਗੱਦੀ ਦਾ ਹੱਕ ਜਿਤਾਂਦੇ ਸਨ ਪਰ ਉਹ ਅਸਲੀ ਗੱਲ ਨਹੀਂ ਸਨ ਸਮਝਦੇ ਕਿ ਅਸਲੀ ਰਿਸ਼ਤਾ ਜਾਂ ਸਾਂਝ ਤੇ ਗੁਣਾਂ ਦੀ ਹੁੰਦੀ ਹੈ। ਇਸ ਆਦਰਸ਼ ਤੇ ਸੱਚੀ ਸਾਂਝ ਨੂੰ ਗੁਰੂ ਨਾਨਕ ਸਾਹਿਬ ਰਾਗ ਸੂਹੀ ਤੇ ਗੁਰੂ ਗਰੰਥ ਸਾਹਿਬ ਵਿਚ ਸਫ਼ਾ ੭੬੫-੭੬੬ ਤੇ ਦਰਸਾਂਦੇ ਤੇ ਸਮਝਾਂਦੇ ਨੇ :—

ਗੁਣਾਂ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।
ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ।
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ।
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ।
ਗੁਣਾਂ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।

ਸੱਤਾ ਤੇ ਬਲਵੰਡ ਦੂਜੀ ਪੌੜੀ ਵਿਚ ਗੁਰੂ ਨਾਨਕ ਸਾਹਿਬ ਦੇ ਪੁੱਤਰਾਂ ਦੀ ਮਨ ਮੱਤ ਅਤੇ ਪਿਤਾ ਦੀ ਆਗਿਆਕਾਰੀ ਨ ਕਰਨ ਬਾਰੇ ਕਹਿੰਦੇ ਨੇ :—

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ।
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ।

ਭਾਈ ਗੁਰਦਾਸ ਨੇ ਲਿਖਿਆ ਹੈ :—

ਜ਼ਯਾਰਤ ਕਰ ਮੁਲਤਾਨ ਦੀ ਫਿਰ ਕਰਤਾਰ ਪੁਰੇ ਨੂੰ ਆਇਆ।
ਚੜ੍ਹੇ ਸਵਾਈ ਦਹਿ ਦਿਹੀ ਕਲਿਜੁਗ ਨਾਨਕ ਨਾਮ ਧਿਆਇਆ।
ਵਿਣ ਨਾਵੈ ਹੋਰ ਮੰਗਣਾ ਸਿਰ ਦੁਖਾਂ ਦੇ ਦੁਖ ਸਬਾਇਆ।
ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।
ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰ ਛੱਤਰ ਫਿਰਾਇਆ।
ਜੋਤੀ ਜੋਤੀ ਮਿਲਾਇਕੇ ਸਤਿਗੁਰ ਨਾਨਕ ਰੂਪ ਵਟਾਇਆ।
ਲੇਖ ਨ ਕੋਈ ਸੱਕਈ ਆਚਰਜੇ ਆਚਰਜ ਦਿਖਾਇਆ।
ਕਾਯਾਂ ਪਲਟ ਸਰੂਪ ਬਣਾਇਆ।

ਪੀਹੜੀਉਂ ਪੀਹੜੀ ਵੱਖ ਵੱਖ ਸਰੀਰਾਂ ਵਿਚ ਇਕ ਜੋਤ ਦੇ ਪ੍ਰਕਾਸ਼ ਨੂੰ ਗੁਰੂ ਗੋਬਿੰਦ ਸਿੰਘ ਜੀ ਜੋ ਆਪ ਦਸਵੇਂ ਤੇ ਆਖਰੀ ਸਿੱਖ ਗੁਰੂ ਸਨ ਆਪਣੀ ਸ੍ਵੈਜੀਵਨੀ, ਬਚਿੱਤ੍ਰ ਨਾਟਕ ਵਿਚ ਇਸ ਤਰ੍ਹਾਂ ਬਿਆਨ ਕਰਦੇ ਨੇ :—

ਸ੍ਰੀ ਨਾਨਕ ਅੰਗਦ ਕਰ ਮਾਨਾ।
ਅਮਰਦਾਸ ਅੰਗਦ ਪਹਿਚਾਨਾ।
ਅਮਰਦਾਸ ਰਾਮਦਾਸ ਕਹਾਯੋ।
ਸਾਧਨ ਲਖਾ ਮੂੜ੍ਹ ਨਹੀਂ ਪਾਯੋ। (੯)



Digitized by Panjab Digital Library | www.panjabdigilib.org

ਭਿੰਨ ਭਿੰਨ ਸਭਹੂੰ ਕਰ ਜਾਨਾ ।
ਏਕ ਰੂਪ ਕਿਨਹੂੰ ਪਹਿਚਾਨਾ ।
ਜਿਨ ਜਾਨਾ ਤਿਨ ਹੀ ਸਿੱਧ ਪਾਈ ।
ਬਿਨ ਸਮਝੇ ਸਿੱਧ ਹਾਥ ਨ ਆਈ । (੧੦)
ਰਾਮਦਾਸ ਹਰ ਸੋ ਮਿਲ ਗਏ ।
ਗੁਰਤਾ ਦੇਤ ਅਰਜਨਹਿ ਭਏ ।
ਜਬ ਅਰਜਨ ਪ੍ਰਭ ਲੋਕ ਸਿਧਾਏ ।
ਹਰਿ ਗੋਬਿੰਦ ਤਿਹ ਠਾਂ ਠਹਿਰਾਏ (੧੧)
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ।
ਹਰੀ ਰਾਇ ਤਿਹ ਨਾਂ ਬੈਠਾਰੇ ।
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ।
ਤਿਨ ਤੇ ਤੇਗ ਬਹਾਦਰ ਭਏ । (੧੨)

ਚੌਥਾ ਪਰਮਾਣੀਕ ਸੋਮਾਂ ਭਾਈ ਨੰਦ ਲਾਲ ਗੋਯਾਂ ਦੀ ਫ਼ਾਰਸੀ ਨਜ਼ਮ ਰਚਨਾ, 'ਜੋਤਬਿਕਾਸ' ਵਿਚ ਹੈ । ਭਾਈ ਨੰਦ ਲਾਲ ਜੀ ਆਪਣੇ ਸਮੇਂ ਦਾ ਅਰਬੀ ਤੇ ਫ਼ਾਰਸੀ ਦਾ ਬੇਮਿਸਾਲ ਵਿਦਵਾਨ ਤੇ ਸ਼ਾਇਰ ਸੀ । ਇਹ ਔਰੰਗਜ਼ੇਬ ਦੀ ਹਕੂਮਤ ਵਿਚ ਆਗਰੇ ਦੇ ਸਰਕਾਰੀ ਦਫਤਰ ਵਿਚ ਮੁਹੱਰਰ ਸੀ । ਕੁਰਾਨ ਦੀ ਕਿਸੇ ਆਇਤ ਦੀ ਤਫ਼ਸੀਰ ਦੀ ਜਿਰਹਾ ਹੋ ਗਈ । ਇਹ ਤਫ਼ਸੀਰ ਔਰੰਗਜ਼ੇਬ ਨੇ ਕਰਵਾਣੀ ਸੀ । ਵੱਡੇ ਵੱਡੇ ਮੌਲਵੀ ਤੇ ਆਲਮ ਫ਼ਾਜ਼ਿਲ ਉਸ ਆਇਤ ਦੀ ਤਸੱਲੀ ਬਖਸ਼ ਤਫ਼ਸੀਰ ਨ ਕਰ ਸਕੇ । ਇਹ ਚਰਚਾ ਭਾਈ ਨੰਦ ਲਾਲ ਦੇ ਕੰਨੀਂ ਵੀ ਪਈ ਜਿਸ ਨੇ ਸਹਿਜ-ਸੁਭਾਅ ਹੀ ਤਫ਼ਸੀਰ ਜਾਂ ਵਿਆਖਿਆ ਕਰ ਦਿੱਤੀ ਜੋ ਸਭ ਤੋਂ ਦਰੁੱਸਤ ਤੇ ਹੱਛੀ ਮੰਨੀ ਗਈ। ਔਰੰਗਜ਼ੇਬ ਇਕ ਹਿੰਦੂ ਵਿਦਵਾਨ ਨੂੰ ਦਾਦ ਦੇਣ ਦੀ ਬਜਾਏ, ਉਸ ਨੂੰ ਮੁਸਲਮਾਨ ਬਣਾਨ ਲਈ ਤੁੱਲ ਗਿਆ ਕਿ ਏਡਾ ਵੱਡਾ ਆਲਮ ਇਸਲਾਮੀ ਝੰਡੇ ਹੇਠ ਕਿਉਂ ਨਾ ਲਿਆਂਦਾ ਜਾਏ? ਭਾਈ ਨੰਦ ਲਾਲ ਨੂੰ ਇਸ ਗੱਲ ਦਾ ਵੇਲੇ ਸਿਰ ਪਤਾ ਲੱਗ ਗਿਆ ਤੇ ਰਾਤੀਂ ਉਹ ਚੋਰੀ ਆਗਰੇ ਤੋਂ ਨੱਸ ਕੇ ਪੰਜਾਬ ਵਿਚ ਆਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਕੋਲ ਸ੍ਰੀ ਅਨੰਦਪੁਰ ਸਾਹਿਬ ਪੁੱਜ ਕੇ ਦਸਮੇਸ਼ ਜੀ ਦਾ ਨਿਕਟਵਰਤੀ ਤੇ ਬਵੰਜਾ ਦਰਬਾਰੀ ਕਵੀਆਂ ਦਾ ਮਾਨ ਬਣਿਆ । 'ਗੋਯਾ' ਜੀ ਜੋਤਬਿਕਾਸ ਵਿਚ ਲਿਖਦੇ ਨੇ :—

ਹਮੂ ਨਾਨਕ ਅਸਤੋ ਹਮੂੰ ਅੰਗਦ ਅਸਤ ।
ਹਮੂ ਅਮਰਦਾਸ ਅਫਜ਼ਲ-ਅਨ-ਅਜ਼ਮਦ ਅਸਤ ।
ਹਮੂ ਰਾਮਦਾਸੋ ਹਮੂੰ ਅਰਜਨ ਅਸਤ ।
ਹਮੂ ਹਰਿਗੋਬਿੰਦ ਅਕਰਮ ਅਲ ਹਸਨ ਅਸਤ ।
ਹਮੂ ਅਸਤੁ ਹਰ ਰਾਏ ਕਰਤਾ ਗੁਰੂ ।



Digitized by Panjab Digital Library | www.panjabdigilib.org

ਬਦੋ ਆਸ਼ਕਾਰਾ ਹਮਾ ਪੁਸ਼ ਤੋਰੂ ।
ਹਮੂ ਹਰ ਕਿਸ਼ਨ ਆਮਦਾ ਸਰ ਬੁਲੰਦ ।
ਅਜ਼ੋ ਹਾਸਲ ਉਮੀਦ ਹਰ ਮੁਸਤਿਨੱਦ ।
ਹਮੂ ਅਸਤ ਤੇਗੇ ਬਹਾਦਰ ਗੁਰੂ ।
ਕਿ ਗੋਬਿੰਦ ਸਿੰਘ ਆਮਦ ਅਜ਼ ਨੂਰੇ ਉ ।
ਹਮੂ ਗੁਰੂ ਗੋਬਿੰਦ ਹਮੂ ਨਾਨਕ ਅਸਤ ।
ਹਮਾ ਸ਼ਬਦੇ ਉ ਜ਼ੌਹਰੇ ਮਾਨਕ ਅਸਤ ।

ਚੌਦਾਂ ਜੂਨ, ਪੰਦਰਾਂ ਸੌ ਉਨਤਾਲੀ ਈਸਵੀ ਤੋਂ ਗੁਰੂ ਨਾਨਕ ਸਾਹਿਬ ਸਿੱਖ ਤੇ ਗੁਰੂ ਅੰਗਦ ਸਾਹਿਬ ਗੁਰੂ ਬਣ ਗਏ । ਗੁਰੂ ਅੰਗਦ ਜੀ ਗੁਰ-ਗੱਦੀ ਤੇ ਅਤੇ ਗੁਰੂ ਨਾਨਕ ਸਾਹਿਬ ਬੜੀ ਸ਼ਰਧਾ ਤੇ ਨਿਮਰਤਾ ਨਾਲ ਦੂਜੇ ਸਿੱਖਾਂ ਨਾਲ ਸੰਗਤ ਵਿਚ ਬਹਿੰਦੇ । ਉਹਨਾਂ ਨੇ ਆਪਣੀ ਬਾਣੀ, ਭਗਤਾਂ ਦੇ ਚੇਲਿਆਂ ਤੋਂ ਇਕੱਠੀ ਕੀਤੀ ਹੋਈ ਦੀਆਂ ਪੋਥੀਆਂ ਵੀ ਗੁਰੂ ਅੰਗਦ ਦੇ ਹਵਾਲੇ ਕਰ ਦਿੱਤੀਆਂ ।

ਇਸ ਤਰ੍ਹਾਂ ਤਿੰਨ ਮਹੀਨੇ ਬੀਤ ਗਏ ਜਿਸ ਦਾ ਪਰਭਾਵ ਸਿੱਖ ਸੰਗਤਾਂ ਤੇ ਬਹੁਤ ਹੀ ਚੰਗਾ ਪਿਆ ਕਿਉਂਕਿ ਜਿਸ ਮਨੁੱਖ ਨੂੰ ਗੁਰੂ ਮੰਨ ਕੇ ਉਸਦੇ ਸਾਹਮਣੇ ਗੁਰੂ ਨਾਨਕ ਸਾਹਿਬ ਆਪ ਸਿਰ ਨਿਵਾਂਦੇ ਸਨ, ਉਸ ਅੱਗੇ ਸਿੱਖ ਤੇ ਹੋਰ ਵੀ ਜ਼ਿਆਦਾ ਉਤਸ਼ਾਹ, ਉਸਾਹ, ਅਥਾਹ ਚਾਹ ਤੇ ਸ਼ਰਧਾ ਨਾਲ ਮੱਥਾ ਟੇਕਦੇ ਸਨ ।

ਈਰਖਾ ਤੇ ਦੁਬਿੱਧਾ ਇਨਸਾਨਾਂ ਦੀ ਦੁਸ਼ਮਨੀ ਦੇ ਸਭ ਤੋਂ ਵੱਡੇ ਕ਼ਾਰਨ ਹਨ । ਸਾਰੇ ਸਿੱਖਾਂ ਨੇ ਗੁਰੂ ਨਾਨਕ ਸਾਹਿਬ ਦੇ ਹੁਕਮ ਅਨੁਸਾਰ ਗੁਰੂ ਅੰਗਦ ਜੀ ਨੂੰ ਆਪਣਾ ਗੁਰੂ ਮੰਨ ਲਿਆ ਪਰ ਗੁਰੂ ਸਾਹਿਬ ਦੇ ਆਪਣੇ ਪੁੱਤਰਾਂ ਨੇ ਹੁਕਮ ਨਾ ਪਾਲਿਆ ਅਤੇ ਗੁਰੂ ਅੰਗਦ ਜੀ ਨੂੰ ਯੋਗ ਸਤਿਕਾਰ ਦੇਣ ਦੀ ਥਾਂ ਉਹਨਾਂ ਨਾਲ ਈਰਖਾ ਕਰਨ ਲੱਗ ਪਏ । ਦੁਬਿੱਧਾ ਮਾਰਨੀ ਨ ਤੇ ਕੋਈ ਸੌਖੀ ਗੱਲ ਹੈ ਤੇ ਨ ਹੀ ਇਹ ਸਾਧਾਰਨ ਮਨੁੱਖਾਂ ਦਾ ਕੰਮ ਹੈ ।

ਗੁਰੂ ਅਰਜਨ ਸਾਹਿਬ ਰਾਗ ਗਾਉੜੀ ਵਿਚ ਫ਼ਰਮਾਂਦੇ ਨੇ :—

ਜੋ ਇਸ ਮਾਰੇ ਸੋਈ ਸੂਰਾ ।
ਜੋ ਇਸ ਮਾਰੇ ਸੋਈ ਪੂਰਾ ।
ਜੋ ਇਸ ਮਾਰੇ ਤਿਸਹਿ ਵਡਿਆਈ ।
ਜੋ ਇਸ ਮਾਰੇ ਤਿਸ ਕਾ ਦੁਖ ਜਾਈ ।
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ।
ਇਸਹਿ ਮਾਰਿ ਰਾਜ ਜੋਗ ਕਮਾਵੈ (੧) ਰਹਾਉ ।

— — — — — —

ਗੁਰ ਦੁਬਿੱਧਾ ਜਾ ਕੀ ਹੈ ਮਾਰੀ ।
ਕਹੁ ਨਾਨਕ ਸੋ ਬ੍ਰਹਮ ਬੀਚਾਰੀ (੮)



Digitized by Panjab Digital Library | www.panjabdigilib.org

ਡੈਵਨੈਂਟ ਨੇ ਕਿਹਾ ਹੈ, "ਦੁਬਿੱਧਾ ਦਾ ਤੇ ਜੰਮਦੀ ਦਾ ਹੀ ਗੱਲ ਘੁੱਟ ਦੇਣਾ ਚਾਹੀਦਾ ਹੈ ਵਰਨਾ ਛੇਤੀ ਹੀ ਸੱਚ ਤੇ ਭਾਰੂ ਹੋ ਜਾਏਗੀ।"

ਗੁਰੂ ਨਾਨਕ ਸਾਹਿਬ ਦੇ ਪੁੱਤਰ ਕਰਤਾਰ ਪੁਰ ਵਿਚ ਚੱਲ ਰਹੇ ਨਾਮ ਦੇ ਪਰਵਾਹ ਵਿਚ ਖ਼ਾਸ ਦਿਲਚਸਪੀ ਨਹੀਂ ਸਨ ਲੈਂਦੇ। ਗੁਰੂ ਅੰਗਦ ਸਾਹਿਬ ਨੂੰ ਗੁਰੂ ਗੱਦੀ ਤੇ ਬੈਠਿਆਂ ਹੋਇਆਂ ਪੂਰੇ ਸਵਾ ਤਿੰਨ ਮਹੀਨੇ ਬੀਤ ਚੁੱਕੇ ਸਨ। ੨੩ ਅੱਸੂ ਸੰਮਤ ਪੰਦਰਾਂ ਸੌ ਛਿਆਨਵੇਂ ਬਿਕਰਮੀ (ਜਾਂ ੨੨ ਸਤੰਬਰ, ਸੰਮਤ ਪੰਦਰਾਂ ਸੌ ਉਨਤਾਲੀ) ਈਸਵੀ ਸੀ। ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਜੀ, ਭਾਈ ਬੁੱਢਾ ਤੇ ਜੁੜੀ ਹੋਈ ਹੋਰ ਸੰਗਤ ਨੂੰ ਕਿਹਾ, "ਪਿਆਰੇ ਮਿੱਤਰੋ, ਮੇਰਾ ਆਖ਼ਰੀ ਸਮਾਂ ਬਿਲਕੁੱਲ ਨੇੜੇ ਆ ਰਿਹਾ ਹੈ। ਮੇਰਾ ਸਰੀਰ ਹੁਣ ਤੁਹਾਡੇ ਕੋਲ ਦਿਹਾੜੀ ਅੱਧੀ ਦਾ ਪਰਾਹੁਣਾ ਹੀ ਹੈ। ਮੈਂ ਆਪਣੀ ਵਿਤ ਅਨੁਸਾਰ ਦੇਸ਼ ਪਰਦੇਸ਼ ਦੇ ਲੋਕਾਂ ਤੇ ਖਾਸ ਕਰ ਮਜ਼ਬੀ-ਈਰਖਾ ਦੇ ਕਾਰਨ ਡਾਂਗੋ-ਸੋਟੀ ਹੁੰਦੇ ਪਏ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ ਰੱਬ ਦੀ ਏਕਤਾ ਤੇ ਸਾਂਝੇ ਮਨੁੱਖੀ ਪਿਆਰ ਦੀ ਲੜੀ ਵਿਚ ਪਰੋ ਦਿੱਤਾ ਹੈ। ਸਾਰੀ ਮਨੁੱਖਤਾ ਲਈ ਸਾਂਝੇ ਸਿਖ ਧਰਮ ਦੀ ਨੀਂਹ ਰੱਖ ਕੇ ਇਸ ਕੰਮ ਨੂੰ ਚਾਲੂ ਰੱਖਣ ਲਈ ਯੋਗਤਾ ਨੂੰ ਮੁੱਖ ਰੱਖਕੇ ਆਪਣੇ ਪੁੱਤਰਾਂ ਨੂੰ ਨਹੀਂ ਬਲਕਿ ਮਨੁੱਖਤਾ ਦੀ ਸਭ ਤੋਂ ਚੰਗੀ ਸੇਵਾ ਕਰਨ ਦੀ ਯੋਗਤਾ ਰੱਖਣ ਵਾਲੇ ਮਨੁੱਖ ਨੂੰ ਗੁਰੂ ਅੰਗਦ ਦੇ ਰੂਪ ਵਿਚ ਥਾਪ ਚੱਲਿਆ ਹਾਂ। ਸਿੱਖਿਆ ਦੇਣ ਵਾਲੀਆਂ ਪੋਥੀਆਂ ਵੀ ਉਹਨਾਂ ਨੂੰ ਦੇ ਚੱਲਿਆ ਹਾਂ। ਮੈਂ ਤੇ ਮਨੁੱਖਤਾ ਦਾ ਨਿਮਾਣਾ ਜਿਹਾ ਸੇਵਕ ਹਾਂ। ਜੋ ਕਰ ਚੱਲਿਆ ਹਾਂ, ਸਭ ਵਾਹਿਗੁਰੂ ਦੀ ਮਿਹਰ ਦੇ ਸਦਕਾ ਹੀ ਹੈ। ਮੈਂ ਤੁਹਾਨੂੰ ਪਹਿਲਾਂ ਦਿੱਤੀ ਹੋਈ ਸਿੱਖਿਆ ਫਿਰ ਦੁਹਰਾਂਦਾ ਹਾਂ ਕਿ ਮੇਰੇ ਪਿਛੋਂ ਕਿਸੇ ਕਿਸਮ ਦਾ ਹਿੰਦੂ ਕਰਮਕਾਂਡ ਨਹੀਂ ਕਰਨਾ। ਸਰੀਰ ਨੂੰ ਰਾਵੀ ਵਿੱਚ ਪਰਵਾਹ ਕੇ ਗੱਲ ਖ਼ਤਮ ਕਰ ਦੇਣੀ ਹੈ, ਹੋਰ ਰਸਮਾਂ ਰਵਾਜਾਂ ਦਾ ਅਡੰਬਰ ਖੜਾ ਕਰਨ ਦੀ ਲੋੜ ਨਹੀਂ। ਮਿੱਟੀ ਮਿੱਟੀ ਵਿਚ ਮਿਲ ਜਾਏਗੀ ਤੇ ਆਤਮਾ ਪਰਮਾਤਮਾ ਵਿਚ ਲੀਨ ਹੋ ਜਾਏਗੀ। ਦੀਵਾ-ਬਤੀ, ਪਿੰਡ-ਪੱਤਲ ਜਾਂ ਫੁੱਲਾਂ ਨੂੰ ਗੰਗਾ ਆਦਿ ਵਿਚ ਪਰਵਾਹ ਕਰਨ ਦੇ ਵਾਧੂ ਤੇ ਫਜ਼ੂਲ ਫੇਰ ਵਿਚ ਨ ਫਸਣਾ। ਰੋਣਾ ਧੋਣਾ ਬਿਲਕੁੱਲ ਨਹੀਂ। ਅਕਾਲੀ ਬਾਣੀ ਦਾ ਕੀਰਤਨ ਕਰਨਾ ਤੇ ਵਾਹਿਗੁਰੂ ਦਾ ਨਾਮ ਜਪਣਾ। ਸਤਿਕਾਰ ਯੋਗ ਗੁਰੂ ਅੰਗਦ ਜੀ, ਤੁਸੀਂ ਆਪਣੇ ਪਿੰਡ ਖਡੂਰ ਚਲੇ ਜਾਇਆ ਜੇ। ਈਰਖਾ ਤੋਂ ਲਾਂਹਮੇ ਰਹਿਣਾ ਹੀ ਚੰਗਾ ਹੈ। ਮੇਰੇ ਪਿਛੋਂ ਮੜ੍ਹੀ ਜਾਂ ਕਬਰ, ਕਿਸੇ ਵੀ ਤਰ੍ਹਾਂ ਦੀ ਯਾਦਗਾਰ ਕਾਇਮ ਨਹੀਂ ਕਰਨੀ। ਮੜ੍ਹੀਆਂ ਤੇ ਕਬਰਾਂ ਦੀ ਬੁੱਤ ਪੂਜਾ ਸਿੱਖ ਧਰਮ ਦੇ ਵਿਰੁੱਧ ਹੈ। ਰੱਬੀ ਬਾਣੀ ਨੂੰ ਹਿਰਦੇ ਵਿਚ ਵਸਾਉ, ਇਸ ਤੇ ਅਮਲ ਕਰੋ। ਇਸ ਨੂੰ ਮੈਂ ਸਭ ਤੋਂ ਵੱਡੀ ਯਾਦਗਾਰ ਸਮਝਦਾ ਹਾਂ। ਇਸ ਤੋਂ ਪਹਿਲਾਂ ਵੀ ਮੈਂ ਤੁਹਾਨੂੰ ਦੱਸ ਚੁੱਕਾ ਹਾਂ ਕਿ ਮੜ੍ਹੀ ਮਸਾਣ ਜਾਂ ਕਬਰਾਂ ਦੀਆਂ ਯਾਦਗਾਰਾਂ ਨਿਸਫਲ ਹਨ। ਜਿਵੇਂ ਗੁਰੂ ਅੰਗਦ ਜੀ ਕੋਲ ਮੇਰੀਆਂ ਲਿਖੀਆਂ ਪੋਥੀਆਂ ਵਿਚ ਰਾਗ ਸੋਰਠ ਵਿਚ ਮੈਂ ਲਿਖਿਆ ਹੈ :—

ਦੁਬਿੱਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ।
ਮੜੈ ਮਸਾਣ ਨ ਜਾਈ।



Digitized by Panjab Digital Library | www.panjabdigilib.org

ਅਤੇ ਰਾਗ ਬਸੰਤ ਵਿਚ ਲਿਖਿਆ ਹੈ :—

ਜਿਨਿ ਜੀਉ ਪਿੰਡ ਦਿਤਾ ਤਿਸੁ ਚੇਤਹਿ ਨਾਹਿ ।
ਮੜ੍ਹੀ ਮਸਾਣੀ ਮੂੜ੍ਹੇ ਜੋਗ ਨਾਹਿ ।"

ਗੁਰੂ ਨਾਨਕ ਸਾਹਿਬ ਦੇ ਇਹ ਬਚਨ ਸੁਣਕੇ ਕਈ ਹਿੰਦੂ ਤੇ ਸਿੱਖ ਸ਼ਰਧਾਲੂ ਘਬਰਾ ਗਏ ਤੇ ਸ਼ਰਧਾ ਤੇ ਰਸਮੀ ਪਿਆਰ ਦੇ ਅਧੀਨ ਹੋ ਕੇ ਬਾਬਾ ਜੀ ਦੀ ਮ੍ਰਿਤਕ ਦੇਹੀ ਦੀ ਅੰਤਮ ਸੰਭਾਲ ਬਾਰੇ ਝਗੜਾ-ਝੇੜਾ ਛੇੜ ਬੈਠੇ । ਹਿੰਦੂ ਕਹਿਣ ਇਹ ਸਾਡਾ ਗੁਰੂ ਹੈ ਤੇ ਮੁਸਲਮਾਨ ਕਹਿਣ ਇਹ ਸਾਡਾ ਪੀਰ ਹੈ । ਹਿੰਦੂ ਕਹਿਣ ਅਸੀਂ ਸਸਕਾਰ ਕਰਾਂਗੇ ਤੇ ਮੁਸਲਮਾਨ ਆਖਣ ਅਸੀਂ ਦਫ਼ਨ ਕਰਾਂਗੇ । ਏਸੇ ਤਰ੍ਹਾਂ ਹੀ ਹਿੰਦੂ ਆਖਣ ਅਸੀਂ ਯਾਦਗਾਰੀ ਸਮਾਧ ਬਣਾਵਾਂਗੇ ਤੇ ਮੁਸਲਮਾਨ ਮਕਬਰਾ ਬਣਾਨ ਦਾ ਰਬੇੜਾ ਕਰਨ । ਇਹ ਠੀਕ ਹੈ ਕਿ ਸਿੱਖਾਂ ਵਿਚ ਮ੍ਰਿਤਕ ਦੇਹ ਦਾ ਸਸਕਾਰ ਹੀ ਪ੍ਰਚੱਲਤ ਹੈ ਪਰ ਇਸ ਗੱਲ ਤੋਂ ਸਾਨੂੰ ਬੇਖ਼ਬਰ ਨਹੀਂ ਰਹਿਣਾ ਚਾਹੀਦਾ ਕਿ ਸਿੱਖ ਧਰਮ ਮਨੁੱਖੀ ਸਰੀਰ ਦੀ ਕਿਸੇ ਵੀ ਸੁਲਝੇ ਹੋਏ ਤਰੀਕੇ ਨਾਲ ਕਿਰਿਆ ਕਰਨ ਨਾਲ ਨਿਯਮਕ ਤੌਰ ਤੇ ਨੀਵਾਂ ਜਾਂ ਪਤਿਤ ਨਹੀਂ ਹੋ ਜਾਂਦਾ ਕਿਉਂਕਿ ਆਖ਼ਰਕਾਰ ਸਰੀਰ ਨੇ ਹਰ ਤਰ੍ਹਾਂ ਆਪਣੇ ਮੁੱਢਲੇ ਅੰਸ਼ਾਂ, ਤੱਤਾਂ ਜਾਂ 'ਐਲੀਮੈਂਟਸ' ਵਿਚ ਹੀ ਮਿਲਣਾ ਹੁੰਦਾ ਹੈ ।

ਗੁਰੂ ਨਾਨਕ ਸਾਹਿਬ ਨੇ ਜਜ਼ਬਾਤੀ ਰਸਮ-ਰੰਗੇ ਤੇ ਰਸਮ-ਰੀਝੇ ਸ਼ਰਧਾਲੂਆਂ ਦੇ ਝਗੜੇ ਨੂੰ ਸੁਣਿਆ ਤੇ ਦੁਖੀ ਹੋਏ । ਉਹਨਾਂ ਸੋਚਿਆ ਕਿ ਮੈਂ ਜਿਉਂਦਿਆਂ ਤੇ ਲੜਦੇ ਝਗੜਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕੱਠੇ ਕਰਕੇ ਪਿਆਰ ਦੀਆਂ ਗਲਵੱਕੜੀਆਂ ਪਵਾਈਆਂ ਨੇ ਪਰ ਹੁਣ ਮੇਰੇ ਵਿਛੜਣ ਸਮੇਂ ਮੇਰੇ ਸਰੀਰ ਦੀ ਮਿੱਟੀ ਪਿੱਛੇ ਲੜ ਕੇ ਹੀ ਨ ਮਰ ਜਾਣ । ਉਹਨਾਂ ਦੋਹਾਂ ਧਿਰਾਂ ਨੂੰ ਬੜਾ ਸਮਝਾਇਆ ਪਰ ਉਹ ਬਾਜ਼ ਨ ਆਏ ਅਤੇ ਆਪਣੇ-ਆਪਣੇ ਮਜ਼ਬੀ ਰੰਗ ਦੇਣ ਦੇ ਹੱਕ ਪਿੱਛੇ ਝਗੜਾ ਮੁਕਾਣ ਦੀ ਥਾਂ ਵਧਾਂਦੇ ਸਨ । ਇਹ ਗੱਲ ਬਾਬਾ ਜੀ ਦੀ ਆਤਮਾ ਨੂੰ ਅੱਤ ਦੁੱਖ ਦੇਂਦੀ ਸੀ ।

ਕਈ ਲੇਖਕਾਂ ਨੇ ਲਿਖਿਆ ਹੈ ਕਿ ਗੁਰੂ ਨਾਨਕ ਜੀ ਨੇ ਭਾਈ ਮਰਦਾਨੇ ਦਾ ਸਸਕਾਰ ਕਰਤਾਰ ਪੁਰ ਕੀਤਾ । ਕਈ ਲਿਖਦੇ ਨੇ ਕਿ ਮੱਕੇ ਵਾਲੇ ਸਫ਼ਰ ਤੋਂ ਵਾਪਸ ਆਉਂਦਿਆਂ ਰਾਹ ਵਿਚ ਅਫ਼ਗਾਨਿਸਤਾਨ ਵਿਚ ਦਰਯਾ ਕੁਰੱਮ ਦੇ ਕੰਢੇ ਤੇ ਕੀਤਾ ਪਰ ਗਿਆਨ ਰਤਨਾਵਲੀ ਟੀਕਾ ਦੀ ਪੌੜੀ ਪੰਜਤਾਲਵੀਂ ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਮਰਦਾਨੇ ਦੇ ਖ਼ਿਆਲਾਂ ਨੂੰ ਪਰਖਣ ਤੇ ਉਸ ਦੀ ਮਰਜ਼ੀ ਜਾਨਣ ਲਈ ਹੇਠ ਲਿਖੇ ਬਚਨ ਕਹੇ :—

"ਬਚਨ ਹੋਇਆ," ਮਰਦਾਨਿਆਂ, ਤੈਨੂੰ ਮੋਇਆਂ ਅਸੀਂ ਕਿਹੜਾ ਦਾਗ ਦੇਵੀਏ ? ਤਾਂ ਮਰਦਾਨੇ ਕਿਹਾ, "ਤੇਰੇ ਸ਼ਬਦ ਕਰ ਮੇਰੇ ਵਿਚੋਂ ਦੇਹ ਅਭਿਮਾਨ ਦੂਰ ਹੋ ਗਿਆ ਹੈ । ਅਰ ਮੈਂ ਆਪ ਨੂੰ ਦੇਹ ਦਾ ਸਾਖੀ ਜਾਤਾ ਹੈ, ਸੋ ਜਿਵੇਂ ਤੁਹਾਡੀ ਇਛਿਆ ਹੋਵੇ ਦਾਗ ਦੇਵੋ" ਤਾਂ ਬਚਨ ਹੋਇਆ । "ਤੇਰੀ ਮੜ੍ਹੀ ਬਣਾ ਕੇ ਜਗਤ ਤੋਂ ਪੁਜਾਈਏ ?" ਤਾਂ ਮਰਦਾਨੇ ਕਿਹਾ, "ਸਰੀਰ ਦੀ



Digitized by Panjab Digital Library | www.panjabdigilib.org

ਮੜ੍ਹੀ ਵਿਚੋਂ ਕਢਦੇ ਹੋ ਅਤੇ ਫੇਰ ਪੱਥਰਾਂ ਦੀ ਮੜ੍ਹੀ ਵਿਚ ਪਾਂਵਦੇ ਹੋ ?'' ਤਾਂ ਬਾਬੇ ਕਹਿਆ, ''ਤੁੱਧ ਬ੍ਰਹਮ ਨੂੰ ਪਛਾਤਾ ਹੈ, ਤੂੰ ਬ੍ਰਾਹਮਣ ਹੋਇਆ ਹੈ,'' ਸੋ ਤੈਨੂੰ ਜਲ ਦਾ ਦਾਗੁ ਦੇਵਾਂਗੇ ਅਰ ਰਾਵੀ ਨਦੀ ਵਿਚ ਪਰਵਾਹ ਦੇਵਾਂਗੇ। ਸੋ ਤੂੰ ਨਦੀ ਦੇ ਕੰਢੇ ਆਸਨ ਮਾਰਕੇ ਸਵਾਸ ਵਾਹਿਗੁਰੂ ਜਪ'' ਤਾਂ ਰਾਵੀ ਤੇ ਮਰਦਾਨੇ ਆਸਨ ਜਾਇ ਜਮਾਰਿਆ। ਸੋ ਉਸਦੇ ਬ੍ਰਹਮਰੰਧ੍ਰ ਨੂੰ ਫੋੜ ਕੇ ਪਹਿਰ ਰਾਤ ਰਹਿੰਦੀ ਪ੍ਰਾਣ ਨਿਕਲ ਗਏ। ਤਾਂ ਅੰਮ੍ਰਿਤ ਵੇਲੇ ਬਾਬਾ ਜੀ ਕੜ੍ਹਾਹ ਕਰਕੇ ਅਰ ਸਿੱਖਾਂ ਨਾਲ ਜਾ ਕੇ ਮਰਦਾਨੇ ਦਾ ਪ੍ਰਵਾਹ ਕੀਤਾ, ਅਰ ਕੜਾਹ ਵਰਤਾ ਦਿੱਤਾ, ਅਰ ਉਸਦੇ ਪੁੱਤ ਸ਼ਹਿਜ਼ਾਦੇ ਨੂੰ ਕਹਿਆ, ''ਜੋ ਆਪਣੇ ਘਰ ਜਾਂਦੇ ਹਨ, ਤਿਨਾਂ ਦਾ ਸ਼ੋਕ ਨਹੀਂ ਕਰੀਦਾ, ਸੋ ਤਸਾਂ ਮਰਦਾਨੇ ਦਾ ਸ਼ੋਕ ਨਹੀਂ ਕਰਨਾ।''

ਗੁਰੂ ਨਾਨਕ ਸਾਹਿਬ ਨੇ ਸਾਰੇ ਸ਼ਰਧਾਲੂਆਂ ਨੂੰ ਕਿਹਾ, ''ਮੈਨੂੰ ਖੁਸ਼ੀ ਖੁਸ਼ੀ ਤੇ ਸੁਖੀ ਸੁਖੀ ਸੱਚ ਖੰਡ ਜਾਣ ਦੇਵੋ। ਮੈਂ ਸੰਸਾਰ ਨੂੰ ਰੱਜ ਕੇ ਵੇਖ ਲਿਆ ਹੈ। ਇਸ ਦੇ ਵਿਕਾਸ ਦੇ ਸਾਰੇ ਪੜਾਵਾਂ ਨੂੰ ਤੈ ਕਰ ਲਿਆ ਹੈ। ਧਰਮ ਤੇ ਗਿਆਨ ਖੰਡਾਂ, ਹਿੱਸਿਆਂ ਜਾਂ ਪੜਾਵਾਂ ਤੇ ਮੈਂ ਵਿਦਿਆ ਤੇ ਤਜਰਬਾ ਹਾਸਲ ਕਰਕੇ ਇਖ਼ਲਾਕੀ ਤੇ ਸਮਾਜਕ ਫ਼ਰਜ਼ਾਂ ਦੀ ਪੂਰਤੀ ਕੀਤੀ ਹੈ। ਧਰਮ ਖੰਡ ਮਿਹਨਤ ਜਾਂ ਘਾਲਣਾ ਦਾ ਖੰਡ ਸੀ ਜਿਥੇ ਮਨੁੱਖ ਦੀ ਅਗਲੀ ਤੇ ਨਿਯਮਕ ਜੀਵਨ ਜਾਚ ਵਿਸ਼ੇਸ਼ ਰੂਪ ਧਾਰਨ ਕਰਦੀ ਹੈ। ਕਰਮ ਖੰਡ ਵਿਚ ਜ਼ਿੰਦਗੀ ਦੀ ਸਾਰੀ ਵਿਦਿਆ, ਤਜਰਬਾ ਤੇ ਨਿਯਮਾਂ ਨੂੰ ਕਰਮ ਜਾਂ ਫ਼ੇਅਲ ਦਾ ਜਾਮਾ ਪਾਇਆ ਜਾਂਦਾ ਹੈ। ਇਸ ਭਾਗ ਵਿਚ ਮਨੁੱਖ ਨਿਰਾ ਗੁਫ਼ਤਾਰ ਦਾ ਗ਼ਾਜ਼ੀ ਹੀ ਨਹੀਂ, ਕਿਰਦਾਰ ਦਾ ਗ਼ਾਜ਼ੀ, ਜੋਧਾ ਤੇ ਸੂਰਮਾ ਬਣ ਜਾਂਦਾ ਹੈ। ਇਸ ਤੋਂ ਅਗਲਾ ਤੇ ਆਖ਼ਰੀ ਪੜਾ 'ਸੱਚ ਖੰਡ' ਦਾ ਹੈ। ਜਿੱਥੇ ਮਨੁੱਖ ਨਿਰੰਕਾਰ ਨਾਲ ਇਕ ਮਿੱਕ ਹੋ ਕੇ ਸਾਰੇ ਰੰਗਾਂ-ਰੂਪਾਂ ਤੋਂ ਆਜ਼ਾਦ ਹੋ ਜਾਂਦਾ ਹੈ। ਇਹ ਆਤਮਕ ਖੰਡ ਆਕਾਰ ਜਾਂ ਸਰੀਰ ਤੋਂ ਰਹਿਤ ਹੈ ਅਤੇ ਤੁਸੀਂ ਮੇਰੇ ਸਰੀਰ ਬਾਰੇ ਲੜਨ ਲਈ ਤਿਆਰ ਬੈਠੇ ਹੋ। ਹੁਣ ਮੈਂ ਤੁਹਾਨੂੰ ਜਪੁਜੀ ਸਾਹਿਬ ਦੀ ੩੭ਵੀਂ ਪੌੜੀ ਸੁਣਾਂਦਾ ਤੇ ਸਮਝਾਂਦਾ ਹਾਂ :—

ਕਰਮ ਖੰਡ ਕੀ ਬਾਣੀ ਜੋਰੁ।
ਤਿਥੈ ਹੋਰੁ ਨ ਕੋਈ ਹੋਰੁ।
ਤਿਥੈ ਜੋਧ ਮਹਾਬਲ ਸੂਰ।
ਤਿਨ ਮਹਿ ਰਾਮੁ ਰਹਿਆ ਭਰਪੂਰ।
ਤਿਥੈ ਸੀਤੋ ਸੀਤਾ ਮਹਿਮਾ ਮਾਹਿ।
ਤਾਕੇ ਰੂਪ ਨ ਕਥਨੇ ਜਾਹਿ।
ਨ ਓਹਿ ਮਰਹਿ ਠਾਗੇ ਜਾਹਿ।
ਜਿਨ ਕੈ ਰਾਮੁ ਵਸੈ ਮਨ ਮਾਹਿ।
ਤਿਥੈ ਭਗਤ ਵਸਹਿ ਕੇ ਲੋਅ।
ਕਰਹਿ ਅਨੰਦੁ ਸਚਾ ਮਨਿ ਸੋਇ।



Digitized by Panjab Digital Library | www.panjabdigilib.org

ਸਚ ਖੰਡਿ ਵਸੈ ਨਿਰੰਕਾਰੁ ।
ਕਰਿ ਕਰਿ ਵੇਖੈ ਨਦਰਿ ਨਿਹਾਲ ।
ਤਿਥੈ ਖੰਡ ਮੰਡਲ ਵਰਭੰਡ ।
ਜੇ ਕੋ ਕਥੈ ਤ ਅੰਤ ਨ ਅੰਤ ।
ਤਿਥੈ ਲੋਅ ਲੋਅ ਆਕਾਰ ।
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ।
ਵੇਖੈ ਵਿਗਸੈ ਕਰਿ ਵੀਚਾਰੁ ।
ਨਾਨਕ ਕਥਨਾ ਕਰੜਾ ਸਾਰੁ ।

ਮੈਨੂੰ ਸਰੀਰ ਦੀ ਅੰਤਮ ਕਿਰਿਆ ਬਾਰੇ ਵਕਤ ਕੁਵਕਤ ਦਾ ਵੀ ਕੋਈ ਵਹਿਮ ਜਾਂ ਭਰਮ ਨਹੀਂ । ਭਾਵੇਂ ਕੋਈ ਮੇਰੇ ਸਰੀਰ ਦੀ ਮਿੱਟੀ ਦੀ ਮੁੱਠ ਨੂੰ ਸਾੜ ਛੱਡੇ ਤੇ ਭਾਵੇਂ ਦੱਬ ਛੱਡੇ ਪਰ ਤੁਸੀਂ ਤੇ ਝਗੜਾ ਹੀ ਹੋਰ ਪਾ ਬੈਠੇ ਹੋ । ਜਿਸ ਤਰ੍ਹਾਂ ਤੁਸੀਂ ਸ਼ਰਧਾ ਵਿਖਾਂਦੇ ਹੋ । ਭਾਵੇਂ ਦੱਬੋ ਤੇ ਭਾਵੇਂ ਸਾੜੋ, ਇਸ ਦਾ ਇੱਕ ਹੋਰ ਸਿੱਟਾ ਵੀ ਨਿਕਲ ਸਕਦਾ ਹੈ—ਦੱਬਣ ਜਾਂ ਸਾੜਨ ਦੀ ਥਾਂ ਤੇ ਸਮਾਧ ਬਣਾ ਕੇ ਲੋਕ ਚਹੁੰ ਇੱਟਾਂ ਦੀ ਪੂਜਾ ਸ਼ੁਰੂ ਕਰ ਦੇਣਗੇ । ਇਸ ਲਈ ਮੈਂ ਇਕ ਸੁਝਾਓ ਦੇਂਦਾ ਹਾਂ ਜਿਸ ਨਾਲ ਮਕਬਰਿਆਂ, ਮੜ੍ਹੀਆਂ ਤੇ ਸਮਾਧਾਂ ਦੀ ਪੂਜਾ ਦੀ ਸੰਭਾਵਨਾ ਵੀ ਖ਼ਤਮ ਹੋ ਜਾਏਗੀ । ਤੁਸਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਪਿਆਰ ਨਾਲ ਇਕੱਠੇ ਹੋ ਕੇ ਮੇਰੇ ਸਰੀਰ ਨੂੰ ਰਾਵੀ ਦੇ ਪਾਣੀ ਵਿਚ ਪਰਵਾਹ ਦੇਣਾ । ਇਸ ਤਰ੍ਹਾਂ ਦੱਬਣ ਤੇ ਸਾੜਣ ਦਾ ਝਗੜਾ ਖ਼ਤਮ ਹੋ ਜਾਏਗਾ ਤੇ ਨਾਲੇ ਯਾਦਗਾਰਾਂ ਦੀ ਬੁੱਤ, ਇੱਟ ਜਾਂ ਪੱਥਰ-ਪੂਜਾ ਵੀ ਨ ਹੋਵੇਗੀ ।''

ਗੁਰੂ ਨਾਨਕ ਸਾਹਿਬ ਦਾ ਇਹ ਸੁਝਾਉ ਦੋਹਾਂ ਧਿਰਾਂ (ਹਿੰਦੂਆਂ ਤੇ ਮੁਸਲਮਾਨਾਂ) ਨੇ ਮਨਜ਼ੂਰ ਕਰ ਲਿਆ । ਏਸੇ ਲਈ ਰਵਾਇਤੀ ਤੌਰ ਤੇ ਆਮ ਲੋਕਾਂ ਦੇ ਮੂੰਹ ਤੇ ਚੜ੍ਹਿਆ ਹੋਇਆ ਹੈ :—

ਨਾਨਕ ਸ਼ਾਹ ਫ਼ਕੀਰ,
ਹਿੰਦੂਆਂ ਦਾ ਗੁਰੂ ਤੇ ਮੁਸਲਮਾਨਾਂ ਦਾ ਪੀਰ ।

ਗੁਰੂ ਨਾਨਕ ਸਾਹਿਬ ਜੀ ਨੂੰ ਆਪਣਾ ਚਲਾਣਾ ਨੇੜੇ ਆਉਂਦਾ ਵੇਖ ਕੇ ਖ਼ੁਸ਼ੀ ਚੜ੍ਹ ਰਹੀ ਸੀ ਕਿਉਂਕਿ ਉਹ ਇਸ ਸਰੀਰਕ ਸੰਸਾਰ ਨਾਲੋਂ ਵਿਛੜ ਕੇ ਆਤਮਕ-ਪਰਮਾਤਮਕ ਸੰਸਾਰ ਵਿਚ ਜਾ ਰਹੇ ਸਨ । ਇਤਿਹਾਸਕਾਰ ਦਸਦੇ ਨੇ ਕਿ ਬਾਬਾ ਜੀ ਨੂੰ ਆਮ ਲੋਕਾਂ ਵਾਂਗੂ ਮੌਤ ਤੋਂ ਡਰ ਨਹੀਂ ਸੀ ਹਾਲਾਂ ਕਿ ਮੌਤ ਦਾ ਡਰ ਵਡੇ ਵਡੇ ਪੀਰਾਂ ਪੈਗ਼ੰਬਰਾਂ ਨੂੰ ਵੀ ਆਉਂਦਾ ਹੈ । ਮਰਨ ਤੋਂ ਪਹਿਲਾਂ ਹਜ਼ਰਤ ਮੁਹੰਮਦ ਦੀ ਪਰੇਸ਼ਾਨੀ ਵਰਨਣ ਯੋਗ ਸੀ । ਉਹ ਕਦੀ ਬਿਸਤਰੇ ਤੋਂ ਉਠਦੇ ਤੇ ਕਦੀ ਲੇਟਦੇ ਸਨ । ਘਬਰਾ ਕੇ ਏਧਰ ਉਧਰ ਵੇਖਦੇ । ਪਰ ਜ਼ਾਹਿਰ ਸੀ ਕਿ ਉਹ ਹੱਥੋਂ ਜ਼ਿੰਦਗੀ ਦੇ ਚੋਲੇ ਦਾ ਲੜ ਛੁੱਟਦਾ ਵੇਖ ਕੇ ਅੱਤ ਦੁੱਖੀ ਸਨ । ਹਜ਼ਰਤ ਮਸੀਹ ਵਰਗਾ ਮਹਾਂ



Digitized by Panjab Digital Library | www.panjabdigilib.org

ਪੁਰਸ਼ ਵੀ ਮਰਨ ਲੱਗਾ ਚੀਕ ਉਠਿਆ । "ਹੇ ਰੱਬ, ਇਸ ਵੇਲੇ ਤੂੰ ਵੀ ਮੈਨੂੰ ਛੱਡ ਗਿਆ ਹੈਂ ।" ਸਿੱਖ ਗੁਰੂ ਸਾਹਿਬਾਨ ਮਨੁੱਖੀ ਜ਼ਿੰਦਗੀ ਦੀ ਇਸ ਕਮਜ਼ੋਰੀ ਨੂੰ ਸਮਝਦੇ ਸਨ । ਇਸ ਲਈ ਹੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਵਾਹਿਗੁਰੂ ਤੋਂ ਬਖਸ਼ਿਸ਼ਾਂ ਸਿਰ ਬਖਸ਼ਿਸ਼ ਇਹ ਬਖਸ਼ਿਸ਼ ਮੰਗੀ ਹੈ ਕਿ ਮੈਨੂੰ ਹੱਥ ਦੇ ਕੇ ਰੱਖ ਲੈ ਅਤੇ ਮੇਰਾ ਮਰਣ ਦਾ ਡਰ ਦੂਰ ਕਰ ਦੇਹ :—

ਆਪ ਹਾਥ ਦੈ ਮੁਝੈ ਉਬਰੀਐ,
ਮਰਨ ਕਾਲ ਕਾ ਤ੍ਰਾਸ ਨਿਵਰੀਐ ।

ਬਾਬਾ ਜੀ ਨੇ ਰੋਜ਼ਾਨਾ ਵਾਂਗੂ ਰਾਤ ਨੂੰ ਸੰਗਤ ਵਿਚ ਬਹਿ ਕੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਤੇ ਰਾਤ ਦਾ ਖਾਣਾ ਖਾ ਕੇ ਸਿੱਖਾਂ, ਆਪਣੀ ਸੁਪੱਤਨੀ, ਦੋਹਾਂ ਪੁੱਤਰਾਂ ਤੇ ਹੋਰ ਪ੍ਰਾਹੁਣਿਆਂ ਨਾਲ ਸਾਧਾਰਨ ਤੇ ਸੁਭਾਵਕ ਤੌਰ ਤੇ ਗੱਲਾ ਬਾਤਾਂ ਕਰਦੇ ਰਹੇ । ਅਸੂ ਦਾ ਮਹੀਨਾ ਸੀ । ਨ ਜ਼ਿਆਦਾ ਗਰਮੀ ਸੀ ਤੇ ਨ ਸਰਦੀ । ਇਸ ਰੁੱਤ ਵਿਚ ਪੰਜਾਬ ਦੇ ਲੋਕ ਖੇਸ ਜਾਂ ਚਾਦਰਾਂ ਉਤੇ ਲੈ ਕੇ ਸੌਂਦੇ ਨੇ । ਬਾਬਾ ਜੀ ਵੀ ਚਿੱਟੀ ਚਾਦਰ ਲੈ ਕੇ ਸੌਂ ਗਏ । ਸਵੇਰੇ ਉਹ ਰੋਜ਼ਾਨਾ ਵਾਂਗੂੰ ਪਹਿਰ ਰਾਤ ਰਹਿੰਦੀ, ਨ ਉਠੇ, ਨ ਇਸ਼ਨਾਨ ਕੀਤਾ ਤੇ ਨ ਸੰਗਤ ਵਿਚ ਆਏ । ਜਦੋਂ ਸੰਗਤਾਂ ਨੇ ਉਹਨਾਂ ਦੇ ਕਮਰੇ ਵਿਚ ਜਾ ਕੇ ਵੇਖਿਆ ਤਾਂ ਚਿੱਟੀ ਚਾਦਰ ਵਿਚ ਸਿਰਫ ਸਰੀਰ ਹੀ ਸਰੀਰ ਸੀ । ਆਤਮਾ ਦਾ ਭੌਰ ਉਡ ਚੁੱਕਾ ਸੀ ਅਤੇ 'ਸਚਿਆਰ ਗੁਰੂ ਨਾਨਕ' ਸੱਚਖੰਡ ਦੀ ਮੰਜ਼ਿਲ ਤੇ ਅੱਪੜ ਚੁੱਕਾ ਸੀ । ਬਾਬਾ ਜੀ ਦੇ ਕਹਿਣ ਅਨੁਸਾਰ ਹਿੰਦੂਆਂ ਤੇ ਮੁਸਲਮਾਨਾਂ-ਦੋਹਾਂ ਮਜ਼੍ਹਬਾਂ ਦੇ ਸ਼ਰਧਾਲੂਆਂ ਨੇ ਮਿਲ ਕੇ ਬਾਬਾ ਜੀ ਦੇ ਸਰੀਰ ਨੂੰ ਇਸ਼ਨਾਨ ਕਰਵਾ ਕੇ ਉਸ ਸ਼ਰਧਾ ਤੇ ਪਿਆਰ ਨਾਲ ਰਾਵੀ ਦੇ ਪਾਣੀ ਵਿਹ ਪਰਵਾਹ ਦਿੱਤਾ ਜਿਹੜਾ ਮੁਸਲਮਾਨਾਂ ਧੀਆਂ-ਪੁੱਤਰਾਂ ਨੂੰ ਆਪਣੇ ਅੱਤ ਪਿਆਰੇ ਮਰਹੂਮ ਅੱਬਾਜਾਨ ਨਾਲ ਤੇ ਹਿੰਦੂਆਂ ਨੂੰ ਆਪਣੇ ਪ੍ਰਮ ਪਿਆਰੇ ਪਿਤਾ ਨਾਲ ਹੁੰਦਾ ਹੈ । ਮਨੁੱਖੀ ਆਤਮਾ ਦੇ ਪਰਮਾਤਮਾ ਨਾਲ ਵਸਲ ਬਾਰੇ ਗੁਰੂ ਅਰਜਨ ਸਾਹਿਬ ਸੁਖਮਨੀ ਸਾਹਿਬ ਵਿਚ ਫਰਮਾਂਦੇ ਨੇ :—

ਜਿਉਂ ਜਲ ਮਹਿ ਜਲ ਆਇ ਖਟਾਨਾ ।
ਤਿਉਂ ਜੋਤੀ ਸੰਗ ਜੋਤ ਸਮਾਨਾ ।
ਮਿਟ ਗਏ ਗਵਨ ਪਾਏ ਬਿਸ੍ਰਾਮ ।
ਨਾਨਕ ਪ੍ਰਭ ਕੈ ਸਦ ਕੁਰਬਾਨੁ । (੮/੧੧/)

ਕਿਹਾ ਜਾਂਦਾ ਹੈ ਕਿ ਦੋਹਾਂ ਧਿਰਾਂ ਦੇ ਰਸਮੀ ਸ਼ਰਧਾਲੂ ਆਪਣੀ ਆਪਣੀ ਜਜ਼ਬਾਤੀ ਸ਼ਰਧਾ ਨੂੰ ਰੋਕ ਨ ਸਕੇ ਤੇ ਬਾਬਾ ਜੀ ਤੋਂ ਅੰਤਮ ਸਮੇਂ ਦੀ ਲਾਹੀ ਹੋਈ ਚਾਦਰ ਦੇ ਦੋ ਬਰਾਬਰ ਟੋਟੇ ਕਰਕੇ ਹਿੰਦੂਆਂ ਨੇ ਆਪਣੇ ਟੋਟੇ ਦਾ ਸਸਕਾਰ ਕਰ ਦਿੱਤਾ ਤੇ ਮੁਸਲਮਾਨਾਂ ਨੇ ਆਪਣੇ ਹਿੱਸੇ ਦੇ ਟੋਟੇ ਨੂੰ ਦਫਨ ਕਰ ਦਿੱਤਾ । ਗੱਲ ਉਹ ਹੀ ਹੋਈ ਜਿਸ ਨੂੰ ਗੁਰੂ ਸਾਹਿਬ ਖ਼ਤਮ ਕਰਨਾ ਚਾਹੁੰਦੇ ਸਨ । ਵਿਚਕਾਰਲੀ ਕੰਧ ਸਾਂਝੀ ਰੱਖ ਕੇ ਹਿੰਦੂਆਂ ਨੇ ਚਾਦਰ ਦੇ ਸਸਕਾਰ ਦੀ ਥਾਂ ਤੇ ਸਮਾਧ ਅਤੇ ਮੁਸਲਮਾਨਾਂ ਨੇ ਆਪਣੀ ਥਾਂ ਤੇ ਮਕਬਰਾ ਬਣਾ ਲਿਆ । ਸ਼ਰਧਾਵਾਨ ਲੋਕ ਇਹਨਾਂ ਵਿਚ ਆ ਕੇ ਦੀਵੇ ਜਗਾਂਦੇ ਤੇ ਚੜ੍ਹਾਵੇ ਚੜ੍ਹਾਂਦੇ ਅਤੇ ਇਸ ਤਰ੍ਹਾਂ ਪੂਜਾ ਦੇ ਧੰਨ ਨਾਲ ਪੁਜਾਰੀ ਮਹੰਤਾਂ ਤੇ ਮਜ਼ਾਵਰਾਂ ਦੀ ਪੇਟ ਪੂਜਾ ਹੁੰਦੀ ਰਹੀ । ਗੁਰਬਾਣੀ ਕੁਝ ਖ਼ਾਸ ਖ਼ਾਸ ਲੋਕਾਂ ਨੂੰ ਹੀ ਕੰਠ ਸੀ । ਗੁਰੂ ਗਰੰਥ



Digitized by Panjab Digital Library | www.panjabdigilib.org

ਸਾਹਿਬ ਦੀ ਸੰਪਾਦਨਾ ਗੁਰੂ ਨਾਨਕ ਸਾਹਿਬ ਦੇ ਦੇਹਾਂਤ ਜੋ ਬਾਈ ਸਤੰਬਰ, ਪੰਦ੍ਰਾਂ ਸੋ ਉਨਤਾਲੀ ਈਸਵੀ ਵਿਚ ਹੋਇਆ, ਤੋਂ ਕਈ ਸਾਲ ਬਾਅਦ ਹੋਈ ਅਤੇ ਸਿੱਖਾਂ ਦੀ ਇਸ ਧਰਮ ਪੁਸਤਕ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਸੰਮਤ ੧੬੬੧ ਬਿਕਰਮੀ ਵਿਚ ਹੋਇਆ ਅਤੇ ਇਸ ਨੂੰ ਗੁਰੂ ਦੀ ਪਦਵੀ 'ਗੁਰੂ ਗਰੰਥ ਸਾਹਿਬ' ਦੇ ਨਾਂ ਨਾਲ, ਗੁਰੂ ਗੋਬਿੰਦ ਸਿੰਘ ਜੀ ਨੇ, ਨਾਦੇੜ, ਹਜ਼ੂਰ ਸਾਹਿਬ ਵਿਚ ੭ ਅਕਤੂਬਰ. ਸੰਨ ੧੭੦੮ ਈਸਵੀ ਵਿਚ ਦਿੱਤੀ ।

ਗੁਰੂ ਨਾਨਕ ਸਾਹਿਬ ਦੇ ਮਿਰਤਕ ਸਰੀਰ ਨੂੰ ਦਰਯਾ ਰਾਵੀ ਵਿੱਚ ਪਰਵਾਹੀ ਜਾਣ ਬਾਰੇ, ਗ਼ੁਲਾਮ-ਮੁਹੱਯੁੱਦੀਨ ਅਲਯਾਸ ਬੂਟੇ ਸ਼ਾਹ ਆਪਣੀ ਕਿਤਾਬ ਤਾਰੀਖ਼ ਪੰਜਾਬ ਵਿੱਚ ਵੀ ਲਿਖਦਾ ਹੈ । ਇਸ ਕਿਤਾਬ ਚੋਂ ਗੁਰੂ ਨਾਨਕ ਸਾਹਿਬ ਬਾਰੇ ਦਿਤੇ ਤਾਰੀਖ਼ੀ ਭਾਗ ਦਾ ਅੰਗਰੇਜ਼ੀ ਵਿੱਚ ਅਨੁਵਾਦ ਸਰਦਾਰ ਭਗਤ ਸਿੰਘ ਨੇ ਕੀਤਾ ਹੈ ਜਿਸ ਨੂੰ ਡਾਕਟਰ ਗੰਡਾ ਸਿੰਘ ਨੇ, "ਦਾ ਪੰਜਾਬ ਪਾਸਟ ਐਂਡ ਪ੍ਰੈਜ਼ੇਂਟ" (ਗੁਰੂ ਨਾਨਕ ਕੁਟਿੰਸੈਂਟੇਨਰੀ ਵਾਲਯੂਮ ਦੇ ਸਫ਼ੇ 376—380 ਤੇ ਛਾਪਿਆ ਹੈ । ਇਸ ਦਾ ਪਹਿਲਾ ਪੈਰਾ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ, "ਇਸ ਦਫ਼ਤਰ ਵਿੱਚ ਸਿੱਖਾਂ ਬਾਰੇ ਦਿੱਤੀ ਗਈ ਵਾਕਫ਼ੀਅਤ ਦਾ ਅਧਾਰ ਬਾਬੇ ਨਾਨਕ ਦੀ ਜਨਮ ਸਾਖੀ, ਫਾਰਸੀ ਦੀਆਂ ਕਿਤਾਬਾਂ ਜੋ ਜਵਾਹਰ ਸਿੰਘ ਸੋਢੀ ਦੀ ਲਾਇਬਰੇਰੀ ਚੋਂ ਮਿਲੀਆਂ, ਮੁਨਸ਼ੀ ਮੋਹਨ ਲਾਲ ਦੀਆਂ ਸੰਪਾਦਤ ਕੀਤੀਆਂ ਹੋਈਆਂ ਜੋਸ਼ੀ ਸੰਕਰ ਦੀਆਂ ਪੁਸਤਕਾਂ, ਮੁਫ਼ਤੀ ਖ਼ੈਰਦੀਨ ਦੀਆਂ ਕਿਤਾਬਾਂ ਅਤੇ ਅਹਿਮਦਸ਼ਾਹ ਬਟਾਲਵੀ ਦੀ ਲਿਖੀ ਹੋਈ ਹਿੰਦੁਸਤਾਨ ਦੀ ਤਾਰੀਖ਼ ਤੇ ਹੈ। ਉੱਤੇ ਦੱਸੇ ਜਾ ਚੁੱਕੇ 'ਦਾ ਪੰਜਾਬ ਪਾਸਟ ਐਂਡ ਪ੍ਰੈਜ਼ੇਂਟ ਦੇ ਸਫ਼ੇ 379—380 ਤੇ ਲਿਖਿਆ ਹੈ, "ਹਿੰਦੂਆਂ ਤੇ ਮੁਸਲਮਾਨਾਂ ਨੇ ਉਹਨਾਂ ਦੀ ਮਿਰਤਕ ਦੇਹ ਤੇ ਝਗੜਾ ਕੀਤਾ । ਕੁਝ ਲੋਕ ਉਸਦਾ ਸਸਕਾਰ ਕਰਨਾ ਚਾਹੁੰਦੇ ਸਨ ਤੇ ਕੁਝ ਦਫ਼ਨ ਕਰਨਾ ਚਾਹੁੰਦੇ ਸਨ । ਏਨੇ ਚਿਰ ਨੂੰ ਸਯਦ ਮਿੱਠਾ ਸ਼ਾਹ ਜੋ ਬਟਾਲੇ ਦਾ ਵਸਨੀਕ ਸੀ ਤੇ ਜੋ ਡੇਰੇ ਤੋਂ ਪੰਜ ਮੀਲ ਦੂਰ ਕਲਾਨੌਰ ਵਾਲੀ ਨਹਿਰ ਚੋਂ ਨਿਕਲੀ ਨਦੀ ਹਰਕਾਰਣ ਦੇ ਕੰਢੇ ਤੇ ਆਬਾਦ ਸੀ ਆ ਪੁੱਜਾ ਤੇ ਉਸ ਨੇ ਹਾਲਾਤ ਦਾ ਜਾਇਜ਼ਾ ਲਿਆ । ਉਸਦੇ ਸੁਝਾਉ ਤੇ ਕਫ਼ਨ ਦੀ ਚਾਦਰ ਨੂੰ ਦੋ ਹਿਸਿਆ ਵਿੱਚ ਵੰਡ ਦਿੱਤਾ ਗਿਆ ਤੇ ਕੁਝ ਲੋਕਾਂ ਨੇ ਅੱਧੀ ਚਾਦਰ ਨੂੰ ਸਾੜ ਦਿੱਤਾ ਤੇ ਕੁਝ ਨੇ ਅੱਧੀ ਨੂੰ ਦੱਬ ਦਿਤਾ । ਆਮ ਪਰਚੱਲਤ ਕਹਾਣੀ ਤਾਂ ਇਸ ਤਰ੍ਹਾਂ ਹੈ ਪਰ ਸਚਾਈ ਇਹ ਹੈ ਕਿ ਦੋਹਾਂ ਧਿਰਾਂ ਦੇ ਵਿਚਕਾਰ ਝਗੜੇ ਦੇ ਕਾਰਨ ਮਿਰਤਕ ਸਰੀਰ ਨੂੰ ਦਰਯਾ ਵਿੱਚ ਪਰਵਾਹ ਦਿੱਤਾ ਗਿਆ ।"

ਗੁਰੂ ਸਾਹਿਬ ਦੇ ਹੁਕਮ ਅਨੁਸਾਰ ਗੁਰੂ ਅੰਗਦ ਜੀ ਕਰਤਾਰਪੁਰੋਂ ਆਪਣੇ ਪਿੰਡ ਖਡੂਰ ਚਲੇ ਗਏ ਅਤੇ ਸਿੱਖ ਧਰਮ ਦੇ ਪਰਚਾਰ ਦਾ ਕੇਂਦਰ, ਦੂਜੇ ਗੁਰੂ ਦੇ ਸਮੇਂ ਖਡੂਰ ਸਾਹਿਬ ਹੀ ਰਿਹਾ । ਆਣਿ ਦਾ ਅਰਥ ਹੈ ਖਾਨਦਾਨ ਜਾਂ ਕਿਸੇ ਦੀ ਨਿੱਜੀ ਇਜ਼ਤ ਜਾਂ ਸਨਮਾਨ । ਮਿਰਾਸੀ, ਬ੍ਰਾਹਮਣ ਤੇ ਸਾਂਸੀ ਅਜੇ ਵੀ ਆਪਣੇ ਜਜਮਾਨਾਂ ਦੀਆਂ ਪੀਹੜੀਆਂ ਪੜ੍ਹਣ ਜਾਂ ਸੁਣਾਉਣ ਵੇਲੇ 'ਆਣਿ' ਦਾ ਸ਼ਬਦ ਪੁੱਤਰ ਦੇ ਅਰਥ ਵਿਚ ਵਰਤਦੇ ਹਨ । ਕਰਤਾਰਪੁਰੋਂ ਖਡੂਰ ਸਾਹਿਬ ਜਾਣ ਬਾਰੇ ਸਤਾ ਤੇ ਬਲਵੰਡ ਰਾਮਕਲੀ ਦੀ ਵਾਰ ਵਿੱਚ ਆਖਦੇ ਨੇ ਕਿ ਫੇਰੂ ਦੇ ਪੁੱਤਰ ਨੇ (ਆਣ) ਫੇਰ ਆ ਕੇ ਖਡੂਰ ਵਿੱਚ ਵੱਸੋਂ ਇਖ਼ਤਿਆਰ ਕੀਤੀ :—



Digitized by Panjab Digital Library | www.panjabdigilib.org

ਫੇਰਿ ਵਸਾਇਆ ਫੇਰੁਆਣਿ ਸਤਿਗੁਰ ਖਾਡੂਰੁ ।
ਜਪੁ ਤਪੁ ਸੰਜਮ ਨਾਲਿ ਤੁਧੁ ਹੋਰੁ ਮੁਚੁ ਗਰੂਰ ।
ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ।
ਵਰ੍ਹਿਐ ਦਰਗਹ ਗੁਰ ਕੀ ਕੁਦਰਤੀ ਨੂਰ।
ਜਿਤੁ ਸੁ ਹਾਥ ਨਾ ਲਭਈ ਤੂੰ ਓਹੁ ਠਰੂਰ ।
ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ ।
ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ ।
ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ ।
ਫੇਰਿ ਵਸਾਇਆ ਫੇਰੁਆਣਿ ਸਤਿਗੁਰ ਖਾਡੂਰ ।

ਸਿੱਖ ਧਰਮ ਸਹਿਣ ਸ਼ੀਲਤਾ, ਵਿਸ਼ਾਲਤਾ ਅਤੇ ਵਹਿਮ-ਪ੍ਰਸਤੀ ਦੀ ਵਿਰੋਧਤਾ ਦੇ ਪੱਖਾਂ ਵਿੱਚ ਸੰਸਾਰ ਦੇ ਧਰਮਾਂ ਦਾ ਤਾਜ ਹੈ। ਜਿੰਨਾ ਇਹ ਉਮਰ ਵਿੱਚ ਛੁਟੇਰਾ ਹੈ ਓਨਾਂ ਹੀ ਮਨੁੱਖੀ ਉੱਨਤੀ ਤੇ ਭਲਾਈ ਵੱਲ ਲੈ ਜਾਣ ਵਾਲੇ ਵੀਚਾਰਾਂ ਦੀ ਹਮਾਇਤ ਵਿੱਚ ਉਚੇਰਾ ਹੈ। ਮਨੁੱਖ ਦੇ ਮ੍ਰਿਤਕ ਸਰੀਰ ਦੀ ਅੰਤਮ ਕਿਰਿਆ ਭਾਵੇਂ ਕਿਸ ਤਰ੍ਹਾ ਕੀਤੀ ਜਾਵੇ ਸਿੱਖ ਧਰਮ ਉਸ ਨੂੰ ਸੁਰਗ ਜਾਂ ਨਰਕ ਦਾ ਕਾਰਨ ਨਹੀਂ ਬਣਾਉਂਦਾ। ਮਿਸਾਲ ਵੱਜੋਂ ਮੁਸਲਮਾਨ ਮੁਰਦੇ ਨੂੰ ਸਾੜਣਾ ਦੋਜ਼ਖ ਦੀ ਅੱਗ ਵਿੱਚ ਪਾਉਣ ਬਰਾਬਰ ਸਮਝਦੇ ਨੇ ਪਰ ਸਿੱਖ ਧਰਮ ਆਖਦਾ ਹੈ ਕਿ ਭਾਂਤ ਭਾਂਤ ਤਰੀਕਿਆਂ ਨਾਲ ਲੋਕ ਮੁਰਦੇ ਦੀ ਕਿਰਿਆ ਕਰਦੇ ਨੇ ਪਰ ਇਹ ਨਹੀਂ ਜਾਣਦੇ ਕਿ ਇਸ ਦੀ ਆਤਮਾ ਕਿਥੇ ਗਈ ਹੈ ? ਆਤਮਾ ਕਿਰਿਆ ਦੇ ਤਰੀਕੇ ਜਾਂ ਰਸਮਾਂ ਦੇ ਸਦਕਾ ਨਹੀਂ, ਆਪਣੇ ਅਮਲਾਂ ਜਾਂ ਕਰਮਾਂ ਦੇ ਮੁਤਾਬਿਕ ਨਰਕ, ਸੁਰਗ ਵਿਚ ਜਾਣਾ ਜਾਂ ਜੂਨਾਂ ਦੇ ਗੇੜ ਵਿੱਚ ਫਸਣਾ ਹੁੰਦਾ ਹੈ। ਗੁਰੂ ਅਮਰਦਾਸ ਜੀ ਵਾਰ ਸੋਰਠ ਵਿੱਚ ਲਿਖਦੇ ਨੇ :—

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ।
ਇਕ ਪਾਣੀ ਵਿੱਚ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ।
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ !

ਸਿੱਖ ਇਤਹਾਸ ਵਿੱਚ ਦੋ ਗੁਰੂ ਸਾਹਿਬਾਂ ਦੇ ਸਰੀਰਾਂ ਦੀਆਂ ਅੰਤਮ ਕਿਰਿਆਵਾਂ ਸਾਰੇ ਵਹਿਮਾਂ ਦੇ ਘੜੇ ਨੂੰ ਠੀਕਰੀ ਠੀਕਰੀ ਕਰ ਦੇਂਦੀਆਂ ਨੇ। ਗੁਰੂ ਅਰਜਨ ਸਾਹਿਬ ਦੇ ਮ੍ਰਿਤਕ ਸਰੀਰ ਨੂੰ ਲਾਹੌਰ, ਰਾਵੀ ਦੇ ਪਾਣੀ ਵਿਚ ਪਰਵਾਹ ਦਿੱਤਾ ਗਿਆ ਸੀ। ਪਰ ਸਿੱਖਾਂ, ਸਿੱਖਾਲੋਜੀ, ਸਿੱਖ ਧਰਮ ਵਿਗਿਆਨ ਜਾਂ ਗੁਰਮੱਤ ਨੇ ਇਸ ਕਿਰਿਆ ਦੇ ਵਿਰੁੱਧ ਕੋਈ ਇਤਰਾਜ਼ ਨਹੀਂ ਕੀਤਾ। ਸਿੱਖ ਗੁਰੂਆਂ ਨੇ ਸਮੇਂ ਦੀ ਅਟੱਲਤਾ ਤੇ ਰੱਬ ਦੀ ਰਜ਼ਾ ਨੂੰ ਖਿੜੇ ਮੱਥੇ ਜੀ ਆਇਆਂ ਆਖਿਆ ਕਿਉਂਕਿ ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿਚ ਹੀ ਸੁਖੀ ਤੇ ਸਚਿਆਰ ਹੋਣ ਦਾ ਭੇਤ ਦਸਦਿਆਂ ਆਖਿਆ ਹੈ :—

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ।
ਏਸੇ ਤਰ੍ਹਾਂ ਹੀ ਗੁਰੂ ਅਰਜਨ ਸਾਹਿਬ ਨੇ ਕਿਹਾ ਹੈ :—
ਤੇਰਾ ਕੀਆ ਮੀਠਾ ਲਾਗੇ।
ਹਰਿਨਾਮੁ ਪਦਾਰਥ ਨਾਨਕ ਮਾਂਗੈ।



Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਨੇ ਤੇ ਸਗੋਂ ਮੰਗ ਮੰਗੀ ਕਿ ਜਦੋਂ ਮੇਰੀ ਉਮਰ ਮੁੱਕ ਜਾਏ ਮੈਂ ਇਨਸਾਨੀ ਭਲਾਈ ਭਾਵ ਧਰਮ ਦੀ ਖ਼ਾਤਰ ਉਸੇ ਵੇਲੇ ਰਣਭੂਮੀ ਵਿਚ ਸ਼ਹੀਦ ਹੋ ਜਾਵਾਂ। ਉਹਨਾਂ ਨੇ ਸ਼ਬਦ ਹੀ 'ਮਰੋ' ਦਾ ਵਰਤਿਆ ਹੈ :—

ਜਬ ਆਵ ਕੀ ਅਉਧ ਨਿਧਾਨ ਬਣੇ,

ਅਤ ਹੀ ਰਣ ਮੈਂ ਤਬ ਜੂਝ ਮਰੋ ।

ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਧੜ ਦਾ ਸਸਕਾਰ ਗੁਰਦੁਆਰਾ ਰਕਾਬ ਗੰਜ, ਦਿੱਲੀ ਵਿਚ ਹੋਇਆ ਤੇ ਸੀਸ ਦਾ ਸ੍ਰੀ ਅੰਨਦਪੁਰ ਸਾਹਿਬ। ਸਿੱਖਾਂ ਲਈ ਤੇ ਸਿੱਖ ਧਰਮ ਦੇ ਇਤਹਾਸ ਵਿਚ ਦੋਵੇਂ ਥਾਵਾਂ ਹੀ ਵੱਧ ਤੋਂ ਵੱਧ ਆਦਰ ਰਖਦੀਆਂ ਹਨ। ਹਾਂ, ਜੇ ਉਸ ਸਮੇਂ ਦੇ ਹਾਲਾਤ ਦੀ ਮਜਬੂਰੀ ਦੇ ਕਾਰਨ, ਨ ਭਾਈ ਲੱਖੀ ਸ਼ਾਹ ਵਣਜਾਰਾ ਧੜ ਲੈ ਜਾਣ ਵਿਚ ਸਫ਼ਲ ਹੁੰਦਾ, ਤਾਂ ਵੀ ਗੁਰੂ ਸਾਹਿਬ ਦੀ ਸ਼ਹੀਦੀ ਦਾ ਸਾਕਾਂ ਸਿੱਖਾਂ ਲਈ ਏਨਾਂ ਹੀ ਮਹਾਨ ਤੇ ਮਹੱਤਤਾ ਵਾਲਾ ਹੁੰਦਾ ਜਿਨ੍ਹਾਂ ਹੁਣ ਹੈ। ਦੇਹ ਦਾ ਜਿਵੇਂ ਉਹ ਚਾਂਦਨੀ ਚੋਂਕ ਵਿਚ ਪਈ ਹੋਈ ਸੀ; ਭਾਵੇਂ ਕਿਸ ਤਰ੍ਹਾਂ ਅੰਤ ਹੁੰਦਾ।

ਭਲਾ ਸਾਡੇ ਕਹਾਣੀ-ਘੜ੍ਹਾਲੂ ਤੇ ਝਗੜਾਲੂ, ਉਮੀਂ ਲੋਕਾ ਨੂੰ ਤੇ ਛੱਡੋ, ਲਿਖਾਰੀਆਂ ਤੇ ਵਿਦਵਾਨਾਂ ਨੇ ਉਸ ਸਮੇਂ ਦੀ ਇਕ ਹੋਰ ਇਤਹਾਸਕ ਸੰਭਾਵਨਾ ਬਾਰੇ ਕਦੀ ਸੋਚਿਆ ਹੈ? ਗੁਰੂ ਤੇਗ ਬਹਾਦਰ ਦੀ ਮ੍ਰਿਤਕ ਦੇਹ ਚਾਂਦਨੀ ਚੋਂਕ ਵਿਚ ਪਈ ਹੋਈ ਸੀ। ਦਿੱਲੀ ਦੇ ਕਿਸੇ ਹਿੰਦੂ ਨੇ ਵੀ ਔਰੰਗਜ਼ੇਬ ਤੋਂ ਡਰਦਿਆਂ ਉਸ ਦਾ ਸਸਕਾਰ ਕਰਨ ਦੀ ਜੁਰਅਤ ਨ ਕੀਤੀ। ਜੇ ਗੁਰੂ ਤੇਗ ਬਹਾਦਰ ਦੇ ਸਪੁੱਤਰ ਗੁਰ ਗੋਬਿੰਦ ਸਿੰਘ ਜੀ ਦੀ ਖ਼ਾਤਰ ਪੀਰ ਬੁੱਧੂ ਸ਼ਾਹ, ਆਪਣੇ ਪੁੱਤਰ, ਮੁਰੀਦ, ਆਪਣੇ ਘਰ ਵਾਲੀ, ਬੇਗਮ ਨਸੀਰਾਂ ਤੇ ਆਪਣੇ ਆਪ ਨੂੰ ਕੁਰਬਾਨ ਕਰ ਸਕਦਾ ਹੈ ਅਤੇ ਨਬੀ ਖ਼ਾਂ ਤੇ ਗਨੀ ਖ਼ਾਂ ਪਠਾਨ ਆਪਣੀ ਜਾਨ ਲਈ ਹਰ ਖ਼ਤਰਾ ਸਹੇੜ ਕੇ ਉਹਨਾਂ ਨੂੰ ਉੱਚ ਦਾ ਪੀਰ ਬਣਾ ਕੇ ਤੇ ਪਾਲਕੀ ਵਿਚ ਪਾ ਕੇ ਚੁੱਕੀ ਫਿਰਦੇ ਸਨ ਤਾਂ ਇਹ ਵੀ ਹੋ ਸਕਦਾ ਸੀ ਕਿ ਦਿੱਲੀ ਦਾ ਕੋਈ ਖ਼ੁਦਾ ਪ੍ਰਸਤ, ਹਕੀਕਤ ਪ੍ਰਸਤ ਤੇ ਬੇਬਾਕ ਸੱਚਾ ਮੁਸਲਮਾਨ ਗੁਰੂ ਤੇਗ ਬਹਾਦਰ ਜਿਹੇ ਸ਼ਹੀਦ, ਗ਼ਾਜ਼ੀ ਜਾਂ ਮਰਦੇ--ਮੁਜਾਹਦ ਦੀ ਮ੍ਰਿਤਕ ਦੇਹ ਨੂੰ ਲੈ ਜਾ ਕੇ ਦਫ਼ਨ ਕਰ ਦੇਂਦਾ। ਮੈਂ ਤੇ ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹੁੰਦਾ ਹੋਇਆ ਸਮਝਦਾ ਹਾਂ ਕਿ ਸਾਡੇ ਲਈ ਇਸ ਗੱਲ ਦਾ ਕੋਈ ਫ਼ਰਕ ਨਹੀਂ ਸੀ। ਅਸੀਂ ਉਸ ਮੁਸਲਮਾਨ ਦਾ ਨਾਂ ਰਹਿੰਦੀ ਦੁਨੀਆਂ ਤੱਕ ਸਤਿਕਾਰ ਨਾਲ ਲੈਂਦੇ। ਫ਼ਰਕ ਇਕ ਗੱਲ ਦਾ ਜ਼ਰੂਰ ਹੈ— ਕਿਸੇ ਵੀ ਸ਼ਕਲ ਵਿਚ ਸਿੱਖ ਗੁਰੂਆਂ ਜਾਂ ਕਿਸੇ ਵੀ ਹੋਰ ਸਿੱਖ ਦੇ ਸਰੀਰ ਦੀ ਅੰਤਮ ਕਿਰਿਆ ਵਾਲੀ ਥਾਂ ਨੂੰ ਬੁੱਤਾਂ ਵਾਂਗੂੰ ਪੂਜਣਾ ਨਹੀਂ ਚਾਹੀਦਾ। ਗੁਰੂ ਨਾਨਕ ਸਾਹਿਬ ਨੇ ਹਿੰਦੂਆਂ ਨੂੰ ਬੁੱਤ ਪੂਜਾ ਦੇ ਕਾਰਨ ਨਿਰਾ ਮੁੱਢੋਂ ਭੁੱਲੇ ਹੋਏ ਹੀ ਨਹੀਂ ਕਿਹਾ ਬਲਕਿ ਇਹ ਵੀ ਆਖਿਆ ਹੈ ਕਿ ਪੱਥਰ ਦਾ ਬੁੱਤ ਆਪ ਤੇ ਪਾਣੀ ਵਿਚ ਡੁੱਬ ਜਾਂਦਾ ਹੈ ਤੇ ਉਹ ਆਪਣੇ ਉਪਾਸ਼ਕ ਜਾਂ ਪੁਜਾਰੀ ਨੂੰ ਭਵਜਲ ਚੋਂ ਕਿਵੇਂ ਤਾਰ ਕੇ ਪਾਰ ਲੰਘਾ ਸਕਦਾ ਹੈ? ਉਹਨਾਂ ਦਾ ਕਥਨ ਗੁਰੂ ਗ੍ਰੰਥ ਸਾਹਿਬ ਦੇ ਸਫ਼ਾ ੫੫੬ ਤੇ ਸਪੱਸ਼ਟ ਦਸਦਾ ਹੈ :—



Digitized by Panjab Digital Library | www.panjabdigilib.org

ਹਿੰਦੂ ਮੂਲੇ ਭੂਲੇ ਅਖੁੱਟੀ ਜਾਂਹੀ ।
ਨਾਰਦਿ ਕਹਿਆ ਸਿ ਪੂਜ ਕਰਾਂਹੀ ।
ਅੰਧੇ ਗੁੰਗੇ ਅੰਧ ਅੰਧਾਰ ।
ਪਾਥਰ ਲੈ ਪੂਜੇ ਗਾਵਾਰ ।
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰ ।

ਗੁਰੂ ਗੋਬਿੰਦ ਸਿੰਘ ਤੇ ਮੋਏ ਹੋਵੇ ਵਡਾਰੂਆਂ ਦੀ (ਸ਼ਰਧਾ ਆਦ) ਰਾਹੀ- ਪੂਜਾ ਕਰਨੀ ਤੇ ਬੁੱਤ ਪੂਜਾ ਨੂੰ ਮਨੁੱਖੀ ਅਕਲ ਤੋਂ ਬਹੁਤ ਨੀਵਾਂ, ਪਸ਼ੂ-ਬੁੱਧੀ ਸਮਝਦੇ ਹਨ । ਉਹ ਆਪਣੇ ਇਕ ਪ੍ਰਸਿੱਧ ਸਵੈਯੇ ਵਿਚ ਕਹਿੰਦੇ ਨੇ :—

ਕੋਊ ਬੁਤਾਨ ਕੋ ਪੂਜਤ ਹੈ ਪਸੂ,
ਕੋਊ ਮ੍ਰਿਤਾਨ ਕੋ ਪੂਜਨ ਧਾਇਓ ।
ਕੂਰ ਕ੍ਰਿਆ ਉਰਝਓ ਸਭ ਹੀ ਜਗ,
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ।

ਉਤਲੀ ਸਾਰੀ ਵਿਚਾਰ ਦਾ ਸਿੱਟਾ ਇਹ ਹੈ ਕਿ ਗੁਰੂ ਨਾਨਕ ਸਾਹਿਬ ਦਾ ਆਪਣੀ ਮ੍ਰਿਤਕ ਦੇਹ ਦੀ ਅੰਤਮ ਕਿਰਿਆ ਦਾ ਪਾਣੀ ਪਰਵਾਹ ਦਾ ਸੁਝਾਉ ਦੋ ਮਨੋਰਥਾਂ ਲਈ ਸੀ—ਸਿੱਖਾਂ ਵਿਚ ਸਮਾਧਾਂ, ਮਕਬਰਿਆਂ ਤੇ ਮੜ੍ਹੀਆਂ-ਮਸਾਣਾਂ ਦੀ ਪੂਜਾ ਅਤੇ ਉਸ ਸਮੇਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਉਹਨਾਂ ਦੇ ਦੇਹਾਂਤ ਪਿਛੋਂ ਸਰੀਰ ਦੀ ਕਿਰਿਆ ਦੇ ਦਾਅਵੇ ਦੀ ਖ਼ਾਤਰ ਝਗੜੇ ਨੂੰ ਖ਼ਤਮ ਕਰਨਾ । ਗੁਰੂ ਗੋਬਿੰਦ ਸਿੰਘ ਜੀ ੩੩ਵੇਂ ਸਵੈਯੇ ਵਿਚ ਕਹਿੰਦੇ ਨੇ-ਸਿੱਖਾਂ ਨੂੰ ਵਰਤ ਨਹੀਂ ਰੱਖਣੇ ਚਾਹੀਦੇ । ਰੱਬ ਤੇ ਮਨੁੱਖਤਾ ਨਾਲ ਸੱਚੇ ਪ੍ਰੇਮ ਤੇ ਯਕੀਨ ਦਾ ਵਰਤ ਹੋਣਾ ਚਾਹੀਦਾ ਹੈ ਜੋ ਕਦੀ ਵੀ ਨ ਟੁੱਟੇ ਅਤੇ ਸਿੱਖਾਂ ਨੂੰ ਭੁੱਲ ਕੇ ਵੀ ਕਬਰਾਂ ਤੇ ਮੜ੍ਹੀਆਂ ਨੂੰ ਨਹੀਂ ਮੰਨਣਾ ਚਾਹੀਦਾ :—

ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ।
ਗੋਰ ਮੜ੍ਹੀ ਮਟ ਭੂਲ ਨ ਮਾਨੈ । (੧)

ਜੇ ਇਸ ਕਿਤਾਬ ਵਿਚ ਮੈਂ ਸਿੱਖੀ ਦੇ ਉਚੇ ਨਿਯਮਾਂ ਬਾਰੇ ਸੱਚ ਨਾ ਲਿਖਾਂ ਤੇ ਨ ਦੱਸਾਂ, ਤਾਂ ਇਹ ਕਿਤਾਬ ਮੇਰੀ ਗੁਰੂ ਨਾਨਕ—ਗੋਬਿੰਦ ਸਿੰਘ ਦੇ ਪਿਆਰ ਨੂੰ ਨਹੀਂ ਦਰਸਾਇਗੀ ਬਲਕਿ ਮੇਰੇ ਜ਼ਮੀਰ ਤੇ ਅਨੁਭਵ ਦੋਹਾਂ ਦੀ ਟੁੱਕਰ—ਠੇਫਰੂ ਤੇ ਧੁੰਧਲੀ ਤਸਵੀਰ ਹੋਵੇਗੀ । ਇਸ ਲਈ ਮੈਂ ਗੁਰੂ ਨਾਨਕ ਦੇ ਸਦਕਾ ਇਹ ਸਵਾਲ ਕਰਦਾ ਹਾਂ ਕਿ ਅਸੀਂ ਬਾਬਾ ਜੀ ਦਾ ਪੰਜ ਸੌਵਾਂ ਜਨਮ ਦਿਨ ਮਨਾਉਣ ਵਾਲੇ ਦਿਨ, ੨੩ ਨਵੰਬਰ, ੧੯੬੯ ਤਕ ਅਤੇ ਉਸ ਦੇ ਬਾਦ ਅੱਜ ਤਕ ਕਿੱਥੇ ਪੁੱਜੇ ਹਾਂ ? ਇਸ ਬਾਰੇ ਅਸੀਂ ਆਪਣੇ ਅੰਦਰੋਂ ਹੀ ਜਵਾਬ ਲੱਭ ਸਕਦੇ ਹਾਂ । ਸਚਿਆਰ ਗੁਰੂ ਨਾਨਕ ਸਾਹਿਬ ਗੁਰੁ ਗ੍ਰੰਥ ਸਾਹਿਬ ਦੇ ਸਫ਼ਾ ੬੧ ਤੇ ਆਖਦੇ ਨੇ:—

ਭੁੱਲਣ ਅੰਦਰਿ ਸਭੁ ਕੋ,
ਅਭੁਲ ਗੁਰੂ ਕਰਤਾਰੁ ।
ਗੁਰਮਤਿ ਮਨੁ ਸਮਝਾਇਆ,



Digitized by Panjab Digital Library | www.panjabdigilib.org

ਲਗਾ ਤਿਸੈ ਪਿਆਰੁ ।
ਨਾਨਕ ਸਾਚੁ ਨ ਵੀਸਰੈ।
ਮੇਲੈ ਸਬਦੁ ਅਧਾਰੁ ।

ਕੀ ਸਾਨੂੰ ਭੁੱਲਾਂ ਕਰਕੇ ਬਖਸ਼ਵਾਣ ਤੇ ਅਗੋਂ ਨ ਕਰਨ ਦਾ ਖਿਆਲ ਹੈ ? ਜੇ ਸੱਚ ਬੋਲੀਏ ਤਾਂ ਬਿਲਕੁਲ ਨਹੀਂ ਜਿਸ ਦਾ ਸਬੂਤ ਸ੍ਰੀ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਜਿਹੇ ਧਰਮ ਅਸਥਾਨਾਂ ਨਾਲ ਮੋਢੇ-ਜੋੜਵੀਆਂ ਨਾਮ ਧਰੀਕ ਹਵਨ ਕੁੰਡਾ ਦੀਆਂ ਤਾਮੀਰਾਂ ਹਨ ਤਾਂਕਿ ਕਿਸੇ ਨਾ ਕਿਸੇ ਬਹਾਨੇ ਬਣਵਾਉਣ ਵਾਲਿਆਂ ਦੀ ਪੂਜਾ ਹੁੰਦੀ ਰਹੇ। ਜੇ ਇਹ ਸਿੱਖ ਧਰਮ ਦੇ ਨਿਯਮਾਂ, ਗੁਰਮੱਤ ਤੇ ਸਿੱਖ ਗੁਰੂਆਂ ਦੀ ਸਿਖਿਆ ਨਾਲ ਘਸੁੰਨ ਘਮੰਡ ਵਾਲਾ ਧੱਕਾ ਨਹੀਂ ਤੇ ਹੋਰ ਕੀ ਹੈ ? ਦਸਿਆ ਜਾਂਦਾ ਹੈ ਕਿ ਹੁਣ ਇਹ ਤਾਮੀਰਾਂ, ਇਸ ਮਸਲੇ ਤੇ ਸਿੱਖਾਂ ਨੂੰ ਪਾੜ ਤੇ ਲੜਾ ਕੇ, ਖਾਲਸਾ ਪੰਥ ਤੋਂ ਮਾਫ਼ੀ ਮੰਗਣ ਤੇ ਤਨਖਾਹ ਲਵਾਉਣ ਤੋਂ ਬਿਨਾਂ ਹੀ ਚੋਰੀ ਤੇ ਰਾਤੋ ਰਾਤ ਢਾਹ ਦਿੱਤੀਆਂ ਗਈਆਂ ਹਨ।

ਜਿਹੜਾ ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਆ ਜਾਵੇ ਉਹ ਵੀ ਚੰਗਾਂ ਸਮਝੋ। ਹਰ ਮਨੁੱਖ ਭੁੱਲਣਹਾਰ ਹੈ। ਮਨੁੱਖ ਭੁੱਲਾਂ ਕਰਦਾ ਹੈ ਪਰ ਗੁਰੂ ਦੇ ਅਪਾਰ ਸ਼ਬਦ ਨਾਲ ਤੇ ਤਾਂ ਹੀ ਮੇਲਾਵਾ ਹੁੰਦਾ ਹੈ ਜੇ ਭੁੱਲੜ ਗ਼ਲਤੀ ਨੂੰ ਸੋਧ ਕੇ ਸੱਚ ਨੂੰ ਅਨੁਭਵ ਕਰੇ। ਭੁੱਲ ਨ ਕਰਨ ਵਾਲਾ ਗੁਰਮੁਖ ਸਿੱਖ ਤੇ ਕੋਈ ਵਿਰਲਾ ਹੀ ਹੁੰਦਾ ਹੈ ਪਰ ਗ਼ਲਤੀ ਕਰ ਕੇ ਗੁਰੂ-ਪੰਥ-ਗ੍ਰੰਥ ਤੋਂ ਮਾਫ਼ੀ ਮੰਗ ਕੇ ਤਨਖ਼ਾਹ ਲਵਾਉਣ ਵਾਲਾ ਵੀ ਮਹਾਨ ਮਨੁੱਖ ਸਮਝੋ । ਹਾਂ, ਜੇ ਸਿੱਖਾਂ ਦੇ ਨਾਮ ਧਰੀਕ ਲੀਡਰ ਭੁੱਲ ਵੀ ਕਰਨ ਤੇ ਫਿਰ ਆਕੜ ਵੀ ਵਿਖਾਣ ਤਾਂ ਇਹ ਸਮਝੋ ਕਿ ਉਹ ਮੂੜ੍ਹਤਾ, ਮੂਰਖਤਾ ਤੇ ਮਨਮੁੱਖਤਾ ਦੇ ਕੁਣਕਾ-ਵੰਡੂ, ਕੌਮ ਕੋਹੂ, ਅਮੋੜ ਤੇ ਉਜੱਡ ਧੂਤੇ ਹਨ । ਸਿੱਖ ਇਤਿਹਾਸ ਦਸਦਾ ਹੈ ਕਿ ਭਾਵੇਂ ਦਸ਼ਮੇਸ਼ ਜੀ ਨੇ ਸਿੱਖਾਂ ਦੀ ਪਰੀਖਿਆ ਲੈਣ ਵਾਸਤੇ ਹੀ ਦਾਦੂ ਦੀ ਸਮਾਧ ਨੂੰ ਆਪਣੇ ਤੀਰ ਦੇ ਇਸ਼ਾਰੇ ਨਾਲ ਨਮਸਕਾਰ ਕੀਤੀ ਸੀ, ਤਾਂ ਵੀ ਸਿੱਖਾਂ ਨੇ ਉਹਨਾਂ ਨੂੰ ਪੰਜੀ ਰੁਪੈ ਤਨਖਾਹ (ਡੰਨ) ਲਾ ਕੇ ਮਾਫ ਕੀਤਾ ਸੀ। ਇਕ ਸਮਾਂ ਸੀ ਕਿ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਸੇ ਮਨਮੱਤ ਦੇ ਦੋਸ਼ ਵਿਚ ਸ੍ਰੀ ਅਕਾਲ ਤਖਤ ਦੇ ਸਾਮ੍ਹਣੇ ਕੋੜਿਆਂ ਦੀ ਸਜ਼ਾ ਦਿੱਤੀ ਸੀ। ਸਮਝ ਨਹੀਂ ਆਉਂਦੀ ਕਿ ਸ੍ਰੀ ਹਰਮੰਦਰ ਸਾਹਿਬ, ਅੰਮ੍ਰਿਤਸਰ ਦੇ ਹੈਡ ਗ੍ਰੰਥੀ ਸਾਹਿਬ, ਸਿੱਖਾਂ ਦੇ ਪਵਿੱਤਰ ਤਖ਼ਤਾਂ ਦੇ ਜਥੇਦਾਰ ਤੇ ਪੰਥ ਦੀਆਂ ਵੋਟਾਂ ਨਾਲ ਚੁਣੇ ਹੋਏ ਚੌਧਰੀ ਤੇ ਲੀਡਰ ਹੋ ਰਹੀਆਂ ਕੁਰੀਤੀਆਂ ਨੂੰ ਆਪਣੀ ਅਖੀਂ ਵੇਖਕੇ ਕਿਉਂ ਚੁੱਪ ਹਨ ! ਇਸ ਤਰ੍ਹਾਂ ਜਾਪਦਾ ਹੈ ਕਿ ਸਵਾਰਥਾਂ ਤੇ ਐਸ਼ਾਂ ਦੇ ਕਾਰਨ ਉਨ੍ਹਾਂ ਦਾ ਜ਼ਮੀਰ ਸਿਖੀ ਜੀਵਣ ਤੋਂ ਬੇਦਖ਼ਲ ਹੋ ਕੇ ਗੁਰੂ-ਗ੍ਰੰਥ-ਪੰਥ ਨੂੰ ਬੇਦਾਅਵਾ ਦੇ ਚੁੱਕਾ ਹੈ ਤੇ ਉਨ੍ਹਾਂ ਦੇ ਸੰਘਾਂ ਵਿਚ ਅੜੇ ਹੋਏ ਮਿੱਠੇ, ਸਲੂਣੇ ਤੇ ਸੁਆਦੀ, ਟੁਕੜੇ, ਉਨ੍ਹਾਂ ਨੂੰ ਸੱਚ ਨਹੀਂ ਬੋਲਣ ਦੇਂਦੇ !!!

———



Digitized by Panjab Digital Library | www.panjabdigilib.org

ਕਾਂਡ ਛੇਵਾਂ

# ਸੰਤ-ਸਿਪਾਹੀ ਗੁਰੂ ਨਾਨਕ

ਸਿਪਾਹੀ ਦਾ ਸ਼ਬਦ ਆਮ ਲੋਕਾਂ ਦੇ ਤਸੱਵਰ ਜਾਂ ਸੋਚ ਵਿਚ ਕਿਸੇ ਖ਼ਾਸ ਕਿਸਮ ਦੇ ਲਿਬਾਸ, ਰੂਪ ਰੇਖਾ, ਮੂੰਹ-ਮੁਹਾਂਦਰੇ, ਰਿਸ਼ਟ ਪੁਸ਼ਟ, ਹੁਸ਼ਿਆਰ, ਹਥਿਆਰ ਬੰਦ, ਮਰਨ ਮਾਰਨ ਲਈ ਤਿਆਰ ਮਨੁੱਖ ਦੀ ਤਸਵੀਰ ਖਿੱਚ ਦੇਂਦਾ ਹੈ । ਇਸ ਲਈ ਕਈ ਪਾਠਕ ਸੋਚਣਗੇ ਕਿ ਗੁਰੂ ਨਾਨਕ ਦੇਵ ਜੀ ਭਲਾ ਸੰਤ ਤੇ ਹੋਏ, ਸਿਪਾਹੀ ਦੇ ਰੂਪ ਵਿਚ ਕਿਵੇਂ ਬਿਆਨ ਕੀਤੇ ਜਾ ਸਕਦੇ ਨੇ ? ਠੀਕ ਹੈ ਕਿ ਗੁਰੂ ਹਰਿਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਤ ਹੋਣ ਤੋਂ ਛੁੱਟ, ਸੱਚਮੁੱਚ ਹਥਿਆਰ ਪਹਿਣ ਕੇ ਰਣਭੂਮੀ ਵਿਚ ਆਪਣੀ ਨਿਡਰਤਾ ਤੇ ਵਰਯਾਮਤਾ ਵਿਖਾ ਕੇ ਬੇਮਿਸਾਲ ਸਿਪਾਹੀ ਹੋਣ ਦਾ ਸਬੂਤ ਵੀ ਦਿੱਤਾ ਹੈ ਪਰ ਗੁਰੂ ਨਾਨਕ ਦੇਵ ਜੀ ਨੂੰ ਜਿਨ੍ਹਾਂ ਨ ਤੇ ਕਦੀ ਤਲਵਾਰ ਪਹਿਨੀ ਤੇ ਨ ਕਦੀ ਤਲਵਾਰ ਵਰਤੀ, ਸਿਪਾਹੀ ਕਿਵੇਂ ਆਖਿਆ ਜਾ ਸਕਦਾ ਹੈ ?

ਸੰਸਾਰ ਦੇ ਆਦ ਤੋਂ ਨੇਕੀ ਤੇ ਬਦੀ, ਸਚ ਤੇ ਝੂਠ, ਜ਼ਾਲਮ ਤੇ ਮਜ਼ਲੂਮ, ਸਾਬਰ ਤੇ ਜਾਬਰ ਦੋਹਾਂ ਧਿਰਾਂ ਦੀ ਆਪਸ ਵਿਚ ਹਮੇਸ਼ਾ ਲੜਾਈ ਰਹੀ ਹੈ, ਹੋ ਰਹੀ ਹੈ, ਤੇ ਹੁੰਦੀ ਰਹੇਗੀ । ਇਹਨਾਂ ਦੋਹਾਂ ਧੜਿਆਂ ਦੇ ਹਮਾਇਤੀ ਹਮੇਸ਼ਾ ਤੇ ਹਰ ਜ਼ਮਾਨੇ ਵਿਚ ਆਪਣੀ ਰੁਚੀ ਅਨੁਸਾਰ ਆਪਣਾ ਕੰਮ ਕਰਦੇ ਰਹਿੰਦੇ ਨੇ । ਆਮ ਖ਼ੁਦਗਰਜ਼ ਦੁਨੀਆਦਾਰ ਆਖਦੇ ਨੇ ਕਿ 'ਧਰਮ ਨਾਲੋਂ ਧੜਾ ਪਿਆਰਾ ਹੁੰਦਾ ਹੈ ।' ਪਰ ਸੱਚ ਦੇ ਪੁਜਾਰੀਆਂ ਤੇ ਮਨੁੱਖਤਾ ਦੇ ਹਮਦਰਦਾਂ ਦਾ ਅਹਿੱਲ ਵਿਸ਼ਵਾਸ ਹੈ ਕਿ ਧਰਮ ਧੜੇ ਨਾਲੋਂ ਅੱਤ ਉੱਚਾ, ਸੁੱਚਾ, ਪਿਆਰਾ ਤੇ ਨਿਅਰਾ ਹੈ । ਇਸ ਲਈ ਜਿਹੜਾ ਮਨੁੱਖ ਨੇਕੀ, ਸੱਚ, ਮਜ਼ਲੂਮ ਤੇ ਸਾਬਰ ਦਾ ਹਮਾਇਤੀ ਹੈ, ਮੈਂ ਉਸ ਨੂੰ ਸੰਤ ਸਿਪਾਹੀ ਆਖਦਾ ਹਾਂ ਭਾਵੇਂ ਉਹ ਆਪਣੇ ਭਗਤੀ ਭਰੇ ਜੀਵਨ ਦੇ ਪ੍ਰਭਾਵ ਨਾਲ ਲੜਾਈ ਲੜੇ, ਭਾਵੇਂ ਸਰੀਰਕ ਬਲਕਾਰ ਤੇ ਹਥਿਆਰ ਨਾਲ ਲੜੇ ਤੇ ਭਾਵੇਂ ਆਚਾਰ ਤੇ ਹਥਿਆਰ ਦੋਹਾਂ ਸ਼ਕਤੀਆਂ ਨੂੰ ਇਕਾਗਰ ਕਰਕੇ, ਆਪਣੀ ਵਿਤ ਅਨੁਸਾਰ ਬੁਰਾਈ ਦੀ ਵਿਰੋਧਤਾ ਕਰੇ । ਗੁਰੂ ਨਾਨਕ ਦੇਵ ਜੀ ਨੇ ਆਪਣੇ ਭਗਤੀ ਭਰੇ ਉੱਚੇ ਆਚਾਰ ਦੇ ਪ੍ਰਭਾਵ ਤੇ ਸਚ ਕਹਿਣ ਤੇ ਸੁਣਨ ਦੇ ਬਲ ਨਾਲ ਮਨੁੱਖਤਾ ਦੀ ਭਲਾਈ ਦੀ ਖ਼ਾਤਰ ਬਦੀ ਨਾਲ ਉਮਰ ਭਰ ਲੜਾਈ ਕੀਤੀ । ਇਸ ਲਈ ਮੈਂ ਉਹਨਾਂ ਨੂੰ ਸੰਤ ਸਿਪਾਹੀ ਕਹਿ ਕੇ ਯਾਦ ਕਰਦਾ ਹਾਂ ।



Digitized by Panjab Digital Library | www.panjabdigilib.org

ਇਸ ਲਈ ਮੈਂ ਯੋਗ ਸਮਝਦਾ ਹਾਂ ਕਿ ਪਾਠਕ ਨੂੰ ਗੁਰਮੱਤ ਅਨੁਸਾਰ ਸੰਤ ਅਤੇ ਸਿਪਾਹੀ ਦੋਹਾਂ ਦੇ ਗੁਣਾਂ ਤੋਂ ਭਲੀ-ਭਾਤ ਵਾਕਫ਼ੀ ਕਰਵਾਈ ਜਾਵੇ। ਇਹ ਠੀਕ ਹੈ ਕਿ ਸਿਪਾਹੀ ਦਾ ਬਾਹਰਲਾ ਵਖਾਲਾ ਕਿਸੇ ਵਿਸ਼ੇਸ਼ ਯੂਨੀਫ਼ਾਰਮ, ਵਰਦੀ ਜਾਂ ਨਿੱਯਤ ਸੈਨਕ ਬਾਣੇ ਦੇ ਬਨ੍ਹੇਜ ਵਿਚ ਹੁੰਦਾ ਹੈ ਪਰ ਅਸਲੀ ਅਰਥਾਂ ਵਿਚ ਉਸ ਦੀ ਸੈਨਿਕਤਾ ਉਸ ਦੇ ਲਿਸ਼ਕਦੇ ਤਮਗ਼ਿਆਂ ਵਿਚ ਨਹੀਂ, ਦਿਲ ਦੀ ਤਾਕਤ ਅਤੇ ਦਲੇਰੀ ਤੇ ਨਿਸ਼ਕਾਮਤਾ ਨਾਲ ਕੁਰਬਾਨ ਹੋਣ ਦੇ ਜਜ਼ਬੇ ਵਿਚ ਹੁੰਦੀ ਹੈ। ਇਸੇ ਤਰ੍ਹਾਂ ਹੀ ਸੰਤ ਵੀ ਕਿਸੇ ਵਿਸ਼ੇਸ਼ ਲਿਬਾਸ, ਜਾਂ ਚਿੰਨ੍ਹ ਨੂੰ ਧਾਰ ਕੇ ਸੰਤਤਾਈ ਦਾ ਦਾਅਵਾ ਨਹੀਂ ਕਰ ਸਕਦਾ ਕਿਉਂਕਿ ਸੰਤ ਦੀ ਪਦਵੀ ਤਾਂ ਉਸ ਦੀ ਆਤਮਕ ਦਸ਼ਾ ਹੈ। ਏਥੇ ਅਸੀਂ ਗੁਰਬਾਣੀ ਨੂੰ ਜਾਨਣ ਤੇ ਸਮਝਣ ਵਾਲੇ ਸਿੱਖਾਂ ਦੀ ਖ਼ਾਤਰ ਕੁਝ ਹਵਾਲਿਆਂ ਨੂੰ ਵਾਚਦੇ ਹਾਂ। ਗੁਰੂ ਅਰਜਨ ਸਾਹਿਬ ਜੀ ਰਾਗ ਮਾਝ ਵਿਚ ਫਰਮਾਂਦੇ ਹਨ :—

ਹਉ ਬਲਿਹਾਰੀ ਸੰਤਨ ਤੇਰੇ,
ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ।
ਤੂੰ ਨਿਰਵੈਰ ਸੰਤ ਤੇਰੇ ਨਿਰਮਲ,
ਜਿਨ ਦੇਖੇ ਸਭ ਉਤਰਹਿ ਕਲਿਮਲ।

ਪੰਜਵੇਂ ਪਾਤਸ਼ਾਹ ਗਉੜੀ ਬਾਵਨ ਅੱਖਰੀਂ ਵਿਚ ਦਸਦੇ ਹਨ:—

ਸੇਈ ਸਾਹ ਭਗਵੰਤ ਸੇ, ਸਚੁ ਸੰਪੈ ਹਰਿਰਾਸਿ।
ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ।

ਅਤੇ ਫਿਰ ਗਉੜੀ ਸੁਖਮਨੀ ਵਿਚ ਲਿਖਦੇ ਹਨ :—

ਆਠ ਪਹਰ ਹਰਿ ਕਾ ਨਾਮੁ ਲੋਇ।
ਸਚੁ ਉਪਦੇਸੁ ਸੇਵਕ ਕਉ ਦੇਇ॥
ਮੋਹ ਮਾਇਆ ਕੈ ਸੰਗਿ ਨ ਲੇਪੁ।
ਮਨ ਮਹਿ ਰਾਖੈ ਹਰਿ ਹਰਿ ਏਕੁ॥

ਗੁਰੂ ਅਰਜਨ ਸਾਹਿਬ ਜੀ ਵਾਰ ਗਉੜੀ ਵਿਚ ਦੋ ਥਾਵਾਂ ਤੇ ਸੰਤ ਬਾਰੇ ਜ਼ਿਕਰ ਕਰਦੇ ਹਨ :—

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤੁ।
ਧੰਨੁ ਸਿ ਸੇਈ ਨਾਨਕਾ, ਪੂਰਨੁ ਸੋਈ ਸੰਤੁ॥

ਅਤੇ

ਇਹ ਨੀਸਾਣੀ ਸਾਧ ਕੀ, ਜਿਸੁ ਭੇਟਤ ਤਰੀਐ।

ਗੁਰੂ ਗੋਬਿੰਦ ਸਿੰਘ ਜੀ ਸਾਧ ਅਤੇ ਅਸਾਧ ਭਾਵ ਸੰਤ ਅਤੇ ਅਸੰਤ ਸਬੰਧੀ ਬਚਿੱਤ੍ਰ ਨਾਟਕ ਵਿਚ ਬੜੀ ਸਾਦਗੀ ਨਾਲ ਪਰ ਅਟੋਕ ਦਲੀਲ ਦੇਂਦੇ ਹਨ :—

ਸਾਧ ਕਰਮ ਜੋ ਪੁਰਖ ਕਮਾਵੈ, ਨਾਮ ਦੇਵਤਾ ਜਗਤ ਕਹਾਵੈ।
ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀ, ਨਾਮ ਅਸੁਰ ਤਿਨ ਕੋ ਸਭ ਧਰਹੀ।



Digitized by Panjab Digital Library | www.panjabdigilib.org

ਭਗਤ ਕਬੀਰ ਜੀ ਆਪਣੇ ਸਲੋਕਾਂ ਵਿਚ ਸੰਤ ਨੂੰ 'ਹਰਿਜਨੁ' ਦੇ ਨਾਂ ਨਾਲ ਯਾਦ ਕਰਕੇ ਉਸ ਦੀ ਨਿਮਰਤਾ ਦੀ ਉੱਚ-ਪਦਵੀ ਨੂੰ ਇਸ ਤਰ੍ਹਾਂ ਦਸਦੇ ਹਨ :—

ਰੋੜਾ ਹੋਇ ਰਹੁ ਬਾਟ ਕਾ ਤਜਿ ਮਨਿ ਦਾ ਅਭਿਮਾਨੁ ।
ਐਸਾ ਕੋਈ ਦਾਸੁ ਹੋਇ, ਤਾਹਿ ਮਿਲੈ ਭਗਵਾਨੁ ॥
ਰੋੜਾ ਹੋਆ ਤ ਕਿਆ ਭਇਆ ? ਪੰਥੀ ਕਉ ਦੁਖੁ ਦੇਇ ।
ਐਸਾ ਤੇਰਾ ਦਾਸੁ ਹੈ, ਜਿਉ ਧਰਨੀ ਮਹਿ ਖੇਹ ॥
ਖੇਹ ਹੂਈ ਤਉ ਕਿਆ ਭਇਆ ? ਜੋ ਉਡਿ ਲਾਗੈ ਅੰਗ ।
ਹਰਿਜਨ ਐਸਾ ਚਾਹੀਐ ਜਿਉ ਪਾਨੀ ਸਰਬੰਗ ॥
ਪਾਨੀ ਹੂਆ ਤ ਕਿਆ ਭਇਆ ? ਸੀਰਾ ਤਾਤਾ ਹੋਇ ।
ਹਰਿਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥

ਕਬੀਰ ਸਾਹਿਬ ਨੇ ਲਿਖਿਆ ਹੈ ਕਿ ਸੰਤ ਭਾਵੇਂ ਕਿੰਨਾ ਹੀ ਅਸੰਤਾਂ ਦੇ ਅਸਰ ਹੇਠਾਂ ਆ ਜਾਵੇ ਤਾਂ ਵੀ ਉਹ ਆਪਣੀ ਸੰਤ-ਤਾਈ ਨੂੰ ਕਦੀ ਵੀ ਨਹੀਂ ਤਿਆਗਦਾ ਜਿਵੇਂ ਕਿ ਚੰਦਨ ਦਾ ਰੁਖ ਜ਼ਹਿਰੀਲੇ ਅਤੇ ਸੜਦੇ ਬਲਦੇ ਸੱਪਾਂ ਦਿਆਂ ਕੁੰਡਲਾਂ ਅਤੇ ਵਲ੍ਹੇਟਾਂ ਵਿਚ ਆਇਆ ਹੋਇਆ ਵੀ ਆਪਣੀ ਸੀਤਲਤਾ ਨਹੀਂ ਤਿਆਗਦਾ :—

ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ।
ਮਲਿਆਗਰੁ ਭੁਯੰਗਨ ਬੇਢਿਓ ਤ ਸੀਤਲਤਾ ਨ ਤਜੰਤ ॥

ਭਾਈ ਗੁਰਦਾਸ ਜੀ ਸੰਤ ਜਾਂ ਸਾਧ ਬਾਰੇ ਲਿਖਦੇ ਨੇ :—

ਆਪ ਗਵਾਇ ਸਮਾਇ ਮਿਲ ਰੰਗ ਚੀਚਵਹੁੱਟੇ।
ਤਿਉਂ ਚਹੁੰ ਵਰਨਾਂ ਵਿਚ ਸਾਧੂ ਹਨ ਗੁਰਮੁਖ ਮੂੰਹ ਜੁੱਟੇ ॥

ਭਾਈ ਸਾਹਿਬ ਆਪਣੇ ਇਕ ਕਬਿੱਤ ਵਿਚ ਵੀ ਸੰਤ ਸਾਧ ਦੀ ਨਿਰਵੈਰਤਾ ਦਾ ਵਰਨਣ ਅਤੇ ਉਸ ਦੀ ਉਪਮਾ ਕਰਦੇ ਹੋਏ ਦਸਦੇ ਹਨ ਕਿ ਅਸੰਤ ਬੜਾ ਖੋਰੀ ਵੈਰੀ ਭਾਵ ਬਦਲੇ-ਬਾਜ਼ ਹੁੰਦਾ ਹੈ ਅਤੇ ਦੁਸ਼ਮਣੀ ਜਾਂ ਵੈਰ ਨੂੰ ਜ਼ਿੰਦਗੀ ਭਰ ਨਹੀਂ ਭੁੱਲਦਾ ਪਰ ਉਸ ਦਾ ਪਿਆਰ ਕੇਵਲ ਪਲ ਭਰ ਦਾ ਪਿਆਰ ਹੀ ਹੁੰਦਾ ਹੈ ਅਤੇ ਉਹ ਵੀ ਸਵਾਰਥੀ । ਅਸਾਧ ਦਾ ਵੈਰ ਪੱਥਰ ਤੇ ਲਕੀਰ ਹੈ ਅਤੇ ਪਿਆਰ ਪਾਣੀ ਉਤੇ ਖਿਚੀ ਹੋਈ ਲੀਕ । ਇਸ ਦੇ ਉਲਟ ਸੰਤ ਦਾ ਪਿਆਰ ਨਿਸ਼ਕਾਮ, ਮੁੱਦਾਮ ਅਤੇ ਪੱਥਰ ਤੇ ਖਿੱਚੀ ਲੀਕ ਵਾਂਗੂੰ ਹੁੰਦਾ ਹੈ ਪਰ ਵੈਰ ਪਾਣੀ ਤੇ ਖਿੱਚੀ ਲਕੀਰ ਦੇ ਸਮਾਨ :—

ਅਲਖ ਅਭੇਵ ਅਪਰੰਪਰ ਦੇਵਾਧਿ ਦੇਵ,
ਐਸੇ ਗੁਰਦੇਵ ਸੇਵ ਗੁਰੂ ਸਿਖ ਸੰਤ ਹੈ ।
ਸਾਧੂ ਕੀ ਸੁਜਨਤਾਈ ਪਾਹਨ ਕੀ ਰੇਖ ਪ੍ਰੀਤਿ,
ਬੈਰ ਜਲਰੇਖ ਹੈਵੈ ਬਿਸੇਖ ਸਾਧੂ ਸੰਗ ਮੈਂ ।
ਦੁਰਜਨ ਅਸਾਧੁ ਪ੍ਰੀਤਿ ਜਲਰੇਖ ਕੇ ਸਮਾਨ,
ਬੈਰਤੌ ਪਖਾਨ ਰੇਖ ਸੇਖ ਅੰਗ ਅੰਗ ਮੈਂ ।



Digitized by Panjab Digital Library | www.panjabdigilib.org

ਭਾਈ ਨੰਦ ਲਾਲ ਗੋਯਾ ਜੀ ਨੇ ਆਪਣੀ ਫ਼ਾਰਸੀ ਨਜ਼ਮ ਦੀ ਰਚਨਾ, 'ਜ਼ਿੰਦਗੀ ਨਾਮਹ,' ਵਿਚ ਕਈ ਥਾਈਂ ਸੰਤ ਦੇ ਵਸਫ਼ਾਂ ਦਾ ਜ਼ਿਕਰ ਕੀਤਾ ਹੈ! ਉਹਨਾਂ ਦੇ ਕੁਝ ਸ਼ੇਅਰ ਹੇਠਾਂ ਦਿੱਤੇ ਜਾਂਦੇ ਹਨ :—

ਪੇਸ਼ ਸ਼ਾਂ ਜੁਜ਼ ਯਾਦੇ ਹਕ ਮਨਜ਼ੂਰ ਨੇਸਤ ।
ਗ਼ੈਰ ਹਰਫ਼ੇ ਬੰਦਗੀ ਦਸਤੂਰ ਨੇਸਤ । (੮੭)
ਜ਼ਾਹਰੇ ਓ ਕੈਦੇ ਮੁਸ਼ਤੇ ਖ਼ਾਕ ਹਸਤ ।
ਬਾਤਨੇ ਓ ਬਾਖ਼ੁਦਾਯੇ ਪਾਕ ਅਸਤ । (੩੨੭)
ਜ਼ਾਹਰ ਅੰਦਰ ਮਾਯਲੇ ਫਰਜ਼ੰਦੇ ਜ਼ਨ ।
ਦਰ ਹਕੀਕਤ ਬਾਖੁਦਾਯੇ ਖੇਸ਼ਤਨ । (੩੨੮)
ਜ਼ਾਹਰੋ ਬਾਤਨ ਸ਼ੁਦਹ ਯਕਸਾਨੇ ਓ ।
ਹਰਦੋ ਆਲਮ ਬੰਦਹ ਓ ਫਰਮਾਨੇ ਓ । (੩੩੩)
ਹਮ ਬਦਿਲ ਯਾਦੇ ਖੁਦਾ ਹਮ ਬਰ ਜ਼ਬਾਂ ।
ਈਂ ਜ਼ਬਾਨਸ਼ ਦਿਲ ਸ਼ੁਦਾ, ਦਿਲ ਸ਼ੁਦ ਜ਼ਬਾਂ । (੩੩੪)

ਗੁਰਬਾਣੀ ਵਿਚ ਸੂਰਮੇ, ਸੂਰਬੀਰ ਬਾਰੇ ਵੀ ਕਈ ਥਾਵਾਂ ਤੇ ਦੱਸਿਆ ਗਿਆ ਹੈ। ਸਿਪਾਹੀ ਮੁੱਢਲੇ ਤੌਰ ਤੇ ਹੀ ਸੂਰਮਗਤੀ ਦਾ ਸੂਚਕ ਹੈ। ਸਿਪਾਹੀ ਦਾ ਬੁਨਿਆਦੀ ਫਰਜ਼ ਹੈ ਕਿ ਉਹ ਜਿੱਥੇ ਅਤੇ ਜਿਸ ਅਸੂਲ ਦੀ ਪਾਲਣਾ ਲਈ ਡੱਟਕੇ ਖਲੋ ਜਾਵੇ ਉਥੋਂ ਜਿਉਂਦੇ ਜੀ ਪੈਰ ਪਿਛਾਂ ਨ ਹਟਾਏ। ਜਿਥੋਂ ਤਕ ਇਸ ਅਸੂਲ ਦਾ ਸਬੰਧ ਹੈ, ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਨੇ ਬੇਮਿਸਾਲ ਬਹਾਦਰੀ ਦੇ ਸਿਪਾਹੀਆਂ ਦਾ ਸਬੂਤ ਦਿੱਤਾ ਹੈ। ਭਗਤ ਕਬੀਰ ਜੀ ਸਿਪਾਹੀ ਦੀ ਨਿਡਰ, ਅਟੱਲ ਇਰਾਦੇ ਅਤੇ ਟੋਟੇ-ਟੋਟੇ ਹੋ ਜਾਣ ਤਕ ਦੀ ਕੁਰਬਾਨੀ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ :—

"ਗਗਨ ਦਮਾਦਾ ਬਾਜਿਓ ਪਰਿਓ ਨੀਸਾਨੇ ਘਾਓ । (੧)
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ।
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ । (੨)

ਗੁਰੂ ਨਾਨਕ ਸਾਹਿਬ ਆਪਣੇ ਦੱਸਵੇਂ ਬਾਣੇ ਵਿਚ ਭਾਵ ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਅਤੇ ਸੱਚੇ ਸਿਪਾਹੀ ਹੋਣ ਦੀ ਹੈਸੀਅਤ ਵਿਚ ਰੱਬ ਤੋਂ ਵਰ ਮੰਗਦੇ ਹਨ :—

ਦੇਹ ਸ਼ਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ।
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਆਪਨੀ ਜੀਤ ਕਰੋਂ ।
ਅਰੁ ਸਿਖਹੋ ਆਪਨੇ ਹੀ ਮਨ ਕੋ



Digitized by Panjab Digital Library | www.panjabdigilib.org

ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਨ ਮੈਂ ਤਬ ਜੂਝ ਮਰੋਂ ।

ਆਓ ਹੁਣ ਉੱਚੇ ਆਚਾਰ ਨਾਲ ਹਥਿਆਰ ਬੰਦ ਅਤੇ ਸਚਿਆਰ, 'ਸੰਤ-ਸਿਪਾਹੀ ਗੁਰੂ ਨਾਨਕ' ਦੇ ਦਰਸ਼ਨ ਕਰੀਏ ।

ਗੁਰੂ ਨਾਨਕ ਸਾਹਿਬ ਨੇ ਇਕ ਲੜਾਈ ਤੇ ਨਫ਼ੇਖ਼ੋਰੀ ਦੇ ਲਾਲਚ ਵਿਰੁਧ ਸੱਚਾ ਸੌਦਾ ਕਰਕੇ ਸਮਝੋਂ ਅੰਞਾਣ ਉਮਰ ਵਿਚ ਹੀ ਲੜੀ। ਇਸ ਤੋਂ ਵੀ ਪਹਿਲਾ ਉਹਨਾਂ ਦੋ ਬੜੀਆਂ ਵਡੀਆਂ ਲੜਾਈਆਂ ਸਮਾਜ ਨਾਲ ਲੜੀਆਂ—ਮਰਦਾਨੇ (ਮਿਰਾਸੀ) ਤੇ ਬਾਲੇ ਸੰਧੂ (ਜੱਟ), ਹਿੰਦੂ ਸਮਾਜ ਅਨੁਸਾਰ ਦੋਹਾਂ ਸ਼ੂਦਰਾਂ ਨੂੰ ਆਪਣੇ ਜੀਵਨ ਭਰ ਦੇ ਸਾਥੀ ਬਣਾ ਕੇ ਤੇ ਹਿੰਦੂ; ਰਹੁ ਰੀਤੀ ਵਾਲੇ ਮਾਪਿਆਂ ਦੇ ਬ੍ਰਾਹਮਣ ਪਰੋਹਤ ਦੇ ਜੰਞੂ ਨੂੰ ਰੱਦ ਕਰਕੇ। ਸਾਡੇ ਇਤਿਹਾਸਕਾਰਾਂ ਨੇ ਸਮਾਜਕ ਜੀਵਨ ਦੀਆਂ ਨਿੱਤ ਵਰਤੀਂਦੀਆਂ ਸਚਾਈਆਂ ਵਲ ਕਦੀ ਧਿਆਨ ਹੀ ਨਹੀਂ ਦਿੱਤਾ ਤੇ ਹਿੰਦੂ ਪ੍ਰਭਾਵ ਦੇ ਹੇਠਾਂ ਸਿਖ ਇਤਿਹਾਸ ਨੂੰ ਕਰਾਮਾਤੀ ਤੇ ਮਿਥਹਾਸਕ ਘਟਨਾਵਾਂ ਬਨਾਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਕਰਕੇ ਭਾਈ ਸੰਤੋਖ ਸਿੰਘ ਨੇ ਸਭ ਤੋਂ ਵੱਧ ਕੇ ਗ਼ਲਤ ਬਿਆਨੀਆਂ ਕੀਤੀਆਂ ਨੇ। ਏਥੋਂ ਤਕ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਦੇਵੀ ਦੀ ਪੂਜਾ ਕਰਵਾਣੀ ਜਾਂ ਕਈ ਹੋਰ ਗੱਲਾਂ ਪੜ੍ਹ ਕੇ ਤੇ ਇਸ ਤਰ੍ਹਾਂ ਜਾਪਦਾ ਏ ਕਿ ਕੋਈ ਸਨਾਤਨੀ ਹਿੰਦੂ ਸਿਖਾਂ ਦਾ ਇਤਿਹਾਸ ਲਿਖ ਰਿਹਾ ਹੈ। ਖ਼ੈਰ, ਮੈਂ ਗੁਰੂ ਨਾਨਕ ਦੇਵ ਜੀ ਦੇ ਸਮਾਜਕ ਸੰਗਰਾਮ ਬਾਰੇ ਗੱਲ ਕਰ ਰਿਹਾ ਹਾਂ। ਭਲਾ ਜਿਹੜਾ ਪਿਓ ਆਪਣੇ ਇਕਲੌਤੇ ਤੇ ਸਹਿਕਵਾਨੇ ਪੁੱਤਰ ਨੂੰ ਵੀਹਾਂ ਛਿਲੜਾਂ ਦੀ ਖ਼ਾਤਰ ਚਪੇੜਾਂ ਮਾਰਦਾ ਹੈ, ਉਸ ਨੇ ਹਿੰਦੂ ਸਮਾਜ ਵਿਚ ਬੱਝਾ ਹੋਇਆ ਹੋਣ ਦੇ ਕਾਰਣ ਆਪਣੇ ਭਾਈ ਚਾਰੇ, ਲੋਕ ਲੱਜ ਤੇ ਪਿਓ ਦਾਦੇ ਦੀ ਧਾਰਮਕ ਰਹੁਰੀਤੀ ਨੂੰ ਰੱਦ ਹੁੰਦਾ ਹੋਇਆ ਵੇਖ ਕੇ ਬਾਲਕ ਨਾਨਕ ਨੂੰ ਜੰਞੂ ਪਹਿਨਣ ਤੋਂ ਇਨਕਾਰ ਕਰਨ ਤੇ ਸ਼ੂਦਰ ਜੱਟ ਤੇ ਮੰਗ ਖਾਣੇ ਮਿਰਾਸੀ ਨਾਲ ਦਿਨ ਰਾਤ ਜੱਫੀਆਂ ਪਾਂਦਿਆਂ ਤੇ ਖਾਂਦਿਆਂ ਪੀਂਦਿਆਂ ਵੇਖ ਕੇ ਕੀ ਕੁਝ ਨ ਕਿਹਾ ਹੋਵੇਗਾ ? ਹੋ ਸਕਦਾ ਹੈ ਕਿ ਕੜੀਆਂ ਤੋਂ ਕੜੀਆਂ ਝਿੜਕਾਂ ਦੇਣ ਤੋਂ ਛੁੱਟ ਮਾਰਿਆ ਵੀ ਹੋਵੇ। ਪਰ ਗੁਰੂ ਨਾਨਕ ਦੇਵ ਜਿਉਂ ਜਿਉਂ ਪਿਓ, ਅੰਗਾਂ ਸਾਕਾਂ ਤੇ ਆਲੇ ਦੁਆਲੇ ਦੇ ਹਿੰਦੂ ਸਮਾਜ ਦੀਆਂ ਝਿੜਕਾਂ-ਝੰਬਾਂ ਝੱਲ ਕੇ ਜਵਾਨ ਹੁੰਦੇ ਗਏ, ਤਿਉਂ ਤਿਉਂ ਉਹਨਾਂ ਦਾ ਇਰਾਦਾ ਧਾਰਮਕ ਵਹਿਮਾਂ, ਫਜ਼ੂਲ ਰਸਮਾਂ ਰਿਵਾਜਾਂ, ਹਿੰਦੂ ਕਰਮ ਕਾਂਡ, ਜ਼ਾਤ, ਮਜ਼੍ਹਬ, ਅਮੀਰੀ ਗ਼ਰੀਬੀ ਤੇ ਊਚ ਨੀਚ ਦੇ ਆਧਾਰ ਤੇ ਪੈਦਾ ਹੋਏ ਮਾਨੁੱਖੀ ਵਿਤਕਰੇ ਦੇ ਵਿਰੁੱਧ ਪੱਕਾ ਹੁੰਦਾ ਗਿਆ ।

ਉਹਨਾਂ ੩੦ ਸਾਲ ਆਪਣੇ ਸਮੇਂ ਦੇ ਸਮਾਜ ਨੂੰ ਘੋਖਿਆ। ਬਚਪਨ ਤੋਂ ਲੈ ਕੇ ੩੦ ਸਾਲ ਦੀ ਉਮਰ ਤਕ ਪੜ੍ਹਨੇ ਪੈ, ਪੱਟੀਆਂ ਲਿਖੀਆਂ, ਮੱਝੀਂ ਦੇ ਛੇੜੂ ਬਣੇ, ਬਿਪਾਰੀ ਬਣਕੇ ਸੱਚੇ ਸੌਦੇ ਕੀਤੇ, ਗ੍ਰਿਹਸਤੀ ਬਣੇ, ਦੋ ਪੁਤਰਾਂ ਦੇ ਪਿਓ ਬਣੇ, ਆਪਣੀ ਵੱਡੀ ਭੈਣ ਨਾਨਕੀ ਦੇ ਸਹੁਰੇ ਪਿੰਡ ਸੁਲਤਾਨ ਪੁਰ ਲੋਧੀ ਵਿਚ ਨਵਾਬ ਦੌਲਤ ਖਾਂ ਲੋਧੀ ਦੀ ਨੌਕਰੀ ਕਰਕੇ ਮੋਦੀਖਾਨਾ ਸੰਭਾਲਿਆ ਤੇ ਤੇਰਾਂ, ਤੇਰਾਂ ਦੀ ਗਿਣਤੀ ਕਰ ਕੇ ਮਸਤ ਧੁਨੀ ਲਾ ਕੇ ਸ਼ੋਧੇ ਸ਼ਗਿਸਤਿਆਂ ਤੇ ਗ਼ਰੀਬ-ਗੁਰਬਿਆਂ



Digitized by Panjab Digital Library | www.panjabdigilib.org

ਦੀਆਂ ਭੁੱਖਾਂ ਲਾਹੀਆਂ। ਇਥੇ ਹੀ ਇਹਨਾਂ ਨਵਾਬ, ਮੁੱਲਾਂ ਤੇ ਹੋਰ ਮੁਸਲਮਾਨਾਂ ਦੀ ਜਮਾਤ ਵਿਚ ਖਲੋ ਕੇ ਮਸੀਤੇ ਨਿਮਾਜ਼ ਪੜ੍ਹੀ ਤੇ ਨਵਾਬ ਤੇ ਮੁੱਲਾਂ ਦੇ ਨਿਮਾਜ਼ ਪੜ੍ਹਦਿਆਂ ਭਟਕਦੇ ਮਨਾਂ ਦੀ ਦਸ਼ਾ ਦਸ ਕੇ ਕਿਹਾ ਜੇ ਮਨ ਹੋਰ ਥਾਂ ਭਟਕਦਾ ਰਹੇ ਤਾਂ ਸਿਜਦੇ ਕਰਨ ਤੇ ਨਿਮਾਜ਼ਾਂ ਪੜ੍ਹਨ ਦਾ ਕੀ ਲਾਭ ?

ਬ੍ਰਹਮਾ, ਹਿੰਦੂਆਂ ਦਾ ਸਰੇਸ਼ਟ ਦੇਵਤਾ ਤੇ ਸੰਸਾਰ ਦੀ ਉਤਪਤੀ ਕਰਨ ਵਾਲਾ ਹੈ। ਪਰ ਗੁਰੂ ਸਾਹਿਬ ਨੇ ਇਸ ਦੇ ਹੰਕਾਰ ਨੂੰ ਵੀ ਨਿੰਦਿਆ ਤੇ ਰਾਗ ਗਉੜੀ ਖਿੱਚ ਕਹਿਆ ਹੈ। "ਬ੍ਰਹਮੇ ਗਰਬੁ ਕੀਆ ਨਹੀਂ ਜਾਨਿਆ, ਬੇਦ ਕੀ ਬਿਪਤ ਪੜੀ ਪਛੁਤਾਨਿਆ।" ਸੰਸਾਰ ਛੱਡ ਕੇ ਤੇ ਗ੍ਰਿਹਸਤ ਤਿਆਗ ਕੇ ਭਟਕਦੇ ਜੋਗੀਆਂ ਬਾਰੇ ਰਾਗ ਰਾਮ ਕਲੀ ਵਿਚ ਫੁਰਮਾਂਦੇ ਨੇ, "ਜੋਗੀ ਬੰਸਿ ਰਹਹੁ ਦੁਬਿਧਾ ਦੁਖੁ ਭਾਗੈ। ਘਰਿ ਘਰਿ ਮਾਗਤ ਲਾਜ ਨ ਲਾਗੈ।" ਇਸੇ ਤਰ੍ਹਾਂ ਹੀ ਜੋਗੀਆਂ ਨੂੰ ਕਈ ਤਰ੍ਹਾਂ ਕੁਰਾਹੇ ਜਾਣੋ ਤੇ ਕੁਮਤ ਤੋਂ ਹਟਕਦੇ ਨੇ ਹਾਲਾਂ ਕਿ ਉਹਨਾਂ ਦੇ ਸਮੇਂ ਪੰਜਾਬ ਤੇ ਉੱਤਰੀ ਭਾਰਤ ਵਿਚ ਜੋਗੀਆਂ ਦਾ ਜ਼ੋਰ ਸੀ। ਥਾਂ ਥਾਂ ਉਹਨਾਂ ਦੇ ਟਿਕਾਣੇ ਜਾਂ ਡੇਰੇ ਸਨ ਤੇ ਲੱਖਾਂ ਲੋਕ ਉਹਨਾਂ ਦੇ ਸ਼ਰਧਾਲੂ ਸਨ। ਜਪੁ ਜੀ ਸਾਹਿਬ ਵਿਚ ਵੀ ਉਹਨਾਂ ਜੋਗੀਆਂ ਤੇ ਸਿੱਧਾਂ-ਸਾਧਾਂ ਨੂੰ ਮੱਤ ਦੇਣ ਲਈ ਚਾਰ ਪਉੜੀਆਂ ਲਿਖੀਆਂ ਨੇ।

ਉਸ ਵੇਲੇ ਮੁਸਲਮਾਨਾਂ ਦਾ ਰਾਜ ਸੀ। ਮੁਸਲਮਾਨ ਹਾਕਮ ਮਜ਼੍ਹਬੀ ਤਅੱਸਬ ਤੇ ਰਾਜਸੀ ਤਾਕਤ ਨਾਲ ਅੰਨ੍ਹੇ ਹੋਏ ਹੋਏ ਸਨ। ਹਿੰਦੂ ਹਰ ਤਰ੍ਹਾਂ ਦੀ 'ਜ਼ਲਾਲਤ' ਤੇ ਨਿਰਾਦਰੀ ਸਹਾਰ ਕੇ ਡੰਗ ਟਪਾਈ ਕਰ ਰਹੇ ਸਨ। ਕੋਈ ਵੀ ਹਿੰਦੂ ਆਪਣੀ ਜਾਨ, ਮਾਲ ਤੇ ਜੀਆਂ ਦੀ ਖ਼ੈਰ-ਖਾਤਰ ਮੁਸਲਮਾਨ ਜਰਵਾਣਿਆਂ ਨੂੰ ਕੌੜੀ-ਮਿੱਠੀ ਤੇ ਵਿਰੋਧੀ ਗਲ ਕਹਿਣ ਨੂੰ ਤਿਆਰ ਨਹੀਂ ਸੀ। ਹਿੰਦੂਆਂ ਦੀਆਂ ਹੱਡੀਆਂ ਵਿੱਚ ਮੁਹੰਮਦ-ਬਿਨ-ਕਾਸਮ ਦੇ ਹਮਲੇ ਤੋਂ ਲੈ ਕੇ ਮਹਿਮੂਦ ਗਜ਼ਨਵੀ, ਮੁਹੰਮਦ ਗ਼ੌਰੀ, ਖਿਲਜੀਆਂ ਤੇ ਤੁਗਲਕਾਂ ਤੇ ਗ਼ੁਲਾਮ ਖਾਰਦਾਨ ਦੇ ਮੁਸਲਮਾਨ ਰਾਜ ਆਦਿ ਬਾਬਰ ਦੇ ਹਮਲੇ ਤਕ, ਗ਼ੁਲਾਮੀ ਧਸ ਚੁਕੀ ਸੀ। ਪਰ ਗੁਰੂ ਨਾਨਕ ਦੇਵ ਜੀ ਨੇ ਵਾਰ ਆਸਾ ਵਿਚ ਜੁਰਅਤ ਨਾਲ ਆਖਿਆ,

"ਲਬੁ ਪਾਪੁ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰੁ।
ਕਾਮੁ ਨੇਬੁ ਸਦਿ ਪੁਛੀਐ ਬਹਿਬਹਿ ਕਰੇ ਵੀਚਾਰੁ।
ਏਸੇ ਤਰ੍ਹਾਂ ਹੀ ਇਹਨਾਂ ਨੇ ਵਾਰ ਮਾਝ ਦੇ ਸਲੋਕਾਂ ਵਿਚ ਲਿਖਿਆ ਹੈ,
"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰ ਉਡਰਿਆ।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀਂ ਕਹ ਚੜ੍ਹਿਆ।
ਹਉ ਭਾਲਿ ਵਿਕੁੰਨੀ ਹੋਈ। ਆਧੇਰੇ ਰਾਹੁ ਨ ਕੋਈ।
ਵਿਚ ਹਉਮੈ ਕਰ ਦੁਖ ਰੋਈ।
ਕਹੁ ਨਾਨਕ ਕਿਨ ਬਿਧ ਗਤਿ ਹੋਈ।।"

ਹਿੰਦੂਆਂ ਵਾਂਗੂੰ ਮੁਸਲਮਾਨ ਵੀ ਮਜ਼੍ਹਬੀ ਉਚੇ ਅਸੂਲਾਂ ਨੂੰ ਅਮਲੀ ਜੀਵਨ ਸ਼ਰਾਅ ਸ਼ਰੀਅਤ ਤੇ ਮੂੰਹ ਜ਼ਬਾਨੀ ਬਹਿਸਾਂ ਮੁਬਾਸਿਆਂ ਵਿਚ ਫਸਿਆ ਹੋਇਆ ਸੀ। ਪਰ ਲੁੱਕ ਛੁਪ ਕੇ ਤੇ ਸਲਾਮ



Digitized by Panjab Digital Library | www.panjabdigilib.org

ਦੁਆ ਕਰਕੇ ਗੁਜ਼ਾਰਾ ਕਰਨ ਵਾਲਾ ਹਿੰਦੂ ਗੁਲਾਮ, ਕਿਸੇ ਮੁੱਲਾਂ-ਮੌਲਾਣੇ, ਕਾਜ਼ੀ, ਅਮੀਰ, ਵਜ਼ੀਰ, ਹਾਕਮ ਜਾਂ ਸਾਧਾਰਨ ਮੁਸਲਮਾਨ ਨੂੰ ਵੀ ਕਿਸ ਤਰ੍ਹਾਂ ਸੱਚੀ ਗਲ ਸੁਣਾ ਸਕਦਾ ਸੀ ? ਸੱਚ ਕਹਿੰਦਾ ਵੀ ਕਿਵੇਂ, ਹਿੰਦੂ ਤੇ ਖੁਦ ਹਰ ਅਮਲੀ ਜੀਵਨ ਤੇ ਇਨਸਾਨੀ ਉੱਚੇ ਆਦਰਸ਼ਾਂ ਨੂੰ ਭੁਲ ਕੇ ਕਰਮ-ਕਾਂਡ, ਜੰਤਰਾਂ, ਮੰਤਰਾਂ, ਤੰਤਰਾਂ ਤੇ ਹੋਰ ਅਨੇਕ ਵਹਿਮਾਂ ਤੇ ਭਰਮਾਂ ਦੇ ਹੱਥ ਵਿਚ ਬੇਜਾਨ ਖਿਡੌਣਾ ਬਣ ਚੁਕਿਆ ਸੀ। ਗੁਰੂ ਨਾਨਕ ਦੇਵ ਜੀ ਵਰਗਾ ਸਿਪਾਹੀ ਭਲਾ ਸੱਚ ਬੋਲਣ ਤੋਂ ਕਿਵੇਂ ਰਹਿ ਸਕਦਾ ਸੀ ? ਭਲਾ ਕਿਸ ਸਮੇਂ ? ਜਦੋਂ ਹਰ ਇਨਸਾਨ ਇਹੋ ਜਿਹਾ ਇਨਕਲਾਬੀ, ਦਲੇਰਾਨਾ ਤੇ ਖ਼ਤਰੇ ਭਰਿਆ ਰਾਹ ਅਪਨਾਣ ਤੋਂ ਡਰਦਾ ਸੀ ਕਿਉਂਕਿ ਉਸ ਨੂੰ ਆਪਣੀ ਸਫਲਤਾ ਤੇ ਸਰਾਸਰ ਸ਼ੱਕ ਸੀ, ਪਰ ਆਪਣੀ ਅਸਫਲਤਾ ਤੇ ਪੱਕਾ ਯਕੀਨ ਸੀ । ਇਸ ਗੱਲ ਨੂੰ ਡਾ: ਰਾਧਾ ਕ੍ਰਿਸ਼ਨਨ (ਭਾਰਤ ਦਾ ਸਾਬਕ ਪ੍ਰਧਾਨ) ਤੇ ਕੱਟੜ ਹਿੰਦੂ ਵਿਦਵਾਨ ਵੀ ਮੰਨਦਾ ਹੈ। ਯੂਨੈਸਕੋ ਦੀ ੧੯੬੦ ਵਿਚ ਛਾਪੀ ਕਿਤਾਬ "ਸੀਲੈਕਸ਼ਨਜ਼ ਫ਼ਰਾਮ ਦਾ ਸੇਕਰਿਡ ਰਾਈਟਿੰਗਜ਼ ਆਫ਼ ਦਾ ਸਿੱਖਜ਼, ਦੇ ਸਫ਼ਾ ਅਠਾਰਾਂ ਤੇ ਲਿਖਦਾ ਹੈ, "ਉਸ ਸਮੇਂ ਜਦੋਂ ਮਨੁੱਖ ਅਸਫ਼ਲਤਾ ਹੋਣ ਤੋਂ ਭਲੀ ਭਾਂਤ ਜਾਣੂ ਸਨ, ਨਾਨਕ ਧਰਮ ਤੇ ਮਨੁੱਖਤਾ ਦੇ ਜਜ਼ਬੇ ਨੂੰ ਨਵਾਂ ਨਿਰੋਆ ਕਰਨ ਆਇਆ।" ਮਨੁੱਖਤਾ ਤੇ ਧਰਮ ਦੇ ਜਜ਼ਬੇ ਨੂੰ ਸੁਰਜੀਤ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨਾਂ ਨੂੰ ਆਖਿਆ ਹੈ :—

ਮੁਸਲਮਾਣ ਕਹਾਵਣੁ ਮੁਸਕਲ ਜਾ ਹੋਇ ਤਾਂ ਮੁਸਲਮਾਣੁ ਕਹਾਵੈ ।
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲਮਾਨਾ ਮਾਲੁ ਮੁਸਾਵੈ ।

(ਵਾਰ ਮਾਝ ਮ: ੧)

ਮੁਸਲਮਾਨ ਜ਼ਾਹਿਦ ਤੇ ਨਿਮਾਜ਼ੀ ਸਰੀਰਕ ਸਫ਼ਾਈ ਤੇ ਕਪੜਿਆਂ ਦੀ ਨਿਰਮੈਲਤਾ ਨੂੰ ਖ਼ਾਸ ਅਹਿਮੀਅਤ ਦੇਂਦੇ ਨੇ। ਉਹ ਤੇ ਮੈਲ ਦਾ ਇਕ ਧੱਬਾ ਵੀ ਨਜ਼ਰ ਅੰਦਾਜ਼ ਕਰਨ ਨੂੰ ਤਿਆਰ ਨਹੀਂ ਤੇ ਭਲਾ ਜਿਸ ਕਪੜੇ ਤੇ ਲਹੂ ਦੇ ਨਿਸ਼ਾਨ ਲਗੇ ਹੋਣ ਉਸ ਨੂੰ ਪਹਿਣ ਕੇ ਨਮਾਜ਼ ਪੜ੍ਹਨਾ ਕਿਵੇਂ ਬਰਦਾਸ਼ਤ ਕਰ ਸਕਦੇ ਨੇ ? ਪਰ ਇਸ ਸਮੇਂ ਕਪੜੇ ਲੀੜੇ ਦੀ ਪਵਿੱਤਰਤਾ ਦਾ ਤੇ ਖ਼ਾਸ ਧਿਆਨ ਰਖਿਆ ਜਾਂਦਾ ਸੀ। ਝੂਠ, ਫ਼ਰੇਬ, ਗ਼ੈਰ ਮੁਸਲਮਾਨਾਂ ਨੂੰ ਕਾਫ਼ਰ ਸਮਝ ਕੇ ਤੰਗ ਕਰਨ ਜਾਂ ਮਾਰਨ ਤੋਂ ਵੀ ਰੱਤੀਭਰ ਸੰਗ ਨਹੀਂ ਸੀ ਕੀਤੀ ਜਾਂਦੀ। ਇਹ ਸਭ ਕੁਝ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਵਾਰ ਮਾਝ ਵਿਚ ਕਿਹਾ ਹੈ :—

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉਂ ਨਿਰਮਲ ਚੀਤੁ ।
ਨਾਨਕ ਨਾਉ ਖੁਦਾਇਕਾ ਦਿਲ ਹਛੈ ਮੁਖਿ ਲੇਹੁ ।
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ।

ਗੁਰੂ ਸਾਹਿਬ ਮਨੁੱਖਤਾ ਨੂੰ ਬੜੀ ਮਹਾਨ ਮੱਤ ਦੇਂਦੇ ਨੇ ਕਿ ਜੇ ਕੋਈ ਕਮਾਈ ਅਯੋਗ ਜਾਂ



Digitized by Panjab Digital Library | www.panjabdigilib.org

ਇਨਸਾਨੀਅਤ ਤੋਂ ਗਿਰੇ ਹੋਏ ਸਾਧਨਾਂ ਦੇ ਨਾਲ ਪ੍ਰਾਪਤ ਕੀਤੀ ਜਾਏ ਤਾਂ ਉਹ ਮਸੀਤ, ਗੁਰ-ਦਵਾਰੇ ਜਾਂ ਮੰਦਰ ਨੂੰ ਭੇਟਾ ਕੀਤਿਆਂ ਪਵਿੱਤਰ ਨਹੀਂ ਹੋ ਜਾਂਦੀ। ਆਪਣੀ ਨੇਕ ਕਮਾਈ ਨਾਲ ਹੀ ਪਾਰ ਲੰਘੀਦਾ ਹੈ। ਗੁਰੂ ਜੀ ਕਹਿੰਦੇ ਨੇ, "ਘਾਲਿ ਖਾਇ ਕਿਛੁ ਹਥਹੁ ਦੇਹਿ। ਨਾਨਕ ਰਾਹੁ ਪਛਾਣੇ ਸੇਇ।" ਇਸ ਲਈ ਮੁਸਲਮਾਨ ਲਈ ਹਰਾਮ ਦਾ ਮਾਸ ਚੰਗੇ ਮਸਾਲੇ ਪਾ ਕੇ ਰਿੰਨ੍ਹਿਆ ਹੋਇਆ ਹਲਾਲ ਨਹੀਂ ਬਣ ਸਕਦਾ। ਪਰਾਏ ਧਨ ਨੂੰ ਹਿੰਦੂ ਲਈ ਗਾਂ ਦਾ ਮਾਸ ਤੇ ਮੁਸਲਮਾਨ ਲਈ ਸੂਰ ਦਾ ਮਾਸ ਜਾਂ ਮੁਰਦਾਰ ਸਮਝਣਾ, ਧਰਮ ਤੇ ਇਮਾਨਦਾਰੀ ਦਾ ਬੁਨਿਆਦੀ ਅਸੂਲ ਮੰਨਣਾ ਚਾਹੀਦਾ ਹੈ। ਗੁਰੂ ਮਹਾਰਾਜ ਜੀ ਨੇ ਫ਼ਰਮਾਇਆ ਹੈ,

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ।
ਗੁਰੁ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ।

(ਮਾਝ ਮ: ੧)

ਇਸੇ ਤਰ੍ਹਾਂ ਹੀ ਗੁਰੂ ਸਾਹਿਬ ਹਿੰਦੂਆਂ ਦੀ ਕਰਮ-ਕਾਂਡ ਦੇ ਕਲਾਵੇ ਵਿਚ ਫਸੀ ਹੋਈ ਜ਼ਿੰਦਗੀ ਨੂੰ ਵੇਖ ਕੇ ਦੁਖੀ ਹੁੰਦੇ ਨੇ। ਉਸ ਸਮੇਂ ਦੇ ਹਿੰਦੂਆਂ ਦਾ ਜੀਵਨ ਨਿਰਾਪੁਰਾ ਪਾਖੰਡ ਸੀ। ਮੂੰਹੋਂ ਕੁਝ ਹੋਰ ਕਹਿੰਦੇ ਸਨ ਪਰ ਕਰਦੇ ਕੁਝ ਹੋਰ ਸਨ। ਮੁਸਲਮਾਨ ਜੇ ਹਿੰਦੂਆਂ ਨੂੰ ਕਾਫ਼ਰ ਸਮਝ ਕੇ ਜ਼ਲੀਲ ਕਰਦੇ ਸਨ ਤਾਂ ਹਿੰਦੂ ਵੀ ਮੁਸਲਮਾਨਾਂ ਨੂੰ ਮਲੇਛ ਕਹਿ ਕੇ ਨਫ਼ਰਤ ਕਰਦੇ ਤੇ ਨੀਚ ਸਮਝਦੇ ਸਨ, ਪਰ ਉਹਨਾਂ ਦੇ ਇਹ ਖਿਆਲ ਆਪਣੇ ਮਨ ਜਾਂ ਘਰ ਦੀ ਅਗਲੀ ਗੁੱਠ ਵਿਚ ਹੀ ਲੁਕੇ ਰਹਿੰਦੇ ਸਨ। ਅੰਦਰੋਂ ਜਾਂ ਮਨੋਂ ਤੇ ਮਲੇਛਾਂ ਨੂੰ ਨਫਰਤ ਕਰਦੇ ਸਨ ਪਰ ਬੁਜ਼ਦਿਲ ਏਨੇ ਸਨ ਕਿ ਆਪਣੀ ਜਾਨ ਬਚਾਣ, ਸਰਕਾਰੀ ਨੌਕਰੀ ਹਾਸਲ ਕਰਨ ਤੇ ਆਪਣੇ ਢਿੱਡ ਵਿਚ ਚਾਰ ਸੁੱਕੇ, ਚੋਪੜੇ ਜਾਂ ਮਿਠੇ ਸਲੂਣੇ ਟੁਕੜੇ ਪਾਣ ਦੀ ਖ਼ਾਤਰ ਮੁਸਲਮਾਨਾਂ ਦਾ ਲਿਬਾਸ ਪਾਂਦੇ ਸਨ। ਮੁਸਲਮਾਨ ਤੋਂ ਧਨ ਲੈ ਕੇ ਖਾਂਦੇ ਸਨ। ਮੁਸਲਮਾਨਾਂ ਦੀ ਬੋਲੀ ਪੜ੍ਹਦੇ ਤੇ ਅੱਲਾ ਅੱਲਾ ਕਰਦੇ ਸਨ। ਇਸ ਤਰ੍ਹਾਂ ਉਹ ਬੇਅਣਖਾ ਜੀਵਨ ਜੀ ਕੇ ਦੇਸ਼ ਦੀ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਪੱਕੀਆਂ ਕਰ ਰਹੇ ਸਨ ਪਰ ਆਪਣੇ ਆਪ ਤੇ ਆਪਣੇ ਘਰ ਗਊ ਦੇ ਗੋਹੇ ਦਾ ਪੋਚਾ ਫੇਰ ਕੇ ਹੀ ਆਪਣੇ ਆਪਨੂੰ ਪਵਿੱਤਰ ਸਮਝਦੇ ਸਨ ਕਿ ਸ਼ਾਇਦ ਇਸ ਤਰ੍ਹਾਂ ਹੀ ਭਵਜਲ ਤੋਂ ਪਾਰ ਹੋ ਜਾਣ, ਪਰ ਹਿੰਦੂ ਤੇ ਖ਼ਾਸ ਕਰ ਬ੍ਰਾਹਮਨ ਗਾਈਂ ਉਤੇ ਲੱਗੇ ਟੈਕਸ (ਕਰ) ਜਾਂ ਜਜ਼ੀਏ ਦੇ ਵਿਰੁਧ ਆਵਾਜ਼ ਉਠਾ ਕੇ ਜਾਂ ਲੜਾਈ ਲੜਕੇ ਆਪਣੀਆਂ ਜਾਨਾਂ ਕੁਰਬਾਨ ਕਰਨ ਨੂੰ ਤਿਆਰ ਨਹੀਂ ਸਨ। ਗੁਰੂ ਨਾਨਕ ਦੇਵ ਜੀ ਇਹਨਾਂ ਨੂੰ ਉਭਾਰਨਾ ਚਾਹੁੰਦੇ ਸਨ ਤਾਕਿ ਉਹਨਾਂ ਦੀ ਅਣਖ ਜਾਗੇ ਤੇ ਉਹ ਮੁਲਕ ਦੀ ਆਜ਼ਾਦੀ ਲਈ ਕੋਈ ਹੰਭਲਾ ਮਾਰਨ। ਏਸੇ ਲਈ ਉਹਨਾਂ ਕਿਹਾ ਹੈ :—



Digitized by Panjab Digital Library | www.panjabdigilib.org

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ।
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ।
ਛੋਡੀਲੇ ਪਾਖੰਡਾ । ਨਾਮ ਲਇਐ ਜਾਹਿ ਤਰੰਦਾ ।

(ਵਾਰ ਆਸਾ ਮ: ੧)

ਉਹਨਾਂ ਵੇਖਿਆ ਕਿ ਹਿੰਦੂ ਲੋਕ ਤੇ ਖ਼ਾਸ ਕਰ ਬ੍ਰਾਹਮਣ ਜੋ ਇਹਨਾਂ ਦੇ ਆਗੂ ਨੇ ਤੇ ਜਿਨ੍ਹਾਂ ਨੇ ਉਹਨਾਂ ਵਿਚ ਧਰਮ, ਅਣਖ, ਗ਼ੈਰਤ, ਸਵੈਮਾਨ ਤੇ ਦੇਸ਼ ਪਿਆਰ ਦਾ ਜਜ਼ਬਾ ਜਗਾਣਾ ਹੈ, ਖੁਦ ਹੀ ਪਾਖੰਡੀ ਹਨ । ਮੂੰਹੋਂ ਤੇ ਮਲੇਛਾਂ ਨੂੰ ਘਿਰਣਾ ਕਰਦੇ ਨੇ ਤੇਛੂਤ-ਛਾਤ ਵੀ । ਕਿਉਂਕਿ ਮੁਸਲਮਾਨਾਂ ਦੇ ਹੱਥ ਨਾਲ ਲੱਗੀਆਂ ਹੋਈਆਂ ਚੀਜ਼ਾਂ ਭਿੱਟ ਜਾਂਦੀਆਂ ਨੇ, ਪਰ ਮੁਸਲਮਾਨਾਂ ਦਾ ਕੁੱਠਾ ਜਾਂ ਅਰਬੀ ਬੋਲੀ ਵਿਚ ਤਕਬੀਰ ਪੜ੍ਹ ਕੇ ਹਲਾਲ ਕੀਤੇ ਹੋਏ ਜਾਨਵਰਾਂ ਦਾ ਮਾਸ ਵੀ ਖਾਂਦੇ ਨੇ, ਪਰ ਫਿਰ ਕਰਮਕਾਂਡ ਤੇ ਛੂਤ-ਛਾਤ ਦਾ ਏਨਾ ਪਾਖੰਡ ਖਿਲਾਰਦੇ ਨੇ ਕਿ ਜਿਸ ਚੁਲ੍ਹੇ ਉਤੇ ਤੇ ਚੌਂਕੇ ਵਿਚ ਓਪਰੀ ਬੋਲੀ ਪੜ੍ਹ ਕੇ ਹਲਾਲ ਕੀਤਾ ਹੋਇਆ ਮਾਸ ਚਾਹੜਨ ਉਥੇ ਹੋਰ ਕੋਈ ਨ ਜਾਏ ਮਤੇ ਮਾਸ ਭਿੱਟ ਜਾਏ ਤੇ ਬ੍ਰਾਹਮਣਾਂ ਦੇ ਖਾਣ ਦੇ ਯੋਗ ਨ ਰਹੇ, ਇਹ ਹਾਲਤ ਵੇਖਕੇ ਸਤਿਗੁਰੂ ਜੀ ਆਸਾ ਦੀ ਵਾਰ ਵਿਚ ਹੀ ਫੁਰਮਾਂਦੇ ਨੇ :—

ਮਥੈ ਟਿਕਾ ਤੇੜਿ ਧੋਤੀ ਕਖਾਈ ।
ਹਥਿ ਛੁਰੀ ਜਗਤ ਕਾਸਾਈ ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ।
ਮਲੇਛ ਧਾਨੁ ਲੇ ਪੂਜਹਿ ਪੁਰਾਣੁ ।
ਅਭਾਖਿਆ ਕਾ ਕੁਠਾ ਬਕਰਾ ਖਾਣਾ ।
ਚਉਕੇ ਉਪਰਿ ਕਿਸੈ ਨ ਜਾਣਾ ।
ਦੇ ਕੇ ਚਉਕਾ ਕਢੀ ਕਾਰ ।
ਉਪਰਿ ਆਇ ਬੈਠੇ ਕੂੜਿਆਰ ।
ਮਤੁ ਭਿਟੈ ਵੇ ਮਤੁ ਭਿੱਟੈ ।
ਇਹ ਅੰਨੁ ਅਸਾਡਾ ਫਿਟੈ ।
ਤਨਿ ਫਿਟੈ ਫੇੜ ਕਰੇਨਿ ।
ਮਨਿ ਜੂਠੈ ਚੁਲੀ ਭਰੇਨਿ ।
ਕਹੁ ਨਾਨਕ ਸਚੁ ਧਿਆਈਐ ।
ਸੂਚੁ ਹੋਵੈ ਤਾਂ ਸਚੁ ਪਾਈਐ ।



Digitized by Panjab Digital Library | www.panjabdigilib.org

ਉਹਨਾਂ ਵੇਖਿਆ ਕਿ ਬਾਬਰ ਦੇ ਰਾਜ ਸਮੇਂ ਵੀ ਲੱਖਾਂ ਹਿੰਦੂ ਡਰਦੇ ਮੁਸਲਮਾਨ ਹੋਣੇ ਸ਼ੁਰੂ ਹੋ ਗਏ ਸਨ ਤੇ ਉਹਨਾਂ ਦਾ ਧਾਰਮਕ ਰਹਿਣ ਸਹਿਣ ਆਪਣੇ ਪਿਓ ਦਾਦੇ ਦੇ ਧਰਮ, ਸਭਿਤਾ ਤੇ ਰਹੁ ਰੀਤੀ ਨੂੰ ਤਿਲਾਂਜਲੀ ਦੇ ਰਿਹਾ ਸੀ। ਹਿੰਦੂਆਂ ਦੇ ਵੇਦਾਂ ਤੇ ਸ਼ਾਸਤਰਾਂ ਵਿਚ ਰੱਬ ਦੇ ਅਨੇਕ ਨਾਂ ਨੇ। ਸਿਖ ਧਰਮ ਵਿਚ ਰੱਬ ਲਈ ਵਿਸ਼ੇਸ਼ ਨਾਂ ਵਾਹਿਗੁਰੂ ਤੇ ਅਕਾਲ ਨੇ। ਮੁਸਲ-ਮਾਨਾਂ ਦੇ ਕੁਰਾਨ ਮਜੀਦ ਵਿੱਚ ਰੱਬ ਦੇ ਨੜਿਨਵੇਂ ਨਾਂ ਨੇ ਪਰ ਅੱਲਾ ਸਭ ਤੋਂ ਜਿਆਦਾ ਪ੍ਰਚਲਤ ਨਾਂ ਹੈ। ਹਿੰਦੂ ਘਰਾਂ ਤੋਂ ਬਾਹਰ ਵਿਹਾਰ, ਵਪਾਰ, ਬਾਜ਼ਾਰ ਤੇ ਦਰਬਾਰ ਵਿਚ ਹਿੰਦੂ ਸ਼ਾਸਤਰਾਂ ਦੇ ਨਾ ਛੱਡ ਕੇ ਅੱਲਾ ਅੱਲਾ ਹੀ ਕਰਦੇ ਸਨ। ਮੈਂ ਐਂਥਰੋਪਾਲੋਜੀ ਤੇ ਐਥਨਾਲੋਜੀ ਦਾ ਖ਼ਾਸ ਤੇ ਲਮੇਰਾ ਚੁਰੇੜਾ ਅਧਿਅਨ ਕੀਤਾ ਹੈ ਤੇ ਪੰਜਾਬ ਦੀਆਂ ਜ਼ਾਤਾਂ ਬਰਾਦਰੀਆਂ ਦੇ ਇਤਿਹਾਸਕ ਤੇ ਹੋਰ ਪਖਾਂ ਬਾਰੇ ਵਿਗਿਆਨਕ ਖੋਜ ਦੀਆਂ ਕਿਤਾਬਾਂ ਵੀ ਲਿਖੀਆਂ ਨੇ। ਪੰਜਾਬ ਦੇ ਟਰਾਈਬਜ਼ ਐਡ ਕਾਸਟਸ ਦਾ ਵਿਸ਼ਾਲ ਮੁਤਾਲਿਆ ਕਰਕੇ ਪਤਾ ਲਗਦਾ ਹੈ ਕਿ ਮੰਡੀ, ਕਾਂਗੜੇ ਤੇ ਜੰਮੂ ਆਦਿ ਦੇ ਪਹਾੜੀ ਰਾਜਪੂਤ ਭਾਰਤ ਵਿਚ ਸਭ ਤੋਂ ਪਰਾਚੀਨ ਰਾਜਪੂਤ ਘਰਾਣਿਆਂ ਦੇ ਜੰਮੇ ਹੋਏ ਨੇ ਤੇ ਅਜ ਵੀ ਇਹਨਾਂ ਦੀਆਂ ਪੋਹੜੀਆਂ ਜਾਂ ਬੰਸਾਵਲੀਆਂ ਇਹਨਾਂ ਦੇ ਸਬੰਧ ਹਜ਼ਾਰਾਂ ਸਾਲ ਪਰਾਚੀਨ ਖ਼ਾਨਦਾਨਾਂ ਨਾਲ ਮਿਲਾਂਦੀਆਂ ਹਨ ਪਰ ਇਹੋ ਜਿਹੇ ਮਗਰੂਰ ਤੇ ਰਾਜਪੂਤੀ ਸ਼ਾਨ ਦੇ ਅਭਿਮਾਨੀ ਮੁਸਲਮਾਨ ਬਾਦਸ਼ਾਹਾਂ ਦੀਆਂ ਈਨਾਂ ਮੰਨ ਕੇ ਆਪਣੇ ਆਪ ਨੂੰ 'ਮੀਆਂ' ਅਖਵਾ ਕੇ ਫ਼ਖ਼ਰ ਮਹਿਸੂਸ ਕਰਦੇ ਸਨ। ਹਾਲਾਂ ਕਿ ਇਹ ਬਦੇਸ਼ੀ ਜਰਵਾਨਿਆਂ ਤੇ ਹੁਕਮਰਾਨਾਂ ਦਾ ਦਿਤਾ ਹੋਇਆ ਖ਼ਤਾਬ ਮੀਆ' ਮਥੇ ਤੇ ਗ਼ੁਲਾਮੀ ਦਾ ਕਲੰਕ ਸੀ। ਗੁਰੂ ਨਾਨਕ ਦੇਵ ਜੀ ਇਹੋ ਜਿਹੇ ਆਕੜ ਖ਼ਾਨਾਂ ਨੂੰ ਉਹਨਾਂ ਦੀ ਅਣਖ ਜਗਾਉਣ ਦੀ ਖ਼ਾਤਰ ਦੇਲੇਰੀ ਨਾਲ ਰਾਗ ਬਸੰਤ ਵਿਚ ਸਾਫ਼ ਸਾਫ਼ ਆਖਦੇ ਨੇ, "ਆਦਿ ਪੁਰਖ ਕਉ ਅਲਹੁ ਕਹੀਐ ਸੇਖਾ ਆਈ ਵਾਰੀ।

ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ।  
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਰੀ।  
ਘਰ ਘਰ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।

ਵਡਿੱਤਣ, ਸਚੇ ਅਰਥਾਂ ਵਿਚ ਉਸ ਮਨੁੱਖ ਦੀ ਮੰਨੀ ਜਾਂਦੀ ਹੈ ਜੋ ਸਚ ਬੋਲਣ ਲਗਿਆਂ ਜਾਂ ਅਸੂਲੀ ਗਲ ਜਾਂ ਨਿਰਣਾ ਕਰਨ ਲਗਿਆਂ ਆਪਣੇ ਤੇ ਪਰਾਏ ਚੋਂ ਕਿਸੇ ਦਾ ਵੀ ਲਿਹਾਜ਼ ਨਾ ਕਰੇ। ਉਹਨਾਂ ਵੇਖਿਆ ਕਿ ਖੱਤਰੀ (ਕਸ਼ਤਰੀ) ਜਿਸ ਜਾਤੀ ਵਿਚ ਉਹਨਾਂ ਦਾ ਆਪਣਾ ਜਨਮ ਹੋਇਆ ਤੇ ਜੋ ਕਦੀ ਤਲਵਾਰ ਦੇ ਧਨੀ ਸਮਝੇ ਜਾਂਦੇ ਸਨ ਵੀ ਬੇਅਣਖ ਹੋ ਚੁਕੇ ਨੇ ਤਾਂ ਉਹਨਾਂ ਰਾਗ ਧਨਸਾਹੀ ਵਿਚ ਫੁਰਮਾਇਆ :—

ਖਤ੍ਰੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ।"

ਸਿਆਲ ਕੋਟ ਵਾਲੇ ਮੂਲੇ ਖਤਰੀ ਨੇ ਗੁਰੂ ਸਾਹਿਬ ਨਾਲ ਬੜੀ ਮਿੱਤਰਤਾਈ ਪਾ ਲਈ ਪਰ



Digitized by Panjab Digital Library | www.panjabdigilib.org

ਉਹ ਹੈਸੀ ਮਾਇਆ ਦਾ ਵੀ ਗੂਹੜਾ ਮਿੱਤਰ। ਖੱਤਰੀਆਂ ਅਰੋੜਿਆਂ ਦੀ ਬਰਾਦਰੀ ਆਮ ਤੌਰ ਤੇ ਨੌਕਰੀ, ਵਪਾਰ ਵਿਹਾਰ ਤੇ ਦੁਕਾਨਦਾਰੀ ਦਾ ਕੰਮ ਕਰਦੀ ਹੈ। ਲੱਖਾਂ ਵਿਚੋਂ ਸ਼ਾਇਦ ਕੋਈ ਵਿਰਲਾ ਹੀ ਬਚਿਆ ਹੋਵੇ। ਆਮ ਵਪਾਰੀ ਮਾਇਆ ਦੇ ਕੀੜੇ ਹੀ ਹੁੰਦੇ ਨੇ ਤੇ ਮਾਇਆ ਕਮਾਣ ਜਾਂ ਕੱਠਾ ਕਰਨ ਦੇ ਲਾਲਚ ਵਿਚ ਹਮੇਸ਼ਾ ਦਾਅ ਵਿਚ ਰਹਿੰਦੇ ਨੇ ਤੇ ਦਿਲੋਂ ਕਿਸੇ ਦੇ ਮਿੱਤਰ ਨਹੀਂ ਬਣਦੇ। ਇਸ ਲਈ ਵਿਪਾਰੀ ਤੇ ਸੱਚੇ ਬੰਦੇ ਵਿਚ ਬੜਾ ਫ਼ਰਕ ਹੁੰਦਾ ਹੈ। ਚੰਗਾ ਬੰਦਾ ਕਿਸੇ ਦਾ ਭਲਾ ਕਰਨ ਦੀ ਭਾਲ ਵਿਚ ਰਹਿੰਦਾ ਹੈ ਪਰ ਵਪਾਰੀ ਮਾਇਆ ਕਮਾਣ ਜਾਂ ਜਾਇਦਾਦ ਵਧਾਣ ਦੀ ਭਾਲ ਵਿੱਚ। ਇਕ ਵਾਰੀ ਗੁਰੂ ਸਾਹਿਬ ਨੇ ਚਾਹਿਆ ਕਿ ਸੜ ਰਹੀ ਮਨੁੱਖਤਾ ਨੂੰ ਏਕਤਾ ਤੇ ਪਿਆਰ ਦਾ ਸੁਨੇਹਾ ਦੇਣ ਲਈ ਆਪਣੇ ਮਿੱਤਰ ਮੂਲੇ ਨੂੰ ਵੀ ਆਪਣੇ ਨਾਲ ਕੁਝ ਸਮੇਂ ਲਈ ਉਦਾਸੀ ਤੇ ਲੈ ਜਾਣ। ਉਹਨਾਂ ਦਾ ਖਿਆਲ ਸੀ ਕਿ ਮੂਲਾ ਆਮ ਕਿਰਾੜਾਂ (ਖੱਤਰੀਆਂ, ਅਰੋੜਿਆਂ) ਵਾਂਗੂੰ ਮਾਇਆ ਦੇ ਮਾਰੂ ਲਾਲਚ ਤੋਂ ਉੱਚਾ ਤੇ ਉਚੇਰੀਆਂ ਮਨੁੱਖੀ ਕੀਮਤਾਂ ਦਾ ਕਦਰਦਾਨ ਹੋਵੇਗਾ। ਕੋਸ਼ਕਾਰਾਂ ਨੇ ਕਿਰਾੜ ਦਾ ਅਰਥ ਕਾਇਰ, ਬੁਜ਼ਦਿਲ, ਹਟਵਾਣੀਆਂ, ਪੈਸੇ ਦਾ ਪੀਰ ਜਾਂ ਪੈਸੇ ਦਾ ਪੁਤਰ ਦਸਿਆ ਹੈ। ਬਾਬਾ ਜੀ ਮੂਲੇ ਦੇ ਕੋਲ ਦੋਸਤ ਸਮਝ ਕੇ ਉਸ ਨੂੰ ਲੈਣ ਗਏ ਪਰ ਉਸ ਨੇ ਘਰ ਦੇ ਧੰਧਿਆਂ, ਮਾਇਆ ਕੱਠੀ ਕਰਨ ਵਾਲੇ ਵਪਾਰ ਤੇ ਹੱਟੀ ਚਲਾਣ ਦੇ ਲਾਲਚ ਦੇ ਸਦਕਾ ਕੋਈ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਟਾਲ ਜਾਂ ਟਰਕਾ ਦਿੱਤਾ। ਗੁਰੂ ਜੀ ਹੈਰਾਨ ਰਹਿ ਗਏ ਕਿ ਇਹ ਤੇ ਪੈਸੇ ਦਾ ਪੁੱਤਰ ਕਿਰਾੜ ਹੀ ਨਿਕਲਿਆ। ਇਸ ਲਈ ਇਹਨਾਂ ਦਾ ਕਥਨ ਉਹਨਾਂ ਦੇ ਸਲੋਕਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਫ਼ਾ **1412** ਤੇ ਲਿਖਿਆ ਹੈ :—

> ਜਉ ਤਉ ਪ੍ਰੇਮ ਖੇਲਣ ਕਾ ਚਾਉ।
> ਸਿਰੁ ਧਰਿ ਤਲੀ ਗਲੀ ਮੇਰੀ ਆਉ।
> ਇਤੁ ਮਾਰਗਿ ਪੈਰ ਧਰੀਜੈ।
> ਸਿਰੁ ਦੀਜੈ ਕਾਣਿ ਨ ਕੀਜੈ।

ਫਿਰ ਇਸ ਦੇ ਨਾਲ ਹੀ ਅੱਗੇ ਆਖਦੇ ਹਨ :—

> ਨਾਲਿ ਕਿਰਾੜਾਂ ਦੋਸਤੀ ਕੂੜੇ ਕੂੜੀ ਪਾਇ।
> ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ।

ਇਸ ਤਰ੍ਹਾਂ ਉਹਨਾਂ ਦਸਿਆ ਕਿ ਮਾਇਆ ਅੰਤ ਨੂੰ ਸਾਥ ਨਹੀਂ ਦੇਂਦੀ। ਲਾਹੌਰ ਦੇ ਸੇਠ ਦੁਨੀ ਚੰਦ ਨੂੰ ਮਾਇਆ ਕੱਠੀ ਕਰਨ ਦੇ ਲਾਲਚ ਦੀ ਬੁਰਾਈ ਬਾਬਾ ਜੀ ਨੇ ਉਸ ਨੂੰ ਇਕ ਸੂਈ ਦੇ ਕੇ ਸਮਝਾਈ ਸੀ. "ਲੈ ਭਾਈ ਸਾਡੀ ਇਹ ਸੂਈ ਸਾਂਭ ਕੇ ਰੱਖ ਤੇ ਅਗਲੇ ਜਹਾਨ



Digitized by Panjab Digital Library | www.panjabdigilib.org

ਸਾਨੂੰ ਦੇ ਦੇਵੀਂ ।" ਪਰ ਉਸ ਕਿਹਾ, "ਜੀ ਮੈਂ ਮਰਨ ਪਿਛੋਂ ਇਸ ਨੂੰ ਨਾਲ ਤੇ ਲੈ ਕੇ ਨਹੀਂ ਜਾ ਸਕਦਾ ਫਿਰ ਤੁਹਾਨੂੰ ਵਾਪਸ ਕਿਵੇਂ ਦੇਵਾਂਗਾ ?" ਉਹਨਾਂ ਕਿਹਾ, "ਭਾਈ ਫਿਰ ਮਾਇਆ ਦੇ ਖਜ਼ਾਨੇ ਕਿਵੇਂ ਲੈ ਕੇ ਜਾਏਗਾ ?" ਉਹ ਮਾਇਆ ਧਾਰੀਆਂ ਨੂੰ ਰਾਗ ਆਸਾ ਵਿਚ ਕਹਿੰਦੇ ਨੇ:—

"ਪਾਪਾ ਬਾਝਹੁ ਹੋਵੈ ਨਾਹੀ ਮੋਇਆ ਸਾਥਿ ਨ ਜਾਈ ।"

ਉਹਨਾਂ ਬਾਬਰ ਦੇ ਹਮਲੇ ਸਮੇਂ ਲੁੱਟ-ਮਾਰ ਖੋਹ ਘਸੀਟ ਤੇ ਬੇਰਹਿਮੀ ਨਾਲ ਬਦੋਸ਼ੇ ਲੋਕ ਕਤਲ ਹੁੰਦੇ ਵੇਖੇ । ਔਰਤਾਂ ਦੀ ਬੇਪਤੀ ਵੀ ਹੋਈ । ਇਸ ਸਾਰੇ ਦੁਖ, ਮਜ਼ਲੂਮਾਂ ਦੀ ਦਰਦ ਰੰਜਾਣੀ ਦਸ਼ਾ ਨੂੰ ਤੇ ਬੇਬਸੀ ਤੇ ਬਾਬਰ ਤੇ ਉਸ ਦੇ ਜਬਰ ਨੂੰ ਵੇਖ ਕੇ ਆਪਣੀ ਰਚਨਾ ਬਾਬਰਵਾਣੀ ਵਿਚ ਭਵਿਖਵਾਕ ਬੋਲਦਿਆਂ ਹੋਇਆਂ ਭਾਈ ਲਾਲੋ ਨੂੰ ਸੰਬੋਧਨ ਕਰਕੇ ਬਿਆਨ ਕੀਤਾ । ਉਹਨਾਂ ਨੇ ਰੱਬ ਨੂੰ ਮਜ਼ਲੂਮਾਂ ਦੀ ਤਰਸਯੋਗ ਹਾਲਤ ਦਸਦਿਆਂ ਕਿਹਾ :—

"ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨਾ ਆਇਆ"

ਉਹ ਰਾਗ ਮਾਰੂ ਵਿਚ ਲੜਾਈ, ਝਗੜੇ ਜੰਗ ਤੇ ਫਸਾਦ ਬਾਰੇ ਸੰਸਾਰ ਨੂੰ ਸਮਝਾਂਦੇ ਨੇ ਕਿ ਕਲ (ਕਲਹਿ, ਬਦਅਮਨੀ) ਬੁਰੀ ਚੀਜ਼ ਹੈ ਤੇ ਮਨੁੱਖ ਰੱਬ ਦਾ ਨਾਂ ਭੁਲ ਕੇ ਤੇ ਵੈਰ ਵਿਰੋਧ ਦੇ ਵਕਾਰਾਂ ਤੇ ਭਰਮਾਂ ਵਿਚ ਸੜਦਾ ਹੈ ।

"ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ।
ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ।"

ਗੁਰੂ ਸਾਹਿਬ ਨੇ ਨਿਡਰ ਤੇ ਸਚੇ ਸੰਤ ਸਿਪਾਹੀ ਦੀ ਹੈਸੀਅਤ ਵਿਚ ਸਮਾਜ ਦੇ ਹਰ ਪੱਖ ਦੀਆਂ ਕੁਰੀਤੀਆਂ, ਕੁਕਰਮਾਂ, ਭਰਮਾਂ, ਵਹਿਮਾਂ ਤੇ ਵਿਕਾਰਾਂ ਦੀ ਵਿਰੋਧਤਾ ਕੀਤੀ ਤੇ ਹਰ ਪ੍ਰਕਾਰ ਦੇ ਕਿੱਤੇ ਦੇ ਮਨੁੱਖਾਂ ਨੂੰ ਸਿਖਿਆ ਦਿਤੀ । ਉਹਨਾਂ ਕਿਸਾਨਾਂ ਨੂੰ ਕਿਹਾ ਕਿ ਖੇਤੀ ਦੀ ਕਿਰਤ ਕਮਾਈ ਨੂੰ ਸਰੀਰ ਦੀ ਪਵਿਤਰਤਾ ਵਾਂਗੂੰ ਹੀ ਰਖਣਾ ਚਾਹੀਦਾ ਹੈ, ਸੰਜਮ ਤੇ ਆਕੜ ਛੱਡ ਕੇ ਨਿਮਰਤਾ ਤੇ ਪਿਆਰ ਨੂੰ ਆਪਣੇ ਖੇਤੀ ਬਾੜੀ ਦੇ ਕਾਰ ਵਿਹਾਰ ਦੇ ਅਸਲੀ ਸਾਧਨ ਤੇ ਸੰਦ ਸਮਝੋ । ਇਸ ਲਈ ਉਹਨਾਂ ਸੋਰਠ ਰਾਗ ਵਿਚ ਕਿਸਾਨ ਨੂੰ ਮੱਤ ਦਿੱਤੀ ।

"ਮਨ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨ ਖੇਤ ।
ਨਾ ਮ ਬੀਜ ਸੰਤੋਖ ਸੁਹਾਗਾ ਰੱਖ ਗ਼ਰੀਬੀ ਵੇਸ ।
ਭਾਉ ਕਰਮ ਕਰ ਜੰਮਸੀ ਸੇ ਘਰ ਭਾ ਗਠ ਦੇਖ ।

ਸੌਦਾਗਰ ਜਾਂ ਵਪਾਰੀ ਲੋਕ ਵੇਦ ਸ਼ਾਸਤਰ ਸੁਣਕੇ ਤੇ ਜੋਤਸ਼ੀਆਂ ਤੇ ਪੰਡਤਾਂ ਪਾਂਧਿਆਂ ਤੋਂ ਮਹੂਰਤ ਕਢਵਾ ਕੇ ਵਪਾਰ ਕਰਨ ਜਾਂਦੇ ਨੇ ਜਾਂ ਨਵੇਂ ਕਾਰ ਵਿਹਾਰ ਤੇ ਦੁਕਾਨਾਂ ਖੋਲ੍ਹਦੇ ਨੇ ।



Digitized by Panjab Digital Library | www.panjabdigilib.org

ਗੁਰੂ ਸਾਹਿਬ ਦੇ ਸਮੇਂ ਵਪਾਰੀ ਲੋਕ ਘੋੜਿਆਂ ਤੇ ਚੜ੍ਹਕੇ ਦੂਰ ਦੁਰਾਡੇ ਇਲਾਕਿਆਂ ਜਾਂ ਦੇਸ਼ਾਂ ਵਿਚ ਜਾਂਦੇ ਸਨ। ਗੁਰੂ ਨਾਨਕ ਜੀ ਸੌਦਾਗਰ ਨੂੰ ਆਖਦੇ ਨੇ ਕਿ ਦਾਅ-ਦੁੱਪੇ ਦੀ ਥਾਂ ਸੱਚ ਤੇ ਈਮਾਨਦਾਰੀ ਦੇ ਘੋੜੇ ਤੇ ਚੜ੍ਹ ਕੇ ਜਾਂ, ਚੰਗਿਆਈਆਂ ਦਾ ਖ਼ਰਚ ਪੱਲੇ ਬੰਨ੍ਹ ਤਾਂ ਦੁਨਿਆਵੀ ਮਾਇਕ ਨਫ਼ਾ ਤੇ ਇਕ ਸਦੀਵੀ ਸੁਖ ਤੇ ਸ਼ਾਂਤੀ ਭਾਵ ਮੁਕਤੀ ਪ੍ਰਾਪਤ ਕਰੇਂਗਾ। ਰਾਗ ਸ਼ੋਰਠ ਵਿਚ ਫਰਮਾਂਦੇ ਨੇ :—

'ਸੁਣ ਸਾਸਤ ਸੌਦਾਗਰੀ ਸਤ ਘੋੜੇ ਲੈ ਚਲ।
ਖ਼ਰਚ ਬਨੁ ਚੰਗਿਆਈਆ ਮਤੁ ਮਨ ਜਾਣਹਿ ਕਲ।
ਨਿਰੰਕਾਰ ਕੇ ਦੇਸ਼ ਜਾਇ ਤਾਂ ਸੁਖ ਲਹਹਿ ਮਹਲ।

ਹਿੰਦੂ ਸਮਾਜ ਨੇ ਔਰਤ ਵਿਚਾਰੀ ਨੂੰ ਤੇ ਪੈਰ ਦੀ ਜੁੱਤੀ ਸਮਝਿਆ ਹੋਇਆ ਸੀ। ਬੱਚੇ ਬੱਚੀ ਨੂੰ ਜਨਮ ਦੇ ਕੇ ਤੇ ਇਸਤਰੀ ਲਈ ਮੁਸੀਬਤ ਬਣ ਜਾਂਦੀ ਸੀ। ਬ੍ਰਾਹਮਣਵਾਦ ਦਾ ਪੈਦਾ ਕੀਤਾ ਹੋਇਆ ਸੂਤਕ ਦਾ ਵਹਿਮ ਉਸ ਨੂੰ ਕੁਝ ਸਮੇਂ ਲਈ ਟੱਬਰ ਦੇ ਜੀਆਂ, ਆਂਢ-ਗੁਆਂਢ ਤੇ ਸਾਕਾਂ ਅੰਗਾਂ ਤੋਂ ਵੱਖਰਾ ਕਰ ਦੇਂਦਾ ਸੀ। ਔਰਤ ਨਾਲ ਇਹੋ ਜਿਹੇ ਮਨੁੱਖਤਾਂ ਤੋਂ ਗਿਰੇ ਹੋਏ ਵਤੀਰੇ ਦਾ ਵਿਰੋਧ ਕਰਨਾ ਹਿੰਦੂ ਸਮਾਜ ਨੂੰ ਵੰਗਾਰਨਾ ਸੀ। ਗੁਰੂ ਸਾਹਿਬ ਨੇ ਬ੍ਰਾਹਮਣਾਂ ਤੇ ਹੋਰ ਹਿੰਦੂਆਂ ਦੇ ਸੂਤਕ ਦੇ ਫਜ਼ੂਲ ਵਹਿਮ ਦੇ ਵਿਰੁੱਧ ਖਰੀਆ ਖਰੀਆ ਸੁਣਾ ਕੇ ਖ਼ੂਬ ਖੁੰਭ ਠੱਪੀ ਤੇ ਆਸਾ ਦੀ ਵਾਰ ਵਿਚ ਕਿਹਾ :—

ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨੁ।

ਗੁਰੂ ਨਾਨਕ ਦੇਵ ਜੀ ਸ਼ੇਖ ਬ੍ਰਹਮ ਵਰਗੇ ਆਲਮਾਂ, ਵਲੀ ਕੰਧਾਰੀ ਵਰਗੇ ਮੁਸਲਮਾਨ ਆਬਿਦਾਂ, ਵਿਦਵਾਨ ਪੰਡਤਾਂ, ਪਾਂਧਿਆਂ ਤੇ ਦੁਨੀਆਂ ਨੂੰ ਛੱਡ ਕੇ ਨੱਸੇ ਹੋਏ ਜੋਗੀਆਂ ਜੰਗਮਾਂ, ਨਾਥਾਂ ਸਿੱਧਾਂ ਸਾਧਾਂ ਨੂੰ ਮਿਲੇ ਤੇ ਖੁਲ੍ਹ ਡੁਲ੍ਹ ਕੇ ਵੀਚਾਰ ਵਟਾਂਦਰਾ ਵੀ ਕੀਤਾ, ਪਰ ਸਭ ਨੂੰ ਭਗਤੀ ਤੇ ਇਲਮ ਜਾਂ ਗਿਆਨ ਦੇ ਮਾਨ ਤੇ ਹੰਕਾਰ ਵਿਚ ਡੁੱਬਾ ਪਰ ਨਿਰਮਤਾ ਤੇ ਮਾਨੁੱਖੀ ਪਿਆਰ ਤੋਂ ਖਾਲੀ ਹੁੰਦਿਆਂ ਹੋਇਆ ਮੁਕਤੀ ਜਾਂ ਨਜਾਤ ਪ੍ਰਾਪਤ ਕਰਨ ਦੇ ਦਾਅਵੇਦਾਰ ਵੇਖਿਆ। ਇਸ ਲਈ ਉਹਨਾਂ ਨੂੰ ਸਿਧੇ ਰਾਹ ਪਾਉਣ ਲਈ ਕਿਹਾ :—

'ਭਉ ਭਗਤਿ ਕਾਰ ਨੀਚੇ ਸਦਾਏ।
ਤਉ ਨਾਨਕ ਮੋਖੰਤਰ ਪਾਏ।

ਜਿਸ ਤਰ੍ਹਾਂ ਸੰਤ ਵਾਸਤੇ ਜ਼ਰੂਰੀ ਨਹੀਂ ਕਿ ਉਹ ਮਾਲਾ, ਸਿਮਰਣਿਆਂ ਤੇ ਤਸਬੀਆਂ ਦੇ ਭਾਰ ਹੇਠਾਂ ਦਬਿਆ ਹੋਇਆ ਰਹੇ, ਏਸੇ ਤਰ੍ਹਾਂ ਸਿਪਾਹੀ ਲਈ ਵੀ ਜ਼ਰੂਰੀ ਨਹੀਂ ਕਿ ਸ਼ਾਸਤਰ, ਬਸਤਰ, ਬਕਤਰ ਆਦਿ ਮਨ ਡੇਢ ਮਣ ਲੋਹੇ ਦੇ ਵਖਾਲੇ ਦਾ ਭਾਰ ਜ਼ਰੂਰੀ ਚੁੱਕੀ ਫਿਰੇ।



Digitized by Panjab Digital Library | www.panjabdigilib.org

ਹਾਂ ਸ਼ਸਤਰ ਸਿਪਾਹੀ ਲਈ ਸੰਤ ਦੀਆਂ ਮਾਲਾਂ ਤੋਂ ਜ਼ਿਆਦਾ ਜ਼ਰੂਰੀ ਨੇ ਪਰ ਜੇ ਸੱਚ ਪੁੱਛੋ ਤਾਂ ਬਾਹਰਲੇ ਹਥਿਆਰਾਂ ਤੋਂ ਵੀ ਜ਼ਿਆਦਾ ਜ਼ਰੂਰੀ ਸਿਪਾਹੀ ਦੇ ਮਨ ਦੀ ਅੰਦਰਲੀ ਨਿਰਭੈਤਾ ਤੇ ਕੁਰਬਾਨੀ ਦੇ ਜਜ਼ਬੇ ਦੀ ਦਸ਼ਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਹੱਥੀਂ ਤਲਵਾਰ ਦੀ ਵਰਤੋਂ ਨਾ ਕੀਤੀ, ਪਰ ਉਹ ਬਾਹਰੋਂ ਸੰਤ ਰੂਪ ਵਿਚ ਹੋਣ ਦੇ ਬਾਵਜੂਦ ਮਾਨਸਿਕ ਤੌਰ ਤੇ ਕਾਰਨ ਬੇਮਿਸਾਲ ਬਹਾਦਰ ਸਿਪਾਹੀ ਸਨ ਤੇ ਹਮੇਸ਼ਾਂ ਦੇਸ਼ ਪਿਆਰ, ਮਾਨੁੱਖੀ ਏਕਤਾ, ਫੋਕੇ ਕਰਮਕਾਂਡ, ਇਸਲਾਮੀ ਤਅੱਸਬ, ਹਿੰਦੂ ਜ਼ਾਤਪਾਤ ਤੇ ਛੂਤ-ਛਾਤ, ਝੂਠ ਤੇ ਪਾਖੰਡ, ਮਜ਼੍ਹਬੀ, ਆਰਥਕ ਤੇ ਰਾਜਸੀ ਵਿਤਕਰੇ ਤੇ ਧੱਕੇ ਦੇ ਵਿਰੁੱਧ ਸਾਰੀ ਉਮਰ ਲੜਦੇ ਰਹੇ। ਗੁਰੂ ਨਾਨਕ ਜੀ ਬਾਰੇ ਇਕ ਤੁਕ ਆਮ ਪਰਚੱਲਤ ਹੈ, ਭਾਵੇਂ ਉਹ ਗੁਰਬਾਣੀ ਦੇ ਰੂਪ ਵਿਚ ਗਰੰਥ ਸਾਹਿਬ ਵਿਚ ਦਰਜ ਨਹੀਂ, ਰਵਾਇਤੀ ਤੌਰ ਤੇ ਆਮ ਲੋਕਾਂ ਦੇ ਮੂੰਹ ਤੇ ਚੜ੍ਹੀ ਹੋਈ ਹੈ :—

"ਨਾਮੁ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।"

ਇਕ ਦਿਨ ਮੈਂ ਇਸ ਤੁਕ ਦੇ ਇਤਹਾਸਕ ਪਿਛੋਕੜ ਬਾਰੇ ਸੋਚ ਰਿਹਾ ਸਾਂ ਤਾਂ ਮੇਰੇ ਕਵੀ ਦਿਲ ਚੋਂ ਨਿਕਲਿਆ,

"ਬਾਬਰ ਵਰਗੇ ਜਾਬਰ ਨੂੰ ਇਕ ਸਾਬਰ ਆਖੀ ਬਾਤ,
"ਨਾਮ ਖ਼ੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।"

ਗੁਰੂ ਨਾਨਕ ਦੇਵ ਜੀ ਨੂੰ ਹੋਰ ਕੈਦੀਆਂ ਵਾਂਗੂੰ ਜੇਲ੍ਹ ਵਿਕ ਕੈਦ ਕਰਕੇ ਬਾਬਰ ਨੇ ਉਹਨਾਂ ਤੋਂ ਚੱਕੀ ਪਿਹਾਈ। ਬਾਬਰ ਉਹਨਾਂ ਨੂੰ ਜਾਨੋਂ ਵੀ ਮਾਰ ਸਕਦਾ ਸੀ ਪਰ ਨਿਡਰ ਸੰਤ ਸਿਪਾਹੀ, ਨਾਨਕ ਨੇ ਬੇਰਹਿਮ ਜਰਵਾਨੇ ਦੇ ਮੂੰਹ ਤੇ ਉਸ ਨੂੰ ਖਰੀਆਂ ਖਰੀਆਂ ਸੁਣਾਈਆਂ। ਵਲੀ ਕੰਧਾਰੀ ਨੇ ਤੇ ਉਹਨਾਂ ਨੂੰ ਮਾਰਨ ਲਈ ਪਹਾੜ ਹੀ ਸੁੱਟ ਦਿੱਤਾ ਸੀ। ਅੱਜ ਉਸੇ ਥਾਂ ਤੇ ਪੰਜਾ ਸਾਹਿਬ ਦਾ ਗੁਰਦੁਆਰਾ ਹੈ। ਉਹ ਆਪਣੇ ਉਚੇ ਆਚਾਰ ਦੇ ਹਥਿਆਰ ਦੇ ਬਲ-ਬੋਤੇ ਦੇ ਆਸਰੇ ਸਜਨ ਠੱਗ ਕੋਲ ਗਏ। ਚੋਰ ਭੂਮੀਏ ਨਾਲ ਵਾਸਤਾ ਪਾਇਆ। ਕੌਡੇ ਰਾਕਸ਼ ਨਾਲ ਜਾ ਟੱਕਰ ਲਈ। ਮੱਕੇ ਦੇ ਮੋਮਨਾਂ ਨੂੰ ਰੱਬ ਦਾ ਹਰਜਾਈ ਹੋਣਾਂ ਦਸਿਆ। ਸੇਠ ਦੁਨੀ ਚੰਦ ਤੇ ਮਲਕ ਭਾਗੋ ਜਿਹੇ ਮਗ਼ਰੂਰ ਬੰਦਿਆਂ ਨੂੰ ਸੁਧਾਰਿਆਂ ਤੇ ਹਰਦੁਵਾਰ ਦੇ ਪਾਂਡਿਆਂ, ਜਗਨਨਾਥ ਪੁਰੀ ਦੇ ਪੰਡਤਾਂ, ਨਾਨਕ ਮਤੇ ਤੇ ਅਚਲ ਵਟਾਲੇ ਦੇ ਜੋਗੀਆਂ ਜੰਗਮਾਂ, ਸਭ ਨੂੰ ਦੇਸ਼ਾਂ ਪਰਦੇਸ਼ਾਂ ਵਿਚ ਜਾ ਕੇ ਆਪਣੇ,

'ਸਚ ਕੀ ਬਾਣੀ ਨਾਨਕ ਆਖੈ ਸਚੁ ਸੁਣਾਇਸੀ ਸੱਚ ਕੀ ਬੇਲਾ।' ਦੇ ਅਸੂਲ ਨੂੰ ਹਰ ਖ਼ਤਰਾਂ ਸੁਹੇੜ ਕੇ ਵੀ ਕਾਇਮ ਰੱਖਿਆ। ਸਿਪਾਹੀ ਦੇ ਤੌਰ ਤੇ ਆਪਣੇ ਅਸੂਲ ਉਤੇ ਦਲੇਰੀ ਨਾਲ ਡਟੇ ਤੇ ਸੰਤ ਦੇ ਤੌਰ ਤੇ ਚੋਰਾਂ, ਠਗਾਂ, ਰਾਕਸ਼ਾਂ, ਭੁਲੜ ਤੇ ਜ਼ਾਲਮ ਹਾਕਮਾਂ, ਗ੍ਰਿਹਸਤੀਆਂ, ਵਪਾਰੀਆਂ ਤੇ



Digitized by Panjab Digital Library | www.panjabdigilib.org

ਕਿਸਾਨਾਂ, ਅਮੀਰਾਂ, ਗਰੀਬਾਂ ਸਭ ਨੂੰ ਸੱਚ ਦਾ ਚਾਨਣ ਬਖ਼ਸ਼ ਕੇ ਕੂੜ ਕਪਟ ਦੇ ਅਨ੍ਹੇਰੇ ਵਿਚੋਂ ਕੱਢਿਆ ਕਿਉਂਕਿ ਸਮੁੱਚੀ ਮਾਨੁੱਖ ਜਾਤੀ ਸਿੱਖ ਧਰਮ ਤੇ ਹੋਰ ਸਾਰੇ ਮਜ਼੍ਹਬਾਂ ਦੇ ਸਭ ਤੋਂ ਵੱਡੇ ਆਦੇਸ਼ ਨੂੰ ਉਹਨਾਂ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿਚ ਹੀ ਫ਼ਰਮਾਇਆ ਹੈ:—

'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੂਟੈ ਪਾਲਿ ।'

ਭਾਵ ਅਸੀਂ (ਸਾਰੇ ਮਨੁੱਖ) ਕੂੜ ਦੀ ਕੰਧ ਨੂੰ ਢਾਹ ਕੇ ਕਿਵੇਂ ਸਚੇ ਬਣੀਏ, ਇਹ ਆਦਰਸ਼ ਕਿੰਨਾ ਉੱਚਾ, ਸੁੱਚਾ ਤੇ ਸੱਚਾ ਹੈ—ਧਰਮ ਤੇ ਸਾਇੰਸ ਦੋਵੇਂ ਹੀ ਸੱਚ ਦੀ ਭਾਲ ਵਿਚ ਨੇ। ਆਸਤਕ ਹੋਵੇ ਜਾਂ ਨਾਸਤਕ ਦੋਵੇਂ ਹੀ ਸਚਿਆਰ ਬਣਨ ਜਾਂ ਹੋਣ ਦਾ ਦਾਅ੍ਵਾ ਕਰਦੇ ਨੇ । ਕਿੰਨਾ ਮਹਾਨ ਤੇ ਹਰਮਨ ਪਿਆਰਾ ਹੈ ਗੁਰੂ ਨਾਨਕ ਦੇਵ ਜੀ ਦਾ ਆਦਰਸ਼ ਤੇ ਸਿਧਾਂਤ ।

ਕਿਸੇ ਗਰੰਥ, ਪੁਸਤਕ, ਲੈਕਚਰ, ਕਥਾ, ਲੇਖ ਜਾਂ ਖੋਜ ਪੱਤਰ ਦਾ ਮਨੋਰਥ ਇਸ ਗਲ ਨਾਲ ਹੀ ਖ਼ਤਮ ਨਹੀਂ ਹੋ ਜਾਂਦਾ ਕਿ ਲੇਖਕ ਜਾਂ ਕਰਤਾ ਆਪਣੀ ਸਿਫਤ ਜਾਂ ਵਾਹ ਵਾਹ ਪ੍ਰਾਪਤ ਕਰੇ ਤੇ ਲੋਕ ਉਸ ਨੂੰ, "ਮਹਾਰਾਜ ਧੰਨ ਹੋ, ਮਹਾਰਾਜ ਧੰਨ ਹੋ" ਕਹਿਣ, ਇਹ ਰਵੱਯਾ ਗ਼ਲਤ ਹੈ। ਕਿਸੇ ਵਿਦਵਾਨ ਦੀ ਵਿਦਵਤਾ ਦਾ ਫਾਇਦਾ ਤਾਂ ਹੈ ਜੇ ਉਹ ਪਹਿਲਾਂ ਖੁਦ ਮਿਥੇ ਹੋਏ ਅਸੂਲਾਂ ਤੇ ਅਮਲ ਕਰੇ ਤੇ ਫਿਰ ਲੋਕ ਵੀ ਇਸ ਦੀ ਗੱਲ ਨੂੰ ਸੁਣ ਜਾਂ ਪੜ੍ਹ ਕੇ ਨਿਰਾ ਮੂੰਹ ਮਿੱਠਤ ਜਾਂ ਕੰਨ ਰਸ ਹੀ ਨ ਲੈਣ ਸਗੋਂ ਅਸੂਲਾਂ ਨੂੰ ਆਪਣੇ ਅਸਲੀ ਜੀਵਨ ਵਿਚ ਢਾਲਨ । ਇਸ ਕਾਂਢ ਵਿਚ ਮੈਂ ਗੁਰੂ ਨਾਨਕ ਦੇਵ ਜੀ ਦੇ ਸੰਤ ਸਿਪਾਹੀ ਜੀਵਨ ਦਾ ਵਰਣਨ ਕਰਨ ਦਾ ਤੁਛ ਜਿਹਾ ਜਤਨ ਕੀਤਾ ਹੈ, ਮੈਂ ਸਮਝਦਾ ਹਾਂ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਦੀ ਸਾਡੇ ਲਈ ਸਭ ਤੋਂ ਵੱਡੀ ਦਾਤ, ਸੱਚੇ ਅਰਥਾਂ ਵਿਚ ਸੰਤ ਸਿਪਾਹੀ ਦੀ ਜੀਵਨ ਜਾਚ ਨੂੰ ਅਪਨਾਣਾ ਹੈ । ਸਿੱਖ ਧਰਮ ਇਕ ਮਨੁੱਖ ਦੀ ਆਤਮਾ ਦਾ ਕਿਸੇ ਹੋਰ ਮਨੁੱਖ ਦੇ ਸਰੀਰ ਵਿਚ ਪਰਵੇਸ਼ ਕਰ ਜਾਣਾ ਵਿਚ ਵਿਸ਼ਵਾਸ ਰੱਖਦਾ ਹੈ । ਇਸ ਗੱਲ ਦੀ ਪੱਕੀ ਪੁਸ਼ਟੀ ਦਸ਼ਮੇਸ਼ ਜੀ ਦੇ ਲਿਖੇ ਬਚਿੱਤਰ ਨਾਟਕ ਵਿਚੋਂ ਵੀ ਮਿਲਦੀ ਹੈ ਜਿਸ ਵਿਚ ਉਹਨਾਂ ਦਸਿਆ ਹੈ ਕਿ ਕਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਆਤਮਾ ਦਾ ਦੀਵਾ ਪੀਹੜੀਓ ਪੀਹਕੀ ਗੁਰੂ ਗੋਬਿੰਦ ਸਿੰਘ ਜੀ ਤਕ ਜਗਦਾ ਆਇਆ । ਪੰਜਵੇਂ ਗੁਰੂ ਨਾਨਕ (ਗੁਰੂ ਅਰਜਨ ਦੇਵ ਜੀ) ਨੇ ਸਚਾਈ ਤੇ ਅਸੂਲ ਦੀ ਖਾਤਰ ਤੱਤੀ ਲੋਹ ਤੇ ਬਹਿ ਕੇ ਸ਼ਹੀਦੀ ਪ੍ਰਾਪਤ ਕੀਤੀ । ਛੇਵੇਂ ਗੁਰੂ ਨਾਨਕ (ਗੁਰੂ ਹਰਿ ਗੋਬਿੰਦ ਜੀ) ਨੇ ਤੇ ਸੱਚ ਮੁੱਚ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਣ ਕੇ ਤੇ ਮੈਦਾਨੇ ਜੰਗ ਵਿਚ ਤਲਵਾਰ ਦੇ ਜੌਹਰ ਵਿਖਾ ਕੇ ਆਪਣੇ ਆਪ ਨੂੰ ਲਾਸਾਨੀ ਸੰਤ ਸਿਪਾਹੀ ਸਾਬਤ ਕੀਤਾ । ਗੁਰੂ ਹਰਿਰਾਏ ਜੀ ਤੇ ਗੁਰੂ ਤੇਗ ਬਹਾਦਰ ਜੀ ਭਗਤੀ ਤੋਂ ਛੁੱਟ ਸ਼ਸਤਰ ਦੀ ਸ਼ਕਤੀ ਦੇ ਵੀ ਧਨੀ ਸਨ । ਅੱਠਵੇਂ ਨਾਨਕ ਗੁਰੂ ਹਰਿਕਿਸ਼ਨ ਜੀ ਛੇ ਸੱਤ ਸਾਲ



Digitized by Panjab Digital Library | www.panjabdigilib.org

ਦੀ ਬਾਲ ਅਵਸਥਾ ਵਿਚ ਹੀ ਪਰਲੋਕ ਸਿਧਾਰ ਗਏ ਸਨ। ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ ਤੇ ਤਲਵਾਰ ਨੂੰ ਕੇਸਾਂ ਵਾਂਗੂੰ ਹੀ ਸਿੱਖੀ ਦਾ ਜ਼ਰੂਰੀ ਅੰਗ ਬਣਾ ਦਿੱਤਾ ਤੇ ਸੱਚੇ ਸਿੰਘਾਂ ਨੂੰ ਸੰਤ ਸਿਪਾਹੀ ਦਾ ਖ਼ਤਾਬ ਬਖ਼ਸ਼ਿਆ ਤੇ ਖਾਲਸਾ ਦੇ ਰੁਤਬੇ ਤੇ ਰੂਪ ਨਾਲ ਨਿਵਾਜਿਆ। ਆਪਣੇ ਆਪ ਨੂੰ ਵੀਹ ਹਿੱਸੇ ਤੇ ਸਾਧ ਸੰਗਤ ਨੂੰ ਇੱਕੀ ਹਿੱਸੇ ਦਸਿਆ। "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ" ਅਖਵਾਇਆ ਤੇ ਖਾਲਸਾ ਪੰਥ ਨੂੰ ਵਡਿਆਂਦਿਆਂ ਹੋਇਆ ਆਖਿਆ :—

"ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋਸੇ ਗ਼ਰੀਬ ਕਰੋਰ ਪਰੇ।"

ਸਯਦ ਮੁਹੰਮਦ ਲਤੀਫ਼ ਸਿੱਖਾਂ ਸੰਬੰਧੀ ਬੜਾ ਮੁਤਅੱਸਬ ਇਤਿਹਾਸਕਾਰ ਹੈ ਤੇ ਉਸ ਨੇ ਇਤਿਹਾਸ ਨੂੰ ਤਰੋੜ ਮਰੋੜ ਕੇ ਮੁਗ਼ਲ ਬਦਸ਼ਾਹਾਂ ਨੂੰ ਸਿੱਖ ਗੁਰੂਆਂ ਤੇ ਸਿੱਖਾਂ ਉਤੇ ਜ਼ੁਲਮ ਕਰਨ ਦੇ ਦੋਸ਼ ਤੋਂ ਬਰੀ ਕਰਨ ਦਾ ਪੂਰਾ ਟਿੱਲ ਲਾਇਆ ਹੈ। ਪਰ ਸੱਚ ਹਜ਼ਾਰਾਂ ਪਰਦਿਆਂ ਨੂੰ ਪਾੜ ਕੇ ਵੀ ਬਾਹਰ ਨਿਕਲ ਆਉਂਦਾ ਹੈ। ਉਹ ਵੀ ਆਪਣੀ ੧੮੯੧ ਵਿਚ ਛਪੀ ਕਿਤਾਬ, 'ਹਿਸਟਰੀ ਆਫ਼ ਦੀ ਪੰਜਾਬ' ਦੇ ਸਫਾ ੨੭੦ ਤੇ ਲਿਖਦਾ ਹੈ, "ਇਤਿਹਾਸਕਾਰ ਗੁਰੂ ਗੋਬਿੰਦ ਸਿੰਘ ਦੇ ਗੁਣਾਂ ਦੀ ਤ਼ਾਰੀਫ਼ ਕਰਨ ਵਿਚ ਸਹਿਮਤ ਨੇ। ਉਹਨਾਂ ਵਿਚ ਧਾਰਮਕ ਲੀਡਰ ਤੇ ਸਰਬੀਰ ਦੇ ਗੁਣਾਂ ਦਾ ਸੁਮੇਲ ਸੀ। ਉਹ ਪ੍ਰਚਾਰ ਦੀ ਗੱਦੀ ਉਤੇ ਨਿਯਮ ਦਾਤਾ ਸਨ, ਮੈਦਾਨ ਵਿਚ ਮਹਾਨ ਜੇਤੂ ਸਨ, ਸਿੰਘਾਸਣ ਤੇ ਬਾਦਸ਼ਾਹ ਸਨ ਤੇ ਖ਼ਾਲਸੇ ਦੀ ਸੰਗਤ ਵਿਚ ਫ਼ਕੀਰ ਸਨ।"

ਸੱਯਦ ਮੁਹੰਮਦ ਲਤੀਫ ਨੇ ਸੰਤ ਸਿਪਾਹੀ ਦੀ ਵਿਅਕਤੀ ਦਾ ਕਿੰਨਾ ਸੁੰਦਰ ਨਕਸ਼ਾ ਖਿੱਚਿਆ ਹੈ। ਜੇ ਸਾਨੂੰ ਗੁਰੂ ਗਰੰਥ, ਮਾਨੁੱਖਤਾ ਤੇ ਦੇਸ਼ ਦਾ ਸੱਚਾ ਦਰਦ ਹੈ ਤਾਂ ਆਉ ਅਸੀਂ ਸੱਚ ਬੋਲਣ, ਸੱਚ ਸੁਨਣ ਤੇ ਸੱਚ ਦੀ ਹਮਾਇਤ ਕਰਨ ਲਈ ਆਪਣੇ ਮਨਾਂ ਚੋਂ ਪਾਖੰਡ ਦੀ ਮੈਲ ਕੱਢਣ ਲਈ ਆਪਣੇ ਅੰਦਰ ਸਚਾਈ ਦੀ ਕੰਘੀ ਫੇਰੀਏ ਤੇ ਆਪਣੇ ਆਪ ਹੀ ਸਵਾਲ ਕਰੀਏ ਤੇ ਆਪਣੀ ਜ਼ਮੀਰ ਤੋਂ ਜਵਾਬ ਸੁਣੀਏ ਭਲਾ ਅਸੀਂ ਸੰਤ ਹਾਂ ? ਭਲਾ ਅਸੀਂ ਸਿਪਾਹੀ ਹਾਂ ? ਭਲਾ ਅਸੀਂ ਸੰਤ ਤੇ ਸਿਪਾਹੀ ਦੇ ਗੁਣਾਂ ਤੇ ਸ਼ਕਤੀਆਂ ਦਾ ਸੁਚੱਜਾ, ਸੱਚਾ, ਸੁਭਾਵਕ, ਸੁਘੜ ਤੇ ਸੁਬਲ ਸੁਮੇਲ ਤੇ ਸਜੋੜ ਹਾਂ ? ਸਾਡੇ ਸੰਤ ਸਿਪਾਹੀ ਗੁਰੂਆਂ ਨੇ ਤੇ ਆਪਣੀ ਗੁਰਿਆਈ ਦੀਆਂ ਗੱਦੀਆਂ ਵੀ ਮਨੁੱਖਾਂ ਦੇ ਗੁਣ ਵੇਖ ਕੇ ਹੀ ਨਹੀਂ ਸਗੋਂ ਜੋਹ ਕੇ ਦਿੱਤੀਆਂ ਸਨ ਤੇ ਭਲਾ ਅਸੀਂ ਅੱਜ ਗ਼ਰੀਬ ਅਮੀਰ, ਜਾਤਪਾਤ ਤੇ ਆਪਣੇ ਪਰਾਏ ਦੇ ਵਿਤਕਰੇ ਤੋਂ ਬਿਨਾਂ ਜੀਵਨ ਦੇ ਉੱਚੇ ਗੁਣਾਂ ਤੇ ਸਿਖਰ ਦੀ ਰਹਿਤ ਬਹਿਤ ਨੂੰ ਮੁੱਖ ਰੱਖ ਕੇ ਚੋਧਰਾਂ ਤੇ ਸ਼ਾਨਾਂ ਬਾਨਾਂ ਦੇਂਦੇ ਤੇ ਲੈਂਦੇ ਹਾਂ ਜਾਂ ਪੈਸਿਆਂ ਦੇ ਛਣਕਾਰ ਅਤੇ ਕਾਰਾਂ ਕੋਠੀਆਂ ਦੇ ਹੁਲਾਰਿਆਂ ਆਦਿ ਦੇ ਅੱਗੇ ਝੁਕ ਕੇ ?



Digitized by Panjab Digital Library | www.panjabdigilib.org

ਆਉ ਅੱਜ ਪ੍ਰਣ ਕਰੀਏ ਕਿ ਅਸਾਂ ਸੱਚ ਨਾਲ ਯਾਰੀ ਲਾਣੀ ਹੈ ਅਤੇ ਝੂਠ ਦੀ ਕੰਧ ਸੱਚ ਦੀ ਸਦੀਵੀ ਸ਼ਕਤੀ ਦੀ ਸੱਟ ਨਾਲ ਢਾਹੁਣੀ ਹੈ, ਮਲਕ ਭਾਗੋ ਜਿਹੇ ਵੇਹਲੜਾਂ ਦੀ ਬਜਾਏ ਭਾਈ ਲਾਲੋ ਜਿਹੇ ਕਿਤਰੀਆਂ ਨਾਲ ਦੋਸਤੀ ਪਾਣੀ ਹੈ, ਬਿਨਾਂ ਕਿਸੇ ਵਿਤਕਰੇ ਦੇ ਹਰ ਮਨੁੱਖ ਦੀ ਵਿੱਤ ਅਨੁਸਾਰ ਸੇਵਾ ਕਰਨੀ ਹੈ, ਮਨੁੱਖਤਾ ਦੇ ਭਲੇ ਦੇ ਹਰ ਆਦਰਸ਼ ਲਈ ਹੱਸ ਕੇ ਹਰ ਕਿਸਮ ਦੀ ਕੁਰਬਾਨੀ ਦੇਣੀ ਹੈ ਅਤੇ ਬਿਨਾਂ ਕਿਸੇ ਪਾਖੰਡ ਜਾਂ ਪਾਜ ਤੋਂ ਕੇਵਲ ਇਕੋ ਵਾਹਿਗੁਰੂ ਦੀ ਯਾਦ ਵਿਚ ਜੀਵਨ ਬਿਤਾਣਾ ਹੈ। ਇਹ ਹੀ ਗੁਰੂ ਨਾਨਕ ਸਾਹਿਬ ਜੀ ਦੀ ਮਨੁੱਖਤਾ ਨੂੰ ਦਿਤੀ ਹੋਈ ਜੀਵਨ-ਜਾਚ ਹੈ ਜਿਸ ਰਾਹੀਂ ਅਸੀਂ ਵੀ ਸੱਚੇ ਸੰਤ-ਸਿਪਾਹੀ ਬਣ ਸਕਦੇ ਹਾਂ।

———



Digitized by Panjab Digital Library | www.panjabdigilib.org

ਕਾਂਡ ਸੱਤਵਾਂ

# ਧਰਮ ਦਾ ਮੁੱਢ, ਮਨੋਰਥ, ਵਿਕਾਸ ਅਤੇ ਸਿੱਖ ਧਰਮ ਦੀਆਂ ਵਿਸ਼ੇਸ਼ਤਾਈਆਂ

ਸਿੱਖ ਧਰਮ ਸੰਸਾਰ ਦੇ ਮੰਨੇ ਪ੍ਰਮੰਨੇ ਧਰਮਾਂ ਵਿਚੋਂ, ਉਮਰ ਵਿੱਚ ਸਭ ਤੋਂ ਛੁਟੇਰਾ ਹੈ। ਇਸ ਲਈ ਇਸ ਵਿੱਚ ਮਨੁੱਖ ਦੇ ਸਮੁੱਚੇ ਧਾਰਮਿਕ ਤਜਰਬਿਆਂ ਦਾ ਸਾਰ ਹੈ ਕਿਉਂਕਿ ਉਮਰੋਂ ਛੋਟੀਆਂ ਨੂੰ ਆਪਣੇ ਤੋਂ ਪਹਿਲਾਂ ਹੋ ਚੁੱਕੇ ਲੋਕਾਂ ਦਾ ਤਜਰਬਾ ਤੇ ਵੀਚਾਰਧਾਰਾਵਾਂ ਵਿਰਸੇ ਵਿਚ ਮਿਲਦੀਆਂ ਨੇ। ਇਸ ਗੱਲ ਦੇ ਬਾਵਜੂਦ, ਸਿੱਖ ਧਰਮ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹਨ। ਇਨ੍ਹਾਂ ਨੂੰ ਜਾਣਨ ਤੋਂ ਪਹਿਲਾਂ, ਮਨੁੱਖ ਦੀ ਆਦੀ-ਜੁਗਾਦੀ ਹੋਂਦ ਤੋਂ ਲੈ ਕੇ ਸਿੱਖ ਧਰਮ ਦੇ ਜਨਮ ਤੱਕ, ਮਨੁੱਕ ਦੇ ਧਾਰਮਕ ਵਿਕਾਸ ਦੇ ਕਾਰਣਾਂ ਤੇ ਸਿਧਾਂਤਾਂ ਬਾਰੇ ਸੰਖੇਪ ਜਿਹੀ ਵੀਚਾਰ ਕਰਨੀ ਲਾਭਵੰਦੀ ਹੋਵੇਗੀ।

## ਧਰਮ ਕੀ ਹੈ ?

ਮਨੁੱਖ ਦੇ ਵਿਕਾਸ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਕਿਸੇ ਨਾ ਕਿਸੇ ਪ੍ਰਕਾਰ ਦਾ ਧਰਮ ਮਨੁੱਖ ਦੀ ਹੋਂਦ ਤੋਂ ਹੀ ਚੱਲਦਾ ਆ ਰਿਹਾ ਹੈ। ਧਰਮ ਦਾ ਅਰਥ ਹੈ ਧਾਰਨ ਕਰਨਾ। ਕਈ ਲੇਖਕਾਂ ਤੇ ਵਿਚਾਰਵਾਨਾਂ ਨੇ ਧਰਮ ਦਾ ਅਰਥ ਬੰਨ੍ਹਣਾ ਵੀ ਕੀਤਾ ਹੈ। ਕਈਆਂ ਨੇ ਮਨੁੱਖ ਦੀ ਵਿਛੜੀ ਆਤਮਾ ਦਾ ਫਿਰ ਪਰਮਾਤਮਾ ਨਾਲ ਮੇਲ ਹੋਣ ਨੂੰ ਵੀ ਧਰਮ ਕਿਹਾ ਹੈ। ਕਈਆਂ ਦਾ ਖਿਆਲ ਹੈ ਕਿ ਉਹ ਸਾਰੇ ਨਿਯਮ ਜੋ ਮਨੁੱਖ ਦੀਆਂ ਮਾੜੀਆਂ ਰੁਚੀਆਂ ਅਤੇ ਮਾੜੇ ਜਜ਼ਬਾਤ ਜੋ ਮਨੁੱਖ ਦੀ ਭਲਾਈ ਤੇ ਹੋਰ ਉੱਚੇ ਅਸੂਲਾਂ ਦੀ ਪੂਰਤੀ ਵਿਚ ਰੁਕਾਵਟ ਪਾਉਂਦੇ ਹਨ, ਨੂੰ ਵੱਸ ਕਰਨ ਲਈ ਅਤੇ ਸਿੱਧੇ ਰਾਹ ਪਾਉਣ ਵਾਲੇ ਅਸੂਲਾਂ ਨੂੰ ਧਰਮ ਹੀ ਕਿਹਾ ਜਾਂਦਾ ਹੈ। ਜਿੱਥੋਂ ਤਕ ਧਰਮ ਦੇ ਮਨੁੱਖੀ ਹਿਰਦੇ ਵਿਚ ਉਗਮਣ ਤੇ ਪ੍ਰਗਟ ਹੋਣ ਦਾ ਸਬੰਧ ਹੈ ਬਹੁਤ ਸਾਰੇ ਵਿਦਵਾਨਾਂ ਦਾ ਖ਼ਿਆਲ ਹੈ ਕਿ ਕਿਸੇ ਮਹਾਨ ਅਟੱਲ ਅਤੇ ਮਾਨੁੱਖੀ



Digitized by Panjab Digital Library | www.panjabdigilib.org

ਵੱਸੀਕਾਰ ਤੋਂ ਬਾਹਰਲੀ ਸ਼ਕਤੀ ਤੇ ਇਨਸਾਨੀ ਬੇਬਸੀ ਦੇ ਕਾਰਨ ਜੋ ਮਨੁੱਖ ਦੇ ਹਿਰਦੇ ਵਿਚ ਡਰ ਪੈਦਾ ਹੋਇਆ, ਉਸ ਡਰ ਦੇ ਕਾਰਣ ਮਹਾਨ ਸ਼ਕਤੀ ਤੋਂ ਦਇਆ. ਮਿਹਰ ਅਤੇ ਸੁੱਖ-ਸਾਂਦ ਮੰਗਣ ਦੀ ਭਾਵਨਾ ਨੇ ਧਰਮ ਨੂੰ ਜਨਮ ਦਿੱਤਾ ।

ਧਾਰਮਿਕ ਖੋਜੀਆਂ ਵਿਚ ਇਸੇ ਕਰਕੇ ਫਰੈਡਰਿਖ ਸ਼ਲੇਅਰਮਾਰਖ਼ੇਰ ਦੇ ਸ਼ਬਦ, 'ਫ਼ੀਲਿੰਗ ਆਫ਼ ਐਬਸੋਲਿਊਟ ਡੀਪੈਂਡੈਂਸ' (ਪੂਰੀ ਨਿਰਭਰਤਾ ਦਾ ਜ਼ਜ਼ਬਾ, ਭਾਵਨਾ ਜਾਂ ਅਨੁਭਵ ਪ੍ਰਸਿੱਧ ਹਨ)। ਇਸ ਦਾ ਭਾਵ ਹੈ ਇਹ ਕਿ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਜਦੋਂ ਮਨੁੱਖ ਦੀ ਸਭਿੱਅਤਾ ਅਤੇ ਸਮਾਜ ਨੇ ਕੋਈ ਤਰੱਕੀ ਨਹੀਂ ਸੀ ਕੀਤੀ ਓਦੋਂ ਉਹ ਜੰਗਲਾਂ ਵਿੱਚ ਰਹਿੰਦਾ ਸੀ। ਉਸ ਦੇ ਜੀਵਨ ਦਾ ਨਿਰਭਰ ਕੁਦਰਤੀ ਆਲੇ ਦੁਆਲੇ ਤੇ ਸੀ। ਉਸ ਕੋਲ ਏਨੀ ਵਿਗਿਆਨਕ ਬੁੱਧੀ ਨਹੀਂ ਸੀ ਕਿ ਉਹ ਕੁਦਰਤੀ ਸ਼ਕਤੀਆਂ ਨੂੰ ਵੱਸ ਕਰ ਸਕੇ ਜਾਂ ਉਹਨਾਂ ਦੇ ਭੇਤਾਂ ਨੂੰ ਸਮਝ ਸਕੇ। ਇਸ ਲਈ ਬਿਜਲੀ ਦੀ ਕੜਕ, ਅਨ੍ਹੇਰੀ ਜਾਂ ਤੂਫਾਨ ਨਾਲ ਹੋਈ ਤਬਾਹੀ, ਭੁਚਾਲ ਦੇ ਭਿਆਨਕ ਸਿੱਟੇ, ਬਾਰਸ਼ ਦਾ ਹੋਣਾ ਜਾਂ ਨਾ ਹੋਣਾ, ਭੁਖਿਆਂ ਨੂੰ ਸ਼ਿਕਾਰ ਗਿਆਂ ਜਾਂ ਸਫਲਤਾ ਜਾਂ ਅਸਫਲਤਾ ਹੋਣੀ, ਖ਼ੂਨੀ ਜਾਨਵਰਾਂ ਨਾਲ ਟਾਕਰਾ ਕਰਦੇ ਸਮੇਂ ਜਿੱਤ ਜਾਂ ਹਾਰ, ਜੰਮਣਾ ਮਰਣਾ ਅਤੇ ਬੀਮਾਰੀਆਂ ਆਦਿ ਦੇ ਸਬੰਧ ਵਿੱਚ ਮਨੁੱਖ ਸਮਝਦਾ ਸੀ ਕਿ ਸਭ ਕੁਝ ਕਿਸੇ ਦੈਵੀ ਸ਼ਕਤੀ ਦੇ ਅਧੀਨ ਹੋ ਰਿਹਾ ਹੈ ਜਿਸ ਨੂੰ ਉਸ ਨੇ ਆਪਣੀ ਬੋਲੀ ਵਿਚ ਰੱਬ, ਪ੍ਰਮਾਤਮਾ, ਅੱਲਾ, ਗਾਡ, ਵਾਹਿਗੁਰੂ ਆਦਿ ਦਾ ਨਾਂਮ ਦਿੱਤਾ ਜਾਂ ਹੋਰ ਦੇਵੀਆਂ ਦੇਵਤਿਆਂ ਦੇ ਨਾਵਾਂ ਨਾਲ ਯਾਦ ਕੀਤਾ, ਜਿਨ੍ਹਾਂ ਨੂੰ ਖ਼ੁਸ਼ ਕਰਨ ਲਈ ਉਹ ਅਰਦਾਸਾਂ ਕਰਦਾ ਅਤੇ ਭਾਂਤ ਭਾਂਤ ਦੀਆਂ ਕੁਰਬਾਨੀਆਂ ਦੇਂਦਾ।

ਮਨੁੱਖੀ ਵਿਕਾਸ ਅਤੇ ਤਜਰਬੇ ਦੇ ਹਜ਼ਾਰਾਂ ਸਾਲ ਬਾਅਦ ਉਸ ਦੇ ਸਮਾਜ ਦੀ ਬਣਤਰ ਬਣੀ। ਇਸ ਤੋਂ ਪਹਿਲਾਂ ਮਨੁੱਖੀ ਧਰਮ ਦੇ ਖ਼ਾਸ ਅਤੇ ਛਿਲੇ-ਛਾਂਗ ਨਿਯਮ ਨਹੀਂ ਸਨ। ਭਾਵੇਂ ਉਹ ਕਿਸੇ ਨਾ ਕਿਸੇ ਦੈਵੀ ਸ਼ਕਤੀ ਵਿੱਚ ਵਿਸ਼ਵਾਸ ਰੱਖਦਾ ਸੀ ਪਰ ਫਿਰ ਵੀ ਉਹ ਵਿਸ਼ੇਸ਼ ਨਿਯਮਾਂ ਦੀ ਧਾਰਨਾ ਤੋਂ ਬਿਨਾਂ ਬਹੁਤ ਕੁਝ ਆਪਣੇ ਕੁਦਰਤੀ ਜਜ਼ਬਾਤ ਜਾਂ ਉਦਗਾਰ ਦੇ ਅਧੀਨ ਕਰਦਾ ਸੀ। ਜਜ਼ਬਾ ਕਿਸੇ ਨਿਯਮ ਦੀ ਅਗਵਾਹੀ ਹੇਠ ਨਹੀਂ ਆਉਂਦਾ ਅਤੇ ਇੱਛਾ ਦਾ ਫਲ ਹੈ। ਇਸ ਤਰ੍ਹਾਂ ਪ੍ਰਾਚੀਨ ਧਰਮ ਵਿੱਚ ਵਿਸ਼ਵਾਸ ਰੱਖਣ ਵਾਲਾ ਮਨੁੱਖ ਆਪਣੇ ਲਈ ਤੇ ਲੋਕਾਂ ਲਈ ਕੇਵਲ, ਜਜ਼ਬੇ ਦੇ ਅਧੀਨ ਹੋ ਕੇ ਹਰ ਕੰਮ ਕਰਦਾ ਸੀ। ਉਹ ਆਮਤੌਰ ਤੇ ਨ ਆਪਣੇ ਲਈ ਅਤੇ ਨ ਹੀ ਹੋਰ ਜੀਵਾਂ ਲਈ ਲਾਭਦਾਇਕ ਸਾਬਤ ਹੁੰਦਾ ਅਤੇ ਕਈ ਵਾਰੀ ਮਨੁੱਖੀ ਸਮਾਜ ਨੂੰ ਸਮਾਜਕ ਟੋਲੀਆਂ ਅਤੇ ਇਕੱਲੀਆਂ ਇਕੱਲੀਆਂ ਵਿਅਕਤੀਆਂ ਦੇ ਕੁਦਰਤੀ ਜਜ਼ਬੇ ਪਿੱਛੇ ਅੰਨ੍ਹੇ ਵਾਹ ਲੱਗ ਕੇ ਨੁਕਸਾਨ ਉਠਾਉਣਾ ਪੈਂਦਾ। ਇਸੇ ਕਰਕੇ ਮਨੁੱਖੀ ਵਿਕਾਸ ਦੇ ਪੜਾਵਾਂ ਵਿਚ ਦੇ ਇਸ ਧਰਮ ਨੂੰ (ਨੈਚੂਰਲ ਰਿਲੀਜਨ) ਕਿਹਾ ਜਾਂਦਾ ਹੈ।

ਇਸ ਦੇ ਕਾਫ਼ੀ ਸਮਾਂ ਬਾਅਦ ਸਮਾਜ ਦੇ ਹੋਰ ਪੱਖ ਦੀ ਉੱਨਤੀ ਦੇ ਨਾਲ ਹੀ



Digitized by Panjab Digital Library | www.panjabdigilib.org

ਧਾਰਮਿਕ ਖੇਤਰ ਵਿਚ ਵੀ ਉੱਨਤੀ ਹੋਈ ਅਤੇ ਧਰਮ ਨਿਯਮਬੱਧ ਹੋ ਗਿਆ ਜਿਸ ਨੂੰ "ਡਾਗਮੈਟਿਕ ਜਾਂ ਡਾਕਟਰਾਈਨਲ" ਰਿਲੀਜਨ ਕਿਹਾ ਜਾਂਦਾ ਹੈ। ਅੱਜ ਦੇ ਵਿਸ਼ਾਲ ਅਤੇ ਉੱਨਤ ਮਨੁੱਖੀ ਗਿਆਨ ਵਿੱਚ ਧਰਮ ਦੇ ਕਈ ਭਾਗ ਹਨ।

ਥੀਆਲੋਜੀ, ਥੀਅਸਦਾ ਅਰਥ ਹੈ ਗਾਡ ਜਾਂ ਰੱਬ ਅਤੇ ਲੋਗਸ ਦਾ ਅਰਥ ਹੈ ਡਿਸਕੋਰਸ, ਸਾਇੰਸ ਜਾਂ ਵਿਗਿਆਨ। ਇਸ ਲਈ ਥੀਆਲੋਜੀ ਉਹ ਸਾਇੰਸ ਹੈ ਜੋ ਮਨੁੱਖ ਅਤੇ ਰੱਬ ਦੇ ਸਬੰਧ ਦਾ ਅਧਿਐਨ ਕਰਦੀ ਹੈ। ਇਹ ਹੁਣ ਵਿਸ਼ੇਸ਼ ਧਰਮਾਂ ਨਾਲ ਸਬੰਧਤ ਹੈ, ਜਿਵੇਂ ਈਸਾਈ ਧਰਮ ਦੇ ਨਿਯਮਾਂ ਦਾ ਅਧਿਐਨ ਕ੍ਰਿਸ਼ਚਨ ਥੀਆਲੋਜੀ ਨੂੰ 'ਕਰਾਈਸਟ ਲੋਜੀ' ਕਹਿੰਦੇ ਹਨ। ਇਸ ਤਰ੍ਹਾਂ ਸਿੱਖ ਥੀਆਲੋਜੀ ਜੋ ਸਿੱਖ ਧਰਮ ਦਾ ਅਧਿਐਨ ਕਰਦੀ ਹੈ ਵਾਸਤੇ। ਮੈਂ ਮੌਲਿਕ ਸ਼ਬਦ 'ਸਿੱਖਾਲੋਜੀ' ਬਣਾਇਆ ਹੈ ਜਿਸ ਨੂੰ ਮੈਂ ਇਸ ਤੋਂ ਪਹਿਲਾਂ ਆਪਣੇ ਖੋਜ ਪਤਰਾਂ ਵਿਚ ਸੰਸਾਰ ਦੇ ਅੰਤਰ ਕੌਮਾਂਤਰੀ ਸਰਬ-ਧਰਮਾਂ ਦੀਆਂ ਸਮੇਲਨਾਂ ਵਿੱਚ ਵਰਤ ਚੁੱਕਾ ਹਾਂ। ਧਰਮ ਦੇ ਖੇਤਰ ਦੇ ਵਿਦਵਾਨਾਂ ਦਾ ਖਿਆਲ ਹੈ ਕਿ ਥੀਆਲੋਜੀ ਇੱਕ ਥਿਊਰੀ ਹੈ ਅਤੇ ਰਿਲੀਜਨ ਜਾਂ ਧਰਮ ਉਸ ਦੀ ਪਰੈਕਟਸ ਜਾਂ ਅਮਲ ਹੈ। ਮਿਸਾਲ ਦੇ ਤੌਰ ਤੇ ਸਿੱਖਾਲੋਜੀ ਦਸਦੀ ਹੈ ਕਿ ਅੰਮ੍ਰਿਤ ਸੰਸਕਾਰ ਹੋਣ ਦੇ ਸਮੇਂ ਤੋਂ ਹਮੇਸ਼ਾਂ ਗੁਰੂ ਦਸ਼ਮੇਸ਼ ਜੀ ਦਾ ਸਿੰਘ ਪੰਜ ਕਕਾਹ ਧਾਰਨ ਕਰੇ। ਇਹ ਨਿਯਮ ਸਿੱਖਾਲੋਜੀ ਦੱਸਦੀ ਹੈ ਅਤੇ ਇਸ ਨੂੰ ਧਾਰਨਾਂ, ਅਮਲੀ ਰੂਪ ਦੇਣਾ ਸਿੰਘ ਦਾ ਧਰਮ ਜਾਂ ਰਿਲੀਜਨ ਹੈ।

ਸੰਸਾਰ ਦੇ ਵੱਖ ਵੱਖ ਵਿਦਵਾਨਾਂ ਨੇ ਧਰਮ ਦੇ ਕਈ ਜ਼ਰੂਰੀ ਅੰਗ ਦੱਸੇ ਹਨ ਪਰ ਦੱਸਾਂ ਅੰਗਾਂ ਨਾਲ ਬਹੁਤ ਸਾਰੇ ਵਿਦਵਾਨ ਸਹਿਮਤ ਹਨ :—

ਖਿਮਾ, ਅਹਿੰਸਾ, ਦਇਆ, ਸਿਦਕ, ਸਤ ਬਚਨ, ਤਪ, ਦਾਨ।
ਸ਼ੀਲ, ਸੋਚ, ਤ੍ਰਿਸ਼ਨਾ ਬਿਨਾਂ ਧਰਮ ਦੱਸ ਅੰਗ ਜਾਨ ॥

ਥੀਆਲੋਜੀ ਦੇ ਕਈ ਭਾਗ ਹਨ :—

ਕੋਮਪੈਰੇਟਿਵ ਥਰਆਹੋਜੀ, ਧਰਮ ਦੇ ਇਤਿਹਾਸ ਅਤੇ ਵੱਖ ਵੱਖ ਧਰਮਾਂ ਦੇ ਨਿਯਮਾਂ ਦਾ ਤੁਲਨਾਤਮਕ ਅਧਿਐਨ ਕਰਦੀ ਹੈ। ਸੋਸ਼ਆਲੋਜੀ ਆਫ ਰਿਲੀਜਨ, ਧਰਮ ਦੇ ਵੱਖ ਵੱਖ ਫ਼ਿਰਕਿਆਂ ਦਾ ਅਧਿਅਨ ਕਰਦੀ ਹੈ। ਸਾਈਕਾਲੋਜੀ ਆਫ਼ ਰਿਲੀਜਨ, ਧਰਮ ਦੇ ਮਨੋਵਿਗਿਆਨਕ ਖੇਤਰ ਦਾ ਮੁਤਾਲਿਆ ਕਰਦਾ ਹੈ ਕਿ ਧਰਮ ਦਾ ਮਨੁੱਖਾਂ ਦੇ ਮਨਾਂ ਤੇ ਕੀ ਪ੍ਰਭਾਵ ਪੈਂਦਾ ਹੈ। ਫ਼ਿਲਾਸਫ਼ੀ ਆਫ਼ ਰਿਲੀਜਨ-ਇਸ ਵਿਚ ਧਰਮ ਦੇ ਨਿਯਮਾਂ ਦੇ ਕਿਉਂ ਤੇ ਕਿਵੇਂ ਦਾ ਅਧਿਐਨ ਹੁੰਦਾ ਹੈ।

ਸਿੱਖੀ ਵਿੱਚ ਧਰਮ ਨੂੰ ਮਨੁੱਖ ਦੇ ਜੀਵਨ ਦਾ ਅਨਿਖੜਵਾਂ ਅੰਗ ਸਮਝਿਆ ਗਿਆ ਹੈ ਅਤੇ ਧਰਮ ਦੇ ਅੰਗਾਂ ਬਾਰੇ ਵੀ ਕਈ ਥਾਂਈ ਜ਼ਿਕਰ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਜਿਵੇਂ ਕੁਦਰਤ ਦੀਆਂ ਸ਼ਕਤੀਆਂ ਕਿਸੇ ਨਾ ਕਿਸੇ ਨਿਯਮ ਵਿਚ



Digitized by Panjab Digital Library | www.panjabdigilib.org

ਬੱਝੀਆਂ ਹੋਈਆਂ ਹਨ ਇਸੇ ਤਰ੍ਹਾਂ ਮਨੁੱਖੀ ਜੀਵਨ ਵੀ ਧਰਮ ਦੇ ਨਿਯਮਾਂ ਵਿੱਚ ਹੈ। ਇਹਨਾਂ ਵਿਚਾਰਾਂ ਨੂੰ ਉਹ ਜਪੁਜੀ ਦੀ ਪਹਿਲੀ ਪੌੜੀ "ਰਾਤੀ ਰੁਤੀ ਥਿਤੀਵਾਰ" ਨਾਲ ਅਰੰਭ ਕਰਦੇ ਹਨ। ਸਿੱਖ ਧਰਮ ਵਿੱਚ ਸੰਤੋਖ ਦਇਆ ਅਤੇ ਵਾਹਿਗੁਰੂ ਦੇ ਨਾਮ ਜਪਣ ਨੂੰ ਧਰਮ ਦੇ ਅੰਗਾਂ ਵਿੱਚ ਖ਼ਾਸ ਥਾਂ ਹਾਸਲ ਹੈ। ਹਿੰਦੂਆਂ ਅਨੁਸਾਰ ਧਰਤੀ ਬਲਦ ਨੇ ਚੁੱਕੀ ਹੋਈ ਹੈ ਅਤੇ ਉਸ ਦੇ ਸਹਾਰੇ ਜਾਂ ਉਸ ਦੀ ਸ਼ਕਤੀ ਨਾਲ ਇਹ ਧਰਤੀ ਅਸਮਾਨ ਆਪਣੇ ਥਾਂ ਤੇ ਅਹਿੱਲ ਖਲੋਤੀ ਹੈ ਅਤੇ ਸੰਸਾਰ ਦਾ ਕਾਰੋਬਾਰ ਚਲ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਸੰਸਾਰ ਧਰਮ ਰੂਪੀ ਬਲਦ ਦੇ ਸਹਾਰੇ ਚੱਲ ਰਿਹਾ ਹੈ ਜਿਸ ਵਿੱਚ ਸੰਤੋਖ ਤੇ ਦਇਆ ਨੂੰ ਖ਼ਾਸ ਥਾਂ ਹਾਸਲ ਹੈ ਜਿਵੇਂ :

"ਧੌਲ ਧਰਮ ਦਇਆ ਕਾ ਪੂਤ,  
ਸੰਤੋਖ ਥਾਪ ਰਖਿਆ ਜਿਨ ਸੂਤ।  
ਰੱਬ ਦਾ ਨਾਮ ਜੱਪਣ ਵਾਲੇ ਗੁਰੂ ਅਰਜਨ ਦੇਵ ਜੀ ਦੱਸਦੇ ਹਨ :—  
ਸਰਬ ਧਰਮ ਮਹਿ ਸ੍ਰੇਸ਼ਟ ਧਰਮ।  
ਹਰਿ ਕੋ ਨਾਮ ਜਪਿ ਨਿਰਮਲ ਕਰਮ ॥

## ਧਰਮ ਦੇ ਸੋਮੇ

ਮਨੁੱਖ ਦੇ ਹਿਰਦੇ ਵਿੱਚ ਰੱਬ ਜਾਂ ਦੇਵੀ ਦੇਵਤਿਆਂ ਦਾ ਸ੍ਰੇਸ਼ਟ ਸਰਬ ਸ਼ਕਤੀਮਾਨ ਹੋਂਦ ਵਿਚ ਵਿਸ਼ਵਾਸ ਬਾਰੇ ਸੰਸਾਰ ਦੇ ਪ੍ਰਸਿੱਧ ਵਿਦਵਾਨਾਂ ਦੀਆਂ ਵੱਖ ਵੱਖ ਰਾਵਾਂ ਅਤੇ ਥਿਊਰੀਆਂ ਹਨ।

੧. ਐਨੀਮਿਜ਼ਮ (ਜੀਵਨ ਵਾਦ) :—ਇਸ ਥਿਉਰੀ ਦਾ ਬਾਨੀ ਸੰਸਾਰ ਪ੍ਰਸਿੱਧ ਮਨੁੱਖ-ਵਿਗਿਆਨੀ (ਐਂਥਰੋਪਾਲੋਜਿਸਟ) ਸਰ ਐਡਵਰਡ ਬਰਨੈਟ ਟਾਈਲਰ ਹੈ, ਜਿਸ ਦੀ ਖੋਜ ਦੀ ਪੁਸਤਕ, "ਪਰਿਮੇਟਿਵ ਕਲਚਰ" ਜੋ ੧੮੭੧ ਵਿੱਚ ਛਪੀ, ਨੇ ਸੰਸਾਰ ਭਰ ਦੇ ਧਾਰਮਿਕ ਵਿਦਵਾਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ।

ਐਨੀਮਾ :- ਲਾਤੀਨੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ, 'ਆਤਮਾ'। ਇਸ ਥਿਉਰੀ ਅਨੁਸਾਰ ਇੱਕ ਸ਼ਕਤੀਮਾਨ ਆਤਮਾ ਵਿੱਚ ਵਿਸ਼ਵਾਸ ਰੱਖਿਆ ਗਿਆ ਹੈ ਜੋ ਜੀਵਾਂ ਅਤੇ ਚੀਜ਼ਾਂ ਵਿੱਚ ਪ੍ਰਵੇਸ਼ ਕਰ ਸਕਦੀ ਹੈ ਅਤੇ ਜੋ ਖ਼ੁਸ਼ੀ ਸਮੇਂ ਸੁੱਖ ਦਾ ਕਾਰਣ ਬਣ ਸਕਦੀ ਹੈ ਅਤੇ ਨਾਰਾਜ਼ ਕੀਤਿਆਂ ਦੁਖ ਤੇ ਨੁਕਸਾਨ ਪੁਚਾ ਸਕਦੀ ਹੈ। ਟਾਈਲਰ ਦੇ ਸਿਧਾਂਤ ਅਨੁਸਾਰ ਪ੍ਰਾਚੀਨ ਮਨੁੱਖ ਏਹੋ ਜਿਹੀ ਆਤਮਾ ਵਿਚ ਵਿਸ਼ਵਾਸ ਰਖਦਾ ਸੀ ਜਿਸ ਦੇ ਕਾਰਣ ਉਸ ਨੇ ਕੁਦਰਤ ਦੀਆਂ ਕਈ ਚੀਜ਼ਾਂ ਵਿਚ ਵਿਸ਼ਵਾਸ ਰੱਖਣਾ ਸ਼ੁਰੂ ਕੀਤਾ ਤੇ ਜਿਸ ਦੇ ਕਾਰਣ ਉਸ ਦੇ ਧਰਮ ਵਿਚ ਐਨਸੈਸਟਰ ਵਰਸ਼ਿਪ (ਮਰੇ ਹੋਏ ਪਿਉ ਦਾਦੇ ਦੀ ਪੂਜਾ ਕਰਨੀ) ਨੇ ਉਸ ਦੇ ਧਰਮ ਵਿਚ ਥਾਂ ਪ੍ਰਾਪਤ ਕੀਤਾ ਅਤੇ ਉਹ ਨੁਕਸਾਨ ਤੋਂ ਬਚਣ ਲਈ ਕਈਆਂ ਚੀਜ਼ਾਂ ਨੂੰ ਰੀਝਾਉਣ ਖ਼ਾਤਰ ਉਹਨਾਂ ਦੀ ਪ੍ਰਸ਼ੰਸਾ ਤੇ ਪੂਜਾ ਕਰਨ ਲੱਗਾ। ਕਈਆਂ ਚੀਜ਼ਾਂ ਦੀ ਨਾਰਾਜ਼ਗੀ ਤੋਂ ਡਰਦਾ ਹੋਇਆ ਪਾਸੇ ਰਹਿਣ ਲੱਗਾ। ਮਰੇ ਹੋਏ ਪਿਉ ਦਾਦੇ



Digitized by Panjab Digital Library | www.panjabdigilib.org

ਦੀਆਂ ਰੂਹਾਂ ਦੀ ਪੂਜਾ ਅੱਜ ਦੇ ਸਮੇਂ ਵਿੱਚ ਵੀ ਹਰ ਧਰਮ ਵਿਚ ਸ਼ਾਮਲ ਹੈ। ਇਹ ਠੀਕ ਹੈ ਕਿ ਪ੍ਰਾਚੀਨ ਸਮੇਂ ਦੇ ਲੋਕ ਇਹੋ ਜਹੀ ਪੂਜਾ ਬੜੇ ਖਰਵੇ "ਕਰੂਡ" ਜਾਂ ਜੰਗਲੀ ਜਿਹੇ ਜਹੇ ਢੰਗ ਨਾਲ ਕਰਦੇ ਸਨ ਜਿਵੇਂ ਕਿ ਜੀਵਨ ਵਾਦ ਦੇ ਮੁਤਾਬਿਕ ਵਿਸ਼ੇਸ਼ ਰੂਹਾਂ ਨੂੰ ਰੀਝਾਉਣ ਖਾਤਰ ਕਈ ਕਿਸਮ ਦੇ ਚੜ੍ਹਾਵੇ ਚੜ੍ਹਾਏ ਜਾਂਦੇ ਸਨ ਜਿਨ੍ਹਾਂ ਵਿਚੋਂ ਮਨੁੱਖੀ ਕੁਰਬਾਨੀ ਵੀ ਇਕ ਸੀ। ਸਭਿਅਤ ਹੋਣ ਤੇ ਉਸ ਦੀ ਪੂਜਾ ਦੇ ਢੰਗ ਜ਼ਿਆਦਾ ਸੰਜੀਦਾ ਤੇ ਸਭਿਅਤ ਹੁੰਦੇ ਗਏ। ਮਸਲਿਨ ਕੋਈ ਗੁਰਪੁਰਬ, ਜਨਮ ਦਿਨ ਜਾਂ ਸ਼ਹੀਦੀ ਦਿਨ ਮਨਾਣਾ ਵੀ ਕਿਸੇ ਗੁਰੂ, ਪੀਰ ਜਾਂ ਵੱਡੇ ਵਡੇਰੇ ਦੀ ਪ੍ਰਸੰਸਾ ਜਾਂ ਯਾਦ ਦੀ ਨਿਸ਼ਾਨੀ ਹੈ ਭਾਵੇਂ ਇਹ ਠੀਕ ਹੈ ਕਿ ਇਸ ਨੂੰ ਮਨਾਉਣ ਤੇ ਸਬੰਧਤ ਆਤਮਾ ਨੂੰ ਰੀਝਾਉਣ ਤੇ ਆਪਣੀ ਆਤਮਾ ਨੂੰ ਸ਼ਾਂਤੀ ਦੇਣ ਦੇ ਢੰਗ ਬਹੁਤ ਸੁਲਝ ਗਏ ਹਨ।

ਜਿੱਥੋਂ ਤੱਕ ਕਿਸੇ ਰੂਹ ਤੋਂ ਪਾਸੇ ਜਾਂ ਇਕਲਵਾਂਝੇ ਰਹਿਣ ਦਾ ਸਵਾਲ ਹੈ ਇਸ ਥਿਊਰੀ ਨੂੰ ਸਮਾਜਿਕ ਤੇ ਧਾਰਮਕ ਪੱਖ ਵਿੱਚ ਟੈਬੂ ਕਿਹਾ ਗਿਆ ਹੈ। ਟੈਬੂ ਪੋਲੀਨੇਸ਼ੀਅਨ ਕਬੀਲਿਆਂ ਦੀ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਮਨਾਹੀ ਜਾਂ "ਪ੍ਰੋਹਿਬੀਸ਼ਨ।" ਪ੍ਰਾਚੀਨ ਮਨੁੱਖ ਜਿਸ ਚੀਜ਼ ਤੋਂ ਡਰਦਾ ਸੀ ਉਸ ਦੀ ਨਾਰਾਜ਼ਗੀ ਤੋਂ ਬਚਣ ਲਈ ਉਸ ਤੋਂ ਪਾਸੇ ਰਹਿਣ ਦਾ ਯਤਨ ਕਰਦਾ ਸੀ ਅਤੇ ਉਸ ਨਾਲ ਛੋਹਣਾ, ਉਸ ਬਾਰੇ ਗਲ ਕਰਨੀ ਜਾਂ ਉਸ ਨੂੰ ਛੇੜਨਾ ਜਾਂ ਉਸ ਦੇ ਆਲੇ ਦੁਆਲੇ ਵਿੱਚ ਦਖ਼ਲ ਦੇਣ ਤੋਂ ਗੁਰੇਜ਼ ਕਰਦਾ ਸੀ। ਟੈਬੂ ਜਾਂ ਮਨਾਹੀ ਦਾ ਵਿਸ਼ਵਾਸ ਅੱਜ ਦੇ ਧਾਰਮਿਕ ਤੇ ਸਮਾਜਿਕ ਜੀਵਨ ਵਿਚ ਵੀ ਮਿਲਦਾ ਹੈ ਜਿਵੇਂ ਕਿ ਤੁਸੀਂ ਦੇਖਦੇ ਹੋ ਕਿ ਕਈ ਪਿੰਡਾਂ ਵਿਚ ਖ਼ਾਸ ਮਕਬਰੇ, ਸਮਾਧਾਂ ਜਾਂ ਖ਼ਾਸ ਪੁਰਾਣੀਆਂ ਥਾਵਾਂ ਤੋਂ ਲੋਕ ਲਾਂਭੇ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਏਹੋ ਜਿਹੀਆਂ ਗੱਲਾਂ ਆਮ ਸੁਣਨ ਵਿਚ ਆਉਂਦੀਆਂ ਹਨ ਕਿ ਫ਼ਲਾਣੇ ਬੰਦੇ ਨੇ ਫ਼ਲਾਣੇ ਪੀਰ ਜਾਂ ਕਿਸੇ ਹੋ ਗੁਜ਼ਰੇ ਸਾਧ ਸੰਤ ਦੀ ਜਗਾ ਦੀ ਬੇਅਦਬੀ ਕੀਤੀ, ਲੱਕੜ ਆਦਿ ਵੱਢੀ ਜਾਂ ਉਸ ਦੀ ਧਰਤੀ ਵਾਹੀ ਜਿਸ ਦੇ ਕਾਰਣ ਉਸ ਦਾ ਫ਼ਲਾਣਾ ਫ਼ਲਾਣਾ ਨੁਕਸਾਨ ਹੋ ਗਿਆ ਹੈ। ਏਹੋ ਜਿਹੇ ਅਸਥਾਨ ਦੇ ਆਲੇ ਦੁਆਲੇ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਤੋਂ ਲਾਂਭੇ ਰਹਿਣਾ ਹੀ ਚੰਗਾ ਹੈ ਤਾਂਕਿ ਸੰਬੰਧਤ ਰੂਹ ਕੋਈ ਨੁਕਸਾਨ ਨ ਕਰੇ। ਟੈਬੂ ਇਕ ਧਾਰਮਿਕ ਜਾਂ ਸਮਾਜਕ ਵਿਸ਼ਵਾਸ ਹੈ। ਜਿਵੇਂ ਮੁਸਲਮਾਨ ਲਈ ਸੂਰ ਖਾਣਾ ਤੇ ਅੰਮ੍ਰਿਤ ਧਾਰੀ ਸਿੰਘ ਲਈ ਕੁਰੈਹਤਾਂ ਕਰਨਾ ਟੈਬੂ ਹਨ। ਜੀਵਨ ਦੇ ਕੁਝ ਪੱਖਾ ਵਿੱਚ ਟੈਬੂ ਜਾਂ ਮਨਾਹੀ ਦੇ ਵਿਸ਼ਵਾਸ ਨੇ ਮਨੁੱਖ ਨੂੰ ਸਭਿਅਤਾ ਸਿਖਾਲਣ ਤੇ ਖਿਚੋਤਾਨ ਨੂੰ ਘਟਾਇਆ ਹੈ ਜਿਵੇਂ, ਜਦੋਂ ਤੁਸੀਂ ਗੱਡੀ ਜਾਂ ਬੱਸ ਦੀ ਭੀੜ ਵਿੱਚ ਸਫ਼ਰ ਕਰ ਰਹੇ ਹੁੰਦੇ ਹੋ, ਕਿਸੇ ਕਾਰਣ ਹੇਠਾਂ ਉਤਰਦੇ ਹੋ ਅਤੇ ਆਪਣੀ ਸੀਟ ਤੇ ਕੋਈ ਚੀਜ਼ ਰੱਖ ਜਾਂਦੇ ਹੋ। ਭਾਵੇਂ ਉਸ ਗੱਡੀ ਵਿਚ ਖਲੋਤਾ ਹਰ ਮਨੁੱਖ ਬਹਿਣ ਦੀ ਸੀਟ ਲੈਣ ਲਈ ਕੋਸ਼ਿਸ਼ ਵਿਚ ਹੋਵੇ ਤੇ ਨਾਲ ਵਾਲੇ ਦੱਸਣ ਕਿ ਸੀਟ ਖਾਲੀ ਨਹੀਂ ਹੈ ਤਾਂ ਉਹ ਖਲੋਤਾ ਰਹਿੰਦਾ ਹੈ ਪਰ ਤੁਹਾਡੀ ਸੀਟ ਨਹੀਂ ਮੱਲਦਾ। ਇਸ ਹਾਲਤ ਵਿੱਚ ਤੇ ਟੈਬੂ ਨੇ ਮਨੁੱਖੀ ਖਿਚੋਤਾਨ ਨੂੰ ਘਟਾਇਆ ਹੈ। ਟੈਬੂ ਦੇ ਵਿਸ਼ਵਾਸ ਨੇ ਸਮਾਜ ਵਿਚ ਕਾਫ਼ੀ



Digitized by Panjab Digital Library | www.panjabdigilib.org

ਪ੍ਰਵੇਸ਼ ਕੀਤਾ ਹੈ ਜਿਵੇਂ ਕਈ ਲੋਕ ਇਹ ਸਮਝਦੇ ਹਨ ਕਿ ਜੋ ਚੀਜ਼ਾਂ ਸਾਡੀ ਜ਼ਾਤ ਜਾਂ ਗੋਤ ਦੀਆਂ ਹਨ ਉਹਨਾਂ ਨੂੰ ਨੁਕਸਾਨ ਦੇਣਾ ਚੰਗਾ ਨਹੀਂ ਜਿਵੇਂ ਕਿ ਕਈ ਚਾਵਲੇ ਚਾਵਲ ਨਹੀਂ ਖਾਂਦੇ। ਏਸੇ ਤਰ੍ਹਾਂ ਹੀ ਕਈ ਔਰਤਾਂ ਆਪਣੇ ਘਰ ਵਾਲੇ ਜਾਂ ਸਹੁਰੇ ਦਾ ਨਾਂ ਲੈਣ ਨੂੰ ਟੈਬੂ ਸਮਝਦੀਆਂ ਸਨ।

ਟਾਈਲਰ ਦੀ ਇਸ ਥਿਉਰੀ ਤੇ ਉਸ ਦੇ ਆਪਣੇ ਵਿਦਵਾਨ ਤੇ ਖੋਜੀ ਸ਼ਗਿਰਦਾਂ ਆਰ. ਆਰ. ਮੈਰਿਟ ਅਤੇ ਐਂਡਰੀਊਲੈਂਗ ਨੇ ਸਵਾਲ ਕੀਤਾ ਅਤੇ ਦੂਜੀ ਥਿਉਰੀ (ਪ੍ਰਨੀਮਿਸਟਿਕ ਥਿਉਰੀ) ਤੇ ਮੈਰਿਟ ਦਾ ਵਿਚਾਰ ਹੈ ਕਿ ਮੁੱਢ ਤੋਂ ਹੀ ਮਨੁੱਖ ਕਿਸੇ ਮਹਾਨ ਸ੍ਰੇਸ਼ਟ ਸਰਬ ਸ਼ਕਤੀ ਤੇ ਇਸ ਤਰ੍ਹਾਂ ਰੂਹਾਂ ਆਦਿ ਦਾ ਵਿਸ਼ਵਾਸ ਇਕ ਸਮੇਂ ਹੀ ਕਰਦਾ ਆਇਆ ਹੈ। ਅਤੇ ਉਸ ਦੀ ਥਉਰੀ ਨੂੰ 'ਮਨਾ' ਦੀ ਥਿਉਰੀ ਕਿਹਾ ਜਾਂਦਾ ਹੈ। ਜਿਸ ਤੋਂ ਉਸ ਦਾ ਭਾਵ ਹੈ ਕਿ ਮਨਾ ਉਹ ਮਹਾਨ ਸ਼ਕਤੀ ਹੈ ਜਿਸ ਦੀ ਇੱਛਾ ਜਾਂ ਨਰਾਜ਼ਗੀ ਜਾਂ ਖੁਸ਼ੀ ਅਨੁਸਾਰ ਬੜੀਆਂ ਭਿਆਨਕ ਕਈ ਵਾਰੀ ਸੁਖਦਾਇਕ ਅਦਭੁੱਤ ਤੇ ਅਲੋਕਿਕ ਘਟਨਾਵਾਂ ਵਾਪਰਦੀਆਂ ਹਨ ਜਿਸ ਵਿਚ ਮਨੁੱਖ ਮੁੱਢ ਤੋਂ ਹੀ ਵਿਸ਼ਵਾਸ ਰੱਖਦਾ ਆਇਆ ਹੈ। ਇਸ ਦੇ ਸ਼ਗਿਰਦ ਦੀ ਥਿਉਰੀ ਔਰਿਜਨਲ ਮੋਨੋਥੀਜ਼ਮ ਮੁੱਢਲਾ ਇੱਕ ਸ਼ਕਤੀ ਦੀ ਪੂਜਾ ਜਾਂ ਵਿਸ਼ਵਾਸ ਹੈ। ਐਡਰਿਉਲੈਂਗ ਨੇ ਆਸਟ੍ਰੇਲੀਆ ਦੇ ਪ੍ਰਾਚੀਨ ਆਦੀ ਵਾਸੀਆਂ ਦੇ ਧਾਰਮਕ ਵਿਸ਼ਵਾਸ ਦਾ ਬੜਾ ਵਿਸ਼ਾਲ ਅਧਿਐਨ ਕੀਤਾ। ਮਨੁੱਖੀ ਜੀਵਨ ਦੇ ਵੱਖ ਵੱਖ ਪੱਖਾਂ ਦੀ ਮੁੱਢਲੀ ਰੂਪ ਰੇਖਾ ਜਾਣਨ ਲਈ ਖੋਜੀ ਇਹੋ ਜਿਹੇ ਕਬੀਲਿਆਂ ਦਾ ਅਧਿਐਨ ਕਰਦੇ ਹਨਜਿਨ੍ਹਾਂ ਦਾ ਜੀਵਨ ਹਜ਼ਾਰਾਂ ਸਾਲ ਬੀਤਿਆਂ ਵੀ ਆਪਣੇ ਪਿਉ ਦਾਦੇ ਦੇ ਜੀਵਨ ਨਾਲੋਂ ਬਦਲਿਆ ਨਾ ਹੋਵੇ। ਲੈਂਗ ਨੇ ਇਹੋ ਮਨੋਰਥ ਮੁੱਖ ਰਖ ਕੇ ਆਸਟ੍ਰੇਲੀਆ ਦੇ ਕਬੀਲਿਆਂ ਦੇ ਵਿਸ਼ਵਾਸ ਦਾ ਅਧਿਐਨ ਕੀਤਾ ਹੈ ਕਿ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਮਨੁੱਖ ਦੇ ਧਰਮ ਦਾ ਮੁੱਢਲਾ ਸੋਮਾਂ ਕੀ ਸੀ? ਉਸ ਦੇ ਅਧਿਐਨ ਮੁਤਾਬਿਕ ਉਥੋਂ ਦੇ ਆਦਿਵਾਸੀ ਮੁੱਢ ਤੋਂ ਹੀ ਇਹ ਵਿਸ਼ਵਾਸ ਰਖਦੇ ਆਏ ਹਨ ਕਿ ਆਕਾਸ਼ ਵਿਚ ਕੋਈ ਸਭ ਤੋਂ ਸ੍ਰੇਸ਼ਟ ਸਰਬ ਸ਼ਕਤੀ ਹੈ ਜਿਸ ਦੀ ਇੱਛਾ ਤੇ ਹੁਕਮ ਅਨੁਸਾਰ ਸਭ ਕੁਝ ਵਾਪਰਦਾ ਹੈ। ਇਸ ਤੋਂ ਉਸ ਨੇ ਸਿੱਧ ਕਰਨ ਦਾ ਜਤਨ ਕੀਤਾ ਹੈ ਕਿ ਮਨੁੱਖ ਮੁੱਢ ਤੋਂ ਹੀ ਇਕ ਰੱਬ ਦਾ ਧਾਰਨੀ ਸੀ। ਇਸ ਥਿਉਰੀ ਦਾ ਬਹੁਤ ਸਾਰੇ ਵਿਦਵਾਨਾਂ ਨੇ ਵਿਰੋਧ ਕੀਤਾ ਹੈ ਕਿ ਇਹ ਨਹੀਂ ਹੋ ਸਕਦਾ ਕਿ ਮਨੁੱਖ ਦਾ ਧਰਮ ਮੁੱਢ ਤੋਂ ਹੀ ਮੋਨੋਥੀਇਜ਼ਮ (ਇੱਕ ਰੱਬ ਵਿਚ ਵਿਸ਼ਵਾਸ) ਤੋਂ ਹੀ ਸ਼ੁਰੂ ਹੋਇਆ ਹੋਵੇ ਤੇ ਬਾਅਦ ਵਿਚ ਪੋਲੀਥੀਇਜ਼ਮ (ਬਹੁ ਸ਼ਕਤੀ ਪੂਜਾ ਦਾ ਵਿਸ਼ਵਾਸ) ਮਨੁੱਖ ਨੇ ਧਾਰਨ ਕੀਤਾ ਹੋਵੇ ਜਿਸ ਵਿਚ ਕਈ ਚੀਜ਼ਾਂ ਦੀ ਪੂਜਾ ਸ਼ਾਮਲ ਹੈ।

ਆਰ. ਆਰ. ਮੈਰਿਟ ਦੀ ਥਿਉਰੀ ਉਤੇ ਜਰਮਨੀ ਦੇ ਵਿਦਵਾਨ ਫ਼ਾਦਰ ਵਿਲਹੈਲਮ ਸ਼ਮਿੱਥ ਤੇ ਉਸ ਦੇ ਕਲਚਰਲ ਹਿਸਟੋਰੀਕਲ ਸਕੂਲ ਆਫ ਐਥਨਾਲੋਜੀ, ਨੇ ਬੜੀ ਲੰਮੀ ਚੌੜੀ ਖੋਜ ਕੀਤੀ ਤੇ ਏਥੋਂ ਤਕ ਕਿ ਉਸ ਨੇ ਬਹੁਸ਼ਕਤੀ ਪੂਜਾ ਦੇ ਵਿਸ਼ਵਾਸ ਨੂੰ ਸ੍ਰੇਣੀਆਂ



Digitized by Panjab Digital Library | www.panjabdigilib.org

ਵਿਚ ਵੀ ਵੰਡ ਦਿੱਤਾ। ਜਿਵੇਂ ਕਿ ਜਾਨਵਰਾਂ ਦੇ ਪਾਲਨ ਵਾਸਤੇ ਕਿਸੇ ਵਿਸ਼ੇਸ਼ ਦੇਵਤੇ ਤੇ ਨਿਰਭਰ ਹੈ, ਖੇਤੀ ਕਰਨ ਵਾਲੇ ਕਿਸੇ ਹੋਰ ਵਿਸ਼ੇਸ਼ ਦੇਵੀ ਦੇਵਤੇ ਆਦਿ ਤੇ ਹੈ। ਇਹ ਚੀਜ਼ਾਂ ਸਾਡੇ ਸਮਾਜ ਵਿੱਚ ਵੀ ਹਨ ਜਿਵੇਂ ਮਲਾਹ ਜੋ ਦਰਿਆ ਜਾਂ ਸਮੁੰਦਰ ਦੇ ਕੰਢੇ ਰਹਿੰਦੇ ਹਨ ਜਾਂ ਜਦੋਂ ਲੋਕ ਸਮੁੰਦਰ ਪਾਰ ਕਰ ਰਹੇ ਹੁੰਦੇ ਹਨ ਤਾਂ ਉਹ ਖ਼ਵਾਜਾ ਖ਼ਿਜਰ ਨੂੰ ਸਿਮਰਦੇ ਹਨ। ਇਸੇ ਤਰ੍ਹਾਂ ਸੱਪਾਂ ਤੋਂ ਬੱਚਣ ਲਈ ਗੁੱਗੇ ਨੂੰ ਪੀਰ ਸਮਝਕੇ ਸੇਵੀਆਂ ਚੜ੍ਹਾਉਂਦੇ ਹਨ।

ਸੰਸਾਰ ਦੇ ਜ਼ਿਆਦਾ ਖੋਜੀ ਤੇ ਵਿਦਦਾਨ ਇਸ ਗੱਲ ਤੇ ਸਹਿਮਤ ਹਨ ਕਿ ਬਹੁ ਸ਼ਕਤੀ ਪੂਜਾ ਧਰਮ ਦੇ ਵਿਕਾਸ ਵਿੱਚ ਬਾਅਦ ਵਿਚ ਆਈ ਅਤੇ ਇਕ ਸ਼ਕਤੀ ਵਿਸ਼ਵਾਸ ਜਾਂ ਮੋਨੋਥੀ ਇਜ਼ਮ ਬਹੁਤ ਸਮਾਂ ਪਿਛੋਂ ਜ਼ਾਹਿਰ ਹੋਈ ਜਿਵੇਂ ਕਿ ਧਾਰਮਿਕ ਖੋਜ ਦੀਆਂ ਕਿਤਾਬਾਂ ਵਿਚ ਅੰਕਿਤ ਹੈ ਕਿ ਯੂਨਾਨ ਦਾ ਵੱਡਾ ਦੇਵਤਾ ਜ਼ੀਅਸ ਸੀ ਹਾਲਾਂ ਕਿ ਉਹਨਾਂ ਦੇ ਧਰਮਾਂ ਦਾ ਅਰੰਭ ਬਹੁ ਸ਼ਕਤੀ ਵਿਸ਼ਵਾਸ ਤੋਂ ਹੋਇਆ ਸੀ। ਇਸ ਦਾ ਭਾਵ ਇਹ ਹੈ ਕਿ ਮਨੁੱਖ ਦਾ ਧਰਮ ਬਹੁਸ਼ਕਤੀ ਪੂਜਾ ਤੋਂ ਅਰੰਭ ਹੋਇਆ ਤੇ ਹੌਲੀ ਹੌਲੀ ਇਕ ਸ਼ਕਤੀ ਪੂਜਾ ਤੱਕ ਪੁੱਜਾ। ਇਸ ਵਿਚਾਰ ਵਿੱਚ ਡੱਚ ਵਿਦਵਾਨ ਥਾਨ ਢੇਰਲਿਉਵ ਦਾ ਸਭ ਤੋਂ ਪ੍ਰਸਿੱਧ ਹਿੱਸਾ ਹੈ।

ਧਰਮ ਦੇ ਸੋਮਿਆਂ ਦੇ ਅਧਿਐਨ ਦੀਆਂ ਥਿਉਰੀਆਂ ਦਾ ਕੋਈ ਵਿਦਵਾਨ ਅਜੇ ਤਕ ਫ਼ੈਸਲਾ ਜਾਂ ਅੰਤਿਮ ਸਿੱਟਾ ਨਹੀਂ ਕੱਢ ਸੱਕਿਆ ਕਿਉਂਕਿ ਆਰਕੇਆਲੋਜਿਸਟਸ, ਕਲਚਰਾਲੋ-ਜਿਸਟਸ, ਐਥਨਾਲੋਜਿਸਟਸ ਤੇ ਹਿਸਟਰੀਅਨਜ਼ ਆਪੋ ਆਪਣੀ ਖੋਜ ਦੇ ਸਾਰੇ ਸਾਧਨਾਂ ਦੇ ਬਾਵਜੂਦ ਇਹ ਨਹੀਂ ਜਾਣ ਸਕੇ ਕਿ ਅਜ ਤੋਂ ਹਜ਼ਾਰਾਂ ਸਾਲ ਪਹਿਲਾਂ ਦੇ ਮਨੁੱਖਾਂ ਦਾ ਧਰਮ ਹੂ-ਬਹੂ ਸ਼ੁਰੂ ਕਿਵੇਂ ਹੋਇਆ ਅਤੇ ਧਰਮ ਦੇ ਕਿਸ ਸੋਮੇਂ ਜਾਂ ਥਿਉਰੀ ਨੂੰ ਵਿਸ਼ੇਸ਼ਤਾ ਜਾਂ ਮਹੱਤਤਾ ਦਿੱਤੀ ਜਾਵੇ ? ਤਾਂ ਇਸ ਗੱਲ ਵਿੱਚ ਸਾਰੇ ਸਹਿਮਤ ਹਨ ਕਿ ਮਨੁੱਖੀ ਧਰਮ ਨੂੰ ਇਕ ਦੁਸਾਂਘੀ (ਡਾਈਕਾਟੋਮੀ ਜਾਂ ਬਾਈਫਰਕੇਸ਼ਨ) ਹੋਣ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਇੱਕ ਪਾਸੇ ਮਨੁੱਖੀ ਆਤਮਾ ਤੇ ਦੂਜੇ ਪਾਸੇ ਰੱਬ ਜਾਂ ਦੇਵੀਆਂ ਦੇਵਤੇ।

## ਧਰਮ ਦੇ ਕੁਝ ਹੋਰ ਬੁਨਿਆਦੀ ਵਿਚਾਰ

ਧਰਮ ਮਨੁੱਖ ਦੇ ਹਿਰਦੇ ਅੰਦਰ ਉੱਚਾ, ਸੁੱਚਾ ਤੇ ਡੂੰਘਾ ਯਕੀਨ ਹੈ ਜੋ ਜੀਵਨ ਦੀਆਂ ਹੋਰ ਸਾਰੀਆਂ ਕੀਮਤਾਂ ਤੇ ਵਿਸ਼ਵਾਸਾਂ ਤੋਂ ਪਿਆਰਾ ਹੈ। ਮਨੁੱਖ ਜੀਵਨ ਦੇ ਆਮ ਵਰਤੋਂ ਵਿਹਾਰ ਤੇ ਰਹਿਣੀ-ਬਹਿਣੀ ਵਿੱਚ ਛੋਟੇ ਛੋਟੇ ਲਾਭਾਂ ਤੇ ਲਾਲਚਾਂ ਪਿਛੇ ਕਈ ਮਾੜੇ ਕੰਮ ਕਰਦਾ ਹੈ ਜੋ ਉਸ ਦੀ ਆਤਮਾ ਨੂੰ ਕਰੂਪ ਕਰਦੇ ਹਨ, ਸਮਾਜ ਨੂੰ ਹਾਨੀ ਪੁਚਾਂਦੇ ਹਨ ਅਤੇ ਉਸ ਦੇ ਰੱਬ ਜਾਂ ਧਰਮ ਵਿੱਚ ਵਿਸ਼ਵਾਸ ਨੂੰ ਧੋਖਾ ਦੇਂਦੇ ਹਨ ਪਰ ਜਦੋਂ ਉਸ ਦਾ ਕੋਈ ਪ੍ਰਪੱਕ ਧਰਮਕ ਜਜ਼ਬਾ ਉਸ ਦੀ ਆਤਮਾ ਨੂੰ ਟੁੰਬਦਾ ਹੈ ਉਹ ਜਨ ਸਾਧਾਰਨ ਦੇ ਭਲੇ ਲਈ, ਆਪਣੀ ਕੌਮੀ ਸ਼ਾਨ ਲਈ, ਆਪਣੇ ਧਰਮ ਦੀ ਰਖਿਆ ਲਈ ਜਾਂ ਰੱਬ ਦੇ ਮਿਲਾਪ ਲਈ, ਘਰ ਬਾਰ ਛੱਡਣਾ, ਗ੍ਰਿਹਸਤ ਤਿਆਗਣਾ, ਸੁੱਖਾਂ ਦਾ ਤਿਆਗ, ਕਰੜੀ ਤੋਂ ਕਰੜੀ ਤਪੱਸਿਆ ਕਰਨੀ, ਭੁੱਖ ਜਰਨੀ ਅਤੇ ਖਿੜੇ ਮੱਥੇ ਹਸ ਕੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਸ਼ਹੀਦੀ ਪ੍ਰਾਪਤ ਕਰ ਲੈਣੀ ਵੀ ਖੁਸ਼ੀ ਨਾਲ ਸਵੀਕਾਰ ਕਰਦਾ ਹੈ ਕਿਉਂਕਿ ਧਰਮ ਇੱਕ ਉਹ ਜਜ਼ਬਾ



Digitized by Panjab Digital Library | www.panjabdigilib.org

ਹੈ ਜਿਸ ਦਾ ਮੁੱਢ ਕਿਸੇ ਵਿਚਾਰ, ਵਸਤੂ, ਸ਼ਕਤੀ ਆਦਿ ਦੀ ਪਵਿੱਤ੍ਰਤਾ ਨੂੰ ਮੰਨਣਾ ਹੈ। ਇਸ ਲਈ ਧਾਰਮਿਕ ਵਿਸ਼ਵਾਸ ਦੀ ਪਹਿਲੀ ਸ਼ਰਤ "ਪਵਿੱਤਰਤਾ" ਹੈ। ਇਸੇ ਲਈ ਜਰਮਨੀ ਦੇ ਸੰਸਾਰ ਪ੍ਰਸਿੱਧ ਧਾਰਮਿਕ ਵਿਗਿਆਨੀ ਤੇ ਵਿਦਵਾਨ ਰੂਦੋਲਫ਼ ਓਤੋ ਨੇ 'ਹੋਲੀਨੈਸ' ਪਵਿੱਤਰਤਾ ਨੂੰ ਧਰਮ ਦਾ ਧੁਰਾ ਮੰਨਿਆ ਹੈ।

ਪਵਿੱਤਰਤਾ ਦੇ ਵਿਸ਼ਵਾਸ ਵਿਚ ਅਨੰਦ ਤੇ ਡਰ ਦੋਵੇਂ ਹੀ ਸਮਿਲਤ ਹਨ। ਮਸਲਿਨ ਮਨੁੱਖ ਨੂੰ ਇਸ਼ਨਾਨ ਕਰਕੇ ਤੇ ਸਾਫ ਕਪੜਿਆਂ ਨਾਲ ਗੁਰੂ ਗਰੰਥ ਦੀ ਹਜ਼ੂਰੀ ਵਿਚ ਬੈਠਣਾ ਚਾਹੀਦਾ ਹੈ। ਤੇ ਜੇ ਉਹ ਇਸ ਤਰ੍ਹਾਂ ਸੱਚੀ ਸ਼ਰਧਾ ਨਾਲ ਕਰਦਾ ਹੈ ਤਾਂ ਉਸ ਦੀ ਆਤਮਾ ਨੂੰ ਅਨੰਦ ਆਉਂਦਾ ਹੈ ਕਿਉਂਕਿ ਗੁਰੂ ਗਰੰਥ ਸਾਹਿਬ ਵਰਗੀ ਮਹਾਨ ਪਵਿੱਤਰ ਹਸਤੀ ਦੀ ਹਜ਼ੂਰੀ ਵਿਚ ਉਹ ਵੀ ਪਵਿੱਤਰ ਹੋ ਕੇ ਬੈਠਾ ਹੋਇਆ ਹੈ। ਇਹ ਕਿਸੇ ਮਨੁੱਖ ਦੀ ਪਵਿੱਤਰਤਾ ਦੀ ਅੰਨਦਤਾ ਹੈ ਪਰ ਜੇ ਇਸ ਦੇ ਉਲਟ ਕੋਈ ਮਨੁੱਖ ਬਿਨਾਂ ਇਸ਼ਨਾਨ ਕੀਤੇ ਮਾੜੇ ਕਪੜਿਆਂ ਨਾਲ ਪਾਠ ਕਰਦਾ ਹੈ ਜਾਂ ਕਿਸੇ ਅਖੰਡ ਪਾਠ ਵਿੱਚ ਸ਼ਾਮਲ ਹੁੰਦਾ ਹੈ ਤਾਂ ਉਹ ਉਤੋਂ ਭਾਵੇਂ ਕੁਝ ਵਿਖਾਲਾ ਕਰੇ ਅੰਦਰੋ ਉਸ ਨੂੰ ਆਪਣੀ ਗ਼ਿਲਾਜ਼ਤ ਅਤੇ ਧਾਰਮਿਕ ਪਵਿੱਤਰ ਹਸਤੀ ਦੀ ਪਵਿੱਤਰਤਾ ਨੂੰ ਮੁੱਖ ਰੱਖ ਕੇ ਡਰ, ਭੈ ਜਾਂ ਸ਼ਰਮ ਆਉਂਦੀ ਹੈ। ਵੈਸੇ ਵੀ ਕਈ ਵਾਰੀ ਥਾਂ ਜਾਂ ਵਿਅਕਤੀ ਦੀ ਪਵਿੱਤਰਤਾ ਨੂੰ ਦੇਖ ਕੇ ਮਨੁੱਖ ਹਰਾਨ ਹੋ ਜਾਂਦਾ ਹੈ ਅਤੇ ਉਸ ਦੇ ਅੰਦਰ ਪਵਿੱਤਰਤਾ ਲਈ ਸਤਿਕਾਰ ਤੇ ਆਪਣੀ ਭੁਲ ਜਾਂ ਤੁਛਤਾ, ਦੇਖ ਕੇ ਡਰ, ਦੋਵੇਂ ਖਿਆਲ ਜਾਂ ਜਜ਼ਬੇ ਇੱਕੋ ਵਾਰੀ ਹੀ ਪ੍ਰਗਟ ਹੁੰਦੇ ਹਨ ਜਿਵੇਂ ਕਿ ਜਦੋਂ ਕੋਈ ਸੱਚੇ ਹਿਰਦੇ ਵਾਲਾ ਸ਼ਰਧਾਲੂ ਮਨੁੱਖ ਸ੍ਰੀ ਹਰ ਮੰਦਰ ਸਾਹਿਬ ਵਿੱਚ ਦਾਖਲ ਹੁੰਦਾ ਹੈ ਤਾਂ ਆਲੇ ਦੁਆਲੇ ਦੀ ਪਵਿੱਤਰਤਾ ਤੇ ਸ਼ਾਂਤੀ ਦੇਖਕੇ ਜਿਥੇ ਉਸ ਦੀ ਆਤਮਾ ਨੂੰ ਅਨੰਦ ਦਾ ਹੁਲਾਰਾ ਆਉਂਦਾ ਹੈ ਉਥੇ ਉਹ ਹੱਥ ਜੋੜ ਜੋੜ ਅੱਖੀ ਮੀਟ ਮੀਟ ਤੇ ਮੱਥਾ ਘਸਾ ਘਸਾ ਕੇ ਆਖਦਾ ਹੈ, "ਹੇ ਵਾਹਿਗੁਰੂ ਹੇ ਗੁਰੂ ਰਾਮ ਦਾਸ, ਬਖ਼ਸ਼ ਲਈਂ। ਸਾਨੂੰ ਪਾਪੀਆਂ ਨੂੰ, ਬਖ਼ਸ਼ ਲਈਂ।"

ਸਾਰਿਆਂ ਧਰਮਾਂ ਵਿੱਚ ਹੀ ਗੁਰੂਆਂ ਪੀਰਾਂ ਜਾਂ ਪੈਗੰਬਰਾਂ ਤੋਂ ਛੁੱਟ ਚੀਜ਼ਾਂ ਜਾਂ ਥਾਵਾਂ ਆਦਿ ਵੀ ਪਵਿੱਤਰਤਾ ਦੀਆਂ ਭਾਗੀ ਹਨ। ਉਹਨਾਂ ਦੀ ਪਵਿੱਤਰਤਾ ਨੂੰ ਬੜਾ ਸਤਿਕਾਰ ਦਿਤਾ ਜਾਂਦਾ ਹੈ ਜਿਵੇਂ ਕਿ ਹਜ਼ਰਤ ਮਸੀਹ ਦਾ ਜਨਮ ਥਾਂ ਯੋਰੋਸ਼ਲਮ ਅਤੇ ਹਜ਼ਰਤ ਮੁਹੰਮਦ ਦਾ ਜਨਮ ਅਸਥਾਨ ਮੱਕਾ ਅਤੇ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਹੈ। ਇਥੋਂ ਤੱਕ ਕਿ ਜਿੱਥੇ ਜਿੱਥੇ ਵੀ ਕੋਈ ਪਵਿੱਤਰ ਵਿਅਕਤੀ ਜਾਂਦੀ, ਬਹਿੰਦੀ, ਖਲੋਂਦੀ, ਰਹਿੰਦੀ ਜਾਂ ਕੋਈ ਖ਼ਾਸ ਕੰਮ ਕਰਦੀ ਹੈ, ਉਹ ਥਾਂ ਵੀ ਪਵਿੱਤਰ ਸਮਝੀ ਜਾਂਦੀ ਹੈ। ਇਹੋ ਜਿਹੀਆਂ ਪਵਿੱਤਰ ਥਾਵਾਂ ਦੀਆਂ ਯਾਦਗਰਾਂ ਦੀ ਕੋਈ ਥੋੜ ਨਹੀਂ।

ਪਵਿੱਤਰ ਵਿਅਕਤੀਆਂ ਨਾਲ ਸੰਬੰਧਤ ਚੀਜ਼ਾਂ ਵੀ ਧਾਰਮਿਕ ਪਵਿੱਤਰਤਾ ਰੱਖਦੀਆਂ ਹਨ ਜਿਵੇਂ ਕਿ ਡੇਰ੍ਹਾ ਬਾਬਾ ਨਾਨਕ ਵਿੱਚ ਰੱਖਿਆ ਹੋਇਆ ਗੁਰੂ ਨਾਨਕ ਸਾਹਿਬ ਦਾ 'ਚੋਲਾ' ਆਨੰਦ ਪੁਰ ਸਾਹਿਬ ਵਿਖੇ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜਾ ਦੇ ਸ਼ਸਤਰ ਅਤੇ ਖ਼ਾਸ ਕਰ



Digitized by Panjab Digital Library | www.panjabdigilib.org

ਖੰਡਾ ਜਿਸ ਨਾਲ ਅੰਮ੍ਰਿਤ ਤਿਆਰ ਕਰਕੇ ਖਾਲਸਾ ਪੰਥ ਸਾਜਿਆ ਸੀ। ਪੀਰ ਬੁਧੂ ਸ਼ਾਹ ਨੂੰ ਦਿੱਤਾ ਹੋਇਆ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਕੰਘਾ ਤੇ ਕੇਸ ਕਿਉਂਕਿ ਜਦ ਉਸ ਨੇ ਮੰਗ ਕੀਤੀ ਤਾਂ ਗੁਰੂ ਸਾਹਿਬ ਕੇਸਾਂ ਨੂੰ ਕੰਘਾ ਕਰ ਰਹੇ ਸਨ।

ਜਿਵੇਂ ਉੱਤੇ ਦੱਸਿਆ ਗਿਆ ਹੈ ਪਵਿਤਰਤਾ ਦੇ ਸਾਹਮਣੇ ਅਨੰਦ, ਪਿਆਰ, ਸਤਿਕਾਰ ਤੇ ਡਰ ਸਮਿਲਤ ਜਜ਼ਬੇ ਹਨ। ਜਿਨ੍ਹਾਂ ਨੂੰ ਰੂਦੋਲਫ ਓਤੋ ਨੇ "ਡੀਲਾਈਟਨਿੰਗ ਐਂਡ ਫ਼ਰਾਇਟ-ਨਿੰਗ ਜਾਂ ਫੈਸੀਨੋਜ਼ਮ ਐਂਡ ਟਰੀਮੈਂਡਮ (ਅਨੰਦ ਦਾਇਕ ਤੇ ਡਰਾਉਣੇ) ਕਿਹਾ ਹੈ।

ਸਿੱਖ ਧਰਮ ੫੦੦ ਸਾਲ ਤੋਂ ਹੋਂਦ ਵਿੱਚ ਆਇਆ। ਇਸ ਤੋਂ ਬਹੁਤ ਚਿਰ ਪਹਿਲਾਂ ਯਹੂਦੀ ਧਰਮ 'ਚ ਪੈਗੰਬਰ ਮੋਜ਼ਿਜ਼ (ਮੂਸਾ) ਨੇ ਬਰਨਿੰਗ ਬੁਸ਼ (ਬਲਦੀ ਹੋਈ ਝਾੜੀ) ਜਿੱਥੇ ਉਸ ਨੂੰ ਰੱਬ ਦਾ ਦੀਦਾਰ ਹੋਇਆ ਬਾਰੇ ਵੀ ਓਲਡ ਟੈਸਟਾਮੈਂਟ (ਪੁਰਾਣੀ ਅੰਜੀਲ) ਵਿੱਚ ਲੋਕਾਂ ਨੂੰ ਕਿਹਾ, "ਆਪਣੀਆਂ ਜੁੱਤੀਆਂ ਲਾਹ ਦੇਵੋਂ ਕਿਉਂਕਿ ਜਿੱਥੇ ਤੁਸੀਂ ਖਲੋਤੇ ਹੋ ਇਹ ਪਵਿੱਤਰ ਥਾਂ ਹੈ।" ਇਸ ਦਾ ਭਾਵ ਇਹ ਹੈ ਕਿ ਜਿਥੇ ਵੀ ਰੱਬ ਦੀ ਹੋਂਦ ਜਾਂ ਨੂਰ ਜਾਂ ਉਸ ਦੀ ਬਖਸ਼ਿਸ਼ ਵਾਲੇ ਪਵਿੱਤਰ ਗੁਰੂ, ਪੀਰ ਸੰਬੰਧਤ ਹੋਣ ਉੱਥੇ ਹੀ ਪਵਿੱਤਰਤਾ ਦਾ ਵਾਸ ਹੁੰਦਾ ਹੈ। ਮੂਸਾ ਦੇ ਇਸ ਖ਼ਿਆਲ ਦੀ ਹੀ ਪੁਸ਼ਟੀ ਗੁਰਬਾਣੀ ਵਿਚ ਇਸ ਤਰ੍ਹਾਂ ਕੀਤੀ ਹੈ :—

"ਜਿਥੈ ਜਾਇ ਬਹੈ ਮੇਰਾ ਸਤਿਗੁਰੂ,
ਸੋਈ ਥਾਨ ਸੁਹਾਵਾ ਰਾਮ ਰਾਜੇ।"

ਜਿਵੇਂ ਅੱਗੇ ਦੱਸਿਆ ਜਾ ਚੁੱਕਾ ਹੈ ਮਨਾ ਜਿਸ ਨੂੰ ਅਲੌਕਿਕ ਤੇ ਇਲਾਹੀ ਸ਼ਕਤੀ ਮੰਨਿਆ ਗਿਆ ਹੈ, ਦੇ ਵਿਸ਼ਵਾਸ ਨੇ ਵੀ ਮਨੁੱਖ ਦੇ ਧਾਰਮਿਕ ਸਮਾਜਿਕ ਤੇ ਕਈ ਥਾਈਂ ਰਾਜਨੀਤਕ ਜੀਵਨ ਤੇ ਵੀ ਅਸਰ ਪਾਇਆ ਹੈ। ਮਨਾ ਆਮ ਤੌਰ ਤੇ ਕਿਸੇ ਵੱਡੇ ਆਗੂ ਲੀਡਰ, ਨੇਤਾ, ਜਾਦੂ ਜਾਂ ਭਗਤੀ ਦੀ ਸ਼ਕਤੀ ਵਾਲੇ ਮਨੁੱਖ ਜਾਂ ਰਾਜੇ ਦੇ ਮਾਨਸਿਕ ਜਾਂ ਆਤਮਕ ਬਲ ਨੂੰ ਸਮਝਿਆ ਗਿਆ ਹੈ। ਜਾਦੂ ਨੇ ਮਨਾਂ ਦੀ ਥਿਉਰੀ ਵਿੱਚੋਂ ਹੀ ਜਨਮ ਲਿਆ ਹੈ ਅਤੇ ਸੰਸਾਰ ਦੇ ਪ੍ਰਸਿੱਧ ਧਾਰਮਿਕ ਖੋਜੀਆਂ ਤੇ ਵਿਦਵਾਨਾਂ ਦਾ ਖਿਆਲ ਹੈ ਕਿ ਧਰਮ ਤੇ ਜਾਦੂ ਬਹੁਤ ਹੀ ਨੇੜ ਦਾ ਸਬੰਧ ਰਖਦੇ ਹਨ। ਧਾਰਮਿਕ ਖੇਤਰ ਵਿਚ ਇਹ ਮੰਨਿਆ ਗਿਆ ਹੈ ਕਿ ਮਨਾ ਦੀ ਸ਼ਕਤੀ ਇੱਕ ਮਨੁੱਖ ਤੋਂ ਦੂਜੇ ਜੀਵਾਂ ਜਾਂ ਮਨਾ ਵਿਚ ਪ੍ਰਵੇਸ਼ ਕਰ ਸਕਦੀ ਹੈ। ਇਸ ਵਿਸ਼ਵਾਸ ਦੀ ਹੋਂਦ ਸਿੱਖ ਧਰਮ ਵਿਚ ਵੀ ਹੈ ਜਿਵੇਂ ਕਿ ਜਦੋਂ ਕਿਸੇ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ ਤਾਂ ਸਾਡਾ ਵਿਸ਼ਵਾਸ ਹੈ ਕਿ ਅੰਮ੍ਰਿਤ ਛਕਾਣ ਵਾਲੇ ਜੀਵਨ ਵਾਲੇ ਸਿੰਘ ਹੋਣੇ ਚਾਹੀਦੇ ਨੇ। ਕਿਉਂਕਿ ਉਹਨਾਂ ਦੀ ਆਤਮਿਕ ਤੇ ਪੜ੍ਹੀਆਂ ਬਾਣੀਆਂ ਦੀ ਸ਼ਕਤੀ ਨੇ ਅੰਮ੍ਰਿਤ ਛੱਕਣ ਵਾਲੇ ਵਿੱਚ ਪ੍ਰਵੇਸ਼ ਕਰਨਾ ਹੈ। ਜਦੋਂ ਕੋਈ ਮਨੁੱਖ ਤਵੀਤ ਧਾਗਾ ਕਰਦਾ ਹੈ ਤਾਂ ਉਹ ਆਪਣੇ ਮਨਾ ਦੀ ਸਕਤੀ ਉਸ ਧਾਗੇ ਜਾਂ ਹੋਰ ਕਿਸੇ ਸਾਧਨ ਰਾਹੀਂ ਸਬੰਧਿਤ ਜੀਵ ਜਾਂ ਚੀਜ਼ ਨੂੰ ਪ੍ਰਭਾਵਿਤ ਕਰਨਾ ਚਾਹੁੰਦਾ ਹੈ। ਜਿਸ ਸਾਧਨ ਰਾਹੀਂ



Digitized by Panjab Digital Library | www.panjabdigilib.org

ਇਹ ਕੰਮ ਹੁੰਦਾ ਹੈ ਉਸ ਨੂੰ ਪਛਮੀ ਵਿਦਵਾਨਾਂ ਨੇ ਫ਼ੀਟਸ ਕਿਹਾ ਹੈ ਅਤੇ ਅਸੀਂ ਉਸ ਨੂੰ ਤਵੀਤ ਧਾਗਾ ਕਹਿੰਦੇ ਹਾਂ।

ਇਹ ਮਨਾਂ ਦੇ ਵਿਸ਼ਸਵਾਸ ਦਾ ਕਾਰਣ ਹੀ ਹੈ ਕਿ ਹਿੰਦੂ ਰਾਜੇ ਨੂੰ ਨਿਹਕਲੰਕ ਆਖਦੇ ਹਨ। ਪ੍ਰਾਚੀਨ ਸਮੇਂ ਵਿਚ ਮਿਸਰ, ਇਰਾਕ ਅਤੇ ਬੈਬੀਲੋਨ ਵਿਚ ਵੀ ਰਾਜੇ ਨੂੰ ਬੜਾ ਪਵਿੱਤਰ ਸਮਝਿਆ ਜਾਂਦਾ ਸੀ। ਪਰ ਇਸ ਮਨਾ ਦੀ ਪਵਿੱਤਰਤਾ ਦੀ ਮਿਸਾਲ ਸਭ ਤੋਂ ਵਧ ਕੇ ਜਾਪਾਨ ਵਿਚ ਮਿਲਦੀ ਹੈ ਜਿਥੇ ਬਾਦਸ਼ਾਹ ਨੂੰ "ਸੂਰਜ ਦਾ ਪੁੱਤਰ" ਸਮਝਿਆ ਜਾਂਦਾ ਸੀ ਤੇ ਉਹ ਕਦੀ ਵੀ ਜਨ ਸਾਧਾਰਣ ਦੇ ਸਾਹਮਣੇ ਨਹੀਂ ਸੀ ਆਉਂਦਾ ਤੇ ਵਿਸ਼ੇਸ਼ ਮਨੁੱਖਾਂ ਦੇ ਕੋਲ ਹੀ ਮਹੱਲਾਂ ਅੰਦਰ ਬੈਠਾ ਰਹਿੰਦਾ ਸੀ। ਇਹ ਵਿਸ਼ਵਾਸ ਟੈਬੂ ਦਾ ਸਥਾਨ ਪ੍ਰਾਪਤ ਕਰ ਗਿਆ ਅਤੇ ਜੰਤਾ ਦਾ ਕੋਈ ਮਨੁੱਖ ਵੀ ਬਾਦਸ਼ਾਹ ਦੇ ਦਰਸ਼ਨ ਨਹੀਂ ਸੀ ਕਰ ਸਕਦਾ ਤਾਂਕਿ ਉਸ ਦੀ ਪਵਿੱਤਰਤਾ ਤੇ ਵਡਿੱਤਣ ਉੱਤੇ ਆਮ ਲੋਕਾਂ ਦੇ ਜੀਵਨ ਦਾ ਪ੍ਰਭਾਵ ਨਾ ਪਵੇ। ਅਤੇ ਜਦ ਕਦੀ ਵੀ ਜਾਪਾਨ ਦੇ ਬਾਦਸ਼ਾਹ ਦੀ ਸਵਾਰੀ ਬਾਹਰ ਨਿਕਲਦੀ ਤਾਂ ਬਾਦਸ਼ਾਹ ਕੋਲੋਂ ਲੰਘਦਿਆਂ ਸਾਰੇ ਲੋਕ ਇਕ ਦਮ ਬਾਦਸ਼ਾਹ ਵੱਲ ਪਿੱਠ ਕਰਕੇ ਖੜੇ ਹੋ ਜਾਂਦੇ ਕਿਉਂਕਿ ਉਸ ਨੂੰ ਸਾਹਮਣੇ ਹੋ ਕਿ ਵੇਖਣਾ ਪਾਪ ਸਮਝਿਆ ਜਾਂਦਾ ਸੀ ਤੇ ਉਹ ਮਹੱਲਾਂ ਵਿਚ ਬੈਠਾ ਰਾਜ ਭਾਗ ਦੇ ਸਾਰੇ ਕੰਮ ਆਪਣੇ ਆਪ ਵੱਡੇ ਵੱਡੇ ਅਮੀਰਾ ਤੇ ਦਰਬਾਰੀਆਂ ਰਾਹੀਂ ਕਰਾਂਦਾ ਸੀ ਤੇ ਜਾਤੀ ਤੌਰ ਤੇ ਕਿਸੇ ਕੰਮ ਵਿਚ ਸਿੱਧਾ ਦਖ਼ਲ ਨਹੀਂ ਸੀ ਦਿੰਦਾ। ਜਾਪਾਨ ਦਾ ਸਭ ਤੋਂ ਪਹਿਲਾਂ ਬਾਦਸ਼ਾਸ ਮੁਤੋ ਹਿਤੋ (੧੮੬੮-੧੯੧੯ ਈਸਵੀ) ਸੀ ਜੋ ਇਸ ਟੈਬੂ ਬਾਦਸ਼ਾਹੀ ਪਵਿੱਤਰਤਾ ਨੂੰ ਤੋੜ ਕੇ ਜਨਤਾ ਵਿੱਚ ਆਇਆ।

ਹਰ ਧਰਮ ਦੇ ਲੋਕ ਮੰਨਦੇ ਹਨ ਕਿ ਮਹਾਨ ਆਤਮਿਕ ਵਿਅਕਤੀਆਂ ਦੀ ਛੋਹ ਨਾਲ ਚੀਜ਼ਾਂ ਪਵਿੱਤਰ ਹੋ ਜਾਂਦੀਆਂ ਹਨ ਤੇ ਫਿਰ ਉਹਨਾਂ ਸਬੰਧੀ ਕੋਈ ਵੀ ਅਪਵਿੱਤਰ ਕੰਮ ਨਹੀਂ ਕਰਨਾ ਚਾਹੀਦਾ ਤਾਂਕਿ ਉਹਨਾਂ ਦੀ ਪਵਿੱਤਰਤਾ ਦਾ ਸਤਿਕਾਰ ਕਾਇਮ ਰਹੇ। ਪ੍ਰਾਚੀਨ ਸਮੇਂ ਵਿਚ ਰੋਮ ਦੇ ਲੋਕ ਇਹ ਵਿਸ਼ਵਾਸ ਰਖਦੇ ਸਨ ਕਿ ਜਿਸ ਥਾਂ ਵੀ ਬਾਦਸ਼ਾਹ ਫਿਰ ਕੇ ਆਪਣੇ ਪੈਰ ਰਖੇ ਉਹ ਧਰਤੀ ਏਨੀ ਪਵਿੱਤਰ ਹੋ ਜਾਂਦੀ ਹੈ ਕਿ ਉਥੇ ਕੋਈ ਜਨ ਸਾਧਾਰਣ ਤੁਰ ਕੇ ਅਪਵਿੱਤਰ ਨਾ ਕਰੇ। ਏਸੇ ਲਈ ਜਦੋਂ ਬਾਦਸ਼ਾਸ ਕਿਸੇ ਅਵਸਰ ਜਾਂ ਉਤਸਵ ਤੇ ਜਨਤਾ ਦੇ ਸਾਹਮਣੇ ਆਉਂਦਾ ਸੀ ਜਿਸ ਥਾਂ ਤੇ ਉਸ ਨੇ ਟੁਰਨਾ ਹੁੰਦਾ ਸੀ ਉਥੇ ਦਰੀਆਂ ਤੇ ਗ਼ਲੀਚੇ ਵਿੱਛਾ ਦਿੱਤੇ ਜਾਂਦੇ ਸਨ ਤਾਂ ਕਿ ਪੈਰ ਧਰਤੀ ਨਾਲ ਨਾ ਲੱਗੇ ਤੇ ਧਰਤੀ ਦਾ ਉਹ ਹਿੱਸਾ ਆਮ ਲੋਕਾਂ ਦੇ ਤੁਰਨ ਫਿਰਨ ਨਾਲ ਖੁਸ ਨਾ ਜਾਵੇ। ਉਹ ਪ੍ਰਾਚੀਨ ਰਸਮ ਅਜ ਵੀ ਸਾਰੇ ਦੇਸ਼ਾਂ ਦੇ ਸਮਾਜ ਵਿਚ ਪ੍ਰਚੱਲਿਤ ਹੈ ਕਿ ਜਦ ਕੋਈ ਖ਼ਾਸ ਤੇ ਅਹਿਮ ਵਿਅਕਤੀ ਸਟੇਜ ਤੇ ਆਉਂਦਾ ਹੈ ਤਾਂ ਉਸ ਦੇ ਰਾਹ ਵਿਚ ਦਰੀਆਂ, ਗ਼ਲੀਚੇ, ਚਾਦਰਾਂ ਜਾਂ ਟਾਟ ਵਿਛਾਏ ਜਾਦੇ ਹਨ।

## ਪ੍ਰਾਚੀਨ ਸਮੇਂ ਦੇ ਪ੍ਰਮੁੱਖਾਂ ਦੇ ਧਾਰਮਿਕ ਵਿਚਾਰ

ਬਹੁਤ ਸਾਰੇ ਪ੍ਰਸਿੱਧ ਵਿਦਵਾਨਾਂ ਦਾ ਖ਼ਿਆਲ ਹੈ ਕਿ ੬੦੦ ਪੂਰਬ ਈਸਵੀ ਤੋਂ ਪਹਿਲਾਂ ਮਨੁੱਖ ਦਾ ਧਾਰਮਿਕ ਵਿਚਾਰ ਅਜ ਵਾਂਗੂੰ ਨਿਯਮ ਬੱਧ ਥੀਆਲੋਜੀ ਵਾਲਾ ਨਹੀਂ ਸੀ, ਸਗੋਂ



Digitized by Panjab Digital Library | www.panjabdigilib.org

ਜਾਦੂਮਈ ਸੀ। ਧਾਰਮਕ ਖੇਤਰ (ਧਰਮ ਵਿਗਿਆਨ) ਦੇ ਸਾਰੇ ਖੋਜੀ ਇਸ ਗੱਲ ਨਾਲ ਸਹਿਮਤ ਹਨ ਕਿ ਜਾਦੂ ਧਰਮ ਤੋਂ ਪਹਿਲਾਂ ਹੋਇਆਂ। ਦੁਨੀਆਂ ਦੇ ਮੰਨੇ ਪ੍ਰਮੰਨੇ ਵਿਦਵਾਨਾਂ ਦੀ ਰਾਏ ਹੈ ਕਿ ਜਾਦੂ ਪ੍ਰਾਚੀਨ ਸਮੇਂ ਦੇ ਮਨੁੱਖ ਦੀ ਸਾਇੰਸ ਸੀ ਅਤੇ ਸਾਇੰਸ ਦੀਆਂ ਬਹੁਤ ਸਾਰੀਆਂ ਕਾਢਾਂ ਦੀ ਜਿਨ੍ਹਾਂ ਲੋਕਾਂ ਨੂੰ ਸਮਝ ਨਹੀਂ ਉਹ ਲੋਕ ਜਾਦੂ ਦੀ ਖੇਡ ਹੀ ਸਮਝਦੇ ਹਨ ਜਿਵੇਂ ਕੁਝ ਵਰ੍ਹੇ ਪਹਿਲਾਂ ਪੇਂਡੂ ਲੋਕ ਰੇਡੀਓ ਨੂੰ ਜਾਦੂ ਦਾ ਡੱਬਾ ਹੀ ਸਮਝਦੇ ਸਨ ਕਿ ਪਤਾ ਨਹੀਂ ਇਸ ਵਿੱਚ ਜਾਦੂ ਨਾਲ ਬੰਦ ਕੀਤਾ ਹੋਇਆ ਬੰਦਾ ਬੋਲਦਾ ਹੈ। ਵਿਲਹੈਲਮ ਡਿਲਥੀ ਨੇ ਮਨੁੱਖ ਦੇ ਉਸ ਪ੍ਰਾਚੀਨ ਸਮੇਂ ਨੂੰ ਜਦੋਂ ਉਸ ਦੇ ਹੈਰਾਨੀ ਭਰੇ ਵਿਸ਼ਵਾਸ ਜਾਦੂ ਦੀ ਜਕੜ ਵਿਚ ਸਨ ਨੂੰ ''ਪਰੀਲਾਜੀਕਲ'' ਪਰੀਰੈਸ਼ਨਲ ਜਾਂ ਦਲੀਲ ਤੋਂ ਪਹਿਲਾਂ ਦਾ ਜਾਂ ਮਿਥਿਆਸਕ ਸਮਾਂ ਆਖਿਆ ਹੈ।

ਜਿਸ ਘਟਨਾ ਜਾਂ ਚੀਜ਼ ਨੂੰ ਦਲੀਲ ਨਾਲ ਨਾ ਸਮਝਿਆ, ਨਾ ਸਿੱਧ ਕੀਤਾ ਗਿਆ, ਉਸ ਨੂੰ ਜਾਦੂ ਜਾਂ ਮਿਥਿਆਸ ਕਹਿੰਦੇ ਹਨ ਜਿਵੇਂ ਕਿ ਹਿੰਦੂ ਧਰਮ ਦਾ ਇਤਹਾਸ ਤੇ ਕੋਈ ਹੈ ਹੀ ਨਹੀਂ ਤੇ ਇਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਤੇ ਕੂੜ ਕੜੱਲ ਮਿਥਹਾਸ ਹੀ ਹਨ ਤੇ ਹਿੰਦੂ ਮਿਥੀਹਾਸ ਵਿਚੋਂ ਕਈ ਕਹਾਣੀਆਂ ਪੜ੍ਹ ਕੇ ਪਾਠਕ ਹੈਰਾਨ ਹੋ ਜਾਂਦਾ ਹੈ। ਜਾਦੂ ਵਿੱਚ ਰੱਖੇ ਵਿਸ਼ਵਾਸ ਨੇ ਹੀ ਮਿਥੀਆਸ ਨੂੰ ਜਨਮ ਦਿੱਤਾ।

ਪ੍ਰਾਚੀਨ ਸਮੇਂ ਦਾ ਮਨੁੱਖ ਦਲੀਲ ਤੋਂ ਰਹਿਤ ਤੇ ਕਾਫ਼ੀ ਹੱਦ ਤਕ ਸੋਚ ਹੀਨ ਸੀ। ਇਸ ਲਈ ਉਸ ਵਿਚ ਵਿਵੇਕ ਦੀ ਥੁੜ ਸੀ। ਮਿਸਾਲ ਦੇ ਤੌਰ ਤੇ ਉਹ ਇੱਕ ਪੰਛੀ ਨੂੰ ਸਮੁੱਚੇ ਤੌਰ ਤੇ ਪੰਛੀ ਹੀ ਸਮਝਦਾ ਸੀ ਤੇ ਉਸ ਦੇ ਖੰਭ ਨੂੰ ਵੀ ਪੰਛੀ ਹੀ ਸਮਝਦਾ ਸੀ। ਅੱਜ ਦਾ ਮਨੁੱਖ ਪੰਛੀ ਨੂੰ ਪੰਛੀ ਤਾਂ ਸਮਝਦਾ ਹੈ ਪਰ ਇਕ ਖੰਭ ਨੂੰ ਪੰਛੀ ਨਹੀਂ ਸਮਝਦਾ। ਏਸੇ ਤਰ੍ਹਾਂ ਹੀ ਜਾਦੂ ਵਿਚ ਵਿਸ਼ਵਾਸ ਰੱਖਣ ਵਾਲਾ ਮਨੁੱਖ ਭਾਵੇਂ ਪ੍ਰਾਚੀਨ ਸਮੇਂ ਦਾ ਸੀ ਤੇ ਭਾਵੇਂ ਅੱਜ ਦਾ ਹੈ, ਕਿਸੇ ਮਨੁੱਖ ਦੇ ਸਰੀਰ ਤੋਂ ਛੁੱਟ ਉਸ ਦੇ ਸਰੀਰ ਦੀਆਂ ਬੇਜਾਨ ਚੀਜ਼ਾਂ ਨੂੰ ਵੀ ਬੰਦਾ ਹੀ ਸਮਝਦਾ ਹੈ ਜਿਵੇਂ ਕਿ ਜਾਦੂ ਟੂਣੇ ਕਰਨ ਵਾਲੇ ਲੋਕ ਆਪਣੇ ਵਿਰੋਧੀ ਮਨੁੱਖ ਜਾਂ ਜਿਸ ਨੂੰ ਵਸ ਕਰਨਾ ਹੋਵੇ ਦੇ ਵਾਲਾਂ, ਲੱਥੇ ਹੋਏ ਨਹੁੰ ਜਾਂ ਟੁਰਦੇ ਪੈਰਾਂ ਦੀ ਮਿੱਟੀ ਆਦਿ ਲੈ ਕੇ ਉਸ ਤੇ ਮੰਤਰ ਜੰਤਰ ਪੜ੍ਹ ਕੇ ਸੰਬੰਧਤ ਮਨੁੱਖ ਨੂੰ ਆਪਣੀ ਇੱਛਾ ਅਨੁਸਾਰ ਪ੍ਰਭਾਵਿਤ ਕਰਦੇ ਹਨ ਜਿਸ ਤੋਂ ਸਾਫ਼ ਜ਼ਾਹਿਰ ਹੈ ਕਿ ਜਾਦੂਗਰ ਤੇ ਉਹਨਾਂ ਵਿਚ ਵਿਸ਼ਵਾਸ ਕਰਨ ਵਾਲੇ ਲੋਕ ਇਹ ਖ਼ਿਆਲ ਕਰਦੇ ਹਨ ਕਿ ਬੇਜਾਨ ਚੀਜ਼ਾਂ ਤੇ ਜੋ ਕੀਤਾ ਜਾਵੇ ਉਹ ਹੀ ਸੰਬੰਧਤ ਮਨੁੱਖ ਨਾਲ ਵਾਪਰ ਜਾਵੇਗਾ।

ਸਾਇੰਸ ਕੁਦਰਤ ਦੇ ਕਾਰਖਾਨੇ ਨੂੰ ਸਮਝਦੀ ਤੇ ਉਸ ਦੀ ਨਕਲ ਕਰਦੀ ਹੈ। ਜਾਦੂ ਕੁਦਰਤ ਦੀਆਂ ਸ਼ਕਤੀਆਂ ਨੂੰ ਸਮਝਦਾ ਨਹੀਂ ਉਲਟ ਕਰਦਾ ਹੈ ਅਤੇ ਇਸਦੀ ਵਿਰੋਧਤਾ ਵੀ। ਏਸੇ ਲਈ ਧਾਰਮਿਕ ਲੋਕ ਕਹਿੰਦੇ ਹਨ ਕਿ ਕਰਾਮਾਤ ਕਹਿਰ ਦਾ ਨਾਂ ਹੈ। ਮਸਲਿਨ ਜਦ ਕੋਈ ਡਾਕਟਰ ਕਿਸੇ ਮਨੁੱਖ ਦਾ ਉਪਰੇਸ਼ਨ ਕਰਦਾ ਹੈ ਤਾਂ ਉਸ ਦੇ ਚਾਕੂ ਛੁਰੀਆਂ ਚਲਦੇ ਤੇ ਲਹੂ ਵਗਦੇ ਨੂੰ ਦੇਖ ਕੇ ਸਾਧਾਰਣ ਤੋਂ ਸਾਧਾਰਣ ਬੰਦਾ ਵੀ ਹੈਰਾਨ ਨਹੀਂ ਹੁੰਦਾ। ਕਿਉਂਕਿ ਉਹ ਸਮਝਦਾ ਹੈ ਕਿ ਚੀਰ ਫਾੜ ਕੀਤਿਆਂ ਕੁਦਰਤੀ ਤੌਰ ਤੇ ਲਹੂ ਨੇ ਵਗਣਾ ਹੀ



Digitized by Panjab Digital Library | www.panjabdigilib.org

ਹੁੰਦਾ ਹੈ। ਪਰ ਜੇ ਕੋਈ ਜਾਦੂਦਰ ਆਕਾਰਨ ਹੀ ਆਪਣੇ ਮੂੰਹ ਕੰਨਾਂ ਜਾਂ ਨੱਕ ਰਾਹੀਂ ਲਹੂ ਦੀਆਂ ਧਾਰਾਂ ਵਗਾਏ ਤਾਂ ਦਰਸ਼ਕ ਜ਼ਰੂਰ ਹੈਰਾਨ ਹੁੰਦੇ ਹਨ। ਧਰਮ ਤੇ ਜਾਦੂ ਵਿਚ ਹੇਠ ਲਿਖੇ ਫ਼ਰਕ ਹਨ :—

੧. ਜਾਦੂ, ਕੁਦਰਤੀ ਸ਼ਕਤੀਆਂ, ਦੇਵੀ ਦੇਵਤੀਆਂ ਤੇ ਰੂਹਾਂ ਆਦਿ ਨੂੰ ਤੰਗ ਕਰਕੇ ਆਪਣੇ ਨੌਕਰ ਜਾਂ ਕਾਮੇ ਬਣਾਂਦਾ ਹੈ ਪਰ ਧਾਰਮਿਕ ਮਨੁੱਖ ਆਪਣੇ ਇਸ਼ਟ ਦਾ ਸਤਿਕਾਰ ਤੇ ਪੂਜਾ ਕਰਦਾ ਹੈ।

੨. ਜਾਦੂਗਰ ਇਹਨਾਂ ਸ਼ਕਤੀਆਂ ਰਾਹੀਂ ਆਪਣੀਆਂ ਜ਼ਾਤੀ ਗਰਜ਼ਾਂ ਪੂਰੀਆਂ ਕਰਦਾ ਹੈ ਪਰ ਧਾਰਮਿਕ ਮਨੁੱਖ ਇਹ ਕੰਮ ਨਹੀਂ ਕਰਦਾ।

੩. ਜਾਦੂਗਰ ਕੁਦਰਤ ਦੇ ਨਿਯਮ ਦੀ ਉਲੰਘਨਾ ਕਰਦਾ ਹੈ ਪਰ ਕੁਦਰਤ ਦੇ ਨਿਯਮਾਂ ਤੇ ਵਾਹਿਗੁਰੂ ਦੇ ਭਾਣੇ ਨੂੰ ਮੰਨਣ ਵਾਲਾ ਗੁਰੂ ਨਾਨਕ ਦੇਵ ਜੀ ਵਰਗਾ ਮਹਾਨ ਧਾਰਮਿਕ ਆਗੂ ਸਿੱਖੀ ਰਾਹੀਂ ਸਚ ਖੰਡ ਨੂੰ ਪੁਚਾਣ ਵਾਲੀ ਪਉੜੀ ਦੇ ਪਹਿਲੇ ਡੰਡੇ ਤੇ ਚੜ੍ਹ ਕੇ ਹੀ ਆਖਦਾ ਹੈ।

ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ।

੪. ਜਾਦੂਗਰ ਖ਼ੁਦਗਰਜ਼, ਹੰਕਾਰੀ ਅਤੇ ਸਵੈਸਿਫਤੂ ਹੁੰਦਾ ਹੈ ਪਰ ਧਾਰਮਿਕ ਮਨੁੱਖ ਵਿਚ ਨਿਮਰਤਾ ਤੇ ਹੰਕਾਰ ਹੁੰਦਾ ਹੈ।

੫. ਜਾਦੂਗਰ ਆਪਣੇ ਇਸ਼ਟ ਨੂੰ ਕਾਮਾ ਜਾਂ ਨੌਕਰ ਸਮਝਦਾ ਹੈ ਪਰ ਧਾਰਮਿਕ ਮਨੁੱਖ ਆਪਣੇ ਇਸ਼ਟ ਨੂੰ ਸੁਆਮੀ ਜਾਂ ਮਾਲਕ ਸਮਝਦਾ ਹੈ।

ਜਾਦੂ ਦੋ ਕਿਸਮ ਦਾ ਹੁੰਦਾ ਹੈ :—

੧. ਚਿੱਟਾ ਜਾਦੂ ਤੇ ਕਾਲਾ ਜਾਦੂ ਜਾਂ ਚਿੱਟਾ ਇਲਮ ਤੇ ਕਾਲਾ ਇਲਮ। ਚਿੱਟਾ ਇਲਮ ਭਲੇ ਕੰਮਾਂ ਲਈ ਵਰਤਿਆ ਜਾਂਦਾ ਹੈ ਤੇ ਕਾਲਾ ਜਾਦੂ ਬੁਰੇ ਕੰਮਾਂ ਲਈ। ਕਿਸੇ ਦੀ ਸਿਰ ਪੀੜ ਹਟਾ ਦੇਣੀ ਜਾਂ ਸੱਪ ਦੇ ਵੱਢੇ ਨੂੰ ਰਾਜ਼ੀ ਕਰਨਾ, ਚਿੱਟਾ ਇਲਮ ਹੈ। ਕਿਸੇ ਨੂੰ ਮੁਸੀਬਤ ਪਾਉਣਾ ਜਾਂ ਹਾਨੀ ਪਹੁੰਚਾਉਣਾ ਕਾਲਾ ਇਲਮ ਹੈ। ਕਾਲੇ ਇਲਮ ਵਾਲੇ ਕਈ ਵਾਰੀ ਆਮ ਚੀਜ਼ਾਂ ਰਾਹੀਂ ਵੀ ਦੁਸ਼ਮਨ ਨੂੰ ਨੁਕਸਾਨ ਪਹੁੰਚਾਂਦੇ ਹਨ ਜਿਵੇਂ ਕਿਸੇ ਨਿੰਬੂ ਜਾਂ ਹੋਰ ਚੀਜ਼ ਤੇ ਮੰਤਰ ਪੜ੍ਹ ਕੇ ਸੂਈਆਂ ਮਾਰਨ ਨਾਲ ਦੂਰ ਬੈਠੇ ਮਨੁੱਖ ਦੇ ਕਾਲਜੇ ਵਿਚ ਸੂਈਆਂ ਮਾਰ ਕੇ ਮੌਤ ਕਰਨੀ ਕਾਲਾ ਇਲਮ ਹੈ।

## ਆਤਮਾ ਦਾ ਜਾਦੂਮਈ ਅਸਰ

ਆਤਮਿਕ ਪ੍ਰਭਾਵ ਦੇ ਜਾਦੂ ਮਈ ਅਸਰ ਤੋਂ ਕੋਈ ਧਰਮ ਵੀ ਇਨਕਾਰ ਨਹੀਂ ਕਰ ਸਕਦਾ ਤੇ ਹਰ ਧਰਮ ਵਿੱਚ ਇਹ ਜ਼ਿਕਰ ਆਉਂਦਾ ਹੈ ਕਿ ਮਹਾਨ ਆਤਮਾ ਇਕ ਸਾਧਾਰਣ ਆਤਮਾ ਤੇ ਜਾਦੂਮਈ ਪ੍ਰਭਾਵ ਪਾ ਸਕਦੀ ਹੈ। ਜਿਵੇਂ ਕਿ ਗੁਰੂ ਹਰਿ ਕ੍ਰਿਸ਼ਨ ਜੀ ਦੀ ਗੂੰਗੇ ਛੱਜੂ ਮਹਿਰੇ ਤੋਂ ਸ਼ਲੋਕਾਂ ਦੇ ਅਰਥ ਕਰਾਣ ਦੀ ਘਟਨਾ ਤੇ ਗੁਰੂ ਤੇਗ ਬਹਾਦਰ ਜੀ ਦੀ



Digitized by Panjab Digital Library | www.panjabdigilib.org

ਗਯਾ ਦੇ ਪਾਂਡੇ ਰਾਮ ਸਰਨ ਨੂੰ ਉਸ ਦੇ ਪਿਉ ਦਾਦੇ ਨੂੰ ਬਘਿਆੜ ਦੀ ਜੂਨ ਵਿੱਚ ਵਿਖਾਉਣ ਦੀ ਘਟਣਾ।

'ਸ਼ਾਮਾਨਿਜ਼ਮ' ਪਿਛਲੇ ਸਮਿਆਂ ਵਿਚ ਆਮ ਕਰਕੇ ਅਤੇ ਹੁਣ ਵੀ ਕਿਤੇ ਸ਼ਹਿਰਾਂ ਤੇ ਪਿੰਡਾਂ ਵਿਚ ਟੂਣੇ-ਟੰਜਰ ਕਰਨ ਵਾਲੇ ਲੋਕ ਮਿਲਦੇ ਹਨ। ਇਹਨਾਂ ਨੂੰ ਪਰਾਚੀਨ ਕਿਸਮ ਦੇ ਕਬੀਲੇ ਸ਼ਾਮਨ (ਮੰਤਰੀ ਜਾਂ ਮਾਂਦਰੀ) ਆਖਦੇ ਸਨ। ਇਹ ਆਮ ਤੌਰ ਤੇ ਧਾਰਮਕ ਲੀਡਰ ਹੀ ਹੁੰਦੇ ਸਨ ਜਿਵੇਂ ਕਿ ਪੰਡਤ ਮੁੱਲਾਂ, ਮੌਲਾਣੇ ਤੇ ਭਾਈ ਆਦਿਕ। ਇਸ ਤਰ੍ਹਾਂ ਦੁੱਖਾ ਸੁੱਖਾਂ ਦੇ ਹਟਣ ਨੂੰ ਸ਼ਾਮਨਿਜ਼ਮ ਕਿਹਾ ਗਿਆ ਹੈ। ਇਹ ਲੋਕ ਨਿੱਜੀ ਦੁੱਖਾਂ ਸੁੱਖਾਂ ਤੋਂ ਛੁੱਟ ਕਬੀਲੇ ਜ਼ਾਤ ਬਰਾਦਰੀ ਜਾਂ ਸਮੁੱਚੀ ਕੌਮ ਦੇ ਭਲੇ ਜਾਂ ਦੁਸ਼ਮਨ ਨੂੰ ਨੁਕਸਾਨ ਪਹੁੰਚਾਣ ਲਈ ਮੰਤਰਾਂ ਤੇ ਜਾਦੂ ਤੋਂ ਕੰਮ ਲੈਂਦੇ ਸਨ। ਜੰਤਰਾਂ ਮੰਤਰਾਂ ਦੇ ਜਾਦੂ ਦੇ ਤਰੀਕੇ ਵੀ ਦੋ ਹਨ। "ਸਜੈਸਟਿਵ" (ਸੁਝਾਉ ਦੇਣ ਵਾਲਾ) "ਸਿੰਪੇਥੈਟਿਕ" (ਹਮਦਰਦੀ ਵਾਲਾ)। ਪਹਿਲੇ ਦੀ ਮਿਸਾਲ ਅਸੀਂ ਕਿਸੇ ਠੂੰਹੇਂ ਜਾਂ ਸੱਪ ਦੇ ਡੰਗੇ ਹੋਏ ਬੰਦੇ ਦੇ ਮਾਂਦਰੀ ਤੋਂ ਜਹਿਰ ਉਤਾਰਨ ਦੀ ਦੇਂਦੇ ਹਾਂ। ਫ਼ਰਜ਼ ਕਰੋ ਕਿ ਸੱਪ ਨੇ ਲਤ ਤੇ ਡੰਗ ਮਾਰਿਆ ਹੈ। ਮਾਂਦਰੀ ਮੰਤਰ ਪੜ੍ਹਦਾ ਪੜ੍ਹਦਾ ਮੰਤਰ ਦੇ ਅਖ਼ੀਰ ਵਿੱਚ ਲੱਤ ਦੇ ਉੱਤੋਂ ਜਾਂ ਲਤ ਨਾਲ ਛੁਹਾ ਕੇ ਆਪਣੇ ਹੱਥ ਸੋਟੀ ਜਾਂ ਦਾਤਰੀ ਛਿਣਕ ਕੇ ਜ਼ਮੀਮ ਤੇ ਮਾਰਦਾ ਹੈ ਤੇ ਫੇਰ ਮੰਤਰ ਪੜ੍ਹਦਾ ਹੈ ਤੇ ਫੇਰ ਅੰਤ ਵਿੱਚ ਏਸੇ ਤਰ੍ਹਾਂ ਕਰਦਾ ਹੈ। ਇਸ ਤਰ੍ਹਾਂ ਜਾਦੂ ਦੇ ਜ਼ੋਰ ਨਾਲ ਜ਼ਹਿਰ ਤੇ ਪੀੜ ਨੂੰ ਸੁਝਾਓ ਦਿੰਦਾ ਹੈ ਕਿ ਲੱਤ ਵਿਚੋਂ ਨਿਕਲ ਜਾਣ। ਦੂਜੀ ਮਿਸਾਲ ਰਾਹੀਂ ਜਾਦੂਗਰ ਮੰਤਰ ਪੜ੍ਹ ਕੇ ਉਹ ਕੁਝ ਹੀ ਕਰਦਾ ਹੈ ਜੋ ਉਹ ਕਰਵਾਉਣਾ ਚਾਹੁੰਦਾ ਹੈ। ਮਸਲਿਨ ਜਦ ਮੀਂਹ ਨਾ ਪੈਂਦਾ ਹੋਵੇ ਤਾਂ ਉਹ ਪਾਣੀ ਤੇ ਮੰਤਰ ਪੜ੍ਹ ਕੇ ਛੱਟੇ ਮਾਰਦਾ ਹੈ ਜਿਵੇਂ ਕਿ ਮੀਂਹ ਪੈ ਰਿਹਾ ਹੈ। ਅਜੇ ਵੀ ਪੰਜਾਬ ਦੇ ਪਿੰਡਾਂ ਵਿਚ ਵੇਖਣ ਵਿਚ ਆਉਂਦਾ ਹੈ ਕਿ ਸਾਵਣ ਭਾਦੋਂ ਦੇ ਮਹੀਨਿਆਂ ਵਿਚ ਔੜ ਲੱਗ ਜਾਵੇ ਤਾਂ ਮੁਟਿਆਰ ਕੁੜੀਆਂ ਕਈਆਂ ਦੇ ਘਰ ਪਾਣੀ ਤੇ ਗੋਹੇ ਦੇ ਘੜੇ ਭਰ ਕੇ ਭੰਨ ਆਉਂਦੀਆਂ ਹਨ ਤਾਂ ਕਿ ਮੀਂਹ ਵੱਸੇ। 'ਟੋਟਮਿਜ਼ਮ' ਪ੍ਰਾਚੀਨ ਮਨੁੱਖ ਦਾ ਵਿਸ਼ਵਾਸ ਸੀ ਕਿ ਮਨੁੱਖ ਤੇ ਆਲੇ ਦੁਆਲੇ ਦੀਆਂ ਚੀਜ਼ਾਂ ਇਕ ਹਨ ਅਤੇ ਉਸ ਦੀ ਉਹਨਾਂ ਨਾਲ ਇਸ ਤਰ੍ਹਾਂ ਦੀ ਸਾਂਝ ਹੈ ਜਿਵੇਂ ਕਿ ਆਪਣੇ ਖ਼ੂਨ ਦੇ ਭੈਣਾਂ ਭਰਾਵਾਂ ਤੇ ਹੋਰ ਰਿਸ਼ਤੇਦਾਰਾਂ ਨਾਲ ਹੁੰਦੀ ਹੈ। ਖ਼ਾਸ ਖ਼ਾਸ ਕਬੀਲੇ ਦੇ ਦੁੱਖ ਸੁੱਖ ਨੂੰ ਖ਼ਾਸ ਖ਼ਾਸ ਜਾਨਵਰਾਂ ਜਾਂ ਰੁੱਖਾਂ ਵਿਚ ਸਮਝਦੇ ਸਨ ਕਿ ਇਹਨਾਂ ਦਾ ਨੁਕਸਾਨ ਕਰਨਾ ਸਮੁੱਚੀ ਕੌਮ ਦਾ ਨੁਕਸਾਨ ਕਰਨਾ ਹੈ। ਟੋਟਮ ਦਾ ਸ਼ਬਦ ਸਭ ਤੋਂ ਪਹਿਲਾਂ ਅੰਗਰੇਜ਼ ਵਿਦਵਾਨ ਤੇ ਖੋਜੀ ਜੇ. ਲਾਂਗ ਨੇ ੧੭੯੧ ਵਿਚ ਵਰਤਿਆ। ਜਦ ਉਸ ਨੇ ਉਤਰੀ ਅਮਰੀਕਾ ਦੇ ਆਦੀ ਕਬੀਲਿਆਂ ਓਜ਼ਿਬਵੇ ਅਤੇ ਐਲਨ ਕੁਇਨਜ਼ ਦੇ ਧਾਰਮਿਕ ਵਿਸ਼ਵਾਸਾਂ ਦਾ ਅਧਿਐਨ ਕੀਤਾ। ਟੋਟਮ ਦਾ ਅਰਥ ਅਜ ਕਲ ਕਿਸੇ ਕਬੀਲੇ, ਟੱਬਰ ਜਾਂ ਕੌਮ ਦੇ ਰਖਿਆ ਕਰਨ ਵਾਲੇ ਪੌਦੇ ਜਾਂ ਜਾਨਵਰ ਤੋਂ ਸਮਝਿਆ ਜਾਂਦਾ ਹੈ ਜਿਨ੍ਹਾਂ ਦਾ ਸਬੰਧ ਇਤਹਾਸਕ ਤੌਰ ਤੇ ਸੰਬੰਧਤ ਕਬੀਲੇ ਨਾਲ ਹੁੰਦਾ ਹੈ। ਸਾਡੇ ਪੰਜਾਬ ਦੇ ਲੋਕਾਂ ਵਿਚ ਵੀ ਕਿਸੇ ਨਾ ਕਿਸੇ ਸ਼ਕਲ ਵਿਚ ਟੋਟਮ ਦੀਆਂ ਕਈ



Digitized by Panjab Digital Library | www.panjabdigilib.org

ਘਟਨਾਵਾਂ ਹਨ ਪਰ ਭਾਰਤ ਦੇ ਦੂਜੇ ਪ੍ਰਾਂਤਾਂ ਵਿੱਚ ਤੇ ਟੋਟਮਿਜ਼ਮ ਦਾ ਵਿਸ਼ਵਾਸ ਆਦਿ ਵਾਸੀਆਂ ਵਿਚ ਆਮ ਹੈ। ਫਰਜ਼ ਕਰੋ ਕਿਸੇ ਕਬੀਲੇ ਦਾ ਟੋਟਮ ਅੰਬ ਦਾ ਰੁਖ ਹੈ। ਉਸ ਸਾਰੇ ਕਬੀਲੇ ਦੇ ਲੋਕ ਉਸ ਦਾ ਸਤਿਕਾਰ ਆਪਣੇ ਕਬੀਲੇ ਵਾਂਗ ਜਾਂ ਵਡੇ ਵਡੇਰੇ ਵਾਂਗ ਕਰਨਗੇ ਅਤੇ ਇਸ ਗੱਲ ਵਿਚ ਪੂਰਨ ਵਿਸ਼ਵਾਸ ਰਖਣਗੇ ਕਿ ਇਸ ਨੂੰ ਕਟਿਆਂ ਵਢਿਆਂ ਸਬੰਧਤ ਕਬੀਲੇ ਜਾਂ ਕੌਮ ਦਾ ਨੁਕਸਾਨ ਹੋਵੇਗਾ ਇਸ ਲਈ ਉਸ ਦੀ ਰਖਿਆ ਕਰਨੀ ਹੀ ਉਸ ਦਾ ਧਰਮ ਹੈ। ਇਸੇ ਤਰ੍ਹਾਂ ਫ਼ਰਜ਼ ਕਰੋ ਕਿਸੇ ਕਬੀਲੇ ਦਾ ਟੋਟਮ. ਸ਼ੇਰ, ਚਿਤਰਾ, ਸਿਹਾ ਹਿਰਨ ਹੈ ਤਾਂ ਉਹ ਨਾ ਕਦੀ ਆਪਣੇ ਟੋਟਮ ਨੂੰ ਮਾਰਨਗੇ ਤੇ ਨਾ ਕਦੀ ਖਾਣਗੇ। ਕਿਉਂਕਿ ਇਹੋ ਜਿਹਾ ਕੰਮ ਕਰਨ ਨੂੰ ਧਰਮ ਜਾਂ ਕਬੀਲੇ ਦੇ ਵਿਰੁੱਧ ਸਮਝਦੇ ਹਨ। ਕਈ ਕੁਦਰਤੀ ਘਟਨਾਵਾਂ ਟੋਟਮ ਦਾ ਉਲੰਘਣਾਂ ਜਾਂ ਜਾਦੂ ਦੀ ਤਾਕਤ ਤੋਂ ਬਾਹਰ ਹਨ ਜਿਵੇਂ ਬਿਜਲੀ ਦਾ ਚਾਨਣਾ, ਬਿਜਲੀ ਦਾ ਡਿੱਗਣਾ, ਬਿਜਲੀ ਦਾ ਕੜਕਣਾ। ਸੰਸਾਰ ਦੇ ਕਿਸੇ ਹਿੱਸੇ ਤੇ ਹੋ ਸਕਦੇ ਹਨ ਇਹਨਾਂ ਤੇ........ਕੋਈ ਕੰਟਰੋਲ ਨਹੀਂ।

ਜਾਦੂ ਵਿੱਚ ਵਿਸ਼ਵਾਸ ਕਰਨ ਵਾਲੇ ਲੋਕ ਭਾਵੇਂ ਉਹ ਪ੍ਰਾਚੀਨ ਸਮੇਂ ਦੇ ਸਨ ਤੇ ਭਾਵੇਂ ਵਰਤਮਾਨ ਸਮੇਂ ਦੇ ਨੇ ਮੰਨਦੇ ਨੇ ਕਿ ਕਿਸੇ ਦਾ ਨਾਮ ਉਸ ਦੀ ਵਿਅਕਤੀ ਦਾ ਹੀ ਪੂਰਨ ਰੂਪ ਹੁੰਦਾ ਹੈ ਅਤੇ ਸੰਬੰਧਤ ਮਨੁੱਖ ਭਾਵੇਂ ਕਿੰਨੀ ਦੂਰ ਤੇ ਅਣਦਿਸਦਾ ਹੋਵੇ ਉਸ ਨੂੰ ਉਸ ਦਾ ਨਾਂ ਜਾਣਕੇ ਹੀ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ ਤੇ ਜਾਂ ਉਸ ਦੀ ਸ਼ਕਤੀ ਤੇ ਵਿਅਕਤੀ ਤੋਂ ਲਾਭ ਉਠਾਇਆ ਜਾ ਸਕਦਾ ਹੈ। ਏਸੇ ਕਰਕੇ ਕਈ ਲੋਕ ਤੇ ਖ਼ਾਸ ਕਰਕੇ ਆਦੀ ਵਾਸੀਆਂ ਦੇ ਪ੍ਰਾਚੀਨ ਨਸਲਾਂ ਦੇ ਕਬੀਲੇ ਕਿਸੇ ਪ੍ਰਦੇਸੀ ਅਣਜਾਣੂ ਜਾਂ ਓਪਰੇ ਨੂੰ ਆਪਣਾ ਨਾਂ ਨਹੀਂ ਦਸਦ ਤਾਂਕਿ ਜੇ ਰਬ ਨਾ ਕਰੇ ਉਹ ਦੁਸ਼ਮਨ ਜਾਂ ਵਿਰੋਧੀ ਹੋਵੇ ਤਾਂ ਨਾਂ ਜਾਣ ਕੇ ਜਾਦੂ ਰਾਹੀਂ ਕਿਸੇ ਪ੍ਰਕਾਰ ਦਾ ਨੁਕਸਾਨ ਨਾ ਕਰ ਦੇਵੇ। ਇਹ ਆਮ ਵਿਸ਼ਵਾਸ਼ ਸੀ ਕਿ ਵੱਡੀਆਂ ਵੱਡੀਆਂ ਵਿਅਕਤੀਆਂ ਤੇ ਆਤਮਿਕ ਸ਼ਖਸੀਅਤਾਂ ਦਾ ਸਾਧਾਰਣ ਮਨੁੱਖ ਲਈ ਨਾਂ ਲੈ ਕੇ ਬੁਲਾਉਣਾ ਠੀਕ ਨਹੀਂ ਸੀ ਸਮਝਿਆ ਜਾਂਦਾ ਤੇ ਸਮਾਜ ਵਿਚ ਇਹ ਚੀਜ਼ ਹੁਣ ਵੀ ਮੌਜੂਦ ਹੈ। ਇਸ ਦੇ ਦੋ ਕਾਰਣ ਹਨ। ਨਾਂ ਲੈ ਕੇ ਬੁਲਾਣ ਸਬੰਧੀ ਹਜ਼ਰਤ ਮੁਹੰਮਦ ਦੀ ਜ਼ਿੰਦਗੀ ਬਾਰੇ ਤਾਰੀਖ਼ ਵਿੱਚ ਇੱਕ ਘਟਨਾ ਆਉਂਦੀ ਹੈ। ਕਹਿੰਦੇ ਹਨ ਕਿ ਇੱਕ ਵਾਰੀ ਕੋਈ ਯਹੂਦੀ ਹਜ਼ਰਤ ਮੁਹੰਮਦ ਜੀ ਨੂੰ ਮਿਲਨ ਆਇਆ ਤੇ ਉਸਨੇ ਹਜ਼ਰਤ ਸਾਹਿਬ ਨਾਲ ਗੋਸ਼ਟੀ ਕਰਨੀ ਸ਼ੁਰੂ ਕਰ ਦਿਤੀ ਅਤੇ ਉਹ ਮੁਹੰਮਦ ਸਾਹਿਬ ਨੂੰ ਓਇ ਮੁਹੰਮਦ ਕਹਿਕੇ ਬੁਲਾਂਦਾ ਰਿਹਾ। ਇਹ ਵੇਖ ਸੁਣ ਕੇ ਹਜ਼ਰਤ ਸਾਹਿਬ ਦੇ ਕੋਲ ਬੈਠੇ ਮਿੱਤਰ ਤੇ ਸ਼ਰਧਾਲੂ ਗੁਸੇ ਵਿੱਚ ਆ ਗਏ ਕਿ ਹਜ਼ਰਤ ਸਾਹਿਬ ਇਹ ਬੰਦਾ ਬੜਾ ਗੁਸਤਾਖ ਹੈ ਕਿ ਇਹ ਤੁਹਾਨੂੰ ਸਾਧਾਰਣ ਨਾਂ ਲੈ ਕੇ ਬੁਲਾਂਦਾ ਹੈ। ਹਜ਼ਰਤ ਮੁਹੰਮਦ ਸਾਹਿਬ ਨੇ ਬੜੀ ਵਡਿੱਤਣ ਦਾ ਸਬੂਤ ਦਿਤਾ ਤੇ ਕਿਹਾ "ਕੋਈ ਹਰਜ ਨਹੀਂ, ਮੇਰਾ ਨਾਂ ਮਾਪਿਆਂ ਨੇ ਮਹੁੰਮਦ ਹੀ ਰਖਿਆ ਸੀ" ਏਹੋ ਜਹੀਆਂ ਬੜੀਆਂ ਘੱਟ ਵਿਅਕਤੀਆਂ ਹੁੰਦੀਆਂ ਹਨ ਕਿਉਂਕਿ ਸਾਧਾਰਣ ਜੀਵਨ ਵਿੱਚ ਸਮਾਜਿਕ ਧਾਰਮਿਕ ਜਾਂ ਆਰਥਿਕ ਤੌਰ ਤੇ ਮਹਤੱਤਾਂ ਰਖਣ ਵਾਲਾ ਮਨੁੱਖ ਉਮੀਦ ਕਰਦਾ



Digitized by Panjab Digital Library | www.panjabdigilib.org

ਹੈ ਕਿ ਉਸ ਨੂੰ ਖ਼ਾਸ ਸਤਿਕਾਰ ਅਤੇ ਸਤਿਕਾਰ ਭਰੇ ਵਿਸ਼ੇਸ਼ਨ ਾਨਾਲ ਬੁਲਾਇਆ ਜਾਵੇ ।

ਆਮ ਤੌਰ ਤੇ ਕਈ ਲੋਕ ਆਪਣੇ ਇਸ਼ਟ ਦਾ ਨਾਂ ਵੀ ਸਾਧਾਰਣ ਸ਼ਰਧਾਲੂਆਂ ਤੋਂ ਲੁਕਾ ਕੇ ਰਖਦੇ ਸਨ ਤੇ ਖ਼ਾਸ ਗੱਦੀ ਜਾਂ ਥਾਂ ਤੇ ਬੈਠਾ ਹੋਇਆ ਸੰਤ, ਮਹੰਤ, ਪੀਰ, ਫ਼ਕੀਰ ਆਪਣੇ ਤੋਂ ਬਾਅਦ ਗੱਦੀ ਮੱਲਣ ਵਾਲੇ ਨੂੰ ਹੀ ਆਪਣੇ ਇਸ਼ਟ ਦਾ ਨਾਂ ਦਸਦਾ ਸੀ । ਗੁਰ ਮੰਤਰ ਦਸਣ ਦੀ ਰਸਮ ਵੀ ਕਈ ਧਾਰਮਿਕ ਫ਼ਿਰਕਿਆ ਦੇ ਆਗੂਆਂ ਨੇ ਗੁਪਤ ਰੱਖੀ ਹੈ ਅਤੇ ਸੰਬੰਧਤ ਗੁਰ ਮੰਤਰ ਦਸਣ ਲਗਿਆ ਕਿਸੇ ਦੇ ਕੰਨ ਵਿਚ ਹੀ ਦਸਿਆ ਜਾਂਦਾ ਸੀ । ਏਥੇ ਇਹ ਗੱਲ ਦਸਣੀ ਜ਼ਰੂਰੀ ਤੇ ਯੋਗ ਹੈ ਕਿ ਸਿੱਖ ਧਰਮ ਅਨੁਸਾਰ ਗੁਰੂ ਦਾ ਨਾਂ ਜਾਂ ਗਰੂ ਮੰਤਰ ਨੂੰ ਭੇਦ ਵਿਚ ਰੱਖਣਾ ਜਾਂ ਦੱਸਣਾ ਸਿੱਖੀ ਦੇ ਨਿਯਮਾਂ ਦੇ ਵਿਰੁੱਧ ਹੈ । ਹਾਂ ਪ੍ਰਾਚੀਨ ਸਮੇਂ ਦੇ ਧਰਮ ਜਾਂ ਵਿਸ਼ਵਾਸ਼ਾ ਦਾ ਸੰਕੇਤ ਸਿਖ ਧਰਮ ਵਿਚ ਵੀ ਮਿਲਦਾ ਹੈ । ਜਿਵੇਂ ਕਿ ਆਮ ਬੋਲ ਚਾਲ ਤੇ ਸਿਖਿਆ ਦੇਣ ਵੇਲੇ ਸਿਖ ਵਿਦਵਾਨ, ਪ੍ਰਚਾਰਕ, ਗਰੰਥੀ ਜਾਂ ਸਾਧ ਸੰਤ ਇਹ ਨਹੀਂ ਕਹਿੰਦਾ ਕਿ ਸਤਿਨਾਮ ਵਾਹਿਗੁਰੂ ਜਪੋ । ਸਗੋਂ ਕਹਿੰਦਾ ਹੈ ਨਾਮ ਜਪੋ ਭਾਵ ਅਕਾਲ ਪੁਰਖ ਜਾਂ ਵਾਹਿਗੁਰੂ ਨੂੰ ਜਪੋ । ਇਥੋਂ ਤੱਕ ਕਿ ਸਿੱਖ ਧਰਮ ਦੇ ਮੁਢਲੇ ਨਿਯਮਾਂ ਨੂੰ ਤਿੰਨਾਂ ਫ਼ਰਜ਼ਾਂ ਵਿਰ ਵੰਡਿਆ ਗਿਆ ਹੈ (੧) ਕ੍ਰਿਤ ਕਰਨੀ (੨) ਵੰਡ ਛਕਣਾ (੩) ਨਾਮ ਜਪਣਾ । ਸਿਖ ਧਰਮ ਦਾ ਜਾਦੂ ਟੂਣੇਆਂ ਵਿਚ ਕੋਈ ਵਿਸ਼ਵਾਸ ਨਹੀਂ ਤੇ ਉਹ ਅਕਾਲ ਪੁਰਖ ਵਿਚ ਸੱਚਾ ਵਿਸ਼ਵਾਸ ਤੇ ਅੱਟਲ ਸ਼ਕਤੀ ਤੇ ਭਾਣੇ ਦੇ ਸਾਹਮਣੇ ਰਿੱਧੀਆਂ ਸਿੱਧੀਆਂ ਦੇ ਜਾਦੂ ਆਦਿ ਨੂੰ ਕੁਛ ਵੀ ਨਹੀਂ ਸਮਝਦਾ । ਨਾਮ ਨੂੰ ਛੁਪਾ ਕਿ ਰਖਣ ਦੇ ਵਹਿਮ ਦਾ ਸ਼ਿਕਾਰ ਵੀ ਨਹੀਂ ।

## ਮਨੁੱਖ ਅਤੇ ਉਸਦੇ ਇਸ਼ਟ ਦੇ ਪ੍ਰਸਪਰ ਸਬੰਧ ਦੇ ਸਾਧਨ ।

ਮਨੁੱਖ ਨੇ ਜੁਗਾ ਜੁਗਾ ਤੋਂ ਕਈ ਸਾਧਨਾਂ ਰਾਹੀ ਆਪਣੀ ਆਤਮਾ ਦਾ ਪ੍ਰਮਾਤਮਾ ਨਾਲ ਸਬੰਧ ਰਖਣ ਦਾ ਯਤਨ ਕੀਤਾ ਹੈ । ਇਰ ਸਾਧਨ ਤਿੰਨ ਹਨ ।

(੧) ਭੇਟਾ ਜਾਂ ਚੜ੍ਹਾਵਾਂ (੨) ਅਰਦਾਸ (੩) ਧਾਰਮਿਕ ਰਸਮਾਂ ਦੀ ਪੂਰਤੀ । (੧) ਭੇਟਾ ਜਾਂ ਚੜ੍ਹਾਵਾਂ ਦੋ ਪਰਕਾਰ ਦਾ ਹੈ । (ਗਿਫ਼ਟ) ਤੋਹਫ਼ਾ ਜ਼ਾਂ ਨਜ਼ਰਾਨਾ । ਇਹ ਮਨੁੱਖ ਦੇ ਆਪਣੇ ਇਸ਼ਟ ਲਈ ਮੁੱਢਲਾ ਸਬੂਤ ਹੈ । ਇਸ ਬਾਰੇ ਕਿਹਾ ਗਿਆ ਹੈ "ਆਈ ਗਿਵ ਸੋ ਦੈਟ ਯੂ ਵਿਲ ਗਿਵ" (ਮੈਂ ਦੇਂਦਾ ਹਾਂ ਕਿ ਤੂੰ ਮੈਨੂੰ ਦੇਵੇਂ) ਇਸ ਕਿਸਮ ਦੀ ਭੇਟਾ ਸਾਧਾਰਣ ਵਿਸ਼ਵਾਸ ਨਾਲ ਹੁੰਦੀ ਹੈ, ਕਿਸੇ ਖਾਸ ਜਾਂ ਗਿਣੇ ਮਿੱਥੇ ਮਨੋਰਥ ਲਈ ਨਹੀਂ । ਜਦੋਂ ਅਸੀਂ ਗੁਰਦੁਆਰੇ ਮੱਥਾ ਟੇਕਨ ਜਾਂਦੇ ਹਾਂ, ਪੁਜਦਾ ਸਰਦਾ ਜੋ ਵੀ ਹੋ ਸਕਦਾ ਹੈ ਭੇਟਾ ਕਰਦੇ ਹਾਂ । ਇਹੋ ਜਿਹੀ ਭੇਟਾ ਜਿਸ ਨੂੰ ਤੋਹਫ਼ਾ ਜਾਂ ਨਜ਼ਰਾਨਾ ਕਿਹਾ ਜਾਵੇ ਸੰਗਤ (ਕਨਗ੍ਰੀਮੈਸ਼ਨ) ਨਾਲ ਸਿੱਧਾ ਸੰਬੰਧ ਨਹੀਂ ਰੱਖਦਾ ।

(੨) ਸੈਕਰਾਮੈਂਟਲ ਆਫ਼ਰਿੰਗ :—ਇਸ ਕਿਸਮ ਦਾ ਚੜ੍ਹਾਵਾਂ ਸੰਗਤ ਜਾਂ ਆਏ ਲੋਕਾਂ ਵਿਚ ਵੰਡਿਆ, ਜਾਂ ਵੰਡ ਕੇ ਖਾਇਆ ਜਾਂ ਵਰਤਿਆ ਜਾਂਦਾ ਹੈ । ਜਿਵੇਂ ਗੁਰਦੁਆਰੇ ਚੜ੍ਹਾਇਆ



Digitized by Panjab Digital Library | www.panjabdigilib.org

ਗਿਆ ਪਰਸ਼ਾਦ ਜੋ ਕਿ ਹਿੱਸੇ ਸੇਤੀ ਕਿਨਕਾ ਕਿਨਕਾ ਸਾਰੇ ਹਾਜ਼ਰ ਲੋਕਾਂ ਵਿਚ ਵਰਤਾਇਆ ਜਾਂਦਾ ਹੈ ! ਭਾਵਨਾ ਇਹ ਹੈ ਕਿ ਇਸ਼ਟ ਤੇ ਆਈ ਸੰਗਤ ਸਾਰਿਆਂ ਦੀ ਆਤਮਿਕ ਸ਼ਕਤੀ ਦਾ ਲਾਭ ਸ਼ਰਧਾਲੂ ਨੂੰ ਪੁਜਦਾ ਹੈ। ਨਜ਼ਰਾਂਨੇ ਜਾਂ ਤੋਹਫ਼ੇ ਵਿਚ ਇਸ਼ਟ ਨੂੰ ਰੀਝਾ ਕੇ ਜਾਂ ਖ਼ੁਸ਼ ਕਰਕੇ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਤੁਹਾਡੀ ਇੱਛਾ ਪੂਰੀ ਕਰੇ। ਏਸੇ ਕਰਕੇ ਹੀ ਮੈਕਸਵੈਬਰ ਨੇ ਨਜ਼ਰਾਨੇ ਦੇ ਚੜ੍ਹਾਵੇਂ ਬਾਰੇ ਕਿਹਾ ਹੈ, "ਕੋਅਰਸ਼ਨ ਆਫ਼ ਡੀਟੀ" (ਇਸ਼ਟ ਨੂੰ ਤੰਗ ਜਾਂ ਮਜਬੂਰ ਕਰਨਾ) (ਵੋਟਿਵ ਆਫ਼ਰਿੰਗ) ਸੁਖਨਾ ਦੇ ਰੂਪ ਵਿਚ ਵੀ ਹੁੰਦਾ ਹੈ। ਇਸ ਵਿਚ ਪਹਿਲਾ ਇਸ਼ਟ ਤੋਂ ਇੱਛਾ ਦੀ ਪੂਰਤੀ ਦੀ ਮੰਗ ਕੀਤੀ ਜਾਂਦੀ ਹੈ ਅਤੇ ਉਸ ਪੂਰਤੀ ਦੇ ਬਾਦ ਸੁੱਖੀ ਜਾਂ ਮੰਨੀ ਹੋਈ ਚੀਜ਼ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ,

"ਸੈਕਰਾਮੈਂਟਲ ਆਫ਼ਰਿੰਗ" ਦੋ ਕਿਸਮਾਂ ਦਾ ਹੈ। ਇਕ ਵਿਚ ਇਹ ਵਿਸ਼ਵਾਸ ਰੱਖਿਆ ਜਾਂਦਾ ਹੈ ਕਿ ਚੜ੍ਹਾਵਾ ਚੜ੍ਹਾਨ ਵਾਲੇ ਜਾਨਵਰ ਨੂੰ ਇਸ਼ਟ ਤੇ ਉਪਾਸ਼ਕ ਦੋਵੇਂ ਖਾਂਦੇ ਹਨ। ਪਰ ਦੂਜੇ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ਼ਟ ਦੀ ਆਤਮਾ ਕੁਰਬਾਨ ਕੀਤੇ ਜਾ ਰਹੇ ਜਾਨਵਰ ਵਿਚ ਪ੍ਰਵੇਸ਼ ਕਰਦੀ ਹੈ ਅਤੇ ਉਸ ਜਾਨਵਰ ਨੂੰ ਉਪਾਸ਼ਕ ਖਾਂਦਾ ਜਾਂ ਖਾਂਦੇ ਹਨ ਤਾਂਕਿ ਇਸ਼ਟ ਦੀ ਆਤਮਾ ਦਾ ਬਲ ਉਹਨਾਂ ਖਾਣ ਵਾਲਿਆਂ ਵਿਚ ਆ ਜਾਵੇ।

(੩) **ਪ੍ਰਿਮਿਸ਼ਲ ਆਫ਼ਰਿੰਗ :**—ਪਹਿਲੇ ਫਲ ਦੀ ਭੇਟਾ ਜਾਂ ਜੇਠੇ ਜਾਂ ਪਲੇਠੀ ਦੇ ਫਲ ਦੀ ਭੇਟਾ। ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ ਹੈ ਕਿ ਆਪਣੇ ਇਸ਼ਟ ਨੂੰ ਪੌਦਿਆਂ ਦਾ ਪਹਿਲਾ ਫਲ, ਜਾਨਵਰਾਂ ਦਾ ਪਹਿਲਾ ਬੱਚਾ ਤੇ ਮਨੁੱਖੀ ਪੱਖ ਵਿਚ ਵੀ ਪਹਿਲਾ ਬੱਚਾ ਹੀ ਭੇਟ ਚੜ੍ਹਾਇਆ ਜਾਵੇ। ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਕਈ ਸ਼ਰਧਾਲੂ ਪਹਿਲੇ ਪੱਕੇ ਅੰਬ, ਵੱਲਾਂ ਦੀਆਂ ਸਬਜ਼ੀਆਂ, ਖ਼ਰਬੂਜ਼ੇ ਆਦਿ ਗੁਰਦੁਆਰੇ ਚੜ੍ਹਾ ਜਾਂਦੇ ਹਨ। ਇਸੇ ਤਰ੍ਹਾਂ ਹੀ ਕਈ ਲੋਕ ਮੱਝ, ਗਾਂ ਦੇ ਸੂਇਆਂ ਪਹਿਲਾ ਚੋਇਆ ਦੁਧ ਗੁਰਦੁਆਰੇ ਦੇ ਜਾਂਦੇ ਹਨ। ਏਸੇ ਤਰ੍ਹਾਂ ਹੀ ਕਈ ਲੋਕ ਕੱਟੇ ਵੱਛੇ, ਭੇਡਾਂ ਦੇ ਲੇਲੇ, ਛਤਰੇ, ਜੋ ਪਹਿਲੇ ਹੋਣ ਨੂੰ ਸੰਬੰਧਤ ਇਸ਼ਟ ਦੀ ਭੇਟਾ ਕਰਦੇ ਹਨ। ਇਹ ਹੀ ਕਾਰਣ ਸੀ ਕਿ ਹਜ਼ਰਤ ਇਬਰਾਹੀਮ ਨੇ ਆਪਣੇ ਪੁੱਤਰ ਦੀ ਕੁਰਬਾਨੀ ਰੱਬ ਦੇ ਨਾਂ ਦੇਣੀ ਚਾਹੀ ਪਰ ਆਪਣੀ ਹੱਥੀਂ ਪੁੱਤਰ ਨੂੰ ਕੋਹ ਨਾ ਸਕਿਆ ਤੇ ਅੱਖੀਂ ਤੇ ਪੱਟੀ ਬੰਨ੍ਹ ਬੈਠਾ। ਕਹਿੰਦੇ ਹਨ ਕਿ ਉਸ ਦੀ ਛੁਰੀ ਹੇਠ ਰੱਬ ਨੇ ਦੁੰਬਾ ਧਰ ਦਿੱਤਾ। ਕੁਝ ਵੀ ਹੋਇਆ ਹੋਵੇ, ਇਹੋ ਜਿਹੀ ਮਨੁੱਖੀ ਕੁਰਬਾਨੀ ਦੀਆਂ ਮਿਸਾਲਾਂ ਹਿੰਦੂ ਧਰਮ ਵਿਚ ਤੇ ਆਮ ਹਨ।

ਕਈਆਂ ਦਾ ਵਿਸ਼ਵਾਸ ਸੀ ਤੇ ਹੈ ਕਿ ਖ਼ੂਨ ਦੀ ਕੁਰਬਾਨੀ ਕਰਕੇ ਜਾਂ ਖ਼ੂਨ ਡੋਲਨ ਨਾਲ ਬੜਾ ਫਲ ਮਿਲਦਾ ਹੈ।

(੪) **ਐਕਸਪੀਏਟਰੀ ਆਫ਼ਰਿੰਗ :**—ਪਸ਼ਚਾਤਾਪ ਜਾਂ ਭੁੱਲ ਬਖਸ਼ਾਣ ਵਾਲੀ ਭੇਟਾ ਜਾਂ ਚੜ੍ਹਾਵਾਂ। ਇਸ ਵਿਚ ਮਨੁੱਖ ਅਨੁਭਵ ਕਰਦਾ ਹੈ ਕਿ ਉਸ ਨੇ ਕੋਈ ਭੁਲ ਕੀਤੀ ਹੈ ਤੇ ਬਖਸ਼ਵਾਨ ਵਾਸਤੇ ਤੇ ਪਸ਼ਾਚਾਤਪ ਕਰਨ ਲਈ ਉਹ ਸਜ਼ਾ ਦੇ ਤੌਰ ਤੇ ਆਪਣੇ ਇਸ਼ਟ ਨੂੰ ਕੋਈ ਭੇਟਾ ਜਾਂ ਚੜ੍ਹਾਵਾ ਦੇ ਕੇ ਮਨਾਏ ਜਾਂ ਰੀਝਾਏ ਜਾਂ ਖੁਸ਼ ਕਰੇ। ਕਈ ਵਾਰੀ ਮਨੁੱਖ ਦਾ



Digitized by Panjab Digital Library | www.panjabdigilib.org

ਆਤਮਿਕ ਅਨੁਭਵ ਸਚਾਈ ਦੀ ਇਸ ਹੱਦ ਤੱਕ ਪੁਜ ਜਾਂਦਾ ਹੈ ਕਿ ਕੀਤੀ ਹੋਈ ਭੁਲ ਨੂੰ ਉਹ ਤੇ ਉਸਦਾ ਰੱਬ ਹੀ ਕੇਵਲ ਜਾਣਦਾ ਹੈ ਜਿਸ ਨੂੰ ਉਹ ਆਪਣੇ ਆਪ ਹੀ ਪ੍ਰਗਟ ਕਰ ਦਿੰਦਾ ਹੈ ਤਾਂਕਿ ਸੰਗਤ ਜਾਂ ਸਬੰਧਤ ਧਾਰਮਿਕ ਵਿਅਕਤੀਆਂ ਨਿਰਨਾ ਕਰ ਸਕਣ ਕਿ ਉਸ ਦੀ ਭੁਲ ਕਿਸ ਸਜ਼ਾ ਜਾਂ ਚੜ੍ਹਾਵੇ ਨਾਲ ਬਖ਼ਸ਼ੀ ਜਾ ਸਕਦੀ ਹੈ। ਮਿਸਾਲ ਦੇ ਤੌਰ ਤੇ ਕੋਈ ਸਿੰਘ ਕੁਰਹਿਤ ਜਾਂ ਕੁਕਰਮ ਕਰ ਬਹੇ ਤੇ ਉਹ ਸੰਗਤ ਵਿਚ ਖੜੋਕੇ ਖ਼ੁਦ ਆਪਣੀ ਕੁਰਹਿਤ ਦਾ ਇਕਬਾਲ ਕਰ ਲਵੇ ਤਾਂ ਸੰਗਤ ਉਸ ਨੂੰ ਕੁਝ ਤਨਖ਼ਾਹ ਲਾਂਦੀ ਹੈ ਭਾਵੇਂ ਸੇਵਾ ਦੇ ਰੂਪ ਵਿਚ ਹੋਵੇ ਭਾਵੇਂ ਪਦਾਰਥਕ ਰੂਪ ਵਿਚ, ਪੂਰਾ ਕਰਨ ਬਾਦ ਭੁਲ ਬਖਸ਼ੀ ਗਈ ਸਮਝੀ ਜਾਂਦੀ ਹੈ। ਆਮ ਤੌਰ ਤੇ ਸ਼ਰਧਾਲੂ ਕਿਸੇ ਨੂੰ ਬਿਨਾਂ ਪੁੱਛੇ ਦੱਸੇ ਹੀ ਆਪਣੇ ਵਿਸ਼ਵਾਸ ਦੇ ਅਨੁਭਵ ਅਨੁਸਾਰ ਆਪਣੇ ਇਸ਼ਟ ਨੂੰ ਪੂਜਦਾ ਸਰਦਾ ਜਾਂ ਮਨ ਭਾਉਂਦਾ ਚੜ੍ਹਾਵਾ ਚੜ੍ਹਾਉਂਦਾ ਹੈ ਤਾਂਕਿ ਉਸ ਦੀ ਭੁਲ ਬਖ਼ਸ਼ੀ ਜਾਵੇ। ਕਈ ਵਾਰੀ ਏਹੋ ਜਹੀ ਭੁਲ ਬਖ਼ਸ਼ਣ ਲਈ ਸਿੱਖਾਂ ਵਿਚ ਜੋੜੇ ਸਾਫ਼ ਕਰਨ, ਦਾਤਨਾਂ ਲਿਆਉਣ, ਲੰਗਰ ਵਰਤਾਉਣ, ਪਾਣੀ ਢੋਣ, ਭਾਂਡੇ ਮਾਂਜਣ ਆਦਿ ਦੀ ਸੇਵਾ ਲਾਈ ਜਾਂਦੀ ਹੈ। ਬੱਜਰ ਕੁਰਹਿਤਾਂ ਲਈ ਉਹਨਾਂ ਦੇ ਅਨੁਸਾਰ ਹੀ ਸਜ਼ਾ ਜਾਂ ਭੁਲ ਬਖਸ਼ਣ ਦਾ ਸਾਧਨ ਵਰਤਿਆ ਜਾਂਦਾ ਹੈ ਜਿਵੇਂ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਹਰਿਮੰਦਰ ਸਾਹਿਬ ਵਿਚ ਕੋਟਲੇ ਖਾਣ ਲਈ ਸੰਗਤ ਦੇ ਸਾਹਮਣੇ ਹਾਜ਼ਰ ਹੋਣਾ ਪਿਆ ਸੀ। ਕਈ ਵਾਰੀ ਸਿੱਖ ਇਤਿਹਾਸ ਵਿਚ ਉਹ ਘਟਨਾਵਾਂ ਵੀ ਵਾਪਰੀਆਂ ਹਨ ਜਿਨ੍ਹਾਂ ਵਿਚ ਕਿਸੇ ਹੋਰ ਦੀ ਭੁੱਲ ਕਿਸੇ ਹੋਰ ਗੁਰਮੁੱਖ ਸਿੱਖ ਨੂੰ ਬਖਸ਼ਵਾਣੀ ਪਈ ਜਿਵੇਂ ਕਿ ਸੱਤੇ ਬਲਵੰਡ ਦੀ ਭੁੱਲ ਗੁਰੂ ਸਾਹਿਬ ਦੇ ਵਾਕ ਅਨੁਸਾਰ ਭਾਈ ਲੱਧੇ ਨੂੰ ਖੋਤੇ ਤੇ ਬਹਿਕੇ ਤੇ ਮੂੰਹ ਕਾਲਾ ਕਰਵਾ ਕੇ ਬਖਸ਼ਵਾਨੀ ਪਈ। ਏਸੇ ਲਈ ਭਾਈ ਲੱਧਾ ਜੀ ਨੂੰ ਪਰ ਉਪਕਾਰੀ ਆਖਿਆ ਗਿਆ ਹੈ। ਭੁੱਲ ਬਖ਼ਸ਼ਵਾਣ ਦੇ ਵਿਸ਼ਵਾਸ ਵਿਚ ਇਕ ਹੋਰ ਚੀਜ਼ ਵੀ ਆਉਂਦੀ ਹੈ ਜਿਸ ਨੂੰ (ਸਕੇਪ ਗੋਟ) ਕੁਰਬਾਨੀ ਦਾ ਬੱਕਰਾ ਕਿਹਾ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਤੁਹਾਡੇ ਗੁਨਾਹਾ ਜਾਂ ਹੋਰ ਵਿਸ਼ਵਾਸਾਂ ਤੇ ਭਾਵਨਾਵਾਂ ਨੂੰ ਸਬੰਧਤ ਜਾਨਵਰ ਆਪਣੀ ਜਾਨ ਦੀ ਕਰਬਾਨੀ ਦੇ ਕੇ ਪੂਰਾ ਕਰਦਾ ਹੈ। ਏਸੇ ਲਈ ਹੀ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਜ਼ਰਤ ਈਸਾ ਨੇ ਆਪਣੀ ਜਾਨ ਦੀ ਭੇਟਾ ਚੜ੍ਹਾ ਕੇ ਲੋਕਾਂ ਦੇ ਪਾਪਾਂ ਨੂੰ ਧੋਇਆ। ਪ੍ਰਾਚੀਨ ਸਮੇਂ ਤੋਂ ਇਹ ਵਿਸ਼ਵਾਸ ਆ ਰਿਹਾ ਹੈ ਕਿ ਖ਼ੂਨ ਜ਼ਿੰਦਗੀ ਦਾ ਮੁੱਢਲਾ ਚਿੰਨ੍ਹ ਹੈ ਤੇ ਇਸਦਾ ਡੋਲਣਾ ਆਲੇ ਦੁਆਲੇ ਤੇ ਸਬੰਧਤ ਥਾਂ ਨੂੰ ਪਵਿੱਤਰ ਕਰਦਾ ਹੈ। ਏਸੇ ਲਈ ਹੀ ਅੰਜੀਲ ਵਿਚ ਜ਼ਿਕਰ ਆਉਂਦਾ ਹੈ ਕਿ ਐਕਸੋਡਸ ਦੇ ਸਮੇਂ ਯਹੂਦੀ ਲੋਕ ਮਿਸਰ ਗਏ ਤਾਂ ਉਹ ਆਪਣੇ ਦਰਵਾਜ਼ੇ ਤੇ ਖ਼ੂਨ ਦੇ ਛੱਟੇ ਮਾਰਦੇ ਸਨ ਤਾਂਕਿ ਉਹਨਾਂ ਦੀ ਪਵਿੱਤਰਤਾ ਨੂੰ ਵੇਖ ਕੇ ਮੌਤ ਦਾ ਫ਼ਰਿਸ਼ਤਾ ਜਾਂ ਦੇਵਤਾ ਟਲ ਜਾਵੇ ਤੇ ਉਹਨਾਂ ਦੇ ਘਰ ਤੋਂ ਲਾਂਭੇ ਲਾਂਭੇ ਹੀ ਲੰਘ ਜਾਵੇ। ਪ੍ਰਾਚੀਨ ਸਮੇਂ ਵਿਚ ਕਈ ਦੇਸ਼ਾਂ ਤੇ ਧਰਮਾਂ ਵਿਚ ਰਿਵਾਜ ਸੀ ਕਿ ਉਹ ਆਪਣੇ ਧਾਰਮਿਕ ਅਸਥਾਨਾਂ ਭਾਵ ਮੰਦਰਾਂ ਆਦਿ ਦੀਆਂ ਕੰਧਾਂ ਤੇ ਲਹੂ ਦੇ ਛੱਟੇ ਮਾਰ ਦੇਂਦੇ ਸਨ ਜੋ ਕਿ ਪਵਿੱਤਰਤਾ ਦੇ ਸੂਚੱਕ ਸਨ।

**ਪਰੇਅਰ : ਅਰਦਾਸ, ਪ੍ਰਾਰਥਨਾ ਜਾਂ ਦੁਆ।**

ਸਿੱਖ ਧਰਮ ਵਿਚ ਪਰੇਅਰ ਜਾਂ ਪ੍ਰਾਰਥਨਾ ਦੀ ਥਾਂ ਅਰਦਾਸ ਦਾ ਸ਼ਬਦ ਪ੍ਰਚਲਤ



Digitized by Panjab Digital Library | www.panjabdigilib.org

ਹੈ। ਅਰਦਾਸ ਸੰਸਕ੍ਰਿਤ ਦਾ ਸ਼ਦਦ ਹੈ ਜੋ ਅਰਦ (ਮੰਗਣਾ) ਅਤੇ ਆਸ (ਇੱਛਾ ਚੋਂ ਨਿਕਲਿਆ ਹੈ।

ਇਸ ਦਾ ਭਾਵ ਹੈ ਕਿ ਅਰਦਾਸ ਦਾ ਸ਼ਬਦਾਤਕ ਅਰਥ ਹੈ ਆਪਣੀ ਕਿਸੇ ਇੱਛਾ ਦੀ ਪੂਰਤੀ ਦੀ ਮੰਗ ਕਰਨੀ। ਅਰਦਾਸ ਹਰ ਧਰਮ ਦਾ ਅਤਿ ਜ਼ਰੂਰੀ ਅੰਗ ਹੈ (ਰੋਮਾਂਟਿਕ ਪੋਇਟ, ਨਾਵਲਿਸ) ਲਿਖਦਾ ਹੈ, "ਅਰਦਾਸ ਧਰਮ ਵਿਚ ਕੁਝ ਹੀ ਹੈ ਜੋ ਫ਼ਿਲਾਸਫ਼ੀ ਵਿਚ ਸੋਚ ਹੈ। ਅਰਦਾਸ ਦਾ ਭਾਵ ਧਰਮ ਨੂੰ ਅਮਲ ਵਿਚ ਲਿਆਉਣਾ ਹੈ। ਧਾਰਮਿਕ ਸੁਭਾਆ ਉਸ ਤਰ੍ਹਾਂ ਹੀ ਅਰਦਾਸ ਕਰਦਾ ਹੈ ਜਿਵੇਂ ਦਿਮਾਗ ਸੋਚਦਾ ਹੈ"। ਜਿਵੇਂ ਪਹਿਲਾ ਕਿਹਾ ਜਾ ਚੁਕਾ ਹੈ ਕਿ ਕਿਸੇ ਨਾ ਕਿਸੇ ਰੂਪ ਵਿਚ ਹਰ ਧਰਮ ਦੇ ਲੋਕ ਅਰਦਾਸ ਕਰਦੇ ਹਨ। ਵਿਦਵਾਨਾਂ ਨੇ ਅਰਦਾਸ ਹੇਠ ਲਿਖੀਆ ਕਿਸਮਾਂ ਵਿਚ ਵੰਡੀ ਹੈ :—

(੧) (ਦਾ ਨੇਵ ਪਰੇਅਰ) ਇਹ ਜਨ ਸਾਧਾਰਣ ਜਾਂ ਭੋਲੇ ਭਾਲੇ ਮਨੁੱਖ ਦੀ ਆਪਣੀ ਬੁਧੀ ਤੇ ਆਪਣੇ ਹਾਵ ਭਾਵ ਦੇ ਅਨੁਸਾਰ ਕੀਤੀ ਹੋਈ ਜਾਤੀ ਜਾਂ ਸ਼ਖ਼ਸੀ ਅਰਦਾਸ ਹੈ। ਜਿਸ ਵਿਚ ਉਹ ਆਪਣੀਆਂ ਇਛਾਵਾਂ ਨੂੰ ਪਰਾਪਤ ਕਰਨ ਅਤੇ ਆਪਣੇ ਦੁਖਾਂ ਦਰਦਾਂ ਨੂੰ ਦੂਰ ਕਰਨ ਲਈ ਆਪਣੇ ਇਸ਼ਟ ਦੇ ਹਜ਼ੂਰ ਕਰਦਾ ਹੈ। ਉਦਾਹਾਰਣ ਦੇ ਤੌਰ ਤੇ ਜੇ ਕਿਸੇ ਮਨੁੱਖ ਦੇ ਘਰ ਹੋਰ ਸਾਰੇ ਸੁਖ ਤੇ ਧੰਨ ਹੁੰਦਿਆਂ ਹੋਇਆ ਵੀ ਉਲਾਦ ਦੀ ਥੁੜ ਹੋਵੇ ਤੇ ਉਹ ਮਨੁੱਖ ਕਿਸੇ ਥਾਂ ਤੇ ਕਿਸੇ ਵੇਲੇ ਵੀ ਆਪਣੇ ਭੋਲੇ ਭਾਲੇ ਸ਼ਬਦਾਂ ਵਿਚ ਖਿਆਲਾ ਵਿਚ ਆਪਣੇ ਇਸ਼ਟ ਜਾਂ ਰੱਬ ਨੂੰ ਆਖੇ "ਹੇ ! ਵਾਹਿਗੁਰੂ ! ਤੂੰ ਮੈਨੂੰ ਸਾਰੇ ਦੁਨਿਆਵੀ ਸੁਖ ਦਿੱਤੇ ਹਨ ਪਰ ਮੇਰੀ ਅੰਸ ਕਾਇਮ ਰੱਖਣ ਲਈ ਮੇਰੇ ਪਿੱਛੇ ਕੋਈ ਇਸ ਘਰ ਵਿਚ ਦੀਵਾ ਬਾਲਣ ਵਾਲਾ ਵੀ ਨਜ਼ਰ ਨਹੀਂ ਆਉਂਦਾ। ਹੇ ਦਾਤਾ ਮਿਹਰ ਕਰ ਤੇ ਸਾਡੀ ਝੋਲੀ ਵੀ ਉਲਾਦ ਦਾ ਖ਼ੈਰ ਪਾ। ਤੂੰ ਬਖ਼ਸ਼ਿੰਦ ਹੈ। ਜੇ ਇਸ ਜਨਮ ਵਿਚ ਵੀ ਕੋਈ ਗੁਨਾ ਹੋ ਗਿਆ ਹੋਵੇ ਤਾਂ ਖਿਮਾਂ ਕਰ ਅਤੇ ਸਾਡੀ ਥੁੜ ਨੂੰ ਪੂਰਾ ਕਰ।" ਇਹ ਜ਼ਰੂਰ ਨਹੀਂ ਕਿ ਉਹ ਇਹ ਨਿੱਜੀ ਅਰਦਾਸ ਕਿਸੇ ਨੂੰ ਸੁਣਾ ਤੇ ਦੱਸ ਕੇ ਕਰੇ ਜਾਂ ਅਰਦਾਸ ਕਰਦਿਆਂ ਕੋਈ ਉਸਨੂੰ ਸੁਣਦਾ ਜਾਂ ਵੇਖਦਾ ਹੋਵੇ। ਇਹ ਤੇ ਉਸਦੀ ਜਾਤੀ ਤੇ ਸਿੱਧੀ ਆਪਣੇ ਇਸ਼ਟ ਜਾਂ ਰੱਬ ਕੋਲ ਬੇਨਤੀ ਹੈ। ਇਹੋ ਜਿਹੀ ਅਰਦਾਸ ਜਾਂ ਪ੍ਰਾਰਥਨਾ ਨੂੰ ਨੇਵ ਪਰੇਅਰ ਆਖਿਆ ਜਾਂਦਾ ਹੈ।

(੨) ਪਰਾਫ਼ੇਟਿਕ ਪਰੇਅਰ : ਪੈਗੰਬਰੀ ਪਰਾਰਥਨਾ। ਪੈਗੰਬਰ, ਸੁਨੇਹਾ ਲਿਆਉਣ ਵਾਲਾ ਜਾਂ ਪੁਚਾਉਣ ਵਾਲਾ : ਮੁਸਲਮਾਨ, ਈਸਾਈ ਤੇ ਯਹੂਦੀ ਆਪਣੇ ਧਰਮਾਂ ਦੇ ਬਾਨੀਆਂ ਨੂੰ ਪੈਗੰਬਰ ਕਹਿੰਦੇ ਹਨ। ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਤੇ ਪੈਗੰਬਰ ਇਹ ਦਾਅਵਾ ਵੀ ਕਰਦਾ ਹੈ ਕਿ ਉਸ ਨੂੰ ਰੱਬ ਨੇ ਖ਼ੁਦ ਸੰਸਾਰ ਵਿੱਚ ਹੋ ਰਹੇ ਪਾਪਾਂ ਤੇ ਦੀਨਾਂ ਦੁਖੀਆ ਦੀਆਂ ਪੀੜਾਂ ਤੇ ਦਰਦਾਂ ਨੂੰ ਦੂਰ ਕਰਨ ਲਈ ਭੇਜਿਆ ਹੈ ਤੇ ਉਹ ਵਾਹਿਗੁਰੂ ਵਲੋਂ ਵਿਸ਼ੇਸ਼ ਪੈਗਾਮ ਲੈ ਕਿ ਅਤੇ ਉਸ ਦੀ ਪੂਰਤੀ ਲਈ ਮਾਨੁੱਖੀ ਜਨਮ ਵਿਚ ਆਇਆ ਹੈ ਅਤੇ ਆਮ ਤੌਰ ਤੇ ਪੈਗੰਬਰ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਹੈ, ਸੁਣਿਆ ਜਾਂਦਾ ਹੈ ਅਤੇ ਉਹਨਾਂ ਦੀਆਂ ਸਬੰਧਤ ਧਾਰਮਿਕ



Digitized by Panjab Digital Library | www.panjabdigilib.org

ਪੁਸਤਕਾਂ ਵਿਚ ਲਿਖਿਆ ਹੋਇਆ ਵੀ ਮਿਲਦਾ ਹੈ ਕਿ ਉਹ ਆਪਣੇ ਵਾਹਿਗੁਰੂ ਜਾਂ ਪ੍ਰਮਾਤਮਾ ਨਾਲ ਐਸੇ ਉੱਚ ਕੋਟੀ ਦੇ ਅਨੰਦ ਵਿਚ ਲੀਨ ਸਨ ਕਿ ਉਹਨਾਂ ਦਾ ਮਨ ਉਸ ਅਨੰਦ ਮਈ ਲੀਨਤਾ ਨੂੰ ਛੱਡਣ ਤੇ ਨਹੀਂ ਸੀ ਕਰਦਾ ਪਰ ਉਹ ਮਜਬੂਰਨ ਰੱਬ ਦੀ ਆਗਿਆ ਜਾਂ ਹੁਕਮ ਅਨੁਸਾਰ ਆਪਣਾ ਫ਼ਰਜ਼, ਨਿਬਾਹੁਣ ਇਸ ਸੰਸਾਰ ਵਿਚ ਆਏ ਸਨ। ਏਹੋ ਜਿਹੀ ਘਟਨਾ ਤੇ ਵਿਸ਼ਵਾਸ਼ ਨੂੰ ਗੁਰੂ ਗੋਬਿੰਦ ਸਿੰਘ ਜੀ, ਸਵੈ ਜੀਵਨੀ ਬਚਿਤਰ ਨਾਟਕ ਵਿਚ ਵੀ ਅੰਕਿਤ ਕਰਦੇ ਹਨ ਕਿ ਉਹਨਾਂ ਦੀ ਸੁਰਤ ਪ੍ਰਭੂ ਦੇ ਚਰਨਾਂ ਵਿਚ ਇਸ ਤਰ੍ਹਾਂ ਖੁਭੀ ਹੋਈ ਸੀ ਕਿ ਉਹ ਉਸ ਅਕਾਲ ਪੁਰਖ ਕੋਲੋਂ ਇਸ ਸੰਸਾਰ ਵਿੱਚ ਆਉਣਾ ਨਹੀਂ ਸਨ ਚਾਹੁੰਦੇ ਪਰ ਉਹਨਾਂ ਨੂੰ ਅਕਾਲ ਪੁਰਖ ਜਾਂ ਪ੍ਰਭੂ ਨੇ ਆਪਣਾ ਪੁਤਰ ਬਣਾ ਕੇ ਪਿਤਾ ਦੇ ਰੂਪ ਤੇ ਇਖ਼ਤਿਆਰ ਵਿਚ ਹੁਕਮ ਦੇ ਕੇ ਇਸ ਸੰਸਾਰ ਦੀ ਵਿਗੜੀ ਸਵਾਰਨ ਤੇ ਇਕ ਨਵਾਂ ਪੰਥ ਚਲਾਣ ਲਈ ਭੇਜਿਆ ਹੈ। ਇਹੋ ਜਿਹੀ ਵਿਅਕਤੀ ਨੂੰ ਹੀ ਇਸਾਈ, ਮੂਸਾਈ ਅਤੇ ਮੁਸਲਮਾਨ ਪੈਗ਼ੰਬਰ ਕਹਿੰਦੇ ਹਨ।

ਪਰਾਫਿਟਿਕ ਪਰੇਅਰ, ਗੁਰੂ ਪੀਰ ਜਾਂ ਪੈਗ਼ੰਬਰ ਵਾਲੀ ਅਰਦਾਸ ਦਾ ਨਾਂ ਹੈ। ਏਹੋ ਜਿਹੀ ਅਰਦਾਸ ਵਿਚ ਜ਼ਰੂਰੀ ਨਤੀਜਾਂ ਇਸ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਇਹ ਅਰਦਾਸ ਪੈਗ਼ੰਬਰ ਜਾਂ ਗੁਰੂ ਹੀ ਆਪਣੇ ਮੂੰਹ ਤੋਂ ਕਰਦੇ ਹਨ। ਇਸ ਅਰਦਾਸ ਦਾ ਨਾਂ ਤੇ ਕੇਵਲ ਇਸ ਦੇ ਭਾਵ ਨਾਲ ਸੰਬੰਧਤ ਹੈ। ਇਸ ਪ੍ਰਕਾਰ ਦੀ ਅਰਦਾਸ ਵਿਚ ਸਮੁੱਚੀ ਮਨੁੱਖਤਾਂ, ਕਿਸੇ ਦੇਸ, ਜਾਂ ਕੌਮ ਦੀ ਭਲਾਈ ਦੀ ਮੰਗ ਕੀਤੀ ਜਾਂਦੀ ਹੈ। ਮਿਸਾਲ ਦੇ ਤੌਰ ਤੇ ਜੇ ਕੁਝ ਮਾਨੁੱਖ ਏਹ ਅਰਦਾਸ ਕਰਨ, "ਹੇ ਰੱਬਾ ! ਸੰਸਾਰ ਵਿਚ ਝੂਠ ਤੇ ਪਾਪ ਦਾ ਏਨਾ ਪਸਾਰਾ ਕਿਉਂ ਹੋ ਗਿਆ ਹੈ ? ਮਨੁੱਖ, ਮਨੁੱਖ ਦਾ ਦੁਸ਼ਮਨ ਬਣਿਆ ਹੋਇਆ ਹੈ। ਖ਼ੁਦਗਰਜ਼ੀ, ਪਰਉਪਕਾਹੀ ਮਨੁੱਖ ਦਾ ਗਲਾ ਘੁਟ ਰਹੀ ਹੈ। ਨਸਲੀ ਜਾਂ ਰੰਗ ਦੇ ਆਧਾਰ ਤੇ ਕੀਤਾ ਜਾ ਰਿਹਾ ਵਿਤਕਰਾ ਵੱਧ ਰਿਹਾ ਹੈ। ਮਿਹਰ ਕਰ ਤੇ ਸੰਸਾਰ ਨੂੰ ਬਚਾ।"

(੪) "**ਲਿਟਰਜੀਕਲ ਪਰੇਅਰ**" :—ਇਸ ਪਰਕਾਰ ਦੀ ਅਰਦਾਸ ਖ਼ਾਸ ਤੇ ਗਿਣੇ ਮਿਥੇ ਸ਼ਬਦਾਂ ਦੇ ਰੂਪ ਵਿਚ ਹੁੰਦੀ ਹੈ। ਇਹ ਸੰਗਤ ਜਾਂ ਕਨਗਰੀਗੇਸ਼ਨ ਵਿਚ ਕੀਤੀ ਜਾਂਦੀ ਹੈ। ਸਿਖਾਂ ਦੀ ਸੰਗਤ ਵਿਚ ਕੀਤੀ ਜਾਣ ਵਾਲੀ ਪਰਚੱਲਤ ਪਰਮਾਨੀਕ ਅਰਦਾਸ ਲਿਟਰਜੀਕਲ ਹੀ ਹੈ, ਕੋਈ ਸਿੱਖ ਵੀ ਇਕਾਗਰ ਹੋ ਕੇ ਸਾਰੀ ਸੰਗਤ ਵਲੋਂ ਅਰਦਾਸ ਕਰ ਸਕਦਾ ਹੈ। ਸਿੱਖ ਅਰਦਾਸ ਬਾਰੇ ਵਿਸ਼ੇਸ਼ ਤੇ ਵਖਰੀ ਵਿਚਾਰ ਦੀ ਲੋੜ ਹੈ।

(੫) **ਰੀਡਿੰਗ ਦਾ ਸਕਰਿਪਚਰ** : ਧਰਮ ਪੁਸਤਕਾਂ ਦਾ ਪਾਠ। ਧਾਰਮਿਕ ਪੁਸਤਕਾਂ ਦੇ ਪਾਠ ਨੂੰ ਅਰਦਾਸ ਬਰਾਬਰ ਹੀ ਸਮਝਿਆ ਜਾਂਦਾ ਹੈ। ਇਸਾਈ ਅੰਜੀਲ ਪੜ੍ਹਕੇ, ਮੁਸਲਮਾਨ ਕੁਰਾਨ ਪੜ੍ਹਕੇ, ਹਿੰਦੂ ਗੀਤਾ ਪੜ੍ਹ ਕਿ ਅਤੇ ਸਿੱਖ ਗੁਰੂ ਗਰੰਥ ਜੀ ਦਾ ਪਾਠ ਕਰ ਕੇ ਆਪਣੀ ਆਤਮਾ ਨੂੰ ਸ਼ਾਂਦੀ ਦੇਂਦੇ ਹਨ ਅਤੇ ਇਹ ਵੀ ਸਮਝਦੇ ਹਨ ਕਿ ਪਾਠ ਕਰਨ ਨਾਲ ਰਬ ਦੇ ਘਰੋਂ ਮਨਇੱਛਤ ਫਲ ਮਿਲਦੇ ਹਨ। ਏਸੇ ਵਿਚਾਰ ਤੇ ਵਿਸ਼ਵਾਸ਼ ਦੇ ਕਾਰਨ ਹੀ ਅਖੰਡ ਪਾਠ ਕਰਾਂਦੇ ਹਨ ਅਤੇ ਸਾਰੇ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਉਸੇ ਤਰ੍ਹਾਂ ਹੀ ਉਚਾਰਨ ਕਰਕੇ ਸੰਪੂਰਨ



Digitized by Panjab Digital Library | www.panjabdigilib.org

ਤੇ ਸਮਾਪਤ ਕੀਤਾ ਜਾਂਦਾ ਹੈ, ਜਿਵੇਂ ਅਰਦਾਸ ਇਕਾਗਰ ਹੋ ਕੇ ਇਕਸਾਰ ਹੀ ਕੀਤੀ ਜਾਂਦੀ ਹੈ। ਇਹ ਹਨ ਪਰਾਰਥਨਾ ਜਾਂ ਅਰਦਾਸ ਦੀਆਂ ੫ ਕਿਸਮਾਂ।

**ਅਰਦਾਸ ਬਾਰੇ ਹੋਰ ਵੀਚਾਰ**—ਅਰਦਾਸ ਕਿਵੇਂ ਜਾ ਕਿਸ ਭਾਵਨਾ ਨਾਲ ਹੁੰਦੀ ਹੈ ?

ਆਮ ਤੌਰ ਤੇ ਅਰਦਾਸ ਕਰਨ ਵਾਲਾ ਹੇਠ ਲਿਖੇ ਭਾਵਾਂ ਨੂੰ ਮੁੱਖ ਰਖ ਕੇ ਅਰਦਾਸ ਕਰਦਾ ਹੈ।

੧. ਆਪਣੇ ਆਤਮਿਕ ਵਡਾਰੂਆਂ, ਗੁਰੂਆਂ, ਪੀਰਾਂ ਜਾਂ ਪੈਗੰਬਰਾਂ ਦੀ ਸਹਾਇਤਾ ਨਾਲ ਆਪਣੀ ਅਰਦਾਸ ਨੂੰ ਰੱਬ ਦੇ ਘਰ ਪਰਵਾਨ ਕਰਾਨ ਦਾ ਯਤਨ ਕਰਦਾ ਹੈ। ਜਿਵੇਂ ਕਿ ਹਰ ਪ੍ਰਾਰਥਨਾ ਵਿਚ ਹੁੰਦਾ ਹੈ। ਸਿੱਖ ਅਰਦਾਸ ਵਿਚ ੧੦ ਗੁਰੂਆਂ, ਗੁਰੂ ਗਰੰਥ ਸਾਹਿਬ ਤੇ ਹੋਰ ਸ਼ਹੀਦਾਂ ਤੇ ਕਮਾਈ ਵਾਲੇ ਮਹਾਂ ਪੁਰਸ਼ਾਂ ਨੂੰ ਸੋਰਿਆ ਗਿਆ ਹੈ ਤਾਂ ਕਿ ਉਹ ਅਰਦਾਸ ਦੀ ਪੂਰਤੀ ਵਿਚ ਸਹਾਇਕ ਹੋ ਸਕਣ।

**ਮਾਨਸਕ ਦਸ਼ਾ** : ਇਹ ਆਮ ਤਜਰਬੇ ਵਿਚ ਆਇਆ ਹੈ ਕਿ ਜਿਨ੍ਹਾਂ ਚਿਰ ਕਿਸੇ ਦਾ ਮਨ ਟਿਕਾਉ ਵਿਚ ਨਾ ਹੋਵੇ ਉਹ ਸਹਿਜ ਅਵਸਥਾ ਵਿਚ ਅਤੇ ਇਕਾਗਰਤਾ ਨਾਲ ਪੂਜਾ ਪਾਠ ਤੇ ਅਰਦਾਸ ਨਹੀਂ ਕਰ ਸਕਦਾ। ਮਾਨਸਕ ਦਸ਼ਾ ਤੇ ਅਰਦਾਸ ਸਬੰਧੀ ਦੋ ਵੱਡੇ ਸਿੱਟੇ ਨਿਕਲਦੇ ਹਨ ਅਨੁਕੂਲ, ਸਾਧਾਰਨ ਅਤੇ ਸ਼ਾਂਤ ਵਾਤਾਵਰਨ ਵਿਚ ਮਨ ਅਰਦਾਸ ਵਾਲੇ ਪਾਸੇ ਜ਼ਰੂਰ ਆਉਂਦਾ ਹੈ ਪਰ ਇਸ ਵਾਤਾਵਰਨ ਦੇ ਵਿਰੋਧੀ ਹਾਲਾਤ ਵਿਚ ਅਰਦਾਸ ਜਾਂ ਪੂਜਾ ਪਾਠ ਤੋਂ ਦੂਰ ਭਜਦਾ ਹੈ। ਕਈ ਵਾਰੀ ਇਹ ਵੀ ਹੁੰਦਾ ਹੈ ਕਿ ਮਾਨੁਖੀ ਮਨ ਆਪਣੀਆਂ ਚੌੜਾਂ ਅਤੇ ਸ਼ੇਖੀਆਂ, ਇਰਾਦਿਆਂ ਅਤੇ ਆਕੜਾਂ ਦੇ ਹੱਥੋਂ ਹਾਰ ਖਾ ਬੈਠਦਾ ਹੈ ਉਦੋਂ ਦੁਖੀ ਹੋਣ ਦੇ ਕਾਰਨ ਦੁਖ ਦੀ ਨਵਿਰਤੀ ਲਈ ਰਬ, ਇਸ਼ਟ ਜਾਂ ਸ਼੍ਰੇਸ਼ਟ ਸ਼ਕਤੀਮਾਨ ਹੋਂਦ ਦਾ ਆਸਰਾ ਲੈਂਦਾ ਹੈ ਅਤੇ ਬੇਹਬਲ, ਬੇਬਸ, ਨਿਤਾਣਾ, ਨਿਮਾਣਾ ਅਤੇ ਨਿਮਰਤਾ ਨਾਲ ਭਰਪੂਰ ਹੋ ਕਿ ਅਰਦਾਸ ਕਰਦਾ ਹੈ। ਭਾਵ ਅਰਦਾਸ ਕਰਨ ਵਿਚ ਮਾਨੁਖ ਦੀ ਮਾਨਸਿਕ ਦਸ਼ਾ ਖ਼ਾਸ ਮਹਾਨਤਾ ਰਖਦੀ ਹੈ।

ਰਬ ਜਾਂ ਕਿਸੇ ਇਸ਼ਟ ਵਿਚ ਵਿਸ਼ਵਾਸ਼ ਰਖਣ ਵਾਲੇ ਲੋਕ ਕਿਸੇ ਇਛਾ ਦੀ ਪੂਰਤੀ ਦੇ ਬਾਦ ਸ਼ੁਕਰਾਨੇ ਦੇ ਤੌਰ ਤੇ ਵੀ ਅਰਦਾਸ ਕਰਦੇ ਹਨ ਕਿ "ਵਾਹਿਗੁਰੂ ਤੇਰਾ ਲਖ ਲਖ ਸ਼ੁਕਰ ਹੈ ਕਿ ਮੇਰੇ ਵਰਗੇ ਅਯੋਗ ਤੇ ਨਿਮਾਣੇ ਬੰਦੇ ਨੂੰ ਤੂੰ ਨਿਵਾਜਿਆ ਹੈ ਅਤੇ ਮੈਨੂੰ ਆਪਣੇ ਕਾਰਜ ਵਿਚ ਸਫ਼ਲਤਾ ਬਖਸ਼ੀ ਹੈ।" ਗੁਰੂ ਅਰਜਨ ਦੇਵ ਜੀ ਦਾ ਸ਼ਬਦ ਆਖੀਰ ਵਿਚ "ਤੇਰਾ ਕੀਤਾ ਜਾਤੋ ਨਾਹੀਂ ਮੈਨੂੰ ਜੋਗ ਕੀਤੋਈ।" ਏਸੇ ਕਿਸਮ ਦੀ ਅਰਦਾਸ ਦੀ ਭਾਵਨਾ ਦਾ ਹੀ ਹੈ। ਇਸ ਨੂੰ, "ਪਰੇਅਰ ਆਫ਼ ਥੈਂਕਸ ਗਿਵਿੰਗ" ਆਖਦੇ ਹਨ।

ਪਸ਼ਚਾਤਾਪ ਜਾਂ ਇਕਬਾਲ ਨੂੰ ਮੁੱਖ ਰੱਖ ਕੇ ਕੀਤੀ ਅਰਦਾਸ, "ਰੀਪੈਂਟੈਂਸ ਐਂਡ ਕਨਫੈਸ਼ਨ।" ਇਸ ਭਾਵਨਾ ਦੀ ਅਰਦਾਸ ਮਾਨੁੱਖ ਆਪਣੇ ਕਿਸੇ ਕੀਤੇ ਜਾ ਭੁਲ ਲਈ



Digitized by Panjab Digital Library | www.panjabdigilib.org

ਰੱਬ ਦੇ ਘਰੋਂ ਮਾਫ਼ੀ ਜਾਂ ਬਖਸ਼ਸ਼ ਲਈ ਕਰਦਾ ਹੈ। ਜਿਵੇਂ ਕਿ ਬਾਣੀ ਵਿਚ ਆਉਂਦਾ ਹੈ "ਜੇਤਾ ਸਮੁੰਦੁ ਸਾਗਰੁ ਨੀਰ ਭਰਿਆ ਤੇਰੇ ਅਉਗਣ ਹਮਾਰੇ। ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ।" ਕਨਫੈਸ਼ਨ ਜਾਂ ਇਕਬਾਲ ਕਰਨ ਵਿਚ ਆਪਣੀ ਭੁਲ ਨੂੰ ਰਬ ਦੇ ਹਜ਼ੂਰ ਖੁਲ-ਮ-ਖੁਲਾ ਮੰਨਿਆ ਜਾਂਦਾ ਹੈ, ਭਾਵ ਆਪਣੇ ਗੁਨਾਹਾਂ ਦਾ ਇਕਬਾਲ ਕੀਤਾ ਜਾਂਦਾ ਹੈ। ਇਹ ਦਸ਼ਾ ਮਾਨੁੱਖ ਦੇ ਆਚਰਨ ਨੂੰ ਬੜਾ ਉਚਾ ਕਰਦੀ ਹੈ ਕਿਉਂਕਿ ਖੁਲ-ਮ-ਖੁਲਾ ਆਪਣੇ ਪਖੰਡ ਤੇ ਝੂਠ ਨੂੰ ਆਪ ਹੀ ਨੰਗਾ ਕਰਨਾ, ਮਾਨੁਖ ਦੀ ਆਤਮਿਕ ਸਚਾਈ ਅਤੇ ਪਵਿਤਰਤਾ ਦੀ ਪਹਿਲੀ ਸ਼ਰਤ ਹੈ। ਜਦ ਮਾਨੁਖ ਕੋਈ ਪਾਖੰਡ ਜਾਂ ਹੇਰ ਫੇਰ ਕਰਦਾ ਹੈ ਤਾਂ ਉਹ ਕਪਟ, ਝੂਠ ਅਤੇ ਕੁਕਰਮਾਂ ਨੂੰ ਲੁਕਾਨ ਲਈ ੧੦੦ ਝੂਠ ਹੋਰ ਬੋਲਦਾ ਹੈ ਅਤੇ ਘੜੀ ਘੜੀ ਬਾਦ ਪਾਖੰਡੀ ਅਤੇ ਝੂਠਾ ਬਣ ਕੇ ਆਪਣੀ ਆਤਮਾ ਨੂੰ ਕਰੂਪ ਕਰਦਾ ਹੈ ਅਤੇ ਆਪਣੇ ਆਪ ਰੱਬ ਨੂੰ ਅਤੇ ਸਮਾਜ ਨੂੰ ਧੋਖਾ ਦੇਣ ਦਾ ਨੀਚ ਯਤਨ ਕਰਦਾ ਹੈ ਪਰ ਜਦੋਂ ਉਹ ਜੀਵਨ ਦੀ ਹਕੀਕਤ ਨੂੰ ਸਮਝ ਲੈਂਦਾ ਹੈ ਤਾਂ ਆਪਣੇ ਗੁਨਾਹ ਦਾ ਇਕਬਾਲ ਕਰ ਕੇ ਗੁਰਬਾਣੀ ਦੇ ਇਹਨਾਂ ਸ਼ਬਦਾਂ ਨੂੰ ਆਪਣੇ ਜੀਵਨ ਦਾ ਜ਼ਰੂਰੀ ਅੰਗ ਬਣਾ ਲੈਂਦਾ ਹੈ, "ਕਹੁ ਨਾਨਕ ਹਮ ਨੀਚ ਕਰਮਾ। ਸਰਣਿ ਪਰੇ ਕੀ ਰਾਖਹ ਸਰਮਾਂ।"

**ਇੰਟਰਸੈਸ਼ਨ ਜਾਂ ਵਿਚੋਲਗੀ :** ਇੰਟਰਸੈਸ਼ਨ ਦੋ ਸ਼ਬਦਾਂ ਦੇ ਮੇਲ ਨਾਲ ਬਣਿਆ ਹੈ ਸੀਡੋ (ਆਈ ਗੋ) ਅਤੇ ਇੰਟਰ (ਬਿਟਵੀਨ)। ਇਸ ਭਾਵਨਾ ਲਈ ਅਰਦਾਸੀਆ ਕਿਸੇ ਹੋਰ ਮਾਨੁਖ ਦੀ ਖਾਤਰ ਅਰਦਾਸ ਕਰਦਾ ਹੈ ਕਿਉਂਕਿ ਗੁਰੂ ਪੀਰ ਜਾਂ ਆਤਮਕ ਸ਼ਕਤੀ ਵਾਲੀਆ ਵਿਅਕਤੀਆਂ ਸਾਧਾਰਨ ਮਾਨੁਖ ਲਈ ਰੱਬ ਦੀ ਦਰਗਾਹ ਦੇ ਵਕੀਲ ਸਮਝੇ ਜਾਂਦੇ ਹਨ। ਇਸ ਕਿਸਮ ਦੀ ਅਰਦਾਸ ਬਾਰੇ ਗੁਰਬਾਣੀ ਵਿਚ ਕਿਹਾ ਗਿਆ ਹੈ, "ਜੈਸਾ ਸਤਿਗੁਰੂ ਸੁਣੀਦਾ ਤੈਸੋ ਹੀ ਮੈਂ ਡੀਠੁ। ਵਿਛੁੜਿਆ ਮੇਲੇ ਪ੍ਰਭੂ ਹਰ ਦਰਗਹਿ ਕਾ ਬਨਸੀਠੁ"। ਤਕਰੀਬਨ ਦੁਨੀਆਂ ਦੇ ਸਾਰੇ ਧਾਰਮਿਕ ਲੋਕ ਆਪਣੇ ਗੁਰੂਆਂ ਪੀਰਾਂ ਜਾਂ ਪੈਗੰਬਰਾਂ ਨੂੰ ਭਵਜਲ ਤੋਂ ਪਾਰ ਲੰਘਾਉਣ ਵਾਲੇ ਜਾਂ ਆਪਣੇ ਪੈਰੋਕਾਰਾਂ ਦੀ ਦਰਗਾਹ ਵਿਚ ਹਮਾਇਤ ਕਰਨ ਵਾਲੇ ਹੀ ਸਮਝਦੇ ਹਨ। ਗੁਰਬਾਣੀ ਵੀ ਕਹਿੰਦੀ ਹੈ "ਸਤਿ ਪੁਰਖੁ ਜਿਨਿ ਜਾਨਿਆਂ ਸਤਿਗੁਰੂ ਤਿਸ ਕਾ ਨਾਉ॥ ਤਿਸ ਕੇ ਸੰਗਿ ਸਿਖੁ ਉਧਰੇ ਨਾਨਕ ਹਰਿ ਗੁਨ ਗਾਉ॥"

ਰੱਬ ਨੂੰ ਹਮੇਸ਼ਾ ਹਾਜ਼ਰ ਨਾਜ਼ਰ ਸਮਝਣ ਤੇ ਅਰਦਾਸ ਬਾਰੇ ਮਾਨੁਖ ਦੇ ਮਨ ਵਿਚ ਭਾਂਤ ਭਾਂਤ ਦੇ ਸਵਾਲ ਉਤਪਨ ਹੁੰਦੇ ਹਨ ਜਿਵੇਂ ਕਿ, ਰੱਬ ਹੈ ਵੀ ਕਿ ਨਹੀਂ ? ਜੇ ਰੱਬ ਹੈ ਤਾਂ ਕਿਸ ਥਾਂ ਜਾਂ ਦਿਸ਼ਾ ਵਿਚ ਹੈ ? ਜੇ ਕਿਸੇ ਥਾਂ ਜਾਂ ਦਿਸ਼ਾ ਵਿਚ ਹੈ ਤਾਂ ਸਾਡੇ ਤੋਂ ਕਿਨ੍ਹਾਂ ਦੂਰ ਜਾਂ ਨੇੜੇ ਹੈ ? ਰੱਬ ਵਿਚ ਪ੍ਰਪੱਕ ਅਤੇ ਅਹਿਲ ਵਿਸ਼ਵਾਸ਼ ਰਖਣ ਵਾਲੇ ਮਾਨੁਖ ਨੂੰ ਏਹੋ ਜਿਹੇ ਸ਼ੰਕੇ ਭਰੇ ਸਵਾਲਾਂ ਤੋਂ ਛੁਟਕਾਰਾ ਪਾਣਾ ਜ਼ਰੂਰੀ ਹੈ। ਕਿਉਂਕਿ ਏਹੋ ਜਹੇ ਕਚ-ਭੁੰਨੇ ਵਿਸ਼ਵਾਸ਼ ਦੇ ਆਧਾਰ ਤੇ ਮਾਨੁਖ ਆਤਮਿਕ ਬਲ ਤੇ ਸ਼ਾਂਤੀ ਨਹੀਂ ਪਰਾਪਤ ਕਰ ਸਕਦਾ। ਸ਼ੰਕਾ ਮਾਨੁਖਤਾ ਦੇ ਬਿਅੰਤ ਦੁਖਾਂ ਦਾ ਕਾਰਨ ਹੈ। ਸਵਾਮੀ ਰਾਮ ਤੀਰਥ ਨੇ ਕਿਨਾ ਸੋਹਣਾ ਕਿਹਾ ਹੈ ਕਿ ਦਿਲ ਵਿਚ ਸ਼ੱਕ ਰਖਣ ਨਾਲੋਂ ਇਸ ਵਿਚ ਗੋਲੀ ਦਾ ਵੱਜ ਜਾਣਾ ਚੰਗਾ ਹੈ। ਸੋ ਮਾਨੁੱਖ ਨੂੰ ਰੱਬ



Digitized by Panjab Digital Library | www.panjabdigilib.org

ਦੀ ਹਰ ਥਾਂ ਮੌਜੂਦਗੀ ਦੇ ਵਿਸ਼ਵਾਸ਼ ਦਾ ਅਨੁਭਵ ਕਰਨ ਦਾ ਅਭਿਆਸ ਅਤਿ ਜ਼ਰੂਰੀ ਹੈ ਕਿਉਂਕਿ ਇਸ ਤਰ੍ਹਾਂ ਉਸ ਵਿੱਚ ਇਕ ਅਤੁੱਟ ਯਕੀਨ ਪੈਦਾ ਹੋ ਜਾਵੇਗਾ ਕਿ ਉਹ ਕੋਈ ਵੀ ਚੰਗਾਂ ਜਾਂ ਬੁਰਾ ਕੰਮ ਰੱਬ ਤੋਂ ਉਹਲੇ ਨਹੀਂ ਰਹਿ ਸਕਦਾ। ਅਤੇ ਉਹ ਏਨਾ ਨੇੜੇ ਹੈ ਕਿ ਹਰਜਾਈ ਹੋਣ ਦੇ ਕਾਰਨ ਕਿਸੇ ਬਿਪਤ ਕਾਲ ਸਮੇਂ ਤੁਰੰਤ ਸਹਾਇਕ ਹੋ ਸਕਦਾ ਹੈ। ਇਸ ਅਭਿਆਸ ਦੀ ਭਾਵਨਾ ਦੀ ਅਰਦਾਸ ਨਾਲ ਪੰਜਵੇਂ ਗੁਰੂ ਜੀ ਦੇ ਕਥਨ ਦਾ ਸੰਚਾਰ ਮਨੁੱਖ ਵਿੱਚ ਪੂਰੀ ਤਰ੍ਹਾਂ ਹੋ ਜਾਂਦਾ ਹੈ ਜਿਵੇਂ "ਸਗਲ ਬਨਸਪਿਤ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥ ਉੱਚ ਨੀਚ ਮਹਿ ਜੋਤ ਸਮਾਣੀ ਘਟਿ ਘਟਿ ਮਾਧਉ ਜੀਆ ॥" ਜਾ ਮਨੁਖ ਉਸਦੀ ਹੋਂਦ ਨੂੰ ਸਮਝਦਾ ਹੈ ਕਿ ਹਰ ਥਾਂ ਉਹ ਹੀ ਉਹ ਹੈ ਅਤੇ ਮੇਰੇ ਹੋਣ ਜਾਂ ਨਾ ਹੋਣ ਨਾਲ ਸੰਸਾਰ ਵਿਚ ਕੋਈ ਫ਼ਰਕ ਨਹੀਂ ਪੈਂਦਾ ਜਿਵੇਂ ਇਕ ਸ਼ਾਇਰ ਨੇ ਕਿਹਾ ਹੈ :—

"ਨ ਥਾ ਕੁਛ ਤੋ ਖ਼ੁਦਾ ਥਾ ਕੁਛ ਨ ਹੋਤਾ ਤੋ ਖ਼ੁਦਾ ਹੋਤਾ।
ਡਬੋਇਆ ਮੁਝ ਕੋ ਹੋਣੇ ਨੇ ਨ ਹੋਤਾ ਮੈਂ ਤੋ ਕਿਆ ਹੋਤਾ।"

## ਰੱਬ ਦੀ ਰਜ਼ਾ ਨੂੰ ਖਿੜੇ ਮਥੇ ਮੰਨਣ ਦੀ ਭਾਵਨਾ ਦੀ ਅਰਦਾਸ

ਮਨੁੱਖ ਜਿੰਨਾ ਚਿਰ ਆਪਣੀ ਚਤੁਰਾਈ ਅਤੇ ਚਾਲਾਕੀ ਤੇ ਮਾਨ ਕਰਦਾ ਹੈ ਉਨਾ ਚਿਰ ਨ ਹੀ ਜ਼ਿੰਦਗੀ ਦੀ ਸਚਾਈ ਨੂੰ ਅਨੁਭਵ ਕਰ ਸਕਦਾ ਹੈ ਨਾ ਹੀ ਆਪਣੀ ਆਤਮਾ ਨੂੰ ਸ਼ਾਂਤੀ ਦੇ ਸਕਦਾ ਹੈ ਪਰ ਜਦੋਂ ਮਨੁੱਖ ਆਪਣੀ ਚਤੁਰਾਈ ਨੂੰ ਤਿਆਗ ਕੇ ਆਪਣੇ ਆਪ ਨੂੰ ਰੱਬ ਦੇ ਅਧੀਨ ਕਰ ਦਿੰਦਾ ਹੈ ਤਾਂ ਉਸ ਦੇ ਦਿਲ ਚੋਂ ਬਹੁਤ ਹੱਦ ਤੱਕ ਕਲੇਸ਼ ਖ਼ਤਮ ਹੋ ਜਾਂਦਾ ਹੈ।

### ਹਉਮੈ ਨੂੰ ਮਾਰਨ ਲਈ :

ਜਦ ਮਨੁੱਖ ਆਪਣੇ ਆਪ ਨੂੰ ਬੇਨਜ਼ੀਰ ਵਡਿੱਤਣ ਦੀ ਐਨਕ ਨਾਲ ਦੇਖਦਾ ਹੈ ਤਾਂ ਉਸ ਨੂੰ ਆਪਣੇ ਆਪ ਤੇ ਆਪਣੇ ਗੁਣਾਂ ਤੋਂ ਛੁਟ ਸੰਸਾਰ ਵਿਚ ਹੋਰ ਸਭ ਜੀਅ ਜੰਤ ਤੁਛ ਨਜ਼ਰ ਆਉਂਦੇ ਹਨ। ਹਉਮੈ ਸਰੀਰਕ ਬਲ ਮਾਨਸਿਕ ਸਿਆਣਪ ਜਾਂ ਬੁੱਧੀ, ਸੁੰਦਰਤਾ, ਕਿਸੇ ਹੁਨਰ ਵਿਚ ਪ੍ਰਬੀਨਤਾ ਆਦਿ ਜੀਵਨ ਦੇ ਅਨੇਕ ਪੱਖਾਂ ਦੇ ਕਾਰਨ ਹੋ ਸਕਦੀ ਹੈ। ਮਿਸਾਲ ਦੇ ਤੌਰ ਤੇ ਪੰਜਾਬੀ ਲੋਕ ਆਖਦੇ ਹਨ, "ਆਪਣੀ ਅਕਲ ਤੇ ਆਪਣੀ ਸ਼ਕਲ ਸਭ ਨੂੰ ਚੰਗੀ ਲਗਦੀ ਹੈ।" ਜੇਕਰ ਹਉਮੈ ਨੂੰ ਸਮਝ, ਸਿਆਣਪ, ਸਚਾਈ ਅਤੇ ਦਲੀਲ ਦੇ ਅਧੀਨ ਰਖਿਆ ਜਾਵੇ ਤਾਂ ਇਹ ਮਨੁੱਖੀ ਦੁੱਖਾਂ ਦਾ ਕਾਰਨ ਨਹੀਂ ਬਣਦੀ ਕਿਉਂਕਿ ਆਖਰਕਾਰ ਹਉਮੈ ਮਨੁੱਖ ਦੀ ਆਪਣੀ ਹੋਂਦ ਦਾ ਅਨੁਭਵ ਹੈ ਪਰ ਜੇਕਰ ਹਉਮੈ ਦੀਆਂ ਤਾਰਾਂ ਢਿਲੀਆਂ ਕਰ ਦਿਤੀਆਂ ਜਾਣ ਤਾਂ ਇਹ ਮਨੁੱਖ ਨੂੰ ਉਲਝਣ ਤੇ ਮੁਸੀਬਤ ਵਿਚ ਪਾਂਦੀ ਹੈ। ਇਸ ਕਰਕੇ ਗੁਰਬਾਣੀ ਵਿਚ ਲਿਖਿਆ ਹੈ—ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥

ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ—"ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ" ॥ ਹਉਮੈ ਬਾਰੇ ਵਰਤਮਾਨ ਸਮੇਂ ਦੇ ਕਈ ਮਨੋਵਿਗਿਆਨੀਆਂ (ਸਾਈਕਲੋਜਿਸਟਸ) ਨੇ ਬੜੀ



Digitized by Panjab Digital Library | www.panjabdigilib.org

ਵਿਸ਼ਾਲ ਖੋਜ ਕੀਤੀ ਹੈ ਜਿਨ੍ਹਾਂ ਵਿਚੋਂ ਜਰਮਨੀ ਦਾ ਸੰਸਾਰ ਪ੍ਰਸਿਧ ਵਿਗਿਆਨੀ ਫ਼ਰਾਇਡ ਸਭ ਤੋਂ ਵਧ ਮੰਨਿਆ ਪ੍ਰਮੰਨਿਆ ਹੈ। ਉਸ ਨੇ ਮਨੁੱਖ ਦੇ ਜੀਵਨ ਦੇ ਤਿੰਨ ਹਿਸੇ ਕੀਤੇ ਹਨ।

**ਇੱਦ ਜਾਂ ਲਿਬੀਦੋ :** ਮਨੁੱਖ ਦੇ ਮਾਨਸਿਕ ਜੀਵਨ ਦਾ ਬਹੁਤ ਵੱਡਾ ਹਿਸਾ ਹੈ ਅਤੇ ਇਹ ਕਾਮ, ਕਰੋਧ ਆਦਿ ਵਿਸ਼ੇ ਵਕਾਰਾਂ ਦਾ ਕੇਂਦਰ ਜਾਂ ਸੋਮਾ ਹੈ। ਇਹ ਮਨੁੱਖ ਨੂੰ ਜੀਵਨ ਦੀਆਂ ਘਟੀਆਂ ਹਰਕਤਾਂ ਅਤੇ ਖ਼ਿਆਲਾਂ ਤੋਂ ਉਤਾਂਹ ਨਹੀਂ ਉਠਣ ਦੇਂਦਾ। ਸੁਪਰ ਈਗੋ: ਇਹ ਉਚੇ ਖ਼ਿਆਲਾਂ ਦਾ ਕੇਂਦਰ ਹੈ ਅਤੇ ਮਨੁੱਖ ਨੂੰ ਜੀਵਨ ਦੀਆਂ ਆਦਰਸ਼ਨਕ ਅਤੇ ਉਚੀਆਂ ਘਾਟੀਆਂ ਵਲ ਪ੍ਰੇਰਦਾ ਹੈ। ਇਹਨਾਂ ਦੇ ਵਿਚਕਾਰ ਮਨੁੱਖ ਦੀ ਆਪਣੀ ਹੋਂਦ ਦੀ ਚੇਤਨਤਾ ਹੈ ਜਿਸ ਨੂੰ ਅਸੀਂ "ਮੈਂ, ਹਉਮੈ, ਹੰਗਤਾ" ਜਾਂ "ਈਗੋ" ਕਹਿੰਦੇ ਹਾਂ ਜੋ ਨੀਵੀਆਂ ਰੁਚੀਆਂ ਅਤੇ ਸੁਪਰ ਈਗੋ ਦੀਆਂ ਪ੍ਰੇਰਨਾਵਾਂ ਦੇ ਵਿਚਕਾਰ ਜਦੋ ਜਹਿਦ ਕਰਦੀ ਰਹਿੰਦੀ ਹੈ। ਜੇ ਈਗੋ ਜਾਂ ਹਉਮੈ ਸੁਪਰ ਈਗੋ ਤੋਂ ਵਧ ਸਹਾਰਾ ਲਵੇ ਤਾਂ ਮਨੁੱਖ ਚੰਗੇ ਤੇ ਨੇਕ ਲੋਕਾਂ ਵਿਚ ਗਿਣਿਆ ਜਾਂਦਾ ਹੈ। ਜੇ ਉਹ ਇਦ ਦਿਆਂ ਮਾਰੂ ਵਲੇਵਿਆਂ ਵਿਚ ਵਲਿਆ ਰਹੇ ਤਾਂ ਉਹ ਕੋਈ ਵਧੀਆ ਕਿਸਮ ਦਾ ਮਨੁੱਖ ਨਹੀਂ ਹੁੰਦਾਂ। ਸੁਪਰ ਈਗੋ ਨੂੰ ਹੀ ਅੰਤਸ਼ਕਰਣ ਆਖਿਆ ਜਾਂਦਾ ਹੈ। ਮਿਸਾਲ ਦੇ ਤੌਰ ਤੇ ਜਦੋਂ ਵੀ ਤੁਸੀਂ ਕਦੀ ਮਾੜਾ ਕਰਮ ਕਰਨ ਲਗਦੇ ਹੋ ਤਾਂ ਤੁਸੀਂ ਇੱਦ ਦੇ ਪ੍ਰਭਾਵ ਹੇਠਾਂ ਹੁੰਦੇ ਹੋ। ਪਰ ਫਿਰ ਵੀ ਕੋਈ ਸ਼ਕਤੀ ਜਿਸ ਨੂੰ ਅਸੀਂ ਜ਼ਮੀਰ ਕਹਿੰਦੇ ਹਾਂ ਅੰਦਰੋਂ ਆਵਾਜ਼ ਦੇ ਰਹੀ ਹੁੰਦੀ ਹੈ ਕਿ ਮਨੁੱਖਾ ਤੂੰ ਇਹ ਕੰਮ ਨਾ ਕਰ। ਇਹੋ ਜਿਹੀਆਂ ਕਈ ਘਟਨਾਵਾਂ ਵਾਪਰਦੀਆਂ ਹਨ ਜਦੋਂ ਅੰਦਰਲੀ ਸਮਝ ਸੁਣ ਕੇ ਮਨੁੱਖ ਮਾੜਾ ਕੰਮ ਕਰਨ ਦੇ ਸਮੇਂ ਆਪਣੇ ਆਪ ਨੂੰ ਰੋਕ ਲੈਂਦਾ ਹੈ ਜਿਸ ਦਾ ਭਾਵ ਇਹ ਹੈ ਕਿ ਇਦ ਅਤੇ ਸੁਪਰ ਈਗੋ ਜਾਂ ਜ਼ਮੀਰ ਦੇ ਘੋਲ ਵਿਚ ਜਿਹੜਾ ਕਿ ਈਗੋ ਜਾਂ ਹਉਮੈ ਨੂੰ ਘੁਲਣਾ ਪਿਆ ਉਸ ਵਿਚ ਜ਼ਮੀਰ ਨੂੰ ਸਫਲਤਾ ਪ੍ਰਾਪਤ ਹੋਈ। ਆਮ ਤੌਰ ਤੇ ਹਉਮੈ ਦੇ ਸ਼ਬਦਾਂ ਤੋਂ ਹੰਕਾਰ ਦੀ ਭਾਵਨਾ ਹੀ ਸਮਝੀ ਜਾਂਦੀ ਹੈ। ਜਿਸ ਮਨੁੱਖ ਵਿਚ ਹਉਮੈ ਹੋਵੇ ਉਹ ਦੂਜੇ ਮਨੁੱਖਾਂ ਨੂੰ ਆਪਣੇ ਤੋਂ ਚੰਗਾ ਜਾਂ ਬਰਾਬਰ ਸਮਝਣਾ ਤਾਂ ਇਕ ਪਾਸੇ ਰਿਹਾ ਸਗੋਂ ਉਹਨਾਂ ਨੂੰ ਆਪਣੇ ਤੋਂ ਬਹੁਤ ਘਟੀਆ ਤੇ ਨੀਵਾਂ ਸਮਝਦਾ ਹੈ। ਇਸ ਤਰ੍ਹਾਂ ਮਨੁੱਖ ਵਿਚ ਪ੍ਰਸਪਰ ਪ੍ਰੇਮ ਅਤੇ ਭਾਵਨਾਵਾਂ ਪੈਦਾ ਹੋਣ ਦੀ ਥਾਂ ਪ੍ਰਸਪਰ ਦੁਸ਼ਮਣੀ ਅਤੇ ਨਫਰਤ ਪੈਦਾ ਹੁੰਦੀ ਹੈ। ਹਉਮੈ ਦਾ ਮਾਰਿਆ ਮਨੁੱਖ ਆਪਣੇ ਆਪ ਨੂੰ ਇਤਨਾ ਸੰਪੂਰਨ ਤੇ ਪ੍ਰਪਕ ਸਮਝਦਾ ਹੈ ਕਿ ਉਹ ਆਪਣੇ ਜੀਵਨ ਦੀ ਹੋਰ ਤੇ ਚੰਗੇਰੀ ਪ੍ਰਾਪਤੀ ਲਈ ਯਤਨ ਹੀ ਨਹੀਂ ਕਰਦਾ। ਇਹ ਰੁਚੀਆਂ ਮਨੁੱਖਤਾ ਲਈ ਮਾਰੂ ਜ਼ਹਿਰ ਹਨ। ਮੈਂ ਤਾਂ ਸਮਝਦਾ ਹਾਂ ਕਿ ਹਉਮੈ ਦੇ ਜਾਲ ਵਿਚ ਫਸਿਆ ਹੋਇਆ ਮਨੁੱਖ ਉਸ ਵਿਅਕਤੀ ਵਾਂਗੂ ਹੈ ਜੋ ਅਖੀਂ ਮੀਟ ਕੇ ਬੈਠਾ ਹੁੰਦਾ ਹੈ ਜਾਂ ਅੱਖੀਂ ਤੇ ਪੱਟੀ ਬੰਨ੍ਹ ਕੇ ਹੀ ਜੀਵਨ ਬਤੀਤ ਕਰਦਾ ਹੈ ਅਤੇ ਆਪਣੇ ਹੰਕਾਰ ਦੇ ਅਨੇਰੇ ਵਿਚ ਮਗਨ ਹੈ ਕਿ ਮੇਰੇ ਵਰਗਾ ਕੋਈ ਨਹੀਂ ਹਾਲਾਂ ਕਿ ਸਚਾਈ ਇਹ ਹੈ ਕਿ ਜੇ ਉਹ ਅੱਖੀਂ ਖੋਲ੍ਹ ਕੇ ਵੇਖੇ ਤਾਂ ਸੰਸਾਰ ਦੇ ਚਾਨਣ ਵਿਚੋਂ ਉਸਨੂੰ ਬੇਅੰਤ ਲੋਕ ਆਪਣੇ ਆਪ ਤੋਂ ਉਚੇਰੇ ਤੇ ਚੰਗੇਰੇ ਨਜ਼ਰ ਆਉਣਗੇ ਅਤੇ ਉਸ ਵਿਚ ਦੂਜੇ ਮਨੁੱਖਾਂ ਲਈ ਸਰਾਹੁਣਾ ਅਤੇ ਉਹਨਾਂ ਦੀ ਸੇਵਾ ਕਰਨ ਦਾ ਜਜ਼ਬਾ ਪੈਦਾ ਹੋਵੇਗਾ।



Digitized by Panjab Digital Library | www.panjabdigilib.org

ਧਰਮ ਤੇ ਇਕ ਪਾਸੇ ਰਿਹਾ, ਧਰਮ ਜਾਂ ਰੱਬ ਵਿਚ ਨਾ ਵਿਸ਼ਵਾਸ਼ ਰਖਣ ਵਾਲੇ ਲੋਕ ਵੀ ਹਉਮੈ ਦੀ ਵਿਰੋਧਤਾ ਕਰਦੇ ਹਨ ਕਿਉਂਕਿ ਹਉਮੈ ਜਾ ਹੰਕਾਰ ਸਮੁੱਚੀ ਮਨੁੱਖਤਾ ਦੇ ਬੇਸ਼ੁਮਾਰ ਦੁੱਖਾਂ ਦਾ ਕਾਰਨ ਹੈ ; ਭਾਵੇਂ ਰੱਬ ਦੇ ਮਿਲਾਪ ਦੀ ਇੱਛਾ ਹੋਵੇ ਤੇ ਭਾਵੇਂ ਮਨੁੱਖਤਾਂ ਦੀ ਸੇਵਾ ਕਰਕੇ ਖ਼ੁਸ਼ੀ ਜਾਂ ਮੁਕਤੀ ਪ੍ਰਾਪਤ ਕਰਨ ਦੀ ਸੰਭਾਵਨਾ ਹੋਵੇ। ਇਨ੍ਹਾਂ ਮਨੋਰਥਾਂ ਲਈ ਨਿਮਰਤਾ ਜ਼ਰੂਰੀ ਚੀਜ਼ ਹੈ ਪਰ ਹਉਮੈ ਇਹਨਾਂ ਖਲਵਾੜਿਆਂ ਨੂੰ ਅੱਗ ਲਾਉਣ ਵਾਲੀ ਚਿਣਗ ਹੈ। ਸਿਖ ਧਰਮ ਨੇ ਗੁਰਬਾਣੀ ਵਿਚ ਹਉਮੈ ਮਾਰਨ ਲਈ ਜਾਂ ਇਸ ਦੇ ਵਿਰੋਧ ਵਿਚ ਬਹੁਤ ਕੁਝ ਲਿਖਿਆ ਹੈ ਜਿਵੇਂ ਕਿ :—

ਹਉਮੈਂ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ।
ਹਉਮੈ ਇਹੀ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥

ਹਉਮੈ ਸੱਚੀ ਮਨੁੱਖਤਾ ਲਈ ਅੱਤ ਭਿਆਨਕ ਤੇ ਗੰਭੀਰ ਸਮੱਸਿਆ ਹੈ ਅਤੇ ਗਿਆਨ-ਧਿਆਨ, ਸਮਾਧੀਆਂ, ਤਪਸਿਆ ਕੋਈ ਵੀ ਮਨੁੱਖ ਦੀ ਹਉਮੈ ਦੀ ਹੋਂਦ ਨੂੰ ਮਿਟਾ ਨਹੀਂ ਸਕਦਾ। ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ :—

"ਨਿਮਖ ਨਿਮਖ ਕਰ ਸਰੀਰ ਕਟਾਵੈ। ਤਉ ਭੀ ਹਉਮੈ ਮੈਲ ਨਾ ਜਾਵੈ॥"

ਫੇਰ ਅਗੇ ਦਸਿਆ ਹੈ :—

"ਹੈ ਕੋਈ ਐਸਾ ਹਉਮੈ ਤੋਰੇ॥ ਇਸੁ ਮੀਠੀ ਤੇ ਇਹ ਮਨ ਹੋਰੈ।"

"ਜਿਸ ਕੈ ਅੰਤਰਿ ਰਾਜ ਅਭਿਮਾਨ। ਸੋ ਨਰਕ ਪਾਤੀ ਹੋਵਤ ਸੁਆਨੁ॥
ਜੋ ਜਾਣਹਿ ਮੈਂ ਜੋਬਨਵੰਤੁ। ਸੋ ਹੋਵਤ ਬਿਸ਼ਟਾ ਕਾ ਜੰਤੁ॥"

ਹਉਮੈ ਤੋਂ ਛੁਟਕਾਰਾ ਪਾਉਣ ਲਈ ਅਤੇ ਨਿਮਰਤਾ ਨੂੰ ਗ੍ਰਹਿਣ ਕਰਨ ਲਈ ਆਪਣੇ ਆਪ ਨੂੰ ਰੱਬ ਦੀ ਰਜ਼ਾ ਦੇ ਸੌਂਪਣ ਲਈ ਭਗਤੁ ਸਧਨਾ ਜੀ ਕਹਿੰਦੇ ਹਨ :—

"ਮੈਂ ਨਾਹੀਂ ਕਛੁ ਹਉ ਨਾਂਹੀ ਕਿਛੁ ਆਇ ਨਾ ਮੋਰਾ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥"

ਭਗਤ ਫਰੀਦ ਜੀ ਮਨੁੱਖ ਨੂੰ ਹਉਮੈ ਦੇ ਭੁਲੇਖੇ ਤੇ ਟਪਲੇ ਤੋਂ ਬਚਾਣ ਲਈ ਫ਼ਰਮਾਂਦੇ ਹਨ :—

"ਫਰੀਦਾ ਖਾਕੁ ਨਾ ਨਿੰਦੀਐਂ ਖਾਕੁ ਜੇਡੁ ਨਾ ਕੋਇ॥
ਜੀਵਦਿਆਂ ਪੈਰਾਂ ਤਲੈ ਮੁਇਆਂ ਉਪਰਿ ਹੋਇ॥"

"ਫਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ॥
ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥
ਕਜਲ ਰੇਖ ਨ ਸਹਿਦਿਆਂ ਸੇ ਪੰਖੀ ਸੂਏ ਬਹਿਠੁ॥"

ਭਗਤ ਕਬੀਰ ਜੀ ਲਿਖਦੇ ਹਨ :—



Digitized by Panjab Digital Library | www.panjabdigilib.org

ਕਬੀਰਾ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ ॥
ਆਜ ਕਾਲ ਤਜ ਜਾਹੁਗੇ ਜਿਉ ਕਾਂਚੁਲੀ ਭੁਯੰਗ ॥
ਕਬੀਰਾ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ ॥
ਹੈਵਰੁ ਉਪਰਿ ਛਤਰ ਤਰ ਤੇ ਫੁਨਿ ਧਰਤੀ ਗਾਡ ॥
ਕਬੀਰਾ ਗਰਬ ਨ ਕੀਜੀਐ ਊਚਾ ਦੇਖਿ ਅਵਾਸੁ ॥
ਆਜੁ ਕਾਲ ਭੁਇ ਲੇਟਣਾ ਊਪਰਿ ਜਾਮੈ ਘਾਸੁ ॥
ਕਬੀਰਾ ਗਰਬ ਨ ਕੀਜੀਐ ਰੰਕੁ ਨਾ ਹਸੀਐ ਕੋਇ ॥
ਅਜਹੁਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥

ਉਤੇ ਦਿਤੇ ਪ੍ਰਮਾਣ ਇਹ ਸਿਖਿਆ ਦਿੰਦੇ ਹਨ ਕਿ ਜਿੰਨਾ ਚਿਰ ਮਨੁੱਖ ਹੰਕਾਰ ਦੇ ਨਸ਼ੇ ਵਿਚ ਅੰਨ੍ਹਾ ਹੈ ਉਨਾ ਚਿਰ ਉਹ ਨਾ ਤੇ ਆਪ ਹੀ ਚੰਗਾ ਬਣ ਸਕਦਾ ਹੈ ਤੇ ਨਾ ਹੀ ਮਨੁੱਖਤਾ ਨੂੰ ਪਿਆਰ ਕਰ ਸਕਦਾ ਹੈ ਅਤੇ ਨ ਹੀ ਰੱਬ ਨਾਲ ਮਿਲਾਪ ਪ੍ਰਾਪਤ ਕਰ ਸਕਦਾ ਹੈ। ਇਸ ਲਈ ਅਰਦਾਸ ਦੀਆਂ ਭਾਵਨਾਵਾਂ ਵਿਚੋਂ ਇਕ ਵਿਸ਼ੇਸ਼ ਭਾਵਨਾ ਹਉਮੈ ਨੂੰ ਮਾਰਨ ਲਈ ਵੀ ਹੈ ਕਿਉਂਕਿ ਜਿੰਨਾਂ ਚਿਰ ਰੱਬ ਦੇ ਹੁਕਮ ਜਾਂ ਰੱਬ ਦੀ ਰਜ਼ਾ ਨੂੰ ਨਾ ਸਮਝਿਆ ਜਾਵੇ ਭਾਵ ਹਉਮੈ ਦੀ ਕੱਚੀ ਕੀਮਤਿ ਤੋਂ ਜਾਣੂ ਨਾ ਹੋਇਆ ਜਾਏ, ਫੋਕਾ ਗਿਆਨ ਮਨੁੱਖ ਦਾ ਕੁਝ ਵੀ ਸਵਾਰ ਨਹੀਂ ਸਕਦਾ। ਇਸੇ ਕਰਕੇ ਹੀ ਗੁਰਬਾਣੀ ਕਹਿੰਦੀ ਹੈ :—

"ਹਉਮੈ ਬੂਝੈ ਤਾ ਦਰੁ ਸੂਝੈ। ਗਿਆਨ ਵਿਹੂਣਾ ਕਥਿ ਕਥਿ ਲੂਝੈ।"

ਕਿਸੇ ਉਰਦੂ ਦੇ ਸ਼ਾਇਰ ਨੇ ਲਿਖਿਆ ਹੈ :—

"ਮਿਟਾ ਦੇ ਆਪਣੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ।
ਕਿ ਦਾਨਾ ਖ਼ਾਕ ਮੇਂ ਮਿਲ ਕਰ ਗੁਲੋ ਗੁਲਜ਼ਾਰ ਹੋਤਾ ਹੈ ॥"

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ ਜਿੰਨਾ ਚਿਰ ਹਉਮੈ ਦਾ ਰੋਗ ਮਨੁੱਖ ਦੇ ਜੀਵਨ ਵਿਚੋਂ ਖ਼ਤਮ ਨਹੀਂ ਹੁੰਦਾ ਉਨਾ ਚਿਰ ਉਹ ਮਾਨਸਿਕ ਅਤੇ ਸਰੀਰਕ ਤੌਰ ਤੇ ਨਾ ਤੇ ਅਰੋਗ ਹੋ ਸਕਦਾ ਹੈ ਅਤੇ ਨਾ ਹੀ ਪ੍ਰਮਾਤਮਾ ਦੇ ਦਰਸ਼ਨ ਕਰ ਸਕਦਾ ਹੈ। ਉਹਨਾਂ ਨੇ ਦਸਿਆ ਹੈ ਕਿ :—

"ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ।
ਨਾਨਕ ਦ੍ਰਿਸ਼ਟੀ ਆਇਆ ਉਸਤਤਿ ਕਰਨੈ ਜੋਗੁ।"

ਉਹ ਤੇ ਸਾਨੂੰ ਸਮਝਾਉਂਦੇ ਹਨ ਕਿ ਮਨੁੱਖੀ ਸਿਆਣਪ ਦੀ ਸ਼ਰਤ ਹੀ ਹਉਮੈ ਦਾ ਤਿਆਗ ਹੈ ਅਤੇ ਲਿਖਦੇ ਹਨ :—

"ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨ।"

ਕਈ ਮਨੁੱਖ ਤੀਰਥ ਯਾਤਰਾ ਕਰਕੇ ਜਾਂ ਪੁੰਨ ਦਾਨ ਜਾਂ ਨਾਮ ਜਪਣ ਦੇ ਮਾਣ ਦੀ ਹਉਮੈ ਦਾ ਸ਼ਿਕਾਰ ਹੋ ਜਾਂਦੇ ਹਨ, ਜਿਨ੍ਹਾਂ ਬਾਬਤ ਨੌਂਵੇਂ ਪਾਤਸ਼ਾਹ ਲਿਖਦੇ ਹਨ :—



Digitized by Panjab Digital Library | www.panjabdigilib.org

"ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਮਨਾਨੁ ।"

ਮੁਕਦੀ ਗਲ ਇਹ ਹੈ ਕਿ ਆਸਤਕ ਜਾਂ ਨਾਸਤਕ ਤੇ ਰੱਬ ਜਾਂ ਧਰਮ ਵਿਚ ਵਿਸ਼ਵਾਸ ਰਖਣ ਵਾਲਾ ਜਾਂ ਨਾ ਰਖਣ ਵਾਲਾ, ਕੋਈ ਵੀ ਹਉਮੈ ਨੂੰ ਚੰਗਾ ਨਹੀਂ ਸਮਝਦਾ ਕਿਉਂਕਿ ਇਹ ਉਹ ਚੰਗਿਆੜੀ ਹੈ ਜੋ ਮਨੁੱਖ ਦੇ ਹੋਰ ਸਾਰੇ ਉਚੇਰੇ ਤੇ ਸੁਚੇਰੇ ਗੁਣਾਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ ਜਿਵੇਂ ਕਿ ਉਤੇ ਦਸਿਆ ਗਿਆ ਹੈ ਕਿ ਸਿਖ ਧਰਮ ਅਨੁਸਾਰ ਹਉਮੈ ਨੂੰ ਮਾਰਨ ਅਤੇ ਨਿੰਮਰਤਾ ਦੀ ਪ੍ਰਾਪਤੀ ਕਰਨ ਦਾ ਅਰਦਾਸ ਬਹੁਤ ਵੱਡਾ ਸਾਧਨ ਹੈ।

## ਅਰਦਾਸ ਕਦੋਂ, ਕਿਥੇ ਤੇ ਕਿਉਂ ਕੀਤੀ ਜਾਂਦੀ ਹੈ ?

ਵੈਸੇ ਤਾਂ ਰੱਬ ਦੇ ਹਜ਼ੂਰ ਅਰਦਾਸ ਕਰਨ ਦੇ ਸਮੇਂ ਦੀ ਕੋਈ ਸ਼ਰਤ ਲਾਗੂ ਨਹੀਂ ਹੋਣੀ ਚਾਹੀਦੀ ਤੇ ਸੱਚੀ ਸ਼ਰਧਾ ਵਾਲੇ ਮਨੁੱਖ ਲਈ ਨ ਹੀ ਕੋਈ ਐਸਾ ਸ਼ੱਕ ਹੈ। ਪਰ ਫਿਰ ਵੀ ਹਰ ਧਰਮ ਤੇ ਖ਼ਾਸ ਕਰ ਇਸਲਾਮ, ਈਸਾਈ ਧਰਮ, ਹਿੰਦੂ ਧਰਮ ਅਤੇ ਸਿਖ ਧਰਮ ਨੇ ਹੀ ਅਰਦਾਸ ਜਾਂ ਬੇਨਤੀ ਦੇ ਕੁਝ ਸਮੇਂ ਨਿਯਤ ਕੀਤੇ ਹਨ। ਜਿਥੇ ਉਹਨਾਂ ਸਮਿਆਂ ਸਬੰਧੀ ਪਵਿਤਰਤਾ ਦੀ ਕੁਝ ਭਾਵਨਾ ਦਾ ਸਬੰਧ ਹੋ ਸਕਦਾ ਹੈ ਉਥੇ ਮਨੁੱਖ ਦੀ ਰੋਜ਼ਾਨਾ ਜੀਵਨ ਦੀ ਕਾਰ ਵਿਹਾਰ ਤੇ ਵਿਹਲ ਦੇ ਸਮੇਂ ਨੂੰ ਵੀ ਮੁਖ ਰਖਿਆ ਗਿਆ ਹੈ । ਇਸ ਤੋਂ ਛੁਟ ਮਨੁੱਖ ਕਈ ਵਾਰੀ ਆਪਣੇ ਦੁੱਖ ਜਾਂ ਮੁਸੀਬਤਾਂ ਜਾਂ ਵਰਤਮਾਨ ਲੋੜ ਨੂੰ ਮੁੱਖ ਰਖ ਕੇ ਵੀ ਅਰਦਾਸ ਕਰਦਾ ਹੈ। ਅਰਦਾਸ ਦਾ ਸਮਾਂ ਨਿਯਤ ਕਰਨ ਤੋਂ ਇਹ ਹੀ ਭਾਵ ਹੈ ਕਿ ਮਨੁੱਖ ਦੇ ਜੀਵਨ ਦੇ ਡਸਿਪਲਨ ਤੇ ਵਸੀਕਾਰ ਰੋਜ਼ ਬਰੋਜ਼ ਕਰਨ ਨਾਲ ਅਰਦਾਸ ਦਾ ਫਰਜ਼ ਵੀ ਸ਼ਰਧਾ ਤੇ ਆਤਮਕ ਤੌਰ ਤੇ ਉਸ ਦੇ ਜੀਵਨ ਦਾ ਹਿੱਸਾ ਬਣ ਜਾਵੇ। ਮੁਸਲਮਾਨ ਮਜ਼ਬ ਦੇ ਪੈਰੋਕਾਰਾਂ ਤੇ ਦਿਨ ਵਿਚ ਪੰਜ ਨਮਾਜ਼ਾਂ ਜਾਂ ਅਰਦਾਸਾਂ ਕਰਨ ਦਾ ਫਰਜ਼ ਲਾਗੂ ਹੈ। ਇਸੇ ਤਰ੍ਹਾਂ ਹਿੰਦੂ ਚੜ੍ਹਦੇ ਤੇ ਡੁਬਦੇ ਸੂਰਜ ਨੂੰ ਨਮਸਕਾਰ ਕਰਦਾ ਹੈ। ਸਿਖ ਧਰਮ ਨੂੰ ਅੰਮ੍ਰਿਤ ਵੇਲੇ ਨਾਮ ਜਪਣ ਜਾਂ ਅਰਦਾਸ ਕਰਨ ਲਈ ਸਭ ਤੋਂ ਸਰੇਸ਼ਟ ਸਮਾਂ ਮੰਨਿਆ ਗਿਆ ਹੈ। ਸ਼ਾਮ ਨੂੰ ਰਹਿਰਾਸ ਤੇ ਸੌਣ ਸਮੇਂ ਕੀਰਤਨ ਸੋਹਲਾ ਦੀ ਅਰਦਾਸ ਮੰਨੀ ਗਈ ਹੈ। ਕਈ ਮਜ਼ਬਾਂ ਨੇ ਰੱਬ ਦਾ ਨਾਮ ਜਪਣ ਲਈ ਹਫ਼ਤੇ ਦੇ ਖ਼ਾਸ ਦਿਨਾਂ ਨੂੰ ਹੀ ਮਹਾਂਨਤਾ ਅਤੇ ਵਿਸ਼ੇਸ਼ਤਾ ਦਿਤੀ ਹੈ । ਜਿਵੇਂ ਕਿ ਈਸਾਈ ਅਤੇ ਯਹੂਦੀ ਮੱਤ ਵਾਲੇ ਐਤਵਾਰ ਨੂੰ ਧਾਰਮਿਕ ਤੌਰ ਤੇ ਸੱਬਤ ਡੇ ਕਹਿੰਦੇ ਹਨ ਤੇ ਗਿਰਜੇ ਜਾ ਕੇ ਪ੍ਰਾਰਥਨਾ ਕਰਨ ਲਈ ਖ਼ਾਸ ਦਿਨ ਸਮਝਦੇ ਹਨ। ਪੁਰਾਣੀ ਅੰਜੀਲ, 'ਓਲਡ ਟੈਸਟਾਮੈਂਟ' ਦੇ ਪਹਿਲੇ ਸਫੇ ਤੇ ਹੀ ਪਹਿਲਾ ਵਾਕ ਧਰਤੀ ਤੇ ਅਕਾਸ਼ ਦੀ ਉਤਪਤੀ ਤੋਂ ਸ਼ੁਰੂ ਹੁੰਦਾ ਹੈ "ਇਨ ਦੀ ਬਿਗਿਨਨਿੰਗ ਗਾਡ ਕਰੀਏਟਿਡ ਦੀ ਹੈਵਨ ਐਂਡ ਦੀ ਅਰਥ" (ਸਭ ਤੋਂ ਪਹਿਲਾਂ ਰੱਬ ਨੇ ਅਕਾਸ਼ ਤੇ ਧਰਤੀ ਬਣਾਈ) ਇਹਨਾਂ ਦਾ ਵਿਸ਼ਵਾਸ ਹੈ ਕਿ ਰੱਬ ਸੰਸਾਰ ਦੀ ਉਤਪਤੀ ਕਰਨ ਲਗਿਆਂ ਕੁਝ ਦਿਨ ਲਗਾਤਾਰ ਕੰਮ ਕਰਦਾ ਰਿਹਾ



Digitized by Panjab Digital Library | www.panjabdigilib.org

ਅਤੇ ਦੁਨੀਆਂ ਦੇ ਵੱਖ ਵੱਖ ਜੀਵਾਂ, ਚੀਜ਼ਾਂ ਤੇ ਬਨਸਪਤੀ, ਜਿਨ੍ਹਾਂ ਵਿਚ ਮਨੁੱਖ ਵੀ ਸ਼ਾਮਲ ਸੀ, 6 ਦਿਨ ਵਿਚ ਪੂਰੀ ਕਰ ਬੈਠਾ ਅਤੇ ਸਤਵੇਂ ਦਿਨ ਉਸ ਨੇ ਆਰਾਮ ਕੀਤਾ। ਆਪਣੀ ਰਚਨਾ ਵੇਖ ਕੇ ਅਤਿਅੰਤ ਖੁਸ਼ ਹੋਇਆ। ਰੱਬ ਦੇ ਆਰਾਮ ਕਰਨ ਦਾ ਦਿਨ ਸੰਡੇ ਸੀ ਇਸ ਲਈ ਈਸਾਈ ਮੱਤ ਤੇ ਯਹੂਦੀ ਮੱਤ ਦੇ ਲੋਕਾਂ ਨੇ ਹਫ਼ਤੇ ਵਿਚ ਐਤਵਾਰ ਦੀ ਛੁੱਟੀ ਕਰਨੀ ਤੇ ਰੱਬ ਦੇ ਸ਼ੁਕਰਾਨੇ ਦੀ ਖ਼ਾਤਰ ਗਿਰਜੇ ਵਿਚ ਜਾਣਾ ਆਪਣਾ ਵਿਸੇਸ਼ ਧਾਰਮਿਕ ਫ਼ਰਜ਼ ਮੰਨ ਲਿਆ, ਜਿਸ ਉਤੇ ਉਹ ਅੱਜ ਵੀ ਚਲ ਰਹੇ ਹਨ।

ਮੁਸਲਮਾਨ ਲੋਕ ਵੀ ਜੁਮੇ ਜਾਂ ਸ਼ੁਕਰਵਾਰ ਨੂੰ ਖ਼ਾਸ ਪਵਿਤਰ ਦਿਹਾੜਾ ਮੰਨਦੇ ਹਨ ਅਤੇ ਇਸ ਦਿਨ ਨੂੰ ਹਰ ਮੋਮਨ ਦੀ ਇੱਛਾ ਹੁੰਦੀ ਹੈ ਕਿ ਉਹ ਆਪਣੇ ਪਿੰਡ ਜਾਂ ਸ਼ਹਿਰ ਦੀ ਸਭ ਤੋਂ ਵਡੀ ਮਸੀਤ ਵਿਚ ਜਾ ਕੇ ਇਕੱਲਾ ਨਹੀਂ ਬਲਕਿ ਇਨਸਾਨ ਦੀ ਅਗਵਾਈ ਹੇਠ ਹੋਰ ਬਹੁਤ ਸਾਰੇ ਨਿਮਾਜ਼ੀਆਂ ਦੀ ਜਮਾਤ ਨਾਲ ਰਲ ਕੇ ਜੁਮੇਂ ਦੀ ਨਿਮਾਜ਼ ਅਦਾ ਕਰੇ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਜੁਮਾ ਏਨਾ ਪਵਿਤਰ ਦਿਨ ਹੈ ਕਿ ਨਿਮਾਜ਼ੀਆਂ ਦੀ ਜਮਾਤ ਵਿਚ ਨਿਮਾਜ਼ ਪੜ੍ਹਨ ਨਾਲ ਬਹੁਤ ਸਾਰੇ ਪਾਪਾਂ ਜਾਂ ਗੁਨਾਹਾਂ ਦਾ ਨਾਸ ਹੋ ਜਾਂਦਾ ਹੈ। ਉਹ ਤੇ ਏਥੋਂ ਤਕ ਵੀ ਮੰਨਦੇ ਹਨ ਕਿ ਜੋ ਮਨੁੱਖ ਚੰਗੇ ਭਾਗਾਂ ਨਾਲ ਜੁਮੇ ਨੂੰ ਮਰੇ ਉਹ ਨਰਕ ਵਿਚ ਨਹੀਂ ਜਾਂਦਾ। ਜੁਮੇ ਦੇ ਦਿਨ ਨੂੰ ਮਹੱਤਤਾ ਤੇ ਪਵਿਤਰਤਾ ਦੇਣ ਦੇ ਕਾਰਣ ਇਹ ਹਨ :—

(੧) ਹਜ਼ਰਤ ਮੁਹੰਮਦ ਜੁਮੇ ਵਾਲੇ ਦਿਨ ਪੈਦਾ ਹੋਏ।

(੨) ਹਜ਼ਰਤ ਸਾਹਿਬ ਨੂੰ ਕੁਰਾਨ ਜੁਮੇ ਵਾਲੇ ਦਿਨ ਹੀ ਰੱਬ ਤੋਂ ਨਾਜ਼ਲ ਹੋਇਆ।

(੩) ਹਜ਼ਰਤ ਸਾਹਿਬ ਦੀ ਸ਼ਬੇ ਮੈਰਾਜ (ਕੁਰਸੀ ਜਾਂ ਅਰਸ਼ਾਂ ਤੇ ਜਾਣ ਵਾਲੀ ਰਾਤ)। ਇਸ ਰਾਤ ਫਰਿਸ਼ਤੇ ਹਜ਼ਰਤ ਸਾਹਿਬ ਨੂੰ ਇਕ ਤਖ਼ਤ ਤੇ ਬਿਠਾ ਕੇ ਸਤਵੇਂ ਅਸਮਾਨ ਤੇ ਰੱਬ ਦੇ ਹਜ਼ੂਰ ਲੈ ਗਏ ਜਿਥੇ ਹਜ਼ਰਤ ਸਾਹਿਬ ਨੇ ਰੱਬ ਦੇ ਅੱਖੀਂ ਦੀਦਾਰ ਕੀਤੇ ਤੇ ਬਚਨ ਬਿਲਾਸ ਵੀ ਕੀਤੇ। ਇਸਲਾਮੀ ਕਿਤਾਬਾਂ ਵਿਚ ਦਰਜ ਹੈ ਕਿ ਰੱਬ ਨੇ ਉਹਨਾਂ ਨੂੰ ਆਕਾਸ਼ ਪਤਾਲ ਸਾਰੇ ਬ੍ਰਹਿਮੰਡ ਦੀ ਸੈਰ ਕਰਵਾਈ, ਪਰ ਬੜੀ ਚਮਤਕਾਰ ਦੀ ਗੱਲ ਹੈ ਤੇ ਅਸਮਾਨੀ ਦੁਨੀਆਂ ਦਾ ਵਿਸ਼ਵਾਸ ਹੈ ਕਿ ਇੰਨਾ ਲੰਮਾ ਸਫਰ ਕਰਕੇ ਇਨੀ ਛੇਤੀ ਵਾਪਸ ਆ ਗਏ ਕਿ ਜਿਸ ਬਿਸਤਰੇ ਤੋਂ ਉਹ ਅਰਸ਼ਾਂ ਵਲ ਗਏ ਸਨ ਵਾਪਸ ਆਉਣ ਤੇ ਬਿਸਤਰਾ ਗਰਮ ਹੀ ਸੀ।

(੪) ਕਿਆਮਤ ਦਾ ਦਿਨ ਵੀ ਜੁਮਾ ਹੀ ਹੈ।

(੫) ਸਾਡੇ ਪੁੰਨਾਂ ਪਾਪਾਂ ਦਾ ਲੇਖਾ ਵੀ ਜੁਮੇ ਨੂੰ ਹੀ ਹੋਵੇਗਾ।

(੬) ਉਹ ਕਹਿੰਦੇ ਹਨ ਕਿ ਹਜ਼ਰਤ ਸਾਹਿਬ ਸੁਰਗਵਾਸ ਵੀ ਜੁਮੇ ਨੂੰ ਹੋਏ।

(੭) ਉਹਨਾਂ ਦੀ ਆਤਮਾ ਬਹਿਸ਼ਤ ਵਿਚ ਜੁਮੇ ਵਾਲੇ ਦਿਨ ਪਹੁੰਚੀ।

ਹਿੰਦੂ ਧਰਮ ਵਾਲੇ ਵੀ ਮੰਗਲਵਾਰ ਨੂੰ ਦੇਵੀ ਦਾ ਵਾਰ ਮੰਨਦੇ ਹਨ। ਹਾਲਾਂ ਕਿ ਜੋਤਸ਼ ਵਿਦਿਆ ਤੇ ਉਹਨਾਂ ਦੇ ਧਾਰਮਿਕ ਵੀਚਾਰਾਂ ਰਾਹੀਂ ਹੀ ਸ਼ਨੀ ਬੜਾ ਕਰੜਾ ਦੇਵਤਾ



Digitized by Panjab Digital Library | www.panjabdigilib.org

ਹੈ। ਹੁਣ ਅਸੀਂ ਸਿਖ ਧਰਮ ਦੀ ਵੀਚਾਰਧਾਰਾ ਵਲ ਵੀ ਆਉਂਦੇ ਹਾਂ। ਸਿਖ ਧਰਮ ਵਿਚ ਕੋਈ ਖਾਸ ਦਿਨ ਪਵਿੱਤਰ ਜਾਂ ਅਪਵਿਤਰ ਨਹੀਂ ਹੈ। ਜਿਸ ਵਕਤ ਵੀ ਰੱਬ ਦਾ ਨਾਂ ਲਿਆ ਜਾਵੇ ਜਾਂ ਪ੍ਰਾਰਥਨਾ ਕੀਤੀ ਜਾਵੇ ਉਸੇ ਸਮੇਂ ਨੂੰ ਸੁਲਖਣਾ ਤੇ ਸੁਭਾਗਾ ਮੰਨਿਆ ਜਾਂਦਾ ਹੈ। ਸਿਖ ਧਰਮ ਵਾਰਾਂ, ਥਿਤਾਂ ਤੇ ਦਿਨਾਂ ਦਿਹਾੜਿਆਂ ਦੀ ਪਵਿਤਰਤਾ ਅਤੇ ਅਪਵਿਤਰਤਾ ਤੋਂ ਆਜ਼ਾਦ ਹੈ। ਵੈਸੇ ਤਾਂ ਸਾਰੇ ਧਰਮ ਹੀ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ ਅਰਦਾਸ ਸਫ਼ਰ ਤੇ ਜਾਣ ਸਮੇਂ, ਬਿਮਾਰੀ ਦੇ ਬਿਸਤਰੇ ਤੇ, ਸੌਣ ਦੇ ਸਮੇਂ ਜਾਂ ਜਾਗਣ ਦੇ ਸਮੇਂ ਜ਼ਰੂਰ ਕਰਨੀ ਚਾਹੀਦੀ ਹੈ। ਗੁਰਬਾਣੀ ਫ਼ਰਮਾਂਦੀ ਹੈ :—

"ਊਠਤ ਸੁਖੀਆ ਬੈਠਤ ਸੁਖੀਆ। ਭਉ ਨਹੀਂ ਲਾਗੈ ਜੋ ਐਸੇ ਬੁਝੀਆ ॥੧॥

ਰਾਖਾ ਏਕੁ ਹਮਾਰਾ ਸੁਆਮੀ। ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥

ਸੋਇ ਅਚਿੰਤਾ ਜਾਗਿ ਅਚਿੰਤਾ। ਜਹਾਂ ਕਹਾਂ ਪ੍ਰਭੁ ਤੂ ਵਰਤੰਤਾ ॥

ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ। ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥

ਫੇਰ ਲਿਖਦੇ ਹਨ :—

"ਰੈਣਿ ਦਿਨਸੁ ਪਰਭਾਤਿ ਤੂਹੈ ਗਾਵਣਾ ॥
ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥
ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥
ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥
ਜਨ ਨਾਨਕ ਸਦ ਬਲਿਹਾਰ ਬਲਿ ਬਲਿ ਜਾਵਣਾ ॥

ਅਸੀਂ ਗੁਰਬਾਣੀ ਵਿਚ ਪੜ੍ਹਦੇ ਹਾਂ :—

ਗੁਰੂ ਮੇਰੈ ਸੰਗਿ ਸਦਾ ਹੈ ਨਾਲੇ। ਸਿਮਰਿ ਸਿਮਰਿ ਤਿਸੁ ਸਦਾ ਸਮਾਲੈ।"

ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ :—

ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ, ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥

ਸਿਖ ਧਰਮ ਦਸਦਾ ਹੈ ਕਿ ਰੱਬ ਦੇ ਹਜ਼ੂਰ ਅਰਦਾਸ ਹਰ ਸਮੇਂ ਤੇ ਹਰ ਥਾਂ ਤੇ ਕਰਨੀ ਯੋਗ ਹੈ। ਆਖਰੀ ਸੁਵਾਲ ਇਹ ਹੈ ਕਿ ਅਰਦਾਸ ਕਿਉਂ ਕੀਤੀ ਜਾਂਦੀ ਹੈ ?

(੧) ਅਰਦਾਸ ਆਪਣੀ ਮਨ ਮੱਤ ਨੂੰ ਮਾਰਨ ਲਈ ਕੀਤੀ ਜਾਂਦੀ ਹੈ।

(੨) ਅਰਦਾਸ ਆਪਣੇ ਗੁਨਾਹਾਂ ਦੇ ਇਕਬਾਲ ਕਰਨ ਲਈ ਅਤੇ ਅੱਗੇ ਤੋਂ ਤੋਬਾ ਕਰਨ ਲਈ ਕੀਤੀ ਜਾਂਦੀ ਹੈ।

(੩) ਅਰਦਾਸ ਆਪਣੀ ਊਣਤਾਈ ਤੇ ਰੱਬ ਦੀਆਂ ਪੂਰਨਤਾਈਆਂ ਤੇ ਸਰਬ ਸਮਰਥਾ ਦਾ ਅਹਿਸਾਸ ਕਰਨ ਲਈ ਕੀਤੀ ਜਾਂਦੀ ਹੈ।

(੪) ਅਰਦਾਸ ਕਿਸੇ ਧਰਮ ਦੇ ਪੈਰੋਕਾਰਾਂ ਨੂੰ ਜਦ ਇਕੱਠ ਵਿਚ ਕੀਤੀ ਜਾਵੇ ਏਕਤਾ ਦਾ ਜਜ਼ਬਾ ਬਖ਼ਸ਼ਦੀ ਹੈ। ਅਰਦਾਸ ਮਾਣ ਤੇ ਹਉਮੈ ਨੂੰ ਮਾਰ ਕੇ ਨਿੰਮਰਤਾ ਬਖਸ਼ਦੀ ਹੈ ਅਤੇ



Digitized by Panjab Digital Library | www.panjabdigilib.org

ਅਰਦਾਸ ਮਨੁੱਖ ਵਿਚ ਇਕ ਅਹਿਲ ਵਿਸ਼ਵਾਸ ਤੇ ਕਦੀ ਵੀ ਨਾ ਹਾਰਨ ਵਲੀ ਸ਼ਕਤੀ ਪੈਦਾ ਕਰਦੀ ਹੈ।

## ਤਸਬੀ, ਮਾਲ੍ਹਾ ਤੇ ਸਿਮਰਣ ਤੇ ਵੀਚਾਰ

ਮਾਲਾ ਫੇਰਨੀ ਅਤੇ ਭਗਤੀ ਜਾਂ ਇਬਾਦਤ ਦੀ ਗਿਣਤੀ ਮਿਣਤੀ ਵਿਚ ਪੈ ਕੇ ਰੱਬ ਦੇ ਘਰੋਂ ਲਾਭ ਲੈਣਾ ਜਾਂ ਸਵਾਲ ਦੀ ਇੱਛਾ ਤੇ ਆਸ ਕਰਨੀ ਤਕਰੀਬਨ ਹਰ ਧਰਮ ਵਿਚ ਪ੍ਰਚਲਤ ਹੈ। ਇਥੋਂ ਤਕ ਕਿ ਪ੍ਰਾਚੀਨ ਸਮੇਂ ਦਾ ਪ੍ਰਸਿਧ ਵਿਦਵਾਨ, ਪੈਲੇਡਿਉਸ ਜੋ ਕਿ ਚੌਥੀ ਈਸਵੀ ਸਦੀ ਵਿਚ ਹੋਇਆ ਹੈ, ਨੇ ਵੀ ਜ਼ਿਕਰ ਕੀਤਾ ਹੈ ਕਿ ਇਕ ਈਸਾਈ ਪਾਦਰੀ ਬਾਈਬਲ ਦੀ ਇਕ ਖਾਸ ਪ੍ਰਾਰਥਨਾ ਨੂੰ ਰੋਜ਼ ੩੦੦ ਵਾਰੀ ਪੜ੍ਹਦਾ ਸੀ ਅਤੇ ਗਿਣਤੀ ਨੂੰ ਠੀਕ ਰਖਣ ਵਾਸਤੇ ਆਪਣੀ ਥੈਲੀ ਵਿਚ ਪੱਥਰ ਦੇ ਗੀਟੇ ਗਿਣ ਕੇ ਰਖਦਾ ਸੀ। ਧਾਰਮਿਕ ਖੋਜੀਆਂ ਤੇ ਵਿਦਵਾਨਾਂ ਦੀ ਰਾਇ ਹੈ ਕਿ ਮਾਲਾ ਜਾਂ ਤਸਬੀ ਫੇਰਨ ਦਾ ਮੁੱਢ ਭਾਰਤ ਵਿਚੋਂ ਹੀ ਹੋਇਆ । ਹਿੰਦੂ ਧਰਮ ਵਿਚ ਗਾਇਤਰੀ ਦਾ ਮੰਤਰ ਬਾਰ ਬਾਰ ਪੜ੍ਹਨ ਨੂੰ ਬੜਾ ਪੁੰਨ ਸਮਝਿਆ ਜਾਂਦਾ ਹੈ ਅਤੇ ਜਾਪ ਦੇ ਨਾਲ ਨਾਲ ਮਾਲਾ ਵੀ ਫੇਰੀ ਜਾਂਦੀ ਹੈ। ਉਹਨਾਂ ਦਾ ਖਿਆਲ ਹੈ ਕਿ ਗਾਇਤਰੀ ਵੇਦਾਂ ਵਿਚ ਸਭ ਤੋਂ ਪਵਿਤਰ ਮੰਤਰ ਹੈ। ਇਹ ਤਿੰਨ ਵੇਦਾਂ ਨੂੰ ਰਿੜਕ ਕੇ ਕਢਿਆ ਗਿਆ ਹੈ । ਮਨੂੰ ਦੇ ਦਿਤੇ ਪ੍ਰਮਾਣ ਅਨੁਸਾਰ ਜਨੇਊ ਪਾਉਣ ਵਾਲੇ ਦਵਿੱਜਾ ਹਿੰਦੂ ਤੋਂ ਬਿਨਾਂ ਹੋਰ ਕੋਈ ਗਾਇਤਰੀ ਦਾ ਮੰਤਰ ਨਹੀਂ ਪੜ੍ਹ ਸਕਦਾ। ਹਿੰਦੂਆਂ ਦੀ ਜੜ੍ਹ ਮਾਲਾ ਦੇ ੧੦੪ ਮਣਕੇ ਹੁੰਦੇ ਹਨ। ਹਾਲਾਂ ਕਿ ਵਿਸ਼ਨੂੰ ਤੇ ਸ਼ਿਵਜੀ ਦੇ ਚੇਲਿਆਂ ਦੀ ਮਾਲਾ ਦੇ ਮਣਕਿਆਂ ਦੀ ਗਿਣਤੀ ਵਖੋ ਵਖ ਹੈ । ਵਿਸ਼ਨੂੰ ਦੇ ਚੇਲੇ ੧੦੪ ਮਣਕਿਆਂ ਦੀ ਮਾਲਾ ਰਖਦੇ ਹਨ ਅਤੇ ਮਣਕੇ ਤੁਲਸੀ ਦੇ ਹੁੰਦੇ ਹਨ । ਜਿਵੇਂ ਕਈ ਵਿਸ਼ਨੂੰ ਨੂੰ ਸੰਸਾਰ ਵਿਚ ਸਰਬ ਵਿਆਪਕ ਮੰਨਦੇ ਹਨ। ਏਸੇ ਤਰ੍ਹਾਂ ਹੀ ਤੁਲਸੀ ਦੇ ਬੂਟੇ ਦੀ ਪਵਿਤਰਤਾ ਨੂੰ ਵੀ ਸੰਸਾਰ ਦੀ ਸਾਰੀ ਬਨਸਪਤੀ ਤੋਂ ਵੀ ਸਰੇਸ਼ਟ ਤੇ ਉਤਮ ਸਮਝਦੇ ਹਨ ।

ਸ਼ਿਵਜੀ ਦੇ ਚੇਲੇ ਦੀ ਮਾਲਾ ਦੇ ਮਣਕੇ ਰੁਦਰਕਸ਼ ਦੀ ਬੇਰਾਂ ਦੇ ਬਣੇ ਹੁੰਦੇ ਹਨ । ਰੁਦਰਕਸ਼ ਦੇ ਬੇਰ ਉਤੋਂ ਬੜੇ ਖਰਵੇ ਕੰਢਿਆਂ ਵਾਲਾ ਹੁੰਦਾ ਹੈ ਅਤੇ ਇਸ ਦੇ 5 ਲਕੀਰਾਂ ਹੁੰਦੀਆਂ ਹਨ ਜਿਸ ਤੋਂ ਉਹ ਸ਼ਿਵਜੀ ਦੇ 5 ਮੂੰਹ ਮੰਨਦੇ ਹਨ। ਇਹਨਾਂ ਦੀ ਮਾਲਾ ਦੇ ਮਣਕੇ 32 ਜਾਂ 64 ਹੁੰਦੇ ਹਨ ਅਤੇ ਇਹ ਆਪਣੇ ਇਸ਼ਟ ਦੇਵ ਦਾ ਨਾਂ ਜਾਂ ਪ੍ਰਾਰਥਨਾ ਨੂੰ ੫, ੧੦, ੨੪ ਜਾਂ ੧੦੮ ਵੇਰੀ ਜਪਣ ਨੂੰ ਬੜਾ ਪੁੰਨ ਸਮਝਦੇ ਹਨ। ਗਾਇਤਰੀ ਦੇ ਜਾਪ ਤੋਂ ਛੁਟ ਹਿੰਦੂ ਲੋਕ ਆਪਣੇ ਪ੍ਰਮੁਖ ਦੇਵੀ ਦੇਵਤਿਆਂ ਦੇ ਨਾਂ ਦਾ ਜਾਪ ਵੀ ਕਰਦੇ ਹਨ। ਆਮ ਹਿੰਦੂ ਮਾਲਾ ਫੇਰਨ ਦੇ ਨਾਲ ੨ ਹੀ ਕੁਝ ਸਮਾਂ ਰਾਮ ੨ ਦੀ ਰੱਟ ਵੀ ਲਾਂਦੇ ਹਨ ਤੇ ਫੇਰ ਰਾਮ ਦੀ ਤੀਵੀਂ ਸੀਤਾ ਦਾ ਨਾਂ ਲੈ ਕੇ ਸੀਤਾ ਰਾਮ, ਸੀਤਾ ਰਾਮ ਆਦਿ ਕਹੀ ਤੁਰੇ ਜਾਂਦੇ ਹਨ। ਹਿੰਦੂ ਸ਼ਾਸਤਰਾਂ ਅਤੇ ਪੁਰਾਣਾਂ ਵਿਚ ਵਿਸ਼ਨੂੰ ਦੇ ੧੦੦੦ ਅੱਡ ੨ ਨਾਂ ਮਿਲਦੇ ਹਨ ਜਿਨ੍ਹਾਂ ਵਿਚੋਂ ਹਾਥੀ, ਘੋੜਾ, ਗਰਧਬ, ਖੋਤਾ ਵੀ ਨਾਵਾਂ ਵਿਚ ਸ਼ਾਮਲ ਹਨ। ਕਿਸੇ ਖ਼ਾਸ



Digitized by Panjab Digital Library | www.panjabdigilib.org

ਤੀਰਥ, ਇਸ਼ਨਾਨ. ਪਵਿਤਰ ਸਰੋਵਰ, ਪਵਿਤਰ ਮੰਨੇ ਗਏ ਨਦੀ ਨਾਲੇ ਜਾਂ ਦਰਿਆ, ਕਿਸੇ ਇਕਾਂਤ ਥਾਂ ਅਤੇ ਖ਼ਾਸ ਕਰਕੇ ਚਲਦੇ ਪਾਣੀ ਦੇ ਕੰਢੇ ਬਹਿ ਕੇ ਨਾਮ ਜਪਣ ਤੇ ਮਾਲਾ, ਫੇਰਨ ਦਾ ਖ਼ਾਸ ਪੁੰਨ ਮੰਨਿਆ ਗਿਆ ਹੈ । ਹਿੰਦੂਆਂ ਦਾ ਇਹ ਵਿਸ਼ਵਾਸ ਵੀ ਹੈ ਕਿ ਜੇ ਕੋਈ ਬ੍ਰਾਹਮਣ ਗਾਇਤਰੀ ਦਾ ਜਾਪ ੩੦੦੦ ਵਾਰੀ ਕਰੇ ਤਾਂ ਉਸ ਦੇ ਪਾਪ ਨਵਿਰਤ ਹੋ ਜਾਂਦੇ ਤੇ ਬਖਸ਼ੇ ਜਾਂਦੇ ਹਨ । ਹਿੰਦੂਆਂ ਦਾ ਇਹ ਵੀ ਵਿਸ਼ਵਾਸ ਹੈ ਕਿ ਰਾਕਸ਼ ਹਮੇਸ਼ਾਂ ਮਨੁੱਖ ਤੋਂ ਉਸ ਦੀ ਬੰਦਗੀ ਤੇ ਸ਼ੁਭ ਗੁਣਾਂ ਨੂੰ ਖੋਹਣ ਜਾਂ ਚੁਰਾਣ ਦੇ ਯਤਨ ਵਿਚ ਰਹਿੰਦੇ ਹਨ । ਇਸ ਲਈ ਉਹ ਇਕ ਲ਼ਾਲ ਰੰਗ ਦੀ ਥੈਲੀ ਵਿਚ ਜੋ ਆਮ ਤੌਰ ਤੇ ਗਊ ਮੁਖੀ ਹੁੰਦੀ ਹੈ, ਮਾਲਾ ਵਾਲੇ ਹੱਥ ਨੂੰ ਛੁਪਾ ਕੇ ਮਾਲਾ ਫੇਰਦੇ ਹਨ ਤਾਂ ਕਿ ਇਸ ਦੇ ਦਿਖਾਵੇ ਨਾਲ ਭਗਤੀ ਦਾ ਨੁਕਸਾਨ ਨਾ ਹੋ ਜਾਵੇ ਅਤੇ ਰਾਕਸ਼ ਬੰਦਗੀ ਦਾ ਫ਼ਲ ਖੋਹ ਜਾਂ ਚੁਰਾ ਨਾ ਲੈਣ ।

ਮੁਸਲਮਾਨ ਆਪਣੀ ਮਾਲਾ ਨੂੰ ਤਸਬੀਹ ਕਹਿੰਦੇ ਹਨ । ਉਹਨਾਂ ਦੀ ਮਾਲਾ ਦੇ ਮਣਕੇ ੧੦੦ ਹੁੰਦੇ ਹਨ, ਜੋ ਜਾਂ ਤਾਂ ਖਜੂਰ ਦੀਆਂ ਗਿਟਕਾਂ ਦੇ ਹੁੰਦੇ ਹਨ ਜਾਂ ਕਰਬਲਾ ਦੀ ਮਿਟੀ ਦੇ ਹੁੰਦੇ ਹਨ । ਕਰਬਲਾ ਉਹ ਥਾਂ ਹੈ ਜਿਥੇ ਹਜ਼ਰਤ ਮੁਹੰਮਦ ਦੇ ਚਾਚੇ ਦੇ ਪੁੱਤਰ, ਭਰਾ ਤੇ ਨਾਲੇ ਜਵਾਈ ਦੇ ਪੁੱਤਰ ਸ਼ਹੀਦ ਹੋਏ ਸਨ । ਹਰ ਦਸ ਮਣਕਿਆਂ ਤੋਂ ਬਾਦ ਧਾਗੇ ਨਾਲ ਕੁਝ ਵਿਥ ਰਖੀ ਜਾਂਦੀ ਹੈ । ਤਸਬੀਹ ਦੇ ਫੁੱਮਣ ਨੂੰ ਸ਼ਮਸ ਕਹਿੰਦੇ ਹਨ । ਕੁਰਾਨ ਮਜੀਦ ਵਿਚ ਰੱਬ ਦੇ ੯੯ ਨਾਂ ਹਨ ਅਤੇ ਸੌਂਵਾਂ ਨਾਂ ਅੱਲਾ ਹੈ । ਮੁਸਲਮਾਨ ਅੱਲਾ ਦਾ ਨਾਂ ਸਭ ਤੋਂ ਪਵਿਤਰ ਮੰਨਦੇ ਹਨ ਅਤੇ ਇਸ ਨੂੰ ਇਸਮੇ ਅਜ਼ੀਮ (ਵੱਡਾ ਨਾਂ) ਆਖਦੇ ਹਨ । ਮੋਮਨ ਤਸਬੀਹ ਫੇਰਦਾ ਹੋਇਆਂ ਰੱਬ ਦੇ ਨਾਵਾਂ ਚੋਂ ਕਿਸੇ ਨਾਂ ਦਾ ਜਾਪ ਕਰਦਾ ਹੈ । ਇਸਲਾਮ ਵਿਚ ਵੀ ਤਸਬੀ ਫੇਰਨ ਨੂੰ ਬੜਾ ਸਵਾਬ ਸਮਝਿਆ ਜਾਂਦਾ ਹੈ ਅਤੇ ਤਸਬੀਹ ਬੜੇ ਸਤਿਕਾਰ ਯੋਗ ਪੀਰਾਂ, ਫਕੀਰਾਂ, ਵਲੀਆਂ ਆਬਿਦਾਂ (ਇਬਾਦਤ) ਤੇ ਪੈਗੰਬਰਾਂ ਦਾ ਚਿੰਨ੍ਹ ਸਮਝਿਆ ਜਾਂਦਾ ਹੈ । ਬੁੱਧ ਧਰਮ ਵਿਚ ਵੀ ਮਾਲਾ ਫੇਰ ਕੇ ਹੀ ਨਾਮ ਜਪਣਾ ਪ੍ਰਚਲਤ ਹੈ । ਹਿੰਦੂਆਂ ਵਾਂਗੂ ਬੋਧੀਆਂ ਦੇ ਮਾਲਾ ਦੇ ਮਣਕੇ ਵੀ ੧੦੮ ਹੀ ਹੁੰਦੇ ਹਨ । ਇਹਨਾਂ ਕੋਲ ਕਿਸੇ ਧਾਤ ਦਾ ਇਕ ਪ੍ਰਾਰਥਨਾ ਚਕਰ ਹੁੰਦਾ ਹੈ ਜਿਸ ਨੂੰ ਉਹ ਸੂਰਜ ਦੇ ਘੁੰਮਣ ਦੀ ਦਿਸ਼ਾ ਵਿਚ ਹਥ ਨਾਲ ਘੁੰਮਾਉਂਦੇ ਹਨ । ਉਸਨੂੰ 'ਪਰੇਅਰ ਵੀਲ' ਕਹਿੰਦੇ ਹਨ । ਉਹ ਆਵਾ ਗੌਣ ਤੋਂ ਬਚਨ ਲਈ ੮੪ ਵਾਰ ਚਕਰ ਘੁੰਮਾਉਂਦੇ ਹਨ । ਬੋਧੀਆਂ ਦਾ ਵਿਸ਼ਵਾਸ ਤਾਂ ਇਥੋਂ ਤਕ ਚਲਾ ਗਿਆ ਹੈ ਕਿ ਲਦਾਖ ਵਿਚ ਬੋਧੀਆਂ ਦੇ ਮੱਠ ਵਿਚ ਉਹਨਾਂ ਜੰਤਰਕ (ਮਕੈਨੀਕਲ) ਬਹੁਤ ਵੱਡੇ ਹਲਟ ਤੇ ਚੜ੍ਹਾ ਕੇ ਮਾਲਾ ਖਣਾਈ ਹੋਈ ਹੈ, ਜਿਸ ਨੂੰ ਬੋਧੀ ਸਾਧ ਸੰਤ ਚਲਾ ਕੇ ਕਿਤੇ ਬਾਹਰ ਕੰਮ ਜਾਂਦੇ ਹਨ ਅਤੇ ਉਹ ਮਾਲਾ ਹਲਟ ਵਾਂਗੂ ਫਿਰਦੀ ਰਹਿੰਦੀ ਹੈ । ਜਿਸ ਬਾਰੇ ਉਹਨਾਂ ਦਾ ਵਿਸ਼ਵਾਸ ਹੈ ਕਿ ਸਾਡਾ ਚਉਰਾਸੀ ਦਾ ਗੇੜਾ ਕਟਿਆ ਜਾ ਰਿਹਾ ਹੈ । ਹਿੰਦੂ ਧਰਮ ਰਾਹੀਂ ਮਾਲਾ ਫੇਰਨ ਦਾ ਰਿਵਾਜ ਸਿਖ ਧਰਮ ਵਿਚ ਵੀ



Digitized by Panjab Digital Library | www.panjabdigilib.org

ਪ੍ਰਵੇਸ਼ ਕਰ ਗਿਆ ਹੈ। ਹਾਲਾਂਕਿ ਸਿਖ ਧਰਮ ਰੱਬ ਦੀ ਭਗਤੀ ਜਾਂ ਆਪਣੇ ਉਚੇਰੇ ਗੁਣਾਂ ਦੀ ਗਿਣਤੀ ਕਰਕੇ ਜਾਂ ਕਹਵਾ ਕੇ ਰੱਬ ਤੋਂ ਬਖਸ਼ਸ਼ ਪ੍ਰਾਪਤ ਕਰਨ ਨੂੰ ਕੋਈ ਖਾਸ ਥਾਂ ਨਹੀਂ ਦੇਂਦਾ ਜਿਵੇਂ ਕਿ ਬਾਣੀ ਵਿਚ ਲਿਖਿਆ ਹੈ :—

"ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸ ਲੈ ਨਾਨਕ ਪਾਰ ਉਤਾਰ ।"

ਸਿਖ ਧਰਮ ਵਿਚ ਰੱਬ ਦੀ ਮਿਹਰ ਦੀ ਓਟ ਹੀ ਰੱਖੀ ਜਾਂਦੀ ਹੈ :—

"ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ, ਤੇਤੇ ਅਉਗੁਣ ਹਮਾਰੈ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ, ਡੁਬਦੇ ਪੱਥਰ ਤਾਰੈ ॥"

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :—

"ਮੈਂ ਨਿਰਗੁਣਆਰੇ ਕੋ ਗੁਣੁ ਨਾਹੀਂ ਆਪੇ ਤਰਸੁ ਪਇਓਈ"

ਮੈਂ ਆਪਣੀ ਤੁੱਛ ਬੁੱਧੀ ਨਾਲ ਇਕ ਪੰਜਾਬੀ ਦੀ ਗਜ਼ਲ ਵਿਚ ਕਿਹਾ ਹੈ :—

"ਬਖ਼ਸ਼ੀਂ, ਬਖ਼ਸ਼ੀਂ, ਬਖ਼ਸ਼ੀਂ, ਖਖ਼ਸ਼ੀਂ, ਬਖ਼ਸ਼ੀਂ, ਬਖ਼ਸ਼ਿਸ਼ ਤੇਰੀ ।
ਬਖ਼ਸ਼ਿਸ਼ ਤੇਰੀ, ਗਿਣਤੀ ਮਿਣਤੀ ਤੋਂ ਗੱਲ ਬਹੁਤ ਵਡੇਰੀ ॥"

ਗੁਰੂ ਨਾਨਕ ਸਾਹਿਬ ਫ਼ਰਮਾਂਦੇ ਨੇ :—

"ਜਿਨ ਕਉ ਨਦਰਿ ਕਰਮੁ ਤਿਨਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥"

ਸਿਖਾਂ ਵਿਚ ਆਮ ਮਾਲਾ ੧੦੮ ਮਣਕੇ ਦੀ ਹੁੰਦੀ ਹੈ ਪਰ ਕਿਸੇ ਖਾਸ ਗਿਣਤੀ ਦਾ ਕੋਈ ਬਨ੍ਹੇਜ ਨਹੀਂ ! ਮਾਲਾ ਉੱਨ, ਕਪੜੇ, ਲਕੜੀ, ਸ਼ੀਸ਼ੇ, ਮਸਾਲੇ ਅਤੇ ਸਰਬਲੋਹ ਕਿਸੇ ਦੀ ਵੀ ਹੋ ਜਕਦੀ ਹੈ। ਸਿਮਰਨਾ ਇਕ ਲੋਹੇ ਦੀ ਮੁਟੇਰੀ ਤਾਰ ਦਾ ਕੜਾ ਹੁੰਦਾ ਹੈ, ਜਿਸ ਵਿਚ ਲੋਹੇ ਦੇ ਮਣਕੇ ਪਰੋਏ ਹੋਏ ਹੁੰਦੇ ਹਨ ਪਰ ਨਾਮਧਾਰੀਆਂ ਦਾ ਸਿਮਰਨਾ ਆਮ ਕਰਕੇ ਉੱਨ ਦਾ ਹੀ ਹੁੰਦਾ ਹੈ। ਮਾਲਾ ਜਿਥੇ ਭਗਤ ਹੋਣ ਤੇ ਨਾਮ ਦੇ ਜਾਪ ਦਾ ਚਿੰਨ੍ਹ ਹੈ, ਉਥੇ ਵਿਖਾਲਾ ਵੀ ਹੈ, ਕਈ ਲੋਕਾਂ ਨੂੰ ਅਸੀਂ ਵੇਖਦੇ ਹਾਂ ਕਿ ਸਾਡੇ ਜਾਂ ਕਿਸੇ ਹੋਰ ਨਾਲ ਗੱਲਾਂ ਵੀ ਕਰਦੇ ਹੋਏ ਮਾਲਾ ਫੇਰਦੇ ਹਨ । ਵਖਾਲੇ ਦੀ ਮਾਲਾ ਫੇਰਣ ਵਾਲਿਆਂ ਬਾਰੇ ਬਾਣੀ ਵਿਚ ਆਉਂਦਾ ਹੈ :—

"ਗਲੀਂ ਜਿਨ੍ਹਾ ਜਪਮਾਲੀਆਂ ਲੋਟੇ ਹਥ ਨਿਬਗ ।
ਓਇ ਹਰਿ ਕੈ ਸੰਤ ਨ ਅਖੀਅਹਿ ਬਾਨਾਰਸਿ ਕੇ ਠਗ ।"

ਸਾਰੀ ਗੱਲ ਦਾ ਨਿਚੋੜ ਇਹ ਹੈ ਕਿ ਭਾਵੇਂ ਸਿਖਾਂ ਵਿਚ ਵੀ ਮਾਲਾ ਫੇਰਨ ਦੀ ਰੁਚੀ ਹੈ, ਪਰ ਫਿਰ ਵੀ ਧਾਰਮਿਕ ਰਹੁਰੀਤ, ਵਿਸ਼ਵਾਸ ਤੇ ਨਿਯਮਾਂ ਅਨੁਸਾਰ ਮਾਲਾ ਫੇਰਨ ਦੀ ਗਿਣਤੀ ਬਾਰੇ ਕੁਝ ਨਹੀਂ ਕਿਹਾ ਗਿਆ। ਆਮ ਮਾਲਾ ਫੇਰਨ ਵਾਲਿਆਂ ਬਾਰੇ ਭਾਈ ਦਇਆ ਸਿੰਘ ਸਾਧੂ ਨੇ ਆਪਣੇ ਪੰਜਾਬੀ ਦੇ ਹਰਮਨ ਪਿਆਰੇ ਕਾਵਿ ਗਰੰਥ, 'ਜ਼ਿੰਦਗੀ ਬਿਲਾਸ' ਵਿਚ ਲਿਖਿਆ ਹੈ :—


Digitized by Panjab Digital Library | www.panjabdigilib.org

"ਦਾਇਆ ਸਿੰਘ ਅਠੋਤਰੀ ਪਕੜ ਮਾਲਾ, ਰੁੱਸੇ ਰੱਬ ਨੂੰ ਫੇਰ ਮਨਾਉਣ ਲਗਾ।"

ਗੱਲ ਦਾ ਸਾਰ ਇਹ ਹੈ ਕਿ ਸਿਖ ਧਰਮ ਬੰਦਗੀ ਦੇ ਉਤਲੇ ਵਿਖਾਲੇ ਨੂੰ ਚੰਗਾ ਨਹੀਂ ਸਮਝਦਾ ਤੇ ਕਹਿੰਦਾ ਹੈ :—

"ਜਿਨ ਪਟ ਅੰਦਰ ਬਾਹਿਰ ਗੁਦੜ ਤੇ ਭਲੇ ਸੰਸਾਰ।
ਨੇਹ ਲਗਾ ਰੱਬ ਸੇਤੀ ਵੇਖਣਹਿ ਵੀਚਾਰ ॥"

ਸੌ ਹੱਥ ਰਸਾ ਸਿਰੇ ਤੇ ਗੰਢ—ਸਿਖ ਧਰਮ ਵਿਚ ਭੋਲੇ ਭਾ, ਸਹਿਜ ਸੁਭਾ ਅਤੇ ਸਾਧਾਰਨ ਜੀਵਨ ਦਾ ਮਨੁੱਖ ਜੋ ਕਿਸੇ ਤਰ੍ਹਾਂ ਦੀ ਕਿਸੇ ਗੱਲ ਵਿਚ ਵੀ ਸੱਚੀ ਕ੍ਰਿਤ ਕਰਦਾ ਹੈ, ਲੋੜਵੰਦਾਂ ਵਿਚ ਵੰਡ ਕੇ ਖਾਂਦਾ ਹੈ ਅਤੇ ਕਿਸੇ ਤਰ੍ਹਾਂ ਵੀ ਸਚੇ ਦਿਲੋਂ ਨਾਮ ਜਪਦਾ ਹੈ ਲੋਕ ਤੇ ਪ੍ਰਲੋਕ ਦੋਹੀਂ ਥਾਂਈ ਪ੍ਰਵਾਨ ਹੈ।

## ਕੀਰਤਨ

ਕੀਰਤਨ ਸ਼ਬਦ ਦਾ ਸੰਬੰਧ ਕੀਰਤੀ ਸ਼ਬਦ ਨਾਲ ਹੈ। ਇਸ ਨੂੰ ਕੀਰਤੀ ਜਾਂ ਕੀਰਤ ਵੀ ਕਹਿੰਦੇ ਹਨ ਜਿਸ ਦਾ ਅਰਥ ਹੈ ਉਪਮਾ, ਸੋਭਾ ਜਸੁ, ਹਮਦ, ਸਨਾ ਅਤੇ ਅੰਗਰੇਜ਼ੀ ਵਿਚ ਇਸ ਨੂੰ 'ਪਰੇਜ਼' ਕਹਿੰਦੇ ਹਨ। ਗੁਰਮਤਿ ਅਨੁਸਾਰ ਗੁਰਬਾਣੀ ਨੂੰ ਰਾਗ-ਸਹਿਤ ਜਾਂ ਸੰਗੀਤ ਬੱਧ ਕਰਕੇ ਜਦੋਂ ਗਾਇਆ ਜਾਂਦਾ ਹੈ ਤਾਂ ਉਸ ਗਾਇਨ ਨੂੰ ਕੀਰਤਨ ਕਿਹਾ ਜਾਂਦਾ ਹੈ।

ਹਿੰਦੁਸਤਾਨ ਪ੍ਰਾਚੀਨ ਸਮੇਂ ਤੋਂ ਹੀ ਸੰਗੀਤ ਦਾ ਬਹੁਤ ਵੱਡਾ ਸੋਮਾਂ ਅਤੇ ਕੇਂਦਰ ਰਿਹਾ ਹੈ ਅਤੇ ਸੰਸਾਰ ਦੇ ਕਈ ਹੋਰ ਦੇਸ਼ ਭਾਰਤ ਦੇ ਏਸ ਸਭਿਆਚਾਰਕ ਗੁਣ ਤੇ ਬੜਾ ਰਸ਼ਕ ਕਰਦੇ ਹਨ।

ਯੂਰਪ ਦੇ ਹੋਰ ਦੀਪਾਂ ਦੇ ਟਪਰੀ ਵਾਸਾਂ ਦਾ ਇਤਿਹਾਸਕ ਮੁੱਢ ਅਜੇ ਤਕ ਤਕਰੀਬਨ ਸਮਝਿਆ ਹੀ ਨਹੀਂ ਗਿਆ ਪਰ ਫਿਰ ਵੀ ਯੂਰਪ ਦੇ ਦੇਸ਼ਾਂ ਤੇ ਪੱਛਮੀ ਏਸ਼ੀਆ ਦੇ ਮੁਸਲਮਾਨ ਦੇਸ਼ਾਂ ਦੇ ਲੋਕ ਸੰਗੀਤ ਕਲਾ ਦੇ ਸ਼ੌਕੀਨ ਜਿਪਸੀ ਲੋਕਾਂ ਨੂੰ ਪੰਜਾਬ ਤੇ ਰਾਜਸਥਾਨ ਦੇ ਵਾਸੀਆਂ ਦੀ ਔਲਾਦ ਸਮਝਦੇ ਹਨ ਜਿਨ੍ਹਾਂ ਨੂੰ ਫ਼ਾਰਸ ਦਾ ਬਾਦਸ਼ਾਹ ਬਹਿਰਾਮ ਗੋਹਰ ਆਪਣੇ ਹਮਲੇ ਸਮੇਂ ਇਥੋਂ ਉਨ੍ਹਾਂ ਦੀ ਸੰਗੀਤ ਕਲਾ ਨੂੰ ਮਾਣਨ ਲਈ ਆਪਣੇ ਨਾਲ ਲੈ ਗਿਆ ਸੀ। ਯੂਰਪ ਦੇ ਪੱਛਮੀ ਸੰਗੀਤ ਦੇ ਇਤਿਹਾਸ ਵਿਚ ਵੀ ਤੇ ਜਿਪਸੀ ਸੰਗੀਤਕਾਰਾਂ ਵਿਚ ਵੀ ਕਈ ਜਿਪਸੀ ਸੰਗੀਤਕਾਰਾਂ ਦੇ ਨਾਂ ਪ੍ਰਸਿਧ ਹਨ। ਭਾਰਤ ਉਹ ਦੇਸ਼ ਹੈ ਜਿਸ ਨੇ ਤਾਨਸੈਨ ਤੇ ਬੈਜੂ ਬਾਵਰਾ ਵਰਗੇ ਸੰਗੀਤਕਾਰ ਪੈਦਾ ਕੀਤੇ। ਮਨੁੱਖੀ ਗਿਆਨ ਤੇ ਜੀਵਨ ਵਿਚ ਹੁਣ ਤਕ ਪੰਜ ਕੋਮਲ ਹੁਨਰਾਂ ਜਾਂ ਫ਼ੰਨਾਂ ਨੇ ਵਿਸ਼ੇਸ਼ ਵਿਕਾਸ ਕੀਤਾ ਹੈ :—

(੧) ਨ੍ਰਿਤਕਾਰੀ, (੨) ਚਿਤਰਕਾਰੀ, (੩) ਬੁਤਘਾੜੀ, (੪) ਕਵਿਤਾ ਅਤੇ (੫) ਸੰਗੀਤ।

ਇਨ੍ਹਾਂ ਨੂੰ ਹੀ ਕੋਮਲ ਹੁਨਰ ਕਹਿੰਦੇ ਹਨ। ਸੰਗੀਤ ਦਾ ਪ੍ਰਚਲਤ ਨਾਂ ਰਾਗ ਹੈ। ਬਹੁਤ ਸਾਰੇ ਵਿਦਵਾਨ ਰਾਗ ਦਾ ਅਰਥ ਪ੍ਰੇਮ ਪਿਆਰ ਜਾਂ ਵੈਰਾਗ ਦਸਦੇ ਹਨ। ਭਾਵੇਂ ਰਾਗ ਪ੍ਰਾਚੀਨ ਸਮੇਂ ਤੋਂ ਹੀ ਹਿੰਦੁਸਤਾਨ ਵਿਚ ਸੀ ਫਿਰ ਵੀ ਗੁਰੂ ਨਾਨਕ ਸਾਹਿਬ



Digitized by Panjab Digital Library | www.panjabdigilib.org

ਜੀ ਦੇ ਸਮੇਂ ਇਸ ਦੀ ਵਰਤੋਂ, ਭਾਵਨਾ ਤੇ ਅਸਥਾਨ ਬਹੁਤ ਨੀਵੀਂ ਪੱਧਰ ਤੇ ਆ ਚੁਕੇ ਸਨ। ਇਸਲਾਮ ਅਨੁਸਾਰ, ਮਸੀਤ ਵਿਚ ਰਾਗ ਵਿਵਰਜਿਤ ਹੈ ਇਸ ਲਈ ਉਸ ਸਮੇਂ ਸੰਗੀਤ ਕਲਾ ਕੇਵਲ ਨਾਚੀਆਂ ਜਾਂ ਕੰਜਰੀਆਂ ਜਾਂ ਵਿਸ਼ੇਸ਼ ਮੰਦਰਾਂ ਦੀਆਂ ਦੇਵ ਦਾਸੀਆਂ ਦੇ ਹੱਥ ਸੀ। ਮੁਸਲਮਾਨਾਂ ਦੇ ਮੇਦਿਆਂ, ਮਕਬਰਿਆਂ ਤੇ ਹੁਜਰਿਆਂ ਆਦਿ ਤੇ ਕੰਜਰੀਆਂ ਦੇ ਮੁਜਰੇ ਹੁੰਦੇ ਸਨ, ਜਿਥੇ ਉਹ ਨੀਵੇਂ ਪੱਧਰ ਦੇ ਗਾਣੇ ਗਾ ਕੇ ਅਤੇ ਨਾਚ ਕਰਕੇ ਸਰੋਤਿਆਂ ਤੇ ਦਰਸ਼ਕਾਂ ਨੂੰ ਰਿਝਾ ਪੈਸੇ ਕੱਠੇ ਕਰਦੀਆਂ ਸਨ। ਦੇਵ ਵਾਸੀਆਂ ਦੀ ਧਾਰਮਿਕ ਰਸਮ ਬੜੀ ਸ਼ਰਮ ਦਾ ਕਾਰਨ ਹੈ। ਕਈ ਹਿੰਦੂ ਸ਼ਰਧਾਲੂ ਦੇਵਤਿਆਂ ਦੇ ਨਾਤੇ ਉਨ੍ਹਾਂ ਦੇ ਸੰਬੰਧਤ ਮੰਦਰਾਂ ਨੂੰ ਆਪਣੀਆਂ ਜਵਾਨ ਤੇ ਖ਼ੂਬਸੂਰਤ ਧੀਆਂ ਭੈਣਾਂ ਭੇਟ ਚੜ੍ਹਾ ਦਿੰਦੇ ਸਨ, ਜੋ ਆਪਣੇ ਆਪ ਨੂੰ ਉਸ ਦੇਵੀ ਦੇਵਤੇ ਦੀਆਂ ਦਾਸੀਆਂ ਸਮਝਦੀਆਂ ਸਨ ਅਤੇ ਮੂਰਤੀ ਦੇ ਸਾਹਮਣੇ ਹਾਰ ਸ਼ਿੰਗਾਰ ਲਾ ਕੇ ਦੇਵਤਿਆਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਨਚਦੀਆਂ ਤੇ ਗਾਉਂਦੀਆਂ ਸਨ। ਇਹ ਦੇਵ ਦਾਸੀਆਂ ਕੁਕਰਮਾਂ ਤੇ ਬਦਕਾਰੀ ਦਾ ਸ਼ਿਕਾਰ ਹੁੰਦੀਆਂ ਸਨ, ਜਿਸ ਦੇ ਜ਼ਿੰਮੇਵਾਰ ਮੰਦਰਾਂ ਦੇ ਪੁਜਾਰੀ ਹੁੰਦੇ ਸਨ। ਭਾਰਤ ਵਿਚ ਹੋ ਗੁਜਰੀ ਅੰਗਰੇਜ਼ੀ ਸਰਕਾਰ ਨੇ ਦੇਵ ਵਾਸੀਆਂ ਦੀ ਰਸਮ ਨੂੰ ਰੋਕਣ ਦਾ ਯਤਨ ਕੀਤਾ। ਐਪਰ ਉਹਨਾਂ ਦੀ ਅਸਲੀਅਤ ਲੋਕਾਂ ਨੂੰ ਈਸਾਈ ਬਣਾਨਾ ਸੀ ਪਰ ਉਹ ਸਿੱਧਾ ਧਾਰਮਕ ਮਾਮਲਿਆਂ ਵਿਚ ਖੁਲ੍ਹਾ ਦਖ਼ਲ ਨਹੀਂ ਸਨ ਦੇਣਾ ਚਾਹੁੰਦੇ ਜਿਸ ਕਰਕੇ ਇਹ ਰਸਮ ਬੰਦ ਨਾ ਹੋਈ। ਭਾਰਤ ਦੇ ਆਜ਼ਾਦ ਹੋਣ ਤੇ ਸਾਡੀ ਆਜ਼ਾਦ ਸਰਕਾਰ ਨੇ ਦੇਵ ਦਾਸੀਆਂ ਦੀ ਰਸਮ ਨੂੰ ਕਾਨੂੰਨ ਬੰਦ ਕਰ ਦਿਤਾ ਹੈ ਪਰ ਫਿਰ ਵੀ ਦਖਣੀ ਭਾਰਤ ਦੇ ਕਈ ਮੰਦਰਾਂ ਵਿਚ ਅਜੇ ਵੀ ਦੇਵ ਦਾਸੀਆਂ ਹਨ।

ਜਿਵੇਂ ਉਪਰ ਦਸਿਆ ਜਾ ਚੁੱਕਾ ਹੈ ਕਿ ਸੰਗੀਤ ਕਲਾ ਦੀ ਮੰਦਰਾਂ ਵਿਚ ਦੁਰਦਸ਼ਾ ਸੀ ਤਾਂ ਦੂਜੇ ਪਾਸੇ ਗਾਉਣ ਵਜਾਉਣ ਨੂੰ ਆਮ ਲੋਕ ਕੰਜਰਾਂ ਜਾਂ ਮਿਰਾਸੀਆਂ ਦਾ ਪੇਸ਼ਾ ਹੀ ਸਮਝਦੇ ਸਨ! ਜਾਣਕਾਰੀ ਲਈ ਦਸਿਆ ਜਾਂਦਾ ਹੈ ਕਿ ਬੁਲ੍ਹੇ ਸ਼ਾਹ ਤੇ ਸਯਦ ਵਾਰਸ਼ ਸ਼ਾਹ ਗੁਰ ਭਾਈ ਸਨ। ਉਹਨਾਂ ਦਾ ਮੁਰਸ਼ਦ ਕਸੂਰ ਵਾਸੀ ਸ਼ਾਹ ਇਨਇਤ ਸੀ। ਸਯਦ ਵਾਰਸ਼ ਸ਼ਾਹ ਨੇ ਹੀਰ ਰਾਂਝੇ ਦਾ ਕਿਸਾ ਲਿਖ ਕੇ ਪੰਜਾਬੀ ਕਵਿਤਾ ਵਿਚ ਸਦੀਵੀ ਰਹਿਣਾ ਤੇ ਕਿੱਸਾਕਾਰੀ ਵਿਚ ਵਡਾ ਮਾਨ ਪ੍ਰਾਪਤ ਕੀਤਾ। ਬੁਲ੍ਹੇ ਸ਼ਾਹ ਨੇ ਕਾਫ਼ੀਆਂ ਲਿਖੀਆਂ ਤੇ ਰੱਬੀ ਵੈਰਾਗ ਵਿਚ ਆ ਕੇ, ਮਿਰਾਸੀਆਂ ਦੇ ਨਾਲ ਰਲ ਕੇ ਕਾਫ਼ੀਆਂ ਗਾਉਣ ਲਗਾ। ਜਦੋਂ ਸਯਦ ਅਨਾਇਤ ਸ਼ਾਹ ਨੂੰ ਆਪਣੇ ਸ਼ਾਗਿਰਦਾਂ ਦੀਆਂ ਕਾਫ਼ੀਆਂ ਤੇ ਕਵਿਤਾ ਦਾ ਪਤਾ ਲਗਾ ਤਾਂ ਉਹ ਨਾਰਾਜ਼ ਹੋਇਆ ਤੇ ਦੋਹਾਂ ਨਾਲ ਵਰਤਣਾ ਤੇ ਬੋਲਣਾ ਛੱਡ ਦਿਤਾ। ਉਸ ਨੇ ਬੁਲ੍ਹੇਸ਼ਾਹ ਨੂੰ ਤਾਂ ਕਿਹਾ ਕਿ ਤੂੰ ਮੇਰਾ ਸ਼ਾਗਿਰਦ ਹੈਂ ਕਿ ਕੰਜਰ ? ਮਿਰਾਸੀਆਂ ਨਾਲ ਜਾ ਰਲਿਆ ਹੈਂ। ਵਾਰਸ਼ ਸ਼ਾਹ ਨੂੰ ਕਿੱਸਾ ਲਿਖਣ ਦੇ ਦੋਸ਼ ਵਿਚ ਭੂੰਡਾਂ ਵਾਲੇ ਕਮਰੇ ਵਿਚ ਬੰਦ ਕਰ ਦਿਤਾ ਅਤੇ ਉਸ ਨੂੰ ਬੜਾ ਦੁੱਖ ਦਿਤਾ। ਪਰ ਜਦ ਉਸ ਨੇ ਵਾਰਸ਼ ਸ਼ਾਹ ਤੋਂ ਗਵਾ ਕੇ ਹੀਰ ਸੁਣੀ ਤਾਂ ਪ੍ਰਸੰਨ ਹੋਇਆ ਤੇ ਕਹਿਣ ਲਗਾ ਕਿ ਤੂੰ ਲਾਲਾਂ ਵਰਗੇ ਖ਼ਿਆਲ ਮੂੰਝ ਦੀ ਰੱਸੀ ਵਿਚ ਪਰੋ ਦਿਤੇ ਹਨ। ਫਿਰ ਉਸ ਨੇ ਵਾਰਸ਼ ਸ਼ਾਹ ਨੂੰ



Digitized by Panjab Digital Library | www.panjabdigilib.org

ਅਸ਼ੀਰਵਾਦ ਦਿੱਤੀ ਤੇ ਕਿਹਾ ਕਿ "ਹੇ ਵਾਰਸਾ ਅਜ ਤੋਂ ਤੂੰ ਪੰਜਾਬੀ ਸ਼ਾਇਰੀ ਦਾ ਵਾਰਸ਼ (ਮਾਲਕ) ਹੋਇਆ। ਇਸੇ ਤਰ੍ਹਾਂ ਉਸ ਨੇ ਬੁਲ੍ਹੇ ਸ਼ਾਹ ਨੂੰ ਬਖ਼ਸ਼ ਦਿਤਾ ਪਰ ਨਰਾਜ਼ਗੀ ਦਾ ਵਡਾ ਕਾਰਨ ਤਾਂ ਸੰਗੀਤ ਨਾਲ ਪਿਆਰ ਕਰਨਾ ਹੀ ਸੀ।

ਇਹ ਇਕ ਘਟਨਾ ਤਾਂ ਕੇਵਲ ਇਸ ਲਈ ਦਸੀ ਗਈ ਹੈ ਕਿ ਉਸ ਸਮੇਂ ਤੇ ਉਸ ਤੋਂ ਵੀ ਦੋ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਵੀ ਸੰਗੀਤ ਕਲਾ ਇੰਨੀ ਨੀਵੀਂ ਪੱਧਰ ਤੇ ਸੀ ਕਿ ਇਸ ਦੀ ਕੁਰਾਹੀ ਵਰਤੋਂ ਦੇ ਕਾਰਨ ਇਸਦਾ ਸਤਕਾਰ ਨਹੀਂ ਸੀ ਕੀਤਾ ਜਾਂਦਾ ਹਾਲਾਂਕਿ ਸੰਗੀਤ ਉਹ ਪਵਿਤਰ ਘਾਲਣਾ ਭਰੀ ਇਕਗਰ ਤੇ ਵੈਰਾਗ ਮਈ ਕੋਮਲ ਕਲਾ ਹੈ ਜਿਸ ਰਾਹੀਂ ਮਨੁੱਖ ਆਪਣੇ ਪ੍ਰਮਾਤਮਾ ਦੇ ਨੇੜੇ ਸਹਿਜ ਸੁਭਾ ਤੇ ਅਨੰਦ ਵਿਚ ਪੁੱਜ ਸਕਦਾ ਹੈ। ਸੰਗੀਤ ਜਿਹੇ ਸ਼ੁਭ ਗੁਣ ਦਾ ਅਪਮਾਨ ਤੇ ਕੁਵਰਤੋਂ ਵੇਖ ਕੇ ਗੁਰੂ ਨਾਨਕ ਸਾਹਿਬ ਜੀ ਸਹਾਰ ਨਾ ਸਕੇ ਅਤੇ ਉਹ ਆਪਣੇ ਸਮੇਂ ਦੇ ਪਹਿਲੇ ਮੋਢੀ ਵਿਚਾਰਵਾਨ ਸਨ ਜਿਨ੍ਹਾਂ ਨੇ ਸੰਗੀਤ ਕਲਾ ਨੂੰ ਭੈੜੀ ਵਰਤੋਂ ਤੇ ਨੀਵੀਂ ਭਾਵਨਾ ਤੋਂ ਛੁਡਾ ਦੇ ਰੱਬ ਦੇ ਵਿਹੜੇ ਵਿਚ ਲਿਆਂਦਾ। ਅਸੀਂ ਇਹ ਕਹਿ ਸਕਦੇ ਹਾਂ ਕਿ ਕੀਰਤਨ ਦਾ ਜਨਮ ਸਿਖ ਧਰਮ ਦੇ ਨਾਲ ਹੀ ਹੋਇਆ। ਗੁਰੂ ਨਾਨਕ ਸਾਹਿਬ ਨੇ ਆਪਣੇ ਰੱਬੀ ਸ਼ਬਦ ਤੇ ਸੰਗੀਤ ਕਲਾ ਦੇ ਸੁਮੇਲ ਵਿਚੋਂ ਕੀਰਤਨ ਨੂੰ ਜਨਮ ਦੇਣ ਲਈ ਆਪਣੀ ਬਾਣੀ ਦੀ ਰਚਨਾ ਰਾਗਾਂ ਵਿਚ ਕੀਤੀ। ਜਦ ਉਹ ਪਹਿਲੀ ਉਦਾਸੀ ਤੇ ਹੀ ਗਏ ਸਨ ਤਾਂ ਆਪਣੇ ਪਿਆਰੇ ਤੇ ਬਚਪਨ ਦੇ ਬਣੇ ਦੋਸਤ, ਭਾਈ ਮਰਦਾਨੇ ਨੂੰ ਜੋ ਕਿ ਉਹਨਾਂ ਦੇ ਆਪਣੇ ਪਿੰਡ ਤਲਵੰਡੀ ਦਾ ਰਹਿਣ ਵਾਲਾ ਚੋਂਭੜ ਜ਼ਾਤ ਦਾ ਮਿਰਾਸੀ ਸੀ, ਆਪਣੇ ਨਾਲ ਲਿਆ ਅਤੇ ਉਸ ਨੂੰ ਰਬਾਬ ਦੇ ਕੇ ਆਪਣੇ ਨਾਲ ਹੀ ਕੀਰਤਨ ਕਰਾਇਆ। ਗੁਰੂ ਨਾਨਕ ਦੇਵ ਜੀ ਦੀ ਮਰਦਾਨੇ ਨੂੰ ਦਿਤੀ ਰਬਾਬ ਦੀ ਇੰਨੀ ਮਹੱਤਤਾ ਹੋਈ ਕਿ ਮਰਦਾਨਾ ਜੀ ਦੇ ਬਾਦ ਹੁਣ ਤਕ ਮਰਦਾਨੇ ਦੀ ਔਲਾਦ ਤੇ ਹੋਰ ਮਿਰਾਸੀਆਂ ਨੂੰ ਜੋ ਗੁਰਬਾਣੀ ਦਾ ਕੀਰਤਨ ਕਰਦੇ ਹਨ, ਰਬਾਬੀ ਹੀ ਕਿਹਾ ਜਾਂਦਾ ਹੈ।

ਸਾਦਿਕ ਅਲੀ ਖਾਂ ਨੇ ਤਾਂ ਆਪਣੀ ਕਿਤਾਬ "ਸਰਮਾਇਆ ਏ ਇਸ਼ਕ" ਵਿਚ ਇਥੋਂ ਤਕ ਕਿਹਾ ਹੈ ਕਿ ਰਬਾਬ ਦੀ ਕਾਢ ਵੀ ਗੁਰੂ ਨਾਨਕ ਦੇ ਹਥੋਂ ਹੀ ਹੋਈ ਹੈ।

ਜੇ ਇਸ ਗੱਲ ਨੂੰ ਮੰਨ ਲਿਆ ਜਾਵੇ ਤਾਂ ਅਸੀਂ ਅਨੁਮਾਨ ਲਾ ਸਕਦੇ ਹਾਂ ਕਿ ਗੁਰੂ ਸਾਹਿਬ ਨੂੰ ਸੰਗੀਤ ਕਲਾ ਦੀ ਕਿੰਨੀ ਕੁ ਸਮਝ ਤੇ ਪਿਆਰ ਸੀ। ਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਦੀ ਨੀਂਹ ਦੇ ਨਾਲ ਹੀ ਕੀਰਤਨ ਦੀ ਨੀਂਹ ਰਖੀ ਅਤੇ ਜਿਥੇ ਗਏ ਮਰਦਾਨੇ ਦੀ ਰਬਾਬ ਵਜਾ ਕੇ ਮਿੱਠੀਆਂ ੨ ਸੁਰਾ ਨਾਲ ਕੀਰਤਨ ਕੀਤਾ। ਆਸਾ ਦੀ ਵਾਰ ਦਾ ਰਾਗ ਵਿਚ ਅੰਮ੍ਰਿਤ ਵੇਲੇ ਕੀਰਤਨ ਕਰਨ ਦਾ ਮੁੱਢ, ਉਨ੍ਹਾਂ ਹੀ ਬੰਨ੍ਹਿਆ। ਗੁਰੂ ਨਾਨਕ ਦੇਵ ਜੀ ਰੱਬ ਦੀ ਉਸਰਤੀ ਨੂੰ ਸੰਗੀਤ ਰਾਹੀਂ ਪ੍ਰਗਟ ਕਰਨ ਬਾਰੇ ਜਪੁਜੀ ਸਾਹਿਬ ਵਿਚ ਵੀ ਕਹਿੰਦੇ ਹਨ :—

"ਗਾਵੈ ਕੋ ਗੁਣ ਵਡਿਆਈਆ ਚਾਰ ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ।"



Digitized by Panjab Digital Library | www.panjabdigilib.org

ਫਿਰ ਕਹਿੰਦੇ ਹਨ :—

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰ ਹਰਿ ਸੁਖੁ ਘਰਿ ਲੈ ਜਾਇ ॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭੀ ਕੀਰਤਨ ਦੀ ਪਰੰਪਰਾ ਕਾਇਮ ਰਖੀ ਤੇ ਉਹਨਾਂ ਦੇ ਦਰਬਾਰ ਵਿਚ ਸਾਧੂ ਤੇ ਬਾਧੂ ਕੀਰਤਨ ਕਰਿਆ ਕਰਦੇ ਸਨ। ਗੁਰੂ ਅਮਰ ਦਾਸ ਜੀ ਨੇ ਵੀ ਸਿਖ ਸੰਗਤਾਂ ਵਿਚ ਕੀਰਤਨ ਦੀ ਦਾਤ ਨੂੰ ਹੋਰ ਵਧਾਇਆ ਤੇ ਕਈ ਲੋਕਾਂ ਦਾ ਖ਼ਿਆਲ ਹੈ ਕਿ ਸਰੰਦਾ ਜੋ ਕਿ ਸੰਗੀਤ ਦਾ ਇਕ ਬੜਾ ਸੁਰੀਲਾ ਸਾਜ਼ ਹੈ, ਗੁਰੂ ਅਮਰ ਦਾਸ ਜੀ ਨੇ ਹੀ ਬਣਾਇਆ ਸੀ ਹਾਲਾਂ ਕਿ ਕਈਆਂ ਦਾ ਖ਼ਿਆਲ ਹੈ ਕਿ ਇਹ ਸਾਜ਼ ਗੁਰੂ ਅਰਜਨ ਦੇਵ ਜੀ ਦੀ ਕਾਢ ਹੈ। ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਵੀ ਕੀਰਤਨ ਹੁੰਦਾ ਸੀ ਅਤੇ ਇਕ ਦਿਨ ਬੜੀ ਦਿਲਚਸਪ ਤੇ ਇਤਿਹਾਸਕ ਘਟਨਾ ਵਾਪਰੀ। ਕਹਿੰਦੇ ਹਨ ਕਿ ਇਕ ਦਿਨ ਅੰਮ੍ਰਿਤ ਵੇਲੇ ਕੀਰਤਨ ਹੋ ਰਿਹਾ ਸੀ ਅਤੇ ਸੰਗਤ ਆਨੰਦ ਮਾਣ ਰਹੀ ਸੀ ਕਿ ਇਕ ਜੋਗੀ ਦੀਵਾਨ ਵਿਚ ਆ ਗਿਆ। ਉਹ ਸੰਗਤ ਨੂੰ ਅਨੰਦ ਵਿਚ ਦੇਖ ਕੇ ਪ੍ਰਸੰਨ ਤਾਂ ਹੋਇਆ ਪਰ ਆਪਣੇ ਧਾਰਮਿਕ ਵਿਸ਼ਵਾਸ ਵਿਚ ਆ ਗਿਆ ਤੇ ਰੱਬ ਨੂੰ ਮਿਲਣ ਦੇ ਸਾਧਨ ਨਾਲ ਸੰਤੁਸ਼ਟ ਨਾ ਹੋਇਆ ਤਾਂ ਗੁਰੂ ਸਾਹਿਬ ਨੂੰ ਕਿਹਾ ਕਿ ਰੱਬ ਨਾਲ ਸੰਜੋਗ ਪ੍ਰਾਪਤ ਕਰਨ ਲਈ ਆਪਣੇ ਸਿਖਾਂ ਕੋਲੋਂ ਜੋਗ ਅਭਿਆਸ ਕਿਉਂ ਨਹੀਂ ਕਰਵਾਉਂਦੇ ਤਾਂ ਕਿ ਸਰੀਰ ਦੀਆਂ ਸਾਰੀਆਂ ਇੰਦਰੀਆਂ ਇਕਾਗਰ ਤੇ ਇਕ ਚਿਤ ਹੋ ਜਾਣ। ਗੁਰੂ ਸਾਹਿਬ ਨੇ ਜੋਗੀ ਨੂੰ ਕਿਹਾ ਕਿ ਰੱਬ ਨਾਲ ਇੱਕ ਮਿੱਕ ਹੋਣ ਲਈ ਸਰੀਰ ਨੂੰ ਕਸ਼ਟਾਂ ਵਿਚ ਪਾਉਣ ਦੀ ਕੋਈ ਲੋੜ ਨਹੀਂ ਕਿਉਂਕਿ ਆਤਮਾ ਪ੍ਰਮਾਤਮਾ ਨਾਲ ਜੋੜਨ ਲਈ ਕੀਰਤਨ ਤੋਂ ਵੱਧ ਕੋਈ ਸਾਧਨ ਨਹੀਂ ਹੈ। ਉਹਨਾਂ ਨੇ ਦਸਿਆ ਕਿ ਭਾਈ ਜੋਗੀ, ਸੰਗਤ ਵਿਚ ਬੈਠੀ ਸੰਗਤ ਨੇਤਰਾਂ ਰਾਹੀਂ ਇਕਾਗਰ ਹੈ ਅਤੇ ਸਾਧ ਸੰਗਤ ਤੇ ਗੁਰੂ ਦੇ ਦਰਸ਼ਨ ਕਰ ਰਹੇ ਹਨ ਅਤੇ ਕੰਨਾਂ ਰਾਹੀਂ ਕੀਰਤਨ ਤੇ ਸੰਗੀਤ ਕਲਾ ਦਾ ਆਨੰਦ ਮਾਣ ਰਹੀ ਹੈ ਅਤੇ ਮਨ ਰਾਹੀਂ ਸ਼ਬਦ ਵਿਚ ਲੀਨ ਹੈ। ਫਿਰ ਉਹਨਾਂ ਉਚਾਰਿਆ ਹੈ ਕਿ ਹੇ ਜੋਗੀ, ਜੋ ਤੂੰ ਹੱਥਾਂ ਨਾਂਲ ਤਾਰ ਦਾ ਸਾਜ਼ ਵਜਾਉਂਦਾ ਹੈ, ਇਸ ਤੋਂ ਕਿਤੇ ਵੱਧ ਮਨ ਨੂੰ ਇਕਾਗਰ ਕਰਕੇ ਹਰੀ ਦਾ ਜਸ ਗਾ ਕੇ ਕੀਰਤਨ ਕਰਨਾ ਹੈ ਅਤੇ ਫੁਰਮਾਇਆ :—

"ਹਥਿ ਕਰਿ ਤੰਤ ਵਾਜਾਇ ਜੋਗੀ ਥੋਥੀ ਵਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲੋਂ ਜੋਗੀ ਮਨੂਆ ਹਰਿ ਰੰਗ ਭੇਨ।"

ਇਸ ਦੇ ਬਾਦ ਗੁਰੂ ਰਾਮਦਾਸ ਜੀ ਦੇ ਸਾਹਿਬਜ਼ਾਦੇ ਗੁਰੂ ਅਰਜਨ ਦੇਵ ਜੀ ਦਾ ਸਮਾਂ ਆਇਆ ਜਿਨ੍ਹਾਂ ਨੂੰ ਬਚਪਨ ਵਿਚ ਹੀ ਉਹਨਾਂ ਦੇ ਨਾਨਾ ਜੀ ਨੇ "ਦੋਹਤਾ ਬਾਣੀ ਕਾ ਬੋਹਿਥਾ" ਹੋਣ ਦਾ ਵਰ ਦਿਤਾ ਸੀ ! ਗੁਰੂ ਅਰਜਨ ਦੇਵ ਜੀ ਆਪਣੇ ਸਮੇਂ ਦੇ ਬੜੇ ਵਿਦਵਾਨ ਤੇ ਬ੍ਰਹਮ ਗਿਆਨੀ ਸਨ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਬਹੁਤ ਵਡਾ ਭਾਗ ਉਹਣਾਂ ਦੀ ਬਾਣੀ ਦਾ ਹੀ ਹੈ। ਉਹਨਾਂ ਨੇ ਕੀਰਤਨ ਨੂੰ ਏਨਾ ਪਿਆਰ ਕੀਤਾ ਕਿ ਉਹ ਖ਼ੁਦ ਸਰੰਦਾ ਵਜਾ ਕੇ ਕੀਰਤਨ ਕਰਦੇ ਸਨ। ਕਥਾ ਵੀ ਕਰਦੇ ਸਨ ਅਤੇ ਸਿਖ ਸੰਗਤਾਂ ਦੇ



Digitized by Panjab Digital Library | www.panjabdigilib.org

ਕਈ ਹੋਰ ਅਭਿਲਾਖੀਆਂ ਨੂੰ ਗੁਰਬਾਣੀ ਤੇ ਬ੍ਰਹਮ ਗਿਆਨ ਦੇ ਸੁਆਲਾਂ ਦਾ ਜੁਆਬ ਵੀ ਦਿੰਦੇ ਸਨ। ਉਹਨਾਂ ਦਾ ਮਨ ਕੀਰਤਨ ਵਿਚ ਏਨਾ ਰੰਗਿਆ ਸੀ ਕਿ ਉਹਣਾਂ ਨੇ ਵਾਹਿਗੁਰੂ ਨੂੰ ਸੰਬੋਧਨ ਕਰਕੇ ਕਿਹਾ :—

"ਤੇਰੋ ਸੇਵਕ ਇਹੋ ਰੰਗ ਮਾਤਾ ॥
ਭਇਓ ਕ੍ਰਿਪਾਲ ਦੀਨ ਦੁਖ ਭੰਜਮ ਹਰਿ ਹਰਿ ਕੀਰਤਨੁ ਇਹ ਮਨ ਰਾਤਾ ॥"

ਫਿਰ ਲਿਖਦੇ ਹਨ :—

"ਕੀਰਤਨ ਮੇਰੇ ਰਸਨਾ ਅਨਿਕਵਾਰ ਕਰ ਬੰਧਨ ਸੰਤਨੁ
ਊਹਾਂ ਚਹਨ ਗੋਬਿੰਦ ਜੀ ਕੈ ਬਸਨਾ ॥"

ਉਹਨਾਂ ਦੇ ਦਰਬਾਰ ਵਿਚ ਸਤਾ ਤੇ ਬਲਵੰਡ ਕੀਰਤਨ ਕਰਦੇ ਸਨ। ਸੰਗਤਾਂ ਦੀ ਉਹਨਾਂ ਲਈ ਬੜੀ ਸ਼ਰਧਾ ਸੀ। ਪਰ ਉਹ ਕਿਸੇ ਕਾਰਨ ਗੁਰੂ ਜੀ ਨਾਲ ਰੁੱਸ ਗਏ ਤੇ ਕੁਝ ਕੁਬੋਲ ਵੀ ਬੋਲੇ ਅਤੇ ਕਿਹਾ, "ਗੁਰੂ ਨੂੰ ਕੌਣ ਜਾਣਦਾ ਹੈ ? ਸਾਡੇ ਸਦਕਾ ਹੀ ਗੁਰੂ ਦਾ ਆਦਰ ਮਾਣ ਤੇ ਸਤਕਾਰ ਹੈ, ਹੁਣ ਵੇਖਿਓ ਗੁਰੂ ਜੀ ਦੀ ਰੌਣਕ ਕਿਵੇਂ ਘਟਦੀ ਹੈ।" ਜਦ ਗੁਰੂ ਜੀ ਨੂੰ ਪਤਾ ਲਗਾ ਤਾਂ ਫਿਰ ਵੀ ਉਹਨਾਂ ਨਿੰਮਰਤਾ ਨਾਲ ਸਤੇ ਤੇ ਬਲਵੰਡ ਨੂੰ ਕੀਰਤਨ ਕਰਨ ਲਈ ਕਿਹਾ, ਪਰ ਉਹ ਅੜ ਗਏ ਤੇ ਨਾ ਆਏ। ਗੁਰੂ ਜੀ ਨੇ ਸਿਖਾਂ ਨੂੰ ਕਿਹਾ ਕਿ ਹੇ ਭਾਈ ਸਿਖੋ ਤੁਸੀਂ ਆਪ ਹੀ ਗੁਰਬਾਣੀ ਦਾ ਕੀਰਤਨ ਕਰਿਆ ਕਰੋ ਕਿਉਂਕਿ ਕੀਰਤਨ ਸਿਖ ਦੀ ਆਤਮਾ ਦੀ ਖੁਰਾਕ ਹੈ। ਉਸ ਸਮੇਂ ਤੋਂ ਸਿਖ ਆਪ ਕੀਰਤਨ ਕਰਨ ਲਗੇ। ਇਸ ਤਰ੍ਹਾਂ ਕੀਰਤਨ ਸਿਧਾ ਸਿਖ ਸੰਗਤਾਂ ਦੀ ਝੋਲੀ ਵਿਚ ਆ ਪਿਆ।

ਸਿਖ ਧਰਮ ਵਿਚ ਕੀਰਤਨੀਏ ਦਾ ਬੜਾ ਸਨਮਾਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲਿਖਾਰੀ ਬੜੇ ਵਡੇ ਵਿਦਵਾਨ ਜੋ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਭਾਈ ਗੁਰਦਾਸ ਜੀ ਸਨ, ਨੇ ਲਿਖਿਆ ਹੈ :—

"ਕੁਰਬਾਨੀ ਤਿਨਾ ਗੁਰਸਿਖਾਂ, ਗੁਰਬਾਣੀ ਨਿਤ ਗਾਇ ਸੁਣੰਦੇ ॥"

ਇਤਿਹਾਸ ਸਾਖੀ ਹੈ ਕਿ ਸਤੇ ਬਲਵੰਡ ਦੇ ਹੰਕਾਰ ਕਰਨ ਤੇ ਉਹਨਾਂ ਨੂੰ ਕੋਹੜ ਪੈ ਗਿਆ ਅਤੇ ਗ਼ਰੀਬੀ ਨੇ ਵੀ ਅਤਿਅੰਤ ਦੁਖੀ ਕੀਤਾ ਅਤੇ ਫ਼ਾਕੇ ਕਟਣ ਲਗੇ। ਪਰ ਉਹ ਕਿਹੜਾ ਮੂੰਹ ਲੈ ਕੇ ਦਰਬਾਰ ਵਿਚ ਆਉਂਦੇ ਜਿਨ੍ਹਾਂ ਨੇ ਸਿਖ ਸੰਗਤਾਂ ਤੇ ਗੁਰੂ ਸਾਹਿਬ ਦੀ ਕੋਈ ਪਰਵਾਹ ਨਹੀਂ ਸੀ ਕੀਤੀ। ਗੁਰੂ ਸਾਹਿਬ ਵੀ ਉਹਨਾਂ ਦੇ ਵਤੀਰੇ ਤੇ ਦੁਖੀ ਸਨ ਅਤੇ ਉਹਨਾਂ ਕਿਹਾ ਕਿ ਇਹਨਾਂ ਨੂੰ ਹੁਣ ਗੁਰੂ ਦਰਬਾਰ ਵੜਨ ਨਹੀਂ ਦਿਤਾ ਜਾਵੇਗਾ ਅਤੇ ਜੋ ਇਹਨਾਂ ਦੀ ਸਿਫ਼ਾਰਸ਼ ਕਰੇਗਾ ਉਸ ਨੂੰ ਖੋਤੇ ਤੇ ਚੜ੍ਹਾ ਕੇ ਮੂੰਹ ਕਾਲਾ ਕਰਕੇ ਅਤੇ ਗਲ ਛਿਤਰਾਂ ਦਾ ਹਾਰ ਪਾ ਕੇ ਇਹਨਾਂ ਦੀ ਭੁਲ ਬਖਸ਼ਾਉਣੀ ਪਵੇਗੀ। ਸਤੇ ਤੇ ਬਲਵੰਡ ਨੇ ਕਈ ਗੁਰਸਿਖਾਂ ਨੂੰ ਬੇਨਤੀ ਕੀਤੀ ਕਿ ਉਹਨਾਂ ਦੀ ਭੁਲ ਬਖਸ਼ਾਈ ਜਾਵੇ ਪਰ



Digitized by Panjab Digital Library | www.panjabdigilib.org

ਸ਼ਰਤ ਦੀ ਕਰੜਾਈ ਸੁਣ ਕੇ ਕੋਈ ਵੀ ਉਹਨਾਂ ਨੂੰ ਨਾਲ ਲੈ ਕੇ ਗੁਰੂ ਘਰ ਵਿਚ ਜਾਣ ਦਾ ਹੀਆ ਨਹੀਂ ਸੀ ਕਰਦਾ । ਆਖ਼ਿਰ ਉਹ ਪਰਉਪਕਾਰ ਦੇ ਪੁਤਲੇ ਭਾਈ ਲਧਾ ਜੀ ਕੋਲ ਲਾਹੌਰ ਬੜੇ ਦੁਖੀ ਤੇ ਭੁਖੇ ਸਰੀਰ ਨਾਲ ਪੁਜੇ । ਭਾਈ ਸਾਹਿਬ ਜੀ ਨੂੰ ਤਰਸ ਆ ਗਿਆ ਅਤੇ ਉਹ ਉਹਨਾਂ ਨੂੰ ਨਾਲ ਲੈ ਕੇ ਪਰਉਪਕਾਰ ਕਰਨ ਲਈ ਅੰਮ੍ਰਿਤਸਰ ਆਏ ਅਤੇ ਲਾਹੌਰੀ ਗੇਟ ਤੋਂ ਗੁਰੂ ਜੀ ਦੀ ਆਗਿਆ ਮੂਜਬ ਖੋਤੇ ਤੇ ਚੜ੍ਹ ਕੇ ਮਗਰ ਮੁੰਡੇ ਲਾ ਲਏ । ਜਦ ਗੁਰੂ ਜੀ ਨੂੰ ਇਸ ਦਾ ਪਤਾ ਲਗਾ ਤਾਂ ਉਹਨਾਂ ਭਾਈ ਲੱਧਾ ਜੀ ਦੀ ਬੜੀ ਪਰਸੰਸਾ ਕੀਤੀ ਅਤੇ ਅਤੇ ਸਤੇ ਅਤੇ ਬਲਵੰਡ ਨੂੰ ਬਖਸ਼ ਦਿਤਾ । ਫੇਰ ਉਹ ਜਿਉਂ-ਜਿਉਂ ਕੀਰਤਨ ਕਰਨ ਲਗੇ ਤਾਂ ਉਹਨਾਂ ਦੇ ਕੋਹੜੀ ਸਰੀਰ ਗੁਰਬਾਣੀ ਦੇ ਕੀਰਤਨ ਦੀ ਕੁਠਾਲੀ ਵਿਚ ਪੈ ਕੇ ਕੁੰਦਨ ਬਣ ਗਏ । ਇਹ ਇਤਿਹਾਸਕ ਘਟਨਾ ਦਸਦੀ ਹੈ ਕਿ ਠੀਕ ਹੀ ਕੀਰਤਨ ਕਰਨ ਵਾਲਿਆਂ ਤੋਂ ਗੁਰਸਿਖ ਸਭ ਕੁਝ ਕੁਰਬਾਨ ਕਰ ਦਿੰਦੇ ਹਨ ਜਿਵੇਂ ਭਾਈ ਗੁਰਦਾਸ ਜੀ ਨੇ ਉਪਰ ਕਿਹਾ ਹੈ ।

ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਬਾਝੂ ਮੁਕੰਦ ਤੇ ਕੇਦਾਰਾ ਨੇ ਸਵਾਲ ਕੀਤਾ ਕਿ ਮਹਾਰਾਜ ਜਦ ਪਾਠ ਹੀ ਕਰ ਲਈਦਾ ਹੈ ਤਾਂ ਕਥਾ ਕੀਰਤਨ ਦੀ ਕੀ ਲੋੜ ਹੈ ਜਾਂ ਕਥਾ ਕੀਰਤਨ ਦੀ ਮਹੱਤਤਾ ਪਾਠ ਤੋਂ ਵਧ ਹੈ ? ਗੁਰੂ ਜੀ ਨੇ ਦਸਿਆ ਕਿ ਪਾਠ ਪਾਠੀ ਆਪਣੇ ਲਈ ਕਰਦਾ ਹੈ ਅਤੇ ਇਹ ਉਸੇ ਤਰ੍ਹਾਂ ਹੀ ਹੈ ਜਿਵੇਂ ਕਿਸੇ ਕਿਸਾਨ ਦਾ ਖੂਹ ਉਸ ਦੀ ਪੈਲੀ ਹੀ ਸਿੰਜਦਾ ਹੈ ਪਰ ਮੀਂਹ ਸਭ ਥਾਵਾਂ ਤੇ ਪੈਂਦਾ ਹੈ । ਸੋ ਭਾਈ ਕੀਰਤਨ ਮੀਂਹ ਦੀ ਨਿਆਈ ਹੈ ਜਿਸ ਦੇ ਪਿਆਂ ਸਭ ਪਾਸੇ ਆਲੇ ਦੁਆਲੇ ਤੇ ਸਾਰੇ ਦੇਸ਼ ਦੀ ਖਲਕਤ ਨੂੰ ਲਾਭ ਪਹੁੰਚਦਾ ਹੈ । ਕਥਾ ਨਿੱਕਾ ੨ ਟਿਕਵਾਂ ਮੀਂਹ ਹੈ, ਇਸ ਲਈ ਧਰਤੀ ਨੂੰ ਵਾਹਿਆ ਹੋਣਾ ਜ਼ਰੂਰੀ ਹੈ ਤਾਂ ਕਿ ਜਿਉਂ ੨ ਕਣੀਆਂ ਪੈਣ ਧਰਤੀ ਨਾਲ ਦੀ ਨਾਲ ਜਜ਼ਬ ਕਰੀ ਜਾਵੇ । ਕਥਾ ਵਿਚੋਂ ਪੂਰਾ ਅਨੰਦ ਲੈਣ ਲਈ ਮਨ ਦੀ ਧਰਤੀ ਗੁਰਬਾਣੀ ਦੀ ਸਮਝ ਨਾਲ ਤਿਆਰ ਹੋਈ ਹੋਣੀ ਚਾਹੀਦੀ ਹੈ ।

ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਵਿਚ ਰੋਜ਼ਾਨਾ ਕੀਰਤਨ ਦੀਆਂ ਚੌਂਹ ਚੌਕੀਆਂ ਦੀ ਪਰੰਪਰਾ ਬਣਾਈ, ਜੋ ਅਜ ਤਕ ਕਾਇਮ ਹੈ ।

੧. ਅੰਮਰਤ ਵੇਲੇ ਆਸਾ ਦੀ ਵਾਰ ਦੀ ਚੌਂਕੀ ਆਸਾ ਰਾਗ ਵਿਚ ਗਾਈ ਜਾਂਦੀ ਹੈ ।

੨. ਦਿਨ ਦੇ ਡੇਢ ਪਹਿਰ ਬਾਦ ਚਰਨ ਕਮਲ ਦੀ ਚੌਂਕੀ ਜੋ ਕਿ ਰਾਗ ਬਿਲਾਵਲ ਵਿਚ ਗਾਈ ਜਾਂਦੀ ਹੈ ।

੩. ਸ਼ਾਮ ਨੂੰ ਸੋਦਰ ਦੀ ਚੌਂਕੀ ਪਹਿਰ ਰਾਤ ਗਈ ਤਕ ।

੪. ਕਲਿਆਣ ਦੀ ਚੌਂਕੀ ਜੋ ਰਾਗ ਕਲਿਆਣ ਵਿਚ ਗਾਈ ਜਾਂਦੀ ਹੈ, ਇਸ ਦੇ ਨਾਲ ਰਾਗ ਕਾਨੜਾ ਦੇ ਸ਼ਬਦ ਵੀ ਗਾਏ ਜਾਂਦੇ ਹਨ । ਇਹਨਾਂ ਚੌਂਕੀਆਂ ਤੋਂ ਛੁੱਟ ਅੱਜ ਤਕ ਵੀ ਸ਼ਾਮ ਸਵੇਰੇ ਕੁਝ ਸੰਗਤਾਂ ਆਪਣੇ ਰਵਾਇਤੀ ਤਰੀਕੇ ਨਾਲ ਸ਼ਬਦ ਪੜ੍ਹਦੀਆਂ ਜਾਂ ਕੀਰਤਨ ਕਰਦਿਆਂ ਪ੍ਰਕਰਮਾ ਕਰਦੀਆਂ ਹਨ ।



Digitized by Panjab Digital Library | www.panjabdigilib.org

ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਵਿਚ ਵੀ ਕੀਰਤਨ ਇਸੇ ਤਰ੍ਹਾਂ ਹੁੰਦਾ ਰਿਹਾ। ਉਹਨਾਂ ਨੇ ਕੀਰਤਨ ਦੇ ਨਾਲ ਇਤਿਹਾਸਕ ਸੂਰਬੀਰਾਂ ਦੀਆਂ ਸਾਖੀਆਂ ਤੇ ਢਾਢੀਆਂ ਦੇ ਸੁਣਨ ਦਾ ਰਿਵਾਜ ਵੀ ਪਾਇਆ। ਕਈ ਖੋਜੀਆਂ ਦਾ ਵਿਚਾਰ ਹੈ ਕਿ ਗੁਰੂ ਗਰੰਥ ਸਾਹਿਬ ਦੀਆਂ ਕਈ ਵਾਰਾਂ ਦੀਆਂ ਧੁਨੀਆਂ ਤੇ ਸਿਰਲੇਖ ਵੀ ਗੁਰੂ ਗਰੰਥ ਸਾਹਿਬ ਵਿਚ ਉਹਨਾਂ ਨੇ ਹੀ ਦਰਜ ਕੀਤੇ ਸਨ।

ਗੁਰੂ ਹਰਿ ਰਾਏ ਅਤੇ ਗੁਰੂ ਹਰਿ ਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਕੀਰਤਨ ਦੀ ਫੁਲਵਾੜੀ ਨੂੰ ਪ੍ਰਫੁਲਤ ਰਖਿਆਂ। ਗੁਰਬਾਣੀ ਵਿਚ ਪ੍ਰਮਾਤਮਾ ਦੇ ਜਸ ਗਾਉਣ ਜਾਂ ਕੀਰਤਨ ਦੀ ਵਡਿਤਣ ਨੂੰ ਬਹੁਤ ਵਾਰੀ ਪ੍ਰਗਟਾਇਆ। ਕੀਰਤਨ ਸਿੱਖਾਂ ਦੇ ਹਰ ਧਾਰਮਿਕ ਅਵਸਰ ਤੇ ਹੁੰਦਾ ਹੈ ਅਤੇ ਜੰਮਣ ਤੋਂ ਲੈ ਕੇ ਮਰਨ ਤਕ ਸਾਰਿਆਂ ਸਮਾਜਕ ਅਤੇ ਧਾਰਮਕ ਸਮਾਗਮਾਂ ਵਿਚ ਕੀਰਤਨ ਕਰਨ ਵਾਲੇ ਦੀ ਕਾਰ ਨੂੰ ਗੁਰਬਾਣੀ ਏਨਾ ਉਚਾ ਦਸਦੀ ਹੈ :—

"ਹਉ ਢਾਢੀ ਵੇਕਾਰ ਕਾਰੇ ਲਾਇਆ"

ਅਤੇ ਫੇਰ ਆਉਂਦਾ ਹੈ :—

"ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇੰਦੇ।<br>ਤਿਨ੍ਹ ਮੰਗਾਂ ਜਿ ਤੁਝੈ ਧਿਆਇੰਦੇ।"<br>"ਮੰਨੁ ਮੰਦਰੁ ਤਨੁ ਵੇਸ ਕਲੰਦਰੁ" ਵਾਲੇ ਸ਼ਬਦ ਵਿਚ ਕਿਹਾ ਹੈ :—<br>"ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾਂ ਤੇਰੇ<br>ਤੁਝ ਬਿਨੁ ਅਵਰ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ॥"

ਇਸੇ ਤਰ੍ਹਾਂ ਗੁਰਬਾਣੀ ਵਿਚ ਫ਼ਰਮਾਇਆ ਹੈ :—

"ਤੇਰੇ ਗੁਣ ਗਾਵਾ ਦੇਹਿ ਬੁਝਾਈ। ਜੈਸੇ ਸਚ ਮਹਿ ਰਹਉ ਰਜਾਈ॥"

ਗੁਰੂ ਗੋਬਿੰਦ ਸਿੰਘ ਜੀ ਹਰਿ ਦੇ ਗੁਣ ਗਾਉਣ ਨੂੰ ਵਡਾ ਲਾਲਚ ਕਹਿੰਦੇ ਹਨ :—

"ਅਰੁ ਸਿਖਹੋ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋ॥"

ਸਿਖ ਧਰਮ ਵਿਚ ਬੜਾ ਸੁੰਦਰ ਵਰਨਣ ਹੈ ਕਿ ਵਾਹਿਗੁਰੂ ਦੇ ਦਰ ਤੇ ਹਵਾ, ਪੌਣ ਪਾਣੀ, ਦੇਵੀ ਦੇਵਤੇ ਅਤੇ ਬੈਸੰਤਰ ਆਦਿ ਸਾਰੇ ਕੀਰਤਨੀਏ ਹਨ, ਜਿਸ ਨੂੰ ਸੋਦਰ ਦੀ ਪਉੜੀ ਵਿਚ ਅੰਕਿਤ ਕੀਤਾ ਹੈ। ਕਲਿਜੁਗ ਵਿਚ ਕੀਰਤਨ ਨੂੰ ਬੜੀ ਸਰੇਸ਼ਟਤਾ ਦਿਤੀ ਗਈ ਹੈ :—

"ਕਲਿਜੁਗ ਮਹਿ ਕੀਰਤਨ ਪ੍ਰਧਾਨਾ, ਗੁਰਮੁਖ ਜਪੀਐ ਲਾਇ ਧਿਆਨਾ॥"

ਅਨੰਦ ਆਤਮਾ ਦੀ ਸਭ ਤੋਂ ਵਡੀ ਪ੍ਰਾਪਤੀ ਹੈ ਅਤੇ ਆਨੰਦ ਸਾਹਿਬ ਧਰਮ ਦੇ ਹਰੇਕ ਅਵਸਰ ਤੇ ਪੜਿਆ ਗਾਇਆ ਜਾਂਦਾ ਹੈ ਇਸ ਵਿਚ ਵੀ ਲਿਖਿਆ ਹੈ :—



Digitized by Panjab Digital Library | www.panjabdigilib.org

"ਆਨੰਦ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ ॥
ਸਤਿਗੁਰੂ ਤ ਪਾਇਆ ਸਹਜ ਸੇਤੀ ਮਨਿ ਵਜੀਆਂ ਵਾਧਾਈਆਂ॥
ਰਾਗ ਰਤਨ ਪ੍ਵਾਰ ਪਰੀਆਂ ਸ਼ਬਦ ਗਾਂਵਣ ਆਈਆਂ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਆਨੰਦੁ ਹੋਆ ਸਤਿਗੁਰੂ ਮੈ ਪਾਇਆ ॥"

ਸੋਦਰ ਵਿਚ ਬੜੀ ਉਤਸਕਤਾ ਨਾਲ ਹਰੀ ਦੇ ਘਰ ਦੀ ਪੁਛ ਕੀਤੀ ਗਈ ਹੈ ਕਿ ਉਸ ਦਾ ਘਰ ਕਿਥੇ ਹੈ ਜਿਥੇ ਬੈਠ ਕੇ ਉਹ ਸ੍ਰਿਸ਼ਟੀ ਦੀ ਸੰਭਾਲ ਕਰਦਾ ਹੈ ਅਤੇ ਜਿਥੇ ਮਨੁੱਖ, ਦੇਵੀ, ਦੇਵਤੇ ਤੇ ਪ੍ਰਕ੍ਰਿਤਕ ਸ਼ਕਤੀਆਂ ਪ੍ਰਮਾਤਮਾ ਦਾ ਜਸ ਗਾਉਂਦੀਆਂ ਹਨ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਬੜੇ ਪਿਆਰ ਵਿਚ ਕਹਿੰਦੇ ਹਨ :—

"ਸੋ ਅਸਥਾਨ ਬਤਾਵਹੁ ਮੀਤਾ ॥
ਜਾ ਕੇ ਹਰਿ ਹਰਿ ਕੀਰਤਨ ਨੀਤਾ।"

ਕੀਰਤਨ ਜਿਥੇ ਗੁਰਬਾਣੀ ਦੀ ਸੰਗਤ ਵਿਚ ਅਤੇ ਕੀਰਤਨੀਆਂ ਵਿਚ ਜ਼ਬਾਨੀ ਸੰਭਾਲ ਕਰੀ ਬੈਠਾ ਹੈ, ਉਥੇ ਇਹ ਆਤਮਾ ਨੂੰ ਆਨੰਦ ਦਿੰਦਾ ਹੈ। ਸੋਹਜ ਸੁਆਦ ਦੀ ਰੁਚੀ ਨੂੰ ਪ੍ਰਫੁਲਤ ਕਰਦਾ ਹੈ। ਇਸ ਤੋਂ ਛੁਟ ਕੀਰਤਨ ਕਰਨ ਤੇ ਸੁਣਨ ਵਿਚ ਜੁੜੀ ਹੋਈ ਸੰਗਤ ਨੂੰ ਇਕ ਅਦੁਭੁਤ ਏਕਤਾ ਤੇ ਸ਼ਾਂਤੀ ਬਖ਼ਸ਼ਦਾ ਹੈ। ਕਿੱਸਾ ਕੋਤਾਹ, ਕੀਰਤਨ ਸਿਖ ਧਰਮ ਦਾ ਇਕ ਅਤਿਅੰਤ ਜ਼ਰੂਰੀ ਅੰਗ ਹੈ।

## ਸਿਖ ਧਰਮ ਅਤੇ ਇਸ ਦੀਆਂ ਵਿਸ਼ੇਸ਼ਤਾਈਆਂ

ਇਸ ਵਕਤ ਸੰਸਾਰ ਵਿਚ ਮੰਨੇ ਪ੍ਰਮੰਨੇ ਨਿਯਮ ਬੱਧ ਧਾਰਮਿਕ ਪੁਸਤਕਾਂ ਵਾਲੇ, ਵਿਸ਼ੇਸ਼ ਅਨੁਸਾਰੀ ਜਾਂ ਪੈਰੋਕਾਰਾਂ ਵਾਲੇ ਯਾਰਾਂ ਧਰਮ ਹਨ ਜਿਨ੍ਹਾਂ ਦੀ ਵਿਦਵਾਨ ਆਮ ਚਰਚਾ ਕਰਦੇ ਹਨ ਅਤੇ ਵਿਸੇਸ਼ ਅਧਿਐਨ ਵੀ। ਬਹੁਤ ਸਾਰੇ ਵਿਦਵਾਨਾਂ ਦਾ ਖਿਆਲ ਹੈ ਕਿ ਭਾਰਤ ਇਕ ਧਾਰਮਿਕ ਦੇਸ਼ ਹੈ। ਇਹ ਗੱਲ ਹੈ ਵੀ ਸੱਚੀ ਕਿਉਂਕਿ ਸੰਸਾਰ ਦੇ ੧੧ ਵੱਡੇ ਧਰਮਾਂ ਵਿਚੋਂ ਚਾਰ ਧਰਮਾਂ ਦਾ ਜਨਮ ਇਥੇ ਹੋਇਆ ਹੈ। ਉਹ ਇਹ ਹਨ :—

(੧) ਹਿੰਦੂ ਧਰਮ, (੨) ਬੁੱਧ ਧਰਮ, (੩) ਜੈਨ ਧਰਮ, (੪) ਸਿੱਖ ਧਰਮ।

ਵਿਦਰਾਨਾਂ ਨੇ ਸੰਸਾਰ ਦੇ ਧਰਮਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਆਰੀਆ ਧਰਮ, ਜਿਸ ਵਿਚ ਹਿੰਦੂ ਮੱਤ, ਬੁੱਧ ਮੱਤ, ਜੈਨ ਮੱਤ ਅਤੇ ਪਾਰਸੀ ਮੱਤ ਹਨ। ਇਬਰਾਨੀ ਧਰਮ ਵਿਚ ਯਹੂਦੀ ਧਰਮ, ਈਸਾਈ ਧਰਮ ਅਤੇ ਇਸਲਾਮ ਸ਼ਾਮਲ ਹਨ। ਭਾਰਤ ਵਿਚ ਧਰਮ ਦੀ ਚੰਗੀ ਸਥਿਤੀ ਵੇਦਾਂ ਦੇ ਸਮੇਂ ਤੋਂ ਸ਼ੁਰੂ ਹੁੰਦੀ ਹੈ। ਜਿਨ੍ਹਾਂ ਦੇ ਬਾਦ ਉਪਨਿਸ਼ਦ, ਬ੍ਰਾਹਮਣ ਤੇ ਪੁਰਾਣ ਆਦਿ ਸ਼ਾਸਤਰ ਲਿਖੇ ਗਏ। ਵੈਦਿਕ ਧਰਮ ਕੇਵਲ ਗਿਆਨ ਜਾਂ ਫਿਲਾਸਫੀ ਹੀ ਹੈ ਅਤੇ ਭਾਵੇਂ ਵੇਦਾਂ ਬਾਰੇ ਭਾਰਤੀ ਵਿਦਵਾਨਾਂ ਤੋਂ ਛੁੱਟ ਵਿਲਸਨ, ਵਿਲੀਅਮ ਜੋਨਜ਼ ਤੇ ਮੈਕਸਮੂਲਰ ਜਿਹੇ ਸੰਸਾਰ ਪ੍ਰਸਿਧ ਵਿਦਵਾਨਾਂ ਨੇ ਉਮਰਾਂ ਲੰਬੀ ਖੋਜ ਕੀਤੀ ਹੈ ਤਾਂ



Digitized by Panjab Digital Library | www.panjabdigilib.org

ਵੀ ਉਹਨਾਂ ਨੂੰ ਵੇਦਾਂ ਦੀ ਰਚਨਾ ਦੀ ਠੀਕ ੨ ਤਰੀਕ ਸਮਾਂ ਜਾਂ ਰਚਨਹਾਰ ਦਾ ਕੋਈ ਭੇਦ ਨਹੀਂ ਮਿਲਿਆ। ਵੇਦਾਂ ਦੇ ਗਿਆਨ ਨੂੰ ਸਿਮਰਤੀ ਕਹਿੰਦੇ ਹਨ, ਜਿਸ ਦਾ ਅਰਥ ਹੈ ਸੁਣਿਆ ਹੋਇਆ ਅਤੇ ਉਪਨਿਸ਼ਦ ਦਾ ਅਰਥ ਹੈ ਨੇੜੇ ਬੈਠ ਕੇ ਕੀਤਾ ਹੋਇਆ। ਸਿਮਰਤੀ ਦਾ ਗਿਆਨ ਫ਼ਿਲਾਸਫ਼ੀ ਹੈ ਅਤੇ ਉਪਨਿਸ਼ਦ ਤੇ ਹੋਰ ਸ਼ਾਸਤਰਾਂ ਵਿਚ ਕਰਮ ਕਾਂਡ ਤੇ ਹੋਰ ਸਮਾਂਜਿਕ ਅਤੇ ਧਾਰਮਿਕ ਵਹਿਮਾਂ ਤੇ ਬੰਨ੍ਹੇਜਾਂ ਦੀ ਭਰਮਾਰ ਹੈ। ਹਿੰਦੂ ਧਰਮ ਭਾਵੇਂ ਫੋਕੇ ਫ਼ਲਸਫ਼ੇ ਦੇ ਤੌਰ ਤੇ ਬੜਾ ਉਚਾ ਸੀ, ਪਰ ਇਸ ਦਾ ਦਿਖਾਵੇ ਦਾ ਕਰਮ ਕਾਂਡ, ਜ਼ਾਤ ਪਾਤ, ਛੂਤ ਛਾਤ ਦੇਵ ਪੂਜਾ, ਅਵਤਾਰ ਪੂਜਾ, ਪੱਥਰ ਪੂਜਾ, ਬਨਸਪਤੀ ਪੂਜਾ, ਪਰਿੰਦੀਆਂ ਅਤੇ ਸੱਪ ਵਰਗੇ ਭਿਆਨਕ ਕੀੜਿਆਂ ਦੀ ਪੂਜਾ ਅਤੇ ਸਭ ਤੋਂ ਵੱਡਾ ਘਾਟਾ ਇਹ ਸੀ ਕਿ ਹਿੰਦੂਆਂ ਵਿਚ ਪ੍ਰਸਪਰ ਫ਼ਿਰਕਿਆਂ ਦੀ ਦੁਬਿਧਾ, ਸਮੁੱਚੇ ਤੌਰ ਤੇ ਮਨੁੱਖੀ ਫ਼ਿਰਕਿਆਂ ਦੀ ਦੁਬਿਧਾ, ਸਮੁਚੇ ਤੌਰ ਤੇ ਮਨੁੱਖੀ ਤੰਗ ਦਿਲੀ ਭਾਰਤ ਦੇ ਲੋਕਾਂ ਨੂੰ ਸਮਾਜਕ, ਧਾਰਮਕ, ਆਤਮਕ ਅਤੇ ਰਾਜਨੀਤਕ ਤੌਰ ਤੇ ਸੰਤੁਸ਼ਟ ਨਾ ਕਰ ਸਕੀ ਅਤੇ ਨਾ ਹੀ ਏਥੋਂ ਦੇ ਵਾਸੀਆਂ ਨੂੰ ਕੌਮੀ ਏਕਤਾ, ਸਮਾਨਤਾ, ਸਵੈਮਾਨ ਅਤੇ ਬਾਹੂ ਬਲ ਦੇ ਸਕੀ।

ਇਸ ਦੇ ਕਈ ਮਨੁੱਖ ਮਾਰੂ ਅਤੇ ਮਨੁੱਖਤਾ ਪਾੜੂ ਨਿਯਮਾਂ ਦੀ ਘਿਰਣਾਂ ਅਤੇ ਵਿਰੋਧਤਾ ਦੇ ਕਾਰਨ ਬੁੱਧ ਧਰਮ ਨੇ ਜਨਮ ਲਿਆ। ਬੁੱਧ ਧਰਮ ਜ਼ਾਤ ਪਾਤ ਤੇ ਊਚ ਨੀਚ ਦੇ ਤੇ ਵਾਕਿਆ ਹੀ ਵਿਰੁੱਧ ਹੈ, ਪਰ ਇਸ ਦੀ ਕਰੜੀ ਤਪਸਿਆ ਅਤੇ ਅਹਿੰਸਾ ਦੇ ਵਿਸ਼ਵਾਸ ਨੇ ਹਿੰਦੁਸਤਾਨ ਦੇ ਲੋਕਾਂ ਨੂੰ ਨਿਪੁੰਸਕ ਬਣਾ ਕੇ ਰਖ ਦਿਤਾ। ਇਸ ਦੇਸ ਦੇ ਲੋਕ ਸਵੈਮਾਨ, ਦੇਸ਼ ਦੀ ਰਖਿਆ ਲਈ ਕੁਰਬਾਨੀ ਅਤੇ ਬਾਹੂਬਲ ਤਿਆਗ ਕੇ ਬੁਜ਼ਦਿਲੀ ਅਤੇ ਘਰ ਬਾਰ ਅਤੇ ਦੁਨੀਆਂ ਦੇ ਤਿਆਗ ਦਾ ਸ਼ਿਕਾਰ ਹੋ ਗਏ। ਇਨ੍ਹਾਂ ਘਾਟਿਆਂ ਤੋਂ ਛੁੱਟ ਬੁੱਧ ਮੱਤ ਨਾ ਤਾਂ ਰੱਬ ਦੀ ਹੋਂਦ ਬਾਰੇ ਗਵਾਹੀ ਦੇਂਦਾ ਹੈ ਅਤੇ ਨਾ ਹੀ ਇਨਕਾਰ ਕਰਦਾ ਹੈ। ਇਸ ਲਈ ਬੁੱਧ ਮੱਤ ਵੀ ਮਨੁੱਖੀ ਜੀਵਨ ਦੀਆਂ ਲੋੜਾਂ ਨੂੰ ਚੰਗੀ ਤਰ੍ਹਾਂ ਪੂਰਾ ਨਾ ਕਰ ਸਕਿਆ।

ਜੈਨ ਮੱਤ ਵੀ ਤਕਰੀਬਨ ਬੁੱਧ ਮੱਤ ਦੇ ਨਿਯਮਾਂ ਵਾਲਾ ਹੀ ਹੈ ਅਤੇ ਮਨੁੱਖ ਨੂੰ ਅਹਿੰਸਕ ਤੇ ਬੁਜ਼ਦਿਲ ਬਣਾਣ ਨਾਲੋਂ ਬੁੱਧ ਮੱਤ ਨਾਲੋਂ ਵੀ ਅੱਗੇ ਹੈ। ਇਸ ਲਈ ਭਾਰਤ ਤੇ ਇਕ ਸਮਾਂ ਆਇਆ ਜਦੋਂ ਭਾਰਤ ਦੇ ਲੋਕਾਂ ਵਿਚ ਹਿੰਦੂ ਧਰਮ ਨੂੰ ਦੋਬਾਰਾ ਪ੍ਰਬਲ ਤੇ ਸੁਰਜੀਤ ਕਰਨ ਦਾ ਕੰਮ ਸੰਕਰ ਆਚਾਰੀਆ ਨੇ ਕੀਤਾ। ਭਾਵੇਂ ਉਸ ਨੇ ਤੇ ਹੋਰ ਕਈ ਵਿਦਵਾਨਾਂ ਤੇ ਪ੍ਰਚਾਰਕਾਂ ਨੇ ਹਿੰਦੂ ਧਰਮ ਨੂੰ ਸੁਧਾਰਨ ਦਾ ਯਤਨ ਕੀਤਾ ਫਿਰ ਵੀ ਇਸ ਵਿਚੋਂ ਕਰਮ ਕਾਂਡ, ਬੁੱਤ ਪੂਜਾ, ਜ਼ਾਤ ਪਾਤ, ਛੂਤ ਛਾਤ ਅਤੇ ਤੰਗ ਦਿਲੀ ਨੂੰ ਨਾ ਕੱਢ ਸਕੇ। ਇੰਨੇ ਸਮੇਂ ਤਕ ਭਾਰਤ ਵਿਚ ਇਸਲਾਮ ਵੀ ਸ਼ੁਰੂ ਹੋ ਗਿਆ ਅਤੇ ਹਿੰਦੂ ਧਰਮ ਤੇ ਇਸਲਾਮ ਦੀ ਪ੍ਰਸਪਰ ਟੱਕਰ ਸ਼ੁਰੂ ਹੋ ਗਈ ਕਿਉਂਕਿ ਹਿੰਦੂ ਧਰਮ ਜਿਥੇ ਅਨੇਕ ਦੇਵੀ ਦੇਵਤਿਆਂ ਦਾ ਪੁਜਾਰੀ, ਵਿਖਾਲੇ ਦੇ ਕਰਮ ਕਾਂਡਾਂ ਦਾ ਕੈਦੀ ਅਤੇ ਫੋਕੇ ਗਿਆਨ ਦੀ ਫ਼ਿਲਾਸਫ਼ੀ ਸੀ ਜਿਸ ਵਿਚ ਸਮਾਜ ਨੂੰ ਇਕ ਅਤੇ ਉਚਾ ਕਰਨ ਲਈ ਅਨੇਕ ਘਾਟੇ ਸਨ, ਉਥੇ ਇਸਲਾਮ ਇਕ ਰੱਬ ਦਾ ਪੁਜਾਰੀ ਹੈ। ਇਸਲਾਮ ਮਨੁੱਖਾਂ ਦੇ ਭਰਾਤਰੀਭਾਵ ਦਾ ਪ੍ਰਚਾਰਕ ਵੀ ਹੈ। ਇਸ ਲਈ



Digitized by Panjab Digital Library | www.panjabdigilib.org

ਇਨ੍ਹਾਂ ਦੀ ਵਿਚਾਰਕ ਅਤੇ ਨਿਯਮਕ ਸਮਾਨਤਾ ਤੇ ਅਸਮਾਨਤਾ ਦੀ ਟੱਕਰ ਹੋਣੀ ਜ਼ਰੂਰੀ ਸੀ ਅਤੇ ਹੋ ਗਈ। ਇਸ ਸਮੇਂ ਹੀ ਭਾਰਤ ਵਿਚ ਭਗਤੀ ਲਹਿਰ ਸ਼ੁਰੂ ਹੋਈ।

ਜਿਸ ਦੇ ਮੋਢੀ ਰਾਮਾਂ ਨੰਦ, ਕਬੀਰ ਅਤੇ ਰਵਿਦਾਸ ਸਨ ਜਿਨ੍ਹਾਂ ਨੇ ਮਨੁੱਖੀ ਏਕਤਾ, ਪਿਆਰ, ਸੇਵਾ ਅਤੇ ਇਕ ਪ੍ਰਮਾਤਮਾ ਦੀ ਪੂਜਾ ਦਾ ਸੁਨੇਹਾ ਦਿਤਾ । ਇਸੇ ਤਰ੍ਹਾਂ ਪੰਦਰਵੀਂ ਸਦੀ ਦਾ ਸਮਾਂ ਆ ਗਿਆ ਜਦੋਂ ਭਾਰਤ ਵਿਚ ਹਿੰਦੂ ਧਰਮ ਤੇ ਇਸਲਾਮ ਦੀ ਪ੍ਰਸਪਰ ਵਿਰੋਧਤਾ ਤੇ ਖਿਚੋਤਾਣ ਜ਼ੋਰਾਂ ਤੇ ਸੀ, ਲੋਧੀਆਂ ਦਾ ਰਾਜ ਖ਼ਤਮ ਹੋ ਰਿਹਾ ਸੀ ਅਤੇ ਅਫ਼ਗਾਨਿਸਤਾਨ ਦੇ ਰਹਿਣ ਵਾਲੇ ਮੁਗ਼ਲਾਂ ਤੇ ਭਾਰਤ ਵਿਚ ਬਣੇ ਪਹਿਲੇ ਮੁਗ਼ਲ ਬਾਦਸ਼ਾਹ ਬਾਬਰ ਦੇ ਹਮਲੇ ਸ਼ੁਰੂ ਸਨ।

ਲੁੱਟ ਮਾਰ, ਕਤਲੋ ਗ਼ਾਰਤ, ਧਾਰਮਿਕ ਤੁਅੱਸਬ, ਰਯੱਤ ਦੀ ਗ਼ਰੀਬੀ, ਬੁਜ਼ਦਿਲੀ, ਰਾਜਿਆਂ ਤੇ ਹੁਕਮਰਾਨਾਂ ਦੀ ਬੇਇਠਸਾਫ਼ੀ ਤੇ ਜ਼ੁਲਮ ਦਿਨੋ ਦਿਨ ਜ਼ੋਰ ਫੜ ਰਹੇ ਸਨ। ਬੁੱਧ ਮੱਤ ਅਤੇ ਪਾਤੰਜਲੀ ਦੇ ਜੋਗ ਅਭਿਆਸ ਦੇ ਸ਼ਰਧਾਲੂ ਸਾਰੇ ਉਤਰੀ ਭਾਰਤ ਵਿਚ ਕਾਫ਼ੀ ਗਿਣਤੀ ਵਿਚ ਸਨ, ਜੋ ਨਾਲੇ ਵਿਹਲੜ ਬਹਿ ਕੇ ਗ੍ਰਿਸਤੀਆਂ ਦੇ ਘਰੋਂ ਮੰਗ ੨ ਕੇ ਖਾਂਦੇ ਨਾਲੇ ਉਨ੍ਹਾਂ ਨੂੰ ਗ੍ਰਹਿਸਤ ਤੇ ਘਰ ਬਾਰ ਛਡਣ ਦਾ ਉਪਦੇਸ਼ ਦਿੰਦੇ। ਜੇਕਰ ਹਿੰਦੂ ਕਰਮ ਕਾਂਡ, ਜ਼ਾਤ ਪਾਤ, ਛੂਤ ਛਾਤ, ਬੁਜ਼ਦਿਲੀ ਅਤੇ ਅਧੋਗਤੀ ਦਾ ਸ਼ਿਕਾਰ ਸਨ ਤਾਂ ਦੂਜੇ ਪਾਸੇ ਮੁਸਲਮਾਨ ਰਾਜਸੀ ਅਤੇ ਮਜ਼ਬੀ ਤੁਅਸਬ ਨਾਲ ਅੰਨ੍ਹਾ ਹੋਇਆ ੨ ਸੀ । ਇਹ ਸੀ ਸਮਾਂ ਜਦੋਂ ਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ। ਆਲੇ ਦੁਆਲੇ ਦੇ ਸਮਾਜਕ, ਧਾਰਮਿਕ ਜੀਵਨ, ਰਾਜਸੀ ਹਾਲਤ ਅਤੇ ਮਨੁੱਖਤਾ ਦੀਆਂ ਲੋੜਾਂ ਦਾ ਬੜਾ ਡੂੰਘਾ ਅਧਿਅਨ ਕਰਕੇ ਸੰਸਾਰ ਵਿਚ ਇਕ ਸਰਬ ਮਨੁੱਖਤਾ ਦੇ ਨਵੇਂ ਪਰ ਸਾਂਝੇ ਧਰਮ ਦੀ ਨੀਂਹ ਰਖੀ ਜਿਸ ਨੂੰ ਅਸੀਂ ਸਿੱਖੀ ਆਖਦੇ ਹਾਂ ਅਤੇ ਜਿਸ ਦੇ ਪੈਰੋਕਾਰਾਂ ਨੂੰ ਸਿੱਖ ਆਖਿਆ ਜਾਂਦਾ ਹੈ। ਸਿਖੀ ਆਪਣੇ ਗੁਰੂ ਤੋਂ ਲਈ ਹੋਈ ਸਿਖਿਆ ਦਾ ਨਾਂ ਹੈ ਤੇ ਗੁਰੂ ਦਾ ਚੇਲਾ ਜੋ ਉਸ ਤੋਂ ਸਿਖਿਆ ਪ੍ਰਾਪਤ ਕਰਦਾ ਹੈ ਉਸ ਨੂੰ ਸਿਖ ਕਿਹਾ ਜਾਂਦਾ ਹੈ ਕਿਉਂਕਿ ਉਹ ਆਪਣੇ ਗੁਰੂ ਤੋਂ ਸਿਖਿਆ ਲੈ ਕੇ ਉਸ ਉਤੇ ਵਿਚਾਰ ਕਰਦਾ ਹੈ। ਫਿਰ ਉਸੇ ਸੁਣਨ ਤੇ ਮੰਨਣ ਤੋਂ ਬਾਦ ਉਸ ਸਿਖਿਆ ਨੂੰ ਵਿਚਾਰਦਾ ਅਤੇ ਅਮਲੀ ਜੀਵਨ ਵਿਚ ਢਾਲਦਾ ਹੈ, ਜਿਵੇਂ ਕਿ ਗੁਰਬਾਣੀ ਵਿਚ ਆਉਂਦਾ ਹੈ :—

"ਸਿਖੀ ਸਿਖਿਆ ਗੁਰ ਵੀਚਾਰ।"

ਭਾਈ ਗੁਰਦਾਸ ਜੀ ਕਹਿੰਦੇ ਹਨ :—

"ਗੁਰ ਸਿਖ ਲੈ ਕੇ ਸਿਖ ਕਹਾਇਆ। ਆਪ ਗਵਾਏ ਨਾ ਆਪ ਗਣਾਇਆ ॥"

ਗੁਰੂ ਅਮਰਦਾਸ ਜੀ ਕਹਿੰਦੇ ਹਨ :—

"ਸਖਾ ਬੰਧਪ ਹੈ ਭਾਈ ਜੋ ਗੁਰਿ ਕੈ ਭਾਣੇ ਵਿਚ ਆਵੈ ॥"

ਸਿਖੀ ਧਾਰਨ ਕਰਕੇ ਉਸ ਵਿਚ ਪੂਰਾ ਉਤਰਨਾ ਸਾਧਾਰਣ ਗਲ ਨਹੀਂ। ਭਾਈ ਗੁਰਦਾਸ ਜੀ ਨੇ ਸਿਖ ਧਰਮ ਦੇ ਕਈ ਗੁੰਝਲ਼ਦਾਰ ਮਸਲਿਆਂ ਤੇ ਚਾਨਣ ਪਾਇਆ ਹੈ ਉਹ ਲਿਖਦੇ ਹਨ :—



Digitized by Panjab Digital Library | www.panjabdigilib.org

"ਗੁਰਸਿਖੀ ਬਾਰੀਕ ਹੈ ਖੰਡੇਧਾਰ ਗਲੀ ਅਤਿ ਭੀੜੀ ॥
ਉਥੇ ਟਿਕੇ ਨਾ ਭੁਣਹਿਣਾ ਉਪਰ ਚਲ ਨਾ ਸਕੇ ਕੀੜੀ ॥
ਵਾਲੋਂ ਨਿਕੀ ਆਖੀਅਹਿ ਤੇਲ ਤਿਲੋਂ ਲੈ ਕੋਹਲੂ ਪੀੜੀ ॥"

ਇਸੇ ਤਰ੍ਹਾਂ ਉਹ ਕਈ ਹੋਰ ਥਾਂਈ ਵੀ ਸਿਖੀ ਨੂੰ ਖੰਡੇ ਦੀ ਧਾਰ ਤੋਂ ਬਾਰੀਕ ਹੋਣ ਦਾ ਵਰਨਣ ਕਰਦੇ ਹਨ। ਗੁਰੂ ਦੀ ਸਿਖਿਆ ਅਤੇ ਅਮਲ ਕਰਿਆ ਮਨੁੱਖ ਦੀ ਆਪਣੀ ਆਤਮਾ ਤੇ ਬੁਧੀ ਵਿਚੋਂ ਹੀ ਬੜੀਆਂ ਅਦਭੁਤ ਪ੍ਰਾਪਤੀਆਂ ਹੁੰਦੀਆਂ ਹਨ। "ਜਪੁਜੀ ਸਾਹਿਬ" ਵਿਚ ਆਉਂਦਾ ਹੈ

"ਮਤਿ ਵਿਚ ਰਤਨ ਜਵਾਹਰ ਮਾਣਕ ਜੇ ਇਕ ਗੁਰ ਕੀ ਸਿਖ ਸੁਣੀ ॥"

ਸਿਖ ਦਾ ਵਿਸ਼ਵਾਸ ਹੈ ਕਿ ਉਸਦਾ ਗੁਰੂ ਸਿਖ ਨੂੰ ਪਾਪਾਂ ਅਤੇ ਦੁੱਖਾਂ ਦੇ ਭਵ ਸਾਗਰ ਤੋਂ ਜ਼ਰੂਰ ਪਾਰ ਕਰੇਗਾ, ਤਾਂ ਹੀ ਬਾਣੀ ਇਸ ਤਰ੍ਹਾਂ ਕਹਿੰਦੀ ਹੈ :—

"ਸਤੁ ਪੁਰਖੁ ਜਿਨ ਜਾਨਿਆ, ਸਤਿਗੁਰੂ ਤਿਸਕਾ ਨਾਉਂ ॥
ਤਿਸ ਕੈ ਸੰਗ ਸਿਖ ਉਧਰੈ ਨਾਨਕ ਹਰ ਗੁਣ ਗਾਉਂ ॥"

ਸਿਖ ਧਰਮ ਦੀ ਨੀਂਹ ਜੋ ਮੂਲ ਮੰਤਰ ਵਿਚ ਰਖੀ ਗਈ ਹੈ, ਵਿਚ ਵੀ ਗੁਰ ਪ੍ਰਸਾਦਿ ਕਹਿ ਕੇ ਸਿਖਿਆ ਦਿਤੀ ਗਈ ਹੈ ਕਿ ਅਕਾਲ ਪੁਰਖ ਜਾਂ ਵਾਹਿਗੁਰੂ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਹੀ ਹੁੰਦੀ ਹੈ, ਜਿਵੇਂ ਕਿ ਆਮ ਲੋਕਾਂ ਵਿਚ ਇਕ ਦੋਹਰਾ ਪ੍ਰਚਲਤ ਹੈ :—

"ਗੁਰੂ ਗੋਬਿੰਦ ਦੋਨੋਂ ਖੜੇ ਕਿਸ ਕੈ ਲਾਗਓਂ ਪਾਇ ॥
ਬਲਹਾਰੀ ਗੁਰ ਆਪਣੇ ਜਿਨ ਸਤਿਗੁਰ ਦੀਆ ਮਿਲਾਇ ॥"

ਗੁਰਮਤਿ ਅਨੁਸਾਰ ਜੋ ਮਨੁੱਖ ਦਸ ਗੁਰੂ ਸਾਹਿਬਾਨ ਅਤੇ ਉਹਨਾਂ ਦੀ ਰਚਨਾ (ਗੁਰਬਾਣੀ) ਅਤੇ ਦਸਮੇਸ਼ ਜੀ ਦੇ ਅੰਮ੍ਰਤ ਵਿਚ ਨਿਸਚਾ ਰਖੇ ਉਹ ਸਿਖ ਹੈ।

ਗੁਰੂ ਨਾਨਕ ਦੇਵ ਜੀ ਨੇ ਮਜ਼ਬੀ ਤੁਅਸਬ, ਰਾਜਸੀ ਅਨਿਆਇ, ਜਬਰ, ਜ਼ਾਤ ਪਾਤ, ਛੂਤ ਛਾਤ ਤੇ ਮਨੁੱਖਤਾ ਮਾਰੂ ਰੋਗ, ਊਚ ਨੀਚ ਦੇ ਫ਼ਰਕ, ਹਿੰਦੂਆਂ ਦੇ ਕਰਮ ਕਾਂਡ ਦਾ ਪਖੰਡ ਅਤੇ ਇਕ ਰੱਬ ਦੀ ਪੂਜਾ ਨੂੰ ਛੱਡ ਕੇ ਅਨੇਕ ਭਾਂਤ ੨ ਵਿਰੋਧੀ ਵਿਚਾਰ ਧਾਰਾ ਵਾਲੇ ਇਸ਼ਟਾਂ ਦੀ ਮੰਨਤ, ਪ੍ਰਸਪਰ ਤੰਗਦਿਲੀ ਅਤੇ ਜ਼ੁਲਮ ਦੇ ਵਿਰੁਧ ਟੱਕਰ ਲੈਣ ਦੀ ਬਜਾਇ ਬੁਜ਼ਦਿਲ ਅਤੇ ਜ਼ਲੀਲ ਹੋ ਕੇ ਬਦੇਸ਼ੀ ਹੁਕਮਰਾਨਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਰਹਿਣ ਦਾ ਬੜਾ ਵਿਸ਼ਾਲ ਅਧਿਐਨ ਕੀਤਾ ਅਤੇ ਉਸ ਵਕਤ ਆਪੋ ਆਪਣੀ ਸਰੇਸ਼ਟਤਾ ਨੂੰ ਸਾਬਤ ਕਰਨ ਲਈ ਲੜ ਰਹੇ ਹਿੰਦੂ ਤੇ ਮੁਸਲਮਾਨਾਂ ਨੂੰ ਜੋ ਧਰਮ ਦੀ ਹਕੀਕਤ ਨੂੰ ਭੁਲ ਕੇ ਵਖਾਲੇ ਦੇ ਤੌਰ ਤੇ ਹੀ ਲੜ ਭਿੜ ਰਹੇ ਸਨ, ਬਾਰੇ ਜਦੋਂ ਉਹਨਾਂ ਖੁਲਮ ਖੁਲਾ ਜਨਤਾ ਵਿਚ ਸਭ ਤੋਂ ਪਹਿਲਾਂ ਆਪਣੇ ਖਿਆਲਾਂ ਨੂੰ ਸੁਲਤਾਨਪੁਰ ਲੋਧੀ ਵਿਖੇ ਪ੍ਰਗਟ ਕੀਤਾ, ਕਿਹਾ :—

"ਨ ਕੋਈ ਹਿੰਦੂ ਨ ਮੁਸਲਮਾਨ ॥"

ਇਸ ਦਾਂ ਭਾਵ ਇਹ ਸੀ ਕਿ ਸਭ ਤੋਂ ਪਹਿਲਾਂ ਅਸੀਂ ਮਨੁੱਖ ਹਾਂ ਅਤੇ ਸਿਖ, ਹਿੰਦੂ, ਮੁਸਲਮਾਨ ਤੇ ਈਸਾਈ ਆਦਿ ਬਾਦ ਵਿਚ। ਜੇ ਕੋਈ ਮਨੁੱਖ ਦੇ ਤੌਰ ਤੇ ਹੀ ਚੰਗਾ ਨਹੀਂ



Digitized by Panjab Digital Library | www.panjabdigilib.org

ਤਾਂ ਉਹ ਆਪਣੇ ਆਪ ਨਾਲ ਕਿਸੇ ਧਰਮ ਦਾ ਲੇਬਲ ਲਾ ਕੇ ਵੀ ਚੰਗਾ ਨਹੀਂ ਹੋ ਸਕਦਾ। ਕਿਸੇ ਉਰਦੂ ਦੇ ਸ਼ਾਇਰ ਨੇ ਠੀਕ ਕਿਹਾ ਹੈ :—

"ਫ਼ਰਿਸ਼ਤੇ ਸੇ ਬਿਹਤਰ ਹੈ ਇਨਸਾਨ ਬਨਣਾ।
ਮਗਰ ਇਸ ਮੇਂ ਪੜਤੀ ਹੈ ਮਿਹਨਤ ਜ਼ਿਆਦਾ ॥

੧. ਗੁਰੂ ਨਾਨਕ ਦੇਵ ਜੀ ਨੇ ਭਾਰਤ ਅਤੇ ਵੱਖ ੨ ਦੂਰ ਦੁਰਾਡੇ ਦੇਸ਼ਾਂ ਵਿਚ ਜਾ ਕੇ ਮਨੁੱਖੀ ਏਕਤਾ, ਸਹਿਨਸ਼ੀਲਤਾ, ਗੁਵਾਂਢੀ ਦੀ, ਭਾਵੇਂ ਕੌਣ ਹੋਵੇ, ਇਜ਼ਤ ਸਤਿਕਾਰ ਅਤੇ ਪਿਆਰ ਦਾ, ਇਜ਼ਕ ਅਤੇ ਅਣਖ ਨਾਲ ਰਹਿਣ ਦਾ, ਸੇਵਾ ਤੇ ਕੁਰਬਾਨੀ, ਰਬ ਦੇ ਘਰ ਦੀ ਭਗਤੀ ਅਤੇ ਮਲਕ ਭਾਗੋ ਤੇ ਬਾਬਰ ਵਰਗੇ ਜਰਵਾਣਿਆਂ ਨੂੰ ਦਲੇਰੀ ਨਾਲ ਸੱਚ ਸੱਚ ਸੁਣਾਨ ਦੀ ਦਲੇਰੀ ਦਾ ਸਬਕ ਦਿਤਾ।

੨. ਇਸ ਦੇ ਬਾਦ ਗੁਰੂ ਅੰਗਦ ਦੇਵ ਜੀ ਨੇ ਸਿਖੀ ਵਿਚ ਆਗਿਆਕਾਰੀ ਦੇ ਅਸੂਲਾਂ ਨੂੰ ਅਮਲੀ ਜਾਮਾ ਪਹਿਨਾਇਆ।

੩. ਗੁਰੂ ਅਮਰਦਾਸ ਜੀ ਨੇ ਸੇਵਾ ਕਰਨੀ ਤੇ ਧਰਮ ਦੇ ਪ੍ਰਚਾਰ ਦਾ ਮੁੱਢ ਬਣਿਆ।

੪. ਗੁਰੂ ਰਾਮਦਾਸ ਨੇ ਹੋਰ ਕੰਮਾਂ ਤੋਂ ਛੁੱਟ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦਾ ਸ਼ਹਿਰ ਵਸਾ ਕੇ ਤੇ ਸਰੋਵਰ ਦੀ ਪੁਟਾਈ ਸ਼ੁਰੂ ਕਰਾ ਕੇ ਸਾਰੇ ਸੰਸਾਰ ਦੇ ਸਿਖਾਂ ਲਈ ਧਰਮ ਅਸਥਾਨ ਨਿਯਤ ਕੀਤਾ।

੫. ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਇਕਤਰਤਾ ਅਤੇ ਸਾਂਭ ਕਰਕੇ, ਸ੍ਰੀ ਹਰਿ ਮੰਦਰ ਸਾਹਿਬ ਦੀ ਨੀਂਹ ਰਖਕੇ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਤਿਆਰ ਕਰਕੇ ਸਿਖ ਧਰਮ ਦੇ ਧਾਰਮਿਕ ਅਸਥਾਨਾਂ ਦਾ ਸਤਿਕਾਰ ਅਤੇ ਪਿਆਰ ਸਿਖਾਇਆ, ਨਾਲੇ ਸਿਖ ਧਰਮ ਦੀ ਨਵੇਕਲੀ ਅਤੇ ਰਬੀ ਬਾਣੀ ਦੀ ਧਰਮ ਪੁਸਤਕ ਤਿਆਰ ਕਰਕੇ ਸਿਖ ਧਰਮ ਨੂੰ ਸੰਸਾਰ ਦੇ ਮੰਨੇ ਪ੍ਰਮੰਨੇ ਧਰਮਾਂ ਦੀ ਕਤਾਰ ਵਿਚ ਖੜਾ ਕਰ ਦਿਤਾ, ਕਿਉਂਕਿ ਕਿਸੇ ਧਰਮ ਲਈ ਉਸ ਦੀ ਨਵੇਕਲੀ ਧਰਮ ਪੁਸਤਕ ਹੋਣੀ ਉਸ ਧਰਮ ਦੀ ਹੋਂਦ ਦੀ ਮੁੱਢਲੀ ਮੰਗ ਹੈ। ਗੁਰੂ ਅਰਜਨ ਦੇਵ ਜੀ ਨੇ ਹੀ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਸਿਖ ਧਰਮ ਵਿਚ ਅਤੇ ਸਿੱਖਾਂ ਵਿੱਚ ਆਪਣੇ ਆਪ ਨੂੰ ਖਿੜੇ ਮੱਥੇ ਸੱਚ, ਧਰਮ ਅਤੇ ਅਸੂਲ ਦੀ ਖ਼ਾਤਰ ਕੁਰਬਾਨ ਹੋਣ ਦੀ ਨੀਂਹ ਰੱਖੀ।

੬. ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸਿਖ ਮੱਤ ਦੇ ਅਨੁਆਈਆਂ ਨੂੰ ਅਮਲੀ ਤੌਰ ਤੇ ਸਿਖਾਇਆ ਕਿ ਮਨੁੱਖ ਇਕੋ ਸਮੇਂ ਵਿਚ, ਸੰਤ ਵੀ, ਸਿਪਾਹੀ ਵੀ, ਗ੍ਰਿਸਤੀ ਅਤੇ ਤਿਆਗੀ ਵੀ ਹੁੰਦੇ ਹਨ।

੭. ਗੁਰੂ ਹਰਿ ਰਾਏ ਸਾਹਿਬ ਜੀ ਦੀ ਸਿਖ ਧਰਮ ਨੂੰ ਸਭ ਤੋਂ ਵਡੀ ਦੇਣ ਦਇਆ ਹੈ ਕਿਉਂਕਿ ਉਹ ਭਾਵੇਂ ਤਲਵਾਰ ਦੇ ਧਨੀ ਸਨ ਅਤੇ ਸ਼ਿਕਾਰ ਖੇਡਣ ਵਿਚ ਵੀ ਨਿਪੁੰਨ ਸਨ ਤਾਂ ਵੀ ਉਹ ਪਿਛਲੇਰੇ ਜੀਵਨ ਵਿਚ ਏਨੇ ਦਇਆਵਾਨ ਹੋ ਗਏ ਕਿ ਇਕ ਦਿਨ ਆਪਣੇ ਚੋਲੇ ਨਾਲ ਅੜ ਕੇ ਟੁੱਟੇ ਹੋਏ ਫੁੱਲ ਦੀਆਂ ਤਿੱਤਰ ਬਿੱਤਰ ਪੰਖੜੀਆਂ ਦੀ ਹਾਲਤ ਵੇਖ ਕੇ ਫਿਰ ਜੀਵਨ ਭਰ ਕਦੇ ਵੀ ਆਪਣੇ ਹੱਥ ਨਾਲ ਉਹਨਾਂ ਫੁੱਲ ਨਾ ਤੋੜੇ। ਰੋਗੀਆਂ ਅਤੇ ਦੁਖੀਆਂ ਲਈ ਉਹਨਾਂ ਦੇ ਦਿਲ ਵਿਚ ਇਤਨੀ ਹਮਦਰਦੀ ਸੀ ਕਿ ਉਹਨਾਂ ਕੀਰਤਪੁਰ ਵਿਚ ਇਕ



Digitized by Panjab Digital Library | www.panjabdigilib.org

ਖ਼ਰਾਇਤੀ ਦਵਾਖ਼ਾਨਾ ਖੋਲਿਆ, ਜਿਥੋਂ ਮੁਫ਼ਤ ਦਵਾਈ ਮਿਲਦੀ ਸੀ, ਜੋ ਸਾਰੇ ਹਿੰਦੁਸਤਾਨ ਵਿਚ ਪ੍ਰਸਿਧ ਸੀ ਅਤੇ ਜਿਥੋਂ ਦਾਰਾ ਸ਼ਿਕੋਹ ਬਾਦਸ਼ਾਹ ਵਰਗੇ ਹਰ ਇਲਾਜ ਦੇ ਓਹੜ ਪੋਹੜ ਤੋਂ ਨਿਰਾਸ਼ ਹੋਏ ਦੀ ਬਿਮਾਰੀ ਦੇ ਨੁਸਖੇ ਲਈ ਮੋਟੇ ਲੌਂਗ ਮਿਲ ਗਏ, ਜੋ ਹਿੰਦੁਸਤਾਨ ਦੇ ਕਿਸੇ ਹੋਰ ਦਵਾਖਾਨੇ ਵਿਚ ਨਹੀਂ ਸਨ ਮਿਲ ਸਕੇ । ਦਾਰਾ ਸ਼ਿਕੋਹ ਕੀਰਤਪੁਰੋਂ ਰਾਜ਼ੀ ਹੋ ਗਿਆ ਅਤੇ ਗੁਰੂ ਘਰ ਦਾ ਸਦਾ ਲਈ ਰਿਣੀ ਰਿਹਾ। ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਇਸ ਅਸੂਲ ਨੂੰ ਵੀ ਅਮਲੀ ਤੌਰ ਤੇ ਪ੍ਰਪੱਕ ਕੀਤਾ ਕਿ ਗੁਰਬਾਣੀ ਦੇ ਕਿਸੇ ਸ਼ਬਦ ਜਾਂ ਲਗ ਮਾਤਰ ਨੂੰ ਕਿਸੇ ਵੀ ਨਿੱਜੀ, ਅਨਿੱਜੀ ਜਾਂ ਕਿਸੇ ਹੋਰ ਵੀਚਾਰ ਜਾਂ ਮਨੋਰਥ ਦੀ ਖ਼ਾਤਰ ਵੀ ਵਿਗਾੜਿਆ ਜਾਂ ਬਦਲਿਆ ਨਹੀਂ ਜਾ ਸਕਦਾ। ਇਸ ਦੀ ਉਦਾਹਰਣ ਗੁਰੂ ਸਾਹਿਬ ਦੇ ਆਪਣੇ ਵੱਡੇ ਪੁੱਤਰ ਨੂੰ ਜਦੋਂ ਔਰੰਗਜ਼ੇਬ ਦੀ ਤਸੱਲੀ ਕਰਾਉਣ ਗਿਆਂ ਸ਼ਬਦ "ਮੁਸਲਮਾਨ" ਦੀ ਥਾਂ "ਬੇਈਮਾਨ" ਪੜਣ ਤੋਂ ਸਦਾ ਲਈ ਬੇਦਖਲ ਕਰ ਦਿਤਾ ਅਤੇ ਸੰਸਾਰ ਵਿਚ ਅਸਲੀ ਮਿਸਾਲ ਕਾਇਮ ਕੀਤੀ। ਰਾਮ ਰਾਇ ਨੂੰ ਰੱਦ ਕਰਕੇ ਹਰਿ ਕ੍ਰਿਸ਼ਨ ਨੂੰ ਗੱਦੀ ਤੇ ਬਿਠਾਇਆ ਅਤੇ ਇਸ ਤਰ੍ਹਾਂ ਇਹ ਸਿਧ ਕਰ ਦਿਤਾ ਕਿ ਗੁਰ ਗੱਦੀ ਉਤੇ ਬੈਠਣ ਅਤੇ ਉਸ ਦੀ ਜਿੰਮੇਵਾਰੀ ਨਿਭਾਉਣ ਲਈ ਉਮਰ ਦਾ ਕੋਈ ਲਿਹਾਜ਼ ਨਹੀਂ, ਯੋਗਤਾ ਦਾ ਲਿਹਾਜ਼ ਹੈ । ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਅਤੇ ਅਮਰ ਦਾਸ ਜੀ ਨੇ ਭੀ ਇਹ ਅਸੂਲ ਕਾਇਮ ਕੀਤਾ ਸੀ ਕਿ ਜਿਥੋਂ ਯੋਗਤਾ ਲੋੜੀਂਦੀ ਹੋਵੇ ਉਥੇ ਆਪਣੇ ਅਤੇ ਪਰਾਏ ਦਾ ਕੋਈ ਸਵਾਲ ਨਹੀਂ ਹੁੰਦਾ। ਇਸ ਲਈ ਉਹਨਾਂ ਨੇ ਆਪਣੇ ਪੁਤਰਾਂ ਤੇ ਹੋਰ ਸੰਬੰਧੀਆਂ ਨੂੰ ਅਯੋਗ ਸਮਝ ਕੇ ਗੁਰਗੱਦੀ ਹੋਰਨਾਂ ਨੂੰ ਦਿਤੀ।

੮. ਗੁਰੂ ਹਰਿ ਕ੍ਰਿਸ਼ਨ ਜੀ ਨੇ ਵੀ ਸਿਖਾਂ ਨੂੰ ਅਤੇ ਸਿਖ ਧਰਮ ਨੂੰ ਸਚਾਈ ਦੀ ਸਹਾਇਤਾ ਲਈ ਦਲੇਰੀ ਅਤੇ ਨਿਡਰਤਾ ਦਾ ਸਬਕ ਦਿਤਾ। ਭਾਵੇਂ ਉਹ ਛੋਟੇ ਜਹੇ ਬੱਚੇ ਸਨ ਉਹਨਾਂ ਨੇ ਦਿਲੀ ਨੂੰ ਤੁਰਨ ਲਗਿਆਂ ਵੀ ਸਿੱਧ ਕਰਿ ਦਿਤਾ ਕਿ ਉਹ ਕਿਸੇ ਕੀਮਤ ਤੇ ਵੀ ਔਰੰਗਜ਼ੇਬ ਜਿਹੇ ਜ਼ਾਲਮ ਦੇ ਮੱਥੇ ਨਹੀਂ ਲਗਣਗੇ ਤੇ ਨਾ ਹੀ ਜੋਤੀ ਜੋਤ ਸਮਾਉਣ ਤਕ ਲਗੇ।

੯. ਗੁਰੂ ਤੇਗ ਬਹਾਦਰ ਜੀ ਨੇ ਸਿਖ ਧਰਮ ਵਿਚ ਵੈਰਾਗ ਅਤੇ ਤਿਆਗ ਦੋਹਾਂ ਦਾ ਸਮਿਲਤ ਨਮੂਨਾ ਤਿਆਰ ਕੀਤਾ। ਉਹਨਾਂ ਦੀ ਬਾਣੀ ਅਤਿਅੰਤ ਵੈਰਾਗ ਭਰੀ ਹੈ ਪਰ ਉਨ੍ਹਾਂ ਦੀ ਅਦੁੱਤੀ ਸ਼ਹੀਦੀ ਤਿਆਗ ਦੀ ਟੀਸੀ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਸੱਚ, ਧਰਮ ਅਤੇ ਅਣਖ ਪਿਛੇ ਮਜ਼ਲੂਮਾਂ ਦੀ ਰਖਿਆ ਲਈ ਆਪਣੀ ਮਰਜ਼ੀ ਨਾਲ ਕੁਰਬਾਨ ਹੋਣ ਦਾ ਰਾਹ ਚੁਣਿਆ। ਗੁਰੂ ਅਰਜਨ ਦੇਵ ਜੀ ਨੂੰ ਕੁਝ ਝੂਠੇ ਧਾਰਮਿਕ ਅਤੇ ਰਾਜਸੀ ਦੋਸ਼ ਲਾ ਕੇ ਤੇ ਮਜਬੂਰ ਕਰਕੇ ਅੰਮ੍ਰਿਤਸਰੋਂ ਲਾਹੌਰ ਲਿਜਾਇਆ ਗਿਆ ਸੀ ਅਤੇ ਸ਼ਹੀਦ ਕੀਤਾ ਗਿਆ ਸੀ ਪਰ ਉਹਨਾਂ ਦੇ ਪੋਤਰੇ ਗੁਰੂ ਤੇਗ ਬਹਾਦਰ ਜੀ ਬਗੈਰ ਕਿਸੇ ਇਲਜ਼ਾਮ ਤੇ ਮਜਬੂਰੀ ਦੇ ਆਪਣੇ ਆਪ ਹੀ ਸਬਰ, ਸਿਦਕ, ਸੱਚ ਤੇ ਆਤਮਿਕਤਾ ਦੇ ਬਲ ਦੇ ਸਹਾਰੇ ਧੱਕੇ ਦੀ ਤਲਵਾਰ ਦਾ ਟਾਕਰਾ ਕਰਨ ਲਈ ਦਿਲੀ ਪੁੱਜ ਗਏ ਸਨ।

੧੦. ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਹਥੋਂ ਲਾਏ ਗਏ ਬੂਟੇ ਦੇ ਉਹ ਫਲ ਸਨ ਜਿਸ ਵਿਚ ਪਹਿਲੇ ਨੌਂ ਗੁਰੂਆਂ ਦੇ ਗੁਣ ਮੌਜੂਦ ਸਨ। ਉਹਨਾਂ ਨੇ



Digitized by Panjab Digital Library | www.panjabdigilib.org

ਸਿਖ ਧਰਮ ਨੂੰ ਨਿਯਮ ਬੱਧ ਕੀਤਾ । ਧਰਮ, ਸੱਚ ਅਤੇ ਦੇਸ਼ ਦੀ ਆਜ਼ਾਦੀ ਲਈ ਜ਼ੰਗ ਲੜੀਆਂ। ਆਨੰਦਪੁਰ ਸਾਹਿਬ ਨੂੰ ਮਨੁੱਖੀ ਭਾਈਚਾਰੇ, ਏਕਤਾ, ਭਗਤੀ ਵਿਦਿਅਕ ਅਧਿਅਨ ਤੇ ਖੋਜ, ਜੰਗੇ ਮੈਦਾਨਾਂ ਦੀ ਸਿਖਲਾਈ ਤੇ ਨਿਪੁੰਨਤਾ ਆਦਿ ਦਾ ਕੇਂਦਰ ਬਣਾ ਦਿਤਾ । ਖ਼ਾਲਸਾ ਸਜਾ ਕੇ ਸੰਸਾਰ ਵਿਚ ਸਮਾਜਕ ਅਤੇ ਧਾਰਮਿਕ ਖੇਤਰ ਵਿਚ ਇਕ ਨਿਰਾਲੇ ਤੇ ਨਿਵੇਕਲੇ ਪੰਥ ਦੀ ਨੀਂਹ ਰਖੀ । ਧਰਮ ਅਤੇ ਅਸੂਲ ਦੀ ਖ਼ਾਤਰ ਹਜ਼ਾਰਾਂ ਸਿਖ ਤੇ ਆਪਣਾ ਪ੍ਰੀਵਾਰ ਕੁਰਬਾਨ ਕਰ ਦਿਤਾ। ਹਿੰਦੁਸਤਾਨ ਦੇ ਲੋਕਾਂ ਨੂੰ ਖੇਰੂੰ ਖੇਰੂੰ ਤੇ ਕਮਜ਼ੋਰ ਕਰਨ ਦਾ ਸਭ ਤੋਂ ਵਡਾ ਰੋਗ ਜ਼ਾਤ ਪਾਤ ਸੀ, ਪਰ ਉਹਨਾਂ ਨੇ ਅੰਮ੍ਰਿਤ ਛਕਣ ਦਾ ਅਜਿਹਾ ਨਿਯਮ ਬੰਨ੍ਹਿਆ ਜੋ ਜ਼ਾਤ ਪਾਤ ਦੇ ਵਿਤਕਰੇ ਅਤੇ ਛੂਤ ਛਾਤ ਦੀ ਵਿਖੇਪਤਾ ਦੇ ਸਿਰ ਵਿਚ ਮਾਰੂ ਸੱਟ ਸੀ ਕਿਉਂਕਿ ਭਾਵੇਂ ਕੋਈ ਕਿਸੇ ਮਜ਼ੁਬ ਜ਼ਾਤ ਜਾਂ ਦੇਸ਼ ਦਾ ਹੋਵੇ, ਉਸ ਨੂੰ ਅੰਮ੍ਰਿਤ ਛਕਾਉਣ ਵੇਲੇ ਆਪਣੇ ਨਾਲ ਛੱਕ ਰਹੇ ਸਿੰਘਾਂ ਦੇ ਇਕੋ ਬਾਟੇ ਨੂੰ ਹੀ ਮੂੰਹ ਲਾ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਪੈਂਦੀ ਹੈ। ਹਿੰਦੂ ਧਰਮ ਨੇ ਤੇ ਕਈ ਜ਼ਾਤਾਂ ਦੇ ਲੋਕਾਂ ਨਾਲ ਛੋਹਣਾਂ ਤਾਂ ਇਕ ਪਾਸੇ ਰਿਹਾ, ਉਹਨਾਂ ਨੂੰ ਵੇਖਣਾ ਤੇ ਉਹਨਾਂ ਦੀ ਆਵਾਜ਼ ਸੁਣਨ ਦੇ ਵੀ ਫ਼ਾਸਲੇ ਨੀਯਤ ਕੀਤੇ ਹੋਏ ਸਨ ।

## ਸਮੁਚੇ ਤੌਰ ਤੇ ਸਿਖ ਧਰਮ ਦੇ ਨਿਯਮ ਹੇਠ ਦਿਤੇ ਜਾਂਦੇ ਹਨ

੧. ਇਕ ਅਕਾਲ ਪੁਰਖ ਦੀ ਪੂਜਾ ਕਰਨੀ।

੨. ਉਸ ਦੀ ਰਜ਼ਾ ਦੇ ਭਾਣੇ ਵਿਚ ਰਹਿਣਾ ਤੇ ਉਸ ਨੂੰ ਖਿੜੇ ਮੱਥੇ ਮੰਨਣਾ।

੩. ਵਾਹਿਗੁਰੂ ਦੇ ਮਿਲਾਪ ਲਈ ਦਸ ਗੁਰੂਆਂ ਨੂੰ ਆਪਣੇ ਇਸ਼ਟ ਮੰਨਣਾ।

੪. ਗੁਰੂ ਗਰੰਥ ਸਾਹਿਬ ਨੂੰ ਦਸਾਂ ਗੁਰੂਆਂ ਦਾ ਸਰੂਪ ਮੰਨਣਾ ਅਤੇ ਉਸ ਦਾ ਸਤਿਕਾਰ ਗੁਰੂਆਂ ਵਾਂਗੂ ਹੀ ਕਰਨਾ। ਇਸੇ ਲਈ ਸਿਖ ਰੋਜ਼ ਅਰਦਾਸ ਤੋਂ ਬਾਦ ਕੁਝ ਦੋਹਰੇ ਪੜ੍ਹਦੇ ਹਨ। ਉਹਨਾਂ ਵਿਚੋਂ ਇਕ ਇਹ ਹੈ :—

"ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ ।।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ ॥"

੫. ਗੁਰਬਾਣੀ ਦਾ ਪਾਠ ਅਤੇ ਅਭਿਆਸ ਕਰਨਾ ਜਿਸ ਵਿਚ ਨਿਤਨੇਮ ਵੀ ਸ਼ਾਮਲ ਹੈ । ਸਿਖੀ ਦੇ ਸਿਧਾਂਤਾਂ ਉਤੇ ਵੀਚਾਰ ਅਤੇ ਅਮਲ ਕਰਨਾ।

੬. ਹਰ ਮਨੁੱਖ ਨੂੰ "ਏਕ ਪਿਤਾ ਏਕਸ ਕੇ ਹਮ ਬਾਰਕ" ਦੇ ਸਿਧਾਂਤ ਤੇ ਵਿਸ਼ਵਾਸ ਨਾਲ ਪਿਆਰ ਕਰਨਾ ਅਤੇ ਜ਼ਾਤ ਪਾਤ ਜਾਂ ਨਸਲ, ਰੰਗ ਅਤੇ ਦੇਸ਼ ਦੇਸ਼ਾਂਤਰ ਦਾ ਵਿਤਕਰਾ ਨਾ ਕਰਨਾ।

੭. ਗ੍ਰਹਿਸਤ ਵਿਚ ਰਹਿ ਕੇ ਸੁਚੱਜਤਾ ਭਰਿਆ, ਸੰਜਮੀ ਅਤੇ ਸਾਊ ਜੀਵਨ ਬਤੀਤ ਕਰਨਾ ਕਿਉਂਕਿ ਸਿਖ ਧਰਮ ਦਾ ਸਿਧਾਂਤ ਹੈ ਕਿ ਮਨੁੱਖ ਦੀ ਸਾਧਾਰਨ ਅਤੇ ਗ੍ਰਹਿਸਤੀ ਜੀਵਨ ਬਤੀਤ ਕਰਦਿਆਂ ਵੀ ਮੁਕਤੀ ਹੋਵੇ:—

"ਹਸੰਦਿਆਂ ਖੇਡੰਦਿਆਂ ਖਾਵੰਦਿਆਂ ਪਹਿਨੰਦਿਆ ਵਿਚੇ ਹੋਵੈ ਮੁਕਤਿ ॥"



Digitized by Panjab Digital Library | www.panjabdigilib.org

੮. ਧਰਮ ਦੀ ਕਿਰਤ ਕਰਨੀ।

੯. ਆਪਣੀ ਕਮਾਈ ਵਿਚੋਂ ਦਸਵੰਧ ਕਢਣਾ।

੧੦. ਸ੍ਰੀ ਗੁਰੂ ਗਰੰਥ ਸਾਹਿਬ ਅਤੇ ਗੁਰਬਾਣੀ ਦੇ ਅਸੂਲਾਂ ਤੋਂ ਬਿਨਾਂ ਹੋਰ ਵੇਦਾਂ, ਸ਼ਾਸਤਰਾਂ ਆਦਿ ਤੇ ਤੰਗਦਿਲੀ ਅਤੇ ਵਹਿਮੀ ਸਿਧਾਂਤਾਂ ਤੋਂ ਅਤੀਤ ਰਹਿਣਾ ਜਿਵੇਂ ਦਸਮ ਪਾਤਸ਼ਾਹ ਫ਼ਰਮਾਉਂਦੇ ਹਨ :—

"ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਓ ਆਖ ਤਰੈ ਨਹੀਂ ਆਨਿਉ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨਾ ਮਾਨਿਓ ॥
ਸਿਮ੍ਰਿਤ ਸ਼ਾਸਤਰ ਬੇਦ ਸਭੇ ਬਹੁ ਭੇਦ ਕਹੈ ਹਮ ਏਕ ਨਾ ਜਾਨਿਉ ॥
ਸ੍ਰੀ ਅਸਪਾਨ ਕਿਰਪਾ ਤੁਮਰੀ ਕਰਿ ਮੈ ਨ ਕਹਿਉ ਸਭ ਤੋਹਿ ਬਖਾਨਿਓ ॥"

੧੧. ਦੇਵੀ, ਦੇਵਤਿਆਂ, ਦਰਿਆਂਵਾਂ, ਪਹਾੜਾਂ, ਪੰਛੀ, ਪਸ਼ੂਆਂ ਪੱਥਰਾਂ ਜਾਂ ਹੋਰ ਕੋਈ ਨਿਰਜੀਵ ਚੀਜ਼ਾਂ ਦੀ ਪੂਜਾ ਨਹੀਂ ਕਰਨੀ ਜਿਨ੍ਹਾਂ ਵਿਚ ਮੜੀ ਮਸਾਣ ਆਦਿ ਵੀ ਸ਼ਾਮਲ ਹਨ। ਬਖ਼ਸ਼ਣ, ਭੁਲਣ ਅਤੇ ਖਿਮਾਂ ਕਰਨ ਦੀ ਵਿਸ਼ੇਸ਼ਤਾ ਸਿਖ ਵਿਚ ਏਨੀ ਹੋਵੇ ਕਿ ਸਿਖ ਧਰਮ ਦੀ ਅਰਦਾਸ ਦੇ ਸਿਧਾਂਤ ਅਨੁਸਾਰ ਡਿਠੇ ਨੂੰ ਅਣਡਿਠ ਕਰੇ।

੧੨. ਧਰਤੀ ਜਾਂ ਸਰਬ ਸ੍ਰਿਸ਼ਟੀ ਦੀ ਉਤਪਤੀ ਅਤੇ ਚੰਨ ਤਾਰੇ ਤੇ ਸੂਰਜ ਆਦਿ ਦੀ ਗਿਣਤੀ ਆਦਿ ਦੇ ਨਿਸਫਲ ਅਡੰਬਰ ਵਿਚ ਨਾ ਫਸੇ ਕਿਉਂਕਿ ਹੁਕਮ ਹੈ :—

"ਥਿਤਿ ਵਾਰੁ ਨ ਜੋਗੀ ਜਾਣੇ ਰੁਤਿ ਮਾਹੁ ਨ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥"

ਇਹ ਸਿਧਾਂਤ ਹਿੰਦੂ ਮੁਸਲਮ ਅਤੇ ਈਸਾਈ ਆਦਿ ਧਰਮਾਂ ਆਦਿ ਦੇ ਵਿਚਾਰਾਂ ਨੂੰ ਖੰਡਨ ਕਰਨ ਲਈ ਹੈ, ਜਿਨ੍ਹਾਂ ਨੇ ਸ੍ਰਿਸ਼ਟੀ ਦੀ ਉਮਰ ਪਾਤਾਲਾਂ, ਆਕਾਸ਼ਾਂ ਦੀ ਗਿਣਤੀ ਦੇ ਦਸਣ ਦੇ ਦਾਅਵੇ ਕੀਤੇ ਤੇ ਇਸੇ ਤਰ੍ਹਾਂ ਕਈ ਵਿਰੋਧੀ ਝਗੜੇ ਪੈਦਾ ਕਰ ਦਿਤੇ ਹਨ। ਇਹਨਾਂ ਝਗੜਿਆਂ ਤੋਂ ਉਤਾਂਹ ਉਠ ਕੇ ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ :—

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ
ਓੜਕ ਓੜਕ ਭਾਲਿ ਥਕੇ ਵੇਦ ਕਹਿਨ ਇਕ ਵਾਤ ॥"

੧੩. ਮਨੁੱਖੀ ਸੇਵਾ ਨੂੰ ਜੀਵਨ ਦਾ ਉਚਾ ਆਦਰਸ਼ ਸਮਝਣਾ।

੧੪. ਨਾਮ ਸਿਮਰਨ ਸਿਖ ਦੇ ਜੀਵਨ ਦਾ ਜ਼ਰੂਰੀ ਕਰਤੱਵ ਹੈ, ਅੰਮ੍ਰਿਤ ਛਕਣਾ, ਪੰਜ ਕਕਾਰ ਰਖਣਾ, ਰਹਿਤ ਵਿਚ ਪੱਕੇ ਰਹਿਣਾ ਤੇ ਕੁਰਹਿਤਾਂ ਤੋਂ ਬਚਣਾ।

੧੫. ਗੁਰੂ ਕਾ ਸਿਖ ਹਮੇਸ਼ਾਂ ਪ੍ਰਮਾਤਮਾ ਅਗੇ ਅਰਦਾਸ ਕਰੇ ਅਤੇ ਉਸ ਦੇ ਮਨ ਨੂੰ ਨੀਵਾਂ ਰਖੇ ਭਾਵ ਉਸ ਵਿਚ ਨਿੰਮਰਤਾ ਹੋਵੇ। ਨਿੰਮਰਤਾ ਹੋਣ ਦੇ ਬਾਵਜੂਦ ਉੱਚ ਅਕਲ ਦਾ ਮਾਲਕ ਹੋਵੇ, ਜਿਸ ਨੂੰ ਅਰਦਾਸ ਵਿਚ ਮਨ ਨੀਵਾਂ ਮਤ ਉਚੀ ਕਰਕੇ ਦਸਿਆ ਗਿਆ ਹੈ।



Digitized by Panjab Digital Library | www.panjabdigilib.org

ਇਸ ਸਿਧਾਂਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਦੇ ਜੀਵਨ ਦਾ ਸਦੀਵੀ ਅਤੇ ਅਨਿਖੜਵਾਂ ਅੰਗ ਬਣਾ ਦਿਤਾ ਅਤੇ ਇਕੋ ਪਾਸੇ ਮਨੁੱਖ ਦੀ ਅਪੂਰਨਤਾ ਤੇ ਨਿਰਭਰਤਾ ਅਤੇ ਦੂਜੇ ਪਾਸੇ ਵਾਹਿਗੁਰੂ ਦੀ ਸਮਰਥਾ ਜੋ ਕਰਤਾ ਪੁਰਖ ਹੈ ਨੂੰ ਆਪਣੇ ਖ਼ਾਲਸੇ ਦੀ ਫ਼ਤਹਿ ਵਿਚ ਦਸ ਦਿਤਾ। ਜਦ ਸਿਖ ਸਿਖ ਨੂੰ ਮਿਲਦਾ ਹੈ ਤਾਂ :—

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ॥"

ਬੁਲਾਉਂਦਾ ਹੈ। ਸਿਧਾਂਤਕ ਤੌਰ ਤੇ ਇਸ ਵਿਚ ਵਿਸ਼ਵਾਸ ਰਖਿਆਂ ਸਿਖ ਅਨੁਭਵ ਕਰਦਾ ਹੈ ਕਿ ਖ਼ਾਲਸਾ ਜਾਂ ਮੈਂ ਵਾਹਿਗੁਰੂ ਦਾ ਹਾਂ ਅਤੇ ਜਦ ਮੈਂ ਹੀ ਉਸ ਦਾ ਹਾਂ ਤਾਂ ਮੇਰੇ ਜੀਵਨ ਸੰਗਰਾਮ ਦੀ ਹਰ ਜਿਤ ਜਾਂ ਫ਼ਤਹਿ ਵੀ ਵਾਹਿਗੁਰੂ ਦੀ ਹੀ ਹੈ। ਗੁਰਬਾਣੀ ਨੇ ਵੀ ਇਸ ਬਾਰੇ ਫ਼ਰਮਾਇਆ ਹੈ :—

"ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥"

ਇਹ ਤਾਂ ਕੇਵਲ ਇਕ ਮਿਸਾਲ ਹੀ ਹੈ। ਮਨੁੱਖ ਦੀ ਅਪੂਰਨਤਾ ਤੇ ਨਿੰਮਰਤਾ ਦੀ ਲੋੜ ਜੋ ਕਿ ਵਾਹਿਗੁਰੂ ਦੀ ਸਮਰਥਾ ਤੇ ਫਤਹਿ ਦੇਣ ਦੀ ਬਖ਼ਸ਼ਿਸ਼ ਬਾਰੇ ਸਿਖ ਇਤਿਹਾਸ ਵਿਚ ਰਵਾਇਤੀ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਇਕ ਘਟਨਾ ਸੁਣੀ ਜਾਂਦੀ ਹੈ। ਕਹਿੰਦੇ ਹਨ ਕਿ ਜਦ ਮਹਾਰਾਜਾ ਹਰੀਪੁਰ, ਹਜ਼ਾਰਾ ਅਤੇ ਫ਼ਰੰਟੀਅਰ ਦੇ ਇਲਾਕੇ ਨੂੰ ਜੋ ਕਿ ਸਭ ਤੋਂ ਕਠਿਨ ਮੁਹਿੰਮ ਸੀ ਨੂੰ ਫਤਹ ਕਰਕੇ ਆਇਆ ਤਾਂ ਇਕ ਦਿਨ ਸਵੇਰੇ ੨ ਇਕੱਲਾ ਹੀ ਬੈਠਾ ਹੋਇਆ ਸੀ। ਉਸ ਨੂੰ ਖ਼ਿਆਲ ਆਇਆ "ਵਾਹ ਓਏ ਰਣਜੀਤ ਸਿੰਘਾ! ਤੇਰੇ ਕਾਰਨਾਮਿਆਂ ਤੇ ਜਿੱਤਾਂ ਨੂੰ ਸੰਸਾਰ ਸਦਾ ਲਈ ਯਾਦ ਰਖੇਗਾ। ਸਦੀਆਂ ਤੋਂ ਫਰੰਟੀਅਰ ਤੇ ਕਾਬਲ ਕੰਧਾਰ ਦੇ ਪਠਾਨ ਪੰਜਾਬੀਆਂ ਤੇ ਜ਼ੁਲਮ ਕਰਦੇ ਰਹੇ ਪਰ ਅਜ ਤੂੰ ਉਹਨਾਂ ਜਰਵਾਣਿਆਂ ਦਾ ਮੂੰਹ ਭੰਨ ਕੇ ਸਦਾ ਲਈ ਠੱਲ ਪਾ ਦਿਤੀ ਹੈ।" ਉਸੇ ਵਕਤ ਉਸ ਨੂੰ ਆਪਣੀ ਆਤਮਾ ਦੀ ਆਵਾਜ਼ ਆਈ "ਓ ਕਾਣਿਆ, ਕਿਉਂ ਏਨਾ ਹੰਕਾਰ ਕਰਦਾ ਹੈਂ? ਤੂੰ ਕੌਣ ਹੈਂ ਜਿੱਤਾਂ ਪ੍ਰਾਪਤ ਕਰਨ ਵਾਲਾ, ਇਹ ਸਾਰੀ ਕਿਰਪਾ ਤਾਂ ਵਾਹਿਗੁਰੂ ਦੀ ਹੈ।" ਇਹ ਸੋਚਣ ਤੇ ਹੀ ਉਸ ਨੇ ਆਪਣੇ ਮੂੰਹ ਤੇ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਫ਼ਕੀਰ ਅਜ਼ੀਜ਼ੁਦੀਨ ਉਧਰ ਆ ਨਿਕਲਿਆ ਅਤੇ ਰਣਜੀਤ ਸਿੰਘ ਨੂੰ ਵੇਖ ਕੇ ਪੁਛਣ ਲਗਾ ਕਿ ਇਹ ਤੁਸੀਂ ਕੀ ਕਰ ਰਹੇ ਹੋ? ਮਹਾਰਾਜਾ ਸਾਹਿਬ ਨੇ ਕਿਹਾ, "ਮੇਰੇ ਮਨ ਵਿਚ ਜ਼ਰਾ ਹੰਕਾਰ ਆ ਗਿਆ ਸੀ ਜਿਸ ਨੂੰ ਦੂਰ ਕਰ ਰਿਹਾ ਹਾਂ।" ਸੋ ਇਹ ਹੈ ਸਿਖਾਂ ਵਿਚ ਨਿੰਮਰਤਾ ਦੀ ਇਕ ਝਾਕੀ।

੧੯. ਗੁਰੂ ਕਾ ਸਿਖ ਪੰਥ ਅਤੇ ਸਾਧ ਸੰਗਤ ਦਾ ਸਤਿਕਾਰ ਕਰੇ ਅਤੇ ਉਸ ਦੇ ਹੁਕਮ ਵਿਚ ਰਹੇ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਆਪ ਤੋਂ ਪੰਥ ਤੇ ਸੰਗਤ ਨੂੰ ਉਚਾ ਸਮਝਦੇ ਸਨ ਅਤੇ ਉਹਨਾਂ ਨੇ ਸੰਗਤ ਤੇ ਪੰਥ ਨੂੰ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਹੈ, ਜਿਨ੍ਹਾਂ ਵਿਚ ਉਹਨਾਂ ਨੇ ਆਪਣੀ ਨਿੰਮਰਤਾ ਤੇ ਤੁਛਤਾ ਉਪਰ ਆਪਣੇ ਪੰਥ ਦੀ ਮਹਾਨਤਾ ਨੂੰ ਪ੍ਰਗਟ ਕੀਤਾ ਹੈ ਅਤੇ ਕਿਹਾ ਹੈ :—



Digitized by Panjab Digital Library | www.panjabdigilib.org

"ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰੂ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀਂ ਮੋ ਸੇ ਗਰੀਬ ਕਰੋਰ ਪਰੇ ।"

ਫਿਰ ਅਗੇ ਜਾ ਕੇ ਕਹਿੰਦੇ ਹਨ :—

"ਸੇਵਾ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਅ ਕੋ ॥
ਦਾਨ ਦਯੋ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨਹੀ ਕੋ ਦਯੋ ਜਗ ਮਹਿ ਜਸ ਅਉਰ ਦਯੋ ਸਭ ਫੀਕੋ ॥
ਮੋ ਗ੍ਰਿਹ ਮੈਂ ਤਨ ਤੇ ਮਨ ਤੇ ਸਿਰਲਉ ਧਨ ਹੈ ਸਭ ਹੀ ਇਨਹੀ ਕੋ ॥"

੧੭. ਗੁਰੂ ਕਾ ਖਾਲਸਾ ਮੜੀ ਮਸਾਣਾ ਆਦਿ ਦੀ ਪੂਜਾ ਵਿਚ ਕੋਈ ਯਕੀਨ ਨਾ ਰਖੇ ਅਤੇ ਇਸ ਸਿਧਾਂਤ ਨੂੰ ਮੰਨੇ ਕਿ ਮਨੁੱਖ ਬਾਹਰਲੇ ਵਿਖਾਵੇ ਨਾਲ ਹੀ ਖ਼ਾਲਸਾ ਨਹੀਂ ਬਣ ਜਾਂਦਾ। ਖਾਲਸਾ ਉਦੋਂ ਹੀ ਬਣਦਾ ਹੈ ਜਦੋਂ ਉਸ ਦੇ ਅੰਦਰ ਵਾਹਿਗੁਰੂ ਦੀ ਜੋਤ ਪਰਜਵਲਤ ਹੁੰਦੀ ਹੈ। ਇਸ ਬਾਰੇ ਵੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ :—

"ਜਾਗਤ ਜੋਤਿ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰੀਤ ਸਜੈ ਬ੍ਰਤ ਗੋਰ ਮੜੀ ਮਠ ਭੂਲ ਨਾ ਮਾਨੈ ॥
ਤੀਰਥ ਦਾਨ ਦਇਆ ਤਪੁ ਸੰਜਮ ਏਕ ਬਿਨਾ ਨਹੀਂ ਏਕ ਪਛਾਨੈ ॥
ਪੂਰਨਿ ਜੋਤਿ ਜਗੈ ਘਟਿ ਮਹਿ ਤਬ ਖਾਲਸ ਤਾਹਿ ਨਿਖਾਲਸ ਜਾਨੈ ॥"

੧੮. ਗੁਰੂ ਕਾ ਸਿਖ ਆਪਣੀ ਰਹੁ ਰੀਤੀ ਤੇ ਰਸਮਾਂ ਦੀ ਪੂਰਤੀ ਗੁਰਮਤਿ ਦੇ ਨਿਯਮਾਂ ਅਨੁਸਾਰ ਕਰੇ।

੧੯. ਗੁਰੂ ਕਾ ਸਿਖ ਤੀਰਥਾਂ ਤੇ ਜਾ ਕੇ ਸਰੀਰਕ ਤੌਰ ਤੇ ਹੀ ਨਹਾਉਣ ਧੋਣ ਨਾਲ ਹੀ ਪਾਪਾਂ ਦੇ ਲਹਿਣ ਵਿਚ ਵਿਸ਼ਵਾਸ ਨ ਰਖੇ ਕਿਉਂਕਿ ਜਿਥੇ ਸਿਹਤ ਅਤੇ ਸਫਾਈ ਲਈ ਇਸ਼ਨਾਨ ਜ਼ਰੂਰੀ ਹੈ ਉਥੇ ਆਤਮਾ ਦੀ ਮੈਲ ਨੂੰ ਲਾਹੁਣ ਲਈ ਪਾਣੀ ਦੇ ਦੋ ਬੁਕਾਂ ਨਾਲ ਨ ਤੇ ਪਾਪ ਧੁਪ ਸਕਦੇ ਹਨ ਤੇ ਨਾ ਹੀ ਪ੍ਰਮਾਤਮਾ ਨਾਲ ਮੇਲ ਹੋ ਸਕਦਾ ਹੈ, ਜਿਸ ਬਾਰੇ ਗੁਰਬਾਣੀ ਦਾ ਹੁਕਮ ਹੈ :—

"ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣ ਨਾਤਿਆ ਚੋਰ ਸਿ ਚੋਰਾ ਚੋਰ ॥"

੨੦. ਗੁਰੂ ਕਾ ਸਿਖ ਸੰਗਤ ਅਤੇ ਪੰਗਤ ਵਿਚ ਬੈਠਿਆਂ ਅਤੇ ਸਿਖ ਅਸਥਾਨਾਂ ਦੇ ਸਰੋਵਰਾਂ ਆਦਿ ਤੇ ਕਿਸੇ ਪ੍ਰਕਾਰ ਦੀ ਜ਼ਾਤ ਪਾਤ ਅਤੇ ਨਸਲ ਦਾ ਵਿਤਕਰਾ ਨਾ ਕਰੇ।



Digitized by Panjab Digital Library | www.panjabdigilib.org

੨੧. ਸਿਖ ਧਰਮ ਵਿਚ ਰਾਜਨੀਤੀ ਨੂੰ ਧਰਮ ਦੇ ਅਧੀਨ ਸਮਝੋ ਤਾਕਿ ਰਾਜਸੀ ਕੰਮ ਧਰਮ ਦੇ ਉੱਚ ਅਸੂਲਾਂ ਦੀ ਅਗਵਾਈ ਹੇਠ ਚਲੇ। ਇਸੇ ਲਈ ਸਿਖ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੰਤ ਸਿਪਾਹੀ ਦਾ ਖ਼ਿਤਾਬ ਦਿਤਾ ਹੈ। ਇਸੇ ਲਈ ਗੁਰੂ ਹਰਿ ਗੋਬਿੰਦ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਇਸੇ ਲਈ ਅਰਦਾਸ ਵਿਚ 'ਦੇਗ ਤੇਗ਼ ਦੀ ਫਤਹਿ' ਮੰਗੀ ਜਾਂਦੀ ਹੈ। ਰਾਜਸੀ, ਆਤਮਿਕ ਜਾਂ ਸਮਾਜਿਕ ਸ਼ਕਤੀਆਂ ਦੇ ਸੁਮੇਲ ਦਾ ਸਭ ਤੋਂ ਵਡਾ ਨਮੂਨਾ ਸਿਖ ਧਰਮ ਨੇ ਹੀ ਪੇਸ਼ ਕੀਤਾ ਹੈ ਜਿਸ ਦੇ ਸ੍ਰੀ ਅੰਮ੍ਰਿਤਸਰ ਵਿਖੇ "ਹਰਿ ਮੰਦਰ" (ਰੱਬ ਦਾ ਘਰ) ਅਤੇ "ਅਕਾਲ ਤਖਤ" (ਰੱਬ ਦਾ ਤਖਤ) ਆਹਮੋ-ਸਾਹਮਣੇ ਹਨ। "ਹਰਿਮੰਦਰ ਸਾਹਿਬ", ਧਾਰਮਿਕ ਅਸਥਾਨ ਹੈ, ਪਰ "ਤਖ਼ਤ" ਹਮੇਸ਼ਾਂ ਰਾਜਸੀ ਤਾਕਤ ਦਾ ਹੀ ਚਿੰਨ੍ਹ ਹੁੰਦਾ ਹੈ।

ਪਰ ਯਾਦ ਰਖਣ ਵਾਲੀ ਖ਼ਾਸ ਗੱਲ ਇਹ ਹੈ ਕਿ ਸਿਖਾਂ ਦੀ ਰਾਜਸੀ ਤਾਕਤ ਧਰਮ ਦੇ ਅਧੀਨ ਫ਼ਰਾਖ਼ਦਿਲ ਹੋ ਕੇ ਤੇ ਬਿਨਾਂ ਜ਼ਾਤਪਾਤ ਜਾਂ ਮਜ਼੍ਹਬ ਦੇ ਵਿਤਕਰੇ ਤੋਂ ਸਰਬ-ਸਾਂਝੀ ਮਨੁੱਖਤਾ ਜਾਂ "ਹਿਊਮੈਨੇਟੀ" ਨੂੰ ਏਨਾਂ ਪਿਆਰ ਤੇ ਸਤਿਕਾਰ ਦੇਂਦੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦਾ ਨੀਂਹ ਪੱਥਰ, ਸਯਦ ਮੀਆਂ ਮੀਰ ਜਿਹੇ ਵਲੀ-ਅੱਲਾ ਦੇ ਹੱਥੋਂ ਰਖਵਾਇਆ ਜਾਂਦਾ ਹੈ। ਸਿੱਖ ਥੀਉਕਰੇਸੀ ਜਾਂ ਧਰਮ-ਬੱਧ ਰਾਜ ਵਿਚ ਮਜ਼੍ਹਬ ਦੀ ਬੁਨਿਆਦ ਤੇ ਨਾ ਕੋਈ ਮੋਮਨ ਹੈ ਤੇ ਨਾ ਕਾਫ਼ਰ। ਸਿੱਖ ਧਰਮ ਵਿਚ ਤਾਂ ਕੇਵਲ ਮਨੁੱਖ ਦੇ ਨੇਕ ਅਮਲਾਂ ਜਾਂ ਪਾਕ ਕਿਰਦਾਰ ਦਾ ਹੀ ਸਤਿਕਾਰ ਹੈ ਜੋ ਸਿੱਖ ਧਰਮ ਦੇ ਫ਼ਲਸਫ਼ੇ ਦਾ ਸਾਰ ਹੈ।

—ਸਮਾਪਤ—

————



Digitized by Panjab Digital Library | www.panjabdigilib.org

# BIBLIOGRAPHY

# ਪੁਸਤਕ ਸੂਚੀ

Digitized by Panjab Digital Library | www.panjabdigilib.org

[illegible]

[illegible]

Digitized by Panjab Digital Library | www.panjabdigilib.org

# BIBLIOGRAPHY


1. John Malcolm., Sketch of the Sikhs, London, 1812.
2. M'Gregor, W.L., History of the Sikhs, 2 Vols. London, 1846.
3. Henry Court., History of the Sikhs, Lahore, 1888.
4. David Ross., The Land of the Five Rivers and Sind, London, 1883.
5. Kartar Singh., Life of Guru Nanak, Lahore, 1937.
6. Khan Mohammad Waliullah Khan., Sikh Shrines in West Pakistan, Karachi, 1962.
7. Trilochan Singh (and Collaborators).. The Sacred Writings of the Sikhs, UNESCO Publication, London, 1960.
8. Harbans Singh., The Heritage of the Sikhs, New York, 1964.
9. Sham Singh Dara., The Teachings of Nanaks, Amritsar n. d.
10. John Clark Archer.. The Sikhs, Princeton University Press, 1946.
11. Indubhushan Banerjee., Evolution of the Khalsa, 2 Vols. Calcutta, 1963.
12. Macauliffe, M.A., The Sikh Religion, 6 Vols. Oxford, 1909.
13. Raja Sir Daljit Singh., Guru Nanak, Lahore, 1943.
14. Raja Sir Daljit Singh., Some Aspects of Sikhism, Lahore, 1906.
15. Gobind Singh Mansukhani., Sikhism, Delhi, 1967.
16. Vaswani, T.L., A Prophet of the People, Poona, n.d.


Digitized by Panjab Digital Library | www.panjabdigilib.org

17. Pandit Walji Bhai., Comparison Between the Adi Granth and the Bible, Ludhiana, 1893.
18. Sidhu G.S. and Sivia G.S., Guru Nanak, London, 1969.
19. Sardul Singh Caveeshar., The Sikh Studies, Lahore, 1937.
20. Annie Besant., Sikhism, Madras, 1920.
21. Gopal Singh., Guru Nanak, Delhi, 1967.
22. Payne C.H., A Short History of the Sikhs, London, n.d.
23. Gokul Chand Narang., Transformation of Sikhism, Delhi, 1960.
24. Teja Singh., The Growth of Responsibility in Sikhism, Lahore, 1942.
25. Teja Singh., Sikhism—Its Ideals and Institutions, 1938.
26. Teja Singh and Ganda Singh., A Short History of the Sikhs, Bombay, 1950.
27. Khushwant Singh, The Sikhs, London, 1953.
28. Puran Singh., The Book of the Ten Masters, Amritsar, n.d.
29. Syad Muhammad Latif., History of the Punjab, Calcutta, 1891.
30. J. Campbell Uman., The Mystics, Ascetics and Saints of India, London, 1905.
31. Baba P. L. Bedi., Guru Baba Nanak, Delhi, 1966.
32. Ranbir Singh.. The Glimpses of the Ten Masters, Delhi, 1965.
33. Sirdar Sir Jogendra Singh., Sikh Ceremonies, Lahore, 1941.
34. —do— Thus Spake Nanak, 1934.
35. Punjabi University, Patiala., Sikhism, (Anthology), 1969.
36. Sher Singh 'Sher'., Sikhism and the Sikhs.
37. (Paper published in 'The World Religions Speak, Edited by Finley P. Dunne Jr. Published by World Academy of Art and Science, the Hague, Holland, 1970)


Digitized by Panjab Digital Library | www.panjabdigilib.org

| | | |
|---|---|---|
| 38. | Sher Singh 'Sher'., | Guru Nanak and the New Religion, The Punjab Mail, Chandigarh, August 16, 1970. |
| 39. | —do— | 500 Years of Religious Education Amongst the Followers of Guru Nanak, (Published in Guru Nanak Souvenir, 1969), Sri Guru Gobind Singh College, Chandigarh. |
| 40. | Frederic Pincott., | Sikhism (in Religious Systems of the World), New York 1901. |
| 41. | Joseph Davy Cunningham., | History of the Sikhs, Calcutta, 1849. |
| 42. | Rup Singh., | Sikhism, 1913. |
| 43. | Dorothy Field., | The Religion of the Sikhs, 1914. |
| 44. | Knazan Singh., | History and Philosophy of Sikh Religion. 2 Vols, Lahore, 1914. |
| 45. | Farquhar J.W., | Outline of the Religious Literature of India, 1920. |
| 46. | —do— | Modern Religious Movements in India, 1929. |
| 47. | Farnall, L.R., | The Attributes of God, 1926. |
| 48. | Younghusband, F.E., | Philosophy, Science and Religion, 1929. |
| 49. | Galloway, G., | The Philosophy of Religion, 1930. |
| 50. | Scott, G.B., | Religion ond Short History of the Sikhs, 1930. |
| 51. | Rabindranath Tagore., | The Religion of Man. 1930. |
| 52. | Rudolf Otto., | Mysticism, East and West, 1932. |
| 53. | Iqbal Ali Shah., | Islamic Sufism, 1933. |
| 54. | Macnicol, W., | The Living Religions of Indian People, 1934. |
| 55. | Ameer Ali Sayad., | The Spirit of Islam, 1955. |
| 56. | Santokh Singh., | Guru Nanak Prakash. 1823. |
| 57. | —do— | Gur Partap Surya, 1843. |
| 58. | Forster, G. | A Journey from Bengal to England, 1798. |
| 59. | Guru Gobind Singh., | Dasam Granth, 1700. |


Digitized by Panjab Digital Library | www.panjabdigilib.org

60. Wilson H. E., — Account of the Civil and Religious Institutions of the Sikhs, Journal of Royal Asiatic Researches Vol. IX. 1848.

61. Ghulam Hussain Khan., — Seir Mutakhrin, 1798.

62. Sadhu Singh., — Gur Sikhia, Parbhakar, 1850.

63. Stulpenangel, C.R., — Sikhs, An Historical Sketch, 1870.

64. Johnson S., — Oriental Religions, 1879.

65. Tara Singh., — Gurmat Nirnai Sagar, 1887.

66. Hopkins, E.W., — The Religions of India, 1895.

67. Gough C.J. and Innes A.D. — The Sikhs and the Sikh Wars, 1897.

68. Trumpp E., — The Adi Granth, 1877.

69. —do— — Die Religion der Sikhs, 1881.

70. Gordon J.J.H., — The Sikhs, 1904.

71. Kahan Singh., — Ham Hindu Nahin, 1906.

72. —do— — Gurmat Parbhakar, 1911.

73. Kahan Singh., — Gurmat Sudhakar, 1912.

74. Rup Singh., — Sikhism—A Universal Religion, 1913.

75. Rup Singh,, — Sikhi Marg, 1916.

76. Bhai Vir Singh., — Sri Guru Nanak Chamtkar, 1928.

77. Bhai Gurdas., — Vaaran and Kabitt, 1610.

78. Guru Granth Sahib., — 1604 (Edited by Guru Arjan)

79. Dabistan-I-Mazahib., — Zulifkar Ardistani.

80. Kanhya Lall., — Tarikhe-I-Punjab, 1881.

81. Karam Singh Historian., — Ithasik Khoj, 1964.

82. Ganda Singh., — The Punjab, Past & Present (Edited) (Guru Nanak Quincentenary Volume), 1969.

83. Bhai Nanad Lal Goya., — Jot Bikas and other Works.

84. Gopal Singh., — Sri Guru Granth Sahib Di Sahitik Washeshta, 1958.

85. Taran Singh., — Sri Guru Granth Sahib Ji Da Sahitik Ithas, 1963.


Digitized by Panjab Digital Library | www.panjabdigilib.org

86. —do— Guru Nanak, 1963.
87. Bnai Thakar Singh., Sri Gurdwarey Darshan, 1934.
88. Ratan Singh Bhangoo., Panth Parkash.
89. Gian Singh., (Giani) Panth Prakash.
90. Wadia, A.S., The Messnge of Krishna, London, 1934.
91. Coulson C. A., Science and Christian Belief, 1966.
92. Billy Graham., The Secret of Happiness, 1963.
93. Ahmed Shah E., Theology—Christian and Hindu, 1961.
94. Wolfgang M. W. Roth., Old Testament Theology, 1968.
95. Lao and Walter Russel., The One World Purpose, Virginia, 1960.
96. Swami Yatiswarananda., Universal Prayers, 1954.
97. Thomas Whittaker., The Metaphysics of Evolution, Cambridge, 1965.
98. Shaw C. K., Yes, We Do Survive—An Introduction to Spiritualism, 1965.
99. Kees W. Bolle., The Persistence of Religion. 1965.
100. Muriel Lister., Praying; How, when and why, 1956.
101. Hans-Joachim Schoeps : An Intelligent Person's Guide to the Religions of Man, 1967.
102. Fulton J. Sheen.. Life of Christ, 1958.
103. Martin Davidson., The Church Looks at Herself, 1948.
104. Rev. S. H. Kellog,, A Handbook of Camparative Religion, 1919.
105. Karl Barth., Prayer and Preaching, 1963.
106. George Godwin., The Great Mystics, 1949.
107. William James., The Varieties of Religious Experience, 1958.
108. Griswold, H.D., The Religion of the Rigveda, 1923.
109. Karmayogi Nand Lal Sen., The Sanctuary of Silence, n.d.
110. John P. Dolan., History of the Early Reformation, 1967.

Digitized by Panjab Digital Library | www.panjabdigilib.org

111. Richard Crossman., The God that Failed (edited) 1954.
112. Julian Huxley., Religion Without Revelation, 1958.
113. Swami Akhilananda., Hindu Psychology, 1947.
114. C. Rajagopalachari., Hinduism—Doctrine and Way of Life. 1964.
115. Sarma D.S. The Basic Beliefs of Hinduism, 1955
116. Dubois and Beauchand., Hindu Manners Cuetoms and Ceremonies, 1906.
117. Kewal Motwani., Manu Dharma Shastra, 1958.
118. Macfie J.M., The Laws of Manu, n.d.
119. Sri Ramananda Saraswati Swaminah., The Hindu Ideal, 1959.
120. Chrinjiva Bharadwaja., Light of Truth., (An English Translation of Satyarth Prakash of Swami Dayanand), 1915.
121. Tito Colliander., The Way of the Ascetics, 1960.
122. Hoga C. F. & Vine, W. F. The Good Deposit—Christian Doctrines, n.d.
123. Arnold B. Rhodes., The Mighty Acts of God, 1964.
124. Maurice Goldsmith and Alan Mackay., The Science of Sciences—Society in a Theological Age, 1964.
125. Archibald Alexander Hodge., Outlines of Theology, New York, 1867.
126. Edgar Young Mullins., The Christian Religion in its Doctrinal Expression, 1917.
127. Charles W. Paris., The What and Why of the Catholicism, New York, 1961.
128. Hellen, E.M., The Way Out, Poona, 1950.
129. T. Chari., Religion and Modern Society, London, 1964.
130. Gillin, Dittmer, Colebert and Kastier., Soclal Problems, Bombay, 1965.
131. Thomas Ford Hoult., The Sociology of Religion, New York, 1961.
132. Ghurye G.S., Caste and Class in India, Bombay, 1957.


Digitized by Panjab Digital Library | www.panjabdigilib.org

133. Richard Wurumbrand., The Soviet Saints, 1968.

134. James, E.O., Comparative Religion, New York, 1961.

135. Frost, S. E., The Sacred Writings of the Worlds, Great Religions, Philadelphia, 1947.

136. Selwyn Gurney Champion., The Eleven Great Religions, London, 1947.

137. Afanasyev V., Marxist Philosophy.

138. Marx and Engels., On Religion, Moscow, 1957.

139. Dharma Teertha., The Menace of Hindu Imperialism, Lahore, 1946.

140. James Freeman Clarke., Ten Great Religions, 2 Vols, New York, 1892.

141. Sher Singh., Philosophy of Sikhism, Jullundur, 1966.

142. Mohammad Noman., Muslim India, Allahabad, 1942.

143. Thomas P., Christians and Christianity in India, Pakistan and London, 1954.

144. Winwood Reade., The Martyrdom of Man, London, 1946.

145. Herbert Spencer., First Principles, London, 1946.

146. Sri Ram Sharma.. The Religious Policy of the Mughal Emperors, Bombay, 1962.

147. Theodore Gldstrucker., Inspired Writings of Hindus, 1859—1863.

148. Aldous Huxley., The Perennial Philosophy. London, 1947.

149. Swami Sivananda., Bliss Divine, 1965.

150. John MC Kenzie.. Two Religions—Hinduism and Christianity, London, 1950.

151. Billy Graham., World Aflame, Bombay, 1953.

152. Monier Williams., Modern India and the Indians, London, 1879.

153. Rev. James Vaughan., The Trident, The Crescent and the Cross, 1876.


Digitized by Panjab Digital Library | www.panjabdigilib.org

154. Wax Weber., The Sociology of Religiono, Boston, 1964.

155. Jung C.G. Modern man in Search of Soul, London, 1962.

156. Humanism, Atheism., Principle and Practice, Moscow, n.d.

157. Blavatsky, H.P., The Secret Doctrine, Adyar, 1888.

158. William, A. Lessa and Evon Z. Vogt., Reader In Comparative Religion, Anthropological Approach (edited) New York, 1965.

159. Al-Quran (Arabic) The Inspired utterances of the Prophet Mohammad, Lahore, 1945.

160. Mohammad Amin., Wisdom of Prophet Mohammad, Lahore, 1945.

161. Hazrat Mirza Bashir, Ud-Din Mahmud Ahmad., The Life of Mohammad, Qadian, n.d.

162. Pirzada Sayad Mohammad Ahmad Samarqandi., Tazkura-i-Hazrat Sarmad Shaheed, Delhi, n.d.

163. Bartola, V.V., Mussulman Culture, Calcutta, 1934.

164. Abd-Al-Rahman-i-Azzam., The Elemental Messege of Muhammad, London, 1965.

165. Sir Muhammad Iqbal., The Reconstruction of Religious, Thoughts in Islam, Lahore, 1962.

166. Wilfred Cantwell Smith., Islam in Modern History, London, 1957.

167. Sirdar Iqbal Ali Shah., Extracts from the Quran, London, 1933.

168. Hazrat Maulana Ashrafali Thanwi., Bahishti Zewar, Lahore, n.d,

169. Maulana Saeed Ahmad., Mussulmanon Ka Urooj-o-Zwal, Delhi, 1947.

170. Maulana Mohammad Ali Khan Rampuri., Falah Deen Dunya, Delhi, 1953.

171. Maulvi Mustfa Khan., The Kingdom of Heaven—An outline of Islamic Principles, Lahore, 1930.

Digitized by Panjab Digital Library | www.panjabdigilib.org

| | | |
|---|---|---|
| 172. | Jinaradasa, ·C, | First Principles of Theosophy Adyar, 1922. |
| 173. | Sir William Earnshaw Cooper., | Spiritual Science, Here and Here-After, London, 1884. |
| 174. | Mrinal Kanti Ghosh., | Life Beyond Death, Calcutta, 1934. |
| 175. | Aitken E.H., | The Five Windows of the Soul, London, 1898. |
| 176. | Mouni Sadhu., | Ways to Self-Realization—A Modern Evaluation of Occultism and Spiritual Paths, London. 1962. |
| 177. | William A. Christian., | Meaning and Truth in Religion, Princeton University Press, 1964. |
| 178. | Churye, G.S., | Religious Consciousness, Bombay, 1965. |
| 179. | Adolf E. Jensen., | Myth and Cult Among Primitive People, Chicago, 1951. |
| 180. | Ninian Smart., | The Philosophy of Religion, New York, 1956. |
| 181. | Masih, Y., | Freudinism and Religion, Calcutta, 1964. |
| 182. | Benjamin Walker., | Hindu World, 2 Vols. London, 1968. |
| 183. | Nicol Macnicol., | Indian Theism From Vedic to the Mohammadan Period, Poona, 1914. |
| 184. | Vikas Mishra., | Hinduism and Economic Growth, Bombay, 1962. |
| 185. | Herbert Strop., | Four Religions of Asia, New York, 1968. |
| 186. | William Crooke., | The Popular Religion and Folklore of Northern India, 2 Vols. Delhi, 1968. |
| 187. | William Steward., | India's Religious Frontier. |
| 188. | Das Gupta, S.N., | Hindu Mysticism, New York, 1959. |
| 189. | Sushil Madhav Pathak., | American Missionaries and Hinduism, Delhi, 1967. |
| 190. | Peter Tripp., | The Mystic Philosophy of Sant Mat. London, 1964. |


Digitized by Panjab Digital Library | www.panjabdigilib.org

191. Sharma, I.C., Ethical Philosophies of India, London, 1965.

192. Srinivasan, G., The Existentialist Concepts and the Hindu Philosophical Systems, Allahabad, 1967,

193. Mauni Sadhu., Samadhi, London, 1962.

194. Sarma, D. S., Renascent Hindnism, Bombay, 1967.

195. Radha Kamal Mukerjee., The Way of Hinduism East and West, Delhi, 1968.

196. Shashi Bhushan Das Gupta., Obscure Religious Cults, Calcutta, 1962.

197. Vaswani T.L., Guru Nanak's Call to Mother India.

198. Thorton D.M., Parsis, Jains and Sikhs, 1898.

199. Roge, H.A., Tribes and Cagtes of Punjab, Vol. I, Lahore, 1919.

200. Tara Singh., Guru Tirath Sangreh.

201. Steinbach, H., The Punjab, 1845.

202. Sohan Singh., Gurbilas Patshahi Chhevin.,

293. Sher Singh (Kashmir)., Baba Nanak Di Chaunjugi Sakhi.

204. Bhai Sewa Singh., Guru Nanak Sahib Aur Islam.

205. —do— Chola Sahib.

206. —do— Guru Nanak Sahib Aur Tawafi Kaaba.

207. Sangat Prashad.. Pothi Janam Sakhi, Guru Nanak Shah.

208. Rizvi Saayed Athar Abbas., Muslims, Revivalist Movement in Northern India.

209. Princep, H.T., Origin of Sikh Power in Punjab

210. Randhir Singh., Udasi Sikhan di Vithya.

211. Ram Ditta Mal., Swane-Umri Guru Nanak Dev.

212. Pran Sangli., Edited by Sant Sampuran Singh.

213. Gusmukh Nihal Singh., Khurshid Khalsa, 1892.

214. Mani Singh., Janam Sakhi.

215. —do— Sikhan di Bhagat Mala.

216. Kincard C.A.. Teachers of India.

217. Khushwant Rai., Tawarikhe-i-Sikhan.


Digitized by Panjab Digital Library | www.panjabdigilib.org

| | | |
|---|---|---|
| 218. | Khazan Singh.. | Satguru Ka Vans. |
| 219. | Khalik Ahmed Nizami., | The life and Time of Sheikh Farid-ud-Din Shaker. |
| 220. | Keso Das., | Janam Sakhi. |
| 221. | Keyserling, Herman, Court., | Indian Travel Diary of a Philosopher. |
| 222. | Kesar Singh Chhiber., | Bansawalinama. |
| 223. | —do— | Guru Parnali. |
| 224. | Meharban., | Janam Sakhi. |
| 225. | Gurbakhsh Singh., | Gurbilas Patshahi Chhevin. |
| 226. | Greenlees, Duncun., | The Gospel of Guru Granth Sahib. |
| 227. | Dayal Singh., | Nirmal Panth Darshan. |
| 228. | Daya Ram., | Guru Nanak Dev ki Swane-Umri. |
| 229. | Daulat Rai., | Janam Sakhi Shri Guru Nanak. |
| 230. | Cust R.N., | The Life of Baba Nanak, Indian Antiquary III |
| 231. | Binglcy A.H., | The Sikhs, Simla, 1899. |
| 232. | Barstow A.E., | Sikhs, 1899. |
| 233. | Bans-Binod-Sri-Guru Bans., | Published by Chashm-E-Noor Press, Lahore. |
| 234. | Akali Kaur Singh., | Hazur Sathi. |
| 235. | Ghulam Qasim Sufi., | Tazkra-i-Janab Baba Nanak. |
| 236. | Isher Singh., | The Philosophy of Guru Nanak, Delhi, 1969. |
| 237. | Gurbachan Singh., | Guru Nanak, Delhi, 1969. |
| 238. | Surinder Singh Kohli., | Philosophy of Guru Nanak, Chandigarh, 1969. |
| 239. | —do— | Travels of Guru Nanak, Chandigarh, 1969, |
| 240. | Sarjit Singh Bal., | Life of Guru Nanak, Chandigarh, 1969. |
| 241. | —do— | Guru Nanak in the Eyes of Non-Sikhs, Chandigarh, 1969. |
| 242. | Grewal, J.S., | Guru Nanak in History, Chandigarh, 1969. |
| 243. | Surinder Singh Johar., | Guru Nanak, Jullundur. |


Digitized by Panjab Digital Library | www.panjabdigilib.org

244. Gurdial Singh Phull., Nanak Rah Pachhaniye Saiee, Jullundur, 1969.

245. Gurbax Singh., Bandi Chhod Guru Nanak, Amritsar

246. Mcleod W.H., Guru Nanak and the Sikh Religion, Oxford, 1968.

247. Khushwant Singh., Hymns of Guru Nanak, Delhi, 1969.

248. Kartar Singh Suri., Guru Nanak Te Dadu Dayal, Chandigarh. 1069.

249. Shanta Sarbjeet Singh., Nanak the Guru, Delhi, 1970.

250. Sher Singh., Guru Nanak on the Malady of Man, Jullundur, 1968.

251. Rattan Singh Jaggi., Guru Nanak Bani, Patiala, 1968.

252. Satinder Singh., Guru Nanak Kaav Adhyyan, Amritsar, 1969.

253. Sarb Dayal., An Ideal Guru Nanak, Ambala, n.d.

254. Darshan Singh., Indian Bhakti—Tradition and Sikh Gurus, Ludhiana, 1968.

255. —do— The Religion of Guru Nanak, Ludhiana, 1970.

256. Sohan Singh Seetal., Manukhta Da Paighambar Ludhiana 1970.

257. Pritam Singh Gill., Doctrine of Guru Nanak, Jullundur, 1969,

258. Sahib Singh and Dalip Singh., Guru Nanak Dev and His Teachings, Delhi, 1969.

259. Trilochan Singh., Guru Nanak, Founder of Sikhism, Delhi, 1969.

260. Janam Sakhi., (Associated with Bhai Bala).

261. Birinder Singh., Guru Nanak Dev, Amritsar, 1969.

262. Balli and Kohli., Jion Kar Sooraj Niklia, 1969.


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B- 0798

Digitized by Panjab Digital Library | www.panjabdigilib.org

Digitized by Panjab Digital Library | www.panjabdigilib.org